


176

ਸਾਲ 36 ਅੰਕ 176 : ਜੁਲਾਈ-ਅਕਤੂਬਰ, 2021

# ਸਮਦਰਸ਼ੀ

ਪੰਜਾਬੀ ਅਕਾਦਮੀ ਦਾ ਦੋ ਮਾਸਿਕ ਰਸਾਲਾ

***ਪ੍ਰਧਾਨ***
ਮਨੀਸ਼ ਸਿਸੋਦੀਆ

***ਮੀਤ-ਪ੍ਰਧਾਨ***
ਹਰਸ਼ਰਨ ਸਿੰਘ ਬੱਲੀ

***ਪ੍ਰਬੰਧਕੀ ਸੰਪਾਦਕ***
ਰਾਜਿੰਦਰ ਕੁਮਾਰ

***ਉੱਪ-ਸੰਪਾਦਕ***
ਹਰਪ੍ਰੀਤ ਕੌਰ

**ਸੰਪਾਦਕੀ ਦਫ਼ਤਰ ਦਾ ਪਤਾ**
ਪੰਜਾਬੀ ਅਕਾਦਮੀ, ਦਿੱਲੀ
ਡੀ. ਡੀ. ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਪਹਾੜ ਗੰਜ, ਨਵੀਂ ਦਿੱਲੀ-110055
ਫ਼ੋਨ : 011-23616243, 23616265, 23615979

Punjabi Academy, Delhi
DDA Community Centre,
Sadar Thana Road, Paharganj, New Delhi-110055

E-mail : samdarshi.punjabi@gmail.com
Visit our Website at : http://www.punjabiacademydelhi.com

**ISSN** : **2581-3986**

© ਸਾਰੇ ਹੱਕ ਰਾਖਵੇਂ ਹਨ

ਪ੍ਰਕਾਸ਼ਤ ਸਮੱਗਰੀ ਦੀ ਵਰਤੋਂ ਲਈ ਲੇਖਕ, ਅਨੁਵਾਦਕ ਅਤੇ ਪੰਜਾਬੀ ਅਕਾਦਮੀ ਦੀ ਮਨਜ਼ੂਰੀ ਜ਼ਰੂਰੀ ਹੈ। ਪ੍ਰਕਾਸ਼ਤ ਰਚਨਾਵਾਂ ਦੀ ਰੀਤੀ-ਨੀਤੀ ਜਾਂ ਵਿਚਾਰਾਂ ਨਾਲ ਪੰਜਾਬੀ ਅਕਾਦਮੀ, ਸੰਪਾਦਕੀ ਮੰਡਲ ਜਾਂ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ।

| | | |
|---|---|---|
| ਮੁੱਲ | : | 25 ਰੁਪਏ |
| ਸਾਲਾਨਾ ਚੰਦਾ | : | 150 ਰੁਪਏ |
| ਇੰਗਲੈਂਡ ਤੇ ਯੂਰਪ | : | 30 ਪੌਂਡ |
| ਅਮਰੀਕਾ, ਕੈਨੇਡਾ, ਮਿਡਲ ਈਸਟ ਤੇ ਹੋਰ ਦੇਸ਼ | : | 60 ਡਾਲਰ |

ਚੰਦਾ "ਸਕੱਤਰ, ਪੰਜਾਬੀ ਅਕਾਦਮੀ" ਦੇ ਨਾਂ ਤੇ ਭੇਜੋ।
Send the Subscription in the name of "Secretary, Punjabi Academy".

**ਟਾਈਟਲ**
ਮਨਿੰਦਰ ਸਿੰਘ

**ਲੇਜ਼ਰ ਟਾਈਪ ਸੈਟਿੰਗ**
ਸੁਖਜਿੰਦਰ ਸਿੰਘ

**Samdarshi :**
Bi-monthly journal of Punjabi Literature published by Punjabi Academy, Delhi, Motia Khan, Paharganj, New Delhi - 110055, India

**ਸਮਦਰਸ਼ੀ** :
ਪੰਜਾਬੀ ਅਕਾਦਮੀ, ਦਿੱਲੀ, ਮੋਤੀਆ ਖ਼ਾਨ, ਪਹਾੜ ਗੰਜ, ਨਵੀ ਦਿੱਲੀ-55 ਭਾਰਤ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਦੋ-ਮਾਸਿਕ ਰਸਾਲਾ।

# ਸਮਦਰਸ਼ੀ

ਸਾਲ 36 ਅੰਕ 176 : ਜੁਲਾਈ-ਅਕਤੂਬਰ, 2021

*ਆਪਣੇ ਵੱਲੋਂ /*

*ਇਸ ਵਾਰ ਦਾ ਕਵੀ / ਤ੍ਰੈਲੋਚਨ ਲੋਚੀ*

*ਕਵਿਤਾਵਾਂ*

ਗੁਰਭਜਨ ਗਿੱਲ

ਸਤਨਾਮ ਮਾਣਕ

ਸਵਾਮੀ ਅੰਤਰ ਨੀਰਵ

ਸਿਮਰਨ ਅਕਸ

**ਡਾ. ਕੁਲਵੀਰ ਗੋਜਰਾ** : ਕਰਤਾਰ ਸਿੰਘ ਦੁੱਗਲ ਦਾ ਕਾਵਿ-ਸੰਸਾਰ

**ਡਾ. ਰੰਜੂ ਬਾਲਾ** : ਅੰਤਰ-ਧਰਮ ਸੰਵਾਦ : ਸਿੱਧ ਗੋਸਟਿ

**ਡਾ. ਪਰਮਜੀਤ ਕੌਰ ਸਿੱਧੂ** : ਸੰਤੋਖ ਸਿੰਘ ਧੀਰ ਦੀ ਨਾਵਲੀ ਚੇਤਨਾ ('ਉਹ ਦਿਨ' ਅਤੇ 'ਯਾਦਗਾਰ' ਦੇ ਆਧਾਰ 'ਤੇ)

**ਦਰਸ਼ਨ ਜੋਗਾ** : ਤਪੀ ਮਿੱਟੀ

**ਇਕਬਾਲ ਸੋਮੀਆਂ** : ਡਾ. ਗੁਰਚਰਨ ਸਿੰਘ ਦਾ ਪੰਜਾਬੀ ਆਲੋਚਨਾ ਦੇ ਵਿਕਾਸ ਵਿਚ ਯੋਗਦਾਨ

**ਦੀਪ ਨਿਰਮੋਹੀ** : ਮਨਜੀਤ ਪਾਲ ਕੌਰ-ਕਾਵਿ : ਅਨਿਸਚਤਤਾ, ਅਸੰਤੁਸ਼ਟੀ ਅਤੇ ਅਧੂਰੇਪਣ ਦਾ ਤਿਕੋਣ

**ਡਾ. ਤਰਨਜੀਤ ਕੌਰ** : ਮਜ਼ਲੂਮਾਂ ਦੇ ਹੱਕਾਂ ਦੀ ਆਵਾਜ਼ : ਪ੍ਰਿੰਸੀਪਲ ਸੁਜਾਨ ਸਿੰਘ

**ਗੁਰਮੀਤ ਆਰਿਫ਼** : ਸੜੀ ਰੱਸੀ ਦਾ ਵਲ਼

| | | |
|---|---|---|
| **ਡਾ. ਹਰਵਿੰਦਰ ਸਿੰਘ** | : | ਬਹੁਤ ਸਾਰੇ ਸੂਰਜ ਦਾ ਕਾਵਿ-ਪ੍ਰਵਚਨ |
| **ਡਾ. ਸਿਮਰਨਜੀਤ ਸਿੰਘ** | : | ਵਿਸ਼ਵੀਕਰਨ ਦੇ ਦੌਰ ਵਿਚ 'ਬੁੱਧਵਾਦ' ਅਤੇ 'ਤਾਓਵਾਦ' ਦੀ ਪ੍ਰਸੰਗਿਕਤਾ ('ਹਾਇਕੂ ਕਾਵਿ' ਦੇ ਵਿਸ਼ੇਸ਼ ਪ੍ਰਸੰਗ ਵਿਚ) |
| **ਰੁਪਿੰਦਰ ਕੌਰ** | : | ਵਰਤਮਾਨ ਪੰਜਾਬ ਦੀ ਸਥਿਤੀ : ਪਰਵਾਸ ਦੇ ਸੰਦਰਭ 'ਚ |
| **ਹੰਸਾ ਦੀਪ** | : | ਪ੍ਰੋਫ਼ੈਸਰ ਸਾਹਿਬ |
| **ਡਾ. ਮਨਿੰਦਰ ਕੌਰ** | : | ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਮਾਨਵੀ-ਹੋਂਦ ਦਾ ਅਧਿਆਤਮਕ ਪ੍ਰਵਚਨ |
| **ਜਸਵਿੰਦਰ ਕੌਰ** | : | ਨਾਟਕ 'ਲੋਹਾ ਕੁੱਟ' ਦਾ ਚਿੰਨ ਵਿਗਿਆਨਕ ਅਧਿਐਨ |
| **ਪਰਮਜੀਤ ਕੌਰ** | : | ਸਵਰਾਜਬੀਰ ਦੇ ਨਾਟਕ 'ਤਸਵੀਰਾਂ' ਅਤੇ ਬਲਵੰਤ ਗਾਰਗੀ ਦੇ ਨਾਟਕ 'ਧੂਣੀ ਦੀ ਅੱਗ' ਵਿਚਲੇ ਨਾਰੀਵਾਦ ਦਾ ਤੁਲਨਾਤਮਕ ਅਧਿਐਨ |
| **ਦ੍ਰਿਸ਼ਪ੍ਰੀਤ ਕੌਰ** | : | ਸਵਰਾਜਬੀਰ ਦੁਆਰਾ ਰਚਿਤ ਨਾਟਕ 'ਮੱਸਿਆ ਦੀ ਰਾਤ' : ਨਾਟ ਸਰੋਕਾਰ |
| **ਸੰਦੀਪ ਸਿੰਘ (ਡਾ.)** | : | ਸੁਖਵਿੰਦਰ ਅੰਮ੍ਰਿਤ ਰਚਿਤ ਪੁੰਨਿਆਂ ਦੇ ਕਾਵਿ ਸਰੋਕਾਰ |
| **ਡਾ. ਅਕਵਿੰਦਰ ਕੌਰ ਤਨਵੀ** | : | ਡਾ. ਸਾਧੂ ਸਿੰਘ ਰਚਿਤ ਪੰਜਾਬੀ ਬੋਲੀ ਦੀ ਵਿਰਾਸਤ : ਭਾਸ਼ਾਈ ਅਤੇ ਸਭਿਆਚਾਰਕ ਸੰਦਰਭ |

# ਆਪਣੇ ਵੱਲੋਂ

ਨਾਥਾਂ-ਜੋਗੀਆਂ ਦੇ ਸਾਹਿਤ ਤੋਂ ਆਰੰਭ ਹੋਈ ਪੰਜਾਬੀ ਸਾਹਿਤ ਦੀ ਧਾਰਾ ਨਿਰੰਤਰ ਵਹਿ ਰਹੀ ਹੈ। ਇਸ ਨੂੰ ਇਸ ਦੀ ਸਾਹਿਤਕ ਚੇਤਨਾ ਅਨੁਰੂਪ ਆਦਿ ਕਾਲ, ਮੱਧ ਕਾਲ ਅਤੇ ਆਧੁਨਿਕ ਕਾਲ ਵਿਚ ਵੰਡ ਲਿਆ ਜਾਂਦਾ ਹੈ ਪਰ ਇਹਨਾਂ ਸਾਰੇ ਸਮਿਆਂ ਦੇ ਸਾਹਿਤ ਵਿਚ ਇਕ ਸਾਂਝ ਵੀ ਹੈ ਜੋ ਇਸ ਦੇ ਲੋਕ ਪੱਖੀ ਮੁਹਾਂਦਰੇ ਦੇ ਰੂਪ ਵਿਚ ਹੈ। ਆਪਣੇ ਸਮਿਆਂ ਦੀ ਧਾਰਮਿਕ, ਰਾਜਨੀਤਕ ਅਤੇ ਜਾਤੀਗਤ ਸੰਕੀਰਨਤਾ ਤੇ ਕੱਟੜਤਾ ਨੂੰ ਪੰਜਾਬੀ ਸਾਹਿਤ ਕਿਸੇ ਵੀ ਪੜਾਅ 'ਤੇ ਸਵੀਕਾਰ ਨਹੀਂ ਕਰਦਾ ਹੈ।

ਇਕ ਚੰਗੇ ਮਨੁੱਖ ਅਤੇ ਸਮਾਜ ਦੀ ਸਿਰਜਨਾ ਪੰਜਾਬੀ ਸਾਹਿਤ ਦਾ ਆਸ਼ਾ ਨਜ਼ਰ ਆਉਂਦਾ ਹੈ। ਇਸ ਦੇ ਸ਼ੁਰੂਆਤੀ ਦੌਰ ਵਿਚ ਹੀ ਨਾਥ-ਜੋਗੀ ਅਤੇ ਬਾਬਾ ਫ਼ਰੀਦ ਭੇਖਵਾਦ ਅਤੇ ਦੰਭੀ ਧਾਰਮਿਕ ਵਿਹਾਰ ਦੀ ਆਲੋਚਨਾ ਕਰਦਿਆਂ ਚੰਗੇ ਮਨੁੱਖੀ ਗੁਣਾਂ ਨੂੰ ਧਾਰਨ ਕਰਨ 'ਤੇ ਜ਼ੋਰ ਦਿੰਦੇ ਹਨ। ਉਹ ਧਰਮ ਨੂੰ ਕਰਮ-ਕਾਂਡਾਂ ਤੱਕ ਸੀਮਤ ਨਹੀਂ ਕਰਦੇ ਸਗੋਂ ਰੋਜ਼ਾਨਾ ਜੀਵਨ ਵਿਹਾਰ ਨਾਲ ਜੋੜਦੇ ਹਨ। ਗੁਰਮਤਿ ਸਾਹਿਤ ਅਤੇ ਮੱਧਕਾਲ ਦੇ ਸੂਫ਼ੀ ਕਵੀ ਤਾਂ ਇਸ ਉਦੇਸ਼ ਨੂੰ ਨਵੇਂ ਤੇ ਨਰੋਏ ਫ਼ਲਸਫ਼ੇ ਰਾਹੀਂ ਨਵੀਆਂ ਉਚਾਈਆਂ 'ਤੇ ਲੈ ਜਾਂਦੇ ਹਨ। ਇੱਥੇ ਆ ਕੇ ਤਾਂ ਧਾਰਮਿਕ ਕਰਮ-ਕਾਂਡ ਗ਼ੈਰ-ਜ਼ਰੂਰੀ ਬਣ ਜਾਂਦੇ ਹਨ ਜਦੋਂ ਕਿ ਸਦਾਚਾਰਕ ਤੇ ਮੁਹੱਬਤੀ ਜੀਵਨ ਸ਼ੈਲੀ ਮਹੱਤਵ ਗ੍ਰਹਿਣ ਕਰਦੀ ਹੈ। ਇਸ ਦੌਰ ਵਿਚ ਹੀ ਕਿੱਸਾ ਕਾਵਿ ਅਤੇ ਬੀਰ ਕਾਵਿ ਸਮਾਜਿਕ ਤੇ ਰਾਜਨੀਤਕ ਜੀਵਨ ਵਿਚ ਸੁਤੰਤਰਤਾ ਅਤੇ ਸਮਾਨਤਾ ਦੇ ਪਹਿਲੂਆਂ ਨੂੰ ਸੁਦ੍ਰਿੜ ਕਰਦੇ ਹਨ। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਸਾਹਿਤ ਆਪਣੀ ਪਰੰਪਰਾ ਦੇ ਨਾਲ-ਨਾਲ ਵਿਸ਼ਵ ਵਿਚ ਪਨਪੀਆਂ ਹੋਰ ਅਗਾਂਹਵਧੂ ਵਿਚਾਰਧਾਰਾਵਾਂ ਨਾਲ ਵੀ ਆਪਣੀ ਸਾਂਝ ਪਾਉਂਦਾ ਹੋਇਆ ਲੋਕ ਪੱਖੀ ਜੀਵਨ ਵਿਹਾਰ ਨੂੰ ਆਪਣੀ ਰਚਨਾ ਸਮੱਗਰੀ ਬਣਾਉਂਦਾ ਹੈ। ਇਸ ਦੌਰਾਨ ਪੰਜਾਬੀ ਸਾਹਿਤ ਆਪਣੀ ਵਿਰਾਸਤ, ਇਤਿਹਾਸ ਅਤੇ ਸਮਾਜ ਤੋਂ ਬੇਮੁੱਖ ਨਹੀਂ ਰਹਿੰਦਾ ਹੈ ਸਗੋਂ ਉਹਨਾਂ ਨਾਲ ਨਿਰੰਤਰ ਸੰਵਾਦ ਰਚਾਉਂਦਾ ਹੈ। ਪਰੰਪਰਾ ਨੂੰ ਕੇਵਲ ਪੁਰਾਤਨਤਾ ਕਰਕੇ ਰੱਦ ਜਾਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਇਸਲਾਮੀ

ਵਿਚਾਰਾਂ ਨੂੰ ਕੇਵਲ ਜਾਬਰ ਸਾਸ਼ਕ ਵਰਗ ਦੇ ਧਾਰਮਿਕ ਵਿਚਾਰਾਂ ਕਰਕੇ ਰੱਦ ਜਾਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਆਧੁਨਿਕ ਨੂੰ ਕੇਵਲ ਨਵੇਂਪਣ ਜਾਂ ਸਾਸ਼ਕ ਵਰਗ ਦੇ ਪ੍ਰਚਾਰ ਕਰਕੇ ਰੱਦ ਜਾਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਪ੍ਰਗਤੀਵਾਦ ਨੂੰ ਵੀ ਕੇਵਲ ਚਿੰਤਨੀ ਹਲਕਿਆਂ ਦੀ ਭਾਰੂ ਵਿਚਾਰਧਾਰਾ ਕਰਕੇ ਰੱਦ ਜਾਂ ਸਵੀਕਾਰ ਨਹੀਂ ਕੀਤਾ ਜਾਂਦਾ ਹੈ, ਸਗੋਂ ਤਰਕ ਆਧਾਰਿਤ ਸੰਵਾਦ ਦੀ ਪਰਕਿਰਿਆ ਰਾਹੀਂ ਹੀ ਰੱਦਣਯੋਗ ਨੂੰ ਰੱਦਿਆ, ਸੋਧਣਯੋਗ ਨੂੰ ਸੋਧਿਆ ਅਤੇ ਅਪਣਾਉਣਯੋਗ ਨੂੰ ਅਪਣਾਇਆ ਜਾਂਦਾ ਰਿਹਾ ਹੈ। ਸਮੇਂ ਅਨੁਸਾਰ ਬਹੁਤ ਕੁਝ ਪੰਜਾਬੀ ਸਾਹਿਤ ਦੇ ਘੇਰੇ ਵਿਚ ਸ਼ਾਮਿਲ ਹੁੰਦਾ ਰਿਹਾ ਹੈ ਪਰ ਅੱਗੇ ਉਹ ਹੀ ਲਿਜਾਇਆ ਗਿਆ ਹੈ ਜੋ ਲੈ ਕੇ ਜਾਣ ਯੋਗ ਸੀ ਜਾਂ ਜੋ ਲੋਕ ਪੱਖੀ ਸੀ।

ਪੰਜਾਬੀ ਸਾਹਿਤ ਸੰਪੂਰਨਤਾ ਦੇ ਦਾਅਵੇ ਦੀ ਬਜਾਏ ਵਿਕਾਸਸ਼ੀਲ ਪ੍ਰਕਿਰਤੀ ਦਾ ਧਾਰਨੀ ਹੈ। ਪੰਜਾਬੀ ਸਾਹਿਤ ਦੇ ਰਚਨਾਕਾਰਾਂ ਅਤੇ ਅਧਿਐਨ ਕਰਤਾਵਾਂ ਨੂੰ ਇਹ ਗੱਲ ਹਮੇਸ਼ਾ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਕੱਟੜਤਾ ਅਤੇ ਖੜੋਤਮਈ ਵਿਚਾਰਾਂ ਦਾ ਬੋਝ ਇਸ ਦੀ ਆਤਮਾ ਸਹਾਰ ਨਹੀਂ ਸਕਦੀ ਹੈ। ਨਾਥਾਂ-ਜੋਗੀਆਂ ਦੇ ਸਾਹਿਤ ਵਿਚ ਮੌਜੂਦ ਔਰਤ ਦਾ ਨਿਖੇਧ ਗੁਰਮਤਿ ਸਾਹਿਤ ਤੱਕ ਪਹੁੰਚਦਿਆਂ ਉਸ ਦੀ ਵਡਿਆਈ ਵਿਚ ਵਟ ਜਾਂਦਾ ਹੈ। ਬਾਬਾ ਫ਼ਰੀਦ ਤੋਂ ਸ਼ੁਰੂ ਹੋਈ ਸੂਫ਼ੀ ਕਾਵਿ ਧਾਰਾ ਬੁੱਲ੍ਹੇ ਸ਼ਾਹ ਤੱਕ ਪਹੁੰਚਦਿਆਂ ਮਨੁੱਖੀ ਸ਼ਖ਼ਸੀਅਤ ਦੀ ਆਜ਼ਾਦੀ ਦੇ ਉੱਚੇ ਮੁਕਾਮ ਹਾਸਿਲ ਕਰਦੀ ਦਿਖਾਈ ਦਿੰਦੀ ਹੈ। ਲੋਕ ਵਾਰਾਂ ਤੋਂ ਵਿਸ਼ਿਸ਼ਟ ਬੀਰ ਕਾਵਿ ਦੀ ਸਿਰਜਨਾ ਤੱਕ ਲਗਭਗ ਸਾਰੇ ਹੀ ਵੀਰ ਨਾਇਕ ਲੋਕਾਂ ਦੇ ਨਾਇਕ ਹਨ ਨਾ ਕਿ ਦਰਬਾਰੀ ਨਾਇਕ ਹਨ। ਕਿੱਸਿਆਂ ਵਿਚ ਵੀ ਕੋਸ਼ਿਸ਼ ਸੀਮਾਵਾਂ ਉਲੰਘ ਕੇ ਮਾਨਵੀ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਕੀਤੀ ਗਈ ਹੈ। ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਵੀ ਪੱਛਮੀ ਸਾਹਿਤ ਅਤੇ ਪੰਜਾਬੀ ਸਾਹਿਤ ਪਰੰਪਰਾ ਦੇ ਮਿਸ਼ਰਨ ਵਿਚੋਂ ਹੀ ਹੁੰਦਾ ਹੈ। ਸਮੇਂ ਨਾਲ ਇਹ ਪੱਛਮੀ ਪ੍ਰਭਾਵ ਅਤੇ ਧਾਰਮਿਕ ਪ੍ਰਚਾਰ ਤੋਂ ਅਗਾਂਹ ਵਧਦਾ ਆਪਣਾ ਨਿਵੇਕਲਾ ਮੁਹਾਂਦਰਾ ਸਿਰਜਦਾ ਹੈ। ਇਹ ਮੁਹਾਂਦਰਾ ਬਦਲ ਰਹੀਆਂ ਵਿਸ਼ਵ ਪ੍ਰਸਥਿਤੀਆਂ ਅਤੇ ਪੰਜਾਬੀ ਸਮਾਜ ਦੇ ਅੰਦਰੂਨੀ ਤਣਾਵਾਂ ਦੇ ਬਹੁਰੰਗੇ ਚਿੱਤਰਾਂ ਵਾਲਾ ਹੈ। ਲੋਕ-ਮੁੱਖਤਾ, ਸੰਵਾਦਕਤਾ ਅਤੇ ਵਿਕਾਸਸ਼ੀਲਤਾ ਇਸ ਨੂੰ ਅੱਜ ਵੀ ਰਵਾਨੀ ਬਖ਼ਸ਼ ਰਹੇ ਹਨ। ਪਾਠਕਾਂ ਨੂੰ ਕੁੱਝ ਅਜਿਹਾ ਅਹਿਸਾਸ ਸਮਦਰਸ਼ੀ ਦਾ ਹਥਲਾ ਅੰਕ ਪੜ੍ਹਦਿਆਂ ਵੀ ਹੋਵੇਗਾ, ਅਜਿਹਾ ਮੇਰਾ ਵਿਸ਼ਵਾਸ ਹੈ।

**– ਰਾਜਿੰਦਰ ਕੁਮਾਰ**

# ਗ਼ਜ਼ਲ/ਕਵਿਤਾ

## ਤ੍ਰੈਲੋਚਨ ਲੋਚੀ

### ਗ਼ਜ਼ਲ-1

ਤੂੰ ਹਰ ਬੰਦੇ 'ਚੋਂ ਕਮੀਆਂ ਭਾਲਦਾ ਏਂ !
ਨਾ ਭੁੱਲੀਂ ਤੂੰ ਵੀ ਉਹਨਾਂ ਨਾਲ ਦਾ ਏਂ !

ਹਨੇਰੇ 'ਤੇ ਬਹੁਤ ਇਤਰਾਜ਼ ਤੈਨੂੰ ,
ਤੂੰ ਖ਼ੁਦ ਵੀ ਦੀਵਾ ਕਿੱਥੇ ਬਾਲਦਾ ਏਂ !

ਦਰਾਂ 'ਤੇ ਆਇਆਂ ਨੂੰ ਤੂੰ ਗੌਲਦਾ ਨਈਂ ,
ਫ਼ਕੀਰਾਂ ਨੂੰ ਕਿਉਂ ਏਦਾਂ ਟਾਲਦਾ ਏਂ !

ਜਿੰਨ੍ਹਾਂ ਵਿੱਚ ਸਿਰੜ ਸੀ ਉਹ ਟੀਸੀਆਂ 'ਤੇ
ਤੂੰ ਐਵੇਂ ਕਾਲਜਾ ਕਿਉਂ ਜਾਲਦਾ ਏਂ !

ਜੇ ਸੁੱਚੇ ਸ਼ਬਦ ਲੋਚੀ ਨਾਲ ਤੇਰੇ ,
ਕਮਲਿਆ ਹੋਰ ਕੀ ਤੂੰ ਭਾਲਦਾ ਏਂ!

### ਗ਼ਜ਼ਲ-2

ਕੈਸਾ ਸੀ ਇਹ ਸ਼ਹਿਰ, ਕੈਸਾ ਹੋ ਗਿਆ!
ਏਨਾ ਕਿਉਂਤਬਦੀਲ ਨਕਸ਼ਾ ਹੋਗਿਆ !

ਉਸਦੇ ਘਰ ਦੇ ਲਾਗਿਓਂ ਲੰਘਦਾ ਸੀ ਜੋ,
ਸੁਣਿਐਂ ! ਉਹ ਵੀ ਬੰਦ ਰਸਤਾ ਹੋ ਗਿਆ !

ਸ਼ੀਸ਼ਿਆਂ ਨੇ ਤਾਂ ਕਦੇ ਦੱਸਣਾ ਨਹੀਂ ,
ਅੰਦਰੋਂ ਕਿੱਡਾ ਤੂੰ ਮੈਲਾ ਹੋ ਗਿਆ !

ਬੇ ਗੁਨਾਹਾਂ ਦੇ ਲਈ ਜੋਜੂਝਦਾ ,
ਦੇਸ਼ ਲਈ ਕਿਉਂ ਉਹੀਓ ਖ਼ਤਰਾ ਹੋ ਗਿਆ!

*20, ਸੈਕਿੰਡ ਫਲੋਰ*
*ਐੱਚ. ਆਈ. ਜੀ. ਫਲੈਟਸ*
*ਰਾਜਗੁਰੂ ਨਗਰ ਲੁਧਿਆਣਾ*
*ਮੋਬਾਈਲ 98142 53315*

ਦੁਸ਼ਮਣਾਂ ਦੇ ਵਾਂਗ ਹੀ ਮਿਲਦਾ ਸੀ ਜੋ,
ਹੁੰਦਾ ਹੁੰਦਾ ਉਹ ਵੀ ਮੇਰਾ ਹੋਗਿਆ !

ਹਾਲੇਉਸਨੇ ਘੁੱਟ ਸੀ ਇੱਕੋ ਭਰੀ ,
ਫੋਕਾ ਸੀ ਪਾਣੀ ਤੇ ਮਿੱਠਾ ਹੋ ਗਿਆ!

ਮੇਰੀ ਇਹ ਸੁਣਦਾ ਨਹੀਂ, ਮੰਨਦਾ ਨਹੀਂ,
ਮੇਰੇ ਦਿਲ 'ਤੇ ਕਿਸਦਾ ਕਬਜ਼ਾ ਹੋ ਗਿਆ!

ਝੂੰਮਦਾ ਰਹਿੰਦਾ ਸੀ ਲੋਚੀ ਹਰ ਘੜੀ ,
ਸ਼ਹਿਰ ਵਿੱਚ ਆ ਕੇ ਕਿਉਂ ਤਨਹਾ ਹੋ ਗਿਆ!

## ਗ਼ਜ਼ਲ-3

ਕਿਵੇਂ ਸੁਰ ਭਰਨਗੇ ਪਰਵਾਜ਼ ਬੀਬਾ !
ਕਿ ਬੇ ਸੁਰਿਆਂ ਦੇ ਹੱਥ ਵਿੱਚ ਸਾਜ਼ ਬੀਬਾ!

ਬੇਦੋਸੇ ਹੀ ਨਿਸ਼ਾਨਾ ਬਣ ਰਹੇ ਜੇ ,
ਤੂੰ ਕਾਹਦਾ ਫਿਰ ਨਿਸ਼ਾਨੇਬਾਜ਼ ਬੀਬਾ !

ਤੂੰ ਮਰ ਕੇ ਵੀ ਨਈਂ ਹੋਣਾ ਗ਼ੈਰ ਹਾਜ਼ਰ,
ਜੇ ਬਣਿਓ ਖ਼ਲਕ ਦੀ ਆਵਾਜ਼ ਬੀਬਾ !

ਬੜੀ ਨਾਰਾਜ਼ਗੀ ਮਹਿੰਗੀ ਪਵੇਗੀ ,
ਕਰੀਂ ਨਾ ਕੁਦਰਤ ਨੂੰ ਨਾਰਾਜ਼ ਬੀਬਾ !

ਤੂੰ ਆਪਣੇ ਪੈਰ ਧਰਤੀ 'ਤੇ ਹੀ ਰੱਖੀਂ ,
ਜੇ ਭਰਨੀ ਉੱਚੀ ਹੈ ਪਰਵਾਜ਼ ਬੀਬਾ !

## ਗ਼ਜ਼ਲ-4

ਲਹੂ ਦੇ ਨਾਲ ਹੈ ਲਬਰੇਜ਼ ਮਿੱਟੀ !
ਮਿਲੇਗੀ ਕਿੱਥੋਂ ਹੁਣ ਜ਼ਰਖ਼ੇਜ਼ ਮਿੱਟੀ!

ਤੂੰ ਕੇਹੜੇ ਤਖ਼ਤ ਉੱਤੇ ਮਾਣ ਕਰਦੈਂ ,
ਇਸੇ ਥਾਂ ਹੋਇਆ ਔਰੰਗਜ਼ੇਬ ਮਿੱਟੀ !

ਇਹ ਤਖ਼ਤਾਂ, ਕਲਗੀਆਂ ਨੂੰ ਰੋਲ ਦੇਵੇ ,
ਜਦੋਂ ਉੱਡਦੀ ਹਵਾ ਵਿੱਚ ਤੇਜ਼ ਮਿੱਟੀ !

ਮੁਹੱਬਤ ਨਾਲ ਭਰਦੀ ਹੈ ਕਲਾਵੇ !
ਅਖ਼ੀਰੀ ਵਕਤ ਬਣਦੀ ਸੇਜ ਮਿੱਟੀ !

ਪਸੀਨਾ ਚੁੰਮੇ ਜਦ ਇਹ ਕਿਰਤੀਆਂ ਦਾ,
ਓਦੋਂ ਛਣਕਾਉਂਦੀ ਹੈ ਪਾਜ਼ੇਬ ਮਿੱਟੀ!

ਵਿਸਾਰਾਂ ਕਿਸ ਤਰ੍ਹਾਂ ਮੈ ਮੁਕਤਸਰ ਨੂੰ ,
ਦਿਖਾਓ ਓਸ ਤੋਂ ਜ਼ਰਖ਼ੇਜ਼ ਮਿੱਟੀ !

## ਗ਼ਜ਼ਲ-5

ਲੈ ਜਾਂਦੀ ਹੈ ਸਿਰ ਤੋਂ ਲਾਹ ਕੇ ਤਾਜ ਹਵਾ !
ਜ਼ੋਰ ਜ਼ੁਲਮ ਨਾ ਸਹਿੰਦੀ ਹੁਣ ਨਾਰਾਜ਼ ਹਵਾ!

ਇਸਦੇ ਅੰਦਰ ਲੱਖਾਂ ਹੀ ਸੁਰ ਜਾਗ ਰਹੇ ,
ਪੱਤੇ ਪੱਤੇ ਨੂੰ ਕਰ ਜਾਂਦੀ ਸਾਜ਼ ਹਵਾ !

ਜ਼ੱਰਾ ਜ਼ੱਰਾ ਉੱਡਣਾ ਸਿੱਖਦਾ ਇਸ ਕੋਲੋਂ ,
ਮਿੱਟੀ ਵਿੱਚ ਵੀ ਭਰ ਦਿੰਦੀ ਪਰਵਾਜ਼ ਹਵਾ!

ਇੱਕ ਦੂਜੇ ਦੀ ਅਗਨੀ ਤੋਂ ਕਿਉਂ ਡਰਦੇ ਨੇ ,
ਧੁਖਦੇ ਬੰਦਿਆਂ 'ਤੇ ਕਰਦੀ ਇਤਰਾਜ਼ ਹਵਾ!

ਜਿਓਂਦੇ ਜੀ ਤੂੰ ਸੁਣਨੋਂਕਿਉਂ ਇਨਕਾਰੀ ਏਂ ,
ਸਿਵਿਆਂ ਵਿੱਚ ਵੀ ਦਿੰਦੀ ਹੈ ਆਵਾਜ਼ ਹਵਾ !

ਹਰ ਘਰ ਦੇ,ਹਰ ਕਮਰੇ ਦੇ, ਹਰ ਵਿਹੜੇ ਦੇ,
ਸਦੀਆਂ ਤੋਂ ਹੀ ਸਾਂਭੀ ਫਿਰਦੀ ਰਾਜ਼ ਹਵਾ !

ਕਿੱਥੇ ਲੋਚੀ ਮਹਿਕਾਂ ਵਰਗੇ ਬੋਲ ਤਿਰੇ ,
ਸੁਣਿਐਂ ! ਅੱਜ ਕੱਲ੍ਹ ਤੇਰੇ 'ਤੇ ਨਾਰਾਜ਼ ਹਵਾ !

## ਗ਼ਜ਼ਲ-6

ਸਜ਼ਾ ਕੈਸੀ ਮਿਲੀ ਇਹ ਸੋਚਦਾ ਹਾਂ!
ਮੈਂ ਖੁਦ ਤੋਂ ਹੀ ਬਗਾਨਾ ਹੋ ਰਿਹਾ ਹਾਂ!

ਮਖੋਟਾ ਹੀ ਨਜ਼ਰ ਚਿਹਰੇ 'ਤੇ ਆਵੇ ,
ਮੈਂ ਜਿੰਨ੍ਹੀ ਵਾਰ ਸ਼ੀਸ਼ਾ ਦੇਖਦਾ ਹਾਂ !

ਖ਼ੁਦਾ ਉਸਨੂੰ ਵੀ ਅੰਬਰ ਬਖ਼ਸ਼ ਦੇਵੇ,
ਮੈਂ ਜਿਸਦੀ ਅੱਖ ਦੇ ਵਿੱਚ ਰੜਕਦਾ ਹਾਂ!

ਜਿਉਂਦੇ ਹੋਣ ਦਾ ਅਹਿਸਾਸ ਹੁੰਦੈ ,
ਮੈਂ ਦਿਲ ਦੇ ਬੂਹੇ ਖੁੱਲ੍ਹੇ ਰੱਖਦਾ ਹਾਂ!

ਮੇਰੇ ਅੰਦਰ ਹੈ ਸ਼ਬਦਾਂ ਦਾ ਕਬੀਲਾ,
ਮੈਂ ਅਪਣੇ ਆਪ ਵਿੱਚ ਹੀ ਕਾਫ਼ਲਾ ਹਾਂ!

ਕਿਤੇ ਮਿੱਟੀ ਨਾ ਮੈਨੂੰ ਭੁੱਲ ਜਾਵੇ ,
ਮੈਂ ਅਪਣੀ ਮਾਂ ਦੀ ਬੋਲੀ ਬੋਲਦਾ ਹਾਂ!

ਮੇਰੇ ਅੰਦਰ ਵੀ ਹੈ ਲੋਚੀ ਜਿਹਾ ਕੁਝ,
ਮੈਂ ਦੁਸ਼ਮਣ ਦੇ ਵੀ ਦਿਲ ਵਿੱਚ ਧੜਕਦਾ ਹਾਂ!

## ਗ਼ਜ਼ਲ-7

ਮੈਨੂੰ ਪਰਖਣ ਆਏ ਸੀ ਜੋ ਚਾਵਾਂ ਨਾਲ!
ਝੂੰਮਣ ਲੱਗੇ ਮੇਰੀਆਂ ਹੀ ਕਵਿਤਾਵਾਂ ਨਾਲ!

ਨਿੱਤ ਬੁਝਾਉਣ ਇਹ ਦੀਵੇ, ਮੈਂ ਫਿਰ ਬਾਲ ਦਿਆਂ,
ਅੱਜ ਕੱਲ੍ਹ ਮੇਰਾ ਇੱਟ ਖੜਿੱਕਾ 'ਵਾਵਾਂ ਨਾਲ !

ਤੇਰੀ ਥਾਲੀ ਵਿੱਚ ਹੀ ਚੁੰਝਾਂ ਮਾਰਗਏ ,
ਕੀ ਖੱਟਿਆ ਤੂੰ ਯਾਰੀ ਲਾ ਕੇ ਕਾਵਾਂ ਨਾਲ !

ਭਰਮ ਹੈ ਤੇਰਾ, ਤੇਰੇ ਲਈ ਕੋਈ ਹੋਰ ਲੜੂ ,
ਲੜਨਾ ਪੈਂਦਾ ਆਪਣੀਆਂ ਹੀ ਬਾਹਵਾਂ ਨਾਲ!

ਧੁੱਪਾਂ ਵਿੱਚ ਨਾ ਤੁਰਨਾ ਔਖਾ ਹੋ ਜਾਵੇ ,
ਏਡਾ ਵੀ ਨਾ ਰਿਸ਼ਤਾ ਰੱਖੀਂ ਛਾਵਾਂ ਨਾਲ !

ਜਿੱਥੇ ਲੋਚੀ ਤੇਰੀਆਂ ਗ਼ਜ਼ਲਾਂ ਟਹਿਲਦੀਆਂ,
ਬੜਾ ਹੀ ਮੋਹ ਜਿਹਾ ਆਉਂਦੈ ਉਹਨਾ ਰਾਵ੍ਹਾਂ ਨਾਲ!

113 ਐਫ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ-141013. E-mail: gurbhajansinghgill@gmail.com Mobile : 98726-31199

## ਗੁਰਭਜਨ ਗਿੱਲ

## ਬਾਹਰ ਛਲੇਡਾ ਤੁਰਿਆ ਫਿਰਦਾ

ਨਿੱਕੇ ਹੁੰਦਿਆਂ ਸ਼ਾਮਾਂ ਵੇਲੇ
ਮੇਰੀ ਮਾਂ ਇਹ ਡਰ ਦੇਂਦੀ ਸੀ।
ਬਾਹਰ ਛਲ਼ੇਡਾ ਤੁਰਿਆ ਫਿਰਦਾ
ਆਦਮਖਾਣਾ ਬਿਨਾ ਜਿਸਮ ਤੋਂ।
ਮੈਨੂੰ ਇਹ ਗੱਲ ਸਮਝ ਨਾ ਆਉਂਦੀ
ਘਰ ਬੈਠਣ ਲਈ
ਮੇਰੀ ਮਾਂ ਕਿਉਂ ਕਿਉਂ ਇੰਜ ਡਰਾਉਂਦੀ।
ਜਦ ਮੈਂ ਬਹੁਤਾ ਪਿੱਛੇ ਪੈਂਦਾ ਤਦ ਸਮਝਾਉਂਦੀ।
ਗੂੜ੍ਹ ਹਨੇਰਾ ਨਿਰਾ ਛਲੇਡਾ
ਇਹ ਕੱਲ੍ਹਾ ਚਾਨਣ ਤੋਂ ਡਰਦਾ।
ਸਾਰੀ ਰਾਤ ਜਿਉਂਦਾ ਰਹਿੰਦਾ,
ਸੂਰਜ ਚੜ੍ਹਦੇ ਸਾਰ ਹੀ ਮਰਦਾ।
ਕਵਿਤਾ ਵਰਗੀ ਇਹ ਗੱਲ
ਮੈਨੂੰ ਸਮਝ ਨਾ ਪੈਂਦੀ।
ਹੁਣ ਆਇਆ ਇਹ ਕੈਸਾ ਮੌਸਮ
ਘਰ ਦੇ ਨੇੜੇ
ਪਾਰਕ ਕੋਲੋਂ ਡਰ ਲੱਗਦਾ ਹੈ।
ਸਿਰਫ਼ ਸੁਰੱਖਿਅਤ ਘਰ ਲੱਗਦਾ ਹੈ।
ਮਗਰਮੱਛ ਦੀ ਸੂਰਤ ਹੀ
ਸੁਪਨੇ ਵਿੱਚ ਆਵੇ।

ਮੇਰੇ ਜਿੱਡਾ ਛੇ ਫੁੱਟ ਬੰਦਾ
ਥਰ ਥਰ ਕੰਬੇ,ਪਿਆ ਡਰਾਵੇ।
ਖ਼ੌਫ਼ਜ਼ਦਾ ਹੋਏ ਨੇ ਬੈਠੇ ਲੁਕ ਛਿਪ ਮਾਲੀ।
ਬਹੁਤ ਉਦਾਸ ਗੁਲਾਬੀ ਫੁੱਲਾਂ ਵਾਲੀ ਡਾਲੀ।
ਪਾਰਕ ਵਿਚਲੇ ਬੈਂਚ ਉਦਾਸੇ
ਆਦਮ ਛੋਹ ਨੂੰ ਤਰਸ ਰਹੇ ਨੇ।
ਬੱਚਿਆਂ ਦੇ ਲਈ ਝੂਟੇ ਮਾਟੇ
ਚਕਰ ਚੰਡੋਲ ਉਦਾਸ ਖੜ੍ਹਾ ਹੈ।
ਏਦਾਂ ਲੱਗਦੈ
ਬਹੁਤ ਸਵਾਲ ਮਨਾਂ ਵਿੱਚ ਲੈ ਕੇ
ਧਰਤੀ ਦਾ ਇਤਿਹਾਸ ਖੜ੍ਹਾ ਹੈ।
ਏਨੀ ਡੂੰਘੀ ਚੁੱਪ ਕਦੇ ਨਾ ਇਸ ਨੇ ਵੇਖੀ।
ਸੱਜਾ ਹੱਥ ਖੱਬੇ ਨੂੰ ਮਿਲਣੋਂ ਇਨਕਾਰੀ ਹੈ।
ਬਹੁਤਾ ਬੋਲਣ ਵਾਲਿਆਂ ਨੇ ਵੀ
ਚੁੱਪ ਧਾਰੀ ਹੈ।
ਪਹਿਲੀ ਵਾਰੀ ਬਿਰਖ਼ਾਂ ਸਨਮੁਖ
ਮੈਂ ਵੀ ਤਾਂ ਨਿਰਸ਼ਬਦ ਖੜ੍ਹਾ ਹਾਂ।
ਮਨ ਹੈ ਚੋਖਾ ਡਰਿਆ ਡਰਿਆ
ਨਾਲ ਸਵਾਲਾਂ ਭਰਿਆ ਭਰਿਆ।
ਹੁਣ ਜਦ ਉਮਰ ਪਕੇਰੀ ਹੋਈ
ਓਹੀ ਫੇਰ ਛਲੇਡਾ ਆਇਆ।
ਕੁੱਲ ਆਲਮ ਜਿਸ ਸੁੱਕਣੇ ਪਾਇਆ।
ਵਿੱਚ ਹਨੇਰੇ ਯੁੱਧ ਛਿੜਿਆ ਹੈ।
ਐਟਮ ਬੰਬ ,ਮੀਜ਼ਾਈਲਾਂਧਾਰੀ।
ਸਭਨਾਂ ਦੀ ਵਾਇਰਸ ਮੱਤ ਮਾਰੀ।
ਓਹੜ ਪੋਹੜ ਕਰਦੇ ਨੇ ਨੁਸਖ਼ੇ
ਤਰਲੇ ਵੈਦ ਹਕੀਮਾਂ ਵਾਲੇ।
ਸਾਰੇ ਯਤਨ ਯਤੀਮਾਂ ਵਾਲੇ।
ਸੱਚ ਪੁੱਛੋ ਤਾਂ ਇੱਕੋ ਹੀ ਵਿਸ਼ਵਾਸ ਅਟੱਲ ਹੈ।
ਰਾਮ ਕਾਰ ਚਉਗਿਰਦ ਜਦੋਂ ਤੱਕ
ਬਲ਼ਦੇ ਭੱਠੇ ਦੀ ਕੰਧ ਵਿੱਚੋਂ
ਫੁੱਲ ਖਿੜ ਪੈਂਦੇ,
ਇਹ ਸੰਕਟ ਤਾਂ ਕਿਹੜੀ ਗੱਲ ਹੈ?

ਪਤਾ : ਜਲੰਧਰ, ਪੰਜਾਬ

## ਸਤਨਾਮ ਮਾਣਕ

## ਆ ਦਿਲ ਕੁਝ ਗੱਲਾਂ ਕਰੀਏ

ਆ ਦਿਲਾ ਕੁਝ ਗੱਲਾਂ ਕਰੀਏ
ਉਦਾਸੀ ਦੀ ਇਸ ਰੁੱਤ ਤੋਂ ਪਾਰ ਦੀਆਂ
ਮੇਰੀ ਸੁਣ ਕੋਈ ਆਪਣੀ ਕਹਿ
ਆ ਝੱਲਿਆ ਮੇਰੇ ਨੇੜੇ ਬਹਿ
ਦੂਰੀਆਂ ਦੇ ਇਸ ਮੌਸਮ ਅੰਦਰ
ਆ ਝਾਕੀਏ ਮਨ ਮਸਤਕ ਅੰਦਰ
ਨਿਰਮਲ ਹੋ ਗਏ ਹੋਰ ਵੀ ਪਾਣੀ
ਚੰਚਲ ਮੱਛੀਆਂ ਕਹਿਣ ਨਵੀਂ ਕਹਾਣੀ
ਰੁਖਾਂ ਉਤੇ ਫ਼ਿਰ ਆ ਗਈ ਬਹਾਰ
ਬੈਠਣ ਪੰਛੀ ਕਰਨ ਤਕਰਾਰ
ਨਾਲੇ ਛੇੜਨ ਸੁਰਾਂ ਪਿਆਰ ਦੀਆਂ

ਆ ਦਿਲਾ ਕੁਝ ਗੱਲਾਂ ਕਰੀਏ
ਉਦਾਸੀ ਦੀ ਇਸ ਰੁੱਤ ਤੋਂ ਪਾਰ ਦੀਆਂ
ਤਾਜ਼ਗੀ ਲੱਦੀਆਂ ਪੌਣਾ ਆਵਣ
ਸੁਭਾ ਸਵੇਰੇ ਰੂਹ ਨਸ਼ਿਆਵਣ
ਫੁੱਲਾਂ 'ਤੇ ਭਰ ਆਇਆ ਖੇੜਾ
ਸੁਗੰਧੀਆਂ ਭਰਿਆ ਸਾਡਾ ਵਿਹੜਾ
ਸਭ ਦਾਤਾਂ ਉਸ ਦਿਲਦਾਰ ਦੀਆਂ
ਆ ਦਿਲਾ ਕੁਝ ਗੱਲਾਂ ਕਰੀਏ
ਉਦਾਸੀ ਦੀ ਇਸ ਰੁੱਤ ਤੋਂ ਪਾਰ ਦੀਆਂ
ਚੁਭਦੀ ਇਸ ਤਨਹਾਈ ਦੇ ਵਿੱਚ
ਸ਼ੋਕ ਦੀ ਵੱਜਦੀ ਸ਼ਹਿਨਾਈ ਦੇ ਵਿੱਚ
ਢਾਰਸ ਦਾ ਕੋਈ ਨਗ਼ਮਾਂ ਗਾਈਏ
ਆਸਾਂ ਦਾ ਕੋਈ ਦੀਪ ਜਗਾਈਏ
ਟੁੱਟੇ ਦਿਲਾਂ ਨੂੰ ਸਹਿਲਾਈਏ
ਆ ਦਿਲਾ ਕੁਝ ਗੱਲਾਂ ਕਰੀਏ
ਉਦਾਸੀ ਦੀ ਇਸ ਰੁੱਤ ਤੋਂ ਪਾਰ ਦੀਆਂ

*ਪਤਾ : ਪੁੰਛ, ਜੰਮੂ ਅਤੇ ਕਸ਼ਮੀਰ।*

**ਸਵਾਮੀ ਅੰਤਰ ਨੀਰਵ**

## ਜੜ੍ਹਾਂ

ਮੰਜੇ ਉੱਤੇ ਪਏ ਪਏ
ਮੇਰੀਆਂ ਜੜਾਂ ਨਿਕਲ ਆਈਆਂ ਹਨ
ਧਰਤੀ ਛੂਹਣ ਵਾਲੀਆਂ ਹਨ ਜੜਾਂ
ਮੈਂ ਕਦੀ ਉੱਠ ਨਹੀਂ ਸਕਾਂਗਾ
ਕੁਝ ਕਰੋ

## ਭੈਅ ਦੇ ਗੀਤ

ਚਿੜੀ ਨੂੰ
ਕੀ ਕੁਝ ਪਤਾ ਹੈ
ਉਹ ਦਾਣਾ ਚੁੱਗਣ ਗਈ ਸੀ
ਕਲ੍ਹ ਵਾਂਗਰ ਹੀ
ਪਾਣੀ ਪੀਤਾ ਹੈ
ਬਾਰਿਸ਼ ਤੋਂ ਪਹਿਲਾਂ ਨ੍ਹਾਤੀ ਹੈ
ਛੱਪੜੀ ਵਿਚ
ਹੁਣ ਸਵਾਰ ਰਹੀ ਹੈ
ਕੰਡਿਆਲੀ ਤਾਰ ਉੱਤੇ ਬੈਠ
ਗਿੱਲੇ ਸੁੱਕੇ ਖੰਭ
ਸਾਫ਼ ਸੁਣਦੀ ਹੈ
ਦੂਰੋਂ ਕਿਤੇ ਆ ਰਹੀ
ਕਾਂਵਾਂ ਦੀ ਰੌਲੀ ਵੀ
ਝੜਨ ਦੇ ਭੈਅ ਤੋਂ ਮੁਕਤ
ਫੁੱਲ ਖਿੜਿਆ ਹੈ
ਝੜ ਵੀ ਗਿਆ ਹੈ
ਕੁੱਤੇ ਨੇ ਰੋਟੀ ਖਾਧੀ ਨਹੀਂ
ਦੱਬ ਦਿੱਤੀ ਹੈ ਮਿੱਟੀ ਵਿਚ
ਦੱਬ ਦਿੰਦਾ ਹੁੰਦਾ ਸੀ ਅੱਗੇ ਵੀ
ਫ਼ਿਰ ਬਹਾਰ ਵਿਚ ਪਈ
ਰੱਤ ਮੂਤਦੀ
ਕੁੱਤੀ ਮਗਰ ਹੋ ਤੁਰਿਆ ਹੈ

ਬਾਕੀ ਦੇ ਕੁੱਤਿਆਂ ਨਾਲ ਹੀ
ਹੁਣ ਉਸਨੇ ਰੋਟੀ ਕੱਢ ਕੇ
ਖਾ ਵੀ ਲਈ ਹੈ
ਪੀਲੀ ਮੌਤ ਨੂੰ ਟਿੱਚ ਜਾਣਦੀ
ਕਣਕ ਦੇ ਦੋਧੇ ਕਣਕੋਲ਼ਾਂ ਵਿਚ
ਹੋਰ ਗਾੜ੍ਹਾ ਹੋ ਰਿਹਾ ਹੈ ਦੁੱਧ
ਮੱਝ ਨੇ ਕੱਟੀ ਜੰਮੀ ਹੈ
ਗਿੱਲੀ ਗਿੱਲੀ ਨੂੰ
ਜੀਭ ਨਾਲ ਚੱਟਿਆ ਸੁਕਾਇਆ ਹੈ
ਉੱਠ ਕੇ
ਦੁੱਧ ਚੁੰਘਣ ਲੱਗ ਪਈ ਹੈ
ਕੱਟੀ ਵੀ
ਸੂਰਜ ਚੜ੍ਹਿਆ ਹੈ
ਰਾਤ ਨਿਕਲੀ ਹੈ
ਮੇਰੇ ਪਿਉ ਦੇ ਦਾਦੇ ਵਾਂਗ
ਤੁਰ ਗਈ ਹੈ ਮੇਰੀ ਨਾਨੀ ਵੀ
ਰੁੱਖਾਂ ਤੇ
ਨਵੇਂ ਪੱਤੇ ਪੁੰਗਰ ਆਏ ਹਨ
ਮੈਂ
ਪਹਿਲੇ ਜੇਹਾ ਕਿਉਂ ਨਹੀਂ ਹਾਂ
ਮੈਂ ਕੀ ਜਾਣਦਾ ਹਾਂ
ਮੈਂ ਕੀ ਜਾਣ ਲਿਆ ਹੈ

*ਪਤਾ : ਪਿੰਡ ਤਪਾ ਮੰਡੀ, ਜ਼ਿਲ੍ਹਾ ਬਰਨਾਲਾ।*

## ਸਿਮਰਨ ਅਕਸ

## ਕਵਿਤਾ

ਤਿਤਲੀ ਨੂੰ ਜੋ ਭਾਰ ਬਣਾਈ ਬੈਠੇ ਹਾਂ
ਪੱਥਰ ਦਾ ਸੰਸਾਰ ਬਣਾਏ ਬੈਠੇ ਸਾਂ

ਆਪਣੇ ਆਪ ਨੂੰ ਵੀ ਜਾਣਨ ਦਾ ਵੀ ਵਕਤ ਨਹੀਂ
ਇਹ ਕੈਸੀ ਰਫਤਾਰ ਬਣਾਈ ਬੈਠੇਂ ਸਾਂ

ਹੱਕ ਸੱਚ ਤਾਂ ਸਿੱਕੇ ਈ ਟੰਗੇ ਜਾਣੇ ਸੀ
ਗੁੰਡਿਆਂ ਦੀ ਸਰਕਾਰ ਬਣਾਈ ਬੈਠੇ ਸਾਂ

ਆਖਿਰ ਆਪਾਂ ਜਿਓਣ ਲਈ ਹੀ ਜੰਮੇ ਸਾਂ
ਮੌਤ ਨੂੰ ਹੀ ਕਿਓਂ ਸਾਰ ਬਣਾਈ ਬੈਠੇ ਹਾਂ

## ਤਸਵੀਰ ਦਾ ਇਕ ਪਾਸਾ ਇਹ ਵੀ

ਸੁਹਾਣਾ ਮੌਸਮ
ਪੰਛੀਆਂ ਦੇ ਗੀਤ
ਗੁੜ ਵਾਲੇ ਚੌਲਾਂ ਦੀ ਮਹਿਕ
ਤੇ ਵਿਹੜੇ ਵਿੱਚ ਸਾਰਾ ਪਰਿਵਾਰ
ਪਹਿਲਾਂ ਕਿੱਥੈ ਸੀ ?

ਪਾਪਾ ਨੇ ਜੋੜ ਦਿੱਤੀ ਹੈ
ਦਾਦੀ ਜੀ ਦੀ ਟੁੱਟੀ ਐਨਕ
ਜੋ ਚਿਰਾਂ ਤੋਂ ਪਈ ਸੀ
ਪਰ ਸਮਾਂ ਕਿੱਥੈ ਸੀ ...

ਅੰਮੀ ਨੂੰ ਆਉਂਦੀਆਂ ਨੇ ਢੇਰ ਸਾਰੀਆਂ ਜਾਦੂਈ ਕਹਾਣੀਆਂ
ਪਹਿਲਾਂ ਨਹੀਂ ਸੁਣਾਈਆਂ ਕਦੇ
ਵਿਹਲ ਹੀ ਕਿੱਥੈ ਸੀ ...

ਭੱਜ ਨੱਠ ਵਿੱਚ ਰੁਲ ਜਾਂਦੀਆਂ ਸੀ ਕਿੰਨੀਆਂ ਹੀ ਗੱਲਾਂ
ਭੁੱਲ ਜਾਂਦੇ ਸੀ ਕਿੰਨੇ ਹੀ ਖ਼ਾਸ ਦਿਨ
ਤੇ ਬੱਚਿਆਂ ਦੇ ਤਜ਼ਰਬੇ
ਰੁਕਣ , ਸਮਝਣ ,ਆਖਣ ਜਾਂ ਅੰਦਰ ਵਸਾਉਣ ਦਾ
ਸਬਰ ਆਖਰ ਕਿਥੇ ਸੀ ...

ਤੇ ਹੁਣ ਜਦ ਸੁਹਾਣਾ ਮੌਸਮ
ਪੰਛੀਆਂ ਦੇ ਗੀਤ ਗੁੜ ਵਾਲੇ ਚੌਲਾਂ ਦੀ ਮਹਿਕ
ਤੇ ਵਿਹੜੇ ਵਿੱਚ ਸਾਰਾ ਪਰਿਵਾਰ ਵੇਖ
ਬਜ਼ੁਰਗਾਂ ਨੂੰ ਸ਼ੁਕਰਨੇ ਵਿੱਚ ਅੱਖਾਂ ਨਮ ਕਰਦਿਆਂ ਤੇ
ਮਹਾਮਾਰੀ ਨਹੀਂ ਮਹਾਮਾਰੀ ਦਾ ਡਰ
ਬਣਾਈ ਰੱਖਣ ਲਈ ਅਰਦਾਸ ਕਰਦਿਆਂ ਵੇਖਦੀ ਹਾਂ
ਤਾਂ ਸੋਚਦੀ ਹਾਂ ਮਹਾਮਾਰੀ ਆਖਿਰ ਕਿੱਥੈ ਸੀ ?

□□□

# ਕਰਤਾਰ ਸਿੰਘ ਦੁੱਗਲ ਦਾ ਕਾਵਿ-ਸੰਸਾਰ

*ਡਾ. ਕੁਲਵੀਰ ਗੋਜਰਾ*

ਕਰਤਾਰ ਸਿੰਘ ਦੁੱਗਲ ਸਾਹਿਤ ਰਚਨਾਕਾਰੀ ਦੇ ਖੇਤਰ ਵਿਚ ਇਕ ਕਵੀ ਵਜੋਂ ਪ੍ਰਵੇਸ਼ ਕਰਦਾ ਹੈ। ਦੋ ਕਾਵਿ-ਪੁਸਤਕਾਂ ਦੇ ਪ੍ਰਕਾਸ਼ਨ ਤੋਂ ਬਾਅਦ, ਉਹ ਨਿੱਕੀ ਕਹਾਣੀ ਤੇ ਹੋਰ ਸਾਹਿਤਕ ਵਿਧਾਵਾਂ ਵੱਲ ਰੁਖ ਕਰਦਾ ਹੈ ਅਤੇ ਪੰਜਾਬੀ ਸਾਹਿਤ ਵਿਚ ਇਕ ਗਲਪਕਾਰ ਵਜੋਂ ਪਛਾਣ ਬਣਾਉਂਦਾ ਹੈ। ਜੀਵਨ ਦੇ ਅੰਤਲੇ ਪੜਾਅ 'ਤੇ, ਦੁੱਗਲ ਮੁੜ ਕਵਿਤਾ ਲਿਖਣ ਵਲ ਪਰਤ ਆਉਂਦਾ ਹੈ। ਗਿਣਾਤਮਕ ਪੱਖੋਂ, ਹਰ ਸਾਹਿਤਕ ਵਿਧਾ ਵਿਚ ਵੱਡੀ ਪੱਧਰ 'ਤੇ ਰਚਨਾਕਾਰੀ ਕਰਨ ਵਾਲੇ ਕਰਤਾਰ ਸਿੰਘ ਦੁੱਗਲ ਦੀਆਂ ਪ੍ਰਕਾਸ਼ਤ ਕਾਵਿ-ਪੁਸਤਕਾਂ ਦੀ ਗਿਣਤੀ ਵੀ 12 ਦੇ ਕਰੀਬ ਬਣਦੀ ਹੈ। ਸੋ ਕਰਤਾਰ ਸਿੰਘ ਦੁੱਗਲ ਨੇ ਰਚਨਾਕਾਰੀ ਦੇ ਆਰੰਭ ਤੇ ਅੰਤ ਵਿਚ ਕਾਵਿ-ਸਿਰਜਣਾ ਕੀਤੀ ਹੈ ਤੇ ਵਿਚਕਾਰਲੇ ਸਮੇਂ ਵਿਚ ਨਾਵਲ, ਕਹਾਣੀ ਤੇ ਹੋਰ ਵਿਧਾਵਾਂ ਵਿਚ ਰਚਨਾ ਕੀਤੀ।

ਕਰਤਾਰ ਸਿੰਘ ਦੁੱਗਲ ਦੀ ਕਾਵਿ-ਸਿਰਜਣਾ ਦੇ ਦੋ ਕਾਲਿਕ-ਪੜਾਅ ਹਨ। ਪਹਿਲਾ ਪੜਾਅ ਉਸ ਦੇ ਭਰ ਜੁਆਨੀ ਵੇਲੇ ਦਾ ਹੈ ਤੇ ਦੂਸਰਾ ਬਿਰਧ ਅਵਸਥਾ ਦਾ। ਪਹਿਲੇ ਪੜਾਅ ਦੀ ਕਾਵਿ-ਸਿਰਜਣਾ, ਵੀਹਵੀਂ ਸਦੀ ਦੇ ਪੰਜਵੇਂ ਅਤੇ ਛੇਵੇਂ ਦਹਾਕੇ ਵਿਚ ਪ੍ਰਕਾਸ਼ਤ ਹੋ ਕੇ ਸਾਹਮਣੇ ਆਉਂਦੀ ਹੈ ਅਤੇ ਦੂਸਰੇ ਪੜਾਅ ਦੀ ਕਵਿਤਾ ਦਾ ਕਾਲ-ਖੰਡ ਮੁਖ ਤੌਰ 'ਤੇ ਇੱਕੀਵੀਂ ਸਦੀ ਦਾ ਪਹਿਲਾ ਦਹਾਕਾ ਹੈ। ਪਹਿਲੇ ਤੇ ਦੂਸਰੇ ਪੜਾਅ ਦੀ ਕਵਿਤਾ, ਦੋ ਵੱਖ-ਵੱਖ ਕਵੀਆਂ ਦੀ ਰਚਨਾ ਜਾਪਦੀ ਹੈ। ਇਨ੍ਹਾਂ ਦੋਵਾਂ ਪੜਾਵਾਂ ਦੀ ਰਚਨਾ, ਆਪਣੇ ਕਾਵਿ-ਵਸਤੂ, ਕਾਵਿ-ਭਾਸ਼ਾ ਤੇ ਦ੍ਰਿਸ਼ਟੀ ਦੇ ਪੱਖੋਂ ਆਪਸ ਵਿਚ ਮੇਲ ਨਹੀਂ ਖਾਂਦੀ। ਹਥਲੇ ਲੇਖ ਦਾ ਮਨੋਰਥ ਦੁੱਗਲ ਦੇ ਇਸ ਬਦਲਦੇ ਕਾਵਿ-ਮੁਹਾਂਦਰੇ ਦਾ ਵਿਸ਼ਲੇਸ਼ਣ ਕਰਨਾ ਹੈ।

ਦੁੱਗਲ ਦਾ ਪਹਿਲਾ ਕਾਵਿ-ਸੰਗ੍ਰਹਿ 'ਕੰਢੇ ਕੰਢੇ' ਮਈ 1941 ਵਿਚ ਲਾਹੌਰ ਤੋਂ ਪ੍ਰਕਾਸ਼ਤ ਹੁੰਦਾ ਹੈ ਜਿਸ ਦੀ ਭੂਮਿਕਾ ਦਵਿੰਦਰ ਸਤਿਆਰਥੀ ਲਿਖਦਾ ਹੈ। ਭੂਮਿਕਾ ਵਿਚ ਸਤਿਆਰਥੀ ਦੁੱਗਲ ਦੀ ਸਿਫ਼ਤ ਕਰਦਿਆਂ ਲਿਖਦਾ ਹੈ ਕਿ " ਕਰਤਾਰ ਸਿੰਘ ਦੁੱਗਲ ਨਵੇਂ ਯੁੱਗ ਦਾ ਆਦਮੀ ਹੈ। ਉਸ ਦੀ ਕਵਿਤਾ ਨੂੰ ਨਵੀਨ ਕਵਿਤਾ ਨੇ ਚੰਡਿਆ

*475, ਦੂਜੀ ਮੰਜ਼ਿਲ,
ਭਾਈ ਪਰਮਾਨੰਦ ਕਲੋਨੀ,
ਦਿੱਲੀ-110009*

ਹੈ। ਉਸ ਦੀ ਕਵਿਤਾ ਵਿਚ ਨਵੀਨ ਯੁੱਗ, ਯਥਾਰਥਵਾਦੀ ਭਾਸ਼ਾ ਵਿਚ ਬੋਲਣਾ ਚਾਹੁੰਦਾ ਹੈ।"1 ਸਤਿਆਰਥੀ ਦਾ ਕਹਿਣਾ ਹੈ ਕਿ 'ਕੰਢੇ ਕੰਢੇ' ਦੇ ਨਾਲ ਨਵੀਨ ਪੰਜਾਬੀ ਕਵਿਤਾ ਦੇ ਫੇਫੜਿਆਂ ਵਿਚ ਵਧੇਰੇ ਬਲ ਆ ਗਿਆ ਹੈ। ਜ਼ਾਹਰ ਹੈ ਕਿ ਸਤਿਆਰਥੀ ਵਰਗਾ ਅਦੀਬ, ਦੁੱਗਲ ਨੂੰ ਇਕ ਸੰਭਾਵਨਾਵਾਂ ਭਰਪੂਰ ਕਵੀ ਵਜੋਂ ਵੇਖਦਾ ਹੈ। ਫਿਰ ਕੀ ਵਜ੍ਹਾ ਹੈ ਕਿ ਦੁੱਗਲ ਇਕ ਕਵੀ ਦੀ ਬਜਾਏ ਕਹਾਣੀਕਾਰ ਵਜੋਂ ਸਥਾਪਤ ਹੁੰਦਾ ਹੈ ? ਇਸ ਦਾ ਜਵਾਬ 1999 ਵਿਚ ਪ੍ਰਕਾਸ਼ਤ ਉਸ ਦੀ ਕਾਵਿ-ਪੁਸਤਕ 'ਵੀਹਵੀਂ ਸਦੀ ਤੇ ਹੋਰ ਕਵਿਤਾਵਾਂ' ਦੇ ਮੁਖਬੰਧ ਵਿਚ ਮਿਲਦਾ ਹੈ, ਜਿਸ ਵਿਚ ਦੁੱਗਲ ਆਪਣੀ ਕਾਵਿ-ਸਿਰਜਣਾ ਦੇ ਪ੍ਰੇਰਨਾ ਸਰੋਤਾਂ ਬਾਰੇ ਗੱਲ ਕਰਦਿਆਂ ਲਿਖਦਾ ਹੈ ਕਿ "ਮੋਹਨ ਸਿੰਘ ਇਕ ਉਸਤਾਦ ਕਵੀ ਸੀ। ਮੈਂ ਨਿੱਕੀ ਕਹਾਣੀ ਵੱਲ ਪ੍ਰੇਰਿਤ ਹੁੰਦਾ ਗਿਆ। ਨਾਲੇ ਮੋਹਨ ਸਿੰਘ ਇੰਨੀ ਵਧੀਆ ਕਵਿਤਾ ਕਹਿੰਦਾ ਸੀ; ਉਸ ਤੀਕ ਅਪੜਨਾ ਮੈਂ ਸੋਚ ਵੀ ਨਹੀਂ ਸਾਂ ਸਕਦਾ ।"2

'ਵੀਹਵੀਂ ਸਦੀ ਤੇ ਹੋਰ ਕਵਿਤਾਵਾਂ' ਦੇ ਮੁਖਬੰਧ ਵਿਚ ਦੁੱਗਲ ਤਸਲੀਮ ਕਰਦਾ ਹੈ ਕਿ 'ਕੰਢੇ ਕੰਢੇ' ਕਾਵਿ-ਪੁਸਤਕ ਵਿਚਲੀ ਕਵਿਤਾ ਉਪਰ ਮੋਹਨ ਸਿੰਘ ਦੀ ਕਾਵਿ-ਸ਼ੈਲੀ ਦਾ ਪਰਛਾਵਾਂ ਹੈ। ਦੁੱਗਲ ਲਿਖਦਾ ਹੈ, " ਕੁਝ ਵੀ ਹੋਵੇ, ਇਹ ਸ਼ੈਲੀ ਮੋਹਨ ਸਿੰਘ ਦੀ ਹੈ, ਸ਼ਬਦਾਂ ਦੀ ਚੋਣ ਮੋਹਨ ਸਿੰਘ ਦੀ ਹੈ, ਇਹ ਮੁਹਾਵਰਾ ਮੋਹਨ ਸਿੰਘ ਦਾ ਹੈ। ਮੋਹਨ ਸਿੰਘ ਦਾ ਕੋਈ ਵੀ ਸਮਕਾਲੀ ਉਸ ਦੇ ਕਾਵਿ ਦੀਆਂ ਪ੍ਰਤੀ ਧੁਨੀਆਂ ਤੋਂ ਅਛੂਤਾ ਨਹੀਂ ਸੀ ਰਹਿ ਸਕਦਾ।"3 ਪਰ ਦੂਜੇ ਕਾਵਿ-ਸੰਗ੍ਰਹਿ 'ਬੰਦ ਦਰਵਾਜ਼ੇ' ਤਕ ਪੁੱਜਦਿਆਂ ਉਹ ਆਪਣੀ ਕਵਿਤਾ ਨੂੰ ਮੋਹਨ ਸਿੰਘ ਦੀ ਕਵਿਤਾ ਤੋਂ ਅਗਾਂਹ ਨਿਕਲ ਗਈ ਵੀ ਮੰਨਦਾ ਹੈ । ਇਸ ਦੀ ਵਜ੍ਹਾ ਉਹ ਆਪਣੀ ਦ੍ਰਿਸ਼ਟੀ ਵਿਚ ਆਏ ਫੈਲਾਅ ਨੂੰ ਮੰਨਦਾ ਹੈ ਹੈ। ਉਸ ਦਾ ਕਹਿਣਾ ਹੈ ਕਿ ਰੇਡੀਓ ਦੀ ਨੌਕਰੀ ਮਿਲਣ ਉਪਰੰਤ ਉਸ ਨੂੰ ਦੇਸ਼ ਭਰ ਦੇ ਸਾਹਿਤਕਾਰਾਂ ਤੇ ਕਲਾਕਾਰਾਂ ਨਾਲ ਮਿਲਣ ਦਾ ਮੌਕਾ ਮਿਲਿਆ, ਜਿਸ ਨਾਲ ਉਸ ਦਾ ਸ਼ਖ਼ਸੀ ਵਿਕਾਸ ਹੋਇਆ। ਕਰਤਾਰ ਸਿੰਘ ਦੁੱਗਲ ਕਾਵਿ-ਸ਼ੈਲੀ ਪੱਖੋਂ ਪ੍ਰੋ. ਮੋਹਨ ਸਿੰਘ ਦਾ ਪ੍ਰਭਾਵ ਕਬੂਲਦਾ ਹੈ ਤੇ ਕਾਵਿ-ਦ੍ਰਿਸ਼ਟੀ ਪੱਖੋਂ ਫਰਾਇਡ ਦਾ। ਉਹ ਲਿਖਦਾ ਹੈ, " ਸਾਡੀ ਪੀੜ੍ਹੀ ਉੱਤੇ ਇਹ ਫ਼ਤਵਾ ਲਾਇਆ ਜਾਂਦਾ ਹੈ ਕਿ ਅਸੀਂ ਫਰਾਇਡ ਤੇ ਮਾਰਕਸ ਦੇ ਪਰਛਾਵੇਂ ਦੇ ਜੰਮਪਲ ਹਾਂ। ਮੈਂ ਇਸ ਨੂੰ ਸਿਰ ਮੱਥੇ ਮੰਨਦਾ ਹਾਂ ਤੇ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਮਾਰਕਸ ਤੋਂ ਕਿਤੇ ਵਧੇਰੇ ਮੈਂ ਫਰਾਇਡ ਦਾ ਅਨੁਯਾਈ ਰਿਹਾ। ਇਸ ਵਿਚ ਮੇਰੀ ਉਮਰ ਦਾ ਤਕਾਜ਼ਾ ਸੀ। ਜਵਾਨੀ ਦੀ ਮੁਹਾਠ 'ਤੇ ਖਲੋਤਾ ਮੈਨੂੰ ਦੁਨੀਆ ਅੱਗੇ ਪਿੱਛੇ ਸੁੱਤ ਉਨੀਂਦੇ ਖ਼ੁਮਾਰ ਵਿਚ ਸਮੋਈ ਹੋਈ ਲੱਗਦੀ ਸੀ।" 4 ਉਹ ਅਗਾਂਹ ਲਿਖਦਾ ਹੈ ਕਿ ਅੰਮ੍ਰਿਤਾ ਪ੍ਰੀਤਮ ਹੋਰ ਤਰ੍ਹਾਂ ਦੀ ਖੁੱਲ੍ਹ ਲੈਂਦੀ ਹੈ ਪਰ ਉਹ ਗੁਸਤਾਖ਼ੀ ਦੀ ਹੱਦ ਖੁੱਲ੍ਹਾਂ ਲੈਂਦਾ ਕਵਿਤਾ ਰਚਦਾ ਜਿਨ੍ਹਾਂ ਵਿਚ 'ਕਿਸ ਤਰ੍ਹਾਂ ਦੇ ਲੋਕ ?', 'ਹੁਣ ਆਵੇਗੀ', 'ਸਾਂਭ ਸਾਂਭ ਕੇ ਰੱਖ', 'ਅੱਜ ਨਹੀਂ ਥਿੜਕਾਂਗੀ' ਆਦਿ ਸ਼ਾਮਲ ਹਨ। ਦੁੱਗਲ ਦਾ ਕਹਿਣਾ ਹੈ ਕਿ ਹੌਲ਼ੀ ਹੌਲ਼ੀ ਉਸ ਨੇ ਫਰਾਇਡ ਦੇ ਪ੍ਰਭਾਵ ਤੋਂ ਮੁਕਤ ਹੋਣਾ ਸ਼ੁਰੂ ਕਰ ਦਿੱਤਾ ਸੀ ਜਿਸ ਦਾ ਪ੍ਰਮਾਣ 'ਹਵਸਾਂ ਦੇ ਭੁੱਖੇ' ਵਿਚ ਮਿਲਦਾ ਹੈ।

ਦੁੱਗਲ ਦੇ ਪਹਿਲੇ ਕਾਵਿ-ਸੰਗ੍ਰਹਿ 'ਕੰਢੇ ਕੰਢੇ' ਦੀਆਂ ਕਵਿਤਾਵਾਂ ਵਿਚ ਸਭਿਆਚਾਰਕ ਵਰਜਨਾਂ ਵਾਲੇ ਸਮਾਜ ਵਿਚ ਮਨੁੱਖ ਦੀ ਪ੍ਰਕ੍ਰਿਤਕ ਕਾਮ-ਭੁੱਖ ਦਾ ਸੁਹਜਾਤਮਕ ਚਿਤਰਨ ਪ੍ਰਮੁੱਖ ਹੈ। ਉਸ ਦਾ ਕਾਵਿ-ਮੈਂ ਕਦੇ ਇਸਤਰੀ ਰੂਪ ਵਿਚ ਬੋਲਦਾ ਹੈ ਤੇ ਮਰਦ ਰੂਪ ਵਿਚ। ਵਿਰੋਧੀ ਲਿੰਗ ਪ੍ਰਤੀ ਪੈਦਾ ਹੋਏ ਸਹਿਤ ਆਕਰਸ਼ਨ ਨੂੰ ਸੁਹਜਮਈ ਕਾਵਿ-ਸ਼ੈਲੀ ਵਿਚ ਬਿਆਨ ਕਰਦਾ ਹੈ।

ਕਿਤਨੀ ਪਈ ਮਿੱਠੀ ਲਗਨੀ ਏਂ, ਕੁੜੀਏ
ਓਸੇ ਵਾਂਗ ਨੇ ਅੱਖੀਆਂ ਤੇਰੀਆਂ
ਨਿਮ੍ਹੀਆਂ ਨਿਮ੍ਹੀਆਂ ਭਖੀਆਂ ਤੇਰੀਆਂ
ਤੂੰ ਓਸੇ ਵਾਂਗੂ ਮਘਨੀ ਏਂ ਕੁੜੀਏ
ਕਿਤਨੀ ਪਈ ਮਿੱਠੀ ਲਗਨੀ ਏਂ, ਕੁੜੀਏ5

'ਕੰਢੇ ਕੰਢੇ' ਵਿਚਲੇ ਕਾਵਿ-ਸਰੋਕਾਰ, ਦੁੱਗਲ ਦੇ ਦੂਜੇ ਕਾਵਿ-ਸੰਗ੍ਰਹਿ 'ਬੰਦ ਦਰਵਾਜ਼ੇ' ਵਿਚ ਵੀ ਫੈਲਦੇ ਹਨ। ਦੁੱਗਲ ਔਰਤ-ਮਰਦ ਦੇ ਰਿਸ਼ਤੇ ਵਿਚਲੀ ਕਾਮ-ਖੁੱਲ੍ਹ ਨੂੰ ਜਸ਼ਨਾਵੀਂ ਅੰਦਾਜ਼ ਵਿਚ ਵੀ ਪੇਸ਼ ਕਰਦਾ ਹੈ ਪਰ ਕਦੇ ਕਦੇ ਔਰਤ ਨੂੰ ਸੰਜਮ ਦਾ ਪਾਠ ਪੜ੍ਹਾਉਣ ਵਾਲੀ ਪਿਤਰਕੀ ਭਾਸ਼ਾ ਦਾ ਸ਼ਿਕਾਰ ਹੋ ਜਾਂਦਾ ਹੈ ਜਿਸ ਕਰਕੇ ਉਸ ਦਾ ਫਿਊਡਲ ਅਵਚੇਤਨ ਅਗਰਭੂਮਿਤ ਹੋਣ ਲੱਗਦਾ ਹੈ। 'ਸਾਂਭ ਸਾਂਭ ਕੇ ਰੱਖ' ਕਵਿਤਾ ਵਿਚਲੀਆਂ ਹੇਠ ਦਿੱਤੀਆਂ ਕਾਵਿ-ਸਤਰਾਂ ਇਸੇ ਗੱਲ ਦੀ ਗਵਾਹੀ ਭਰਦੀਆਂ ਹਨ:

ਸਾਂਭ ਸਾਂਭ ਕੇ ਰੱਖ !
ਇਨ੍ਹਾਂ ਬੁੱਲ੍ਹੀਆਂ ਨੂੰ
ਇਨ੍ਹਾਂ ਬਾਹਵਾਂ ਨੂੰ
ਇਸ ਬੁੱਤ ਨੂੰ
ਕਿਸੇ ਕਿਸਮਤ ਵਾਲੇ ਦੇ ਹਵਾਲੇ ਤੂੰ ਹੋਣੈਂ।
ਸਾਂਭ ਸਾਂਭ ਕੇ ਰੱਖ!
ਮੇਰਾ ਮਤਲਬ ਹੈ
ਜਿਤਨੀ ਘਟ ਹੰਢੀ ਹੋਈ
ਜਿਤਨੀ ਘੱਟ ਵਰਤੀ ਹੋਈ
ਹੋਵੇਂਗੀ ਤੂੰ
ਸ਼ਰਾਬ ਦੀਆਂ
ਨਿਚੁੜ ਰਹੀਆਂ
ਬੁੱਲ੍ਹੀਆਂ ਨਾਲ
ਉਤਨਾ ਹੀ ਜ਼ਿਆਦਾ ਤੂੰ ਨਿਭਣੈਂ ।
ਉਤਨਾ ਹੀ ਜ਼ਿਆਦਾ ਤੂੰ ਚਲਣੈਂ ।6

ਇਕ ਪਾਸੇ ਤਾਂ ਉਹ ਔਰਤ ਨੂੰ ਸੰਜਮ ਵਿਚ ਰਹਿਣ ਦੀਆਂ ਹਿਦਾਇਤਾਂ ਦਿੰਦਾ ਹੈ ਤੇ ਦੂਸਰੇ ਪਾਸੇ ਉਸ ਦੀ ਕਵਿਤਾ ਵਿਚਲੀ ਕਾਵਿ-ਇਸਤਰੀ, ਸਾਰੀਆਂ ਸਭਿਆਚਾਰਕ ਵਰਜਨਾਵਾਂ ਨੂੰ ਤੱਜ ਕੇ ਕਾਮ-ਖੁੱਲ੍ਹ ਨੂੰ ਮਾਨਣ ਲਈ ਮਾਨਸਿਕ ਪੱਖੋਂ ਤਿਆਰ ਬਰ ਤਿਆਰ ਖੜੀ ਦਿਸਦੀ ਹੈ।

ਵਰਜਨਾ ਨੂੰ ਮਾਨਣ ਲਈ ਮਰਦ ਨੂੰ ਕਿਤੇ ਕੋਈ ਹਿਦਾਇਤਾਂ ਨਹੀਂ। ਇਸ ਕਰਕੇ ਉਸ ਦੀ ਕਵਿਤਾ ਅੰਤਰ-ਵਿਰੋਧਾਂ ਦਾ ਸ਼ਿਕਾਰ ਹੋਣ ਲੱਗਦੀ ਹੈ ਜੋ ਇਕੋ ਵੇਲੇ ਖੁੱਲ੍ਹ ਤੇ ਬੰਦਿਸ਼ਾਂ ਦੀ ਗੱਲ ਕਰਦੀ ਹੈ।

ਅੱਜ ਨਹੀਂ ਥਿੜਕਾਂਗੀ
ਕੋਈ ਭੁੱਖ ਜਿਹੀ ਇਕ
ਵਸੀ ਹੋਈ ਹੈ
ਮੇਰੇ ਅੰਗ ਅੰਗ ਵਿਚ
ਪੋਟੇ ਪੋਟੇ ਵਿਚ। 7

ਬੜਾ ਸੁਆਦ ਹੈ
ਕਿਸੇ ਪਰਾਈ ਔਰਤ ਨਾਲ ਹੱਸ ਹੱਸ ਕੇ ਗੱਲਾਂ ਕਰਨਾ
ਬੜਾ ਸੁਆਦ !
ਕਿਸੇ ਹੋਰ ਦੀ ਬੀਵੀ ਕੋਲ ਢੁਕ ਢੁਕ ਬਹਿਣਾ
ਔਖੇ ਪਏ ਹੋਣਾ
ਸੌ ਸੌ ਨਾਜ਼ਾਂ ਨੂੰ ਸਹਿਣਾ
ਲੱਖ ਨਖਰੇ ਪਏ ਝਲਣਾ
ਬੜਾ ਸੁਆਦ ਹੈ ! 8

'ਕੰਢੇ ਕੰਢੇ' ਤੇ 'ਬੰਦ ਦਰਵਾਜ਼ੇ' ਵਿਚ ਕੁਝ ਕਵਿਤਾਵਾਂ ਉਹ ਵੀ ਹਨ ਜੋ ਉਸ ਨੇ ਪ੍ਰਗਤੀਵਾਦ ਦੇ ਪ੍ਰਭਾਵ ਹੇਠ ਸਿਰਜੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਉਹ ਕਿਰਸਾਨ ਨੂੰ ਮੁਖ਼ਾਤਬ ਹੋ ਕੇ, ਹਥਿਆਰਬੰਦ ਹੋ ਕੇ ਸੰਘਰਸ਼ ਕਰਨ ਲਈ ਕਹਿੰਦਾ ਹੈ ਪਰ ਇਹ ਕਾਵਿ-ਸਰੋਕਾਰ ਉਸ ਦੀ ਕਵਿਤਾ ਦਾ ਉਘੜਵਾਂ ਸਰੋਕਾਰ ਨਹੀਂ ਬਣਦਾ ਹੈ।

ਇਹਨਾਂ ਹਥਿਆਰਾਂ ਨੂੰ ਤੂੰ ਕਦੀ ਚੰਡਾਵੇਂਗਾ ?
ਥੱਕਿਆ ਨਹੀਂ ਝੁਕ ਝੁਕ ਕੇ, ਸਿਰ ਕਦੇ ਉਠਾਵੇਂਗਾ ?
ਤੇਰੇ ਲਈ ਖਲੋਤੀ ਏ, ਦੁਨੀਆ ਪਲਟਾਵੇਂਗਾ ?9

ਕੁਝ ਇਕ ਕਵਿਤਾਵਾਂ ਦੇਸ਼-ਵੰਡ ਦਾ ਸੰਬੰਧਿਤ ਹਨ ਜਿਨ੍ਹਾਂ ਵਿਚ ਉਹ ਆਪਣੀ ਮਾਤ ਭੂਮੀ 'ਪੋਠੋਹਾਰ' ਦੀਆਂ ਸਿਮਰਤੀਆਂ ਦਾ ਜ਼ਿਕਰ ਕਰਦਾ ਹੈ। 1947 ਵਿਚ ਪੰਜਾਬੀਆਂ ਵਿਚ ਹੋਈ ਭਰਾ ਮਾਰ ਲੜਾਈ 'ਤੇ ਸਵਾਲ ਖੜੇ ਕਰਦਾ ਹੈ। ਇਹ ਥੀਮ ਉਸ ਦੀ ਬਾਅਦ ਵਾਲੀ ਕਵਿਤਾ ਵਿਚ ਵੀ ਫ਼ੈਲਦਾ ਹੈ।

1959 ਵਿਚ ਪ੍ਰਕਾਸ਼ਿਤ ਕਾਵਿ-ਪੁਸਤਕ 'ਬੰਦ ਦਰਵਾਜ਼ੇ' ਤੋਂ ਕਰੀਬਨ ਚਾਲੀ ਸਾਲਾਂ

ਬਾਅਦ ਉਸ ਦਾ ਤੀਜਾ ਕਾਵਿ-ਸੰਗ੍ਰਹਿ 'ਵੀਹਵੀਂ ਸਦੀ ਤੇ ਹੋਰ ਕਵਿਤਾਵਾਂ' ਪ੍ਰਕਾਸ਼ਿਤ ਹੁੰਦਾ ਹੈ ਜਿਸ ਵਿਚ ਖ਼ਾਸ ਤੌਰ 'ਤੇ 1980ਵਿਆਂ ਦੇ ਦਹਾਕੇ ਵਿਚ ਹਰਮਿੰਦਰ ਸਾਹਿਬ ਉੱਤੇ ਫ਼ੌਜੀ ਕਾਰਵਾਈ ਅਤੇ ਪੰਜਾਬ ਵਿਚ ਚਲੀ ਸਿੱਖ ਖਾੜਕੂਵਾਦ ਦੀ ਲਹਿਰ ਨਾਲ ਸੰਬੰਧਿਤ ਕਵਿਤਾਵਾਂ ਹਨ। ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਸਮਾਜਕ ਯਥਾਰਥ ਨਾਲ ਪ੍ਰਸ਼ਨਾਤਮਕ ਲਹਿਜੇ ਵਿਚ ਸੰਵਾਦ ਰਚਾਉਂਦੀਆਂ ਹਨ। ਵਿਅਕਤੀਗਤ ਕਾਮਨਾ ਦੀ ਥਾਂ ਸਮਾਜਕ ਯਥਾਰਥ ਪ੍ਰਾਥਮਿਕਤਾ ਗ੍ਰਹਿਣ ਕਰ ਲੈਂਦਾ ਹੈ। ਵਸਤੂ ਯਥਾਰਥ ਵਿਚ ਪਸਰਿਆ ਅੰਧਕਾਰ, ਉਸ ਦਾ ਕਾਵਿ-ਵਸਤੂ ਬਣਦਾ ਹੈ। ਵੀਹਵੀਂ ਸਦੀ ਦੇ ਅਮਾਨਵੀ ਸਰੂਪ ਦਾ ਚਿਤਰਨ ਕਰਦਿਆਂ ਲਿਖਦਾ ਹੈ:

ਉਹ ਜਾ ਰਹੀ ਏ
ਇਹਦੇ ਪੋਟੇ ਰੰਗੇ ਨੇ।
ਇਹਦੇ ਪੌਂਚੇ ਲਿਬੜੇ ਨੇ
ਇਹਦਾ ਨਹੁੰ ਨਹੁੰ ਰੱਤਾ ਹੈ।
ਇਹ ਰੱਤ ਦੀ ਗਿੱਝੀ ਹੈ।
ਪਈ ਖੇਡੇ ਰੱਤ ਦੇ ਨਾਲ।
ਜਿਵੇਂ ਉਡਦਾ ਪਿਆ ਗੁਲਾਲ।10

1984 ਵਿਚ ਹਰਮਿੰਦਰ ਸਾਹਿਬ ਉਤੇ ਫ਼ੌਜੀ ਕਾਰਵਾਈ ਪ੍ਰਤੀ ਰੋਸ ਪ੍ਰਗਟਾਉਂਦਾ ਉਹ ਲਿਖਦਾ ਹੈ:

ਬੰਬਾਂ ਨੇ ਵਰਸ਼ਾ ਕੀਤੀ
ਮੇਰੇ ਸੁੱਚੇ ਗੁਰ ਦੇ ਘਰ ਨੂੰ ਢਾਹਿਆ
ਤੈਂ ਕੀ ਦਰਦ ਨਾ ਆਇਆ ? 11

ਅੱਸੀਵਿਆਂ ਦੇ ਦਹਾਕੇ ਵਿਚ ਸਿੱਖ ਪਛਾਣ ਨੂੰ ਦਰਪੇਸ਼ ਸੰਕਟ ਨੂੰ ਉਹ 'ਇਹ ਸਿੱਖ ਕੌਣ ਨੇਂ' ਕਵਿਤਾ ਵਿਚ ਚਿਤਰਦਾ ਹੈ। ਇਸ ਕਵਿਤਾ ਵਿਚ ਕਾਵਿ-ਮੈਂ ਦੀ ਅਮਰੀਕਾ ਵਿਚ ਜੰਮੀ, ਪਲੀ ਤੇ ਉਥੇ ਹੀ ਪੜ੍ਹਦੀ ਨਵਾਸੀ ਏਧਰ ਰਹਿੰਦੇ ਆਪਣੇ ਨਾਨੇ ਨੂੰ ਚਿਠੀ ਲਿਖ ਕੇ ਪੁੱਛਦੀ ਹੈ ਕਿ ਬਦੋਸ਼ਿਆਂ ਨੂੰ ਮਾਰਨ ਵਾਲੇ ਸਿੱਖ ਕੌਣ ਹਨ ਕਿਉਂਕਿ ਉਸ ਦੀਆਂ ਜਮਾਤਣਾਂ ਉਸ ਨੂੰ ਸਵਾਲ ਕਰਕੇ ਪੁੱਛਦੀਆਂ ਹਨ। ਇਹ ਕਵਿਤਾ ਇਸ ਗੱਲ ਨੂੰ ਉਭਾਰਦੀ ਹੈ ਕਿ ਕਿਵੇਂ ਕੁਝ ਬੰਦਿਆਂ ਕਾਰਨ ਸਮੁੱਚੀ ਕੌਮ ਦੀ ਪਛਾਣ 'ਤੇ ਸਵਾਲੀਆ ਚਿੰਨ੍ਹ ਲਗਣੇ ਸ਼ੁਰੂ ਹੋ ਜਾਂਦੇ ਹਨ।

ਮੈਂ ਮੁੜ ਮੁੜ ਕਹਿੰਦੀ ਹਾਂ
ਮੈਂ ਸਿੱਖ ਹਾਂ, ਮੇਰੀ ਮਾਂ ਸਿੱਖ ਹੈ
ਇਤਬਾਰ ਇਨ੍ਹਾਂ ਨੂੰ ਆਂਦਾ ਨਹੀਂ।
'ਤੂੰ ਸਿੱਖ ਕਿਵੇਂ ਹੋ ਸਕਦੀ ਏਂ ।
ਤੂੰ ਨਾ ਕਿਸੇ ਨਾਲ ਲੜਦੀ ਏਂ

ਨਾ ਮੰਦਾ ਕਿਸੇ ਨੂੰ ਕਹਿੰਦੀ ਏਂ
ਤੂੰ ਸਿੱਖ ਕਿਵੇਂ ਹੋ ਸਕਦੀ ਏ
ਤੂੰ ਹਰਗਿਜ਼ ਸਿੱਖ ਨਹੀਂ ।"
"ਨਾਨਾ ! ਇਹ ਦੱਸੋ ਇਹਨਾਂ ਨੂੰ
ਹੁਣ ਕਿੰਜ ਆਖਰ ਸਮਝਾਏ ਕੋਈ ?" 12

'ਵੀਹਵੀਂ ਸਦੀ ਤੇ ਹੋਰ ਕਵਿਤਾਵਾਂ' ਕਾਵਿ-ਸੰਗ੍ਰਹਿ ਤੋਂ ਬਾਅਦ ਦੁੱਗਲ ਦੀ ਕਵਿਤਾ ਉਸ ਦੀ ਪਹਿਲੀ ਕਵਿਤਾ ਨਾਲੋਂ ਪੂਰੀ ਤਰ੍ਹਾਂ ਵਿਥ ਥਾਪਦੀ ਨਜ਼ਰ ਆਉਂਦੀ ਹੈ। ਉਸ ਦੀ ਮੁੱਢਲੀ ਕਵਿਤਾ ਫਰਾਇਡ ਜਾਂ ਮਨੋਵਿਗਿਆਨਕ ਯਥਾਰਵਾਦ ਤੋਂ ਪ੍ਰੇਰਿਤ ਸੀ ਜਦ ਕਿ ਅੰਤਲੇ ਪੜਾਅ ਦੀ ਕਵਿਤਾ ਗੁਰਬਾਣੀ ਸ਼ਬਦ ਸੰਸਾਰ ਨੂੰ ਆਪਣੀ ਟੇਕ ਬਣਾਉਂਦੀ ਹੈ। ਉਸ ਦੀ ਕਾਵਿ-ਵਸਤੂ, ਕਾਵਿ-ਭਾਸ਼ਾ ਤੇ ਦ੍ਰਿਸ਼ਟੀ ਵਿਚ ਇਕ ਬਦਲਾਅ, ਪ੍ਰਤੱਖ ਨਜ਼ਰ ਆਉਂਦਾ ਹੈ। ਪਹਿਲੀ ਕਵਿਤਾ ਵਿਚਲਾ ਕਾਵਿ-ਸੁਹਜ,ਅਖੀਰਲੇ ਪੜਾਅ ਦੀ ਕਵਿਤਾ ਵਿਚੋਂ ਗ਼ਾਇਬ ਨਜ਼ਰ ਆਉਂਦਾ ਹੈ। ਬਾਅਦ ਵਾਲੀ ਕਵਿਤਾ ਵਿੱਚੋਂ ਨਾ ਤਾਂ ਪੋਠੋਹਾਰੀ ਭਾਸ਼ਾ ਦਾ ਸੁਹੱਪਣ ਨਜ਼ਰ ਆਉਂਦਾ ਹੈ ਤੇ ਨਾ ਹੀ ਰਮਜ਼ਮਈ ਕਾਵਿ-ਅੰਦਾਜ਼। ਉਸ ਦੀ ਭਾਸ਼ਾ ਸਿੱਧੀ ਸਪਾਟ ਤੇ ਸਰਲ ਹੋ ਜਾਂਦੀ ਹੈ। ਪਹਿਲੇ ਦੌਰ ਦੀ ਕਵਿਤਾ ਵਿਚ ਉਹ ਇਕ ਪਰਿਪੱਕ ਕਵੀ ਲਗਦਾ ਹੈ ਜਦ ਕਿ ਦੂਜੇ ਪੜਾਅ ਦੀ ਕਵਿਤਾ ਵਿਚ ਇਕ ਸਿਖਾਂਦਰੂ ਕਵੀ ਵਜੋਂ ਨਜ਼ਰ ਆਉਂਦਾ ਹੈ ਜੋ ਸਰਲ ਸਪਾਟ ਸਤਰਾਂ ਦੀ ਤੁਕਾਂਤਬੰਦੀ ਕਰ ਰਿਹਾ ਹੋਵੇ।

ਦੁੱਗਲ ਦੇ ਦੂਸਰੇ ਜਾਂ ਅਖੀਰੀ ਪੜਾਅ ਦੀ ਕਵਿਤਾ ਦਾ ਆਰੰਭ 2001 ਵਿਚ ਪ੍ਰਕਾਸ਼ਿਤ 'ਪਾਪ ਪੁੰਨ ਹਮਰੇ ਵਸ ਨਾਹਿ' ਕਾਵਿ-ਪੁਸਤਕ ਨਾਲ ਹੁੰਦਾ ਹੈ ਅਤੇ 2001 ਤੋਂ 2010 ਦੇ ਦਰਮਿਆਨ ਉਸ ਦੇ ਨੌਂ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੁੰਦੇ ਹਨ ਜਿਨ੍ਹਾਂ ਵਿਚ 'ਪਾਪ-ਪੁੰਨ ਹਮਰੇ ਵਸ ਨਾਹਿ', 'ਖੰਭ ਵਿਕਾਂਦੜੇ ਜੇ ਲਹਾਂ', 'ਜਨਮ ਸਾਖੀ', 'ਕਿਉ ਛੂਟਹਿ ਬਿਨੁ ਪਿਆਰ', 'ਸਿਫ਼ਤ ਸਲਾਹ', 'ਤਾਂ ਮੈਂ ਕਹਿਆ ਕਹਿਣ', 'ਸਗਲ ਭਵਨ ਕੇ ਨਾਇਕਾ !', 'ਮੇਰੀ ਜਿੰਦੜੀਏ' ਆਦਿ ਸ਼ਾਮਲ ਹਨ। ਇਨ੍ਹਾਂ ਕਿਤਾਬਾਂ ਦੇ ਨਾਮ ਅਤੇ ਜ਼ਿਆਦਾਤਰ ਕਵਿਤਾਵਾਂ ਦੇ ਸਿਰਲੇਖ ਗੁਰਬਾਣੀ ਦੀ ਕਿਸੇ ਤੁਕ ਉਪਰ ਰੱਖੇ ਗਏ ਹਨ। ਪਿਛਲੇਰੇ ਦੌਰ ਦੀ ਇਸ ਕਾਵਿ-ਸਿਰਜਣਾ ਬਾਰੇ ਗੱਲ ਕਰਦਿਆਂ, 'ਤਾਂ ਮੈਂ ਕਹਿਆ ਕਹਿਣ' ਕਾਵਿ-ਸੰਗ੍ਰਹਿ ਦੀ ਭੂਮਿਕਾ ਵਿਚ ਦੁੱਗਲ ਲਿਖਦਾ ਹੈ, "ਮੇਰੀ ਸੱਧਰ ਹੈ ਅਜੋਕੇ ਪਾਠਕ ਨੂੰ ਸਿੱਖ ਗੁਰੂ ਸਾਹਿਬਾਨ ਦੀ ਮਹਾਨ ਬਾਣੀ ਦੀ ਪਰੰਪਰਾ ਨਾਲ ਜੋੜਿਆ ਜਾਵੇ, ਉਸ ਦੀ ਸ਼ੈਲੀ, ਉਸ ਦੇ ਮੁਹਾਵਰੇ ਨੂੰ ਉਜਾਗਰ ਕੀਤਾ ਜਾਵੇ। ਇਸ ਸਾਡੀ ਮਹਾਨ ਵਿਰਾਸਤ ਦਾ ਕੀਰਤਨ ਕੀਤਾ ਜਾਵੇ।" 13 ਦੁੱਗਲ ਦਾ ਵਿਚਾਰ ਹੈ ਕਿ ਗੁਰਬਾਣੀ ਤੋਂ ਦੂਰ ਪੰਜਾਬੀ ਸਾਹਿਤ ਮੰਦਭਾਗਾ ਹੈ, ਪੰਜਾਬੀ ਕਾਵਿ-ਨਿਗੂਣਾ ਹੈ। ਇਕ ਸਾਹਿਤਕਾਰ ਦੇ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਅਦਭੁੱਤਤਾ ਦਾ ਅਹਿਸਾਸ ਨੂੰ ਮਹਿਸੂਸ ਕਰਦਿਆਂ, ਉਹ ਗੁਰੂ ਗ੍ਰੰਥ ਦੀ ਦੀ ਵਿਰਾਸਤ ਤੋਂ ਵਾਂਝੇ ਹੋਣ ਦਾ ਇਕ ਕਾਰਨ 'ਅਗਾਂਹਵਧੂ' ਰੁਚੀ ਨੂੰ ਮੰਨਦਾ ਹੈ ਤੇ ਦੂਸਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਦੁਆਰੇ ਦੇ ਗ੍ਰੰਥੀਆਂ ਦੇ ਹਵਾਲੇ ਕਰਕੇ ਬੇਨਿਆਜ਼ ਹੋ ਜਾਣ ਨੂੰ।

ਆਖਰੀ ਪੜਾਅ ਦੀ ਕਵਿਤਾ ਵਿਚ ਉਹ ਅੰਤਰ-ਮੁਖੀ ਹੋਣ ਲਗਦਾ ਹੈ। ਬੀਤੇ ਜੀਵਨ

ਉਤੇ ਪੜਚੋਲਵੀਂ ਨਜ਼ਰ ਮਾਰਦਾ ਹੈ। ਜੀਵਨ ਦੇ ਸੱਚ ਨੂੰ ਸਮਝਣ ਸਮਝਾਉਣ ਲਈ ਗੁਰਬਾਣੀ ਦੀਆਂ ਤੁਕਾਂ ਦਾ ਸਹਾਰਾ ਲੈਂਦਾ ਹੈ। ਆਖਰੀ ਪੜਾਅ ਦੀ ਕਵਿਤਾ ਵਿਚ ਸਵੈ-ਪੜਚੋਲ ਨਾਲ ਨਾਲ ਕਿਤੇ ਕਿਤੇ ਅਪਰਾਧ-ਬੋਧ ਦਾ ਅਹਿਸਾਸ ਵੀ ਜਾਂਗਦਾ ਹੈ। ਉਦਾਸੀ, ਇਕੱਲਤਾ, ਬੇਬਸੀ ਦਾ ਇਕ ਆਲਮ ਝਲਕਦਾ ਹੈ।

ਇਕ ਇਕ ਕਰਕੇ ਤੁਰ ਗਏ ਸਾਰੇ
ਆਪਣੇ ਅਤੇ ਪਰਾਏ
ਏਕਲੜੀ ਬਨ ਮਾਹੇ। 14

ਤੀਰਥ ਨਾਵਣ
ਅਰਚਾ ਪੂਜਾ
ਡੰਡੋਤ ਬੰਧਨਾ
ਕਰ ਕਰ ਹਾਰੀ
ਕਾਇਆ ਕਾਮਣ ਬਹੁਤ ਉਦਾਸ ਹੈ। 15

ਜੀਵਨ ਇਕ ਮਜ਼ਾਕ ਵਾਂਗਰਾ
ਕੁਝ ਬੇਥਵਾ ਕੁਝ ਬੇਤੁਕਾ।
ਨਾ ਕੋਈ ਇਸ ਦਾ ਅੱਗਾ ਜਾਣੇ.
ਨਾ ਕੋਈ ਇਸ ਦਾ ਪਿੱਛਾ ਉੱਕਾ।
ਫਸਲੀ ਜਾਲ 'ਚ ਕੋਈ ਬਟੇਰਾ।
ਅਬ ਕੀ ਬਾਰ ਬਖਸਿ ਬੰਦੇ ਕਉ
ਬਹੁਰਿ ਨਾ ਭਉਜਲਿ ਫਿਰਾ। 16

'ਜਨਮ ਸਾਖੀ' ਵਿਚ ਉਸ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਭ ਗੁਰੂ ਸਾਹਿਬਾਨ ਦੇ ਜੀਵਨ ਦਾ ਕਾਵਿ-ਬਿਰਤਾਂਤ ਉਸਾਰਿਆ ਹੈ। 'ਸਗਲ ਭਵਨ ਕੇ ਨਾਇਕਾ!'' ਨੂੰ ਸਤਿਪੁਰਖ ਸੰਗ ਸੰਵਾਦ ਦਾ ਨਾਂ ਦਿੰਦਾ ਹੈ। 'ਮੇਰੀ ਜਿੰਦੜੀਏ' ਕਾਵਿ-ਪੁਸਤਕ ਵਿਚ ਸਵੈ-ਜੀਵਨੀਮੂਲਕ ਵੇਰਵਿਆਂ ਰਾਹੀਂ ਉਹ ਸਵੈ ਨੂੰ ਪ੍ਰਸ਼ਨਾਤਮਕ ਹੁੰਦਾ ਹੈ। ਉਸ ਦਾ ਕਾਵਿ-ਮੈਂ ਬਿਰਧ ਬਿੰਦੂ 'ਤੇ ਖਲੋ ਕੇ ਬੀਤੇ 'ਤੇ ਨਜ਼ਰ ਮਾਰਦਿਆਂ ਸਵੈ-ਪੜਚੋਲ ਕਰਦਾ ਨਜ਼ਰ ਆਉਂਦਾ ਹੈ। ਇਸ ਪੁਸਤਕ ਨੂੰ ਉਹ ਸਵੈ ਨਾਲ ਸੰਵਾਦ ਦਾ ਨਾਂ ਦਿੰਦਾ ਹੈ।

ਗੁਰਮੁਖ ਮਾਂ ਪਿਓ ਦਾ ਜਾਇਆ
ਖਾਲਸਾ ਸਕੂਲੇ ਗਿਆ ਪੜ੍ਹਨੇ ਪਾਇਆ

ਨਿਤਨੇਮ ਨਾ ਕਦੀ ਘੁਸਾਇਆ।
ਸ਼ਾਮ ਸਵੇਰੇ ਗੁਰੂਦੁਆਰੇ ਧਾਇਆ।
ਬਾਣੀ ਪੜ੍ਹਦਿਆਂ ਨਾਮ ਕਮਾਇਆ।
ਸਤਿਨਾਮ ਦਾ ਜਾਪ ਕਮਾਇਆ।
ਕੁਕਰਮ ਤੋਂ ਫਿਰ ਵੀ ਬਚ ਨਹੀਂ ਪਾਇਆ।
ਗਿਆ ਗ਼ਲਤ ਗਲੀ ਅਣਚਾਹਿਆ।
ਆਪਣੀ ਕਰਨੀ ਤੇ ਡਾਢਾ ਸ਼ਰਮਾਇਆ।
ਕੁਜ ਨਹੀਂ ਮੇਰੀ ਸਮਝ ਵਿਚ ਆਇਆ
ਮੇਰੀ ਜਿੰਦੜੀਏ
" ਸੋ ਭੂਲਾ ਜੋ ਪ੍ਰਭੂ ਭੁਲਾਇਆ।" 17

ਦੇਸ਼ ਵੰਡ ਖ਼ਾਸ ਕਰਕੇ, ਭਾਈਚਾਰਕ ਸਾਂਝ ਦੇ ਤਿੜਕਣ ਤੇ ਪੋਠੋਹਾਰ ਦੇ ਖੁਸ ਜਾਣ ਦਾ ਜ਼ਿਕਰ ਉਸ ਦੀ ਬਾਅਦ ਵਾਲੀ ਕਵਿਤਾ ਵਿਚ ਵੀ ਵਾਰ ਵਾਰ ਆਉਂਦਾ ਹੈ। 'ਪੋਠੋਹਾਰ' ਅਤੀਤ ਦੀ ਇਕ ਖ਼ੂਬਸੂਰਤ ਸਿਮਰਤੀ ਬਣਕੇ ਉਸ ਦੇ ਅੰਦਰ ਬੈਠਾ ਹੋਇਆ ਹੈ। ਉਹ ਪੁਰਾਣੀ ਸਭਿਆਚਾਰਕ ਸਾਂਝ ਦੇ ਟੁੱਟ ਜਾਣ ਦਾ ਦੁੱਖ ਮਨਾਉਂਦਾ ਹੈ, ਆਪਣੀ ਜੰਮਣ ਭੋਇੰ 'ਪੋਠੋਹਾਰ' ਦੇ ਸਹੱਪਣ ਨੂੰ ਵਾਰ ਵਾਰ ਚੇਤੇ ਕਰਦਾ ਹੈ।

ਹਮਸਾਏ ਜਿਉਂ ਮਾਂ ਪਿਓ ਜਾਏ
ਹੋ ਗਏ ਕਿਉਂ ਪਰਾਏ
ਜਿਹੜੇ ਬੁੱਲ੍ਹ ਸਨ ਢੋਲੇ ਗਾਂਦੇ
ਨਾਅਰੇ ਲਾਂਦੇ ਆਏ
ਜਿਹੜੇ ਹੱਥ ਸੀ ਪੰਜੇ ਲੈਂਦੇ
ਬੰਬ ਉਨ੍ਹਾਂ ਬਰਸਾਏ
ਕਿਧਰੇ ਨੇਜ਼ੇ, ਕਿਧਰੇ ਬਰਛੇ
ਟੋਕੇ ਕਿਤੋਂ ਲਿਆਏ।
ਕੰਬ ਉੱਠੀ ਪੋਠੋਹਾਰ ਦੀ ਧਰਤੀ
ਲਹੂ ਦੇ ਸੋਹਲੇ ਗਾਏ। 18

ਪਹਿਲੇ ਪੜਾਅ ਦੀ ਕਵਿਤਾ ਵਿਚ ਇਕ ਜੋਸ਼ ਤੇ ਜਜ਼ਬਾ ਨਜ਼ਰ ਆਉਂਦਾ ਹੈ ਜਦ ਕਿ ਦੂਜੇ ਪੜਾਅ ਦੀ ਕਵਿਤਾ ਵਿਚ ਝੋਰਾ ਤੇ ਸਵੈ-ਪੜਚੋਲ ਦੀ ਬਿਰਤੀ ਵੱਧ ਦਿਸਦੀ ਹੈ। ਪਹਿਲੇ ਪੜਾਅ ਦੀ ਕਵਿਤਾ ਵਿਚ ਪੋਠੋਹਾਰੀ ਭਾਸ਼ਾ ਤੇ ਪ੍ਰੋ. ਮੋਹਨ ਸਿੰਘ ਵਰਗੀ ਕਾਵਿ-ਸ਼ੈਲੀ ਦਾ ਜਿਹੜਾ ਜਲੌਅ ਨਜ਼ਰ ਆਉਂਦਾ ਹੈ ਉਹ ਦੂਜੇ ਦੌਰ ਦੀ ਕਵਿਤਾ ਚੋਂ ਅਲੋਪ ਹੋ ਜਾਂਦਾ ਹੈ। ਬਹੁਤ ਥਾਂਈਂ

ਉਸ ਦੀ ਕਵਿਤਾ ਸਪਾਟ ਬਿਆਨੀ ਦਾ ਸ਼ਿਕਾਰ ਹੋ ਜਾਂਦੀ ਤੇ ਕਵਿਤਾ ਸਰਲ ਤੁਕਬੰਦੀ ਬਣ ਕੇ ਰਹਿ ਜਾਂਦੀ ਹੈ। ਪਰ ਕਿਤੇ ਕਿਤੇ ਉਹ ਲੋਕ ਗੀਤਾਂ ਦੀ ਸ਼ੈਲੀ ਦੀ ਵਰਤੋਂ ਕਰਦਾ ਹੈ ਪਰ ਉਸ ਦੀ ਕਾਵਿ-ਵਸਤੂ ਮੱਧਕਾਲੀਨ ਭਾਵ ਬੋਧ ਵਾਲੀ ਹੋ ਜਾਂਦੀ ਹੈ।

ਪੋਲਿਓ ਦੀ ਮੁਹਿੰਮ ਵਿਚ ਐਤਕੀਂ ਦਿੱਲੀ ਸਰਕਾਰ ਦਾ ਹੱਥ ਵਟਾਇਆ।
ਸੜਕ ਦੇ ਕੰਢੇ ਆਟਾ ਟਾਲ ਖਲੋਤੇ, ਸੂਰਮਾਂ ਸਿੰਘ ਦੀ ਬਾਂਹ ਫੜ ਪਾਰ ਕਰਾਇਆ।
ਨਿੰਦਾ ਚੁਗਲੀ ਤੋਂ ਨਾ ਹਟਦਾ, ਮਨ ਅਸਮਝ ਨੂੰ ਮੁੜ ਸਮਝਾਇਆ।
ਚੋਰ ਬਾਜ਼ਾਰੀ ਤੇ ਬੁਰਿਆਈ, ਅਜਿਹੇ ਗੁਆਂਢੀ ਨੂੰ ਮੂੰਹ ਨਹੀਂ ਲਾਇਆ।
ਇਨਕਮ ਟੈਕਸ ਦਾ ਲੇਖਾ ਭਰਿਆ, ਪ੍ਰਾਪਰਟੀ ਟੈਕਸ ਸਿਰ ਸਮੇਂ ਚੁਕਾਇਆ।
ਜੱਸੀ ਜਮਾਂਦਾਰਨੀ ਦੇ ਪੁੱਤ ਪਲੇਠੀ ਨੂੰ, ਸਮਝਾ ਬੁਝਾ ਕੇ ਪੜਨੇ ਪਾਇਆ। 19

ਸੂਹੇ ਵੇ ਚੀਰੇ ਵਾਲਿਆ
ਮੈਂ ਬਾਣੀ ਹਾਂ।
ਲੈ ਗੁਰਾਂ ਦਾ ਨਾਂ
ਮੈਂ ਸਦਕੇ ਜਾਣੀ ਹਾਂ।
ਸੂਹੇ ਵੇ ਚੀਰੇ ਵਾਲਿਆ
ਤੈਂਡੀ ਲੰਮੀ ਉਡਾਰੀ
ਕਰਮਹੀਣ ਧਨ ਕਰੇ ਬਿਨਤੀ
ਕਦ ਨਾਨਕ ਆਵਹੁ ਵਾਰੀ। 20

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਕਰਤਾਰ ਸਿੰਘ ਦੀ ਦੁੱਗਲ ਦੀ ਕਵਿਤਾ ਦੇ ਦੋ ਪੜਾਅ ਹਨ ਜੋ ਕਾਵਿ-ਵਸਤੂ, ਕਾਵਿ-ਭਾਸ਼ਾ ਤੇ ਦ੍ਰਿਸ਼ਟੀ ਪੱਖੋਂ ਇਕ ਦੂਜੇ ਤੋਂ ਬਿਲਕੁਲ ਵੱਖਰੇ ਹਨ। ਪਹਿਲੇ ਪੜਾਅ ਦੀ ਕਵਿਤਾ ਮੁਖ ਤੌਰ 'ਤੇ ਫਰਾਇਡ ਦੇ ਪ੍ਰਭਾਵ ਅਧੀਨ ਸਿਰਜੀ ਗਈ ਹੈ ਤੇ ਜਿਸ ਦਾ ਕਾਵਿ-ਮੈਂ ਕਾਮ ਉਰਜਾ ਨਾਲ ਭਰਪੂਰ ਇਕ ਭਰ ਜੁਆਨ ਵਿਅਕਤੀ ਹੈ। ਦੂਸਰੇ ਦੌਰ ਦੀ ਕਵਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਪ੍ਰਾਪਤ ਕਰਕੇ ਸਿਰਜੀ ਗਈ ਹੈ ਜਿਸ ਦਾ ਕਾਵਿ-ਮੈਂ ਬਿਰਧ ਅਵਸਥਾ ਤੇ ਖਲੋ ਕੇ ਆਪਣੇ ਕੀਤੇ ਕਾਰਜਾਂ ਨੂੰ ਪੜਚੋਲਵੀਂ ਨਜ਼ਰ ਨਾਲ ਵੇਖ ਰਿਹਾ ਹੈ। ਉਸ ਵਿਚ ਜੀਵਨ ਦੀ ਅਰਥਹੀਣਤਾ ਦਾ ਬੋਧ ਭਾਰੂ ਹੈ। ਪਹਿਲੇ ਦੌਰ ਦੀ ਕਵਿਤਾ ਵਿਚ ਪੋਠੋਹਾਰੀ ਭਾਸ਼ਾ ਦੀ ਰੰਗਤ ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਰਗੀ ਰਵਾਨਗੀ ਤੇ ਲੈਅਬੱਧਤਾ ਹੈ ਜਦ ਕਿ ਦੂਸਰੇ ਦੌਰ ਦੀ ਕਵਿਤਾ ਵਿਚ ਸਪਾਟ ਬਿਆਨੀ ਵਾਲੀ ਤੁਕਬੰਦੀ ਭਾਰੂ ਹੋ ਜਾਂਦੀ ਹੈ। ਬੇਸ਼ੱਕ ਦੂਸਰੇ ਦੌਰ ਦੀ ਬਹੁਤੀ ਕਵਿਤਾ, ਕਾਵਿ-ਸੁਹਜ ਵਜੋਂ ਕਵਿਤਾ ਦੇ ਮਿਆਰ 'ਤੇ ਪੂਰੀ ਨਹੀਂ ਉੱਤਰਦੀ ਪਰ ਉਸ ਦੀ ਪਹਿਲੇ ਦੌਰ ਦੀ ਕਵਿਤਾ ਉਸ ਨੂੰ ਇਕ ਪਰਿਪੱਕ ਕਵੀ ਵਜੋਂ ਸਥਾਪਿਤ ਕਰਦੀ ਹੈ।

## ਹਵਾਲੇ


1. ਦਵਿੰਦਰ ਸਤਿਆਰਥੀ, ''ਮੁਖ-ਬੰਧ'', ਕੰਢੇ ਕੰਢੇ, ਕਰਤਾਰ ਸਿੰਘ ਦੁੱਗਲ, ਗੁਰੂ ਨਾਨਕ ਰੇਲਵੇ ਪ੍ਰੈੱਸ, ਲਾਹੌਰ, 1941, ਪੰਨਾ 12
2. ਕਰਤਾਰ ਸਿੰਘ ਦੁੱਗਲ, ''ਮੁਖ ਵਾਕ'' ਵੀਹਵੀਂ ਸਦੀ ਤੇ ਹੋਰ ਕਵਿਤਾਵਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1999, ਪੰਨਾ 9
3. ਉਹੀ, ਪੰਨਾ 12
4. ਉਹੀ, ਪੰਨਾ 15
5. ਉਹੀ, ਪੰਨਾ 28
6. ਕਰਤਾਰ ਸਿੰਘ ਦੁੱਗਲ, ਬੰਦ ਦਰਵਾਜ਼ੇ, ਪੰਨਾ 30
7. ਉਹੀ, ਪੰਨਾ 34
8. ਉਹੀ, ਪੰਨਾ 84
9. ਕਰਤਾਰ ਸਿੰਘ ਦੁੱਗਲ, ਕੰਢੇ ਕੰਢੇ, ਪੰਨਾ 51
10. ਕਰਤਾਰ ਸਿੰਘ ਦੁੱਗਲ, ਵੀਹਵੀਂ ਸਦੀ ਤੇ ਹੋਰ ਕਵਿਤਾਵਾਂ, ਪੰਨੇ 24-25
11. ਉਹੀ, ਪੰਨਾ 93
12. ਉਹੀ, ਪੰਨਾ 97
13. ਕਰਤਾਰ ਸਿੰਘ ਦੁੱਗਲ, ਤਾਂ ਮੈਂ ਕਹਿਆ ਕਹਿਣੁ , ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2008, ਪੰਨਾ 10
14. ਕਰਤਾਰ ਸਿੰਘ ਦੁੱਗਲ, ਏਕਲੜੀ ਬਨ ਮਾਹੇ, ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ, 2006, ਪੰਨਾ 9
15. ਕਰਤਾਰ ਸਿੰਘ ਦੁੱਗਲ, ਪਾਪ ਪੁੰਨ ਹਮਰੇ ਵਸਿ ਨਾਹਿ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2001, ਪੰਨਾ 9
16. ਕਰਤਾਰ ਸਿੰਘ ਦੁੱਗਲ, ਖੰਭ ਵਿਕਾਂਦੜੇ ਜੇ ਲਹਾਂ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2004, ਪੰਨਾ 12
17. ਕਰਤਾਰ ਸਿੰਘ ਦੁੱਗਲ, ਮੇਰੀ ਜਿੰਦੜੀਏ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, ਪੰਨਾ 72
18. ਕਰਤਾਰ ਸਿੰਘ ਦੁੱਗਲ, ਪਾਪ ਪੁੰਨ ਹਮਰੇ ਵਸਿ ਨਾਹਿ, ਪੰਨਾ 15
19. ਕਰਤਾਰ ਸਿੰਘ ਦੁੱਗਲ, ਤਾਂ ਮੈਂ ਕਹਿਆ ਕਹਿਣੁ ,ਪੰਨਾ 48
20. ਕਰਤਾਰ ਸਿੰਘ ਦੁੱਗਲ, ਏਕਲੜੀ ਬਨ ਮਾਹਿ, ਪੰਨਾ 32


□□□

# ਅੰਤਰ-ਧਰਮ ਸੰਵਾਦ : ਸਿੱਧ ਗੋਸਟਿ

*ਡਾ. ਰੰਜੂ ਬਾਲਾ*

ਅਜੋਕਾ ਯੁਗ ਸੰਵਾਦ ਦਾ ਯੁਗ ਹੈ ਪਰ ਅੱਜ ਤੋਂ ਪੰਜ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਧ-ਜੋਗੀਆਂ ਨਾਲ ਸੰਵਾਦ ਰਚਾ ਕੇ 'ਸਿਧ ਗੋਸਟਿ' ਬਾਣੀ ਰਚੀ। ਅਸਲ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਥਾਹ ਸਾਗਰ ਹੈ, ਜਿਸ ਦੀ ਡੂੰਘਾਈ ਤੱਕ ਪੁੱਜਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੈ। ਗੁਰੂ ਨਾਨਕ ਦੇਵ ਜੀ ਕੇਵਲ ਆਪਣੇ ਸਮੇਂ ਦੇ ਹੀ ਮਹਾਨ ਵਿਦਵਾਨ, ਚਿੰਤਕ ਤੇ ਦਾਰਸ਼ਨਿਕ ਨਹੀਂ ਸਨ, ਬਲਕਿ ਅੱਜ ਦੇ ਸਮੇਂ ਵੀ ਉਨ੍ਹਾਂ ਦੀ ਬਾਣੀ ਦੀ ਪ੍ਰਸੰਗਿਕਤਾ/ਸਾਰਥਿਕਤਾ ਕਾਇਮ ਹੈ। ਉਨ੍ਹਾਂ ਨੇ ਉਸ ਸਮੇਂ ਪ੍ਰਚੱਲਿਤ ਹਿੰਦੂ, ਮੁਸਲਮਾਨ ਧਰਮਾਂ ਵਿਚਲੇ ਪਾਖੰਡਾਂ ਦੇ ਨਾਲ-ਨਾਲ ਸਿੱਧਾਂ ਤੇ ਜੋਗੀਆਂ ਦੇ ਕਰਮਕਾਂਡਾਂ ਦੀ ਵੀ ਨਿਖੇਧੀ ਕੀਤੀ। ਉਹਨਾਂ ਨੇ ਸਰਬ-ਸਾਂਝੇ ਧਾਰਮਿਕ ਆਗੂ ਦੇ ਰੂਪ ਵਿਚ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।

'ਸਿਧ ਗੋਸਟਿ' ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਗ ਰਾਮਕਲੀ ਵਿਚ ਰਚਿਤ ਲੰਮੀ ਦਾਰਸ਼ਨਿਕ ਰਚਨਾ ਹੈ। ਇਸ ਦੀਆਂ ਕੁੱਲ 73 ਪਉੜੀਆਂ ਹਨ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 938 ਤੋਂ ਲੈ ਕੇ 946 ਪੰਨੇ ਤੱਕ ਦਰਜ ਹੈ। ਇਸ ਦੀ ਰਚਨਾ ਗੁਰੂ ਜੀ ਨੇ ਕਰਤਾਰਪੁਰ ਵਿਖੇ ਕੀਤੀ ਜੋ ਕਿ ਹੁਣ ਪਾਕਿਸਤਾਨ ਵਿਚ ਸਥਿਤ ਹੈ।

'ਸਿਧ ਗੋਸਟਿ' ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਅਸੀਂ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਸਿੱਧ ਕੌਣ ਸਨ? ਉਹਨਾਂ ਦਾ ਉਪਦੇਸ਼ ਕੀ ਸੀ? ਉਹਨਾਂ ਦੀ ਜੀਵਨ ਜੁਗਤ ਕੀ ਸੀ? ਆਦਿ। ਆਮ ਸਾਧਾਰਨ ਭਾਸ਼ਾ ਵਿਚ ਜੇ ਕਹਿਣਾ ਹੋਵੇ ਤਾਂ 'ਸਿਧ' ਉਹ ਹੈ ਜਿਸ ਨੇ ਸਿੱਧੀ ਜਾਂ ਪੂਰਨਤਾ ਪ੍ਰਾਪਤ ਕਰ ਲਈ ਹੋਵੇ। ਅਸਲ ਵਿਚ ਸਿੱਧ ਮੱਤ ਦਾ ਨਿਕਾਸ ਬੁੱਧ ਮਤ ਤੋਂ ਹੋਇਆ। ਮਹਾਤਮਾ ਬੁੱਧ ਨੇ ਕਿਹਾ ਸੀ ਕਿ ਸੰਸਾਰ ਦੁੱਖਾਂ ਦਾ ਘਰ ਹੈ, ਦੁੱਖਾਂ ਦਾ ਕਾਰਨ ਖ਼ਾਹਿਸ਼ਾਂ ਹਨ ਤੇ ਖ਼ਾਹਿਸ਼ਾਂ ਨੂੰ ਰੋਕਣ ਲਈ ਮਨੁੱਖ ਨੂੰ ਅਸ਼ਟ ਮਾਰਗ (ਮੱਧ ਮਾਰਗ) 'ਤੇ ਚੱਲਣਾ ਚਾਹੀਦਾ ਹੈ। ਮਹਾਤਮਾ ਬੁੱਧ ਅਨੁਸਾਰ ਹਰ ਮਨੁੱਖ ਨੂੰ ਇਹ ਅੱਠ ਗੁਣ ਧਾਰਨ ਕਰਨੇ ਚਾਹੀਦੇ ਹਨ- ਸ਼ੁਭ ਵਿਚਾਰ, ਸ਼ੁਭ ਇੱਛਾ, ਸ਼ੁਭ ਵਚਨ,

*ਅਸਿਸਟੈਂਟ ਪ੍ਰੋਫ਼ੈਸਰ*
*ਪੋਸਟ ਗ੍ਰੈਜੂਏਟ ਗੌਰਮਿੰਟ ਕਾਲਜ ਫ਼ਾਰ ਗਰਲਜ਼*
*ਸੈਕਟਰ-11, ਚੰਡੀਗੜ੍ਹ*
*ਮੋਬਾਇਲ ਨੰ: 8860035008*

ਸ਼ੁਭ ਆਚਾਰ, ਸ਼ੁਭ ਉਪਜੀਵਕਾ, ਸ਼ੁਭ ਯਤਨ, ਸ਼ੁਭ ਇਰਾਦਾ ਅਤੇ ਸ਼ੁਭ ਸਮਾਧੀ। ਜਿਹੜਾ ਮਨੁੱਖ ਇਨ੍ਹਾਂ ਨੂੰ ਧਾਰਨ ਕਰਕੇ ਅਮਲ ਵਿਚ ਲੈ ਆਉਂਦਾ ਹੈ, ਉਸ ਨੂੰ ਪਰਮਾਨੰਦ ਭਾਵ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਨੂੰ ਬੁੱਧ ਨੇ 'ਨਿਰਵਾਣ' ਵੀ ਕਿਹਾ ਹੈ। ਮਹਾਤਮਾ ਬੁੱਧ ਨੇ 'ਅਹਿੰਸਾ' ਨੂੰ ਪਰਮ-ਧਰਮ ਆਖਿਆ ਅਤੇ ਮਨੁੱਖੀ ਏਕਤਾ 'ਤੇ ਜ਼ੋਰ ਦਿੱਤਾ ਪਰ ਮਹਾਤਮਾ ਬੁੱਧ ਦੇ ਨਿਰਵਾਣ ਤੋਂ ਬਾਅਦ ਬੁੱਧ ਧਰਮ ਦੋ ਹਿੱਸਿਆਂ 'ਹੀਨਯਾਨ' ਤੇ 'ਮਹਾਯਾਨ' ਵਿਚ ਵੰਡਿਆ ਗਿਆ। 'ਹੀਨਯਾਨੀ' ਬੋਧੀ ਕੇਵਲ ਸਵੈ-ਕੇਂਦ੍ਰਿਤ ਕਲਿਆਣ ਭਾਵ ਆਪਣੀ ਮੁਕਤੀ ਦੇ ਹੀ ਚਾਹਵਾਨ ਸਨ, ਜਦੋਂ ਕਿ ਮਹਾਯਾਨੀ ਬੋਧੀਆਂ ਨੇ ਸਮੂਹਿਕ ਕਲਿਆਣ ਨੂੰ ਆਪਣਾ ਆਦਰਸ਼ ਬਣਾਇਆ। ਇਸ ਕਰਕੇ ਮਹਾਯਾਨੀਆਂ ਵਿਚ ਬਹੁਤ ਸਾਰੇ ਵਰਗਾਂ, ਵਿਚਾਰਾਂ ਤੇ ਮੱਤਾਂ ਦੇ ਲੋਕਾਂ ਦਾ ਪਰਵੇਸ਼ ਹੋਣ ਲੱਗਾ ਤੇ ਉਹ ਬੁੱਧ ਨੂੰ ਦੇਵਤੇ ਦੇ ਰੂਪ ਵਿਚ ਮੰਨਣ ਲੱਗੇ। ਉਹ ਬੁੱਧ ਦੇ ਉਪਦੇਸ਼ਾਂ ਦਾ ਨਿਤਨੇਮ ਵਾਂਗ ਪਾਠ ਕਰਨ ਲੱਗੇ। ਬੁੱਧ ਦੇ ਉਪਦੇਸ਼ ਇੰਨੇ ਵਿਸਤ੍ਰਿਤ ਸਨ ਕਿ ਮਹਾਯਾਨੀ ਬੋਧੀ ਆਗੂਆਂ ਨੇ ਉਨ੍ਹਾਂ ਨੂੰ ਸੂਤਰਬੱਧ ਕੀਤਾ। ਹੁਣ ਸ਼ਰਧਾਵਾਨ ਲੋਕ ਉਹਨਾਂ ਨੂੰ ਮੰਤਰਾਂ ਵਾਂਗ ਜੱਪਣ ਲੱਗ ਪਏ। ਹੌਲੀ-ਹੌਲੀ ਉਹਨਾਂ ਦਾ ਨਾਂ 'ਮੰਤਰਯਾਨ' ਪੈ ਗਿਆ। 'ਮੰਤਰਯਾਨੀਆਂ ਦਾ ਜ਼ੋਰ ਕਾਫ਼ੀ ਵਧ ਗਿਆ ਅਤੇ ਇਹ 400 ਤੋਂ 700 ਈ. ਤੱਕ ਤਿੰਨ ਸੌ ਸਾਲ ਕਾਫ਼ੀ ਪ੍ਰਸਿੱਧ ਰਹੇ ਅਤੇ ਲੋਕ ਮਨਾਂ 'ਤੇ ਛਾਏ ਰਹੇ। ਕੁਝ ਸਮਾਂ ਪਾ ਕੇ 'ਮੰਤਰਯਾਨੀਆਂ' ਵਿਚ ਕਾਫ਼ੀ ਕਮਜ਼ੋਰੀਆਂ ਆ ਗਈਆਂ ਤੇ ਇਹ ਮੰਤਰਾਂ ਤੱਕ ਹੀ ਸੀਮਤ ਨਾ ਰਹਿ ਕੇ ਮੁਦਰਾ, ਮੈਥੁਨ ਤੇ ਭੋਗ ਵਿਲਾਸ ਵਿਚ ਪ੍ਰਵਿਰਤਤ ਹੋ ਗਏ। ਭੈਰਵੀ ਚੱਕਰ ਦੀ ਸਥਾਪਨਾ ਕਰਕੇ ਇਨ੍ਹਾਂ ਸਾਧਕਾਂ ਨੇ ਸਦਾਚਾਰ ਨੂੰ ਲਗਭਗ ਤਿਆਗ ਹੀ ਦਿੱਤਾ ਤੇ ਇਸ ਤਰ੍ਹਾਂ ਇਹ ਫ਼ਿਰਰਾ 'ਮੰਤਰਯਾਨ' ਤੋਂ 'ਵਜਰਯਾਨ' ਵਿਚ ਤਬਦੀਲ ਹੋ ਗਿਆ।'1 ਹੌਲੀ-ਹੌਲੀ 'ਵਜਰਯਾਨੀਆਂ' ਵਿਚ ਵੀ ਗਿਰਾਵਟ ਆ ਗਈ। ਸਮਾਂ ਪਾ ਕੇ ਵਜਰਯਾਨੀ ਸਾਧਕਾਂ ਵਿਚ ਕੁਝ ਸਾਧਕ ਅਜਿਹੇ ਹੋਏ ਜਿਹੜੇ ਵਜਰਯਾਨੀ ਧਾਰਾ ਵਿਚ ਆਈ ਗਿਰਾਵਟ ਦੇ ਪ੍ਰਤੀਕਰਮ ਵਜੋਂ ਪੈਦਾ ਹੋਏ, ਜਿਹਨਾਂ ਨੂੰ ਸਹਿਜਯਾਨੀ ਕਿਹਾ ਜਾਂਦਾ ਹੈ ਤੇ ਇਨ੍ਹਾਂ ਨੇ ਸਹਿਜਯਾਨੀ ਧਾਰਾ ਨੂੰ ਵਿਕਸਿਤ ਕੀਤਾ।ਸ੍ਰੀ ਪਰਸ਼ੂਰਾਮ ਚਤੁਰਵੇਦੀ ਦਾ ਕਥਨ ਠੀਕ ਹੀ ਜਾਪਦਾ ਹੈ ਕਿ "ਪ੍ਰਸਿੱਧ 84 ਸਿੱਧਾਂ ਦਾ ਸੰਬੰਧ ਇਸੇ ਸਹਿਜਯਾਨੀ ਸਿੱਧ ਧਾਰਾ ਨਾਲ ਹੀ ਸੀ।"2

ਸਿੱਧਾਂ ਨੇ ਆਪਣੀ ਤਪ ਸਾਧਨਾ ਦੁਆਰਾ ਸਿੱਧੀਆਂ, ਰਿੱਧੀਆਂ ਤੇ ਨਿੱਧੀਆਂ ਦੀ ਪ੍ਰਾਪਤੀ ਨੂੰ ਹੀ ਆਪਣਾ ਮਨੋਰਥ ਬਣਾਇਆ ਅਤੇ ਕਰਾਮਾਤਾਂ ਦੇ ਚੱਕਰ ਵਿਚ ਫਸ ਕੇ ਬੁੱਧ ਦੇ 'ਪਰਮਪਦ' ਦੇ ਆਦਰਸ਼ ਨੂੰ ਭੁੱਲ ਗਏ। ਫਿਰ ਇਨ੍ਹਾਂ ਸਿੱਧਾਂ ਵਿਚੋਂ ਕੁਝ ਕ੍ਰਾਂਤੀਕਾਰੀ ਸਿੱਧ ਆਗੂ ਹੋਏ ਜਿਹਨਾਂ ਨੇ ਸਿੱਧਾਂ ਵਿਚ ਆਈਆਂ ਊਣਤਾਈਆਂ ਵਿਰੁੱਧ ਆਵਾਜ਼ ਉਠਾਈ ਅਤੇ ਪਿੱਛੋਂ ਜਾ ਕੇ ਨਾਥ ਸੰਪਰਦਾਇ ਚਲਾਈ, ਜਿਹਨਾਂ ਦੀ ਗਿਣਤੀ 9 ਮੰਨੀ ਜਾਂਦੀ ਹੈ। ਇਨ੍ਹਾਂ ਨਾਥਾਂ ਨੇ ਸਾਧਨਾ ਲਈ ਪਤੰਜਲੀ ਦੇ ਯੋਗ ਦਰਸ਼ਨ ਦਾ ਆਸਰਾ ਲਿਆ ਅਤੇ ਸਹਿਜਯਾਨੀ ਸਿੱਧਾਂ ਦੇ ਗ੍ਰਹਿਸਥ ਜੀਵਨ ਬਿਤਾਉਣ ਤੇ ਪਿਤਾ-ਪੁਰਖੀ ਕੰਮ-ਧੰਦੇ ਕਰਨ ਦੀ ਥਾਂ ਬ੍ਰਹਮਚਰਯ ਤੇ ਵੈਰਾਗ ਨੂੰ ਅਪਣਾਇਆ। ਇਨ੍ਹਾਂ ਨੇ ਸ਼ਿਵ ਦੀ ਉਪਾਸਨਾ ਚਲਾਈ ਤੇ ਵਿਵਹਾਰਕ ਜੀਵਨ ਨੂੰ ਨਿਸ਼ਕਲੰਕ ਦੱਸਦੇ ਹੋਏ ਹਠਯੋਗ ਦੀਆਂ ਕਿਰਿਆਵਾਂ ਦੁਆਰਾ ਆਤਮਿਕ ਉੱਨਤੀ ਦਾ ਪਥ ਪ੍ਰਦਰਸ਼ਨ ਕੀਤਾ। 'ਸਿਧ ਗੋਸਟਿ' ਵਿਚ ਦੋ ਸਿੱਧਾਂ ਚਰਪਟ ਅਤੇ ਲੋਹਾਰੀਪਾ ਦਾ ਜ਼ਿਕਰ ਆਉਂਦਾ ਹੈ।

ਸਿੱਧਾਂ ਦੀ ਉਤਪਤੀ ਬਾਰੇ ਦੱਸਣ ਉਪਰੰਤ ਹੁਣ ਅਸੀਂ ਵੱਖ-ਵੱਖ ਕੋਸ਼ਾਂ /ਵਿਦਵਾਨਾਂ ਦੁਆਰਾ ਸਿੱਧ, ਗੋਸਟਿ ਅਤੇ 'ਸਿਧ ਗੋਸਟਿ' ਦੇ ਅਰਥਾਂ ਸੰਬੰਧੀ ਚਰਚਾ ਕਰਾਂਗੇ। ਸਾਹਿਤ ਕੋਸ਼

ਅਨੁਸਾਰ, "ਸਾਧਾਰਨ ਅਰਥਾਂ ਵਿਚ ਸਾਧਨਾ ਵਿਚ ਦ੍ਰਿੜ ਜਾਂ ਨਿਪੁੰਨ ਵਿਅਕਤੀ ਨੂੰ ਸਿੱਧ ਕਿਹਾ ਜਾਂਦਾ ਹੈ। ਨਾਥ ਸੰਪ੍ਰਦਾਇ ਦੇ ਗ੍ਰੰਥਾਂ ਵਿਚ 'ਨਾਥ' ਸ਼ਬਦ ਲਈ ਸਿੱਧ, ਯੋਗੀ, ਅਵਧੂਤ ਆਦਿ ਕਈ ਹੋਰ ਸ਼ਬਦ ਵੀ ਮਿਲਦੇ ਹਨ। ਕਈ ਥਾਈਂ ਸ਼ਿਵ ਨੂੰ ਹੀ ਆਦਿ-ਨਾਥ ਮੰਨਿਆ ਜਾਂਦਾ ਹੈ। ਨਾਥ ਮੱਤ ਦਾ ਵਧੇਰੇ ਪ੍ਰਚਲਿਤ ਨਾਂ ਸਿੱਧ ਮੱਤ ਰਿਹਾ ਹੈ। ਨਾਥ ਮੱਤ ਵਾਲੇ ਆਪਣੇ ਮੱਤ ਨੂੰ ਸਿੱਧ ਮੱਤ ਤੇ ਆਪਣੇ ਮਾਰਗ ਨੂੰ 'ਸਿਧ-ਮਾਰਗ' ਆਖਦੇ ਰਹੇ ਹਨ।ਇਨ੍ਹਾਂ ਦੇ ਅਤਿ ਪ੍ਰਮਾਣਿਕ ਗ੍ਰੰਥ 'ਸਿੱਧ-ਸਿਧਾਂਤ ਪੱਧਤੀ' ਦਾ ਨਾਂ ਵੀ ਇਸੇ ਤੱਥ ਨੂੰ ਪ੍ਰਗਟ ਕਰਦਾ ਹੈ।"3

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਸਿੱਧ ਦਾ ਅਰਥ "1.ਜਾਣਾ (ਗਮਨ), ਆਗਯਾ ਕਰਨਾ, ਉਪਦੇਸ਼ ਦੇਣਾ, ਮੰਗਲ ਕਰਮ ਕਰਨਾ, ਵਰਜਣਾ, ਮਨ੍ਹਾ ਕਰਨਾ, ਪ੍ਰਸਿੱਧ ਹੋਣਾ, ਸ਼ੁੱਧ ਹੋਣਾ। 2.ਸਿੱਧਿ ਨੂੰ ਪ੍ਰਾਪਤ ਹੋਇਆ, ਸਿੱਧੀਵਾਲਾ "ਸਿਧ ਮਨੁਖ ਦੇਵ ਅਰੁ ਦਾਨਵ" (ਸਵੈਯੇ ਸ੍ਰੀ ਮੁਖ ਵਾਕ ਮ:੫) 3.ਪੱਕਿਆ ਹੋਇਆ, ਤਿਆਰ, "ਪ੍ਰਭੁ ਜੀ ਸਿਧ ਅਹਾਰ ਹੈ, ਸੁਨਿ ਉਠੇ ਕ੍ਰਿਪਾਲਾ" (ਗੁਪ੍ਰਸੂ) 4.ਸਫ਼ਰ ਤੈਅ ਕਰਨਾ, "ਏਕ ਕੇਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ" (ਸੋਰ ਮ:੫) 5. ਸਿੱਧਿਵਾਨ ਯੋਗੀਜਨ, ਸ਼ਕਤਿ ਵਾਲਾ ਸੰਤ, "ਸੁਣਿਐ ਸਿਧ ਪੀਰ ਸੁਰਿ ਨਾਥ" (ਜਪੁ) 6. ਪੁਰਾਣਾਂ ਅਨੁਸਾਰ ਇਕ ਖਾਸ ਦੇਵਤਾ ਜੋ ਪ੍ਰਿਥਵੀ ਅਤੇ ਸੂਰਜ ਲੋਕ ਦੇ ਵਿਚਕਾਰ ਰਹਿੰਦੇ ਹਨ, ਇਨ੍ਹਾਂ ਦੀ ਗਿਣਤੀ ੮੮000 ਹੈ, 7. ਸੇਂਧਾ ਲੂਣ।"4

ਨਾਲੰਦਾ ਵਿਸ਼ਾਲ ਸ਼ਬਦ ਸਾਗਰ ਅਨੁਸਾਰ "ਸਿਧ ਉਹ ਹੈ ਜਿਸ ਦੀ ਅਧਿਆਤਮਿਕ ਸਾਧਨਾ ਪੂਰੀ ਹੋ ਚੁੱਕੀ ਹੋਵੇ, ਜੋ ਯੋਗ ਦੀਆਂ ਵਿਭੂਤੀਆਂ ਪ੍ਰਾਪਤ ਕਰ ਚੁੱਕਾ ਪੂਰਨ ਯੋਗੀ ਹੋਵੇ।"5

'ਗੋਸਟ' ਸ਼ਬਦ ਸੰਸਕ੍ਰਿਤ ਦੀ 'ਗੋਸ਼ਠ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਇਕੱਠਾ ਕਰਨਾ। ਪਹਿਲਾਂ ਇਹ ਸ਼ਬਦ ਗਊਆਂ ਦੇ ਠਹਿਰਨ ਦੀ ਥਾਂ ਲਈ ਵਰਤਿਆ ਜਾਂਦਾ ਸੀ ਪਰ ਕਾਲਾਂਤਰ ਵਿਚ ਇਸ ਦੀ ਵਰਤੋਂ ਇਕੱਠੇ ਮਿਲ ਕੇ ਬੈਠੇ ਹੋਏ ਲੋਕਾਂ ਵਿਚਲੀ ਗੱਲਬਾਤ, ਵਾਰਤਾਲਾਪ ਜਾਂ ਵਿਚਾਰ-ਚਰਚਾ ਲਈ ਹੋਣ ਲੱਗੀ ਅਤੇ ਇਸ ਵਿਚਾਰ-ਚਰਚਾ ਦਾ ਲਿਖਤ ਰੂਪ 'ਗੋਸਟਿ' ਕਿਹਾ ਜਾਣ ਲੱਗ ਪਿਆ। ਅੱਜ-ਕੱਲ੍ਹ ਸਾਹਿਤਿਕ ਸੈਮੀਨਾਰਾਂ ਨੂੰ 'ਗੋਸ਼ਟੀ' ਕਿਹਾ ਜਾਂਦਾ ਹੈ।6

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਗੋਸਟਿ 1. ਸੰਗਯਾ-ਗਊਆਂ ਦੇ ਠਹਿਰਨ ਦੀ ਥਾਂ, ਗੋਸ਼ਾਲਾ 2. ਸੰ. ਗੋਸਠੀ,ਸਭਾ, ਮਜਲਿਸ 3. ਭਾਵ-ਸਭਾ ਵਿਚ ਵਾਰਤਾਲਾਪ 4. ਚਰਚਾ, "ਗੋਸਟਿ ਗਿਆਨ ਨਾਮ ਸੁਣਿ ਉਧਰੇ" (ਸੋਰ ਮ:੫)7

ਗੋਸਟਿ ਪ੍ਰਾਚੀਨ ਸਾਹਿਤ ਰੂਪ ਹੈ ਜਿਸ ਵਿਚ ਕਿਸੇ ਵੀ ਮਸਲੇ ਨੂੰ ਸਵਾਲ-ਜਵਾਬ ਦੇ ਰੂਪ ਵਿਚ ਸਪੱਸ਼ਟ ਕੀਤਾ ਜਾਂਦਾ ਹੈ। ਸੁਕਰਾਤ ਅਤੇ ਅਫ਼ਲਾਤੂਨ ਦੀਆਂ ਗੋਸ਼ਟਾਂ ਸੰਸਾਰ ਪ੍ਰਸਿੱਧ ਹਨ। ਉਪਨਿਸ਼ਦ, ਪੁਰਾਣ, ਮਹਾਤਮਾ ਬੁੱਧ ਦੀਆਂ ਆਪਣੇ ਚੇਲਿਆਂ ਨਾਲ ਸਿਧਾਂਤ ਵਿਸ਼ਲੇਸ਼ਣ ਦੀਆਂ ਗੋਸ਼ਟਾਂ, ਹਜ਼ਰਤ ਈਸਾ, ਸ਼ੰਕਰਾਚਾਰੀਆ, ਬੋਧੀ ਭਿਕਸ਼ੂਆਂ ਦੀਆਂ ਬਹੁਤ ਸਾਰੀਆਂ ਗੋਸ਼ਟਾਂ ਮਿਲਦੀਆਂ ਹਨ। ਸ੍ਰੀਮਦ ਭਗਵਤ ਗੀਤਾ ਵਿਚ ਕ੍ਰਿਸ਼ਨ-ਅਰਜੁਨ ਸੰਵਾਦ ਭਾਰਤੀ ਸਾਹਿਤ ਦੀ ਪ੍ਰਸਿੱਧ ਗੋਸ਼ਟ ਹੈ।

ਸਿੱਧ ਅਤੇ ਗੋਸਟਿ ਦੋਹਾਂ ਦੇ ਸੁਮੇਲ ਤੋਂ ਬਣੀ 'ਸਿਧ ਗੋਸਟਿ' ਵਿਸ਼ੇਸ਼ ਰਚਨਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਰਚੀ। ਅਸਲ ਵਿਚ 'ਸਿੱਧ ਗੋਸਟਿ' ਸਾਧਾਰਨ ਰਚਨਾ ਨਾ ਹੋ ਕੇ

ਅਧਿਆਤਮਕ, ਦਾਰਸ਼ਨਿਕ ਵਿਸ਼ਿਆਂ ਸੰਬੰਧੀ ਪ੍ਰਸ਼ਨੋਤਰੀ ਸ਼ੈਲੀ ਵਿਚ ਵਿਸ਼ੇਸ਼ ਅਰਥਾਂ ਦੀ ਲਖਾਇਕ ਰਚਨਾ ਹੈ, ਜਿਹੜੀ ਸਿੱਧ-ਜੋਗੀਆਂ ਦੇ ਸ਼ੰਕਿਆਂ ਦਾ ਨਿਵਾਰਨ ਕਰਦੀ ਹੈ।

ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਨਾਲ ਚਾਰ ਵੇਰਾਂ ਜੋਗੀਆਂ ਦੀ ਮੁਲਾਕਾਤ ਲਿਖੀ ਹੈ : ਪਹਿਲੀ ਵਾਰ ਨਾਨਕ ਮੱਤੇ ਵਿਚ ਪਰ ਉੱਥੇ ਲੇਖਕ ਨੇ ਗੋਸਟਿ ਦਾ ਜ਼ਿਕਰ ਨਹੀਂ ਕੀਤਾ। ਦੂਜੀ ਵਾਰ ਸੁਮੇਰ ਪਰਬਤ 'ਤੇ ਮੇਲ ਲਿਖਿਆ ਹੈ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਕੀਤਾ ਹੈ ਪਰ ਉੱਥੇ ਗੋਸਟਿ ਨਹੀਂ ਹੋਈ। ਅਗਲਾ ਮੇਲ ਅਚਲ ਬਟਾਲੇ ਵਿਖੇ ਹੋਇਆ ਜੋ ਕਿ ਜੋਗੀਆਂ ਦਾ ਟਿਕਾਣਾ ਸੀ ਤੇ ਭਾਈ ਗੁਰਦਾਸ ਜੀ ਨੇ ਵੀ ਇੱਥੇ ਗੋਸਟਿ ਦਾ ਹੋਣਾ ਲਿਖਿਆ ਹੈ। ਚੌਥੀ ਵਾਰ 'ਗੋਰਖ ਹੱਟੜੀ' ਵਿਖੇ ਪਰ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਇਹ ਰਚਨਾ 'ਬਟਾਲੇ' ਦੇ ਨਜ਼ਦੀਕ ਸਥਿਤ ਅਚਲ ਦੇ ਸਿੱਧਾਂ ਨਾਲ ਭੇਟ ਕਰਨ ਤੋਂ ਬਾਅਦ ਰਚੀ। ਅਚਲ ਬਟਾਲੇ ਬਾਰੇ ਭਾਈ ਗੁਰਦਾਸ ਜੀ ਨੇ ਵਾਰ ਪਹਿਲੀ, ਪਉੜੀ ੪੪ ਵਿਚ ਲਿਖਿਆ ਹੈ :

ਬਾਬੇ ਕੀਤੀ ਸਿਧਿ ਗੋਸਟਿ ਸਬਦ ਸ਼ਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।੪੨।

'ਸਿਧ ਗੋਸਟਿ' ਦਾ ਮੁੱਖ ਵਿਸ਼ਾ ਆਤਮਿਕ ਕਲਿਆਣ ਜਾਂ ਰੂਹਾਨੀ ਸ਼ਾਂਤੀ ਦੀ ਪ੍ਰਾਪਤੀ ਲਈ ਯਤਨ ਹੈ। 'ਸਿਧ ਗੋਸਟਿ' ਵਿਚ ਕੁੱਲ 73 ਪਉੜੀਆਂ ਹਨ। ਇਸ ਵਿਚ ਇਕ ਪਉੜੀ ਵਿਚ ਸਿੱਧਾਂ ਦਾ ਪ੍ਰਸ਼ਨ ਹੈ ਤੇ ਦੂਜੀ ਵਿਚ ਉਸ ਦਾ ਉੱਤਰ। ਕਈ ਪਉੜੀਆਂ ਵਿਚ ਪ੍ਰਸ਼ਨ ਅਤੇ ਉੱਤਰ ਦੋਵੇਂ ਹੀ ਸੰਮਲਿਤ ਹਨ। ਇਹ ਲੰਮੀ ਬਾਣੀ ਦਾ ਮੁੱਖ ਭਾਵ ਇਨ੍ਹਾਂ ਦੋ ਤੁਕਾਂ ਵਿਚ ਸਮਾਇਆ ਹੋਇਆ ਹੈ।

ਕਿਆ ਭਵੀਐ ਸਚਿ ਸੂਚਾ ਹੋਇ।
ਸਾਚ ਸਬਦ ਬਿਨੁ ਮੁਕਤਿ ਨ ਕੋਇ।ਰਹਾਉ।

ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਕਹਿੰਦੇ ਹਨ ਕਿ ਘੁੰਮਣ-ਫਿਰਨ ਨਾਲ ਨਾ ਤਾਂ ਅਸੀਂ ਸੱਚੇ ਹੋ ਸਕਦੇ ਹਾਂ ਅਤੇ ਨਾ ਹੀ ਸਾਨੂੰ ਸੱਚੇ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ। ਪਰਮਾਤਮਾ ਦੇ ਸੱਚੇ ਸ਼ਬਦ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ। ਇਸ ਲਈ ਗੁਰੂ ਜੀ ਮਨੁੱਖਾਂ ਨੂੰ ਭਟਕਣਾ ਛੱਡ ਕੇ ਸੱਚੇ ਸ਼ਬਦ ਰਾਹੀਂ ਮੁਕਤ ਹੋਣ ਦੀ ਜੁਗਤ ਦੱਸਦੇ ਹਨ।

ਸਿੱਧਾਂ ਦੁਆਰਾ ਗੁਰੂ ਜੀ ਨੂੰ ਪੁੱਛੇ ਗਏ ਸੁਆਲਾਂ ਦੇ ਜਵਾਬ ਗੁਰੂ ਜੀ ਕੋਈ ਸਧਾਰਨ ਪਦਾਰਥਵਾਦੀ ਸ਼ਬਦਾਂ ਵਿਚ ਨਹੀਂ ਦਿੰਦੇ ਬਲਕਿ ਅਧਿਆਤਮਕ/ਰਹੱਸਵਾਦੀ ਵਿਚਾਰਾਂ ਰਾਹੀਂ ਉੱਤਰ ਪੇਸ਼ ਕਰਦੇ ਹਨ, ਜਿਵੇਂ ਕਿ ਪਹਿਲੀ ਪਉੜੀ ਵਿਚ ਜਦੋਂ ਜੋਗੀ ਗੁਰੂ ਜੀ ਨੂੰ ਪੁੱਛਦੇ ਹਨ ਕਿ ਤੁਸੀਂ ਕੌਣ ਹੋ? ਅਤੇ ਤੁਹਾਡਾ ਨਾਮ ਕੀ ਹੈ? ਤੁਹਾਡਾ ਜੀਵਨ ਮਾਰਗ ਤੇ ਜੀਵਨ ਮੰਤਵ ਕੀ ਹੈ? ਤਾਂ ਗੁਰੂ ਜੀ ਇਸ ਦਾ ਜਵਾਬ ਦਿੰਦੇ ਹਨ ਕਿ ਅਸੀਂ ਉਸ ਪਰਮਾਤਮਾ ਅੰਦਰ ਰਹਿੰਦੇ ਹਾਂ, ਜਿਹੜਾ ਕਿ ਘਟ-ਘਟ ਵਾਸੀ ਹੈ ਤੇ ਸਤਿਗੁਰ ਦੀ ਰਜ਼ਾ ਵਿਚ ਰਹਿ ਕੇ ਉਸਦੇ ਹੁਕਮ ਅਨੁਸਾਰ ਚੱਲਦੇ ਹਾਂ।

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।

ਅੱਗੇ ਜੋਗੀ ਹੋਰ ਪ੍ਰਸ਼ਨ ਕਰਦੇ ਹਨ ਕਿ ਤੁਸੀਂ ਕਿੱਥੇ ਰਹਿੰਦੇ ਹੋ, ਕਿੱਥੋਂ ਆਏ ਹੋ ਤੇ ਕਿੱਥੇ ਜਾ ਰਹੇ ਹੋ।

ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ।
ਨਾਨਕੁਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ।

ਗੁਰੂ ਜੀ ਇਸ ਦਾ ਉੱਤਰ ਦਿੰਦੇ ਹਨ ਕਿ

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ।

ਪ੍ਰਭੂ ਦੇ ਹੁਕਮ ਅਨੁਸਾਰ ਇੱਥੇ ਆਣ ਪਹੁੰਚੇ ਹਾਂ, ਨਾਨਕ ਸਦਾ ਹੀ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਚੱਲਦਾ ਹੈ।

ਗੁਰੂ ਜੀ ਨੇ ਯੋਗ ਮੱਤ ਦੇ ਇਸ ਵਿਚਾਰ ਕਿ ਪ੍ਰਭੂ ਪ੍ਰਾਪਤੀ ਲਈ ਸੰਸਾਰ ਨੂੰ ਤਿਆਗ ਕੇ, ਗ੍ਰਹਿਸਥ ਜੀਵਨ ਨੂੰ ਤਿਆਗ ਕੇ ਵੈਰਾਗਮਈ ਹੋ ਜਾਣਾ ਚਾਹੀਦਾ ਹੈ ਤਾਂ ਹੀ ਇਸ ਸੰਸਾਰ ਰੂਪੀ ਸਮੁੰਦਰ ਨੂੰ ਪਾਰ ਕਰ ਸਕਦੇ ਹਾਂ, ਦਾ ਖੰਡਨ ਕੀਤਾ। ਜਦੋਂ ਚਰਪਟ ਗੁਰੂ ਜੀ ਨੂੰ ਪ੍ਰਸ਼ਨ ਪੁੱਛਦਾ ਹੈ ਕਿ ਇਸ ਸੰਸਾਰ ਰੂਪੀ ਭਵ ਸਾਗਰ ਨੂੰ ਕਿਵੇਂ ਪਾਰ ਕਰ ਸਕਦੇ ਹਾਂ ਤਾਂ ਗੁਰੂ ਜੀ ਕੰਵਲ ਦੇ ਫੁੱਲ ਤੇ ਮੁਰਗਾਬੀ ਦੀ ਉਦਾਹਰਨ ਰਾਹੀਂ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਕੰਵਲ (ਕਮਲ) ਦਾ ਫੁੱਲ ਚਿੱਕੜ ਵਿਚ ਰਹਿੰਦਿਆਂ ਵੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਮੁਰਗਾਬੀ, ਜੋ ਕਿ ਪਾਣੀ ਉੱਪਰ ਤੈਰਦੀ ਹੈ ਪਰ ਉਸ ਦੇ ਖੰਭ ਪਾਣੀ ਵਿਚ ਨਹੀਂ ਭਿੱਜਦੇ ਜਦੋਂ ਚਾਹੇ ਸਹਿਜੇ ਹੀ ਆਪਣੇ ਖੰਭਾਂ ਨੂੰ ਛੰਡ ਕੇ ਅਕਾਸ਼ ਵਿਚ ਉੱਡ ਸਕਦੀ ਹੈ, ਇਵੇਂ ਹੀ ਵਿਅਕਤੀ ਨੂੰ ਗ੍ਰਹਿਸਥ ਜੀਵਨ ਬਤੀਤ ਕਰਦਿਆਂ, ਸੁਰਤਿ ਨੂੰ ਸ਼ਬਦ 'ਤੇ ਕੇਂਦ੍ਰਿਤ ਕਰਨ ਨਾਲ, ਮਾਇਆਵੀ ਦੁਨੀਆਂ ਤੋਂ ਨਿਰਲੇਪ ਰਹਿਣ ਨਾਲ, ਸੰਸਾਰ ਰੂਪੀ ਸਾਗਰ ਨੂੰ ਪਾਰ ਕਰਨਾ ਚਾਹੀਦਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ।

ਗੁਰੂ ਜੀ ਮਨੁੱਖ ਨੂੰ ਗੁਰਮੁਖ ਬਣਨ 'ਤੇ ਜ਼ੋਰ ਦਿੰਦੇ ਹਨ। ਉਹਨਾਂ ਅਨੁਸਾਰ ਗੁਰਮੁਖ ਉਹ ਹੈ ਜੋ ਨਾਮ ਨਾਲ ਆਤਮਾ ਨੂੰ, ਦਾਨ ਨਾਲ ਮਨ ਨੂੰ ਅਤੇ ਇਸ਼ਨਾਨ ਨਾਲ ਤਨ ਨੂੰ ਸ਼ੁੱਧ ਕਰਦਾ ਹੈ ਤੇ ਸਹਿਜ ਅਵਸਥਾ ਨੂੰ ਧਾਰਨ ਕਰਦਾ ਹੈ।

ਗੁਰਮੁਖਿ ਨਾਮੁ ਦਾਨੁ ਇਸਨਾਨੁ। ਗੁਰਮੁਖਿ ਲਾਗੈ ਸਹਿਜ ਧਿਆਨੁ।

ਜਦੋਂ ਲੋਹਾਰੀਪਾ ਜੋਗੀ ਜੋਗ ਮੱਤ ਦੀ ਵਡਿਆਈ ਕਰਦਾ ਹੈ ਕਿ ਅਸੀਂ ਸੰਸਾਰਿਕ ਝਮੇਲਿਆਂ ਤੋਂ ਦੂਰ ਜੰਗਲਾਂ ਤੇ ਵਣਾਂ ਵਿਚ ਰਹਿੰਦੇ ਹਾਂ, ਬਿਰਖਾਂ ਦੇ ਪੱਤੇ ਤੇ ਜੰਗਲ ਦੀਆਂ ਹੋਰ ਚੀਜ਼ਾਂ ਖਾਂਦੇ ਹਾਂ, ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਦੇ ਹਾਂ ਭਾਵ ਪਵਿੱਤਰ ਹੁੰਦੇ ਹਾਂ, ਸਾਨੂੰ ਕੋਈ ਮੈਲ ਨਹੀਂ ਲੱਗਦੀ ਤੇ ਸੁੱਖਾਂ ਦੀ ਪ੍ਰਾਪਤੀ ਕਰਦੇ ਹਾਂ ਤਾਂ ਗੁਰੂ ਜੀ ਜੋਗੀਆਂ ਨੂੰ ਦੱਸਦੇ ਹਨ ਕਿ ਅਸਲ ਵਿਚ ਇਹ ਜੋਗ ਜੁਗਤ ਹੋਣੀ ਚਾਹੀਦੀ ਹੈ-

ਹਾਟੀ ਬਾਟੀ ਨੀਦ ਨਾ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।

ਨਾਮ ਸਿਮਰਨ 'ਤੇ ਜ਼ੋਰ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਨਾਮ ਹੀ ਹੈ ਜੋ ਹਰ ਥਾਂ

ਨਿਰੰਤਰ ਰਵ ਰਿਹਾ ਹੈ। ਇਹੀ ਜੋਗ ਹੈ। ਨਾਮ ਵਿਚ ਰੰਗੇ ਜਾਣ ਨਾਲ ਹਉਮੈ ਦੂਰ ਹੁੰਦੀ ਹੈ, ਨਾਮ ਵਿਚ ਰਤਿਆਂ ਹੀ ਸੱਚੇ ਬ੍ਰਹਮ ਵਿਚ ਸਮਾਇਆ ਜਾ ਸਕਦਾ ਹੈ ਭਾਵ ਮੁਕਤੀ/ਨਿਰਵਾਣ ਦੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਨਾਲ ਹੀ ਸਦੀਵੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ।

ਨਾਮੇ ਰਾਤੇ ਹਉਮੈ ਜਾਇ। ਨਾਮਿ ਰਤੇ ਸਚਿ ਰਹੇ ਸਮਾਇ।
ਨਾਮਿ ਰਤੇ ਜੋਗ ਜੁਗਤਿ ਬੀਚਾਰੁ।ਨਾਮਿ ਰਤੇ ਪਾਵਹਿ ਮੋਖ ਦੁਆਰੁ।
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ।ਨਾਨਕ ਨਾਮਿ ਰਤੇ ਸਦਾ ਸੁਖੁ ਹੋਇ।

ਜੋ ਜੋਗੀ ਗੁਰੂ ਦੇ ਸ਼ਬਦ ਨੂੰ ਪਛਾਣਦਾ ਹੈ ਉਸ ਦੀ ਅੰਤਰਾਤਮਾ ਕੰਵਲ ਵਾਂਗ ਖਿੜ ਜਾਂਦੀ ਹੈ–

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰ ਕਮਲੁ ਪ੍ਰਗਾਸੁ ਥੀਆ।

ਗੁਰੂ ਜੀ ਨੇ ਜੋਗੀਆਂ ਦੁਆਰਾ ਧਾਰਨ ਕੀਤੇ ਜਾਣ ਵਾਲੇ ਬਾਹਰੀ ਚਿੰਨ੍ਹ ਜਿਵੇਂ ਵਿਸ਼ੇਸ਼ ਬਾਣਾ, ਮੁੰਦਰਾਂ, ਲੀਰਾਂ ਦਾ ਬਣਿਆ ਚੋਲਾ, ਲੰਮੀ ਟੋਪੀ, ਮੰਗਣ ਵਾਲਾ ਠੂਠਾ, ਲੰਗੋਟੀ, ਘਾਹ ਦੀ ਚਟਾਈ ਆਦਿ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਬਾਹਰੀ ਚਿੰਨ੍ਹ ਸਿਰਫ਼ ਦਿਖਾਵਾ ਹਨ। ਇਸ ਨਾਲ ਮਨ ਸ਼ਾਂਤ ਨਹੀਂ ਹੁੰਦਾ ਬਲਕਿ ਹਉਮੈ ਪੈਦਾ ਹੁੰਦੀ ਹੈ। ਗੁਰੂ ਜੀ ਨੇ ਜੋਗੀਆਂ ਨੂੰ ਬਾਹਰਮੁਖੀ ਚਿੰਨ੍ਹ ਧਾਰਨ ਕਰਨ ਦੀ ਬਜਾਇ ਸਦਾਚਾਰਕ ਗੁਣ ਪੈਦਾ ਕਰਨ ਦੀ ਪ੍ਰੇਰਨਾ ਦਿੱਤੀ ਤੇ ਕਿਹਾ ਕਿ–

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ।
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ।
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ।
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ।

ਅਸਲ ਵਿਚ ਗੁਰੂ ਜੀ ਗੁਰਮੁਖਾਂ ਦਾ ਸਮਾਜ ਚਾਹੁੰਦੇ ਸਨ, ਜਿੱਥੇ ਮਨੁੱਖਾਂ ਨੇ 'ਮਨ ਜੀਤੈ ਜਗ ਜੀਤ' ਵਾਲੀ ਸਥਿਤੀ ਪ੍ਰਾਪਤ ਕਰ ਲਈ ਹੋਵੇ। ਗੁਰਮੁਖ ਹੀ ਸ਼ਬਦ ਦੀ ਪ੍ਰਾਪਤੀ ਦੁਆਰਾ ਪਰਮਾਤਮਾ ਨੂੰ ਪਹਿਚਾਣਦਾ ਹੈ। ਜਦੋਂ ਕਿ ਮਨਮੁਖ ਆਡੰਬਰਾਂ, ਅਭਿਮਾਨ ਤੇ ਅਗਿਆਨ ਨਾਲ ਭਰਿਆ ਰਹਿੰਦਾ ਹੈ। ਉਹ ਆਪਣੇ ਨਿੱਜੀ ਸੁੱਖਾਂ ਦੀ ਖਾਤਰ ਦਿਨ ਰਾਤ ਇਕ ਕਰ ਦਿੰਦਾ ਹੈ, ਇਸ ਲਈ ਉਸ ਨੂੰ ਭਾਵੇਂ ਕੁਝ ਵੀ ਕਰਨਾ ਪਵੇ। ਉਹ ਆਵਾਗਵਣ ਦੇ ਗੇੜ ਵਿਚ ਪਿਆ ਰਹਿੰਦਾ ਹੈ। ਉਹ ਪ੍ਰਮਾਤਮਾ ਨੂੰ ਭੁਲਾਈ ਬੈਠਾ ਹੈ ਤੇ ਪਸ਼ੂ-ਬਿਰਤੀਆਂ ਦਾ ਗੁਲਾਮ ਹੈ। ਮਨਮੁਖ ਦੀ ਸਥਿਤੀ ਨੂੰ ਗੁਰੂ ਜੀ ਇਸ ਤਰ੍ਹਾਂ ਬਿਆਨ ਕਰਦੇ ਹਨ–

ਮਨਮੁਖਿ ਭੂਲੈ ਜਮ ਕੀ ਕਾਣਿ। ਪਰ ਘਰੁ ਜੋਹੈ ਹਾਣੇ ਹਾਣਿ।
ਮਨਮੁਖਿ ਭਰਮਿ ਭਵੈ ਬੇਬਾਣਿ। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।
ਸਬਦੁ ਨ ਚੀਨੈ ਲਵੈ ਕੁਬਾਣਿ। ਨਾਨਕ ਸਾਚਿ ਰਤੇ ਸੁਖੁ ਜਾਣਿ।

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਕੇਵਲ ਸੱਚੇ ਨਾਮ ਦੇ ਰੰਗ ਵਿਚ ਰੰਗੇ ਜਾਣ ਨਾਲ ਹੀ ਮਨਮੁਖ ਗੁਰਮੁਖ ਬਣ ਸਕਦਾ ਹੈ ਤੇ ਜੀਵਨ ਦੇ ਸੱਚੇ ਸੁੱਖ ਨੂੰ ਪ੍ਰਾਪਤ ਕਰ ਸਕਦਾ ਹੈ। ਗੁਰਮੁਖ ਨੂੰ ਚੰਗੇ ਜਾਂ ਮੰਦੇ ਦੀ ਪਹਿਚਾਣ ਹੁੰਦੀ ਹੈ। ਉਹ ਪ੍ਰਵਿਰਤੀ ਅਤੇ ਨਿਰਵਿਰਤੀ ਨੂੰ ਪਹਿਚਾਣਦਾ ਹੈ। ਗੁਰਮੁਖ ਆਪ ਵੀ ਭਵ ਸਾਗਰ ਤੋਂ ਤਰ ਜਾਂਦਾ ਹੈ ਤੇ ਦੂਜਿਆਂ ਨੂੰ ਵੀ ਪਾਰ ਉਤਾਰਦਾ ਹੈ। ਅਸਲ

ਵਿਚ ਗੁਰਮੁਖ 'ਸ਼ਬਦ' ਦੁਆਰਾ ਜਗਤ ਦਾ ਕਲਿਆਣ ਕਰਦਾ ਹੈ।

ਗੁਰਮੁਖਿ ਅਸਟ ਸਿਧੀ ਸਭਿ ਬੁਧੀ। ਗੁਰਮੁਖਿ ਭਵਜਲੁ ਤਰੀਐ ਸਚ ਸੁਧੀ।
ਗੁਰਮੁਖਿ ਸਰ ਅਪਸਰ ਬਿਧਿ ਜਾਣੈ। ਗੁਰਮੁਖਿ ਪਰਵਿਰਤਿਨਰਵਿਰਤਿਪਛਾਣੈ।
ਗੁਰਮੁਖਿ ਤਾਰੇ ਪਾਰਿ ਉਤਾਰੇ। ਨਾਨਕ ਗੁਰਮੁਖਿ ਸਬਦ ਨਿਸਤਾਰੇ।

ਗੁਰੂ ਜੀ ਨੈਤਿਕਤਾ 'ਤੇ ਜ਼ੋਰ ਦਿੰਦਿਆਂ, ਸਮਾਜਿਕ ਜੀਵਨ ਬਤੀਤ ਕਰਦਿਆਂ, ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ 'ਵਿਚ ਦੁਨੀਆ ਸੇਵ ਕਮਾਈਐ। ਤਾ ਦਰਗਹਿ ਬੈਸਣ ਪਾਈਐ।' ਦਾ ਸੰਦੇਸ਼ ਦਿੰਦੇ ਹਨ ਤੇ ਪਲਾਇਨਵਾਦ ਦਾ ਖੰਡਨ ਕਰਦੇ ਹਨ।

ਜੋਗਮਤ ਵਾਲਿਆਂ ਨੇ ਹਠਯੋਗ ਨੂੰ ਹੀ ਆਪਣਾ ਆਦਰਸ਼ ਮੰਨ ਲਿਆ ਸੀ ਤੇ ਕਈ ਤਰ੍ਹਾਂ ਦੇ ਪਾਖੰਡ ਤੇ ਤਪੱਸਿਆ ਕਰਦੇ ਸੀ ਪਰ ਗੁਰੂ ਜੀ ਨੇ ਕਿਹਾ ਕਿ ਜੇ ਇੜਾ, ਪਿੰਗਲਾ, ਸੁਖਮਨਾ ਦੁਆਰਾ ਅਰਥਾਤ ਸੁਆਸਾਂ ਦੇ ਸੰਜਮ ਦੁਆਰਾ ਸਿਮਰਨ ਕੀਤਾ ਜਾਵੇ ਤਾਂ ਮਨ ਸਹਿਜੇ ਹੀ ਵੱਸ ਵਿਚ ਆ ਜਾਂਦਾ ਹੈ ਤੇ ਇਹ ਤਿੰਨਾਂ ਗੁਣਾਂ ਤੋਂ ਉੱਚਾ ਹੋ ਕੇ ਚੌਥੀ ਅਵਸਥਾ ਭਾਵ ਪਰਮਾਤਮਾ ਨਾਲ ਯੋਗ ਪ੍ਰਾਪਤ ਕਰ ਲੈਂਦਾ ਹੈ। ਸੁਆਸਾਂ ਦੇ ਸੰਜਮ ਅਤੇ ਨਾਮ ਅਭਿਆਸ ਤੋਂ ਬਿਨਾ ਮਨ ਦੀ ਚੰਚਲਤਾ ਨੂੰ ਦੂਰ ਨਹੀਂ ਕੀਤਾ ਜਾ ਸਕਦਾ।

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ।
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ।

ਸ਼ਬਦ ਹੀ ਮਨ ਨੂੰ ਸਦੀਵੀ ਸ਼ੀਤਲਤਾ ਬਖ਼ਸ਼ਦਾ ਹੈ। ਸ਼ਬਦ ਦੀ ਪ੍ਰਾਪਤੀ ਲਈ ਗੁਰੂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਸ ਵਡਭਾਗੇ ਮਨੁੱਖ ਨੂੰ ਸੱਚਾ ਗੁਰੂ ਮਿਲ ਜਾਂਦਾ ਹੈ, ਉਹ ਉਸ ਨੂੰ ਨਾਮ ਦੀ ਦਾਤ ਪ੍ਰਦਾਨ ਕਰਕੇ, ਉਸ ਦੇ ਔਗੁਣਾਂ ਨੂੰ ਦੂਰ ਕਰਕੇ ਉਸ ਦੇ ਜੀਵਨ ਦਾ ਕਲਿਆਣ ਕਰਦਾ ਹੈ। ਗੁਰੂ ਦੇ ਸ਼ਬਦ ਦਾ ਗਿਆਨ ਪ੍ਰਾਪਤ ਕਰਕੇ ਉਹ ਹਉਮੈ ਤੇ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਮਹਾ ਸੁੱਖ ਪਾਉਂਦਾ ਹੈ ਤੇ ਸੱਚ ਦਾ ਵਪਾਰ ਕਰਦਾ ਹੈ–

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ। ਅਵਗਣ ਮੇਟੈ ਗੁਣਿ ਨਿਸਤਾਰੈ।
ਮੁਕਤਿ ਮਹਾਸੁਖ ਗੁਰ ਸਬਦੁ ਬੀਚਾਰਿ। ਗੁਰਮੁਖਿ ਕਦੇ ਨ ਆਵੈ ਹਾਰਿ।
ਤਨੁ ਹਟੜੀ ਇਹੁਮਨੁ ਵਣਜਾਰਾ। ਮਾਣਕ ਸਹਜੇ ਸਚੁ ਵਾਪਾਰਾ।

ਗੁਰੂ ਜੀ ਅਨੁਸਾਰ ਅਸਲੀ ਜੋਗੀ ਉਹ ਹੈ ਜੋ 'ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ' ਭਾਵ ਜਿਹੜਾ ਆਪਣੇ ਆਪੇ ਨੂੰ ਮਿਟਾ ਕੇ ਨਿਰਲੇਪ, ਨਿਰਾਲਮ ਹੋਵੇ। ਜਦੋਂ ਜੋਗੀ ਗੁਰੂ ਜੀ ਨੂੰ ਪੁੱਛਦੇ ਹਨ ਕਿ ਜੀਵ ਕਿੱਥੋਂ ਆਉਂਦਾ ਹੈ ਤੇ ਕਿੱਥੇ ਜਾਂਦਾ ਹੈ, ਕਿੱਥੇ ਟਿਕਿਆ ਹੋਇਆ ਹੈ, ਜਿਹੜਾ ਵਿਅਕਤੀ ਇਨ੍ਹਾਂ ਸਵਾਲਾਂ ਦੇ ਰਹੱਸ ਨੂੰ ਸਮਝਾ ਦੇਵੇਗਾ ਅਸੀਂ ਉਨ੍ਹਾਂ ਨੂੰ ਲੋਭ–ਲਾਲਚ ਤੋਂ ਉੱਚਾ ਉੱਠਿਆ ਹੋਇਆ ਸਮਝਾਂਗੇ ਅਤੇ ਆਪਣਾ ਗੁਰੂ ਮੰਨਾਂਗੇ। ਗੁਰੂ ਜੀ ਇਸ ਦਾ ਉੱਤਰ ਦਿੰਦੇ ਹੋਏ ਕਹਿੰਦੇ ਹਨ ਕਿ–

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ।
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ।

ਪ੍ਰਭੂ ਆਪ ਹੀ ਇਸ ਜੀਵ ਦੀ ਰਚਨਾ ਕਰਨ ਵਾਲਾ ਤੇ ਆਪ ਹੀ ਉਹ ਇਸ ਨੂੰ ਆਪਣੇ ਨਾਲ ਜੋੜਦਾ ਹੈ। ਪੂਰੇ ਗੁਰੂ ਦੇ ਯਤਨਾਂ ਨਾਲ ਹੀ ਸੱਚ ਦੀ ਕਮਾਈ ਹੋ ਸਕਦੀ ਹੈ ਤੇ ਗੁਰੂ ਸ਼ਬਦ ਦੁਆਰਾ ਹੀ ਉਸ ਦੀ ਬੇਅੰਤਤਾ ਦੀ ਸੋਝੀ ਹੁੰਦੀ ਹੈ। ਅੱਗੇ ਜੋਗੀ ਗੁਰੂ ਜੀ ਨੂੰ ਸੁਆਲ ਕਰਦੇ ਹਨ ਕਿ ਇਹ ਮਨ ਕਿੱਥੇ ਵੱਸਦਾ ਹੈ, ਇਸ ਨੂੰ ਕਿਵੇਂ ਕਾਬੂ ਕੀਤਾ ਜਾ ਸਕਦਾ ਹੈ ਤਾਂ ਜੋ ਮਨ ਦੀ ਭਟਕਣ ਮੁੱਕ ਜਾਵੇ। ਗੁਰੂ ਜੀ ਇਸ ਦਾ ਜਵਾਬ ਦਿੰਦੇ ਹੋਏ ਕਹਿੰਦੇ ਹਨ-

ਇਹ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ।
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ।

ਗੁਰਮੁਖ, ਜਿਹੜਾ ਕਿ ਪਰਮਾਤਮਾ ਦੇ ਰੰਗ ਵਿਚ ਰੰਗਿਆ ਹੋਇਆ ਹੈ ਉਸ ਨੂੰ ਇੱਥੇ -ਉੱਥੇ, ਲੋਕ-ਪ੍ਰਲੋਕ ਵਿਚ ਇਕੋ ਪਰਮਾਤਮਾ ਹੀ ਨਜ਼ਰ ਆਉਂਦਾ ਹੈ। ਜੋਗੀ ਗੁਰੂ ਜੀ ਨੂੰ ਆਪਣੀ ਸ਼ੰਕਾ ਦਾ ਨਿਵਾਰਨ ਕਰਨ ਲਈ ਪੁੱਛਦੇ ਹਨ ਕਿ ਇਸ ਦੁਨੀਆ ਦੀ ਉਤਪਤੀ ਕਿਵੇਂ ਹੁੰਦੀ ਹੈ ਅਤੇ ਕਿਸ ਦੁੱਖ ਨਾਲ ਇਸ ਦਾ ਵਿਨਾਸ਼ ਹੋ ਸਕਦਾ ਹੈ। ਗੁਰੂ ਜੀ ਇਸ ਦਾ ਜਵਾਬ ਦਿੰਦੇ ਹਨ ਕਿ ਹੇ ਜੋਗੀ, ਇਸ ਜਗਤ ਦੀ ਉਤਪਤੀ ਦਾ ਕਾਰਨ ਹਉਮੈ ਹੈ। ਹਉਮੈ ਤੋਂ ਉਤਪੰਨ ਹੋਣ ਅਤੇ ਨਾਮ ਨੂੰ ਭੁਲਾਉਣ ਦੇ ਕਾਰਨ ਜਗਤ ਦੇ ਲੋਕ ਦੁੱਖ ਪਾਉਂਦੇ ਹਨ। ਇਸ ਕਰਕੇ ਪਰਮਾਤਮਾ ਨੂੰ ਭੁਲਾ ਕੇ ਮਨੁੱਖ ਦੁੱਖਾਂ ਦਾ ਭਾਗੀ ਬਣਦਾ ਹੈ। ਗੁਰਮੁਖ ਮਨੁੱਖ ਬ੍ਰਹਮ ਗਿਆਨ ਦੀ ਪ੍ਰਾਪਤੀ ਦੁਆਰਾ, ਹਉਮੈ ਨੂੰ ਸ਼ਬਦ ਦੁਆਰਾ, ਸਿਮਰਨ ਦੁਆਰਾ ਜਲਾ ਦਿੰਦਾ ਹੈ। ਹਉਮੈ ਦੇ ਜਲ ਜਾਣ ਨਾਲ ਉਸ ਦਾ ਤਨ, ਮਨ ਤੇ ਬਾਣੀ ਨਿਰਮਲ ਹੋ ਜਾਂਦੇ ਹਨ ਤੇ ਜੀਵ ਸੱਚੇ ਪਰਮਾਤਮਾ ਨਾਲ ਇਕਸੁਰ ਹੋ ਜਾਂਦਾ ਹੈ।

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ।
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ।
ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ।
ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ।

'ਸਿਧ ਗੋਸਟਿ' ਦੀ ਅੰਤਲੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇ ਕੋਈ ਮਨੁੱਖ ਸੋਚੇ ਕਿ ਉਸ ਨੇ ਪਰਮਾਤਮਾ ਦੀ ਸਾਰੀ ਰਮਜ਼, ਜੁਗਤ ਜਾਂ ਵਡਿਆਈ ਦਾ ਭੇਤ ਪਾ ਲਿਆ ਹੈ ਤਾਂ ਇਹ ਉਸ ਦੀ ਭੁੱਲ ਹੈ, ਕਿਉਂਕਿ ਆਪਣੀ ਸਮੁੱਚੀ ਗਤਿ ਮਤਿ ਤਾਂ ਪ੍ਰਭੂ ਆਪ ਹੀ ਜਾਣਦਾ ਹੈ। ਅਨੇਕਾਂ ਸਿੱਧ-ਸਾਧਕ ਉਸ ਦੇ ਭੇਤਾਂ ਨੂੰ ਖੋਜਦੇ ਹੋਏ ਇਸ ਦੁਨੀਆ ਤੋਂ ਚਲੇ ਗਏ ਪਰ ਕੋਈ ਉਸ ਦੇ ਭੇਤ ਨੂੰ ਨਹੀਂ ਜਾਣ ਸਕਿਆ। ਉਸ ਪਰਮਾਤਮਾ ਨੇ ਹੀ ਇਸ ਸਾਰੇ ਜਗਤ ਦਾ ਖੇਲ ਰਚਾਇਆ ਹੈ, ਇਹ ਸਾਰੀ ਲੀਲਾ ਉਸੇ ਪ੍ਰਭੂ ਦੀ ਰਚੀ ਹੋਈ ਹੈ, ਉਹ ਹੀ ਇਸ ਨੂੰ ਜਾਣਦਾ ਹੈ ਤੇ ਉਸ ਦੇ ਮੁਕਾਬਲੇ ਉਸ ਵਰਗੀ ਕੋਈ ਸ਼ਕਤੀ ਨਹੀਂ। ਗੁਰੂ ਜੀ ਫੁਰਮਾਉਂਦੇ ਹਨ-

ਤੇਰੀ ਗਤਿ ਮਿਤਿ ਤੁਹੈ ਜਾਣਹਿ ਕਿਆ ਕੋ ਆਖਿ ਵਖਾਣੈ।
ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ।
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ।
ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ।
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ।

ਨਾਨਕ ਸਭਿ ਜੁਗ ਆਪੇ ਵਰਤੇ ਦੂਜਾ ਅਵਰੁ ਨਾ ਕੋਈ।

ਅਸਲ ਵਿਚ ਗੁਰਮਤਿ ਦਾ ਮਾਰਗ 'ਸਹਿਜ ਅਵਸਥਾ' ਦਾ ਮਾਰਗ ਭਾਵ ਜੀਵਨਮਈ ਹੈ, ਜਦੋਂ ਕਿ ਯੋਗ ਦਾ ਮਾਰਗ ਜੀਵਨ ਪ੍ਰਤੀ ਉਦਾਸੀਨਤਾ ਨਾਲ ਪੂਰੀ ਤਰ੍ਹਾਂ ਰੰਗਿਆ ਹੋਇਆ ਹੈ। ਗੁਰਮਤਿ ਸੰਸਾਰ ਵਿਚ ਰਹਿੰਦਿਆਂ, ਜੀਵਨ ਦਾ ਆਨੰਦ ਮਾਣਦਿਆਂ, ਕਾਰ-ਵਿਹਾਰ ਕਰਦਿਆਂ, ਮਾਇਆ ਤੋਂ ਨਿਰਲੇਪ ਰਹਿੰਦਿਆਂ, ਸ਼ਬਦ ਗੁਰੂ ਨੂੰ ਅਪਣਾਉਂਦਿਆਂ ਨਾਮ ਸਿਮਰਨ ਕਰਨ 'ਤੇ ਜ਼ੋਰ ਦਿੰਦਿਆਂ ਜੀਵਨ ਮੁਕਤ ਹੋਣ ਦਾ ਰਾਹ ਵਿਖਾਉਂਦਾ ਹੈ। ਗੁਰੂ ਜੀ ਅਨੁਸਾਰ ਜਿਹੜਾ ਆਪਣੇ ਆਪ ਨੂੰ ਮਾਨਸਿਕ, ਅਧਿਆਤਮਕ ਪੂਰਨਤਾ ਦੀ ਪੱਧਰ ਤੱਕ ਉਚਿਆ ਲੈਂਦਾ ਹੈ, ਅਸਲ ਵਿਚ ਉਹੀ ਜੋਗੀ ਹੈ।

## ਹਵਾਲੇ


1. 'ਰਤਨ', ਮੋਹਨ ਸਿੰਘ,(ਪ੍ਰੋ.), ਸਿਧ ਗੋਸਟਿ ਇਕ ਸਰਬਪੱਖੀ ਅਧਿਐਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1970, ਪੰਨਾ-39
2. ਪੰਜਾਬੀ ਸਾਹਿਤ ਦਾ ਇਤਿਹਾਸ (ਪੁਰਾਤਨ ਕਾਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963, ਪੰਨਾ-27
3. ਜੱਗੀ, ਰਤਨ ਸਿੰਘ (ਸੰਪਾ.), ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ-223
4. ਨਾਭਾ, ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਪਹਿਲੀ, 2009, ਪੰਨਾ-456
5. ਨਾਲੰਦਾ ਵਿਸ਼ਾਲ ਸ਼ਬਦ ਸਾਗਰ, ਨਿਊ ਇੰਪੀਰੀਅਲ ਬੁਕ ਡੀਪੋ, ਦਿੱਲੀ, 2007 ਬਿਕ੍ਰਮੀ, ਪੰਨਾ-1446
6. ਜੱਗੀ, ਰਤਨ ਸਿੰਘ, (ਸੰਪਾ.), ਸਾਹਿੱਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ-398
7. ਨਾਭਾ, ਕਾਨ੍ਹ ਸਿੰਘ (ਭਾਈ), ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਦੂਜੀ, 2010, ਪੰਨਾ-984


□□□

# ਸੰਤੋਖ ਸਿੰਘ ਧੀਰ ਦੀ ਨਾਵਲੀ ਚੇਤਨਾ

## ('ਉਹ ਦਿਨ' ਅਤੇ 'ਯਾਦਗਾਰ' ਦੇ ਆਧਾਰ 'ਤੇ)

*ਡਾ. ਪਰਮਜੀਤ ਕੌਰ ਸਿੱਧੂ*

ਸੰਤੋਖ ਸਿੰਘ ਧੀਰ ਲੋਕ ਹਿੱਤਾਂ ਨੂੰ ਪ੍ਰਣਾਇਆ ਪੰਜਾਬੀ ਦਾ ਅਜਿਹਾ ਸਰਬਾਂਗੀ ਸਾਹਿਤਕਾਰ ਹੈ ਜਿਸ ਨੇ ਆਪਣੀ ਮਜ਼ਬੂਤ ਲੇਖਣੀ ਰਾਹੀਂ ਆਪਣੀ ਤਾ-ਉਮਰ ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਤੇ ਮਜ਼ਲੂਮਾਂ ਦੇ ਹੱਕ ਵਿੱਚ ਆਵਾਜ਼ ਉਠਾਈ। ਧੀਰ ਉਹਨਾਂ ਪ੍ਰਤਿਬੱਧ ਲੇਖਕਾਂ ਵਿੱਚੋਂ ਸੀ ਜਿਹੜੇ ਨਿਡਰ ਹੋ ਕੇ ਆਪਣੀ ਲੇਖਣੀ ਦੇ ਫਰਜ਼ ਨੂੰ ਨਿਭਾਉਂਦੇ ਹਨ। ਆਪਣੇ ਇਸ ਫਰਜ਼ ਨੂੰ ਨਿਭਾਉਂਦਿਆਂ ਸੰਤੋਖ ਸਿੰਘ ਧੀਰ ਨੇ ਆਪਣੀਆਂ ਲਿਖਤਾਂ ਰਾਹੀਂ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਹੋਣੀ ਲਈ ਸੰਘਰੀਲ ਹੋਣ ਲਈ ਪ੍ਰੇਰਿਆ। ਧੀਰ ਨੇ ਨਾ ਸਿਰਫ਼ ਆਪਣੀ ਲੇਖਣੀ ਰਾਹੀਂ ਸਗੋਂ ਆਪਣੇ ਵਿਹਾਰਕ ਜੀਵਨ ਅਮਲ ਵਿੱਚ ਵੀ ਮਜ਼ਲੂਮਾਂ ਤੇ ਵਿਹੂਣਿਆਂ ਦਾ ਸਾਥ ਦਿੰਦਿਆਂ ਜੇਲ੍ਹ ਯਾਤਰਾ ਵੀ ਕੀਤੀ। ਉਸਨੇ ਖੱਬੇ ਪੱਖੀ ਰਾਜਨੀਤੀ ਵਿੱਚ ਸਰਗਰਮ ਭੂਮਿਕਾ ਨਿਭਾਈ। ਸੰਤੋਖ ਸਿੰਘ ਧੀਰ ਦੀਆਂ ਰਚਨਾਵਾਂ ਵਿੱਚ ਸਮਾਜ ਵਿਚਲੀ ਆਰਥਿਕ ਨਾ-ਬਰਾਬਰੀ, ਜਾਤ-ਪਾਤ, ਊਚ-ਨੀਚ ਅਤੇ ਫਿਰਕਾਪ੍ਰਸਤੀ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਮਿਲਦੀ ਹੈ। ਸੰਤੋਖ ਸਿੰਘ ਧੀਰ ਦੀਆਂ ਰਚਨਾਵਾਂ ਦਾ ਕੇਂਦਰੀ ਧੁਰਾ ਹਮੇਸ਼ਾ ਹੀ ਸਾਧਾਰਨ ਤੇ ਸ਼ੋਸ਼ਿਤ ਮਨੁੱਖ ਰਿਹਾ ਹੈ ਜਿਹੜਾ ਆਪਣੇ ਵਰਗੇ ਹੋਰ ਮਨੁੱਖਾਂ ਦੀ ਬੰਦਖਲਾਸੀ ਅਤੇ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਦੇ ਵਿਰੁੱਧ ਸੰਘਰਸ਼ਸ਼ੀਲ ਹੈ। ਆਪਣੇ ਸਾਹਿਤਕਾਰ ਦੇ ਸਮਾਜਿਕ ਰੋਲ ਨੂੰ ਪਛਾਣਦਿਆਂ ਸੰਤੋਖ ਸਿੰਘ ਧੀਰ ਨੇ ਆਪਣੀਆਂ ਲਿਖਤਾਂ ਵਿੱਚ ਮਾਨਵੀ ਕਦਰਾਂ ਕੀਮਤਾਂ ਪ੍ਰਤਿ ਸੁਹਿਰਦਤਾ, ਸਾਧਾਰਨ ਮਨੁੱਖ ਪ੍ਰਤੀ ਸਹਾਨੁਭੂਤੀ, ਵਿਤਕਰਿਆਂ ਭਰਪੂਰ ਸਮਾਜ ਪ੍ਰਤਿ ਨਫ਼ਰਤ ਦੀ ਭਾਵਨਾ ਨੂੰ ਪੂਰੀ ਪ੍ਰਤਿਬੱਧਤਾ ਨਾਲ ਪੇਸ਼ ਕੀਤਾ।

ਸੰਤੋਖ ਸਿੰਘ ਧੀਰ ਦਾ ਸਾਹਿਤਕ ਸਫ਼ਰ ਅੱਧੀ ਸਦੀ ਤੋਂ ਉੱਪਰ (1944-2010) ਦਾ ਹੈ। ਉਸ ਦੀਆਂ ਸਾਹਿਤਕ ਰਚਨਾਵਾਂ ਅਤੇ ਵਿਧਾਵਾਂ ਦੀ ਫਹਿਰਿਸਤ ਲੰਮੀ ਹੈ। ਧੀਰ ਨੇ ਪੰਜਾਬੀ ਨੂੰ 14 ਕਾਵਿ ਸੰਗ੍ਰਹਿ, 10 ਕਹਾਣੀ ਸੰਗ੍ਰਹਿ, ਅੱਠ ਨਾਵਲ, ਇੱਕ ਸਫ਼ਰਨਾਮਾ, ਜੀਵਨੀ, ਸਾਹਿਤਕ ਸਵੈਜੀਵਨੀ, ਚਿੱਠੀਆਂ, ਨਿਬੰਧ ਸੰਗ੍ਰਹਿ, ਡਾਇਰੀ, ਲੋਕ ਸਾਹਿਤ

*ਅਸਿਸਟੈਂਟ ਪ੍ਰੋਫੈਸਰ,*
*ਕੁਰੂਕਸ਼ੇਤੇਰ ਯੂਨੀਵਰਸਿਟੀ,*
*ਕੁਰੂਕਸ਼ੇਤਰ।*
*ਫੋਨ : 9588350571*

ਰਚਨਾਵਾਂ ਤੋਂ ਇਲਾਵਾ ਨਾਟਕੀ ਰੂਪਾਂਤਰਨ ਅਤੇ ਅਨੁਵਾਦ ਦੇ ਖੇਤਰ ਵਿੱਚ ਵੀ ਕੰਮ ਕੀਤਾ। ਉਸ ਦੇ ਸਾਹਿਤਕ ਯੋਗਦਾਨ ਬਦਲੇ ਉਸ ਨੂੰ ਸਾਹਿਤ ਅਕਾਦਮੀ ਅਤੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਜਿਹੇ ਮਾਣ-ਸਨਮਾਨ ਵੀ ਮਿਲੇ।

ਸੰਤੋਖ ਸਿੰਘ ਧੀਰ ਭਾਵੇਂ ਬਹੁ-ਵਿਧਾਈ ਲੇਖਕ ਹੈ ਪਰ ਉਸ ਨੂੰ ਵਧੇਰੇ ਮਾਨਤਾ ਕਵਿਤਾ ਤੇ ਕਹਾਣੀ ਦੇ ਖੇਤਰ ਵਿੱਚ ਮਿਲੀ। ਧੀਰ ਦੀ ਕਵਿਤਾ ਵਿੱਚ ਲੋਕ ਮੁਹਾਵਰੇ ਵਾਲੀ ਸ਼ੈਲੀ ਤੋਂ ਲੈ ਕੇ ਸਿੱਧੇ ਤੌਰ 'ਤੇ ਪ੍ਰਗਤੀਵਾਦੀ ਵਿਚਾਰਾਂ ਨੂੰ ਅਭਿਵਿਅਕਤ ਕਰਨ ਵਾਲੀ ਕਵਿਤਾ ਮਿਲਦੀ ਹੈ। ਕਹਾਣੀ ਦੇ ਖੇਤਰ ਵਿੱਚ ਉਸ ਨੇ (ਕੋਈ ਇੱਕ ਸਵਾਰ) ਅਤੇ (ਸਾਂਝੀ ਕੰਧ) ਵਰਗੀਆਂ ਕਹਾਣੀਆਂ ਪੰਜਾਬੀ ਜਗਤ ਨੂੰ ਦਿੱਤੀਆਂ ਜੋ ਸਿਰਫ਼ ਭਾਰਤ ਵਿਜ ਹੀ ਨਹੀਂ ਸਗੋਂ ਵਿਸ਼ਵ ਕਥਾ ਸਾਹਿਤ ਨਾਲ ਵਰ ਮੇਚਣ ਦੇ ਸਮਰੱਥ ਹਨ। ਧੀਰ ਦੀਆਂ ਕਹਾਣੀਆਂ ਵਿੱਚ ਕਲਾ ਤੇ ਵਿਚਾਰਧਾਰਾ ਦਾ ਜੋ ਸੰਤੁਲਨ ਪੇ ਹੋਇਆ ਹੈ ਉਹ ਕਮਾਲ ਦਾ ਹੈ। ਪ੍ਰੋ ਗੁਰਦਿਆਲ ਸਿੰਘ ਸੰਤੋਖ ਸਿੰਘ ਧੀਰ ਦੇ ਕਥਾ ਜਗਤ ਬਾਰੇ ਟਿੱਪਣੀ ਕਰਦਿਆਂ ਲਿਖਦਾ ਹੈ :

ਸੰਤੋਖ ਸਿੰਘ ਧੀਰ ਉਸ ਯੁੱਗ ਦੇ ਸਭ ਤੋਂ ਪ੍ਰਸਿੱਧ ਕਹਾਣੀਕਾਰ ਤੇ ਕਵੀ ਸਨ। ਉਹਨਾਂ ਦੀ ਇੱਕੋ ਇੱਕ ਕਹਾਣੀ (ਕੋਈ ਇੱਕ ਸਵਾਰ) ਹੀ ਅਜਿਹੀ ਰਚਨਾ ਸੀ ਜਿਸ ਦੇ ਆਧਾਰ ('ਤੇ ਉਹਨਾਂ ਨੂੰ ਸਰਵਸ੍ਰੇਸ਼ਠ ਕਹਾਣੀਕਾਰ ਮੰਨਿਆ ਜਾ ਸਕਦਾ ਸੀ। 1

ਸੰਤੋਖ ਸਿੰਘ ਧੀਰ ਦਾ ਕਵੀ ਅਤੇ ਕਹਾਣੀਕਾਰ ਦੇ ਤੌਰ 'ਤੇ ਕੱਦ ਬਹੁਤ ਉੱਚਾ ਹੈ ਪਰ ਜੇਕਰ ਉਸ ਦੀ ਨਾਵਲਕਾਰੀ ਦੀ ਗੱਲ ਕਰੀਏ ਤਾਂ ਉਸ ਦੇ ਨਾਵਲਾਂ ਵਿੱਚ ਨਾ ਤਾਂ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਕਲਾਤਮਕ ਤੌਰ 'ਤੇ ਕੋਈ ਪ੍ਰੋੜਤਾ ਨਜ਼ਰ ਆਉਂਦੀ ਹੈ। ਧੀਰ ਨੇ ਪਹਿਲਾ ਨਾਵਲ ਦੋ ਫੁੱਲ 1963 ਵਿੱਚ ਲਿਖਿਆ। ਇਸ ਤੋਂ ਬਾਅਦ ਉਹ ਦਿਨ, ਯਾਦਗਾਰ, ਮੈਨੂੰ ਇੱਕ ਸੁਫਨਾ ਆਇਆ, ਹਿੰਦੁਸਤਾਨ ਹਮਾਰਾ, ਨਵਾਂ ਜਨਮ, ਨਹੀਂ ਜੀ, ਖਿਮਾ ਸਮੇਤ ਕੁੱਲ ਅੱਠ ਨਾਵਲ ਪੰਜਾਬੀ ਸਾਹਿਤ ਜਗਤ ਨੂੰ ਦਿੱਤੇ। ਇਹਨਾਂ ਵਿੱਚੋਂ ਉਹ ਦਿਨ ਅਤੇ ਯਾਦਗਾਰ ਨਾਵਲ ਵਧੇਰੇ ਚਰਚਿਤ ਹੋਏ। ਇਹਨਾਂ ਦੋਹਾਂ ਨਾਵਲਾਂ ਨੇ ਆਪੋ-ਆਪਣੀ ਵਿਲੱਖਣ ਰਚਨਾ ਵਿਧੀ ਜਾਂ ਥੀਮਕ ਸਾਰਥਕਤਾ ਸਦਕਾ ਪੰਜਾਬੀ ਪਾਠਕਾਂ ਤੇ ਆਲੋਚਕਾਂ ਦਾ ਧਿਆਨ ਆਕ੍ਰਸ਼ਿਤ ਕੀਤਾ। ਪੰਜਾਬੀ ਨਾਵਲ ਵਿੱਚ ਗੰਭੀਰ ਚਰਚਾ ਤੇ ਤਿੱਖੇ ਵਾਦ-ਵਿਵਾਦ ਨੂੰ ਜਨਮ ਦੇਣ ਵਾਲੇ ਇਹ ਦੋਵੇਂ ਨਾਵਲ ਆਪੋ-ਆਪਣੀ ਥਾਂ ਮਹੱਤਵਪੂਰਨ ਹਨ। ਧੀਰ ਦੇ ਤਕਰੀਬਨ ਸਾਰੇ ਨਾਵਲ ਉਸ ਦੇ ਨਿੱਜੀ ਜੀਵਨ ਦੁਆਲੇ ਘੁੰਮਦੇ ਹਨ। ਧੀਰ ਦੇ ਨਾਵਲਾਂ ਦੇ ਵਿਸ਼ੇਸ਼ ਅਤੇ ਨਿਭਾਅ ਬਾਰੇ ਗੁਰਬਚਨ ਭੁੱਲਰ ਦੀ ਕਾਵਿਕ ਟਿੱਪਣੀ ਮਹੱਤਵਪੂਰਨ ਹੈ :

ਇਹ ਸਾਰੇ ਨਾਵਲ ਉਸ ਦੇ ਜ਼ਾਤੀ ਜੀਵਨ ਦੁਆਲੇ ਘੁੰਮਦੇ ਹਨ। ਇਹਨਾਂ ਦਾ ਗਲਪੀ ਰੰਗ ਗੂੜ੍ਹਾ ਕਰਨ ਲਈ ਉਹਨੇ ਘਟਨਾਵਲੀ ਵਿੱਚ ਕੋਈ ਤਿੱਖੇ ਕਾਲਪਨਿਕ ਮੋੜ ਨਹੀਂ ਲਿਆਂਦੇ। ਇੰਞ ਇਹ ਪੰਜਾਬੀ ਨਾਵਲ ਦੀਆਂ ਪਰੰਪਰਕ ਲੀਹਾਂ ਤੋਂ ਹਟਵੇਂ ਤੁਰੇ ਹਨ ਅਤੇ ਇਹਨਾਂ ਵਿੱਚ ਪ੍ਰਚੱਲਤ ਕਥਾ ਜੁਗਤਾਂ ਦੀ ਵਰਤੋਂ ਘੱਟ ਹੀ ਕੀਤੀ ਗਈ ਹੈ। ਉਦਾਹਰਨ ਵਜੋਂ ਉਸ ਦਾ ਨਾਵਲ ਯਾਦਗਾਰ ਨਾਇਕ ਪਿਤਾ ਅਤੇ ਨਾਇਕਾ ਪੁੱਤਰੀ ਦੇ ਮੋਹ ਦੀ ਮੁੱਖ ਕਹਾਣੀ ਅਤੇ ਇਸ ਕਹਾਣੀ ਦੇ ਰੰਗਾਂ ਨੂੰ ਨਿਖਾਰਦੀ ਹੋਈ ਇਕ ਲੇਖਕ ਪਾਤਰ ਤੇ ਨਾਇਕਾ ਦੇ ਅਦੁੱਤੀ ਸਨੇਹ ਦੀ ਅਧੀਨ ਕਹਾਣੀ ਦੀ ਅਦੁੱਤੀ ਰਚਨਾ ਹੈ। ਉਸ ਨੇ ਇਸ ਨਾਵਲ ਦੇ ਫੁੱਲ ਬੂਟੇ ਪਾਉਣ ਲਈ ਬੜੇ

ਮੱਠੇ-ਮੱਠੇ ਰੰਗ ਚੁਣੇ ਹਨ, ਸਿਰ ਨੂੰ ਚੜ੍ਹਨ ਵਾਲੀ ਤਿੱਖੇ ਅਤਰਾਂ ਦੀ ਗੰਧ ਦੀ ਥਾਂ ਰਾਤ ਦੀ ਰਾਣੀ ਦੀ ਭਿੰਨੀ-ਭਿੰਨੀ ਖ਼ੁਸ਼ਬੋ ਸੰਜੋਈ ਹੈ, ਗੂੰਜਵੇਂ ਸੁਰਾਂ ਦੀ ਥਾਂ ਚਾਨਣੀ ਰਾਤ ਵਿੱਚ ਕਿਤੇ ਦੂਰ ਵੱਜਦੀ ਬੰਸਰੀ ਦੀ ਲੈਅ ਫੜੀ ਹੈ ਅਤੇ ਅੱਖੜ ਪਹੜੀ ਨਾਲੇ ਦੀ ਥਾਂ ਸ਼ਾਂਤ ਵਗਦੀ ਨਦੀ ਦੀ ਤੋਰ ਭਰੀ ਹੈ। 2

ਇੱਕ ਪਾਸੇ ਸੰਤੋਖ ਸਿੰਘ ਧੀਰ ਦਾ ਕਾਵਿ ਤੇ ਕਥਾ ਜਗਤ ਹੈ, ਦੂਜੇ ਪਾਸੇ ਉਸ ਦੀਆਂ ਨਾਵਲੀ ਕਿਰਤਾਂ। ਸੰਤੋਖ ਸਿੰਘ ਧੀਰ ਪ੍ਰਤੀਬੱਧ ਲੇਖਕ ਹੈ। ਸਮਾਜਿਕ ਤੌਰ 'ਤੇ ਚੇਤੰਨ ਅਤੇ ਆਪਣੇ ਸਮਾਜਿਕ ਫ਼ਰਜ਼ ਪ੍ਰਤੀ ਪ੍ਰਤੀਬੱਧ ਲੇਖਕ ਕੋਲੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣੀ ਲੇ ਖਣੀ ਰਾਹੀਂ ਸਮਾਜ ਦੀ ਇਸ ਤਰ੍ਹਾਂ ਪੇਸ਼ਕਾਰੀ ਕਰੇ ਕਿ ਉਹ ਪਾਠਕ ਨੂੰ ਸੁਹਜਾਤਮਕ ਆਨੰਦ ਵੀ ਦੇ ਸਕੇ ਅਤੇ ਕੋਈ ਸਾਰਥਿਕ ਸੇਧ ਵੀ। ਜਦੋਂ ਅਸੀਂ ਧੀਰ ਦੇ ਨਾਵਲਾਂ ਦਾ ਅਧਿਐਨ ਕਰਦੇ ਹਾਂ ਤਾਂ ਕਿਤੇ ਨਾ ਕਿਤੇ ਸਾਡਾ ਇਹ ਆਪਣੇ ਸਮਾਜਿਕ ਰੋਲ ਪ੍ਰਤੀ ਸੱਜਗ ਲੇਖਕ ਆਪਣੀ ਜ਼ੁੰਮੇਵਾਰੀ ਤੋਂ ਦੂਰ ਨਜ਼ਰ ਆਉਂਦਾ ਹੈ। ਜਿੱਥੋਂ ਤੱਕ ਨਾਵਲ ਉਹ ਦਿਨ ਦਾ ਸਬੰਧ ਹੈ ਇਸ ਦਾ ਮੁੱਖ ਵਿਸ਼ਾ ਮਨੁੱਖ ਦੀ ਕਾਮ ਪ੍ਰਵਿਰਤੀ ਨਾਲ ਜੁੜਿਆ ਹੋਇਆ ਹੈ। ਇਸ ਨਾਵਲ ਵਿੱਚੋਂ ਨਾ ਤਾਂ ਲੇਖਕ ਦੀ ਪ੍ਰਗਤੀਵਾਦੀ ਦ੍ਰਿਸ਼ਟੀ ਦੀ ਸੁਰ ਉਭਰਵੇਂ ਰੂਪ ਵਿੱਚ ਸੁਣਾਈ ਦਿੰਦੀ ਹੈ ਅਤੇ ਨਾ ਹੀ ਉਹ ਮਨੁੱਖੀ ਮਨ ਦੀਆਂ ਅੰਦਰਲੀਆਂ ਪਰਤਾਂ ਨੂੰ ਬਾਹਰਮੁਖੀ ਯਥਾਰਥ ਨਾਲ ਅੰਤਰ ਸਬੰਧਿਤ ਕਰਦੀ ਹੋਈ ਮਨੁੱਖ ਦੇ ਕਾਮੁਕ ਅਤੇ ਆਰਥਿਕਤਾ ਦੇ ਵਿਹਾਰ ਨੂੰ ਪਕੜਦੀ ਹੈ। ਲੇਖਕ ਨੇ ਆਪਣੇ ਇਸ ਨਾਵਲ ਵਿੱਚ ਮਨੁੱਖ ਦੀ ਇਸ ਮੁੱਢਲੀ ਬੁਨਿਆਦੀ ਲੋੜ ਕਾਮ ਤ੍ਰਿਪਤੀ ਨੂੰ ਉਲਾਰੂ ਰੂਪ ਵਿੱਚ ਪੇਸ਼ ਕਰਦਿਆਂ ਇਸ ਨੂੰ ਨਿਰੋਲ ਯੌਨ ਸਬੰਧਾਂ ਦੀ ਪੱਧਰ ਤੱਕ ਘਟਾ ਕੇ ਪਾਤਰਾਂ ਦੇ ਜਿਨਸੀ ਵਤੀਰੇ ਨੂੰ ਨਿੰਗ ਵਰਣਨ ਦੀ ਰਚਨਾ ਜੁਗਤ ਰਾਹੀਂ ਪੇ ਕੀਤਾ ਹੈ। ਧੀਰ ਇੱਥੈ ਪ੍ਰਕ੍ਰਿਤਕ ਯਥਾਰਥਵਾਦੀ ਰੁਚੀ ਦਾ ਸ਼ਿਕਾਰ ਹੁੰਦਾ ਹੋਇਆ ਜੀਵਨ ਦਾ ਸਰੀਰਕ ਚਿਤ੍ਰਣ ਅਤੇ ਅਸ਼ਲੀਲ ਪੱਖ ਹੀ ਪੇਸ਼ ਕਰਦਾ ਹੈ। ਇਸੇ ਕਾਰਨ ਧੀਰ ਦਾ ਇਹ ਨਾਵਲ ਆਲੋਚਕਾਂ ਦੀ ਆਲੋਚਨਾ ਦਾ ਸ਼ਿਕਾਰ ਹੋਇਆ। ਡਾ ਜੋਗਿੰਦਰ ਸਿੰਘ ਰਾਹੀ ਆਪਣੇ ਲੇਖ ((ਪੰਜਾਬੀ ਨਾਵਲ ਦੀ ਸਥਿਤੀ 1960 ਤੱਕ)) ਵਿੱਚ ਧੀਰ ਦੇ ਇਸ ਨਾਵਲ ਨੂੰ ਅਸ਼ਲੀਲਤਾ ਦੀ ਸ਼੍ਰੇਣੀ ਵਿੱਚ ਰੱਖਦਾ ਹੋਇਆ ਲਿਖਦਾ ਹੈ :

ਅਸ਼ਲੀਲ ਵਿਧੀ ਜਾਂ ਵਸਤੂ ਦਾ ਸਬੰਧ ਨਿਰਲੱਜਤਾ ਤੇ ਨੰਗੇਜ਼ਵਾਦੀ ਪ੍ਰਗਟਾਵੇ ਨਾਲ ਹੁੰਦਾ ਹੈ, ਜਿਸ ਦੀ ਮਿਸਾਲ ਸੰਤੋਖ ਸਿੰਘ ਧੀਰ ਦੇ ਪਿੱਛੇ ਛਪੇ ਨਾਵਲ ਉਹ ਦਿਨ ਵਿੱਚ ਮਿਲਦੀ ਹੈ। 3

ਇਸ ਨਾਵਲ ਦੀ ਮੁੱਖ ਸਮੱਸਿਆ ਇਸ ਵਿਚਲੇ ਪਾਤਰਾਂ ਦੀਆਂ ਦੋ ਬੁਨਿਆਦੀ ਲੋੜਾਂ ਰੋਟੀ ਅਤੇ ਕਾਮ ਦੀ ਸੁਭਾਵਿਕ ਤ੍ਰਿਪਤੀ ਦੀ ਅਣਹੋਂਦ ਵਿੱਚੋਂ ਆਪਣਾ ਰੂਪ ਗ੍ਰਹਿਣ ਕਰਦੀ ਹੋਈ ਮਨੁੱਖ ਵਿਚਲੀ ਉਲਾਰ ਕਾਮ ਪ੍ਰਵਿਰਤੀ ਨੂੰ ਮੁੱਖ ਤੌਰ 'ਤੇ ਆਪਣਾ ਵਿਸ਼ਾ ਬਣਾਉਂਦੀ ਹੈ। ਇਹ ਨਾਵਲ ਅਣਜੋੜ ਰਿਸ਼ਤੇ ਵਿੱਚੋਂ ਪੈਦਾ ਹੋਏ ਭਾਵੁਕ ਸੱਖਣੇਪਨ ਨੂੰ ਕੇਂਦਰ ਵਿੱਚ ਰੱਖਦਾ ਹੈ। ਨਾਵਲ ਵਿੱਚ ਪੇਸ਼ ਅਸਾਵੀਂ ਆਰਥਿਕਤਾ ਤੇ ਅਣਜੋੜ ਰਿਸ਼ਤੇ ਵਿੱਚੋਂ ਪੈਦਾ ਹੋਈ ਇਹ ਸਮੱਸਿਆ ਨਿਰੋਲ ਯੌਨ ਸਬੰਧਾਂ ਦੀ ਪੱਧਰ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਲੇਖਕ ਇਸ ਦੀ ਪ੍ਰਬਲਤਾ ਉਲਾਰਤਾ ਵਿੱਚੋਂ ਕੋਈ ਸਵਸਥ ਤਨਾਉ ਸਿਰਜਦਾ ਪ੍ਰਤੀਤ ਨਹੀਂ ਹੁੰਦਾ। ਨਾਵਲ ਦੀ ਕੇਂਦਰ ਪਾਤਰ ਸੁਹਣੀ ਸੁਣੱਖੀ, ਜਵਾਨ ਪਰ ਅਨਪੜ੍ਹ ਔਰਤ ਪ੍ਰਕਾਸ਼ ਹੈ ਜੋ ਆਪਣੀ ਪਿਤਾ ਦੇ ਉਮਰ ਦੇ ਪਤੀ ਨਾਲ

ਵਿਆਹੀ ਜਾਂਦੀ ਹੈ, ਜਿਸ ਦੀਆਂ ਦੋ ਬੀਵੀਆਂ ਹੋਰ ਹਨ। ਪ੍ਰਕਾਸ਼ ਦੇ ਮਾਂ-ਬਾਪ ਗਰੀਬ ਹਨ। ਉਸ 'ਤੇ ਆਪਣੇ ਬੁੱਢੇ ਮਾਂ-ਬਾਪ ਅਤੇ ਛੋਟੇ ਭਰਾ ਦੀ ਸਾਂਭ-ਸੰਭਾਲ ਦੀਆਂ ਲੋੜਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਹੈ। ਆਰਥਿਕ ਮਜ਼ਬੂਰੀਆਂ ਕਾਰਨ ਜਵਾਨ ਪ੍ਰਕਾ ਬੁੱਢੇ ਬਾਬੂ ਨਾਲ ਵਿਆਹੀ ਜਾਂਦੀ ਹੈ। ਬਾਬੂ ਨਾਲ ਵਿਆਹ ਤੋਂ ਬਾਅਦ ਪ੍ਰਕਾਸ਼ ਦੀਆਂ ਆਰਥਿਕ ਲੋੜਾਂ ਤਾਂ ਪੂਰੀਆਂ ਹੋ ਜਾਂਦੀਆਂ ਹਨ ਪਰ ਉਹ ਭਾਵੁਕ ਅਤ੍ਰਿਪਤੀ ਸਹਿੰਦੀ ਹੋਈ ਭਟਕਣਾ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਭਟਕਣਾ ਵਿੱਚ ਉਹ ਇੱਕ ਤੋਂ ਬਾਅਦ ਦੂਜੀ ਥਾਂ ਜਿਨਸੀ ਸਬੰਧ ਬਣਾਉਂਦੀ ਤੇ ਦੁਖਾਂਤ ਭੋਗਦੀ ਹੈ। ਡਾ ਦਵੇਸ਼ਵਰ ਨੇ ਪ੍ਰਕਾਸ਼ ਦੀ ਇਸ ਭਟਕਣਾ ਤੇ ਦੁਖਾਂਤ ਬਾਰੇ ਟਿੱਪਣੀ ਕਰਦਿਆਂ ਲਿਖਿਆ ਹੈ :

ਉਸ ਦਾ ਦੁਖਾਂਤ ਇਸ ਗੱਲ ਵਿੱਚ ਹੈ ਕਿ ਜਿਹੜੇ ਵਿਅਕਤੀ ਉਸ ਲਈ ਰੋਟੀ ਦਾ ਪ੍ਰਬੰਧ ਕਰ ਸਕਦੇ ਹਨ, ਉਹ ਉਸ ਦੀ ਕਾਮ ਲੋੜ ਦੀ ਪੂਰਤੀ ਨਹੀਂ ਕਰ ਸਕਦੇ ਅਤੇ ਜਿਹੜੇ ਉਸ ਦੀ ਕਾਮ ਪੂਰਤੀ ਕਰਦੇ ਹਨ, ਉਹ ਉਸ ਦੀ ਰੋਟੀ ਦੀ ਸਮੱਸਿਆ ਹੱਲ ਕਰਨ ਦੇ ਯੋਗ ਨਹੀਂ, ਸਗੋਂ ਉਹ ਖੁਦ ਰੋਟੀ ਕਮਾਉਣ ਦੀ ਸਮੱਸਿਆ ਵਿੱਚ ਗ੍ਰਸੇ ਹੋਏ ਹਨ। 4

ਪ੍ਰਕਾਸ਼ ਪੰਜਾਬੀ ਦੇ ਇੱਕ ਰਸਾਲੇ ਦੇ ਐਡੀਟਰ ਨਾਲ ਪ੍ਰੀਤ ਨਾਲ ਸਬੰਧ ਬਣਾਉਂਦੀ ਹੈ। ਨਾਵਲ ਦਾ ਤਕਰੀਬਨ ਅੱਧਾ ਹਿੱਸਾ ਇਹਨਾਂ ਦੋਹਾਂ ਵਿਚਕਾਰ ਪੈਦਾ ਹੋਏ ਜਿਨਸੀ ਸਬੰਧਾਂ ਦਾ ਖੁੱਲ੍ਹਾ ਤੇ ਨਿਸੰਗ ਪ੍ਰਗਟਾਅ ਹੈ। ਪ੍ਰਕਾਸ਼ ਪ੍ਰੀਤ ਤੋਂ ਪਹਿਲਾਂ ਆਪਣੀਆਂ ਆਰਥਿਕ ਤੇ ਭਾਵੁਕ ਲੋੜਾਂ ਦੀ ਤ੍ਰਿਪਤੀ ਲਈ ਰਾਮ ਸਿੰਘ ਤੇ ਕੁਝ ਹੋਰ ਮਰਦਾਂ ਨਾਲ ਸਬੰਧ ਹੰਢਾ ਚੁੱਕੀ ਹੈ। ਭਾਵੁਕ ਅਤ੍ਰਿਪਤੀ ਵਿੱਚੋਂ ਪ੍ਰਕਾਸ਼ ਹਰ ਮਰਦ ਵਿੱਚੋਂ ਖਾਵੰਦ ਭਾਲਦੀ ਹੈ ਪਰ ਹਰ ਆਦਮੀ ਉਸ ਨੂੰ ਆਪਣੀ ਕਾਮ-ਇੱਛਾ ਲਈ ਵਰਤਦਾ ਹੈ। ਨਾਵਲ ਦੇ ਅਖੀਰ ਵਿੱਚ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਖੜੀ ਹੋਣ ਤੋਂ ਬਾਅਦ ਜਦੋਂ ਪੰਦਰਾਂ ਸਾਲਾਂ ਬਾਅਦ ਪ੍ਰੀਤ ਨੂੰ ਮਿਲਦੀ ਹੈ ਤਾਂ ਉਹ ਸੰਤੁਲਿਤ ਜੀਵਨ ਜਿਉਂਦਿਆ ਦਿਖਾਈ ਗਈ ਹੈ। ਉਸ ਦੁਆਰਾ ਪ੍ਰੀਤ ਨੂੰ ਆਪਣੇ ਬਾਰੇ ਕਹੇ ਇਹ ਬੋਲ :

((ਹੁਣ ਮੈਂ ਬਹੁਤ ਸੌਖੀ ਆਂ। ਅੰਬਾਲੇ ਮਾਡਲ ਟਾਊਨ ਵਿੱਚ ਮੈਂ ਆਪਣੀ ਕੋਠੀ ਪਾਈ ਹੈ। ਮਾਂ-ਬਾਪ ਵੀ ਠੀਕ ਨੇ ਤੇ ਉਹ ਬਰਾੜੇ ਰਹਿੰਦੇ ਨੇ। ਹੁਣ ਮੈਂ ਬਦਮਾਸ਼ ਨਹੀਂ ਰਹੀ। ਹੁਣ ਮੈਂ ਬਹੁਤ ਚੰਗੀ ਆਂ। ਮੇਰੇ ਕੋਲ ਕਾਫੀ ਸੋਨਾ ਏ। ਇਹ ਗੁਲੂਬੰਦ, ਇਹ ਚੂੜੀਆਂ ਮੈਂ ਸਾਰੇ ਆਪ ਬਣਾਏ ਨੇ। 5

ਆਰਥਿਕ ਤੌਰ 'ਤੇ ਸੁਤੰਤਰ ਹੋ ਕੇ ਪ੍ਰਕਾਸ਼ ਕਿੰਨੀ ਸੰਤੁਸ਼ਟ ਮਹਿਸੂਸ ਕਰਦੀ ਹੈ। ਅਸਲ ਵਿੱਚ ਖੋਟ ਵਿਅਕਤੀ ਚਰਿੱਤਰ ਵਿੱਚ ਨਹੀਂ ਸਗੋਂ ਸਾਡੇ ਸਮਾਜਿਕ ਆਰਥਿਕ ਸਿਸਟਮ ਵਿੱਚ ਹੈ ਜੋ ਵਿਅਕਤੀ ਨੂੰ ਜਿਉਣ ਲਈ ਜ਼ਰੂਰੀ ਬੁਨਿਆਦੀ ਜ਼ਰੂਰਤਾਂ ਦੇ ਸਾਧਨ ਵੀ ਨਹੀਂ ਜੁਟਾਉਂਦਾ। ਨਾਵਲ ਦਾ ਵਿਸ਼ਾ ਬੇਸ਼ੱਕ ਕਾਮ ਅਤੇ ਰੋਟੀ ਦੀ ਲੋੜ ਦੀ ਅਪੂਰਤੀ ਨਾਲ ਜੁੜਿਆ ਹੋਇਆ ਹੈ ਪਰ ਲੇਖਕ ਦੋਵਾਂ ਬੁਨਿਆਦੀ ਲੋੜਾਂ ਵਿੱਚੋਂ ਕਾਮ ਨੂੰ ਪਹਿਲ ਦਿੰਦਾ ਹੈ। ਇਸ ਕਾਮ ਭੁੱਖ ਦੀ ਤ੍ਰਿਪਤੀ ਲਈ ਪਾਤਰਾਂ ਦੁਆਰਾ ਬਣਾਏ ਜਿਨਸੀ ਸਬੰਧਾਂ ਨੂੰ ਨਾਵਲਕਾਰ ਨਿਸੰਗਤਾ ਨਾਲ ਪੇਸ਼ ਕਰਦਾ ਹੈ। ਲੇਖਕ ਦੀ ਇਹ ਪੇਸ਼ਕਾਰੀ ਕਈ ਥਾਈਂ ਵਧੇਰੇ ਅਸ਼ਲੀਲ ਹੋ ਜਾਂਦੀ ਹੈ। ਨਾਵਲ ਦਾ ਦਸਵਾਂ ਕਾਂਡ ਇਸ ਪੱਖੋਂ ਵੇਖਿਆ ਜਾ ਸਕਦਾ ਹੈ :

ਉਹ ਸਿੱਧੀ ਲੇਟੀ ਹੋਈ ਸੀ। ਮੇਰਾ ਸਿਰ ਮੇਰੇ ਖੱਬੇ ਹੱਥ ਉੱਤੇ ਟਿਕਿਆ ਸੀ ਤੇ ਮੇਰੀ ਸੱਜੀ ਟੰਗ ਉਸ ਦੀਆਂ ਟੰਗਾਂ ਉੱਤੇ ਪਈ ਸੀ। ਹਾ! ਉਸ ਦਾ ਸੁਹਣਾ ਜਿਸਮ। ਗੱਦਰ ਤੇ ਭਾਰਾ

ਵੀ ਤੇ ਸਖਤ ਤੇ ਗੱਠਿਆ ਵੀ। ਬੁੱਲ੍ਹ, ਗੱਲ੍ਹਾਂ, ਛਾਤੀਆਂ, ਤੇ ਭਾਰੇ ਭਾਰੇ ਸੁੰਦਰ ਪੱਟ। 6

ਨਾਵਲ ਦੇ ਸੋਲਵੇਂ ਕਾਂਡ ਵਿੱਚ ਵੀ ਨਾਵਲਕਾਰ ਪ੍ਰੀਤ ਤੇ ਪ੍ਰਕਾਸ਼ ਦੀ ਕਾਮ ਕ੍ਰੀੜਾ ਨੂੰ ਬਿਆਨੀਆ ਜੁਗਤ ਰਾਹੀਂ ਨਿਰਲੱਜ ਤੇ ਨਿਸ਼ੰਗ ਹੋ ਕੇ ਬਿਆਨਦਾ ਹੈ। ਨਾਵਲਕਾਰ ਦੀ ਇਹ ਨਿਸ਼ੰਗਤਾ ਦੀ ਜੁਗਤ ਨਾਵਲ ਵਿੱਚ ਕਾਮ-ਉਕਸਾਊ ਸਥਿਤੀਆਂ ਸਿਰਜਦੀ ਹੈ। ਇਸ ਤਰ੍ਹਾਂ ਇਹ ਨਾਵਲ ਮਨੁੱਖ ਦੀ ਬੁਨਿਆਦੀ ਲੋੜ ਕਾਮ ਪੂਰਤੀ ਦੀ ਪ੍ਰਕ੍ਰਿਤਕ ਪੱਧਰ 'ਤੇ ਪੇਸ਼ਕਾਰੀ ਹੈ।

ਕਾਮ ਤੇ ਅਰਥ ਮਨੁੱਖ ਦੀਆਂ ਬੁਨਿਆਦੀ ਲੋੜਾਂ ਨੇ ਅਤੇ ਇਹਨਾਂ ਲੋੜਾਂ ਦੀ ਪੂਰਤੀ ਦਾ ਇੱਕ ਸਮਾਜ ਸਭਿਆਚਾਰਕ ਵਿਧਾਨ ਹੈ। ਇਹ ਸਮਾਜ ਸਭਿਆਚਾਰਕ ਵਿਧਾਨ ਜਾਤੀ-ਜਮਾਤੀ ਆਧਾਰ ਦੇ ਉੱਤੇ ਖੜਾ ਹੈ। ਇਸ ਜਾਤੀ ਜਮਾਤੀ ਸਮਾਜ ਵਿੱਚ ਔਰਤ ਤੇ ਮਰਦ ਦੀਆਂ ਇਹਨਾਂ ਬੁਨਿਆਦੀ ਲੋੜਾਂ ਦੀ ਸਹਿਜ ਪੂਰਤੀ ਸਮਾਜਿਕ ਕਾਣ ਦੇ ਸੰਕਟ ਦਾ ਸ਼ਿਕਾਰ ਹੁੰਦੀ ਹੈ। ਨਾਵਲਕਾਰ ਨੇ ਨਾਵਲ ਵਿੱਚ ਫੋਕਸ ਇਸ ਗੱਲ ਉੱਤੇ ਕਰਨ ਦੀ ਬਜਾਇ ਮਨੁੱਖ ਦੀ ਕਾਮ ਪ੍ਰਵਿਰਤੀ ਦੇ ਨੰਗੇਜ ਨੂੰ ਚਿਤਰਨ ਉੱਤੇ ਜ਼ਿਆਦਾ ਜ਼ੋਰ ਦਿੱਤਾ।

ਨਾਵਲ ਦੇ ਪਹਿਲੇ ਤੇਈ ਕਾਂਡਾਂ ਵਿੱਚ ਨਾਵਲ ਦੀ ਕਥਾ ਨੂੰ ਦ੍ਰਿਸ਼ ਵਿਧੀ ਰਾਹੀਂ ਉਸਾਰਿਆ ਗਿਆ ਹੈ। ਪਾਤਰਾਂ ਦੇ ਜਿਨਸੀ ਸਬੰਧਾਂ ਨੂੰ ਪ੍ਰਕਿਤ੍ਰੀਵਾਦੀ ਰੁਚੀ ਅਧੀਨ ਪੇਸ਼ ਕੀਤਾ ਗਿਆ ਹੈ। ਲੇਖਕ ਇਹਨਾਂ ਸਬੰਧਾਂ ਵਿੱਚੋਂ ਕਿਸੇ ਸੰਕਟ ਜਾਂ ਤਣਾਉ ਉਸਾਰਨ ਵਿੱਚ ਅਸਫ਼ਲ ਰਿਹਾ ਹੈ। ਨਾਵਲ ਵਿੱਚ ਲੇਖਕ ਨੇ ਕੁਝ ਥਾਵਾਂ 'ਤੇ ਪ੍ਰਤੀਕਮਈ ਜੁਗਤ ਦੀ ਵਰਤੋਂ ਵੀ ਕੀਤੀ ਹੈ। ਨਾਵਲਕਾਰ ਨਾਵਲ ਦੇ 21ਵੇਂ ਕਾਂਡ ਵਿੱਚ ਸੱਪ ਨੂੰ ਕਾਮ ਚੇਸ਼ਟਾ ਦੇ ਪ੍ਰਤੀਕ ਵਜੋਂ ਬੜੀ ਸੁਹਣੀ ਤਰ੍ਹਾਂ ਵਰਤਦਾ ਹੈ। ਨਾਵਲਕਾਰ ਜੇਕਰ ਪ੍ਰਕਾਸ਼ ਦੇ ਪ੍ਰੀਤ ਅਤੇ ਹੋਰਾਂ ਨਾਲ ਸਬੰਧਾਂ ਲਈ ਇਸ ਤਰ੍ਹਾਂ ਦੀ ਪ੍ਰਤੀਕਮਈ ਜੁਗਤ ਦੀ ਵਰਤੋਂ ਕਰਦਾ ਤਾਂ ਇਸ ਨਾਵਲ 'ਤੇ ਲੱਗਣ ਵਾਲੇ ਅਸ਼ਲੀਲ ਅਤੇ ਨਿਸ਼ੰਗਤਾ ਦੇ ਦੋਸ਼ਾਂ ਤੋਂ ਬਚਿਆ ਜਾ ਸਕਦਾ ਸੀ। ਦੂਜਾ ਦੋ ਨਾਵਲਕਾਰ ਦੁਆਰਾ ਸਿਰਜੇ ਪਾਤਰ ਸਰਦਾਰ ਦੇ ਕਿਰਦਾਰ ਵਿੱਚ ਦਿਖਦਾ ਹੈ। ਧੀਰ ਦੁਆਰਾ ਸਿਰਜਿਆ ਇਹ ਆਰਥਿਕ ਪੱਖੋਂ ਰੱਜਿਆ ਪੁੱਜਿਆ ਸਰਦਾਰ ਪੰਜਾਬੀ ਨਾਵਲ ਦੇ ਆਰਥਿਕ ਪੱਖੋਂ ਸੌਖੇ ਪਾਤਰਾਂ ਨਾਲੋਂ ਕੁਝ ਵੱਖਰਾ ਹੈ। ਪੰਜਾਬੀ ਦੇ ਤਕਰੀਬਨ ਹਰ ਪ੍ਰਵਿਰਤੀ ਦੇ ਨਾਵਲਕਾਰ ਨੇ ਆਰਥਿਕ ਪੱਖੋਂ ਰੱਜੇ ਪੁੱਜੇ ਵਿਅਕਤੀ ਨੂੰ ਕਾਮੀ ਵਿਭਚਾਰੀ ਦਿਖਾਇਆ ਹੈ ਪਰ ਇਸ ਨਾਵਲ ਦਾ ਸਰਦਾਰ ਬੜਾ ਸੰਤੁਲਿਤ ਵਿਅਕਤੀ ਹੈ ਜੋ ਬਾਬੂ ਜੀ ਦੀ ਪਤਨੀ ਦੀ ਕੀਤੀ ਪਹਿਲ ਨੂੰ ਵੀ ਕੋਈ ਹੁੰਗਾਰਾ ਨਹੀਂ ਦਿੰਦਾ। ਧੀਰ ਜਿਸਨੂੰ ਅਸੀਂ ਸਮਾਜੀ ਚੇਤਨਾ ਦਾ ਸਜਗ ਸਾਹਿਤਕਾਰ ਮੰਨਦੇ ਹਾਂ ਉਹ ਜਦੋਂ ਉੱਚ ਜਮਾਤ ਦੇ ਅਜਿਹੇ ਵਿਰਲੇ ਯਥਾਰਥ ਨੂੰ ਪ੍ਰਤੀਨਿਧ ਯਥਾਰਥ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦਾ ਜਮਾਤੀ ਪੈਂਤੜਾ ਕਿੰਤੂ-ਪ੍ਰੰਤੂ ਦੇ ਘੇਰੇ ਵਿੱਚ ਆ ਜਾਂਦਾ ਹੈ। ਇਸ ਨਾਵਲ ਵਿੱਚ ਅਰਧ ਰੱਜੇ ਜਾਂ ਭੁੱਖੇ ਪਾਤਰ ਕਾਮੁਕ ਸੰਕਟ ਦਾ ਕਿਾਰ ਹਨ।

ਨਾਵਲ ਦਾ ਗੌਣ ਵਿਸ਼ਾ 1947 ਦੇ ਫਸਾਦਾਂ ਦੀ ਵਿਕਰਾਲਤਾ ਅਤੇ ਤ੍ਰਾਸਦੀ ਨਾਲ ਜੁੜਿਆ ਹੋਇਆ ਹੈ। ਨਾਵਲਕਾਰ ਵਿਅੰਗ ਵਿਧੀ ਦੀ ਵਰਤੋਂ ਕਰਦਾ ਹੋਇਆ ਇਸ ਦੁਖਾਂਤ ਲਈ ਜ਼ਿੰਮੇਵਾਰ ਜਮਾਤੀ ਸਰਮਾਏਦਾਰੀ ਅਤੇ ਬਰਤਾਨਵੀ ਸਾਮਰਾਜ ਦੀ ਸੁਆਰਥੀ ਅਤੇ ਫਿਰਕਾਪ੍ਰਸਤ ਸੋਚ ਪ੍ਰਤੀ ਪਾਠਕ ਦੇ ਮਨ ਵਿੱਚ ਨਫ਼ਰਤ ਪੈਦਾ ਕਰਨ ਅਤੇ ਉੱਜੜ ਕੇ ਜਾ ਰਹੇ ਜਾਂ ਮਾਰੇ ਗਏ ਮੁਸਲਮਾਨ ਭਰਾਵਾਂ ਪ੍ਰਤੀ ਕਰੁਣਾ ਤੇ ਹਮਦਰਦੀ ਦੇ ਭਾਵ ਪੈਦਾ ਕਰਨ ਵਿੱਚ ਸਫ਼ਲ ਹੋਇਆ ਹੈ।

ਇਹ ਉਪ-ਥੀਮ ਮੁੱਖ ਵਿਸ਼ੇਸ਼ ਤੋਂ ਵੱਖਰਾ ਹੋਣ ਦੇ ਬਾਵਜੂਦ ਵੀ ਨਾਵਲ ਦੀ ਸਮੁੱਚੀ ਬਣਤਰ ਵਿੱਚੋਂ ਬਹੁਤ ਹੀ ਸੁਭਾਵਿਕ ਢੰਗ ਨਾਲ ਉਭਰਦਾ ਹੈ ਜਿਸ ਨਾਲ ਨਾਵਲ ਦਾ ਸੰਗਠਨ ਖੰਡਿਤ ਨਹੀਂ ਸਗੋਂ ਇੱਕ ਸਜੀਵ ਅਤੇ ਗਤੀਸ਼ੀਲ ਸਮੁੱਚਤਾ ਵਿੱਚ ਬੱਝਿਆ ਨਜ਼ਰ ਆਉਂਦਾ ਹੈ। ਇਸ ਉਪ-ਥੀਮ ਦੀ ਸਲ ਪੇਸ਼ਕਾਰੀ ਬਾਰੇ ਟਿੱਪਣੀ ਕਰਦਿਆਂ ਡਾ ਦਵੇਸ਼ਵਰ ਲਿਖਦਾ ਹੈ :

1947 ਦੇ ਫ਼ਸਾਦਾਂ ਨਾਲ ਸਬੰਧਤ ਸਮਾਜਿਕ ਯਥਾਰਥ ਨੂੰ ਧੀਰ ਨੇ ਜਿਸ ਸੁਹਿਰਦਤਾ, ਸੰਵੇਦਨਾ ਤੇ ਈਮਾਨਦਾਰੀ ਨਾਲ ਪਕੜ ਕੇ ਗਲਪੀ ਬਿੰਬਾਂ ਰਾਹੀਂ ਆਪਣੇ ਇਸ ਨਾਵਲ ਵਿੱਚ ਪੁਨਰ-ਸੁਰਜੀਤ ਕੀਤਾ ਹੈ, ਉਹ ਜਿੱਥੇ ਉਸ ਦੀ ਪ੍ਰੋਢ ਗਲਪੀ ਪ੍ਰਬੀਨਤਾ ਨੂੰ ਦਰਸਾਉਂਦਾ ਹੈ, ਉੱਥੇ ਉਹ ਆਪਣੇ ਸਮੇਂ ਦੀ ਪ੍ਰਮਾਣਿਕ ਦਸਤਾਵੇਜ਼ ਵੀ ਬਣ ਗਈ ਹੈ। ਵਾਸਤਵਿਕਤਾ ਦਾ ਰੂਪ-ਰਚਨਾ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਇਹ ਚਿਤ੍ਰਣ, ਇਸ ਨੂੰ ਪ੍ਰਤੀਰੂਪਕ ਗਲਪ ਦੇ ਨੇੜੇ ਲੈ ਜਾਂਦਾ ਹੈ। 7

ਇਸ ਤਰ੍ਹਾਂ ਧੀਰ ਦਾ ਇਹ ਨਾਵਲ ਭਾਵੇਂ ਇੱਕ ਪਾਸੇ ਜਿਨਸੀ ਸਬੰਧਾਂ ਦੀ ਨਿਸੰਗ ਤੇ ਨਿਰਲੱਜ ਪੇਸ਼ਕਾਰੀ ਕਾਰਨ ਆਲੋਚਨਾ ਦਾ ਸ਼ਿਕਾਰ ਹੋਇਆ ਪਰ ਦੂਜੇ ਪਾਸੇ ਧੀਰ ਵੱਲੋਂ ਵਰਤੀਆਂ ਦੂਜੀਆਂ ਗਲਪੀ ਜੁਗਤਾਂ ਉਸ ਦੀ ਗਲਪੀ ਪ੍ਰਬੀਨਤਾ ਦੀ ਹਾਮੀ ਭਰਦੀਆਂ ਹਨ।

ਉਹ ਦਿਨ ਦੇ ਬਿਲਕੁੱਲ ਉਲਟ ਸੰਤੋਖ ਸਿੰਘ ਧੀਰ ਦਾ ਦੂਜਾ ਨਾਵਲ ਯਾਦਗਾਰ ਪਿਆਰ ਦੇ ਆਦਰਸ਼ੀਕ੍ਰਿਤ ਰੂਪ ਦੀ ਪੇਸ਼ਕਾਰੀ ਹੈ। ਧੀਰ ਇਸ ਨਾਵਲ ਦੀ ਭੂਮਿਕਾ ਵਿੱਚ ਇਸ ਨਾਵਲ ਵਿੱਚ ਪੇਸ਼ ਪ੍ਰੇਮ ਪਿਆਰ ਦੇ ਸੁਭਾਅ ਬਾਰੇ ਲਿਖਦਾ ਹੈ ਕਿ ਭਗਤੀ ਲਹਿਰ ਦੇ ਸੰਤ ਤੇ ਭਗਤ ਜਿਸ ਪ੍ਰੇਮ ਨੂੰ ਗਾਉਂਦੇ ਰਹੇ, ਇਹ ਉਸ ਪ੍ਰੇਮ ਦਾ ਨਾਵਲ ਹੈ- ਜਿਸ ਪ੍ਰੇਮ ਨੂੰ ਕਰਨ ਨਾਲ ਉਹ ਪ੍ਰਭੂ ਨੂੰ ਪਾਉਂਦੇ ਹਨ। 8 ਇਸ ਤਰ੍ਹਾਂ ਨਾਵਲ ਯਾਦਗਾਰ ਵਿਚਲਾ ਪਿਆਰ ਆਦਰ ਪਿਆਰ ਦਾ ਨਮੂਨਾ ਹੈ।

ਧੀਰ ਦਾ ਇਹ ਨਾਵਲ ਜਿਸਨੂੰ ਉਹ ਵਿਸ਼ਵ-ਅਮਨ ਦਾ ਨਾਵਲ ਕਹਿੰਦਾ ਹੈ ਇੱਕ ਵਿਆਹੇ ਵਰ੍ਹੇ ਅਗਾਂਹਵਧੂ ਲੇਖਕ ਰਾਜਿੰਦਰ ਸਿੰਘ ਰਾਜ ਅਤੇ ਅਣਵਿਆਹੀ ਨੌਜੁਆਨ ਲੜਕੀ ਕੰਵਲ ਦੇ ਆਦਰਸ਼ਕ ਤੇ ਸਹਿਜ ਪਿਆਰ (Platonic Love) ਸਬੰਧਾਂ ਦੀ ਪੇਸ਼ਕਾਰੀ ਹੈ। ਰਾਜ ਤੇ ਕੰਵਲ ਦੇ ਇਸ ਪਾਕ-ਪਵਿੱਤਰ ਪਿਆਰ 'ਤੇ ਨਾ ਤਾ ਕੋਈ ਸਮਾਜਿਕ ਦਬਾਉ ਹੈ ਤੇ ਨਾ ਹੀ ਕੋਈ ਪਾਬੰਦੀ, ਨਾ ਕੋਈ ਈਰਖਾ ਨਾ ਸਾੜਾ। ਇਸ ਲਈ ਇਸ ਪਿਆਰ ਦੀ ਪੇਸ਼ਕਾਰੀ ਵਿੱਚੋਂ ਕੋਈ ਤਣਾਉ ਜਾਂ ਸੰਕਟ ਨਹੀਂ ਉੱਭਰਦਾ। ਸਮੁੱਚਾ ਪਰਿਵਾਰ ਕੰਵਲ ਤੇ ਰਾਜ ਦੇ ਨਿਰਛਲ ਤੇ ਪਾਕ ਪਵਿੱਤਰ ਪਿਆਰ ਦਾ ਸਮਰਥਨ ਕਰਦਾ ਹੈ। ਪਿਆਰ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਕਿਸੇ ਪ੍ਰਤੀਨਿਧ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਨਹੀਂ ਸਗੋਂ ਸਥਿਤੀ ਦਾ ਆਦਰਸ਼ੀਕਰਨ ਹੈ। ਸਮਾਜ ਦਾ ਪ੍ਰਤੀਨਿਧ ਯਥਾਰਥ ਤਾਂ ਵਿਅਕਤੀ ਦੀ ਸਥਿਤੀ ਅਤੇ ਉਸ ਦੀਆਂ ਇੱਛਾਵਾਂ ਵਿਚਕਾਰ ਤਣਾਉ ਵਿੱਚ ਹੁੰਦਾ ਹੈ। ਨਾਵਲ ਵਿੱਚ ਪਿਆਰ ਦੀ ਇਸ ਤਰ੍ਹਾਂ ਦੀ ਪੇਸ਼ਕਾਰੀ ਆਦਰਸ਼ਵਾਦੀ ਭਾਵੁਕ ਪਾਠਕ ਦੀ ਤਾਂ ਤਸੱਲੀ ਕਰਾ ਸਕਦੀ ਹੈ ਪਰ ਸੁਚੇਤ ਤੇ ਚੇਤੰਨ ਪਾਠਕ ਇਸ ਤੋਂ ਸੰਤੁਸ਼ਟ ਨਹੀਂ ਹੁੰਦਾ। ਇਸ ਨਾਵਲ ਵਿੱਚ ਪੰਜਾਬੀ ਦਾ ਪ੍ਰਤੀਬੱਧ ਲੇਖਕ ਮੱਧਕਾਲੀਨ ਆਦਰਸ਼ਵਾਦ ਦੀ ਬਿਰਤੀ ਦਾ ਕਿਾਰ ਹੋ ਜਾਂਦਾ ਹੈ।

ਸਾਰਾ ਨਾਵਲ ਕੰਵਲ ਅਤੇ ਰਾਜ ਦੇ ਸਹਿਜ ਪਿਆਰ ਦਾ ਸੰਚਾਰ ਹੈ। ਰਾਜ ਤੇ ਕੰਵਲ ਇੱਕ ਦੂਜੇ ਨੂੰ ਖਾਮੋਸ਼ ਪਿਆਰ ਕਰਦੇ ਹਨ, ਜਿਸ ਦਾ ਦੋਵਾਂ ਨੂੰ ਤੀਬਰ ਅਨੁਭਵ ਹੈ। ਪਿਆਰ ਵਿੱਚ ਕਿਤੇ ਕੋਈ ਤਣਾਉ ਨਹੀਂ। ਕੰਵਲ ਦਾ ਪਿਤਾ ਪਵਿੱਤਰ ਸਿੰਘ ਦਰਵੇਸ਼ ਇਸ ਪਿਆਰ ਨੂੰ ਸਮਝਦਾ

ਹੀ ਨਹੀਂ ਸਗੋਂ ਦੋਵਾਂ ਵਿਚਕਾਰ ਪਿਆਰ ਸੂਚਨਾਵਾਂ ਦਾ ਸੰਚਾਰ ਵੀ ਕਰਦਾ ਹੈ। ਉਹ ਆਪਣੀ ਬੇਟੀ ਦਾ ਪਿਤਾ ਵੀ ਹੈ, ਦੋਸਤ ਵੀ। ਆਪਣੀ ਬੇਟੀ ਦੀ ਅਚਾਨਕ ਮੌਤ 'ਤੇ ਉਹ ਕਹਿੰਦਾ ਹੈ :

ਰਾਜ ਜੀ , ਥੁਆਡਾ ਰੋਣਾ ਸਾਡੀ ਸਮਝ ਵਿੱਚ ਆਉਂਦਾ ਹੈ। ਥੁਆਡਾ ਰੋਣਾ ਸੱਚਾ ਹੈ। ਉਹ ਥੁਆਡੀ ਮਹਿਬੂਬਾ ਸੀ। ਉਹ ਮੇਰੀ ਵੀ ਮਹਿਬੂਬਾ ਸੀ।9

ਨਾਵਲੀ ਬਿਰਤਾਂਤ ਦੀ ਪੇਸ਼ਕਾਰੀ ਬਿਨਾ ਕਿਸੇ ਗਲਪੀ ਮੋੜਾਂ ਤੇ ਉਤਰਾਵਾਂ ਚੜ੍ਹਾਵਾਂ ਦੇ ਆਰੰਭ ਤੋਂ ਅੰਤ ਤੱਕ ਬਿਆਨੀਆਂ ਵਿਧੀ ਰਾਹੀਂ ਵਸਤੂ ਸਥਿਤੀਆਂ ਨੂੰ ਇੱਕ ਰਸ ਤੇ ਇਕਾਗਰ ਉਸਾਰਦੀ ਹੈ। ਨਾਵਲ ਦਾ ਸਮੁੱਚਾ ਪ੍ਰਬੰਧ ਇੱਛਾਮੂਲਕ ਹੋਣ ਕਾਰਨ ਪਾਤਰ ਤੇ ਉਹਨਾਂ ਦਾ ਵਿਵਹਾਰ ਸਹਿਜ ਸੁਭਾਅ ਉਸਾਰਨ ਦੀ ਥਾਂ ਪਾਤਰ ਲੇਖਕ ਦੀਆਂ ਕਠਪੁਤਲੀਆਂ ਹਨ। ਇਸੇ ਕਾਰਨ ਪਾਤਰਾਂ ਅਤੇ ਸਥਿਤੀਆਂ ਵਿਚਕਾਰ ਕਿਸੇ ਕਿਸਮ ਦਾ ਤਣਾਉ ਜਾਂ ਟਕਰਾਉ ਪੈਦਾ ਹੀ ਨਹੀਂ ਹੁੰਦਾ। ਲੇਖਕ ਨੇ ਸੂਖ਼ਮ ਭਾਵੀ ਅਤੇ ਕਾਵਿਮਈ ਸ਼ੈਲੀ ਵਿੱਚ ਪਿਆਰ ਦਾ ਸੁਹਜ ਚਿਤਰ ਪੇਸ਼ ਕੀਤਾ ਹੈ।

ਸੰਤੋਖ ਸਿੰਘ ਧੀਰ ਦਾ ਇਹ ਨਾਵਲ ਮਨੁੱਖ ਦੀ ਅਕਾਂਖਿਆ ਇੱਛਾ ਅਤੇ ਸਮਾਜਿਕ ਭ੍ਰਿਸ਼ਟਾਚਾਰ ਵਿਚਕਾਰ ਤਣਾਉ ਦੇ ਸੰਕਟ ਦਾ ਹੱਲ ਆਦਰਸ਼ਵਾਦ ਵਿੱਚ ਪੇਸ਼ ਕਰਦਾ ਹੈ। ਨਾਵਲਕਾਰ ਦੁਆਰਾ ਕੰਵਲ ਦੀ ਅਚਾਨਕ ਮੌਤ ਦਿਖਾਉਣਾ ਇਸ ਸੰਕਟ ਜਾਂ ਤਣਾਉ ਨੂੰ ਟਾਲਣ ਤੇ ਘਟਨਾਵਾਂ ਨੂੰ ਮਨਇੱਛਤ ਮੋੜਾ ਦੇਣਾ ਹੈ। ਕੰਵਲ ਦੀ ਮੌਤ ਤੋਂ ਬਾਅਦ ਲੇਖਕ ਉਸ ਦੇ ਫੁੱਲ ਚੁਗਣ ਅਤੇ ਉਸਦੀ ਯਾਦਗਾਰ ਬਣਾਉਣ ਨਾਲ ਨਾਵਲ ਦਾ ਮਨਇੱਛਤ ਅੰਤ ਕਰ ਦਿੰਦਾ ਹੈ।

ਦੋਵਾਂ ਨਾਵਲਾਂ ਦੇ ਅਧਿਐਨ ਵਿਸ਼ਲੇਸ਼ਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਧੀਰ ਦੇ ਦੋਵਾਂ ਨਾਵਲਾਂ ਦਾ ਵਿਸ਼ਾ ਮਨੁੱਖੀ ਸਬੰਧਾਂ ਦੀ ਪੇਸ਼ਕਾਰੀ ਹੈ ਪਰ ਦੋਵਾਂ ਨਾਵਲਾਂ ਵਿੱਚ ਵਿਸ਼ੇ ਨੂੰ ਪੇਸ਼ ਕਰਨ ਲਈ ਧੀਰ ਦੀ ਦ੍ਰਿਸ਼ਟੀ ਵੱਖਰੀ ਹੈ। ਪਹਿਲੇ ਨਾਵਲ ਵਿੱਚੋਂ ਕਾਮ ਭਾਵ ਦੀ ਨਿਸ਼ੰਗ ਪੇਸ਼ਕਾਰੀ ਅਤੇ ਦੂਜੇ ਵਿੱਚ ਪਿਆਰ ਦਾ ਆਦਰਸ਼ੀਕ੍ਰਿਤ ਰੂਪ ਉਸਦੇ ਨਾਵਲਾਂ ਨੂੰ ਸਮਾਜਿਕ ਆਲੋਚਨਾਤਮਕ ਜਾਂ ਪ੍ਰਤੀਨਿਧ ਯਥਾਰਥ ਤੋਂ ਦੂਰ ਲੈ ਜਾਂਦੇ ਹਨ। ਸ਼ਿਲਪ ਤੇ ਸੰਗਠਨ ਪੱਖੋਂ ਵਧੀਆ ਹੋਣ ਦੇ ਬਾਵਜੂਦ ਵੀ ਯਾਦਗਾਰ ਨਾਵਲ ਮਨਇੱਛਤ ਘਟਨਾ ਪ੍ਰਬੰਧ ਅਤੇ ਪਾਤਰਾਂ ਦੇ ਵਸਤੂ ਸਥਿਤੀ ਵਿੱਚੋਂ ਸੁਭਾਵਿਕ ਉਸਰਨ ਤੇ ਵਿਚਰਨ ਦੀ ਥਾਂ ਲੇਖਕ ਦੀ ਆਦਰਸ਼ੀਕਰਨ ਰੁਚੀ ਨਾਵਲ ਦੇ ਪ੍ਰਭਾਵ ਨੂੰ ਖੰਡਿਤ ਕਰਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਧੀਰ ਦਾ ਕਥਾਕਾਰ ਅਤੇ ਕਵੀ ਦੇ ਤੌਰ 'ਤੇ ਤਾਂ ਕੱਦ ਬਹੁਤ ਵੱਡਾ ਹੈ ਪਰ ਸ਼ਾਇਦ ਨਾਵਲੀ ਯਾਨਰ ਵਿੱਚ ਕਥਾ ਸਿਰਜਣ ਤੋਂ ਉਹ ਅਸਮਰੱਥ ਹੈ। ਕਥਾ ਦੇ ਨਾਵਲੀ ਨਰੇਸ਼ਨ ਵਿੱਚ ਧੀਰ ਉਸ ਤਰ੍ਹਾਂ ਸਫ਼ਲ ਨਹੀਂ ਹੋ ਸਕਿਆ ਜਿਸ ਤਰ੍ਹਾਂ ਉਹ ਨਿੱਕੀ ਕਹਾਣੀ ਸਿਰਜ ਸਕਿਆ।

## ਹਵਾਲੇ ਤੇ ਟਿੱਪਣੀਆਂ

1. ਪ੍ਰੋ. ਗੁਰਦਿਆਲ ਸਿੰਘ, (ਵਿਚਾਰਧਾਰਾ ਦੀ ਪ੍ਰਤੀਬੱਧਤਾ), ਅਮਰਜੀਤ ਕੌਰ (ਸੰਪਾ), ਸੰਤੋਖ ਸਿੰਘ ਧੀਰ ਸਿਮਰਤੀ ਗ੍ਰੰਥ, ਪੰਨਾ 3
2. ਗੁਰਬਚਨ ਸਿੰਘ ਭੁੱਲਰ, (ਸ਼ਬਦ ਨੂੰ ਸਮਰਪਿਤ ਸੰਗਰਾਮੀਆ-ਸੰਤੋਖ ਸਿੰਘ ਧੀਰ)), ਅਮਰਜੀਤ ਕੌਰ (ਸੰਪਾ), ਸੰਤੋਖ ਸਿੰਘ ਧੀਰ ਸਿਮਰਤੀ ਗ੍ਰੰਥ, ਪੰਨਾ 13
3. ਜੋਗਿੰਦਰ ਸਿੰਘ ਰਾਹੀ, (ਪੰਜਾਬੀ ਨਾਵਲ ਦੀ ਸਥਿਤੀ 1960 ਤੱਕ), ਸੁਰਿੰਦਰ ਕੁਮਾਰ

ਦਵੇਵਰ (ਸੰਪ), ਨਾਵਲ ਸ਼ਾਸਤਰ ਤੇ ਪੰਜਾਬੀ ਨਾਵਲ, ਪੰਨਾ 178
4. ਸੁਰਿੰਦਰ ਕੁਮਾਰ ਦਵੇਸ਼ਵਰ, ਆਧੁਨਿਕ ਪੰਜਾਬੀ ਬਿਰਤਾਂਤ, ਪੰਨਾ 42
5. ਸੰਤੋਖ ਸਿੰਘ ਧੀਰ, ਉਹ ਦਿਨ, ਪੰਨਾ 182
6. ਉਹੀ, ਪੰਨਾ 34
7. ਸੁਰਿੰਦਰ ਕੁਮਾਰ ਦਵੇਸ਼ਵਰ, ਆਧੁਨਿਕ ਪੰਜਾਬੀ ਬਿਰਤਾਂਤ, ਪੰਨਾ 45
8. ਸੰਤੋਖ ਸਿੰਘ ਧੀਰ, ਯਾਦਗਾਰ, ਭੂਮਿਕਾ
9. ਉਹੀ, ਪੰਨਾ 171

□□□

# ਤਪੀ ਮਿੱਟੀ

## ਦਰਸ਼ਨ ਜੋਗਾ

ਸਵੇਰੇ ਉਠਦੀ ਦਾ ਈ ਸਿਰ ਭਾਰੀ ਹੋਇਆ ਪਿਐ। ਹਵਾ ਵੀ ਜਣੀਦੀ ਓਪਰੀ-ਓਪਰੀ ਲੱਗਦੀ ਐ। ਬੁੱਲ ਸੁੱਕ ਰਹੇ ਨੇ। ਪਤਾ ਨੀਂ ਕਿਉਂ ਚਿੱਤ ਕਾਹਲਾ ਪਿਐ। ਐਨੇ 'ਚ ਫੋਨ ਦੀ ਘੰਟੀ ਖੜਕਦੀ ਐ। ਰਣਜੋਧ ਧੀ ਦਾ ਨਾਂ ਪੜ੍ਹਦਿਆਂ ਥੋੜ੍ਹਾ ਜਿਹਾ ਧਰਵਾਸ ਮਿਲਿਐ। ਮੰਮੀ... ਅਵਾਜ਼ ਆਉਂਦੀ ਐ। ਉਸ ਦੇ ਬੋਲੇ ਇਕ-ਇਕ ਸ਼ਬਦ ਨਾਲ ਭੋਰਾ ਕੁ ਮਿਲੀ ਖੁਸ਼ੀ ਕਿਰਦੀ ਜਾਂਦੀ ਹੈ। ਉਸ ਦੀ ਗੱਲ ਮੇਰੇ ਅੰਦਰ ਪੱਛ ਮਾਰਦੀ ਐ ਤਿੱਖੇ ਬਲੇਡ ਵਾਂਗ। ਤੂੰ ਫ਼ਿਕਰ ਨਾ ਕਰ, ਮੈਂ ਆਵਾਂਗੀ। ਅਖੀਰ ਮੈਂ ਕਿਹੈ। ਕਹਿ ਤਾਂ ਦਿੱਤੈ ਪਰ ਫ਼ਿਕਰਾਂ ਦੀ ਪੰਡ ਨੇ ਮੈਨੂੰ ਮਧੋਲ ਦਿੱਤੈ। ਮਨ 'ਚ ਆਉਂਦੈ ਕੀਹਦੇ ਨਾਲ ਗੱਲ ਕਰਾਂ? ਆਹ ਓਹਦਾ ਪਿਓ ਬੈਠੈ। ਇਹਨੂੰ ਵੇਖਕੇ ਘਿਣ ਆਉਂਦੀ ਐ। ਇਸ ਬੰਦੇ ਨੂੰ ਦੱਸਣ ਨੂੰ ਜੀਅ ਵੀ ਨੀਂ ਕਰਦਾ। ਨਾਲੇ ਇਹਨੇ ਓਹੀ ਕਰਨੀ ਐਂ ਜਿਹੜੀਆਂ ਸਾਰੀ ਉਮਰ ਕਰਦਾ ਰਿਹੈ। ਆਵਦੇ ਪਿੰਡੇ 'ਤੇ ਹੰਢਾਈਆਂ ਨੇ। ਜੇ ਇਹ ਕਿਸੇ ਕਰਮ ਦਾ ਹੁੰਦਾ ਤਾਂ ਕਾਹਦੇ ਝੋਰੇ ਸੀ। ਫ਼ਿਕਰਾਂ ਦੇ ਪਹਾੜ ਹੇਠ ਦਬਦੀ ਤੁਰੀ ਜਾਨੀ ਆਂ। ਕੁਝ ਸੁੱਝ ਨਹੀਂ ਰਿਹਾ। ਕੰਨਾਂ 'ਚ ਸਾਂ-ਸਾਂ ਜਿਹੀ ਹੋਣ ਲੱਗ ਪਈ ਐ। ਮਨ ਘਬਰਾਉਣ ਲੱਗ ਪਿਐ। ਚੱਕਰ ਆ ਗਿਆ। ਅੱਖਾਂ ਮੂਹਰੇ ਧੁੰਦ ਜਿਹੀ ਪਸਰ ਗਈ ਹੈ। ਓਹੀ ਪਹਿਲਾਂ ਵਾਂਗ ਚਿੱਟਾ ਪਹਾੜ ਖਿਸਕਦਾ ਆ ਰਿਹੈ। ਸ਼ੂਕਦੇ ਤੁਫ਼ਾਨ ਮੂਹਰੇ ਭੱਜਿਆ ਵੀ ਨੀਂ ਜਾ ਰਿਹਾ। ਲੱਗਦੈ ਇਹ ਪੂਰਾ ਤੂਫਾਨ ਮੇਰੇ 'ਤੇ ਡਿੱਗਣ ਨੂੰ ਈ ਉਠਿਐ। ਛਿਣ-ਪਲ ਦਾ ਹੀ ਫ਼ਾਸਲਾ ਹੈ। ਜ਼ਿੰਦਗੀ ਮੁੱਕ ਜਾਣੀ ਐਂ।

ਹੈਂਅ! ਆਹ ਕੀ ਚਿੱਟਾ ਪਹਾੜ ਇੱਕੋਦਮ ਹੋਰ ਈ ਰੂਪ ਧਾਰ ਗਿਐ। ਗੜਗੜਾਹਟ ਇੱਕੋ ਦਮ ਕਾਲੇ ਤੂਫ਼ਾਨ ਵਿੱਚ ਬਦਲ ਗਈ ਐ। ਇਹ ਤੋਂ ਬਚਣਾ ਤਾਂ ਬਹੁਤ ਮੁਸ਼ਕਿਲ ਐ। ਕਾਲਾ ਤੂਫ਼ਾਨ ਪੂਰੀ ਕਾਇਨਾਤ ਨੂੰ ਤਬਾਹ ਕਰਦਾ ਆ ਰਿਹੈ। ਬਚਾਅ ਲੈ ਰੱਬਾ! ਭਜਦੀ ਆਂ। ਇਹ ਗੜਗੜਾਹਟ ਤਾਂ ਪਿੱਛਾ ਨਹੀਂ ਛੱਡ ਰਹੀ। ਕੰਨ ਬੋਲੇ 'ਤੇ ਸਰੀਰ ਸੁੰਨ ਹੋ ਗਿਐ। ਧੜੱਮ ਦੇਣੇ ਭੁੰਜੇ ਡਿੱਗ ਪਈ ਆਂ। ਵੱਡੇ ਖੜਾਕ ਨਾਲ ਧੁੜਧੜੀ ਜਿਹੀ ਆਉਂਦੀ ਐ। ਪਿਛਲੇ ਕਮਰੇ ਵਾਲਾ ਦਰਵਾਜ਼ਾ ਫੜਾਕ-ਫੜਾਕ ਵੱਜ ਰਿਹੈ। ਬਾਰ ਭੰਨੀ ਜਾਂਦੇ ਜੋਰਾਵਰ ਦੀ ਕੜਕਦੀ ਅਵਾਜ਼ ਨਾਲ ਬਿਰਤੀ ਟੁੱਟ ਜਾਂਦੀ ਐ।

*ਗਲੀ ਨੰ: 05, ਲਿੰਕ ਰੋਡ, ਮਾਨਸਾ (ਪੰਜਾਬ)*
*ਮੋਬਾਇਲ 98720-01856*
*email: darshanjoga@yahoo.in*

"ਓ ਪਾਣੀ ਦਾ ਗਿਲਾਸ ਮੰਗੀ ਜਾਨਾਂ ਕਿਧਰ ਨੂੰ ਤੁਰਗੀ।"

ਸੁਣਦਿਆਂ ਸਾਰ ਆਪਣਾ ਖਿੰਡਿਆ ਖੱਪਰਿਆ ਸਰੀਰ 'ਕੱਠਾ ਕਰਦੀ ਆਂ। ਬੁੱਲ ਜਿਵੇਂ ਰੇਗਿਸਤਾਨ ਬਣ ਗਏ ਹੋਣ। ਦੋ ਘੁੱਟਾਂ ਪਾਣੀ ਬੁੱਲਾਂ ਨੂੰ ਸੁਹਾਉਂਦੀ ਆਂ। ਫੇਰ ਗਿਲਾਸ ਭਰਕੇ ਇਸਨੂੰ ਫੜਾਉਣ ਲੱਗਦੀ ਆਂ।

"ਆਰ.ਓ. ਦਾ ਐ?"

"ਪੀ ਲੈ ਹੋਰ ਦੱਸ ਤੈਨੂੰ ਟੋਭੇ ਦਾ ਦਿਉਂ। ਸਾਰੇ ਆਰ.ਓ. ਦਾ ਈ ਪੀਨੇਂ ਆਂ।"

ਖਿਝੀ ਹੋਈ ਤੋਂ ਮੈਥੋਂ ਵੀ ਓਹੋ ਜਾ ਈ ਜਵਾਬ ਦਿੱਤਾ ਗਿਐ। ਇਹਦੇ ਜ਼ਹਿਰੀਲੇ ਬੋਲਾਂ ਨੇ ਅੰਦਰ ਹੋਰ ਜ਼ਹਿਰ ਘੋਲ ਦਿੱਤੈ। ਕੀ ਕਰਾਂ ਪਰ ਫੇਰ ਵੀ ਅੰਦਰੇ ਅੰਦਰ ਪੀਣ ਦੀ ਆਦਤ ਪੈ ਗਈ ਐ। ਜਦੋਂ ਨਹੀਂ ਹਟਦਾ ਤਾਂ ਬੰਦਾ ਅੱਕ ਵੀ ਜਾਂਦੈ। ਅਗਲਾ ਕਿੰਨਾ ਕੁ ਮਗਜ਼ ਮਾਰੇ। ਸਾਰੀ ਉਮਰ ਈ ਇਹਦੀਆਂ ਊਤ ਗਈਆਂ ਨੇ। ਅਪਰੇਸ਼ਨ ਆਲੇ ਦਿਨ ਮੈਂ ਕਿਹਾ ਰਣਜੋਧ ਨੂੰ ਬੁਲਾਅ ਲਈਏ। ਮੈਨੂੰ ਪੁੱਠਾ ਈ ਬੋਲਿਆ, "ਉਹਤੋਂ ਕੀ ਕਰਵਾਉਣੈ ਉਥੇ ਪਹਿਰੇ ਤੇ ਖੜ੍ਹੀ ਕਰਨੀ ਐ।" ਮੈਂ ਚੁੱਪ ਕਰਗੀ। ਕਦੇ ਸਿੱਧਾ ਨੀਂ ਬੋਲਦਾ। ਨਾਲੇ ਵਥੇਰੀਆਂ ਨੱਕਾਂ ਥਾਣੀ ਲੰਘੀਆਂ ਨੇ। ਇਹਨੂੰ ਲੈ ਕੇ ਹਸਪਤਾਲ ਪਹੁੰਚੀ। ਜਾਂਦਿਆਂ ਦੇ ਈ ਖ਼ੂਨ ਦੇ ਕਈ ਟੈਸਟ ਕੀਤੇ। ਮਸ਼ੀਨ ਨਾਲ ਚੈੱਕ ਕਰਕੇ ਡਾਕਟਰ ਨੇ ਦੱਸਤਾ, "ਚਿੱਟਾ ਮੋਤੀਐ, ਦੋਨੋਂ ਅੱਖਾਂ 'ਚ।"

"ਮਖਿਆ, ਡਾਕਟਰ ਸਾਹਿਬ ਹਾਲੇ ਤਾਂ ਐਨੀ ਉਮਰ ਨੀਂ ਇਹਨਾਂ ਦੀ।" ਸੁਭਾਵਕ ਹੀ ਮੇਰੇ ਮੂੰਹੋਂ ਨਿੱਕਲ ਗਿਆ।

"ਇਹਦਾ ਉਮਰ ਨਾਲ ਕੋਈ ਬਹੁਤਾ ਸਬੰਧ ਨੀਂ। ਸਾਡੇ ਰਹਿਣ-ਸਹਿਣ 'ਤੇ ਵੀ ਨਿਰਭਰ ਕਰਦੈ। ਕਈ ਵਾਰ ਗੁੱਸੇ ਜਾਂ ਵੱਧ ਬੀ.ਪੀ. ਨਾਲ ਇਹ ਹੋਰ ਵੀ ਭਿਆਨਕ ਰੂਪ 'ਚ ਅੱਖਾਂ 'ਚ ਉਤਰਦੈ। ਅਪਰੇਸ਼ਨ ਹੋਊ, ਰਾਇ ਕਰ ਲੋ।"

ਇਹਨੂੰ ਪੁੱਛਿਆ, "ਕਹਿੰਦਾ ਗਲੀ ਦੇ ਮੋੜ ਤੋਂ ਤੁਰੇ ਆਉਂਦੇ ਬੰਦੇ ਦੀ ਬਾਰ 'ਚ ਖੜ੍ਹੇ ਨੂੰ ਤਾਂ ਸਿਆਣ ਨੀ ਆਉਂਦੀ। ਹੋਰ ਸੋਚਣਾ ਕੀ ਐ, ਕਰਾ ਕੇ ਪਰ੍ਹੇ ਕਰਦੇ ਆਂ।"

ਮਖਿਆ, "ਸਾਰੀ ਉਮਰ ਮੋੜਾਂ ਤੋਂ ਆਉਂਦਿਆਂ ਨੂੰ ਵੇਖ-ਵੇਖ ਹਾਲੇ ਤੱਕ ਰੱਜਿਆ ਨੀਂ।" ਸ਼ੁਕਰ ਐ ਰੱਬ ਦਾ! ਉਦੋਂ ਤਾਂ ਮਾਂ ਦਾ ਪੁੱਤ ਚੁੱਪ ਰਿਹਾ। ਡਾਕਟਰ ਨੂੰ ਅਪਰੇਸ਼ਨ ਵਾਸਤੇ ਹਾਂ ਕਰਤੀ। ਫੀਸ ਭਰਤੀ। ਅਪਰੇਸ਼ਨ ਕਰਵਾ ਕੇ ਦੂਜੇ ਦਿਨ ਘਰੇ ਆਗੇ। ਦੋ ਦਿਨ ਹਰੀ ਪੱਟੀ ਬੰਨੀਂ ਰੱਖੀ। ਅੱਜ ਲਾਹ ਕੇ ਕਾਲੀ ਐਨਕ ਲਾਈਂ ਬੈਠੈ। ਗੋਲਾਈਦਾਰ ਚਿੱਟਾ ਪਰਨਾ ਸਿਰ 'ਤੇ ਬੰਨੀਂ ਬੈਠਾ ਐਂ ਲੱਗਦੈ, ਜਿਵੇਂ ਬਹੁਤਾ ਈ ਭਜਨੀਕ ਬੈਠਾ ਹੋਵੇ। ਚਿੱਟਾ ਰੁਮਾਲ ਹੁਣ ਵੀ ਹੱਥ 'ਤੇ ਵਲੇਟੀ ਰੱਖਦੈ। ਇਸ ਰੁਮਾਲ ਤੋਂ ਮੈਨੂੰ ਬਹੁਤ ਡਰ ਲੱਗਦੈ।

ਡਰ ਕਿਹਾ ਬੜਾ ਕਿਹਾ, ਮੇਰੇ ਅੰਦਰ ਸਹਿਮ ਈ ਇਸ ਰੁਮਾਲ ਨੇ ਬੈਠਾਇਐ। ਨਹੀਂ ਤਾਂ ਕਦੋਂ ਦਾ ਇਕ ਪਾਸਾ ਕਰਤਾ ਹੁੰਦਾ। ਰਿਟਾਇਰਮੈਂਟ ਤੋਂ ਮਗਰੋਂ ਤਾਂ ਦਾੜ੍ਹੀ ਵੀ ਕੱਲਰ ਕਰਨੀ ਛੱਡਤੀ ਇਹਨੇ। ਕੈਂਚੀ ਕੱਟ ਚਿੱਟੀ ਦਾੜ੍ਹੀ ਵੀ ਚਿੱਟੇ ਪਰਨੇ 'ਤੇ ਚਿੱਟੇ ਰੁਮਾਲ ਨਾਲ ਆ ਮਿਲੀ ਐ। ਹੁਣ ਸਗੋਂ ਡਰ ਹੋਰ ਵਧ ਗਿਐ। ਪਤਾ ਨਹੀਂ ਕਿਉਂ ਹਰ ਵਕਤ ਲੱਗੂ ਹੁਣ ਇਹ ਤਿੰਨੇ ਰਾਇ ਕਰਕੇ ਮੇਰੇ ਮਗਰ ਪੈਣਗੀਆਂ।

ਰਣਜੋਧ ਦੇ ਵਿਆਹ ਮਗਰੋਂ ਸਗੋਂ ਹੋਰ ਮੱਛਰ ਗਿਐ। ਆਖੂ, "ਵੇਖਿਆ ਖੱਬੀਖਾਨ੍ਹ ਘਰ ਭਾਲਿਐ। ਕੱਲਾ ਮੁੰਡੈ। ਇੰਜੀਨੀਅਰਿੰਗ ਕਾਲਜ ਦਾ ਪ੍ਰੋਫੈਸਰ ਐ। ਕੋਈ ਛੋਟੀ ਗੱਲ ਐ। ਤੇਰੇ ਵਰਗੀਆਂ ਥੋੜ੍ਹੋ ਭਾਲ ਸਕਦੀਆਂ ਨੇ ਇਹੋ ਜੇ ਰਿਸ਼ਤੇ। ਇਹ ਤਾਂ ਮੇਰੀ ਜਾਣ ਪਛਾਣ ਐ। ਮੁੰਡਾ ਵੇਖ ਲੈ ਐਡੇ ਅਹੁਦੇ ਦਾ ਮਾਲਕ ਹੋ ਕੇ ਵੀ, ਮੈਨੂੰ ਅੱਧ ਕੁ ਦਾ ਹੋ ਕੇ ਮਿਲਦੈ।"

ਆਹ ਅੱਧ ਕੁ ਆਲੀ ਗੱਲ ਯਾਦ ਕਰਕੇ ਅੰਦਰਲੀਆਂ ਭੰਬੀਰੀਆਂ ਹੋਰ ਤੇਜ਼ੀ ਨਾਲ ਘੁੰਮਣ ਲੱਗਦੀਆਂ ਨੇ। ਜਦੋਂ ਦਾ ਫੋਨ ਸੁਣਿਐ ਮੇਰਾ ਤਾਂ ਉਤਲਾ ਹੇਠਾਂ ਹੋਈ ਜਾਂਦੈ। ਇਹ ਆਵਦੀਆਂ ਫੁੱਕਰੀਆਂ ਨੀਂ ਮਾਰਨੋਂ ਹਟਦਾ। ਮੈਨੂੰ ਪਤੈ ਇਹ ਤਾਂ ਪਾਣੀ ਪੀ ਕੇ ਮੌਜ ਨਾਲ ਪੈ ਗਿਐ ਪਰ ਮੈਥੋਂ ਕਿੱਥੇ ਪਿਆ ਬੈਠਿਆ ਜਾਂਦੈ। ਬੱਸ ਹੁਣ ਚੱਲ ਪਈ ਐ ਅੰਦਰਲੀ ਕੈਸਟ। ਇਸ ਕੈਸਟ ਵਿੱਚ ਕਿੰਨੀਆਂ ਈ ਸਟੋਰੀਆਂ ਨੇ। ਇਹ ਸਟੋਰੀਆਂ ਮੇਰੀ ਦੇਹ ਨੂੰ ਮਿੱਟੀ ਬਣਾ ਦਿੰਦੀਆਂ ਨੇ। ਮੈਂ ਬੇ-ਸੁੱਧ ਹੋ ਜਾਨੀ ਆਂ। ਇਹ ਬੰਦੇ ਦੇ ਤਾਂ ਚਿੱਤੜਾਂ ਦੇ ਯਾਦ ਨੀਂ। ਆਥਣੇ ਡਾਟ ਖੋਲਦੇ ਨੂੰ ਚੰਗਾ ਬਰਫ ਬੱਤਾ, ਦਹੀਂ ਰਾਇਤਾ, ਤੜਕਾ ਲੱਗਿਆ ਚਾਹੀਂਦੈ। ਮੈਂ ਸਾਰੀ ਉਮਰ ਇਹਦੇ 'ਤੇ ਦੇ ਹ ਵੇਲੀ ਐ।

ਅੱਜ ਤਾਈਂ ਊਰੀ ਵਾਂਗੂੰ ਘੁੰਮਦੀ ਆਂ। ਹਾਲੇ ਫੇਰ ਵੀ ਆਖੂ ਤੂੰ ਸੁਧਰਦੀ ਨੀਂ। ਹਾਂ ਵਾਕਿਆ ਈ ਮੈਂ ਸੁਧਰੀ ਨੀਂ। ਉਹ ਦਿਨ ਯਾਦ ਕਰਕੇ ਲਗਦੈ ਜਿਵੇਂ ਆਵਦੀ ਦੇਹ ਵੇਲਣ ਵਾਲਾ ਵੇਲਣਾ ਆਪ ਈ ਆਵਦੇ ਹੱਥੀਂ ਖਰੀਦ ਲਿਆ ਹੋਵੇ। ਹੁਣ ਓਹੀ ਵੇਲਣਾ ਮੇਰੀ ਦੇਹ ਤੇ ਸੋਚ ਉਪਰ ਹਰ ਵੇਲੇ ਫਿਰਦੈ। ਮੈਨੂੰ ਅਧਮਰੀ ਕਰੀਂ ਰੱਖਦੈ। ਹੁਣ ਨਾ ਜਿਉਂਦਿਆਂ 'ਚ ਨਾ ਮਰਿਆ 'ਚ। ਨਾ ਓਹ ਪਾਸਾ ਨਾ ਆਹ ਪਾਸਾ। ਸਹਿਕ-ਸਹਿਕ ਕੇ ਦਿਨ ਕੱਢਣੇ ਕੋਈ ਜ਼ਿੰਦਗੀ ਹੁੰਦੀ ਐ ਬੰਦੇ ਦੀ। ਚੱਕ ਲੋ ਲੋਕਾਚਾਰੀ ਨੂੰ ਸਿਰ 'ਤੇ। ਕੋਈ ਨੀਂ ਹੁਣ ਨੇੜੇ ਖੜ੍ਹਦਾ।

ਮਨ 'ਚ ਆਉਂਦੈ ਦਾਤਾ ਤਾਂ ਦਿੰਦੈ, ਪਰ ਅਸੀਂ ਉਸ ਦੀਆਂ ਦਾਤਾਂ ਨਾਲ ਆਪੇ ਧੋਖਾ ਕਰਦੇ ਆਂ। ਮੈਂ ਬੀ.ਏ. ਕਰਕੇ ਬੀ.ਐੱਡ. ਕਰ ਰਹੀ ਸੀ।ਪੰਜਾਬੀ ਟੀਚਿੰਗ ਦਾ ਵਿਸ਼ਾ ਪ੍ਰੋ. ਮਾਨ ਪੜ੍ਹਾਉਂਦੇ ਸੀ ਸਾਨੂੰ। ਪ੍ਰੋ. ਮਾਨ ਆਪਣੇ ਲੈਕਚਰ ਦੌਰਾਨ ਐਸੀਆਂ ਸੁਆਦਲੀਆਂ ਟੂਕਾਂ ਤੇ ਉਦਾਹਰਨਾਂ ਦੇਣ ਲੱਗਦੇ। ਸਾਰੀ ਜਮਾਤ ਸੁਸਰੀ ਵਾਂਗ ਸੌ ਜਾਂਦੀ। ਕਈ ਵਾਰੀ ਚੁਟਕਲੇ ਤੇ ਗੀਤ ਵੀ ਸ਼ੁਰੂ ਹੋ ਜਾਂਦੇ। ਸਿਲੇਬਸ ਕਿਧਰੇ ਜਾਂਦਾ। ਲੰਮਾ ਸਲੰਮਾ ਮੁੰਡਾ, ਮਾਵੇ ਵਾਲੀ ਉਨਾਭੀ ਪੱਗ ਬੰਨ੍ਹੀਂ ਚਿੱਟੀ ਸ਼ਰਟ ਨਾਲ ਕਾਲੀ ਪੈਂਟ ਦੀ ਜੇਬ 'ਚ ਆਪਣਾ ਖੱਬਾ ਹੱਥ ਪਾਈਂ ਖਲੋਤਾ ਸ਼ਿਵ ਬਟਾਲਵੀ ਦੇ ਗੀਤ ਸੁਣਾਉਂਦਾ। ਉਸ ਦੇ ਵਿਸਮਾਦੀ ਬੋਲਾਂ ਨਾਲ ਰੂਹ ਨਸ਼ਿਆ ਜਾਂਦੀ। ਦੂਰੋਂ ਝੂਮਦਾ ਆਉਂਦਾ ਵੀ ਮੇਰੇ ਕਾਲਜੇ ਧੂਹ ਪਾਉਂਦਾ। ਪੈਂਟ ਦੀ ਜੇਬ ਵਿਚਲੇ ਹੱਥ ਨਾਲ ਕਿਤੇ-ਕਿਤੇ ਨੀਲੇ ਬਾਰਡਰ ਵਾਲੇ ਚਿੱਟੇ ਰੁਮਾਲ ਦੀ ਬਾਹਰ ਨਿਕਲੀ ਕੰਨੀਂ ਮੈਨੂੰ ਜ਼ਰੂਰ ਨਜ਼ਰੀਂ ਪੈਂਦੀ। ਦਸੰਬਰ ਪੇਪਰਾਂ 'ਚੋਂ ਮੇਰੇ ਸਭ ਤੋਂ ਵੱਧ ਨੰਬਰ ਆਏ। ਸਾਰੇ ਟੀਚਰਾਂ ਤੇ ਜਮਾਤੀਆਂ ਨੇ ਮੁਬਾਰਕਾਂ ਦਿੱਤੀਆਂ। ਉਸ ਨੇ ਓਹੀ ਆਪਣੇ ਵੱਖਰੇ ਕਾਵਿਕ ਅੰਦਾਜ਼ 'ਚ ਭਰੀ ਮਹਿਫ਼ਿਲ ਵਿੱਚ ਮੁਬਾਰਕਵਾਦ ਕਿਹਾ। ਤਾੜੀਆਂ ਦੀ ਗੜਗੜਾਹਟ ਨਾਲ ਜਮਾਤ ਦਾ ਕਮਰਾ ਭਰ ਗਿਆ। ਉਸ ਦੇ ਲੰਮੇ ਪਤਲੇ ਸਰੀਰ ਦੀ ਲਚਕ ਮੈਨੂੰ ਹਲੂਣਦੀ ਰਹਿੰਦੀ। ਹਲੂਣ ਤਾਂ ਕੀ ਉਸ ਦੇ ਪਿਆਰ ਦੀ ਮਨ ਮਸਤ ਪੀਂਘ ਝੂਟਦੀ ਰਹਿੰਦੀ। ਉੱਚੀ ਚੜ੍ਹੀ ਪੀਂਘ ਦੀ ਹੀਂਘ ਨੂੰ ਪ੍ਰੋ. ਮਾਨ ਦੀ ਤਿੱਖੀ ਨਜ਼ਰ ਨੇ ਫੜ ਲਿਆ। ਲਾਇਬਰੇਰੀ 'ਚ ਇਕੱਲੀ ਬੈਠੀ ਵੇਖ ਮੇਰੇ ਕੋਲ ਆ ਖਲੋਤੇ। ਮੁਸਕਰਾਉਂਦੇ ਬੋਲੇ, ਪੰਮੀ ਧੀ ਰਾਣੀਏ

ਸੰਗੀਤ ਦੇ ਸਮੁੰਦਰ ਦਾ ਤਾਰੂ ਕਦੇ ਕਿਸੇ ਦੀ ਜ਼ਿੰਦਗੀ ਦੀ ਬੇੜੀ ਨੂੰ ਭਰ ਵਗਦੇ ਦਰਿਆ ਵਿੱਚ ਡੋਬਾ ਨਹੀਂ ਦਿੰਦਾ, ਇਹ ਮੇਰਾ ਵਿਸ਼ਵਾਸ਼ ਐ। ਬਾਕੀ ਜੋਰਾਵਰ ਵਰਗਾ ਸੁਨੱਖਾ ਮੁੰਡਾ ਕਿਤੇ ਧਰਿਆ ਪਿਐ। ਆਪਣੇ ਮਨ ਦੀ ਗੱਲ ਮੈਨੂੰ ਦੱਸ? ਮੇਰੀ ਨੀਵੀਂ ਪਾਈ ਬੈਠੀ ਦੀ ਨਜ਼ਰ ਤੇ ਮੁਸਕਰਾਹਟ ਨੂੰ ਸਹਿਮਤੀ ਸਮਝਦਿਆਂ, ਉਹਨਾਂ ਸਾਡੇ ਦੋਹਾਂ ਦੇ ਮਾਪਿਆਂ ਤੱਕ ਗੱਲ ਅੱਪੜਦੀ ਕਰਤੀ। ਪ੍ਰੋ. ਮਾਨ ਦੀ ਵਿਚਲੋਗੀ ਨਾਲ ਸਾਡੇ ਮਨਾਂ ਦੀ ਮੁਰਾਦ ਪੂਰੀ ਹੋਗੀ।

ਚਿੱਟੇ ਰੁਮਾਲ ਵਾਲੀ ਗੱਲ ਜੋਰਾਵਾਰ ਨੇ ਮੈਨੂੰ ਝਿਜਕਦਿਆਂ-ਝਿਜਕਦਿਆਂ ਦੱਸੀ, ਮੈਂ ਹੱਸਦੀ ਨੇ ਕਿਹਾ, "ਤੇਰੇ ਚਿੱਟੇ ਰੁਮਾਲ ਨੂੰ ਚੁੰਮ-ਚੁੰਮ ਧੋ ਕੇ ਨਿਖ਼ਾਰਕੇ ਰੱਖਿਆ ਕਰੂੰ।"

ਪਾਸ ਆਊਟ ਹੋਣ ਤੇ ਹੀ ਮੈਂ ਮੈਥ ਨਾਲ ਬੀ.ਏ. ਹੋਣ ਕਰਕੇ ਮੈਥ ਦੀ ਪੋਸਟ 'ਤੇ ਜੋਰਾਵਰ ਐਸ.ਐਸ. ਦੀ ਪੋਸਟ ਤੇ ਇੱਕੋ ਸਕੂਲ 'ਚ ਨਿਯੁਕਤ ਹੋ ਗਏ ਪਰ ਕੀ ਪਤਾ ਸੀ ਇਸ ਬਹੁਰੂਪੀਏ ਦੇ ਹੋਰ ਵੀ ਕਈ ਰੂਪ ਨੇ। ਇਹਨੇ ਤਾ ਮੈਨੂੰ ਭੁਚਲਾਉਣਾ ਸੀ, ਭੁਚਲਾਅ ਲਿਆ। ਤਾਂ ਹੀ ਅੱਜ ਆਹ ਤੁਰੀਂ ਫਿਰਦੀ ਆਂ ਖਿਰ ਖਿਰ ਕਰਦੀ, ਠੇਬੇ ਖਾਂਦੀ।

"ਓ ਰੜਕ ਪਈਂ ਜਾਂਦੀ ਐ, ਦਵਾਈ ਨੀਂ ਪਾਈ ਮੇਰੇ," ਇਕਦਮ ਯਾਦਾਂ ਦੇ ਭੰਵਰ 'ਚੋਂ ਬਾਹਰ ਨਿਕਲਦੀ ਆਂ।

ਫਰਿਜ਼ 'ਚੋਂ ਸ਼ੀਸ਼ੀ ਕੱਢ, ਢੱਕਣ ਖੋਲਦੀ ਆਂ, "ਲੈ ਲੋਟ ਹੋ ਦਵਾਈ ਪਾ ਦਿਆਂ।" ਅੱਖਾਂ ਦੀਆਂ ਪੁਤਲੀਆਂ ਨੂੰ ਖੋਲਦਿਆਂ ਇਸ ਦੇ ਚਿੱਟੇ ਪਰਨੇ ਨੂੰ ਛੂਹਣ ਤੋਂ ਵੀ ਤ੍ਰਹਿੰਦੀ ਆਂ। ਦਵਾਈ ਦਾ ਤੁੱਪਕਾ ਅੰਦਰ ਜਾਂਦਿਆਂ, ਇਹਨੇ ਅੱਖਾਂ ਘੁੱਟ ਕੇ ਬੰਦ ਕਰਲੀਆਂ ਨੇ। ਚਿੱਟੀ ਦਾੜ੍ਹੀ 'ਤੇ ਡਿੱਗੇ ਤੁਪਕੇ ਨੂੰ ਹੱਥ 'ਤੇ ਵਲੇਟੇ ਰੁਮਾਲ ਨਾਲ ਈ ਸਾਫ਼ ਕਰਨ ਲੱਗਦੈ। ਇਹਦੀਆਂ ਅੱਖਾਂ ਈ ਬੰਦ ਨੇ ਜੁਬਾਨ ਉਵੇਂ ਚਲਦੀ ਐ।

ਆਵਦੀ ਰੜਕ ਤਾਂ ਮਿੰਟ ਨੀਂ ਝੱਲੀ ਜਾਂਦੀ ਜਿਹੜੀ ਮੇਰੇ ਅੰਦਰ ਰੜਕ ਪੈਂਦੀ ਐ ਉਹਦਾਂ ਕਦੇ ਧਿਆਨ ਨੀ ਆਇਆ ਏਸ ਬੰਦੇ ਨੂੰ।

ਮੈਂ ਬੋਚ ਕੇ ਸ਼ੀਸ਼ੀ ਬੰਦ ਕਰਕੇ ਪਰ੍ਹੇ ਈ ਹੋਈ ਆਂ, ਓਹੀ ਗੱਲ, "ਓ ਫੇਰ ਕਿੱਥੇ ਤੁਰਗੀ, ਕਿੰਨੇ ਦਿਨ ਹੋਗੇ ਰਣਜੋਧ ਦਾ ਫੋਨ ਨੀਂ ਆਇਆ। ਨਾ ਹੈਪੀ ਨੇ ਗੱਲ ਕੀਤੀ ਐ।ਉਹਨੂੰ ਤਾਂ ਆਵਦੇ ਕਾਲਜ 'ਚੋਂ ਈ ਵਿਹਲ ਨੀਂ ਮਿਲਦੀ ਕਦੇ ਕਿਸੇ ਕਾਲਜ, ਕਦੇ ਕਿਸੇ ਯੂਨੀਵਰਸਿਟੀ 'ਚ ਸੈਮੀਨਾਰ ਲਾਉਣ ਤੁਰਜੂ। ਫੋਨ ਮਿਲਾਓ ਤਾਂ ਘੰਟਾ-ਘੰਟਾ ਬਿਜ਼ੀ ਆਉਂਦਾ ਰਹਿੰਦੈ। ਗੱਲ ਮਿਣਵੀਂ ਤੋਲਵੀਂ ਕਰਦੈ। ਚੰਗੀ ਪ੍ਰੋਫੈਸਰੀ ਐ। ਕਦੇ ਆਖੂ ਅੱਜ ਸਟੂਡੈਂਟਸ ਨੂੰ ਲੈ ਕੇ ਚੱਲਿਆਂ ਟੈਕਨਾਲੋਜੀ ਦੇ ਨਵੇਂ ਪ੍ਰੋਜੈਕਟ ਵਿਖਾਉਣ। ਬੱਸ ਟਾਇਮ ਈ ਨੀਂ ਮਿਲਦਾ। ਹੁਣ ਆਹ ਨਵਾਂ ਕੰਮ ਹੋਰ ਚੱਲ ਪਿਆ ਅਕੇ ਆਨ-ਲਾਇਨ ਬੱਚਿਆਂ ਦੀਆਂ ਕਲਾਸਾਂ ਲੱਗਦੀਐ। ਪਹਿਲਾਂ ਕਲਾਸ ਰੂਮ 'ਚ ਤਾਂ ਆਵਦੀ ਮਰਜੀ ਦਾ ਕੰਮ ਸੀ। ਨੈਟ 'ਤੇ ਪਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਐ। ਜਦੋਂ ਗੱਲ ਕਰੋ ਕੰਪਿਊਟਰ ਨਾਲ ਚਿਮਟਿਆ ਬੈਠਾ ਹੁੰਦੈ। ਰਣਜੋਧ ਨੂੰ ਪੁੱਛੋ ਆਖੂ ਪਾਪਾ ਉਹਦੀਆਂ ਓਹੀ ਜਾਣੇ। ਤੂੰ ਪਤਾ ਕਰਲੀਂ। ਉਹਨੂੰ ਟਾਇਮ ਨੀਂ ਨਿਕਲਦਾ।

ਮੈਂ ਜਾਣਦੀ ਆਂ ਜਿਹੜਾ ਪਹਿਲਾਂ ਤੂੰ ਸਾਰੀ ਉਮਰ ਆਵਦੇ ਜਵਾਕਾਂ ਦੇ ਦੁੱਖ-ਸੁੱਖ ਸੁਣਦਾ ਰਿਹੈਂ। ਵਿਹਲਾ ਬੈਠੈ। ਫੋਕੀਆਂ ਵਡਿਆਈਆਂ ਮਾਰਨ ਨੂੰ। ਸਾਰੀ ਉਮਰ ਮੇਰੇ ਗਲ਼ 'ਚ ਰਹੇ ਨੇ

ਸਭ ਫੰਦੇ। ਹੁਣ ਵੀ ਮੈਨੂੰ ਪਤੈ ਇਹਦੇ ਰਣਜੋਧ ਦੇ ਫਿਕਰ ਦਾ। ਚੁੱਪ ਕਰਕੇ ਪਰ੍ਹੇ ਆਂ ਬੈਠੀ ਆਂ।

ਰਣਜੋਧ ਨੂੰ ਯਾਦ ਕਰਦੈ, ਬੜੀ ਸ਼ਰਮ ਸੀ ਧੀ ਦੀ, ਅੱਜ ਵੀ ਓਹ ਗੱਲ ਯਾਦ ਕਰਕੇ ਸਾਰਾ ਸਰੀਰ ਮੁੜਕੋ ਮੁੜਕੀ ਹੋ ਜਾਂਦੈ। ਇਕ ਦਿਨ ਵਾਹਵਾ ਰਾਤ ਤੱਕ ਘਰੇ ਨਾ ਆਇਆ। ਅਸੀਂ ਦੋਵੇਂ ਮਾਵਾਂ ਧੀਆਂ ਫ਼ਿਕਰ ਕਰੀਂ ਜਾਈਏ। ਪਿਛਲੇ ਪਹਿਰ ਦਾ ਮੋਟਰ ਸਾਇਕਲ ਲੈ ਕੇ ਨਿਕਲਿਐ। ਦੱਸ ਕੇ ਵੀ ਨੀਂ ਗਿਆ। ਫੋਨ ਕੀਤਾ, ਬੰਦ ਆਈਂ ਜਾਵੇ। ਐਨੀਂ ਟਰੈਫਿਕ ਐ, ਊਂ ਨਾ ਕਿਤੇ ਮਸਲਿਆ ਗਿਆ ਹੋਵੇ। ਭੈੜੇ-ਭੈੜੇ ਖਿਆਲ ਆਈਂ ਜਾਣ ਮਨ 'ਚ। ਅਖੀਰ ਅੱਧੀ ਰਾਤ ਆ ਖੜ੍ਹਿਆ। ਮੈਂ ਰੋਟੀ ਫੜਾਉਣ ਗਈ, ਹਾਬੜਿਆਂ ਵਾਂਗੂੰ ਮੈਨੂੰ ਜੱਫਾ ਭਰ ਲਿਆ। ਮੇਰੇ ਹੱਥੋਂ ਪਲੇਟ ਛੁੱਟਗੀ। ਖੜਕਾ ਸੁਣਕੇ ਕੁੜੀ ਆਈ ਭੱਜ ਕੇ। ਵੇਖਕੇ ਪੁੱਠੀ ਮੁੜਗੀ। ਜਦੋਂ ਇਸ ਕੰਜਰ ਤੋਂ ਖਹਿੜਾ ਛੁਡਾ ਕੇ ਗਈ, ਉਹ ਰਜਾਈ 'ਚ ਮੂੰਹ ਲਕੋਈਂ ਪਈ। ਹੁਣ ਮਾਰੀਂ ਜਾਂਦਾ ਰਹਿੰਦੈਂ ਝੱਲ-ਵਲੱਲੀਆਂ।ਮਨ 'ਚ ਆਉਂਦੈ ਸਾਰੀ ਉਮਰ ਆਹੀ ਥੁੱਕੀਂ ਵੜੇ ਪਕਾਉਂਦਾ ਰਹੀਂ।

ਇਹਦੇ ਕਾਰਨਾਮਿਆਂ ਨੇ ਤਾਂ ਆਹ ਕੱਲੀ ਬਿਠਾਈ ਬੈਠੀ ਆਂ। ਆਪਣੇ ਸਾਰਿਆਂ ਤੋਂ ਪਰ੍ਹੇ। ਮੈਂ ਹਰ ਵੇਲੇ ਇਹਦੀਆਂ ਵੱਡੀਆਂ ਛੋਟੀਆਂ ਗੱਲਾਂ 'ਤੇ ਪਰਦੇ ਪਾਉਂਦੀ ਰਹੀ।

ਅਸੀਂ ਮਲਕਪੁਰ ਸਕੂਲ 'ਚ ਸੀ ਦੋਵੇਂ। ਨਵੀਂ ਆਈ ਹਿੰਦੀ ਆਲੀ ਅਰੋੜਾ ਮੈਡਮ ਇਹਦੇ ਬੰਨੀਂ ਕੁਨੱਖਾ ਜਿਹਾ ਝਾਕਿਆ ਕਰੇ। ਇਕ ਦਿਨ ਸਟਾਫ ਰੂਮ 'ਚ ਬੈਠੀ ਮੈਨੂੰ ਬੋਲਦੀ ਐ, "ਮੈਡਮ, ਸੰਧੂ ਸਰ ਹੱਥ ਪੈਂਟ ਦੀ ਜੇਬ 'ਚ ਈ ਰੱਖਦੇ ਐ।"

"ਇਹਨਾਂ ਦੀ ਬੱਸ ਆਦਤ ਐ। ਆਪਾਂ ਵੀ ਕਈ ਹਰਕਤਾਂ ਕਰਦੀਆਂ ਰਹਿੰਨੀਆਂ। ਹਰ ਬੰਦੇ ਦੀ ਆਪੋ ਆਪਣੀ ਹੌਬੀ ਕਹਿ ਲਵੋ ਜਾਂ ਫਿਤਰਤ।" ਸੁਣਕੇ ਚੁੱਪ ਕਰਗੀ।

ਪਹਿਲਾਂ ਵੀ ਕਿੰਨੇ ਲੋਕਾਂ ਨੇ ਪੁੱਛਿਐ ਇਹ ਸਵਾਲ। ਮੈਂ ਆਪਣੀ ਬੁੱਧੀ ਦਾ ਹਥਿਆਰ ਇਸ ਮਾਮਲੇ 'ਚ ਮਾਂਜ ਸੰਵਾਰਕੇ ਰੱਖਦੀ। ਸ਼ਾਤਰਾਂ ਨੂੰ ਸਿੱਧਾ ਕਰਨਾ ਵੀ ਮੈਨੂੰ ਆ ਗਿਆ ਸੀ। ਪਰ ਇਹ ਮਾਂ ਦਾ ਪੁੱਤ ਨੀਂ ਸੁਧਰਿਆ।

ਇਹੀ ਗੱਲ ਮੈਂ ਘਰੇ ਆ ਕੇ ਇਹਦੇ ਨਾਲ ਸਾਂਝੀ ਕੀਤੀ। ਇਹਦੇ ਦਿਮਾਗ 'ਤੇ ਓਹੀ ਠੀਕਰਾ ਮੂਧਾ ਵੱਜਿਆ ਦਿਸਿਆ।

"ਅਕੇ ਤੂੰ ਕੋਈ ਗੱਲ ਓਹਦੇ ਨਾਲ ਕੀਤੀ ਹੋਊ। ਤਾਂ ਹੀ ਉਸ ਨੇ ਪੁੱਛਿਆ। ਆਵਦੀ ਜੁਬਾਨ ਨੂੰ ਲਗਾਮ ਦੇ ਕੇ ਰੱਖਿਆ ਕਰ।" ਮੈਂ ਸੁਣ ਕੇ ਹੱਕੀਬੱਕੀ ਰਹਿਗੀ।

ਐਨੇ ਨੂੰ ਟਿਊਸ਼ਨ ਪੜ੍ਹਨ ਆਲੇ ਬੱਚੇ ਆਗੇ। ਉਹਨਾਂ ਨੂੰ ਪੜ੍ਹਾਉਣ ਲੱਗ ਪਿਆ। ਇਹ ਅੰਗਰੇਜ਼ੀ ਪੜ੍ਹਾਉਂਦਾ ਸੀ। ਦੱਸਵੀਂ ਆਲੇ ਮੁੰਡੇ ਕੁੜੀਆਂ ਨਾਲ ਸ਼ਹਿਰ ਕਾਲਜ ਦੀ ਬੀ.ਏ. ਫਾਈਨਲ 'ਚ ਪੜ੍ਹਦੀ ਕੁੜੀ ਵੀ ਆਉਣ ਲੱਗੀ। ਉਹਦੀ ਮਾਂ ਕਹਿੰਦੀ ਪਿਓ ਬਾਹਰੀ ਐ ਜੀ ਜੇ ਥੋਡੀ ਮਿਹਰ ਹੋਜੇ ਆਵਦੇ ਟੁਕੜੇ ਜੋਗਰੀ ਹੋਜੂ। ਮੈਂ ਵੀ ਹਾਂ ਕਰਤੀ। ਬੱਚਿਆਂ ਦੇ ਜਾਣ ਮਗਰੋਂ ਓਹੀ ਗੱਲ ਫੇਰ ਲੈ ਕੇ ਬਹਿ ਗਿਆ।

"ਓਹਦੀ ਰਫੂਜਣ ਦੀ ਕੀ ਮਜ਼ਾਲ ਸੀ, ਤੂੰ ਉਹਦੇ ਮੂੰਹ ਨਾਲ ਮੂੰਹ ਜੋੜ ਕੇ ਬੈਠੀ ਰਹਿੰਨੀ ਐਂ। ਹੁਣ ਆਹ ਜਵਾਕਾਂ ਜਾਂ ਕੁੜੀ ਕੋਲੇ ਨਾ ਆਵਦਾ ਗਿਆਨ ਘੋਟਣ ਬਹਿਜੀ।"

ਮੈਂ ਹੈਰਾਨ ਹੋਈ ਜਾਵਾਂ। ਮੈਂ ਕੀ ਗੱਲ ਦੱਸੀ ਐ। ਇਹ ਕਿੱਥੇ ਤੁਰਿਆ ਫਿਰਦੈ। ਉਸ ਦਿਨ ਮਗਰੋਂ ਸਕੂਲ 'ਚ ਤੇ ਘਰੇ ਵੀ ਮੈਨੂੰ ਪੁੱਠਾ ਈ ਬੋਲਿਆ ਕਰੇ। ਮੈਂ ਚੁੱਪ ਰਹੀ। ਆਉਣ ਜਾਣ ਵੀ ਮੈਥੋਂ ਅੱਗੇ ਪਿੱਛੇ ਲੱਗ ਗਿਆ। ਮੈਂ ਘਰ ਦਾ ਮਾਹੌਲ ਫੇਰ ਵੀ ਸ਼ਾਂਤ ਰੱਖਣਾ ਠੀਕ ਸਮਝਿਆ। ਇਹਦੀ ਮਗਰੂਰੀ ਸਾਰੀ ਉਮਰ ਘਟੀ ਨੀਂ। ਇਸੇ ਕਰਕੇ ਅੱਜ ਇਹਦੀਆਂ ਗੱਲਾਂ ਨੇ ਅਗਲੀ ਸਟੋਰੀ ਆਨ ਕਰ ਦਿੱਤੀ ਐ। ਅੱਜ ਤਾਂ ਦਿਨ ਚੜ੍ਹਦੇ ਦੀਆਂ ਕਹਾਣੀਆਂ ਰੁਕਣ ਦਾ ਨਾਂ ਨੀਂ ਲੈਂਦੀਆਂ। ਔਖ ਤਾਂ ਮਨ 'ਚ ਰਣਜੋਧ ਦੀ ਐ। ਸਾਰੀ ਉਮਰ ਇਹਨੇ ਜਿਹੜਾ ਟਿੰਡੀ ਦੇ ਬੀਅ 'ਤੇ ਟੰਗੀ ਰੱਖਿਐ ਓਹ ਨਾਲ ਹੋਰ ਉਬਲਦੈ। ਇਹਦੀ ਆਕੜ ਤੇ ਬਹਿਬਤਾਂ ਮੇਰੀ ਜਾਨ ਦਾ ਖੌਅ ਬਣੀਆਂ ਨੇ।

ਉਹ ਦਿਨ ਜਿਸ ਨੂੰ ਭੁਲਾਉਂਦੀ ਨੂੰ ਸਾਰੀ ਉਮਰ ਹੋਗੀ। ਅੱਜ ਫੇਰ ਅੱਖਾਂ ਮੂਹਰੇ ਘੁੰਮੀਂ ਜਾਂਦੈ। ਸਕੂਲ 'ਚ ਰਸੈਸ ਟਾਇਮ 'ਚ ਮੇਰੇ ਕੋਲ ਆ ਕੇ ਕਹਿੰਦਾ, "ਅੱਜ ਮੈਂ ਮੰਡੀ ਜਾ ਕੇ ਆਉਂਨਾ। ਛੁੱਟੀ ਮਗਰੋਂ ਪੜ੍ਹਨ ਆਏ ਬੱਚਿਆਂ ਨੂੰ ਦੱਸ ਦੇਵੀਂ ਮੈਂ ਲੇਟ ਆਵਾਂਗਾ।

ਅੱਛਾ, ਕਹਿ, ਮਨ 'ਚ ਆਵੇ ਅੱਜ ਤਾਂ ਅੱਧੀ ਰਾਤ ਤੱਕ ਦੀ ਗਰੰਟੀ ਐ। ਮੰਡੀ ਆਲੀ ਢਾਣੀ 'ਚੋਂ ਛੇਤੀ ਥੋੜ੍ਹੀ ਨਿਕਲਦੈ। ਕਿਹੜਾ ਅੱਜ ਨਵੀਂ ਗੱਲ ਐ। ਮੈਡਮਾਂ ਅੱਡ ਅੱਖਾਂ 'ਚ ਹਸਦੀ ਐਂ ਕਿ ਜਦੋਂ ਤੀਜੇ ਦਿਨ ਕਦੇ ਗੋਡੇ ਤੇ ਕਿਤੇ ਬਾਂਹ ਤੇ ਪੱਟੀ ਬੰਨਾਈ ਫਿਰਦਾ ਹੁੰਦੈ।

ਲਾਸਟ ਪੀਰੀਅਡ 'ਚ ਇਕ ਬੱਚਾ ਭੱਜਿਆ ਭੱਜਿਆ ਆਇਆ, "ਮੈਡਮ ਫਟਾ-ਫਟ ਘਰੇ ਜਾਇਓ ਤੁਹਾਨੂੰ ਬੁਲਾਇਐ।"

ਮਨਾਂ ਓਹੀ ਗੱਲ ਹੋਗੀ।

ਮੈਂ ਗਈ ਸਾਡੀ ਘਰ ਵਾਲੀ ਬੰਦ ਗਲੀ ਬੰਦਿਆਂ ਨਾਲ ਭਰੀ ਖੜ੍ਹੀ, ਬੁੜੀਆਂ ਅੱਡ ਖੇਡਾਂ ਵੇਖਣ ਵਾਲਿਆਂ ਵਾਂਗ ਕੋਠਿਆਂ 'ਤੇ ਚੜ੍ਹੀਆਂ ਬੈਠੀਆਂ। ਇਹਦੀ ਪੱਗ ਇਹਦੇ ਗਲ 'ਚ, ਕੇਸ ਖੁੱਲ੍ਹੇ। ਕੋਈ ਕੁਛ ਬੋਲੇ ਕੋਈ ਕੁਛ। ਇਕ ਤਮਾਸ਼ਬੀਨ ਇਹਦਾ ਰੁਮਾਲ ਵਾਲਾ ਹੱਥ ਉਪਰ ਕਰਕੇ ਉੱਚੀ-ਉੱਚੀ ਆਖੇ, "ਆਹ ਵੇਖੋ ਜਿਹੜੇ ਨੂੰ ਜੇਬ 'ਚ ਲਕੋਓ-ਲਕੋਓ ਰੱਖਦਾ ਸੀ। ਸਾਲੇ ਇਹਨਾਂ ਟੁੰਡਿਆਂ ਦੀ ਇਕ ਰਗ ਵੱਧ ਹੁੰਦੀ ਐ।" ਮੇਰੀਆਂ ਲੱਤਾਂ ਕੰਬੀ ਜਾਣ। ਲੋਕਾਂ ਦੇ 'ਕੱਠ 'ਚ ਇਹ ਨੀਵੀਂ ਪਾਈ ਮੰਗਤਾ ਬਣਿਆ ਖੜ੍ਹਾ ਸੀ। ਟਿਊਸ਼ਨ ਵਾਲੀ ਕੁੜੀ ਪਹਿਲਾਂ ਈ ਘਰੇ ਤੋਰ ਤੀ ਸੀ ਬੰਦਿਆਂ ਨੇ। ਇਹਦੀ ਕਰਤੂਤ ਨੇ ਮੈਨੂੰ ਜਿਉਂਦੀ ਨੂੰ ਧਰਤੀ 'ਚ ਗੱਡਤਾ ਸੀ। ਪੰਚਾਇਤ ਤੇ ਪਿੰਡ ਦੇ ਮੋਢੀਆਂ ਦੇ ਪੈਰੀਂ ਚੁੰਨੀ ਧਰਦੀ ਮਿੰਨਤਾਂ ਕਰੀਂ ਜਾਵਾਂ। ਫ਼ੈਸਲਾ ਕੁੜੀ ਦੀ ਮਾਂ ਦੀ ਸਹਿਮਤੀ ਨਾਲ ਹੋਇਆ ਕਿ ਅਸੀਂ ਮੁੜ ਇਸ ਪਿੰਡ ਦੀ ਜੂਹ 'ਚ ਨਾ ਦਿਸੀਏ। ਸਮਾਨ ਚੱਕਲੋ ਤੇ ਨਿਕਲੋ। ਇਹ ਗਰੀਬ ਦੀ ਧੀ ਦਾ ਅਗਾਂਹ ਵਸੇਬਾ ਕਰਨਾ ਔਖਾ ਹੋਜੂ ਜੇ ਗੱਲ ਥਾਣਿਆਂ ਕਚਹਿਰੀਆਂ 'ਚ ਚੜ੍ਹਗੀ। ਮੂੰਹ ਤੇ ਮਿੱਟੀ ਮਲ ਕੇ ਇਹਨੇ ਪਿੰਡੋਂ ਕੱਢਾਇਆ।

ਲੋਕਾਂ ਮੂਹਰੇ ਹੱਥ ਪੈਰ ਬੰਨ੍ਹ ਕੇ ਆਹ ਪਿੰਡੋਂ ਦੂਰ ਤੀਜੇ ਜ਼ਿਲ੍ਹੇ 'ਚ ਬਦਲੀ ਕਰਵਾ ਕੇ , ਮੂੰਹ ਲਕੋਈਂ ਸਿਰ ਘਸੋਈਂ ਬੈਠੇ ਆਂ। ਐਨਾ ਕੁਦਰਤ ਦਾ ਸ਼ੁਕਰ ਉਹਨਾਂ ਦਿਨਾਂ 'ਚ ਇੱਥੇ ਆਉਣ ਵੇਲੇ ਸਾਨੂੰ ਸ਼ੁਭਰਕਰਨ ਮਿਲ ਗਿਆ। ਸਾਡਾ ਬੀ.ਐਡ. ਦਾ ਕਲਾਸਮੇਟ ਐ। ਉਸ ਨੇ ਮਕਾਨ ਕਿਰਾਏ 'ਤੇ ਦਿਵਾਇਆ। ਘਰ ਪਾਉਣ ਵੇਲੇ ਵਥੇਰੀ ਮੱਦਤ ਕੀਤੀ। ਪਹਿਲੀਆਂ 'ਚ ਉਹ

ਸਕੂਲ ਟੀਚਰ ਰਿਹਾ, ਫੇਰ ਆਪਣੀ ਮਿਹਨਤ ਨਾਲ ਕਾਲਜ ਪ੍ਰੋਫੈਸਰ ਤੱਕ ਪਹੁੰਚਿਆ। ਸਾਡੇ ਦੋਵਾਂ ਬੱਚਿਆਂ ਦੀ ਪੜ੍ਹਾਈ ਵੇਲੇ ਬਹੁਤ ਮੱਦਦ ਕਰਦਾ ਰਿਹਾ। ਹੁਣ ਤਾਈਂ ਵੀ ਮੋਹ ਰੱਖਦੈ। ਉਹਦੀ ਜਦੋਂ ਗੱਲ ਕਰੂ, "ਆਖੂ ਜਨਾਨਾ ਬੰਦੈ। ਤੀਮੀਆਂ 'ਚ ਬੈਠ ਕੇ ਖੁਸ਼ ਹੁੰਦੈ।"

ਮਖਿਆਂ ਕਿਸੇ ਦੀ ਤਾਂ ਕਦਰ ਕਰਿਆ ਕਰ। ਤੇਰੇ ਤਾਂ ਵੀਹ ਕੰਮ ਸੰਵਾਰੇ ਨੇ। ਤੂੰ ਬੰਦਾ ਹੋ ਕੇ ਕੀ ਲੱਲਰ ਲਾਤੇ। ਫੇਰ ਤੜਿੰਗ ਹੋ ਜਾਂਦੈ ਸੁਣ ਕੇ। ਤੇਰੇ ਮਰਦਾਉ ਪੁਣੇ ਦੀਆਂ ਤਾਂ ਦੂਰ-ਦੂਰ ਧੁੰਮਾਂ ਨੇ। ਐਨੀਆਂ ਨੱਕਾਂ ਵਿਚਦੀ ਲੰਘਗੀਆਂ। ਕੋਈ ਅਸਰ ਨੀਂ।

ਇਹਦੇ ਓਹੀ ਚੱਜ ਰਹੇ। ਰਣਜੋਧ ਦਾ ਜਨਮ ਹੋਇਆ। ਘਰ ਸਕੂਲ ਦੇ ਕੰਮਾਂ ਨਾਲ ਬੱਚੇ ਨੂੰ ਵੀ ਸੰਭਾਲਦੀ। ਕੰਮ ਕਰਦੀ ਨੇ ਬੈੱਡ 'ਤੇ ਖੇਡਦੀ ਨੂੰ ਵੇਖ ਕੇ ਕਿਹਾ, "ਜਰਾ ਰਣਜੋਧ ਦਾ ਧਿਆਨ ਰੱਖਿਓ, ਹੇਠਾਂ ਫਰਸ਼ 'ਤੇ ਨਾ ਡਿੱਗ ਪੇ, ਟੈਲੀਵੀਜ਼ਨ ਵੇਖਦੇ-ਵੇਖਦੇ ਨੇ ਇੱਟ ਦੇ ਰੋੜੇ ਵਾਂਗ ਇੱਕੋ ਹੱਥ ਨਾਲ ਗੇੜਾ ਖਵਾਅ ਦਿੱਤਾ। ਕੁੜੀ ਚੀਕਾਂ ਮਾਰੇ। ਮਜ਼ਾਲ ਐ ਦੂਜਾ ਹੱਥ ਬਾਹਰ ਕੱਢਲੇ। ਅੱਕੀ ਤੋਂ ਮੇਰੇ ਮੂੰਹੋਂ ਵੀ ਨਿਕਲ ਗਿਆ। ਉਸ ਦਿਨ ਜੈਕਾਰੇ ਬੁਲਾਉਣ ਵਾਲਿਆਂ ਵਾਂਗ ਦੋਵੇਂ ਹੱਥ ਉਪਰ ਕਰੀਂ ਖੜ੍ਹਾ ਸੀ। ਧੀ ਐ ਤੇਰੀ। ਜੁਆਕੜੀ ਵੇਲੇ ਦੱਸ ਤੈਨੂੰ ਕੀ ਬਿਮਾਰੀ ਪੈਂਦੀ ਐ। ਬੱਸ ਇਹਦੇ ਹੱਥ ਤੇ ਮੇਰੀ ਦੇਹ। ਮੈਨੂੰ ਪਤੈ ਕਿਵੇਂ ਜਵਾਕ ਪਾਲੇ ਐ। ਮੁੰਡਾ ਜੇ ਕਦੇ ਮੂਹਰਲੀ ਬੈਠਕ 'ਚ ਬੈਠੇ ਨੂੰ ਰੋਟੀ ਫੜਾਉਣ ਵਗ ਜਾਂਦਾ ਤਾਂ ਬੋਲਦਾ, ਓਹ ਕਿੱਥੇ ਐ? ਆਵਦੀ ਮੰਮੀ ਨੂੰ ਭੇਜ।

ਇਸੇ ਕਰਕੇ ਮੁੰਡਾ ਤਾਂ ਇਹਦੇ ਨੇੜੇ ਆਉਣ ਤੋਂ ਵੀ ਕਤਰਾਉਂਦਾ ਰਿਹੈ। ਬੀ.ਟੈਕ. ਕਰਨ ਸਾਰ ਕੈਨੇਡਾ ਤੁਰ ਗਿਐ, ਇਹਤੋਂ ਚਿੜੀ ਪੂੰਝਾ ਛੁਡਾਕੇ। ਮੈਂ ਰਹਿਗੀ ਜਿਹੜੀ ਨੂੰ ਕਿਤੇ ਹੋਰ ਥਾਂ ਨੀਂ। ਗਗਨ ਆਇਆ ਸੀ ਰਣਜੋਧ ਦੇ ਵਿਆਹ 'ਤੇ।

ਮੈਂ ਪੁੱਛਿਆ "ਕਿਵੇਂ ਲੱਗਿਆ ਹੈਪੀ।"

"ਸੋਹਣੈ, ਨਾਲੇ ਰਣਜੋਧ ਕਿਹੜਾ ਘੱਟ ਐ ਸਾਇਕਾਲੋਜੀ ਦੀ ਮਾਸਟਰ ਐ। ਸਾਇਕਾਲੋਜੀ ਵਾਲੇ, ਬੰਦੇ ਨੂੰ ਅੰਦਰ ਤੱਕ ਪੜ੍ਹਨ ਜਾਣਦੇ ਹੁੰਦੇ ਨੇ। ਫਿਕਰ ਨਾ ਕਰ।" ਮੈਂ ਉਹਦੀ ਗੱਲ ਸੁਣ ਕੇ ਹੱਸੀ ਸੀ।

ਓਹਦਾ ਸਾਇਕਾਲੋਜੀ ਵਾਲਾ ਸ਼ਬਦ ਯਾਦ ਕਰਕੇ ਮਨ 'ਚ ਆਉਂਦੈ ਉਦੋਂ ਕਾਲਜ ਦਾਖਲੇ ਵਕਤ ਵਥੇਰਾ ਖੋਰੂ ਪਾਇਆ, ਰਣਜੋਧ ਨੂੰ ਕਹੇ ਕਮਰਸ ਲਈਂ। ਉਹਨੇ ਆਪਣੇ ਟੀਚਰਾਂ ਦੀ ਰਾਇ ਲੈ ਕੇ ਸਾਇਕਾਲੋਜੀ ਦੇ ਵਿਸ਼ੇ ਚੁਣ ਕੇ ਦਾਖਲਾ ਫਾਰਮ ਜਮ੍ਹਾਂ ਕਰਵਾ ਦਿੱਤੇ। ਘਰੇ ਆਈ ਨੂੰ ਕੁੜ-ਕੁੜ ਕਰੀਂ ਜਾਵੇ। ਜਦੋਂ ਨਾ ਈ ਹਟਿਆ,

ਕੁੜੀ ਇਕੋ ਗੱਲ ਬੋਲੀ, "ਪਾਪਾ ਪੜ੍ਹਨਾ ਮੈਂ ਐ।"

ਉਸ ਗੱਲ ਦੀ ਹੁਣ ਤਾਈ ਰਾਗਣੀ ਗਾਉਂਦਾ ਰਹਿੰਦੈ।

ਇਹਦੀਆਂ ਆਹੀ ਗੱਲਾਂ ਮਨ 'ਚ ਹਨੇਰੀਆਂ ਉਠਾਈਂ ਰੱਖਦੀਆਂ ਨੇ। ਅੱਜ ਤਾਂ ਰਣਜੋਧ ਦੇ ਫੋਨ ਨੇ ਮੇਰੇ ਅੰਦਰਲੇ ਫੋੜਿਆਂ 'ਚ ਸੂਈ ਮਾਰ ਦਿੱਤੀ ਐ। ਇਸੇ ਕਰਕੇ ਪਿਛਲਾ ਸਾਰਾ ਯਾਦ ਆਈਂ ਜਾਂਦੈ। ਜਿੰਦੇ ਦੀ ਗਈ ਐ, ਕੁੜੀ ਕਦੇ ਖੁਸ਼ ਹੋ ਕੇ ਨੀਂ ਬੋਲੀ। ਦੋ ਮਹੀਨੇ ਹੋਏ ਮਿਲਣ ਆਈ ਚੁੱਪ ਬੈਠੀ ਰਹੀ । ਮੈਂ ਪੁੱਛਿਆ ਵੀ, ਉਸਲ ਵੱਟੇ ਜਿਹੇ ਲਈਂ ਗਈ। ਕੋਈ ਗੱਲ ਨੀਂ

ਕੀਤੀ। ਅਗਲੇ ਦਿਨ ਤੁਰਨ ਵੇਲੇ ਵੀ ਮੈਂ ਦੁਬਾਰਾ ਕਿਹਾ ਰਣਜੋਧ ਆਈ ਵੀ ਕੋਈ ਗੱਲਾਂ ਵੀ ਨਾ ਹੋਈਆਂ। ਬੱਸ ਮੰਮੀ, ਸਹਿਲ 'ਚ ਹੀ ਰੁੱਝੀ ਰਹੀ।

ਇਹ ਬੈਠਾ ਜੁਆਈ ਦੀ ਗੱਲ ਹੇਠਾਂ ਨੀਂ ਡਿੱਗਣ ਦਿੰਦਾ।

ਕੱਲ ਆਥਣੇ ਆਹ ਬਹਿਮਣ ਵਾਲਾ ਬਿੱਲਾ ਜਾਹ ਆ ਟਪਕਿਆ। ਇਹਦਾ ਠੂਠੀ ਦਾ ਯਾਰ ਐ। ਦੋ ਘੰਟੇ ਜੱਕੜ ਮਾਰੀਂ ਗਿਆ। ਇਹ ਉਹਦੇ ਵੀ ਉਤੋਂ ਦੀ ਤੰਦ ਪਾਵੇ। ਹੈਪੀ ਤਾਂ ਬਾਹਰਲੇ ਮੁਲਖਾਂ 'ਚ ਵੀ ਜਾ ਆਇਐ। ਤੂੰ ਚੱਲੀਂ ਤੈਨੂੰ ਵੀ ਮਿਲਾਕੇ ਲਿਆਉਂ। ਮੈਨੂੰ ਖਿਝ ਚੜ੍ਹੀ ਜਾਵੇ। ਮੇਰਾ ਤਾਂ ਸਵੇਰ ਦਾ ਕਾਲਜਾ ਸੜੀ ਜਾਂਦੈ। ਇਹ ਵੇਖ ਕਿਮੇਂ ਕਾਗਜ਼ੀ ਕਿਲ੍ਹੇ ਉਸਾਰੀ ਜਾਦੈ। ਅਖੀਰ ਕਹਿਣਾ ਪਿਆ, "ਭਾਈ ਡਾਕਟਰ ਨੇ ਦਵਾਈ ਲੈ ਕੇ ਅਰਾਮ ਕਰਨ ਦੀ ਖਾਸ਼ ਤਕੀਦ ਕੀਤੀ ਐ ਇਹਨੂੰ।" ਤਾਂ ਕਿਤੇ ਘਰੋਂ ਨਿਕਲਿਆ।

ਕੈਪਸੂਲ ਦੇ ਕੇ ਅੱਖਾਂ 'ਚ ਦਵਾਈ ਪਾਉਣ ਲੱਗੀ ਆਂ, ਓਹੀ ਦੰਦ ਫੇਰ ਕਿਰਚਦੈ, "ਮੇਰੇ ਕੋਲ ਆਏ ਨੂੰ ਦੋ ਮਿੰਟ ਬੈਠਿਆਂ ਜਰਦੀ ਨੀਂ।"

ਮਖਿਆਂ, "ਤੂੰ ਹੁਣ ਕੇਰ੍ਹਾਂ ਈ ਨਾ ਨਵਾ-ਨਵੇਲਾ ਬਣ। ਨਿਗ੍ਹਾ ਠੀਕ ਕਰਲੈ, ਆਪਣੀ ਦੇ ਹ ਸਾਂਭਣ ਜੋਗਰਾ ਹੋਜਾ। ਮੈਨੂੰ ਤਾਂ ਪਹਿਲਾਂ ਵੀ ਵਥੇਰਾ ਕੁਛ ਵਿਖਾਤਾ ਤੇਰੀਆਂ ਮਿਲਣੀਆਂ ਨੇ।"

ਅੱਖਾਂ ਦਾ ਇਲਾਜ ਤਾਂ ਕਰਵਾਤਾ ਪਰ ਅੰਦਰਲੇ ਜਾਲਿਆਂ ਦਾ ਇਲਾਜ ਨੀਂ ਇਹਦਾ ਹੋਣਾ। ਬੁੜ-ਬੁੜ ਕਰਦੇ ਨੂੰ ਛੱਡ ਕੇ ਮੈਂ ਦੂਜੇ ਕਮਰੇ 'ਚ ਆ ਗਈ ਆਂ।

ਫੋਨ ਦੀ ਘੰਟੀ ਵਜਦੀ ਐ, ਸਕਰੀਨ ਤੇ ਰਣਜੋਧ ਦਾ ਨਾਮ ਡਿਸਪਲੇਅ ਹੋ ਰਿਹੈ। ਮੇ ਰਾ ਧੱਸਕ ਦੇਣੇ ਕਾਲਜਾ ਹੇਠ ਨੂੰ ਜਾਂਦੈ। ਰਣਜੋਧ ਦੀ ਅਵਾਜ਼ ਐ, "ਮੰਮੀ ਤੁਸੀਂ ਸਵੇਰੇ ਵੀ ਕਿਹਾ ਸੀ ਕਿ ਸ਼ਾਮ ਤੱਕ ਗੱਲ ਕਰੂੰ। ਪਰ ਹੁਣ ਅੱਠ ਵੱਜ ਚੁੱਕੇ ਨੇ। ਉਡੀਕ-ਉਡੀਕ ਕੇ ਫੋਨ ਕੀਤੈ।" ਠੀਕ ਤਾਂ ਹੋਂ ?

ਤੇਰੇ ਪਾਪਾ ਦਾ ਅਪਰੇਸ਼ਨ ਹੋਇਐ ਅੱਖਾਂ ਦਾ, ਉਸ 'ਚ ਉਲਝੀ ਸੀ। ਤੇਰੇ ਕੋਲ ਕੱਲ ਸਵੇਰੇ ਹਰ ਹਾਲਤ ਪਹੁੰਚ ਜਾਵਾਂਗੀ। ਬਾਕੀ ਧੀਰਜ ਰੱਖ। ਮੇਰੇ ਵੱਲ ਵੇਖ ਸਾਰੀ ਜ਼ਿੰਦਗੀ ਕੀ ਕੀ ਨੀਂ ਵੇਖਿਆ। ਇਸ ਬੰਦੇ ਨਾਲ ਜ਼ਿੰਦਗੀ ਬਿਤਾਈ ਨੀਂ, ਘੋਲ ਕੀਤੈ।" ਕਹਿ ਫੋਨ ਬੰਦ ਕਰ ਦਿੰਨੀ ਆਂ।

ਇਸ ਬੰਦੇ ਨਾਲ ਕੀ ਗੱਲ ਕਰਾਂ ਜਿਹਨੇ ਔਰਤ ਨੂੰ ਸਾਰੀ ਉਮਰ ਖੇਡ ਬਣਾਕੇ ਵਰਤਿਐ। ਜੀਵਨ ਸਾਥਣ ਨੂੰ ਤਾਂ ਕਦੇ ਸਾਥਣ ਸ਼ਬਦ ਵੀ ਨੀਂ ਵਰਤਿਆ। ਸਾਥ ਤਾਂ ਕੀ ਦੇਣੈ। ਹੁਣ ਇਹਨੂੰ ਘਰੇ ਛੱਡ ਕੇ ਵੀ ਜਾਣੈ। ਇਸ ਹਾਲਤ 'ਚ ਗੱਲ ਸਾਂਝੀ ਤਾਂ ਕਰਨੀ ਜ਼ਰੂਰੀ ਐ। ਓਹ ਗੱਲ ਵੱਖਰੀ ਐ ਇਹਦੀ ਗੱਲ 'ਚ ਕੋਈ ਤੰਤ ਤਾਂ ਹੁੰਦਾ ਨੀਂ। ਸੋਚਾਂ 'ਚ ਉਲਝੀ ਹੱਥਾਂ 'ਚ ਫੋਨ ਫੜੀਂ ਖੜ੍ਹੀ ਆਂ।

"ਕੀਹਦਾ ਫੋਨ ਸੀ ....?"

"ਰਣਜੋਧ ਦਾ"

"ਕੀ ਕਹਿੰਦੀ ਐ"

"ਕਹਿਣਾ ਕੀ ਐ, ਕਲੇਸ਼ ਐ।

"ਕੋਈ ਗੱਲ ਤਾਂ ਦੱਸਦੀ ਹੋਊ?"

ਹੈਪੀ ਨਾਲ ਝਗੜਾ ਹੋ ਗਿਐ।

"ਤੂੰ ਕੱਲ੍ਹ ਨੂੰ ਵਗਜਾ। ਕੁੜੀਆਂ ਅੜਵਾਈ ਕਰਨ ਲੱਗ ਜਾਂਦੀਆਂ ਨੇ। ਐਵੇਂ ਓਹਦੀ ਨਾਲੇ ਆਵਦੀ ਇੱਜ਼ਤ ਹੌਲੀ ਨਾ ਕਰਲੇ।"

"ਹਰੇਕ ਬੰਦਾ ਦੂਜੇ ਵਰਗਾ ਥੋੜ੍ਹੇ ਹੁੰਦੈ। ਤੂੰ ਤਾਂ ਰਣਜੋਧ ਨੂੰ ਮੇਰੇ ਵਰਗੀ, ਤੇ ਹੈਪੀ ਨੂੰ ਆਪਣੇ ਥਾਂ ਖੜ੍ਹਾ ਕੇ ਵੇਖਦੈਂ।"

"ਤੂੰ ਛੱਡ ਇਹਨਾਂ ਗੱਲਾਂ ਨੂੰ। ਮੇਰੇ ਚਿੱਟੇ ਇਹਨਾਂ ਕੰਮਾਂ 'ਚ ਈ ਆਏ ਨੇ। ਜੇ ਆਹ ਅੱਖਾਂ ਦਾ ਟੰਟਾ ਨਾ ਹੁੰਦਾ ਤਾਂ ਮੈਂ ਜਾਂਦਾ।"

ਦਾੜ੍ਹੀ ਬੰਨੀ ਨਿਗ੍ਹਾ ਜਾਂਦੀ ਐ, "ਇਹ ਵੀ ਰਲਾਲੀ ਨਾਲ ਆਪ ਦੀ ਗੱਲ ਸਿਰੇ ਰੱਖਣ ਨੂੰ।"

ਗੁੱਸਾ ਆਉਂਦੈ, ਗੱਲਾਂ ਸੁਣਕੇ ਇਹਦੀਆਂ।

ਅੱਖਾਂ ਬੰਦ ਕਰੀਂ ਸੋਚਾਂ ਵਿੱਚ ਡੁੱਬੀ ਆਪਣੇ ਬੀਤੇ ਸਮੇਂ ਦੇ ਝੱਖੜ ਝਮੇਲਿਆਂ 'ਚ ਉਲਝੀ ਆਉਣ ਵਾਲੇ ਵੱਡੇ ਤੂਫਾਨ ਦੇ ਡਰੋਂ ਫੋਨ ਨੂੰ ਹਿੱਕ 'ਤੇ ਐਂ ਰੱਖੀਂ ਬੈਠੀ ਆਂ, ਜਿਵੇਂ ਪਤਾ ਨੀਂ ਕੋਈ ਇਸ ਨਿੱਕੀ ਜਿਹੀ ਡੱਬੀ ਵਿੱਚੋਂ ਤੂਫਾਨ ਨੂੰ ਠੱਲਣ ਵਾਲਾ ਜਿੰਨ ਨਿੱਕਲ ਆਵੇ। ਹਨੇਰੀਆਂ ਕੰਡਿਆਲੀਆਂ ਘਾਟੀਆਂ 'ਚ ਆਪਣਾ ਆਪ ਬਚਾਉਣ ਦਾ ਯਤਨ ਕਰਦੀ ਨੂੰ ਪਤਾ ਈ ਨੀਂ ਲੱਗਾ ਕਿਹੜੇ ਵੇਲੇ ਬੇਸੁਰਤੀ 'ਚ ਟੇਢੀ ਹੋਗੀ ਸਾਂ।

ਸੁਭਾ ਉੱਠਕੇ ਤਿਆਰ ਹੋਣ ਲੱਗੀ ਨੇ ਟੈਕਸੀ ਵਾਲੇ ਨੂੰ ਫਟਾਫਟ ਆਉਣ ਵਾਸਤੇ ਕਹਿ ਦਿੱਤੈ।

ਕਾਰ ਰਿਜਨਲ ਸੈਂਟਰ ਪਹੁੰਚੀ। ਸਾਹਮਣੇ ਪਾਰਕ 'ਚ ਰਣਜੋਧ ਖੜ੍ਹੀ ਉਡੀਕ ਰਹੀ ਹੈ। ਗਲੇ ਮਿਲਦਿਆਂ ਹੀ ਉਸ ਦਾ ਗੱਚ ਭਰ ਆਇਆ। ਅੱਖਾਂ 'ਚੋ ਡਲਕ-ਡਲਕ ਡਿੱਗਦੇ ਪਾਣੀ ਨੂੰ ਵੇਖ ਮੈਂ ਪੁੱਛਿਆ, " ਕੀ ਗੱਲ ਹੋਗੀ।"

"ਮੰਮੀ ਬਹੁਤ ਕੁਛ ਹੋ ਚੁੱਕਿਐ। ਤੇਰੇ ਕੋਲ ਮਿਲਣ ਜਾਂਦੀ। ਚੁੱਪ ਕਰਕੇ ਭਰੀ-ਭਰਾਈ ਮੁੜ ਆਉਂਦੀ। ਤੇਰਾ ਹਾਲ ਤਾਂ ਜੰਮਣ ਵੇਲੇ ਤੋਂ ਵੇਖਦੀ ਰਹੀਂ ਆਂ। ਹੁਣ ਵੀ ਓਹੀ ਨਰਕ ਐ, ਕੋਈ ਫ਼ਰਕ ਨੀਂ। ਮੇਰਾ ਗੱਲ ਕਰਨ ਨੂੰ ਮਨ ਨੀਂ ਕਰਦਾ। ਤੈਨੂੰ ਤਪੀ ਮਿੱਟੀ ਨੂੰ ਹੋਰ ਕੀ ਤਪਾਵਾਂ। ਸਿਰ ਤੌਂ ਦੀ ਜਦੋਂ ਪਾਣੀ ਵਗਣ ਲੱਗਿਆ। ਹੋਰ ਕੋਈ ਚਾਰਾ ਨਾ ਦਿਸਣ ਕਰਕੇ ਆਪ ਈ ਨਿਜੱਠਣ ਦਾ ਫ਼ੈਸਲਾ ਕਰ ਲਿਆ।"

" ਕਿਉਂ ਅਹੀ ਜੀ ਕੀ ਇਹਨੂੰ ਬਿਮਾਰੀ ਪੈਗੀ।"

" ਮੰਮੀ ਬਿਮਾਰੀ ਕਿਹਾ ਬੜ੍ਹਾ ਕਿਹਾ ਮਹਾਮਾਰੀ ਪੈਗੀ। ਇਹ ਕਮੀਨਾ ਬਾਹਰ ਲੋਕਾਂ ਵਿੱਚ ਤਾਂ ਬੜਾ ਨਰਮ ਤੇ ਸੋਸ਼ਲ ਦਿਸਣ ਦਾ ਢੌਂਗ ਕਰਦਾ। ਅੰਦਰੋ ਜ਼ਾਲਮ ਪੱਥਰ ਐ। ਇਹ ਬਹੁਰੂਪੀਏ ਦੇ ਕਰੂਪ ਮੈਂ ਵੇਖਦੀ ਝੱਲਦੀ ਰਹੀ। ਕਾਲਜੋਂ ਆਉਂਣ ਸਾਰ ਰਸੋਈ 'ਚ ਚਲੀ ਜਾਂਦੀ।

ਉਸੇ ਵਕਤ ਮੇਰਾ ਫੋਨ ਚੁੱਕ ਕਾਲਾਂ ਚੈੱਕ ਕਰਨ ਲੱਗ ਜਾਂਦਾ।"

ਆਹ ਕੀਹਨੂੰ ਫੋਨ ਕੀਤਾ ਸੀ। ਕੀਹਦਾ ਫੋਨ ਨੰਬਰ ਐ ਇਹ। ਸੁਣਕੇ ਬਹੁਤ ਵਾਰ ਕਹਿੰਦੀ, ਮੈਂ ਵੀ ਤੇਰੇ ਬਰਾਬਰ ਦੀ ਆਂ। ਕਿੰਨੇ ਹੀ ਸਟੂਡੈਂਟ ਨੇ ਮੇਰੇ। ਕਿਸੇ ਨੇ ਕੋਈ ਗੱਲ ਪੁੱਛਣੀ ਹੁੰਦੀ ਐ। ਕੋਈ ਹੋਰ ਕੁਛ ਪੁੱਛਦੈ। ਮੇਰੇ ਥੋੜ੍ਹੀ ਯਾਦ ਰਹਿੰਦੈ, ਕਿਹੜਾ ਕੀਹਦਾ ਨੰਬਰ ਐ। ਐਵੇਂ ਨਾ ਇਹਨਾਂ ਗੱਲਾਂ 'ਚ ਮੈਨੂੰ ਤੰਗ ਕਰਿਆ ਕਰ। ਚਾਹ ਦਾ ਕੱਪ ਲੈ ਪਰ੍ਹੇ ਜਾਂ ਸੜਾਕੇ ਮਾਰਦਾ ਰਹਿੰਦਾ। ਮੇਰੀ ਗੱਲ ਦਾ ਕੋਈ ਅਸਰ ਨੀਂ, ਆਵਦੀ ਫੰਨੇ ਖਾਂਈਂ ਘੋਟਦਾ ਰਹਿੰਦਾ।

" ਤੈਥੋਂ ਕੁਛ ਸਰਦਾ ਨੀ ਸੀ ਫਿਰ?"

ਮੈਂ ਦੱਸੀ ਤਾਂ ਜਾਂਨੀਂ ਆਂ। ਇਹ ਕਿਤੇ ਇਕ ਕਰਦਾ ਸੀ। ਉਸ ਦਿਨ ਤਾਂ ਹੱਦ ਈ ਕਰਤੀ ਪ੍ਰੋ. ਬਰਾੜ ਦਾ ਨੰਬਰ ਵੇਖ ਕੇ ਆਖੇ,

ਇਹ ਤੈਨੂੰ ਕਾਹਦੇ ਲਈ ਫੋਨ ਕਰਦੈ। ਸਾਲੀ ਸਭ ਲੰਡੀ ਬੁੱਚੀ ਦੇ ਨੰਬਰ ਸੇਵ ਕਰੀਂ ਰੱਖੂ।

ਮਖਿਆਂ ਥੋੜ੍ਹਾ ਜਿਹਾ ਤਹਿਜੀਬ ਨਾਲ ਬੋਲ। ਕਿੱਥੇ! ਸਗੋਂ ਹੱਥੋ ਪਾਈ ਕਰਨ ਤਾਈਂ ਗਿਆ। ਇਨ੍ਹਾਂ ਸਨਕੀ ਵਿਗੜਿਆ ਹੋਇਐ, ਇਹਨੇ ਤਾਂ ਸੋਨੀ ਟੀ.ਵੀ. ਦੀ ਕਰਾਈਮ ਪਟਰੋਲ ਟਪਾਈ ਪਈ ਐ। ਏਅਰਟੈਲ ਦੇ ਦਫ਼ਤਰੋਂ ਮੇਰੀਆਂ ਡਾਇਲਡ ਕਾਲਾਂ ਦੇ ਵੇਰਵੇ ਕਢਾਉਣ ਪਹੁੰਚ ਗਿਆ। ਉਥੇ ਮੇਰਾ ਸਟੂਡੈਂਟ ਕੰਮ ਕਰਦੈ। ਫੋਨ ਕਰਕੇ ਉਹਨੇ ਪੁੱਛਿਆ, ਮੈਡਮ ਕੀ ਗੱਲ ਹੋਗੀ ਸਰ ਡੀਟੇਲਾਂ ਲੈਕੇ ਗਏ ਨੇ। ਉਸ ਨੂੰ ਤਾਂ ਟਾਲ ਦਿੱਤਾ, ਸੁਣਕੇ ਮੇਰਾ ਅੰਦਰ ਮੱਚ ਉਠਿਆ। ਇਹ ਲੱਭਦਾ ਕੀ ਐ ਮੇਰੇ 'ਚੋਂ। ਮਨ 'ਚ ਆਵੇ ਇਹੀ ਘਰਾਂ ਦਾ ਵਿਸ਼ਵਾਸ਼ ਹੁੰਦਾ ਇਕ ਦੂਜੇ ਪ੍ਰਤੀ। ਫੇਰ ਵੀ ਚੁੱਪ ਰਹੀ। ਜੇ ਸੁਧਰਜੇ।

" ਆਹੀ ਤਾਂ ਗੱਲ ਐ। ਇਸੇ ਚੁੱਪ ਨੇ ਤੇਰੀ ਮਾਂ ਮਾਰੀ ਐ। ਸਾਰੀ ਉਮਰ ਹੱਡੀਆਂ ਤੜਵਾਉਂਦੀ ਰਹੀ।"

" ਮੰਮੀ ਤੇਰੀ ਗੱਲ ਠੀਕ ਐ। ਬਹੁਤ ਫੂਕ ਫੂਕ ਕੇ ਕਦਮ ਪੁੱਟੇ ਨੇ ਪਰ ਇਹ ਆਵਦੀਆਂ ਆਦਤਾਂ ਤੋਂ ਬਾਜ ਨਹੀਂ ਆਉਂਦਾ ਰਿਹਾ। ਮੇਰਾ ਪਰਸ ਪਿਆ ਹੁੰਦਾ ਉਸਦੀ ਫਰੋਲਾ-ਫਰਾਲੀ ਕਰਨ ਲੱਗ ਜਾਂਦਾ। ਆਹ ਡਾਰਕ ਰੈੱਡ ਲਿਪਸਟਿਕ ਕਿਉਂ ਰੱਖੀ ਐ। ਆਹ ਗੋਲੀਆਂ ਦੇ ਪੱਤੇ ਕਾਹਦੇ ਵਾਸਤੇ ਨੇ। ਮਖਿਆਂ ਕੈਮਿਸਟ ਕੋਲ ਲੈਜਾ, ਜੇ ਆਹੀ ਅਨਪੜ੍ਹਾਂ ਵਾਲੀਆਂ ਗੱਲਾਂ ਮਨ 'ਚ ਆਉਂਦੀਆਂ ਨੇ।"

" ਫੇਰ ਬੋਲਿਆਂ ਨੀ ਤੇਰੇ ਕਹੇ ਤੋਂ ਕੁਛ।"

" ਬੋਲਦਾ ਸੀ ਪਰ ਸਿੱਧਾ ਕਦੇ ਨੀ ਬੋਲਿਆ। ਮੰਮੀ ਹਰ ਰੋਜ਼ ਦਿਨ ਚੜ੍ਹਦੇ ਨਾਲ ਨਵਾਂ ਸਿਆਪਾ ਲੈਕੇ ਉਠਦਾ ਨਵੀਂ ਆਫਤ ਖੜ੍ਹੀ ਕਰਕੇ ਸੌਂਦਾ। ਤਿਆਰ ਹੁੰਦੀ ਵੇਖ ਕੇ ਬੋਲਦੈ, ਆਹ ਜੀਨ ਪਾਉਣ ਨੂੰ ਤੂੰ ਨਿਆਣੀ ਐ ਸੋਲ੍ਹਾਂ ਸਾਲ ਦੀ। ਟੀਚਰ ਨੂੰ ਸੋਬਰ ਰਹਿਣਾ ਚਾਹੀਦੈ। ਨਾਲੇ ਤੇਰੇ ਕਾਲਜ ਅੱਜ ਯੂਥ ਫੈਸਟੀਵਲ ਐ, ਬਾਹਰਲੇ ਪ੍ਰੋਫੈਸਰ ਵੀ ਆਉਣਗੇ। ਸੁਣ ਕੇ ਸਰੀਰ ਗੁੱਸੇ ਨਾਲ ਕੰਬ ਗਿਆ। ਦੁੱਖੀ ਹੋਈ ਘਰੋਂ ਨਿਕਲ ਆਈ, ਵਾਲ ਵੀ ਸਟਾਫ ਰੂਮ 'ਚ ਬੈਠ ਕੇ ਸੈਟ ਕੀਤੇ।"

" ਰਣਜੋਧ ਦੀਆਂ ਗੱਲਾਂ ਸੁਣਕੇ ਸੁੰਨ ਹੋਈ ਬੈਠੀ ਆਂ। ਇਕੋ ਜਮਦੂਤ ਮਾਨ ਨੀਂ ਸੀ ਆਹ ਦੂਜਾ ਧੀ ਨੂੰ ਕਿੱਥੋਂ ਚਿੱਬੜ ਗਿਆ। ਉਹ ਘਰੇ ਬੈਠਾ ਇਹਦੀਆਂ ਸਿਫਤਾਂ ਦੇ ਪੁਲ ਬੰਨ੍ਹੀ ਜਾਂਦੈ। ਅਕੇ ਜਾਹ ਕੁੜੀਆਂ ਐਵੇਂ ਅੜਵਾਈ ਕਰਨ ਲੱਗ ਜਾਂਦੀਆ ਨੇ। ਆਵਦੀ ਨਾਲੇ ਉਹਦੀ ਇੱਜ਼ਤ ਹੌਲੀ ਨਾ ਕਰਦੇ। ਜਿਵੇਂ ਕਹਿੰਦੇ ਹੁੰਦੇ ਨੇ ਤੀਵੀਂ ਦੀ ਤਾਂ ਉਹੀ ਗੱਲ ਬਣੀ ਪਈ ਐ, ਬਾਹਰ ਨਿੱਕਲੇ ਕਾਂ ਠੂੰਗਾਂ ਮਾਰਦੇ ਨੇ, ਅੰਦਰ ਰਹੇ ਚੂਹੇ ਖਾਂਦੇ ਨੇ।"

" ਮੰਮੀ ਕਿਹੜੇ ਕਾਂ ਚੂਹੇ ਤੂੰ ਗੱਲ ਪੂਰੀ ਸੁਣ ਪਹਿਲਾਂ। ਮੈ ਇਹ ਸਭ ਚੂਹੇ ਚਿੜ੍ਹੇ ਮੂਹਰੇ ਲਾਏ ਨੇ। ਇਹ ਚੂਹੇ ਦੀ ਅਗਲੀ ਕਰਤੂਤ ਸੁਣਲੈ, ਕਿਵੇ ਮੇਰੀ ਤੇ ਮੇਰੀਆਂ ਕਿਤਾਬਾਂ ਦੀ ਰੂਹ ਨੂੰ ਕੁਤਰਦਾ ਰਿਹੈ। ਮੈਂ ਬੈੱਡ 'ਤੇ ਪਈ ਅਰੁੰਧਤੀ ਰਾਏ ਦਾ ਨਾਵਲ ਪੜ੍ਹੀ ਜਾਵਾਂ। ਉਸ ਦਾ ਟਾਇਟਲ ਤੇ ਅੱਗਾ ਪਿੱਛਾ ਫਰੋਲਦਾ ਬੋਲਦੈ, ਹੁਣ ਛੱਡਦੇ ਕਿਤਾਬਾਂ ਦਾ ਖਹਿੜਾ। ਦੱਸ ਕੀ ਡੀ.ਸੀ. ਲੱਗੇਗੀਂ। ਬਣਗੀ ਜਿਹੜਾ ਕੁਛ ਬਣਨਾਂ ਸੀ ਬਣਗੀ। ਮੇਰੀ ਪੀ.ਐਚ.ਡੀ. ਇਕ ਵਾਰੀ ਇਹਦੀਆਂ ਕਰਤੂਤਾਂ ਨੇ ਵਿਚਾਲੇ ਛੁਡਵਾਤੀ ਸੀ। ਮਸਾਂ ਸਿਰੇ ਚਾੜ੍ਹੀ ਐ। ਬਾਹਰ ਕਿਸੇ ਨੂੰ ਗੱਲ ਕਰਾਂ ਕੋਈ ਸੱਚ ਨੀਂ ਮੰਨਦਾ। ਆਖਣਗੇ ਪ੍ਰੋਫੈਸਰ ਚਹਿਲ ਤਾਂ ਬੜਾ ਵਧੀਆ ਬੰਦੈ। ਮਨ 'ਚ ਆਉਂਦੈ ਬੰਦਾ ਨੀ ਜਾਨਵਰ ਐ। ਮੇਰੇ ਸਰੀਰ ਦੀ ਫਰੋਲਾ-ਫਰਾਲੀ ਇਉਂ ਕਰੂ ਜਿਵੇਂ ਚਿੱਕੜ 'ਚ ਕੁੱਤਾ ਲਿਟਦਾ ਹੋਵੇ। ਅਜਿਹੇ ਸੈਂਸੇਟਿਵ ਪਲਾਂ 'ਚ ਐਸੇ ਗੰਦੇ ਲਫ਼ਜ਼ ਬੋਲਦੈ, ਰੂਹ ਕੰਬ ਜਾਂਦੀ। ਇਸ ਸ਼ੈਤਾਨ ਨੂੰ ਲੋਕ ਕੀ ਸਮਝ ਸਕਦੇ ਐ। ਮੈਂ ਆਪਣਾ ਸਾਰਾ ਕੁਝ ਲੁਟਾਅ ਕੇ ਵੀ ਇਹਤੋਂ ਕੁਝ ਹਾਸਲ ਨਹੀਂ ਕਰ ਸਕੀ। ਹਾਂ ਤਾਹਨੇ ਮਿਹਣੇ, ਸ਼ੱਕ ਦੇ ਤੀਰਾਂ ਨੇ ਮੇਰਾ ਅੰਦਰਲਾ ਜ਼ਰੂਰ ਛਲਣੀ ਕੀਤੈ।"

ਧੀ ਦੀਆਂ ਗੱਲਾਂ ਨੇ ਮੇਰੇ ਅੰਦਰਲੇ ਜ਼ਖਮਾਂ ਨੂੰ ਫੇਰ ਉਚੇੜ ਦਿੱਤਾ ਹੈ। ਇਹਦੇ ਵਿੱਚੋਂ ਦੀ ਜ਼ਿੰਦਗੀ ਦੇ ਚਾਨਣ ਦੀ ਇਕ ਲੀਕ ਵੇਖੀ ਸੀ। ਜਿਸ ਨੂੰ ਗ੍ਰਹਿਣ ਲੱਗਿਆ ਸਾਫ ਨਜ਼ਰੀ ਪੈਂਦੈ।

" ਧੀਏ ਹੌਸਲਾ ਰੱਖ।"

" ਮੰਮੀ ਮੈਂ ਬਹੁਤ ਹੌਸਲਾ ਰੱਖਿਐ। ਇਸੇ ਕਰਕੇ ਅੱਜ ਤੈਨੂੰ ਬੁਲਾਇਐ ਕਿ ਮੇਰਾ ਅੰਦਰ ਹੌਲਾ ਹੋਜੇ ਤੇ ਤੈਨੂੰ ਚਾਨਣ ਹੋਜੇ। ਮੈਂ ਕਾਲਜੋਂ ਆਪਣੀ ਬਾਇਕ ਲੈਕੇ ਨਿਕਲੀ ਥੋੜ੍ਹੀ ਦੂਰ ਜਾਕੇ ਬਾਇਕ ਖਰਾਬ ਹੋਗੀ। ਵਥੇਰਾ ਮੱਥਾ ਮਾਰਿਆ ਨਾ ਸਟਾਰਟ ਹੋਈ। ਅਚਾਨਕ ਮਗਰੋ਼ ਪ੍ਰੋਫੈਸਰ ਨੰਦ ਦੀ ਕਾਰ 'ਚ ਦੋ ਮੈਡਮਾਂ ਆਉਂਦੀਆਂ ਨੇ ਕਾਰ ਮੇਰੇ ਕੋਲ ਆ ਰੋਕੀ। ਪ੍ਰੋ. ਨੰਦ ਕਹਿੰਦੇ ਐਧਰ ਜੂਸ ਵਾਲੇ ਕੋਲ ਸਾਇਡ 'ਤੇ ਲਗਾ ਦਿਉ ਮਕੈਨਿਕ ਠੀਕ ਕਰਕੇ ਆਪੇ ਤੁਹਾਡੇ ਘਰ ਛੱਡ ਆਵੇ ਗਾ, ਮੈਂ ਫੋਨ ਕਰਤਾ। ਅਸੀਂ ਤਿੰਨੇ ਜਣੀਆਂ ਉਸ ਦੀ ਕਾਰ 'ਚ ਘਰ ਨੂੰ ਆ ਰਹੀਆਂ ਸੀ। ਪਿਛੋਂ ਕਿਤੇ ਇਹ ਕੰਜਰ ਆਪਣੀ ਕਾਰ 'ਚ ਆਉਂਦਾ ਦਿੱਸਿਆ। ਬਸ ਫੇਰ ਕੀ ਸੀ, ਘਰੇ ਪਹੁੰਚ ਉਹ ਬਕਵਾਸ ਕੀਤੀ, ਸੁਣਿਆਂ ਨਾ ਜਾਵੇ। ਮੈਂ ਸਭ ਜਾਣਦਾਂ ਉਸ ਟਿੱਡੀ ਮੁੱਛੇ ਨਾਲ ਖਹਿ-ਖਹਿ ਬਹਿਨੀ ਐਂ। ਬਾਹਰਲਾ ਜੇ ਕੋਈ ਆ ਜਾਵੇ ਜਹਾਨ ਭਰ ਦੀਆਂ ਗੱਲਾਂ ਮਾਰੂ। ਪ੍ਰੋ. ਸ਼ਾਰਦਾ ਮੇਰੀ ਐਗਜਾਮ ਡਿਊਟੀ ਦਾ ਲੈਟਰ ਘਰੇ ਫੜਾਉਣ ਆ ਗਿਆ। ਹੱਸ ਹੱਸ ਗੱਲਾਂ ਮਾਰੇ। ਉਸ ਦੇ ਜਾਣ ਮਗਰੋਂ ਉਹੀ ਬਹੁਰੂਪੀਏ ਦੀਆਂ ਬਹਿਬਤਾਂ, ਤੂੰ ਕਾਲਜੋਂ ਰਸੀਵ ਕਰ ਲੈਂਦੀ, ਘਰੇ ਬੁਲਾਉਣ ਦੀ ਕੀ ਲੋੜ ਸੀ। ਨਾਲੇ ਬਹਿ ਜਾਇਆ ਕਰ ਟਿਕ ਕੇ ਰਿਹਾਅ ਢਾਂਡੀ ਵਾਂਗੂ ਗੇੜਾ ਬੰਨ ਰੱਖਿਆ ਸੀ।

ਪੜ੍ਹਿਆ ਲਿਖਿਆਂ ਵਾਲੀ ਤਾਂ ਇਕ ਵੀ ਗੱਲ ਨੀ ਇਹਦੇ ਕੋਲੇ।ਆਹ ਭੈੜੇ ਭੈੜੇ ਲਫ਼ਜ਼

ਮੈਂ ਤਾਂ ਇਸ ਕੰਜ਼ਰ ' ਪਹਿਲੀ ਵਾਰ ਸੁਣੇ ਨੇ।"

" ਓਹੀ ਤੇਰੇ ਪਿਓ ਵਾਲੀਆਂ ਬਹਿਬਤਾਂ ਨੇ ਜੇ ਕਦੇ ਉਹਦੇ ਚਾਚੇ ਦਾ ਪੁੱਤ ਹੌਲਦਾਰ ਆ ਜਾਂਦਾ ਰਾਤ ਨੂੰ ਡੱਕੇ ਅੱਧੀ ਰਾਤ ਤਾਈਂ ਜੜ੍ਹਾਗੇ ਮਾਰੀ ਜਾਂਦੇ ਰਹਿੰਦੇ। ਮੈਂ ਕਦੇ ਮੀਟ ਤੱਤਾ ਕਰਦੀ ਕਦੇ ਰੋਟੀਆਂ ਲਹੁੰਦੀ ਤੁਰੀ ਫਿਰਦੀ ਰਹਿੰਦੀ। ਉਹ ਸੰਦੇਹਾਂ ਉਠਣਸਾਰ ਚਲਾ ਜਾਂਦਾ। ਇਹ ਮਰ ਜਾਣਾ ਭੌਂਕਦਾ, ਰਾਤ ਤੂੰ ਉਹਦੇ ਮੰਜੇ ਬੰਨੀਂ ਕੀ ਕਰਦੀ ਫਿਰਦੀ ਸੀ। ਇਹਨਾਂ ਕੁਲੱਛਣਿਆਂ ਤੋਂ ਰੱਬ ਬਚਾਏ।ਉਂ ਮੈਨੂੰ ਇਹ ਵੀ ਲੱਗਦੈ ਸਾਰਾ ਦਿਨ ਕਮਲਿਆਂ ਵਾਂਗੂ ਭੌਂਕਦਾਂ ਤੁਰਿਆ ਫਿਰਦੈ ਕੋਈ ਦਵਾਈ-ਦੁਵਈ ਦਵਾ ਕੇ ਵੇਖ ਲੈ।"

" ਮੰਮੀ ਤੂੰ ਕਿਹੜੇ ਵਹਿਮ 'ਚ ਤੁਰੀ ਫਿਰਦੀ ਐ। ਸਾਰੀ ਉਮਰ ਦਹੀਂ 'ਚ ਕੈਪਸੂਲ ਘੋਲ-ਘੋਲ ਦਿੰਦੀ ਰਹੀਂ ਐਂ ਮੇਰੇ ਪਿਓ ਨੂੰ। ਸੁਧਰਿਆ ਉਹ। ਮੈਂ ਸਾਇਕਾਲੋਜੀ ਬਾਰੇ ਪੜ੍ਹਦਿਆ ਨੋਟ ਕੀਤੈ, ਇਹਨਾਂ ਗੱਲਾਂ ਦਾ ਪੜ੍ਹਾਈ ਨਾਲ ਕੋਈ ਤੁਅਲਕ ਨਹੀਂ ਹੁੰਦਾ। ਇਹ ਬਚਪਨ ਤੋਂ ਹੀ ਜਿਵੇਂ ਬੰਦਾ ਪਲਦੈ ਉਸ 'ਚ ਪਿਤਰੀ ਦੇ ਜਗੀਰਦਾਰੀ ਅੰਸ਼ ਆਉਂਦੇ ਨੇ, ਵਕਤ ਨਾਲ ਵਾਧਾ ਵੀ ਕਰਦੇ ਨੇ। ਇਹ ਬੰਦੇ ਆਪਣੇ ਆਪ ਨੂੰ ਸੁਪਰ ਸਮਝਦੇ ਨੇ। ਮਾਨਸਿਕ ਰੋਗੀ ਜਾਂ ਫੋਬੀਆਂ ਨਹੀਂ ਸਨਕੀ ਹੁੰਦੇ ਨੇ। ਆਪਣੀ ਸਾਇਕੀ ਨੂੰ ਪੱਠੇ ਪਾਉਂਦੇ ਕੋਈ ਵੱਡਾ ਕਾਰਾ ਵੀ ਕਰ ਸਕਦੇ ਨੇ। ਇਹੀ ਗੱਲਾਂ ਇਹਦੀਆਂ ਮੈਨੂੰ ਪਰੇਸ਼ਾਨ ਕਰਦੀਆਂ ਨੇ।"

ਸਹਿਲ ਦੀ ਇਹਨੇ ਕਦੇ ਖੁਸ਼ੀ ਨਹੀਂ ਮਨਾਈ । ਸਗੋਂ ਇਹਦੇ ਪਹਿਲੇ ਜਨਮ ਦਿਨ 'ਤੇ ਮੈਨੂੰ ਕਹਿੰਦਾ, ਇਹਦੀ ਡੇਟ ਆਫ ਬਰਥ ਦੇ ਹਿਸਾਬ ਨਾਲ ਤਾਂ ਮੈਂ ਉਹਨਾਂ ਦਿਨਾਂ 'ਚ ਤਿੰਨ ਮਹੀਨੇ ਟਰੇਨਿੰਗ ਕੋਰਸ 'ਤੇ ਸੀ। ਮੇਰੇ ਸੁਣ ਕੇ ਦੰਦ ਜੁੜ ਗਏ ਸਰੀਰ ਭੱਠੀ ਵਾਂਗ ਬਲਣ ਲੱਗਿਆ। ਦੁਸ਼ਟਾ ਵੀਕ ਐਂਡ 'ਤੇ ਤਾਂ ਘਰੇ ਗਲਦਾ ਮਰਦਾ ਸੀ। ਮੇਰੀ ਦੇਹ ਨੋਚਣ ਨੂੰ। ਇਹਨਾਂ ਗੱਲਾਂ ਨੇ ਮੇਰਾ ਕਾਲਜਾ ਵਿੰਨਿਆ ਪਿਐ। ਰੋਜ਼ ਦੇ ਕੰਜਰਖਾਨੇ ਤੋਂ ਤੰਗ ਆਕੇ ਮੈਂ ਕਹਿਤਾ ਡੀ.ਐਨ.ਏ. ਚੈਕ ਕਰਵਾ ਲੈ। ਗੱਲ ਕਹਿਣ ਨਾਲ ਨਾ ਮੁੱਕੀ। ਮੈਨੂੰ ਉਦੋ ਹੀ ਪਤਾ ਲਗਾ ਜਦੋਂ ਸਵੇਰੇ ਉਠਦੀ ਨੂੰ ਕਹਿਣ ਲੱਗਾ, ਅੱਜ ਲੀਵ ਭੇਜ ਦੇ ਚੰਡੀਗੜ੍ਹ ਚੈਕ ਕਰਵਾਕੇ ਆਵਾਗੇ। ਮੈਂ ਚਲੀ ਤਾਂ ਗਈ ਪਰ ਮਨ ਬਣਾ ਲਿਆ ਕਿ ਅੱਜ ਤੌਂ ਬਾਅਦ ਇਸ ਸ਼ੈਤਾਨ ਨਾਲ ਨਹੀਂ ਰਹਿਣਾ। ਮੇਰੇ ਮੱਥੇ ਨਾ ਲੱਗੇ। ਰਿਪੋਰਟ ਮਿਲਣ ਤੋਂ ਬਾਅਦ ਬੇਸ਼ਰਮ ਮੈਨੂੰ ਵਿਖਾਵੇ ਨਾ। ਮੰਮੀ ਇਹਦੇ ਨਾਲ ਰਹਿਣਾ ਮੁਸ਼ਕਿਲ ਤਾਂ ਕੀ ਨਾ ਮੁਮਕਿਨ ਐ। ਇਥੇ ਬਦਲੀ ਕਰਵਾ ਲਈ ਐ। ਉਸ ਨੂੰ ਕਹਿਤਾ ਸਿੱਧੇ ਰੁੱਖ ਨਿਬੇੜ ਲੈ। ਜੇ ਕੋਰਟ ਕਚਹਿਰੀਆਂ 'ਚ ਚੱਲਣੈ, ਸਿੱਧੀ ਟਕਰਨ ਨੂੰ ਵੀ ਤਿਆਰ ਆਂ। ਮੈਂ ਤੇ ਸਹਿਲ ਹੁਣ ਇਥੇ ਹੀ ਰਹਾਂਗੇ। ਮੰਮੀ ਚੱਲ ਚਾਹ ਪੀਨੇ ਆਂ...."

'ਉਠਦੀ, ਮਨ 'ਚ ਉਸਦੀ ਪਿੱਠ ਥਾਪੜਦੀ ਆਂ।'

□□□

# ਡਾ. ਗੁਰਚਰਨ ਸਿੰਘ ਦਾ ਪੰਜਾਬੀ ਆਲੋਚਨਾ ਦੇ ਵਿਕਾਸ ਵਿਚ ਯੋਗਦਾਨ

*ਇਕਬਾਲ ਸੋਮੀਆਂ*

ਰਚਨਾ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਦੇ ਅੰਗ 'ਆਲੋਚਨਾ' ਨੂੰ ਹੋਂਦ ਪ੍ਰਦਾਨ ਕਰਦੇ ਹਨ। ਪੰਜਾਬੀ ਸਾਹਿਤ ਆਲੋਚਨਾ ਗੁਰੂ ਨਾਨਕ ਦੇਵ ਦੀਆਂ ਫ਼ਰੀਦ ਬਾਣੀ ਉਪਰ ਟਿੱਪਣੀਆਂ ਤੋਂ ਬੀਜ਼ ਰੂਪ ਵਿਚ ਸ਼ੁਰੂ ਹੋ ਕੇ ਬਾਕੀ ਗੁਰੂਆਂ, ਭਾਈਆਂ, ਕਿੱਸਾਕਾਰਾਂ, ਟੀਕਾਕਾਰਾਂ ਦੇ ਹੱਥਾਂ ਵਿਚੋਂ ਨਿਖਰਦੀ ਹੋਈ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਆਰੰਭ ਤੋਂ ਆਪਣਾ ਮੁੱਖ ਰੂਪ ਧਾਰਨ ਕਰਦੀ ਹੈ। ਇਸ ਤਰ੍ਹਾਂ ਇਹ ਵੱਖ-ਵੱਖ ਤਰ੍ਹਾਂ ਦੇ ਪੜਾਵਾਂ (ਪ੍ਰਭਾਵਵਾਦੀ, ਪ੍ਰਸੰਸਾਵਾਦੀ, ਵਿਗਿਆਨਕ, ਪ੍ਰਗਤੀਵਾਦੀ-ਮਾਰਕਸਵਾਦੀ, ਰੂਪਵਾਦੀ-ਸੰਰਚਨਾਵਾਦੀ) ਵਿਚੋਂ ਗੁਜ਼ਰਦੀ ਹੋਈ ਅੱਜ ਦੇ ਉਤਰ-ਆਧੁਨਿਕਤਾਵਾਦੀ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਜਿੱਥੇ ਪੰਜਾਬੀ ਆਲੋਚਨਾ ਦੇ ਬਾਕੀ ਪੜਾਵਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ, ਉਥੇ ਰੂਪਵਾਦੀ-ਸੰਰਚਨਾਵਾਦੀ ਪੰਜਾਬੀ ਆਲੋਚਨਾ ਦੀ ਵੀ ਖ਼ਾਸ ਅਹਿਮੀਅਤ ਹੈ। ਇਸ ਕਿਸਮ ਦੀ ਆਲੋਚਨਾ ਨੇ ਪੰਜਾਬੀ ਆਲੋਚਨਾ ਦੇ ਕਾਵਿ-ਸ਼ਾਸਤਰੀ ਤੇ ਹੋਂਦ-ਵਿਧੀ ਦੇ ਨੇਮਾਂ ਨੂੰ ਉਜਾਗਰ ਤੇ ਸਪੱਸ਼ਟ ਕਰਨ ਵਿਚ ਯੋਗਦਾਨ ਦਿੱਤਾ ਹੈ। ਪੰਜਾਬੀ ਦੀ ਰੂਪਵਾਦੀ-ਸੰਰਚਨਾਵਾਦੀ ਆਲੋਚਨਾ ਵਿਚ ਜਿੱਥੇ ਡਾ. ਹਰਿਭਜਨ ਸਿੰਘ, ਡਾ. ਸਤਿੰਦਰ ਸਿੰਘ, ਡਾ. ਮਨਜੀਤ ਸਿੰਘ, ਡਾ. ਅਮਰੀਕ ਸਿੰਘ ਪੁੰਨੀ, ਡਾ. ਮਹਿੰਦਰ ਕੌਰ ਗਿੱਲ ਵਰਗੇ ਚਿੰਤਕ ਪ੍ਰਸਿੱਧ ਹਨ, ਉਥੇ ਦਿੱਲੀ ਸਕੂਲ ਨਾਲ ਸਬੰਧਿਤ ਵਿਦਵਾਨ ਡਾ. ਗੁਰਚਰਨ ਸਿੰਘ (1939) ਦਾ ਨਾਮ ਵੀ ਵਿਸ਼ੇਸ਼ ਅਹਿਮੀਅਤ ਰੱਖਦਾ ਹੈ।

ਡਾ. ਗੁਰਚਰਨ ਸਿੰਘ ਦੇ ਨਾਮ ਹੇਠ ਸਾਨੂੰ ਕਈ ਆਲੋਚਕ ਮਿਲਦੇ ਹਨ ਪਰ ਸਾਡੇ ਅਧਿਐਨ ਦਾ ਸਬੰਧ ਦਿੱਲੀ ਸਕੂਲ ਦੇ ਆਲੋਚਕ ਡਾ. ਗੁਰਚਰਨ ਸਿੰਘ ਨਾਲ਼ ਹੈ। ਉਸ ਨੇ ਅੰਗਰੇਜ਼ੀ ਤੇ ਪੰਜਾਬੀ ਦੀ ਐੱਮ. ਏ. ਕਰਨ ਉਪਰੰਤ ਦਿੱਲੀ ਵਿਸ਼ਵਵਿਦਿਆਲੇ ਤੋਂ 'ਨਾਨਕ-ਬਾਣੀ ਦੇ ਥੀਮਿਕ ਪੈਟਰਨ' ਵਿਸ਼ੇ ਉਪਰ ਪੀ-ਐੱਚ. ਡੀ. ਦੀ ਡਿਗਰੀ ਹਾਸਿਲ ਕੀਤੀ ਜੋ ਬਾਅਦ ਵਿਚ ਸੋਧਿਤ ਰੂਪ ਵਿਚ 'ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤਿਮਾਨ' (1993) ਦੇ ਨਾਮ ਹੇਠ ਪੁਸਤਕ

*ਪਿੰਡ ਚੱਕ ਸੋਮੀਆਂ, ਡਾਕ. ਤੇ ਤਹਿ. ਗੁਰੂਹਰਸਹਾਏ (152022) ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਰਾਬਤਾ 95012 05169 ਈ-ਮੇਲ : iqbalsomian @gmail.com*

ਰੂਪ ਵਿਚ ਛਪੀ। ਇਸ ਤਰ੍ਹਾਂ ਡਾ. ਗੁਰਚਰਨ ਸਿੰਘ ਦੀਆਂ ਆਲੋਚਨਾ ਪੁਸਤਕਾਂ ਵਿਚ 'ਬਾਣੀ: ਕੇਂਦਰ ਤੇ ਵਿਕੇਂਦਰ' (1979), 'ਗੁਰਬਾਣੀ ਦਾ ਰਹਾਉ ਸ਼ਾਸਤਰ' (1992), 'ਮੱਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ' (1993), 'ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤਿਮਾਨ' (1993) ਮੌਲਿਕ ਆਲੋਚਨਾ ਪੁਸਤਕਾਂ ਤੋਂ ਇਲਾਵਾ 'ਗੁਲੇਰੀਆ-ਕਾਵਿ' (ਸੰਪਾ.) (1986), 'ਭਾਈ ਵੀਰ ਸਿੰਘ ਦੇ ਪੱਤਰ/ਪ੍ਰਵਚਨ' (ਸੰਪਾ.) (1990), 'ਆਧੁਨਿਕ ਵਾਰਤਕ ਵੰਨਗੀ' (ਸੰਪਾ.) (1992) ਸੰਪਾਦਿਤ ਪੁਸਤਕਾਂ ਤੋਂ ਇਲਾਵਾ ਦਰਜਨਾਂ ਖੋਜ-ਪੱਤਰ ਸ਼ਾਮਿਲ ਹਨ। ਸੰਨ 1970 ਤੋਂ ਉਹ ਲਗਾਤਾਰ ਦਿੱਲੀ ਵਿਸ਼ਵਵਿਦਿਆਲੇ ਦੇ ਵਿਭਿੰਨ ਕਾਲਜਾਂ ਵਿਚ ਪੜ੍ਹਾਉਣ ਉਪਰੰਤ ਦਿੱਲੀ ਵਿਸ਼ਵਵਿਦਿਆਲੇ ਦੇ ਪੰਜਾਬੀ ਵਿਭਾਗ ਵਿਚੋਂ ਬਤੌਰ ਪੰਜਾਬੀ ਪ੍ਰੋਫ਼ੈਸਰ ਸੇਵਾਮੁਕਤ ਹੋਏ।

ਡਾ. ਗੁਰਚਰਨ ਸਿੰਘ (ਦਿੱਲੀ) ਨੇ ਆਪਣੇ ਮੁੱਢਲੇ ਅਧਿਐਨ ਦੌਰਾਨ 1954-56 ਵਿਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਪ੍ਰੋ. ਸਾਹਿਬ ਸਿੰਘ ਤੋਂ ਦੋ ਸਾਲ ਬਾਣੀ ਅਧਿਐਨ ਦੀ ਟ੍ਰੇਨਿੰਗ ਹਾਸਿਲ ਕੀਤੀ। ਕਰੀਬ 35 ਸਾਲ ਦੇ ਬਾਣੀ-ਅਧਿਆਪਨ ਦੇ ਤਜ਼ਰਬੇ ਦੇ ਆਧਾਰ 'ਤੇ ਭਾਈ ਵੀਰ ਸਿੰਘ ਦੀ ਸੰਥਯਾ-ਅਧਿਐਨ-ਵਿਧੀ ਨੂੰ ਮਾਡਲ ਬਣਾਉਣ ਦੇ ਨਾਲ਼-ਨਾਲ਼ ਦਿੱਲੀ ਸਕੂਲ ਦੇ ਪ੍ਰਭਾਵ ਅਧੀਨ ਆਧੁਨਿਕ ਸਾਹਿਤ ਅਧਿਐਨ ਮਾਡਲਾਂ ਵਿਚੋਂ ਆਧੁਨਿਕ ਭਾਸ਼ਾ-ਵਿਗਿਆਨ, ਰੂਪਵਾਦ, ਚਿੰਨ੍ਹ-ਵਿਗਿਆਨ, ਸੰਰਚਨਾਵਾਦ, ਉੱਤਰ-ਸੰਰਚਨਾਵਾਦ ਜਹੇ ਮਾਡਲਾਂ ਨੂੰ ਬਾਣੀ ਅਧਿਐਨ ਲਈ ਵਰਤਿਆ। ਉਸ ਨੇ ਗੁਰਬਾਣੀ ਤੇ ਮੱਧਕਾਲੀ ਸਾਹਿਤ ਸਬੰਧੀ ਸਾਨੂੰ ਦਰਜਨ ਕੁ ਅਹਿਮ ਪੁਸਤਕਾਂ ਦਿੱਤੀਆਂ ਜਿਨ੍ਹਾਂ ਨੇ ਪੰਜਾਬੀ ਆਲੋਚਨਾ ਦੇ ਨਕਸ਼ਾਂ ਨੂੰ ਹੋਰ ਨਿਖਾਰਨ ਵਿਚ ਯੋਗਦਾਨ ਪਾਇਆ ਹੈ। ਅਸਲ ਵਿਚ ਗੁਰਬਾਣੀ ਦੀ ਸਹੀ ਸਮਝ ਪ੍ਰਾਪਤ ਕਰਨ ਸਬੰਧੀ ਪੰਜਾਬੀ ਚਿੰਤਨ ਵਿਚ ਕਾਫ਼ੀ ਮਤਭੇਦ ਪਾਏ ਜਾਂਦੇ ਹਨ। ਗੁਰਬਾਣੀ ਦਾ ਕੋਈ ਠੋਸ ਕਿਸਮ ਦਾ ਸੂਖ਼ਮ-ਚਿੰਤਨ ਸਾਨੂੰ ਦਿੱਲੀ ਸਕੂਲ ਦੇ ਚਿੰਤਨ ਤੋਂ ਪਹਿਲਾਂ ਨਾਕਾਫ਼ੀ ਪ੍ਰਾਪਤ ਹੁੰਦਾ ਹੈ। ਦਿੱਲੀ ਸਕੂਲ ਦੇ ਬਾਕੀ ਆਲੋਚਕਾਂ ਵਾਂਗ ਡਾ. ਗੁਰਚਰਨ ਸਿੰਘ ਦਾ ਨਾਮ ਗੁਰਬਾਣੀ ਦੇ ਸੂਖ਼ਮ ਅਧਿਐਨ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ।

ਡਾ. ਗੁਰਚਰਨ ਸਿੰਘ ਨੇ ਡਾ. ਹਰਿਭਜਨ ਸਿੰਘ ਦੀ ਪ੍ਰੇਰਨਾ ਅਧੀਨ ਆਪਣਾ ਸਿਸਟਮੀ ਕਿਸਮ ਦਾ ਖੋਜ ਕਾਰਜ ਆਰੰਭ ਕੀਤਾ ਅਤੇ ਬਾਣੀ ਨੂੰ ਮੁੱਖ ਰੂਪ ਵਿਚ ਅਧਿਐਨ ਦਾ ਕੇਂਦਰ ਬਣਾਇਆ। ਡਾ. ਹਰਿਭਜਨ ਸਿੰਘ ਨੇ ਗੁਰਬਾਣੀ ਵਿਚ ਜਿਸ ਤਰ੍ਹਾਂ ਤਿਆਗਣਯੋਗ ਤੇ ਗ੍ਰਹਿਣਯੋਗ ਦਾ ਨਿਖੇੜਾ ਕੀਤਾ ਸੀ ਠੀਕ ਉਸੇ ਤਰ੍ਹਾਂ ਡਾ. ਗੁਰਚਰਨ ਸਿੰਘ ਕਰਦਾ ਹੈ। ਉਸ ਨੇ ਬਾਣੀ ਤੇ ਸੂਫ਼ੀ ਸਾਹਿਤ ਦੇ ਅਧਿਐਨ ਲਈ ਸਿਸਟਮਮੁਖ ਤੇ ਪੈਟਰਨਮੁਖੀ ਜੁਗਤ ਅਪਣਾਈ। ਡਾ. ਹਰਿਭਜਨ ਸਿੰਘ ਦਾ ਵੀ ਮੰਨਣਾ ਹੈ ਕਿ 'ਜੋ ਅਧਿਐਨ ਸਿਸਟਮ ਪ੍ਰਤੀ ਰੁਚਿਤ ਨਹੀਂ, ਉਹ ਤਾਰਕਿਕ ਸਾਵਧਾਨੀ ਦੇ ਬਾਵਜੂਦ ਵੀ ਵਿਗਿਆਨਕ ਨਹੀਂ।' ਡਾ. ਗੁਰਚਰਨ ਸਿੰਘ ਨੇ ਇਕਾਲਕ ਤੇ ਦੁਕਾਲਕ ਦੋਵਾਂ ਜੁਗਤਾਂ ਨੂੰ ਅਧਿਐਨ ਲਈ ਵਰਤਿਆ ਹੈ। ਉਹ ਬਾਣੀ ਦਾ ਇਕ ਕੇਂਦਰ ਮੰਨਦਾ ਹੈ ਜੋ ਵੱਖ-ਵੱਖ ਸੰਰਚਨਾਵਾਂ ਤਹਿਤ ਇਕ ਸਿਸਟਮ ਵਿਚ ਵਿਕੇਂਦ੍ਰਿਤ ਮੋਟਿਫ਼ਾਂ ਤਹਿਤ ਕਾਰਜਸ਼ੀਲ ਹੁੰਦਾ ਹੈ। ਇਸ ਤਰ੍ਹਾਂ ਉਸ ਦਾ ਸਿਸਟਮੀ ਅਧਿਐਨ ਮੁੱਖ ਰੂਪ ਵਿਚ ਸੰਰਚਨਾਵਾਦੀ ਅਧਿਐਨ ਹੀ ਹੈ।

ਰੂਸ, ਫਰਾਂਸ ਤੇ ਸ਼ਿਕਾਗੋ ਵਿਚ ਵਿਕਸਿਤ ਹੋਏ ਭਾਸ਼ਾ-ਵਿਗਿਆਨਕ ਤੇ ਕਾਵਿ-ਸ਼ਾਸਤਰੀ ਸਕੂਲਾਂ ਨੇ ਮਾਰਕਸਵਾਦੀ ਸਿਧਾਂਤ ਨੂੰ ਸਾਹਿਤ ਅਧਿਐਨ ਲਈ ਉਚਿਤ ਨਾ ਠਹਿਰਾਇਆ। ਇਸੇ

ਤਰ੍ਹਾਂ ਪੰਜਾਬੀ ਦੀ ਮਾਰਕਸਵਾਦੀ ਆਲੋਚਨਾ ਉਪਰ ਦਿੱਲੀ ਸਕੂਲ ਤੇ ਪ੍ਰਯੋਗਵਾਦੀ ਚਿੰਤਕਾਂ ਨੇ ਵੀ ਇਹ ਦੋਸ਼ ਲਗਾਇਆ ਕਿ ਮਾਰਕਸਵਾਦੀ ਆਲੋਚਨਾ ਸਾਹਿਤ ਦੀ ਵਸਤੂ ਉਪਰ ਹੀ ਕੇਂਦਰਿਤ ਰਹਿੰਦੀ ਹੈ ਤੇ ਰੂਪ ਉਪਰ ਕੋਈ ਬਲ ਨਹੀਂ ਦਿੰਦੀ। ਇਸ ਤਰ੍ਹਾਂ ਮੁੱਖ ਰੂਪ ਵਿਚ ਦਿੱਲੀ ਸਕੂਲ ਦੇ ਮੋਢੀ ਡਾ. ਹਰਿਭਜਨ ਸਿੰਘ ਨੇ ਰੂਪ ਕੇਂਦਰਿਤ ਪੱਛਮੀ ਅਧਿਐਨ ਵਿਧੀਆਂ ਨੂੰ ਲਿਆਉਣ ਵਿਚ ਵਧੇਰੇ ਉਤਸੁਕਤਾ ਵਿਖਾਈ। ਇਸ ਪਹੁੰਚ ਸਦਕਾ ਪੱਛਮੀ ਅਧਿਐਨ ਵਿਧੀਆਂ ਵਿਚੋਂ ਸੋਸਿਊਰੀਅਨ ਆਧੁਨਿਕ ਭਾਸ਼ਾ-ਵਿਗਿਆਨ ਨੂੰ ਆਧਾਰ ਬਣਾਉਣ ਵਾਲੀਆਂ ਵਿਧੀਆਂ- ਸੰਰਚਨਾਵਾਦ, ਚਿੰਨ੍ਹ-ਵਿਗਿਆਨ, ਰੂਪਵਾਦ, ਸ਼ੈਲੀ-ਵਿਗਿਆਨ ਦੀ ਵਰਤੋਂ ਰਾਹੀਂ ਅਧਿਐਨ ਕਰਨ ਨੂੰ ਬਲ ਮਿਲਿਆ।

ਉਹ ਪਹਿਲਾਂ ਦੀ ਪੁਰਾਣੀ ਪੰਜਾਬੀ ਆਲੋਚਨਾ ਨੂੰ ਸਿਸਟਮਮੁਖ ਨਹੀਂ ਮੰਨਦਾ। ਉਸ ਅਨੁਸਾਰ 'ਸਮੀਖਿਆ ਦਾ ਕਾਰਜ ਸਮੂਰਤ ਉਚਾਰਾਂ ਦੇ ਪਿਛੇ ਡੂੰਘੇ ਪੱਧਰ ਉਪਰ ਕੰਮ ਕਰ ਰਹੇ ਨੇਮ-ਪ੍ਰਬੰਧ/ ਜੁਗਤ-ਪ੍ਰਬੰਧ ਦੇ ਸਿਸਟਮ ਨੂੰ ਪੇਸ਼ ਕਰਨਾ ਹੈ ਪਰ ਪੁਰਾਣੀ ਆਲੋਚਨਾ-ਵਿਧੀ ਇਸ ਪਾਸੇ ਵਲ ਰੁਚਿਤ ਨਾ ਹੋ ਸਕੀ।...ਕਾਵਿ-ਅਧਿਐਨ ਖੇਤਰ ਵਿਚਲੀ ਅਜਿਹੀ ਅਣਵਿਗਿਆਨਕ ਤੇ ਅਨੁਸ਼ਾਸਨਹੀਣਤਾ ਦੀ ਸਮੀਖਿਆ-ਬਿਰਤੀ ਨੂੰ ਪਛਾਣਦੇ ਹੋਏ ਇਹ ਲੋੜ ਮਹਿਸੂਸ ਕੀਤੀ ਜਾ ਰਹੀ ਸੀ ਕਿ ਅਜਿਹੀ ਵਿਧੀ ਨੂੰ ਅਪਣਾਇਆ ਜਾਏ ਜੋ ਕਾਵਿ-ਖੇਤਰ ਦੇ ਆਪਣੇ ਵਿਲੱਖਣ ਸਿਸਟਮ/ਵਿਆਕਰਨ ਨੂੰ ਪਛਾਣਨ ਵਿਚ ਸਹਾਈ ਹੋਵੇ। ਸੰਰਚਨਾਵਾਦੀ ਵਿਧੀ ਦੀ ਅਜਿਹੀ ਸੰਭਾਵਨਾ ਨੂੰ ਪਛਾਣਦੇ ਹੋਏ ਹੀ ਇਸ ਨੂੰ ਕਾਵਿ-ਅਧਿਐਨ ਲਈ ਅਪਣਾਉਣ ਯੋਗ ਸਮਝਿਆ ਗਿਆ।' ਉਸ ਦੀ ਨਜ਼ਰੇ ਭਾਰਤੀ ਪਰੰਪਰਾ ਵਿਚ ਅਜਿਹੀ ਚੇਤਨਾ ਵਾਲ਼ਾ ਕੋਈ ਮਾਡਲ ਮੌਜੂਦ ਨਹੀਂ। ਉਹ ਮਾਰਕਸਵਾਦੀ ਵਿਧੀ ਨੂੰ ਵੀ ਸਿਸਟਮ ਦੀ ਬਜਾਇ ਤੱਤ ਆਧਾਰਿਤ ਆਖਦਾ ਹੈ। ਉਸ ਨੇ ਲੈਂਗ ਤੇ ਪੈਰੋਲ ਦੀ ਹੋਂਦ ਨੂੰ ਅੱਡ-ਅੱਡ ਨਹੀਂ ਮੰਨਿਆ ਬਲਕਿ ਉਸ ਦੀ ਦ੍ਰਿਸ਼ਟੀ ਵਿਚ ''ਲੈਂਗ', 'ਪੈਰੋਲ' ਵਿਚ ਹੈ ਤੇ 'ਪੈਰੋਲ' 'ਲੈਂਗ' ਵਿਚ। ਇਕ ਤੋਂ ਬਿਨਾ ਦੂਜੇ ਨੂੰ ਚਿਤਵ ਸਕਣਾ ਸੰਭਵ ਹੀ ਨਹੀਂ।'

ਇਸ ਤਰ੍ਹਾਂ ਉਹ ਵਿਹਾਰਕ ਅਧਿਐਨ ਵੇਲ਼ੇ ਗੁਰੂ ਨਾਨਕ ਬਾਣੀ 'ਮੋਤੀ ਤ ਮੰਦਰ ਉਸਰਹਿ...' ਦਾ ਕੇਂਦਰ ਰਚਨਾ ਦੇ ਆਂਤਰਿਕ ਪੱਖ ਨੂੰ ਨਿਸ਼ਚਿਤ ਕਰਦਾ ਹੈ ਤੇ ਉਸ ਦੇ ਵਿਸਥਾਰ ਨੂੰ ਵਿਕੇਂਦ੍ਰਿਤ ਮੰਨਦਾ ਹੈ। ਉਹ 'ਰਹਾਉ-ਪਦ' ਨੂੰ ਬਾਣੀ ਦੀ ਵਿਆਖਿਆ ਪਰੰਪਰਾ ਦਾ ਕੇਂਦਰ ਦਰਸਾਉਂਦਾ ਹੈ। ਉਹ ਲਿਖਦਾ ਹੈ ਕਿ 'ਇਸ ਨਾਲ਼ ਥੀਮ ਦੇ ਫੈਲਾਉ ਦੀ ਗਤੀ ਨੂੰ ਰਹਾਉ-ਕੇਂਦਰ ਦੇ ਵਿਕੇਂਦ੍ਰੀਕਰਨ ਨਾਲ਼ ਜੋੜ ਦਿਤਾ ਗਿਆ ਹੈ।...ਇਉਂ 'ਰਹਾਉ-ਜੁਗਤ', ਸਮੁੱਚੀ ਬਾਣੀ-ਕਿਰਤ ਵਿਚ ਆਈ ਸਮਗਰੀ ਦੇ ਇਕਾਗਰਕਾਰੀ ਸੂਤਰ ਦੇ ਰੂਪ ਵਿਚ ਉਜਾਗਰ ਹੁੰਦੀ ਹੈ।' ਉਸ ਅਨੁਸਾਰ ਕਿਸੇ ਰਚਨਾ ਦਾ ਪ੍ਰਸੰਗ ਹੀ ਉਸ ਦਾ ਥੀਮ ਹੁੰਦਾ ਹੈ ਤੇ ਰਚਨਾ ਦੇ ਫੈਲਾਉ ਦੀ ਗਤੀ ਦਾ ਇਹ ਕੇਂਦਰ ਹੁੰਦਾ ਹੈ। ਨਾਮ ਦਾ ਮੋਟਿਫ਼ ਅਮੂਰਤ ਹੈ ਪਰ ਪ੍ਰਾਕ੍ਰਿਤਕ ਮੋਟਿਫ਼ਾਂ ਰਾਹੀਂ ਅਮੂਰਤੀਕਰਨ ਹੋਇਆ ਹੈ। ਇਹ ਲੌਕਿਕ ਚਿੰਨ੍ਹਾਂ ਦੀ ਵਰਤੋਂ ਰਚਨਾ ਤੱਤ ਦਾ ਅਜਨਬੀਕਰਨ ਕਰ ਦਿੰਦੀ ਹੈ। ਇਸ ਤਰ੍ਹਾਂ ਮੁੱਖ ਰੂਪ ਵਿਚ ਉਹ ਵੀ ਲੋਕ-ਮੋਟਿਫ਼ਾਂ ਤੇ ਧਰਮ-ਮੋਟਿਫ਼ਾਂ ਵਿਚ ਵੰਡ ਕਰ ਕੇ ਚੱਲਦਾ ਹੈ ਜਿਥੇ ਬਾਣੀ ਵਿਚ ਲੋਕ-ਰੂੜੀਆਂ ਤੇ ਪ੍ਰਾਕਿਰਤਕ ਤੱਤਾਂ ਦਾ ਭਾਵ ਧਾਰਮਿਕ ਤੇ ਅਧਿਆਤਮਕ ਰੂਪ ਗ੍ਰਹਿਣ ਕਰ ਜਾਂਦਾ ਹੈ। ਉਹ ਲਾਂਗ ਪੱਧਰ ਉਪਰ ਰਾਮਦਾਸ ਦੀ ਛੰਤ-ਸੰਰਚਨਾ ਨੂੰ ਨਾਨਕ ਸੰਸਥਾ ਨਾਲ਼ ਜੋੜਦਾ ਹੈ। ਉਸ ਅਨੁਸਾਰ 'ਨਵੀਨ ਸਿਰਜਿਤ ਰਚਨਾ ਵਿਚ ਲੋਕ-ਸੋਮਿਆਂ ਤੋਂ ਪ੍ਰਾਪਤ ਤੱਤਾਂ ਨੂੰ ਨਵੀਨ ਥੀਮਿਕ ਚੇਤੰਨਤਾ ਦੇ ਪ੍ਰਸੰਗ ਵਿਚ ਵਿਸਥਾਪਿਤ ਕਰ ਦਿੱਤਾ ਜਾਂਦਾ ਹੈ।'

ਉਹ ਰਚਨਾ ਦੇ ਪੈਟਰਨ ਪਿਛੇ ਲੁਕੀ ਵਿਆਕਰਨ ਨੂੰ ਫਰੋਲ਼ਦਾ ਹੈ ਤੇ ਗ੍ਰਹਿਣਯੋਗ ਤੇ ਤਿਆਗਣਯੋਗ ਤੱਤਾਂ ਦਾ ਨਿਖੇੜਾ ਕਰਦਾ ਹੈ। ਇਸੇ ਪੈਟਰਨ ਦੇ ਆਧਾਰ ਉਪਰ ਉਹ ਸਾਖੀ ਸਾਹਿਤ, ਕਾਫ਼ੀ ਸਾਹਿਤ ਤੇ ਕਿੱਸਾ ਸਾਹਿਤ ਦਾ ਸਿਸਟਮੀ ਆਧਾਰ ਬਾਣੀ ਵਿਚ ਪਿਆ ਮੰਨਦਾ ਹੈ। ਉਸ ਨੇ ਬਾਣੀ ਅਧਿਐਨ ਕਰਨ ਵਾਲ਼ੇ ਪਹਿਲੇ ਵਿਦਵਾਨਾਂ ਦੇ ਪੂਰਬੀ ਵਿਸ਼ਵ ਦ੍ਰਿਸ਼ਟੀ ਵਾਲ਼ੇ ਚਿੰਤਨ ਦੀ ਬਜਾਇ ਪਾਠਾਂ ਨੂੰ ਵਿਕੇਂਦ੍ਰਿਤ ਕਰਕੇ ਸਮਝਣ ਦੀ ਲੋੜ ਉਪਰ ਜ਼ੋਰ ਦਿੱਤਾ ਹੈ। ਉਹ ਲਿਖਦਾ ਹੈ ਕਿ 'ਇਥੇ ਲੋੜ ਇਸ ਇਸ ਗੱਲ ਦੀ ਹੈ ਕਿ ਬਾਣੀ-ਪ੍ਰਵਚਨ ਦੇ ਸ਼ਾਸਤਰ-ਨਿਰਮਾਨ ਵਿਚ ਅਸੀਂ ਪ੍ਰੋ. ਸਾਹਿਬ ਸਿੰਘ ਦੇ ਇਕਾਰਥੀ, ਡਾ. ਹਰਿਭਜਨ ਸਿੰਘ ਦੇ ਸੰਵੇਦਨਾਸ਼ੀਲ ਸਮੂਰਤਨ ਤੇ ਡਾ. ਗੋਪਾਲ ਸਿੰਘ ਦੇ ਅਨੰਦ ਆਧਾਰੀ ਸਥਾਪਿਤ ਤੇ ਕੇਂਦਰੀਕਰਨ ਦੇ ਪ੍ਰਵਚਨ-ਸਿਧਾਂਤ ਦਾ ਉਥਾਪਨ ਕਰ ਕੇ, ਬਾਣੀ ਦੇ ਵਿਰਸੇ ਵਿਚ ਪ੍ਰਾਪਤ ਸ਼ਬਦ ਦੇ ਵਿਕੇਂਦਰੀਕਰਨ ਵਾਲੇ ਰੂਪਾਂਤ੍ਰਨ ਦੇ ਸਿਧਾਂਤ ਵਲ ਸੁਚੇਤ ਹੋਈਏ।' ਇਸ ਤਰ੍ਹਾਂ ਉਹ ਗ੍ਰਹਿਣਯੋਗ ਤੇ ਤਿਆਗਣਯੋਗ ਦਾ ਨਿਖੇੜਾ ਕਰਕੇ 'ਨਾਮ' ਤੇ 'ਸ਼ਬਦ' ਨੂੰ ਅਹਿਮ ਮੰਨਦਾ ਹੈ।

ਗੁਰਬਾਣੀ ਵਿਚ ਰਹਾਓ ਨੂੰ ਸ੍ਰੋਤਿਆਂ ਵਿਚ ਨਵੀਂ ਚੇਤਨਾ ਦਾ ਅਹਿਸਾਸ ਜਗਾਉਣ ਵਾਲੀ ਇਕ ਜੁਗਤ ਆਖਦਾ ਹੈ ਜਿਸ ਦੇ ਆਧਾਰ 'ਤੇ ਸਭਿਆਚਾਰਕ, ਸਾਮਿਅਕ ਤੇ ਇਤਿਹਾਸਕ ਪ੍ਰਸੰਗ ਸਬੰਧੀ ਚੇਤਨਾ ਹਾਸਿਲ ਕਰਦੇ ਹਨ। ਉਸ ਦੇ ਸ਼ਬਦਾਂ ਵਿਚ 'ਇਸੇ ਕਰ ਕੇ, ਗੁਰਬਾਣੀ ਪ੍ਰਵਚਨ ਦੇ ਪਉੜੀ-ਪ੍ਰਬੰਧ ਨੂੰ ਅੰਤਰਸੰਬੰਧਿਤ ਕਰ ਕੇ, ਰਹਾਉ ਇਕ ਅਜਿਹੇ ਗਿਆਨ-ਸ਼ਾਸਤਰੀ ਸੰਕਲਪ ਦਾ ਪ੍ਰਕਾਰਜ ਕਰਦਾ ਹੈ, ਜੋ ਗੁਰਬਾਣੀ ਦੇ ਸਿਸਟਮ ਤੇ ਸੰਰਚਨਾ ਦੋਹਾਂ ਨੂੰ ਸਮੁੱਚੇ ਰੂਪ ਵਿਚ ਇਕਾਗਰਤਾ ਦੇਂਦਾ ਹੈ ਤੇ ਬਾਣੀ-ਸਿਰਜਣ ਦੀਆਂ ਭਿੰਨ-ਭਿੰਨ ਪਰਤਾਂ ਨੂੰ ਰੂਪਾਂਤ੍ਰਣੀ ਪ੍ਰਕਿਰਿਆ ਰਾਹੀਂ ਇਕ ਦੂਜੇ ਨਾਲ ਜੋੜ ਕੇ, ਬਾਣੀ-ਪ੍ਰਵਚਨ ਦੀ ਨਿਰਮਾਣਕਾਰੀ ਜੁਗਤ ਵਜੋਂ ਵੀ ਸਾਹਮਣੇ ਆਉਂਦਾ ਹੈ।'

ਡਾ. ਗੁਰਚਰਨ ਸਿੰਘ ਵੀ ਬਾਕੀ ਸੰਰਚਨਾਵਾਦੀਆਂ ਵਾਂਗ ਸਾਹਿਤ ਨੂੰ ਭਾਸ਼ਕ ਹੋਂਦ ਵਜੋਂ ਗ੍ਰਹਿਣ ਕਰਦਾ ਹੈ। ਉਹ ਲਾਂਗ/ਸਿਸਟਮ ਨੂੰ ਪੈਟਰਨ ਕਹਿੰਦਾ ਹੈ ਤੇ ਇਸ ਪੈਟਰਨ-ਚੇਤਨਾ ਦਾ ਆਧਾਰ ਸੰਰਚਨਾਵਾਦ ਹੀ ਹੈ। ਉਹ ਇਸ ਦੇ ਆਧਾਰ ਤੇ ਬਾਣੀ ਅਧਿਐਨ ਕਰਨਾ ਵਧੇਰੇ ਸਾਰਥਕ ਸਮਝਦਾ ਹੈ। 'ਸੰਬੰਧ ਸਮੂਹ ਦੀ ਕਾਰਜਸ਼ੀਲਤਾ ਦੀ ਅਜਿਹੀ ਪੈਟਰਨ-ਚੇਤਨਾ ਸੰਰਚਨਾਵਾਦੀ ਚਿੰਤਨ ਵਿਚ ਖ਼ਾਸ ਮਹੱਤਾ ਰਖਦੀ ਹੈ।' ਬਾਣੀ ਤੇ ਕਵਿਤਾ ਨੂੰ ਉਹ ਵੱਖ-ਵੱਖ ਜੁਗਤਾਂ ਰਾਹੀਂ ਸਮਝਦਾ ਹੈ। ਉਹ ਲਿਖਦਾ ਹੈ ਕਿ '...ਬਾਣੀ-ਪੈਟਰਨ ਦੇ ਨਾਇਕ ਦਿੱਬ ਹੋਂਦ ਦੀ ਅਮੂਰਤ ਤੇ ਅਲੌਕਿਕ ਪ੍ਰਕਿਰਤੀ ਕਾਰਨ, ਬਾਣੀ-ਪੈਟਰਨ ਵਿਚ ਸਧਾਰਨ ਕਲਾ-ਪੈਟਰਨ ਵਾਲ਼ਾ ਨੇਮ ਉਲਟਾ ਦਿੱਤਾ ਜਾਂਦਾ ਹੈ। ਬਾਣੀ-ਸਿਰਜਨ ਸਮੇਂ ਪਿੱਠ-ਭੂਮੀ ਨੂੰ ਖ਼ਾਸ ਮਹੱਤਵ ਮਿਲ ਜਾਂਦਾ ਹੈ।'

ਉਹ ਬਾਣੀ ਦੇ ਨਿਰਗੁਣ ਬ੍ਰਹਮ ਦੀ ਜੁਗਤ ਨੂੰ ਅਲੌਕਿਕ ਕਿਰਦਾਰ ਵਾਲ਼ੀ ਮੰਨਦਾ ਹੈ ਤੇ ਨਾਲ਼ ਹੀ ਅਮੂਰਤ ਸਿਰਜਣ ਦੀ ਇਸ ਪੈਟਰਨ ਸਥਿਤੀ ਨੂੰ ਇਕ ਖ਼ੁਦਮੁਖਤਾਰ ਹੋਂਦ ਦੇ ਖੇਤਰ ਵਿਚ ਰੱਖ ਦਿੰਦਾ ਹੈ। ਇਹੀ ਸੰਰਚਨਾਵਾਦੀਆਂ ਦੀ ਕਮਜ਼ੋਰੀ ਵੀ ਹੋ ਨਿੱਬੜਦੀ ਹੈ ਕਿ ਇਹ ਜਿਸ ਪਸਾਰੇ ਨੂੰ ਸਮਝ ਨਾ ਸਕਣ ਉਸ ਨੂੰ ਲਾਂਗ/ਸਿਸਟਮ/ਪੈਟਰਨ/ਜੁਗਤ ਦੇ ਖੂਹ-ਖਾਤੇ ਵਿਚ ਪਾ ਤਾਂ ਦਿੰਦੇ ਹਨ ਪਰ ਇਸ ਦੀ ਸੰਰਚਨਾਕਾਰੀ ਜਾਂ ਹੋਂਦ ਦੇ ਪ੍ਰਤਿਮਾਨ ਦੇਣੋਂ ਅਸਮਰੱਥਾ ਜ਼ਾਹਰ ਕਰਦੇ ਹਨ। ਇਸੇ ਕਾਰਨ ਹੀ ਬਹੁਤੇ ਸੰਰਚਨਾਵਾਦੀਆਂ ਦਾ ਚਿੰਤਨ 'ਕਵਿਤਾ' ਤੇ 'ਬਾਣੀ' ਨੂੰ ਵੱਖ-ਵੱਖ

ਵੀ ਮੰਨਦਾ ਹੈ। ਉਹ ਗੁਰਬਾਣੀ ਵਿਚਲੇ ਨਾਮ ਤੇ ਸ਼ਬਦ ਸਭਿਆਚਾਰ ਨੂੰ ਇਕ ਤਕਨੀਕ ਮੰਨਦਾ ਹੋਇਆ ਲਿਖਦਾ ਹੈ ਕਿ 'ਗੁਰਬਾਣੀ ਦਾ ਨਾਮ ਤੇ ਸ਼ਬਦ ਸਭਿਆਚਾਰ ਇਕ ਅਜਿਹੀ ਤਕਨੀਕ ਹੈ ਜੋ ਗੁਰੂਆਂ ਨੇ ਅਰਥਾਂ ਦੇ ਸਿਰਜਣ ਲਈ ਵਰਤੀ ਹੈ ਤੇ ਅਰਥਾਂ ਦੇ ਸਿਰਜਣ ਲਈ ਗੁਰੂਆਂ ਨੇ ਉਸ ਵੇਲ਼ੇ ਦੇ ਸਮੁੱਚੇ ਰਾਜਸੀ ਪ੍ਰਬੰਧ ਦਾ ਵੀ ਸਾਹਮਣਾ ਕੀਤਾ ਹੈ ਅਤੇ ਇਸ ਵਿਚੋਂ ਆਦਰਸ਼ ਮਾਨਵ ਦੇ ਨਿਰਮਾਣ ਦੀਆਂ ਸੰਭਾਵਨਾਵਾਂ ਉਘਾੜੀਆਂ ਹਨ।'

ਇਸ ਤਰ੍ਹਾਂ ਮੂਲ ਰੂਪ ਵਿਚ ਉਸ ਨੇ ਬਾਕੀ ਗੁਰੂਆਂ ਦੀ ਬਾਣੀ ਨੂੰ ਨਾਨਕ ਬਾਣੀ ਦੀ ਵਿਆਖਿਆ ਮਾਤਰ ਹੀ ਸਿੱਧ ਕੀਤਾ ਹੈ। ਉਸ ਨੂੰ ਕਿੱਸੇ, ਕਾਫ਼ੀਆਂ ਤੇ ਸਾਖੀ ਸਾਹਿਤ ਸਭ ਗੁਰਬਾਣੀ ਸਭਿਆਚਾਰ ਤੋਂ ਹੀ ਆਸਰਾ ਲੈਂਦੇ ਪ੍ਰਤੀਤ ਹੁੰਦੇ ਹਨ। ਉਸ ਦੀ ਵੀ ਇਹ ਸੀਮਾ ਕਹੀ ਜਾ ਸਕਦੀ ਹੈ ਕਿ ਉਸ ਨੇ ਗੁਰਬਾਣੀ ਨੂੰ ਵਿਗਿਆਨ ਨਾਲੋਂ ਮਹਾਨ ਤੇ ਵਡੇਰੀ ਦੱਸਿਆ ਹੈ। ਉਹ ਲਿਖਦਾ ਹੈ ਕਿ 'ਜੋ ਕੁਝ ਵਿਗਿਆਨ ਵਿਚ ਦੱਸਿਆ ਹੈ, ਉਹ ਬਾਣੀ ਵਿਚ ਵੀ ਹੈ ਪਰ ਬਾਣੀ ਵਿਗਿਆਨਕ ਚਿੰਤਨ ਦੇ ਵੱਡੇ ਵੱਡੇ ਖੱਪਿਆਂ ਨੂੰ ਵੀ ਪੂਰਦੀ ਹੈ। ਇਸੇ ਲਈ ਇਹ ਵਧੇਰੇ ਮਹਾਨ ਹੈ।' ਇਸ ਤਰ੍ਹਾਂ ਉਸ ਨੂੰ ਵਿਗਿਆਨਕ ਨੇਮਾਂ ਵਿਚ ਤਾਂ ਵੱਡੇ-ਵੱਡੇ ਖੱਪੇ ਨਜ਼ਰ ਆਉਂਦੇ ਹਨ ਪਰ ਬਾਣੀ ਵਿਚ ਕੋਈ ਵੀ ਖੱਪਾ ਵਿਖਾਈ ਨਹੀਂ ਦਿੰਦਾ। ਇਹ ਉਸ ਦੀ ਅੰਧ-ਸ਼ਰਧਾ ਹੀ ਮੰਨੀ ਜਾ ਸਕਦੀ ਹੈ ਜੋ ਬਾਕੀ ਸੰਰਚਨਾਵਾਦੀਆਂ ਦੀ ਵੀ ਪੋਲ ਖੋਲ੍ਹਦੀ ਹੈ। ਇਸੇ ਕਾਰਨ ਉਹ ਗੁਰੂਆਂ ਨੂੰ ਵੀ ਸੰਰਚਨਾਵਾਦੀ ਘੋਸ਼ਿਤ ਕਰਦਾ ਹੈ। ਉਸ ਅਨੁਸਾਰ 'ਬਾਕੀ ਗੁਰਆਂ ਦੀ ਬਾਣੀ ਗੁਰੂ ਨਾਨਕ-ਬਾਣੀ ਦੇ ਪੂਰਨਿਆਂ ਉੱਪਰ ਹੀ ਰਚੀ ਗਈ ਹੈ।' ਭਾਵੇਂ ਕਿ ਉਸ ਦੀ ਆਲੋਚਨਾ ਦੀਆਂ ਵੀ ਕੁਝ ਕੁ ਸੀਮਾਵਾਂ ਹਨ ਪਰ ਫਿਰ ਵੀ ਉਹ ਸੰਰਚਨਾਤਮਕ ਪਹੁੰਚ ਵੇਲ਼ੇ ਇਤਿਹਾਸਕ ਦਬਾਵਾਂ ਦੇ ਵਿਚਾਰਧਾਰਾਈ ਪ੍ਰਸੰਗ ਤੋਂ ਮੁਕਤ ਹੋ ਕੇ ਨਹੀਂ ਵਿਚਰਦਾ ਤੇ ਇਸ ਯਤਨ ਵਿਚ ਰਹਿੰਦਾ ਹੈ ਕਿ ਸੰਰਚਨਾਕਾਰੀ ਦੇ ਨੇਮ ਗੁਰਬਾਣੀ ਸਭਿਆਚਾਰ ਦੇ ਮੌਲਿਕ ਤੇ ਇਤਿਹਾਸਕ ਪ੍ਰਤਿਮਾਨਾਂ ਵਿਚੋਂ ਹਾਸਿਲ ਕਰੇ।

ਡਾ. ਗੁਰਚਰਨ ਸਿੰਘ ਬਾਣੀ ਦਾ ਅਧਿਐਨ ਕਰਨ ਵੇਲ਼ੇ ਉਸੇ ਸਥਾਪਿਤ ਜੁਗਤ ਦਾ ਹੀ ਅਨੁਸਰਨ ਕਰਦੇ ਹਨ ਜਿਸ ਦੀ ਵਰਤੋਂ ਡਾ. ਹਰਿਭਜਨ ਸਿੰਘ ਹੁਰੀਂ ਕਰਦੇ ਹਨ। ਜਿਸ ਤਰ੍ਹਾਂ ਬਾਣੀ ਅਧਿਐਨ ਪ੍ਰਤੀ ਆਪਣੀ ਰੂਪਵਾਦੀ ਬ੍ਰਿਤੀ ਪੇਸ਼ ਕਰਦਾ ਡਾ. ਹਰਿਭਜਨ ਸਿੰਘ ਸਿੱਧਾਂ ਤੋਂ ਲੈ ਕੇ ਗੁਰੂਆਂ ਤਕ ਅਧਿਆਤਮਕ ਜਗਤ ਦੇ ਚਿੱਤਰ ਨੂੰ ਇਕ ਤਰ੍ਹਾਂ ਦਾ ਕਲਾਤਮਕ ਜਾਂ ਸਿਰਜਿਆ ਅਜਨਬੀਕ੍ਰਿਤ ਸੰਸਾਰ ਕਹਿੰਦਾ ਹੈ। ਉਸੇ ਤਰ੍ਹਾਂ ਹੀ ਡਾ. ਗੁਰਚਰਨ ਸਿੰਘ ਵੀ ਮੱਧਕਾਲੀ ਸਾਹਿਤ ਨੂੰ ਵਿਸ਼ੇਸ਼ ਕਰਕੇ ਗੁਰਬਾਣੀ ਨੂੰ ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਆਧਾਰ ਦਰਸਾਉਂਦਾ ਹੈ। ਚਾਹੇ ਉਸ ਦਾ ਵਿਸ਼ੇਸ਼ ਖੇਤਰ ਗੁਰਬਾਣੀ ਅਧਿਐਨ ਰਿਹਾ ਪਰ ਇਸ ਤੋਂ ਇਲਾਵਾ ਸੂਫ਼ੀ ਕਾਵਿ, ਕਿੱਸਾ ਕਾਵਿ, ਬੀਰ ਕਾਵਿ, ਜਨਮਸਾਖੀਆਂ ਤੇ ਆਧੁਨਿਕ ਪੰਜਾਬੀ ਵਾਰਤਕ ਨੂੰ ਵੀ ਸੰਰਚਨਾਤਮਕ ਤੇ ਚਿੰਨ੍ਹ ਵਿਗਿਆਨਕ ਪਰਿਪੇਖ ਤੋਂ ਵੇਖਣ ਦਾ ਯਤਨ ਕੀਤਾ ਹੈ। ਆਪਣੀ ਸੰਪਾਦਿਤ ਪੁਸਤਕ 'ਆਧੁਨਿਕ ਵਾਰਤਕ ਵੰਨਗੀ' (1992) ਵਿਚ ਉਸ ਨੇ ਆਪਣੇ ਲੇਖ 'ਪੰਜਾਬੀ ਨਿਬੰਧ ਦੀ ਵਿਕਾਸ ਯਾਤਰਾ' ਵਿਚ ਭਾਈ ਵੀਰ ਸਿੰਘ ਦੇ ਟ੍ਰੈਕਟ 'ਭਾਈ ਲਾਲੋ ਤੇ ਮਲਕ ਭਾਗੋ' ਨੂੰ ਮੱਧਕਾਲੀਨ ਵਾਰਤਕ ਤੇ ਆਧੁਨਿਕ ਨਿਬੰਧ ਰੂਪਾਕਾਰ ਦੀ ਵਿਕਾਸ ਯਾਤਰਾ ਵਿਚਕਾਰਲੀ ਕੜੀ ਦਾ ਪ੍ਰਤੀਨਿਧ ਨਮੂਨਾ ਦੱਸਿਆ ਹੈ। ਉਸ ਦੇ ਮੱਤ ਅਨੁਸਾਰ 'ਇਸ ਟ੍ਰੈਕਟ ਵਿਚ ਮੱਧਕਾਲੀਨ ਵਾਰਤਕ ਦੇ ਸਾਖੀ-ਰੂਪਾਕਾਰ ਵਾਲੇ ਤੱਤ ਵੀ ਮੌਜੂਦ ਹਨ ਤੇ ਨਾਲ ਹੀ ਨਿਬੰਧ-ਰੂਪਾਕਾਰ ਵਾਲੇ ਅੰਸ਼ ਵੀ ਵਿਦਮਾਨ

ਹਨ।' ਇਸ ਤਰ੍ਹਾਂ ਉਸ ਨੇ ਇਸ ਪੁਸਤਕ ਰਾਹੀਂ ਪੰਜਾਬੀ ਵਾਰਤਕ ਦੇ ਨਿਬੰਧ-ਰੂਪਾਕਾਰ ਦੇ ਵਿਕਾਸ ਨੂੰ ਦਰਸਾਉਣ ਦਾ ਯਤਨ ਕੀਤਾ।

ਡਾ. ਗੁਰਚਰਨ ਸਿੰਘ ਰਚਨਾ ਦੇ ਕਾਵਿ-ਸ਼ਾਸਤਰੀ ਨੇਮਾਂ ਨੂੰ ਉਜਾਗਰ ਕਰਨ ਲਈ ਨਵੀਨ ਵਿਧੀਆਂ ਅਪਣਾ ਕੇ ਤੇ ਪੁਰਾਣੇ ਮਾਡਲਾਂ ਨੇ ਇਹਨਾਂ ਦੀ ਦਿਸ਼ਾ ਵਿਚ ਪੇਸ਼ ਕਰਕੇ ਨਿਵੇਕਲਾ ਯੋਗਦਾਨ ਪਾਉਂਦਾ ਹੈ। ਇਸੇ ਦ੍ਰਿਸ਼ਟੀ ਤੋਂ ਉਸ ਦੁਆਰਾ ਕਰਨਲ ਜਗਜੀਤ ਸਿੰਘ ਗੁਲੇਰੀਆ ਦੀ ਕਵਿਤਾ ਦੀ ਸਮੀਖਿਆ ਮਹੱਤਵਪੂਰਨ ਹੈ। ਉਸ ਨੇ 'ਗੁਲੇਰੀਆ-ਕਾਵਿ' (1980) ਵਿਚ ਕਰਨਲ ਗੁਲੇਰੀਆ ਦੀ ਚੋਣਵੀ ਕਵਿਤਾ ਦੇ ਥੀਮਕ ਪਾਸਾਰਾਂ ਤੇ ਸੰਰਚਨਾਤਮਕ ਪ੍ਰਬੰਧ ਨੂੰ ਵੇਖਣ ਦਾ ਤਰੱਦਦ ਕੀਤਾ ਹੈ। ਇਸ ਦੀ ਸਮੀਖਿਆ ਕਰਦਿਆਂ ਡਾ. ਗੁਰਚਰਨ ਸਿੰਘ ਨੇ ਗੁਲੇਰੀਆ-ਕਾਵਿ ਦੀ ਲਾਂਗ ਭਾਈ ਵੀਰ ਸਿੰਘ-ਕਾਵਿ ਵਿਚ ਪਈ ਵੇਖੀ ਹੈ। ਉਸ ਨੇ ਗੁਲੇਰੀਆ-ਕਾਵਿ ਦੇ ਵਿਭਿੰਨ ਪੈਟਰਨਾਂ ਦੀ ਪਛਾਣ ਲਈ ਸੰਰਚਨਾਵਾਦੀ ਸੰਕਲਪਾਂ- ਇਕਾਲਕ ਤੇ ਦੁਕਾਲਕ ਸਮੇਤ ਲਾਂਗ ਤੇ ਪੈਰੋਲ ਨੂੰ ਵਰਤੋਂ ਵਿਚ ਲਿਆਉਣ ਦੇ ਨਾਲ-ਨਾਲ ਵਿਰਚਨਾਵਾਦੀ ਸੰਕਲਪਾਂ ਦਾ ਵੀ ਪ੍ਰਯੋਗ ਕੀਤਾ ਹੈ। 'ਗੁਲੇਰੀਆ-ਕਾਵਿ' ਦਾ ਨਿਕਟ ਵਿਸ਼ਲੇਸ਼ਣ ਕਰਨ ਉਪਰੰਤ ਡਾ. ਗੁਰਚਰਨ ਸਿੰਘ ਨੇ ਗੁਲੇਰੀਆ ਤੋਂ ਇਲਾਵਾ ਵੀਹਵੀਂ ਸਦੀ ਦੇ ਹੋਰ ਕਵੀਆਂ ਦੇ ਕਾਵਿ ਨੂੰ ਵੀ ਭਾਈ ਵੀਰ ਸਿੰਘ ਪਰੰਪਰਾ ਦਾ ਅਨੁਸਰਣ ਕਰਨ ਵਾਲਾ ਕਾਵਿ ਹੀ ਦੱਸਿਆ ਹੈ। ਉਸ ਦਾ ਕਥਨ ਹੈ ਕਿ 'ਉਪਰੋਕਤ ਅਧਿਐਨ/ਵਿਸ਼ਲੇਸ਼ਣ ਵਿਚ ਅਸੀਂ ਗੁਲੇਰੀਆ-ਕਾਵਿ ਨੂੰ ਮਧਕਾਲੀ ਗੁਰਬਾਣੀ ਕਾਵਿ ਅਤੇ ਆਧੁਨਿਕ ਭਾਈ ਵੀਰ ਸਿੰਘ-ਕਾਵਿ-ਪਰੰਪਰਾ ਦੀਆਂ ਜੁਗਤਾਂ ਤੇ ਸੰਕਲਪੀ ਪੈਰਾਡਾਈਮਾਂ ਵਿਚ ਵਿਸਥਾਪਤ ਹੁੰਦਿਆਂ ਵੇਖਿਆ ਹੈ।__ਭਾਈ ਵੀਰ ਸਿੰਘ ਦੁਆਰਾ ਅਰੰਭ ਕੀਤੀ ਇਸ ਰਹਸਾਤਮਕ ਤੇ ਅਧਿਆਤਮਕ ਕਾਵਿ-ਧਾਰਾ ਨੂੰ ਕਰਨਲ ਗੁਲੇਰੀਆ, ਹਰਨਾਮ ਕੌਰ ਨਾਭਾ, ਪ੍ਰੀਤਮ ਸਿੰਘ ਸਫ਼ੀਰ ਦੀ ਨਵੀਂ ਕਵਿਤਾ, ਡਾ. ਜਸਵੰਤ ਸਿੰਘ ਨੇਕੀ ਅਤੇ ਅਨੂਪ ਸਿੰਘ ਆਦਿ ਦੀ ਕਵਿਤਾ ਦੇ ਵਿਚ ਥੋੜੀ ਬਹੁਤ ਵਿਲੱਖਣਤਾ ਨਾਲ ਪਰਵਾਹਿਤ ਹੁੰਦਿਆਂ ਸਪਸ਼ਟ ਪਛਾਣਿਆ ਜਾ ਸਕਦਾ ਹੈ। ਇਉਂ ਵੀਹਵੀਂ ਸਦੀ ਵਿਚ ਰਹਸ ਤੇ ਅਧਿਆਤਮਕ ਪੈਰਾਡਾਈਮ ਨਾਲ ਸੰਬੰਧਿਤ ਕਵਿਤਾ ਦੇ ਖੇਤਰ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਸਪਸ਼ਟ ਵਿਖਾਈ ਦਿੰਦਾ ਹੈ।'

ਡਾ. ਮਹਿੰਦਰ ਕੌਰ ਗਿੱਲ ਤੇ ਜਗਬੀਰ ਸਿੰਘ ਵਰਗੇ ਆਲੋਚਕ, ਮਨੁੱਖ ਤੇ ਰੱਬ ਦੇ ਸਿਸਟਮ ਦਾ ਅਧਿਐਨ ਆਪਣੇ ਮੱਧਕਾਲੀ ਪਾਠਾਂ ਦੇ ਅਧਿਐਨ ਰਾਹੀਂ ਕਰਦੇ ਹਨ। ਇਸੇ ਤਰ੍ਹਾਂ ਡਾ. ਗੁਰਚਰਨ ਸਿੰਘ ਨੇ ਵੀ ਗੁਰੂਆਂ ਨੂੰ ਸੰਰਚਨਾਵਾਦੀ ਘੋਸ਼ਿਤ ਕੀਤਾ ਹੈ। ਉਹ ਲਿਖਦਾ ਹੈ ਕਿ 'ਧਿਆਨ ਨਾਲ਼ ਵੇਖੀਏ ਤਾਂ ਗੁਰੂਆਂ ਦੀ ਬਾਣੀ ਸਿਸਟਮ ਤੋਂ ਸਿਸਟਮ ਵਲ ਚੱਲਦੀ ਹੈ। ਗੁਰੂ ਸਿਸਟਮ ਦੀ ਦ੍ਰਿਸ਼ਟੀ ਨਾਲ਼ ਹੀ ਕਾਇਨਾਤ ਨੂੰ ਪਛਾਣਦੇ ਹਨ। ਸਿਸਟਮ ਦੀ ਦ੍ਰਿਸ਼ਟੀ ਨਾਲ਼ ਹੀ ਜੈਵਿਕਤਾ ਨੂੰ ਤੇ ਸਿਸਟਮ ਦੀ ਦ੍ਰਿਸ਼ਟੀ ਨਾਲ਼ ਹੀ ਸਭਿਆਚਾਰ ਨੂੰ। ਇਸੇ ਲਈ ਉਹਨਾਂ ਨੇ ਕਿਹਾ ਹੈ ਕਿ ਸਭਿਆਚਾਰ ਹਉ ਮੁਕਤ ਪ੍ਰਬੰਧ ਹੈ। ਜਦੋਂ ਉਹ ਕਹਿੰਦੇ ਹਨ ਕਿ 'ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੇ ਨ ਕੋਇ' ਤਾਂ ਇਸ ਗੱਲ ਨੂੰ ਦ੍ਰਿੜ ਕਰ ਰਹੇ ਹੁੰਦੇ ਹਨ।' ਇਸ ਤਰ੍ਹਾਂ ਡਾ. ਗੁਰਚਰਨ ਸਿੰਘ ਨੇ ਗੁਰਬਾਣੀ ਦਾ ਰਹਾਉ ਸ਼ਾਸਤਰ' ਵਿਚ ਮੁੱਖ ਰੂਪ ਵਿਚ ਗੁਰਬਾਣੀ ਨੂੰ ਪੂਰਬੀ ਵਿਸ਼ਵ-ਦ੍ਰਿਸ਼ਟੀ, ਪੰਜਾਬੀ ਸਮਾਜ ਤੇ ਸਭਿਆਚਾਰ ਦਾ ਆਧਾਰ ਮੰਨਣ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਪਾਠ 'ਸਿੱਧ ਗੋਸ਼ਟਿ' ਦੇ ਆਧਾਰ 'ਤੇ ਉਹਨਾਂ ਦੀ ਦ੍ਰਿਸ਼ਟੀ ਨੂੰ ਸਰਬ ਸਾਂਝੀ ਭਾਰਤੀ ਦ੍ਰਿਸ਼ਟੀ ਦਾ ਅੰਗ ਦਰਸਾਇਆ ਹੈ।

ਰੂਪਵਾਦੀ-ਸੰਰਚਨਾਵਾਦੀ ਕਿਸਮ ਦੀ ਪੰਜਾਬੀ ਆਲੋਚਨਾ ਵਿਚ ਸਾਨੂੰ ਮੱਧਕਾਲੀ ਸਾਹਿਤ ਉਪਰ ਵਧੇਰੇ ਕਾਰਜ ਹੋਇਆ ਮਿਲਦਾ ਹੈ ਪਰ ਮਿਆਰੀ ਕਿਸਮ ਦਾ ਕਾਰਜ ਘੱਟ ਹੈ। ਬੇਸ਼ੱਕ ਰੂਪਵਾਦੀ-ਸੰਰਚਨਾਵਾਦੀ ਅਧਿਐਨ ਦੀਆਂ ਕੁਝ ਸੀਮਾਵਾਂ ਜ਼ਰੂਰ ਹਨ, ਜਿਵੇਂ ਕਿ ਗੁਰੂਆਂ ਤੇ ਹੋਰ ਸਮਾਜਿਕ ਕਾਰਕੁੰਨਾਂ ਦੇ ਸੰਰਚਨਾਬੱਧ ਕਾਰਜਾਂ ਨੂੰ ਰੂਪ ਤੇ ਵਸਤੂ ਦੇ ਦਵੰਦਾਤਮਕ ਸਬੰਧਾਂ ਦੀ ਨਿਰੰਤਰ ਲੜੀ ਸਮਝਣ ਦੀ ਬਜਾਇ ਉਨ੍ਹਾਂ ਦੀ ਰਚਨਾ ਦੀ ਸਮਾਜਿਕਤਾ ਨੂੰ ਕੇਵਲ ਰੂਪਵਾਦੀ ਜਾਂ ਸੰਰਚਨਾਵਾਦੀ ਬ੍ਰਿਤੀ ਵਾਲੀ ਸਿੱਧ ਕਰਨਾ ਵਧੇਰੇ ਸਿਆਣਪ ਵਾਲ਼ੀ ਗੱਲ ਨਹੀਂ ਤੇ ਨਾ ਹੀ ਬਾਣੀ ਤੇ ਕਾਵਿ ਦੇ ਨਿਖੇੜ ਤੱਤ ਵਧੇਰੇ ਅਰਥ-ਭਰਪੂਰ ਹਨ। 'ਰੂਪ ਅਤੇ ਵਸਤੂ ਇਕੋ ਹੀ ਵਸਤ ਜਾਂ ਵਰਤਾਰੇ ਦੀ ਏਕਤਾ, ਅਖੰਡਤਾ ਅਤੇ ਗਤੀਸ਼ੀਲਤਾ ਨੂੰ ਪ੍ਰਗਟ ਕਰਦੇ ਪ੍ਰਵਰਗ ਹਨ, ਜਿਹੜੇ ਆਪਸ ਵਿਚ ਸੰਬਾਦਕ ਰਿਸ਼ਤਾ ਰੱਖਦੇ ਹਨ। ਪਰ ਵਸਤੂ ਇਹਨਾਂ ਵਿਚ ਨਿਰਧਾਰਣੀ ਮੁੱਲ ਰੱਖਦਾ ਹੈ। ਜਦਕਿ ਰੂਪ ਸਰਗਰਮ ਪ੍ਰਭਾਵਕਾਰੀ ਸਮਰੱਥਾ ਰੱਖਦਾ ਹੈ ਅਤੇ ਵਸਤੂ ਦੇ ਤੱਤ ਤੱਕ ਪੁੱਜਣ ਦੀ ਕੁੰਜੀ ਹੁੰਦਾ ਹੈ।' ਪ੍ਰੋ. ਕਿਸ਼ਨ ਸਿੰਘ ਨੇ ਗੁਰਬਾਣੀ ਨੂੰ ਸਮਾਜਿਕ ਪੱਖ ਤੋਂ ਇਨਕਲਾਬੀ ਸੁਭਾਅ ਵਾਲ਼ੀ ਦੱਸਿਆ ਹੈ ਜਿੱਥੇ ਪ੍ਰਗਟਾਅ ਜੁਗਤਾਂ ਵਿਸ਼ੇ ਦੇ ਨਿਭਾਅ ਵਿਚ ਆਪਣੀ ਭੂਮਿਕਾ ਅਦਾ ਕਰਦੀਆਂ ਹਨ। ਰੂਪਵਾਦ, ਸੰਰਚਨਾਵਾਦ, ਸ਼ੈਲੀ-ਵਿਗਿਆਨ ਤੇ ਚਿੰਨ੍ਹ-ਵਿਗਿਆਨ ਕੇਵਲ ਵਿਧੀਆਂ ਹਨ, ਮਾਰਕਸਵਾਦ ਵਾਂਗ ਕੋਈ ਦਰਸ਼ਨ ਜਾਂ ਸਿਧਾਂਤ ਨਹੀਂ, ਇਸ ਲਈ ਇਹਨਾਂ ਨੂੰ ਵਿਧੀ ਦੇ ਤੌਰ 'ਤੇ ਵੇਖਦੇ ਹੋਏ ਰਚਨਾ ਦੇ ਅਧਿਐਨ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਨ ਲਈ ਜ਼ਰੂਰ ਵਰਤਿਆ ਜਾ ਸਕਦਾ ਹੈ। ਇਸ ਪੱਖ ਤੋਂ ਜੇਕਰ ਇਹਨਾਂ ਵਿਧੀਆਂ ਨੂੰ ਰੂਪ ਤੇ ਵਸਤੂ ਦੇ ਦਵੰਦਾਤਮਕ ਰਿਸ਼ਤੇ ਰਾਹੀਂ ਵਿਗਿਆਨਕਤਾ ਦੇ ਠੀਕ ਅਰਥਾਂ ਵਿਚ ਵਰਤਿਆ ਜਾਵੇ ਤਾਂ ਇਹ ਵਿਧੀਆਂ ਰਚਨਾ ਦੇ ਉੱਤਮ ਅਧਿਐਨ ਵਿਚ ਸਹਾਇਤਾ ਦਿੰਦੀਆਂ ਹਨ। ਗੁਰੂਆਂ, ਭਗਤਾਂ, ਭੱਟਾਂ ਆਦਿ ਦੁਆਰਾ ਗੁਰਬਾਣੀ-ਕਾਵਿ ਦੀ ਰਚਨਾ ਕਰਨ ਦਾ ਉਦੇਸ਼ ਕੋਈ ਪਿੱਠਵਰਤੀ ਭੂਮੀ (ਸੰਰਚਨਾਵਾਦੀਆਂ ਦੀ ਨਜ਼ਰੇ ਲਾਂਗ) ਦਰਸਾਉਣਾ ਨਹੀਂ ਸੀ ਬਲਕਿ ਉਸ ਸਮੇਂ ਦੇ ਇਤਿਹਾਸਕ ਹਾਲਾਤਾਂ, ਰਾਜਨੀਤੀ, ਧਰਮ ਆਦਿ ਪੱਖਾਂ ਤੋਂ ਸਮੇਂ ਤੇ ਵਿਅਕਤੀ ਅੰਦਰ ਆਈਆਂ ਚੰਗੀਆਂ-ਮੰਦੀਆਂ ਤਬਦੀਲੀਆਂ ਦਾ ਪੋਸ਼ਣ ਕਰਨਾ ਵੀ ਸੀ। ਡਾ. ਗੁਰਚਰਨ ਸਿੰਘ ਦੇ ਅਧਿਐਨ ਵਿਚ ਅਮੂਰਤ ਸੰਕਲਪਾਂ ਉਪਰ ਵਧੇਰੇ ਆਸ਼ਰਿਤ ਹੋਣ ਦਾ ਚਾਹੇ ਦੋਸ਼ ਲੱਗਦਾ ਹੈ ਪਰ ਫਿਰ ਵੀ ਇਹਨਾਂ ਦੀ ਵਰਤੋਂ ਦੁਆਰਾ ਪੰਜਾਬੀ ਆਲੋਚਨਾ ਨਵੇ ਂ ਦਿਸਹੱਦਿਆਂ ਨੂੰ ਹਾਸਿਲ ਕਰਦੀ ਹੈ। ਉਸ ਦਾ ਗੁਰਬਾਣੀ ਖੇਤਰ ਵਿਚ ਕੀਤਾ ਗਿਆ ਅਧਿਐਨ ਜਿੱਥੇ ਪੰਜਾਬੀ ਆਲੋਚਨਾ ਦੇ ਵਾਧੇ ਲਈ ਮਹੱਤਤਾ ਦਾ ਧਾਰਨੀ ਹੈ, ਉਥੇ ਉਸ ਦੁਆਰਾ ਸਾਹਿਤ ਅਧਿਐਨ ਲਈ ਦਿੱਤੇ ਗਏ ਨਵੇਂ ਮਾਡਲ ਪੰਜਾਬੀ ਆਲੋਚਨਾ ਦੀ ਮੌਲਿਕਤਾ ਤੇ ਸੂਖਮ-ਅਧਿਐਨ ਦੀ ਸਥਾਪਤੀ ਲਈ ਮਹੱਤਵਪੂਰਨ ਹਨ।

## ਸੰਦਰਭ ਪੁਸਤਕ ਸੂਚੀ


1. ਗਿੱਲ, ਮਹਿੰਦਰ ਕੌਰ, ਬਾਣੀ-ਚਿੰਤਨ, ਰੱਬੀ ਪ੍ਰਕਾਸ਼ਨ, ਦਿੱਲੀ, 1977
2. ਗੁਰਚਰਨ ਸਿੰਘ (ਡਾ.), ਗੁਰਬਾਣੀ ਸਭਿਆਚਾਰ ਦੇ ਬਦਲਦੇ ਪ੍ਰਤਿਮਾਨ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1993
3. ਉਹੀ, ਗੁਰਬਾਣੀ ਦਾ ਰਹਾਉ ਸ਼ਾਸਤਰ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1992
4. ਉਹੀ, ਬਾਣੀ: ਕੇਂਦਰ ਤੇ ਵਿਕੇਂਦਰ, ਵਿਵੀਅਨ-ਏਕਤਾ ਪ੍ਰਕਾਸ਼ਨ, ਨਵੀਂ ਦਿੱਲੀ, 1979
5. ਉਹੀ, ਮੱਧਕਾਲੀ ਪਾਠ ਤੇ ਵਰਤਮਾਨ ਪ੍ਰਸੰਗ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ,

ਦਿੱਲੀ, 1993
6. ਉਹੀ, (ਸੰਪਾ.), ਗੁਲੇਰੀਆ-ਕਾਵਿ, ਜੈ ਰਾਜ ਪ੍ਰਕਾਸ਼ਨ, ਨਵੀਂ ਦਿੱਲੀ, 1986
7. ਉਹੀ, (ਸੰਪਾ.), ਆਧੁਨਿਕ ਵਾਰਤਕ ਵੰਨਗੀ, ਆਰਸੀ ਪਬਲਿਸ਼ਰਜ਼, ਦਿੱਲੀ, 1992
8. ਜਗਬੀਰ ਸਿੰਘ (ਡਾ.), ਬਾਣੀ ਸੰਸਾਰ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਸੰਸਕਰਣ 1992
9. ਫਰੈਂਕ, ਗੁਰਬਖਸ਼ ਸਿੰਘ, ਵਿਰੋਧ-ਵਿਕਾਸ ਅਤੇ ਸਾਹਿਤ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1985
10. ਭਾਟੀਆ, ਹਰਿਭਜਨ ਸਿੰਘ (ਡਾ.), ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, ਸੰਸਕਰਣ 2006

□□□

# ਮਨਜੀਤ ਪਾਲ ਕੌਰ-ਕਾਵਿ : ਅਨਿਸਚਤਤਾ, ਅਸੰਤੁਸ਼ਟੀ ਅਤੇ ਅਧੂਰੇਪਣ ਦਾ ਤਿਕੋਣ

*ਦੀਪ ਨਿਰਮੋਹੀ*

*ਪੰਜਾਬੀ ਵਿਭਾਗ,*
*ਜੀ.ਜੀ.ਡੀ.ਐੱਸ.ਡੀ. ਕਾਲਜ,*
*ਚੰਡੀਗੜ੍ਹ-32*

ਆਧੁਨਿਕ ਚੇਤਨਾ ਮਨੁੱਖੀ ਚੇਤਨ/ਅਵਚੇਤਨ ਦੇ ਦੋ ਵੱਖ-ਵੱਖ ਧਰਾਤਲਾਂ 'ਤੇ ਸਾਕਾਰ ਹੁੰਦੀ ਹੈ। ਪਹਿਲਾ ਧਰਾਤਲ ਬੰਦੇ ਦਾ ਆਪਣੀ ਹੋਂਦ ਦੀਆਂ ਪ੍ਰਸਥਿਤੀਆਂ ਨੂੰ ਜਾਨਣ/ਪਹਿਚਾਨਣ ਦਾ ਧਰਾਤਲ ਹੈ। ਬੰਦਾ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਸੰਬੰਧਾਂ ਵਿਚ ਘਿਰੀ ਆਪਣੀ ਹੋਂਦ ਨੂੰ ਇਕ ਇਕਾਈ ਵਜੋਂ ਵੇਖਦਿਆਂ ਉਨ੍ਹਾਂ ਸਿਸਟਮੀ ਪ੍ਰਵਚਨਾਂ ਦੇ ਸਨਮੁੱਖ ਹੁੰਦਾ ਹੈ ਜੋ ਵਿਅਕਤੀ ਨੂੰ ਸਮਾਜਿਕ ਅਨੁਸ਼ਾਸਿਤ ਨਾਗਰਿਕ ਬਣਾਉਣ ਲਈ ਯਤਨਸ਼ੀਲ ਹੁੰਦੇ ਹਨ। ਇਹ ਯਤਨ ਮਨੁੱਖ ਨੂੰ ਅਦਿੱਖ ਬੰਧਨਾਂ/ਬੰਦਿਸ਼ਾਂ ਵਿਚ ਜੀਣ ਲਈ ਤਿਆਰ ਕਰਨ ਦਾ ਹੈ ਪਰ ਆਧੁਨਿਕ ਚੇਤਨਾ ਇਨ੍ਹਾਂ ਸਾਜ਼ਿਸ਼ੀ ਪ੍ਰਵਚਨਾਂ ਨੂੰ ਮਨੁੱਖ ਅੱਗੇ ਉਧੇੜ ਕੇ ਰੱਖ ਦਿੰਦੀ ਹੈ। ਆਧੁਨਿਕ ਚੇਤਨਾ ਦਾ ਦੂਜਾ ਧਰਾਤਲ ਇਨ੍ਹਾਂ ਸਿਸਟਮੀ ਪ੍ਰਵਚਨਾਂ ਦੇ ਵਿਰੋਧ ਦਾ ਧਰਾਤਲ ਹੈ। ਬੰਦਾ ਆਪਣੀ ਹੋਂਦ ਦੀਆਂ ਪ੍ਰਸਥਿਤੀਆਂ ਨੂੰ ਬਦਲਣ ਦਾ ਰਾਹ ਇਨ੍ਹਾਂ ਪ੍ਰਵਚਨਾਂ ਦੇ ਵਿਰੋਧ ਵਿਚੋਂ ਤਲਾਸ਼ਦਾ ਹੈ। ਉਹ ਨਵੇਂ ਸਮਾਜ ਦੀ ਕਾਮਨਾ ਤਹਿਤ ਪ੍ਰਤੀਰੋਧੀ ਭਾਵਨਾ ਨਾਲ ਲੈਸ ਤਰਕ ਦੇ ਹਥਿਆਰ ਨਾਲ ਸਿਸਟਮੀ ਪ੍ਰਵਚਨਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੰਦਾ ਹੈ। ਇਸ ਵਾਰ ਕਰਨ ਅਤੇ ਬਦਲਣ ਤੋਂ ਡਰੀ ਸਥਾਪਤੀ ਮਨੁੱਖ ਨੂੰ ਮੁੜ-ਅਧੀਨ ਕਰਨ ਲਈ ਨਵੇਂ ਢੰਗ ਤਲਾਸ਼ਦੀ ਹੈ, ਇਸੇ ਵਿਚੋਂ ਹੀ ਮਨੁੱਖ ਨੂੰ ਨਪੀੜਨ ਦਾ ਉੱਤਰ ਆਧੁਨਿਕਤਾਵਾਦੀ ਪ੍ਰਪੰਚ ਜਨਮ ਲੈਂਦਾ ਹੈ ਜੋ ਵਿਰੋਧ ਕਰ ਰਹੇ ਸਮੂਹਾਂ ਨੂੰ ਖੰਡਿਤ ਕਰਨ ਦਾ ਢੰਗ ਅਪਣਾਉਂਦਾ ਹੈ। ਸਥਾਪਤੀ ਅਤੇ ਮਨੁੱਖ ਦੀ ਮੁਕਤੀ ਦੀ ਜੱਦੋ-ਜਹਿਦ ਨਿਰੰਤਰ ਚੱਲਦੀ ਰਹਿੰਦੀ ਹੈ।

ਆਧੁਨਿਕ ਪੰਜਾਬੀ ਨਾਰੀ-ਕਾਵਿ ਆਧੁਨਿਕ ਚੇਤਨਾ ਦੇ ਦੋਵੇਂ ਵੱਖ-ਵੱਖ ਧਰਾਤਲਾਂ 'ਤੇ ਵਿਚਰਦਾ ਰਚਨਾਕਾਰੀ ਵਿਚ ਲੀਨ ਰਿਹਾ ਹੈ। ਕੁਝ ਕਵਿਤਰੀਆਂ ਔਰਤ-ਮਰਦ ਦੇ ਅਸਾਵੇਂ ਸੰਬੰਧਾਂ ਪਿੱਛੇ ਪਿਤਰਕੀ-ਸੰਰਚਨਾਂ ਨੂੰ ਪਹਿਚਾਣ ਕੇ ਮਰਦ-ਕੇਂਦਰਤ ਸਥਾਪਨਾਵਾਂ ਨੂੰ ਚੈਲੰਜ ਕਰਨ

ਦਾ ਰਾਹ ਅਖ਼ਤਿਆਰ ਕਰਦੀਆਂ ਹਨ ਅਤੇ ਔਰਤ ਦੀ ਸੁਤੰਤਰ ਹੋਂਦ ਲਈ ਆਵਾਜ਼ ਉਠਾਉਂਦੀਆਂ ਹਨ। ਕੁਝ ਕਵਿੱਤਰੀਆਂ ਮਰਦ ਨਿਰਧਾਰਿਤ ਦਾਇਰਿਆਂ ਨੂੰ ਪਛਾਣਦੀਆਂ ਤਾਂ ਹਨ ਪਰ ਉਸਨੂੰ ਵੰਗਾਰਦੀਆਂ ਨਹੀਂ। ਉਹ ਇਨ੍ਹਾਂ ਵਲਗਣਾਂ ਵਿਚ ਰਹਿੰਦਿਆਂ ਹੀ ਆਪਣੀ ਹੋਂਦ ਦੀ ਲੜਾਈ ਨੂੰ ਸਰ-ਅੰਜਾਮ ਦੇਣ ਦੀ ਕੋਸ਼ਿਸ਼ ਕਰਦੀਆਂ ਹਨ ਜਾਂ ਫਿਰ 'ਸੁਪਨਿਆਂ' (ਖਿਆਲੀ ਜੀਵਨ) ਵਿਚ ਹੀ ਆਜ਼ਾਦ ਜੀਵਨ ਜੀਉਣ ਲੱਗਦੀਆਂ ਹਨ ਜਾਂ ਮੁਹੱਬਤੀ ਉਹਲਿਆਂ ਵਿਚ ਜੀਵਨ ਨੂੰ ਮਾਨਣਾ ਸ਼ੁਰੂ ਕਰ ਦਿੰਦੀਆਂ ਹਨ। ਮਨਜੀਤ ਪਾਲ ਕੌਰ ਇਸੇ ਰੰਗ ਦੀ ਆਧੁਨਿਕ ਸ਼ਾਇਰਾ ਹੈ ਜੋ ਮੁਹੱਬਤੀ-ਕਾਲੀਨ 'ਤੇ ਸਵਾਰ ਹੋ ਕੇ ਸਭ ਸਿਸਟਮੀ ਬੰਦਸ਼ਾਂ ਨੂੰ ਪਾਰ ਕਰਨ ਦੀ ਇਛੁੱਕ ਹੈ।

ਮਨਜੀਤ ਪਾਲ ਕੌਰ ਦੀ ਬਹੁਤੀ ਸ਼ਾਇਰੀ ਮੁਹੱਬਤ ਦੇ ਅਹਿਸਾਸਾਂ ਨਾਲ ਲਬਰੇਜ਼ ਹੈ। ਇਹ ਮੁਹੱਬਤ 'ਬੇਗਰਜ਼' ਹੈ, ਇਸ ਵਿਚ ਉਹ ਆਪਣੀ ਹੋਂਦ ਮਿਟਾ ਕੇ ਅਤੇ 'ਸਾਰੀ ਦੀ ਸਾਰੀ' 'ਅਰਪਿਤ-ਸਮਰਪਿਤ' ਹੋਣ ਨੂੰ ਤਰਜੀਹ ਦਿੰਦੀ ਹੈ। ਇਹ ਮੁਹੱਬਤ ਕਿਸੇ ਰਿਸ਼ਤੇ ਦੀ ਮੁਹਥਾਜ ਨਹੀਂ। ਇਹ ਕਬਜ਼ੇ ਦੀ ਭਾਵਨਾ ਤੋਂ ਮੁਕਤ ਮੁਹੱਬਤ ਹੈ। ਉਹ ਮੁਹੱਬਤ ਦੇ ਪਲਾਂ ਨੂੰ ਮਾਨਣ ਖਾਤਰ ਆਪਣੀ ਹੋਂਦ 'ਮੁਹੱਬਤ ਦੇ ਪਾਣੀਆਂ 'ਚ ਖੋਰ' ਦਿੰਦੀ ਹੈ। ਇਸ ਸਮਰਪਣ ਨੂੰ ਹੀ ਉਹ ਮੁਹੱਬਤ ਦੀ ਚਰਮ ਸੀਮਾ ਮੰਨਦੀ ਹੈ ਪਰ ਜਦੋਂ ਉਹ ਮਰਦ-ਮਹਿਬੂਬ ਨੂੰ ਮੁਹੱਬਤ ਵਿਚ 'ਸਾਬਤ-ਸਬੂਤੇ ਮਰਦ' ਵਜੋਂ ਹੀ ਵਿਚਰਦਿਆਂ ਵੇਖਦੀ ਹੈ ਜਿਸਨੂੰ ਆਪਣੀ 'ਹਉਂ ਦੇ ਟੁੱਟਣ' ਦਾ ਖਤਰਾ ਬਣਿਆ ਰਹਿੰਦਾ ਹੈ ਤਾਂ ਉਹ ਆਪਣੀ ਤਿੜਕੀ ਹੋਂਦ ਸਹਿਤ ਆਪਣੇ ਆਪ ਨੂੰ ਵਲਗਣਾਂ 'ਚ ਘਿਰੀ ਮਹਿਸੂਸ ਕਰਦੀ ਹੈ। ਦਰਅਸਲ ਮਨਜੀਤ ਪਾਲ ਕੌਰ ਜਿਨ੍ਹਾਂ ਮੁਹੱਬਤ ਅਤੇ ਵਫ਼ਾ ਦੇ ਸੰਕਲਪਾਂ ਦਾ ਜਸ਼ਨ ਆਪਣੀ ਕਵਿਤਾ ਵਿਚ ਪੇਸ਼ ਕਰਦੀ ਹੈ ਉਹ ਸੰਕਲਪ ਮਰਦਾਵੀਂ-ਸੱਤਾ ਦੇ ਪ੍ਰਵਚਨਾਂ ਵਿਚ ਗੜੁੱਚ ਹਨ। ਇਸ ਲਈ ਔਰਤ ਦਾ ਆਪਣੀ ਹੋਂਦ ਨੂੰ ਇਨ੍ਹਾਂ ਸੰਕਲਪਾਂ ਵਿਚ ਘੋਲ ਦੇਣਾ ਪਿਤਰਕੀ-ਸੰਰਚਨਾਂ ਦੇ ਜਾਲੇ ਵਿਚ ਫਸ ਜਾਣਾ ਹੈ, ਜਿਸ ਦਾ ਨਤੀਜਾ ਔਰਤ-ਮਨ ਅੰਦਰ ਪਿਤਰਕੀ ਦੇ ਸੰਸਕਾਰਾਂ ਅਤੇ ਵਲਗਣਾਂ ਤੋਂ ਬਾਹਰ ਜਾਣ ਦੀ ਇੱਛਾ ਦਾ ਪੈਦਾ ਹੋਣਾ ਹੈ ਪਰ ਮਨਜੀਤ ਪਾਲ ਕੌਰ ਦੀ ਕਾਵਿ-ਪਾਤਰ ਇਨ੍ਹਾਂ ਮਰਦਾਵੀਂ ਸੱਤਾ ਦੀਆਂ ਹੱਦਬੰਦੀਆਂ ਅਤੇ ਸੰਸਕਾਰਾਂ ਦਾ ਵਿਰੋਧ ਕਰਨ ਦੀ ਬਜਾਏ ਇਨ੍ਹਾਂ ਅੰਦਰ ਰਹਿੰਦਿਆਂ ਹੀ ਸੁਤੰਤਰ ਹੋਂਦ ਨੂੰ ਮਾਨਣ ਲਈ ਚੋਰ-ਮੋਰੀਆਂ ਦੀ ਤਲਾਸ਼ ਕਰਨਾ ਸ਼ੁਰੂ ਕਰ ਦਿੰਦੀ ਹੈ। ਇਹ ਚੋਰ-ਮੋਰੀਆਂ ਵੀ ਆਪਣੇ-ਆਪ ਵਿਚ ਸਥਾਪਿਤ ਪ੍ਰੰਪਰਕ ਨੇਮਾਂ ਦੀ ਕੰਧ ਵਿਚ ਪਾੜ ਲਾਉਣ ਜਿਹਾ ਵਿਦਰੋਹੀ ਕਾਰਜ ਹੈ। ਕਿਉਂਕਿ ਮੁਹੱਬਤ ਆਪਣੇ ਖਾਸੇ ਵਿਚ ਹੀ ਵਿਦਰੋਹੀ ਕਦਮ ਹੈ। ਮੁਹੱਬਤ ਪ੍ਰਵਾਨਿਤ ਸਮਾਜਿਕ ਦਾਇਰਿਆਂ ਤੋਂ ਪਾਰ ਵੱਸਦੀ ਹੈ। ਇਸ ਨੂੰ ਪਾਉਣ ਲਈ 'ਸੰਸਕਾਰਾਂ, ਬੰਧਨਾਂ' ਦੀਆਂ ਅਦਿੱਖ ਦਹਿਲੀਜ਼ਾਂ ਨੂੰ ਟੱਪਣਾ ਪੈਂਦਾ ਹੈ। ਇਸ ਲਈ ਉਹ 'ਦੁਨੀਆ ਦੇ ਰਿਸ਼ਤਿਆਂ' ਦੀ ਬਜਾਏ 'ਦਿਲ ਦੇ ਰਿਸ਼ਤਿਆਂ' ਨੂੰ ਤਰਜੀਹ ਦਿੰਦੀ ਹੈ:

ਸਭ ਸੀਮਾਵਾਂ ਸੰਸਕਾਰਾਂ ਦੀਆਂ
ਤੋੜ ਮਾਰੇ ਕਿਲਕਾਰੀਆਂ
ਔਹ ਸਿਸਕਦੇ ਨੇ ਬੰਧਨ (ਮਿਜ਼ਰਾਬ, ਕੁਝ ਐਸਾ 24)

ਇਸ ਸਫ਼ਰ 'ਤੇ ਉਹ 'ਸਿਆਣਪਾਂ ਨੂੰ ਲਾਂਭੇ ਧਰ ਕੇ, ਸੁਪਨੇ ਦੀ ਸਤਰੰਗੀ ਪੀਂਘ 'ਤੇ ਹੁਲਾਰੇ ਲੈਣ' ਲੱਗਦੀ ਹੈ ਪਰ ਮਨਜੀਤ ਪਾਲ ਕੌਰ ਮਹਿਬੂਬ ਨੂੰ 'ਬਾਦਸ਼ਾਹ', ਔਰਤ ਨੂੰ 'ਸੋਹਲੇ ਗਾਉਂਦੇ ਡੂਮ' ਅਤੇ ਮੁਹੱਬਤ ਨੂੰ 'ਖੈਰਾਤ' ਵਜੋਂ ਚਿਹਨਿਤ ਕਰਦਿਆਂ ਖ਼ੁਦ ਹੀ ਪੁਰਖ-ਤੰਤਰੀ ਪ੍ਰਵਚਨਾਂ

ਦੀ ਸਬਜੈਕਟ ਵਜੋਂ ਪੇਸ਼ ਹੁੰਦੀ ਔਰਤ ਦੀ ਅਧੀਨ ਸਥਿਤੀ ਦਾ ਜਸ਼ਨ ਮਨਾਉਣਾ ਸ਼ੁਰੂ ਕਰ ਦਿੰਦੀ ਹੈ। ਇਕ ਪਾਸੇ ਤਾਂ ਮਰਦ-ਸੱਤਾ ਦੁਆਰਾ ਨਿਰਧਾਰਿਤ 'ਬੰਧਨ ਤੋੜ' ਕਿਲਕਾਰੀਆਂ ਮਾਰਨ ਦਾ ਜਸ਼ਨ ਹੈ ਪਰ ਦੂਜੇ ਪਾਸੇ ਉਸੇ ਬਾਗੀ ਪਾਤਰ ਨੂੰ 'ਡੂਮ' ਵਜੋਂ ਪੇਸ਼ ਕਰਦਿਆਂ 'ਮਰਦ-ਬਾਦਸ਼ਾਹ' ਦੀ ਅਧੀਨਗੀ ਵਿਚ ਸੋਹਲੇ ਗਾਉਂਦੇ ਵਿਖਾਇਆ ਜਾ ਰਿਹਾ ਹੈ। ਇਸੇ ਵਿਰੋਧਾਭਾਸ ਵਿਚ ਫਸੀ ਮਨਜੀਤ ਪਾਲ ਕੌਰ ਮਿਰਜ਼ੇ ਨਾਲ ਭੱਜੀ ਸਾਹਿਬਾਂ ਨੂੰ ਵੀ 'ਅੱਧੇ ਧੜ' ਅਤੇ 'ਕੰਢਿਆਂ 'ਚ ਅੜੀ ਚੁੰਨੀ' ਨੂੰ 'ਮੱਥੇ 'ਤੇ ਉਲਾਂਭੇ' ਵਜੋਂ ਵੇਖਣ ਦੀ ਜਗੀਰੂ ਮਾਨਸਿਕਤਾ ਦੀ ਅਲਾਮਤ ਦੀ ਸ਼ਿਕਾਰ ਹੋ ਜਾਂਦੀ ਹੈ। ਇਹ ਮਾਨਸਿਕਤਾ ਸ਼ਖ਼ਸੀ-ਆਜ਼ਾਦੀ ਦੀ ਧਾਰਨਾ ਦੇ ਰਾਹ ਦਾ ਰੋੜਾ ਹੈ। ਸਾਹਿਬਾਂ ਦਾ ਕਦਮ ਸ਼ਖ਼ਸੀ-ਆਜ਼ਾਦੀ ਨੂੰ ਮਾਨਣ ਲਈ ਚੁੱਕਿਆ ਕਦਮ ਹੈ ਜਿਸ ਵਿਚ 'ਵੀਰ' ਜਗੀਰੂ ਨੇਮਾਂ, ਸੰਸਕਾਰਾਂ ਦੀ ਪ੍ਰਤੀਨਿੱਧਤਾ ਕਰਦੇ ਉਸਦਾ ਪਿੱਛਾ ਕਰਦੇ ਹਨ। ਉਨ੍ਹਾਂ ਦਾ ਪਿੱਛਾ ਕਰਨਾ ਜਗੀਰੂ ਨੇਮਾਂ ਦੀ ਰਾਖੀ ਦੀ ਲੜਾਈ ਹੈ ਅਤੇ ਮਿਰਜਾ-ਸਾਹਿਬਾਂ ਦਾ ਭੱਜਣਾ ਸ਼ਖ਼ਸੀ-ਆਜ਼ਾਦੀ ਵੱਲ ਪੁੱਟਿਆ ਇਕ ਕਦਮ ਹੈ। ਇਸ ਵਿਰੋਧਾਭਾਸ ਕਾਰਨ ਉਹ ਵਾਰ-ਵਾਰ ਪਿਤਰਕੀ ਸੰਰਚਨਾਵਾਂ ਨਾਲ ਟਕਰਾਉਂਦੀ ਟੁੱਟਦੀ ਹੈ ਪਰ ਫਿਰ ਉਸੇ ਹੀ 'ਛੱਤਰੀ 'ਤੇ ਵਾਪਸ' ਜਾ ਬੈਠਦੀ ਹੈ ਜਿਥੋਂ ਹੀਣਤਾ ਦਾ ਅਹਿਸਾਸ ਲੈ ਕੇ ਉੱਡ ਕੇ ਦੂਰ ਜਾਂਦੀ ਹੈ। ਇਥੋਂ ਹੀ ਉਸ ਦੇ ਕਾਵਿ ਵਿਚ ਭਟਕਣ ਦਾ ਕਾਵਿ-ਸੂਤਰ ਆਰੰਭ ਹੁੰਦਾ ਹੈ।

ਮਨਜੀਤ ਪਾਲ ਕੌਰ ਦੀ ਕਾਵਿ-ਪਾਤਰ ਭਟਕਣ 'ਤੇ ਸਵਾਰ ਮੁਹੱਬਤ-ਵਿਯੋਗ-ਮੁਹੱਬਤ-ਉਦਾਸੀ ਦੀ ਇਕ ਨਿਰੰਤਰ/ਲੰਬੀ ਲੜੀ ਵਿਚ ਫਸ ਜਾਂਦੀ ਹੈ। ਇਹ ਭਟਕਣ ਅਨਿਸ਼ਚਤਤਾ ਨੂੰ ਜਨਮ ਦਿੰਦੀ ਹੈ:

ਕਿਸ ਨੂੰ ਹੈ ਪਤਾ
ਕਿੰਨੇ ਨਿੱਕੇ-ਨਿੱਕੇ ਕਦਮ ਹੈ ਜ਼ਿੰਦਗੀ
ਤੇ ਕਿੰਨੇ ਪੜਾ
ਆਖਿਰ ਅਪੜਨਾ ਕਿੱਥੇ? (ਮਿਜ਼ਰਾਬ, ਕਿਸ ਨੂੰ ਪਤਾ 29)

ਕਾਵਿ-ਪਾਤਰ 'ਤੇ ਭਟਕਣ ਅਤੇ ਅਨਿਸ਼ਚਤਤਾ ਇਸ ਲਈ ਵੀ ਹਾਵੀ ਹੋ ਜਾਂਦੀ ਹੈ ਕਿਉਂਕਿ ਉਹ ਖ਼ੁਦ ਤਾਂ ਸਮਰਪਣ-ਭਾਵਨਾ ਨਾਲ ਮੁਹੱਬਤ ਵਿਚ ਕੁੱਦ ਪੈਂਦੀ ਹੈ ਪਰ ਮਹਿਬੂਬ-ਮਰਦ ਸੰਸਿਆਂ 'ਚ ਘਿਰਿਆ, 'ਜੱਗ ਦੇ ਉਲਾਂਭੇ' ਤੋਂ ਡਰਦਾ ਆਪਣੇ ਹੀ 'ਮੱਥੇ ਦੀ ਤਿਊੜੀ' ਵਿਚ ਗੁੰਮ-ਗਵਾਚ ਜਾਂਦਾ ਹੈ। ਮਹਿਬੂਬ-ਮਰਦ ਕੋਲੋਂ 'ਆਪੇ ਹੀ ਘੜ੍ਹੇ' 'ਆਪਣੀ ਸੋਚ ਦੇ ਦਾਇਰੇ' ਉਲੰਘੇ ਨਹੀਂ ਜਾਂਦੇ। ਮਨਜੀਤ ਪਾਲ ਕੌਰ ਇਹ ਦਿਖਾ ਰਹੀ ਹੈ ਕਿ ਖਾਸ ਪ੍ਰਸਥਿਤੀਆਂ ਵਿਚ ਜਗੀਰੂ-ਬੰਧਨ ਮਰਦ ਨੂੰ ਵੀ ਆਪਣੇ ਅਧੀਨ ਕਰ ਲੈਂਦੇ ਹਨ, ਜਿਸ ਕਾਰਨ ਉਹ ਮੁਹੱਬਤ ਤੋਂ ਕਿਨਾਰਾ ਕਰ ਜਾਂਦਾ ਹੈ। ਇਸ ਲਈ ਮੁਹੱਬਤ ਦੇ ਖੁੱਸਣ 'ਤੇ ਭਾਵੇਂ ਕਾਵਿ-ਪਾਤਰ ਦਾ 'ਮਨ ਛਾਲਾ-ਛਾਲਾ ਹੋ ਫਿਸਦਾ' ਜ਼ਰੂਰ ਹੈ ਪਰ 'ਜ਼ਿੰਦਾ ਹਾਂ ਅਜੇ ਅਸੀਂ' ਦਾ ਮਿਜ਼ਾਜ ਮਹਿਬੂਬ 'ਤੇ ਤਨਜ਼ ਵੀ ਕੱਸਦਾ ਹੈ ਅਤੇ ਫਿਰ ਅਗਲੇ ਸਫ਼ਰ ਲਈ ਉਤਸ਼ਾਹ ਵੀ ਭਰਦਾ ਹੈ ਪਰ ਇਸ ਸਫ਼ਰ ਦੇ ਅੰਤ ਤੋਂ ਨਾਵਾਕਫ਼ ਕਾਵਿ-ਪਾਤਰ ਦੀ ਹੋਣੀ ਇਹ ਹੈ ਕਿ ਉਹ 'ਵਾਰ-ਵਾਰ, ਉਸੇ ਛੱਤਰੀ ਜਾ ਬਹਿੰਦੀ ਹੈ', ਜਿਸ 'ਛੱਤਰੀ' ਨਾਲ ਉਸਦੀ ਕੋਈ ਮੁਹੱਬਤੀ ਸਾਂਝ ਨਹੀਂ, ਸਗੋਂ ਸਾਂਝ ਦਾ ਆਧਾਰ 'ਚਾਂਦੀ ਦੇ ਘੁੰਗਰੂ' ਤੇ 'ਸੁਨਿਹਰੀ ਚੋਗ' ਹੈ। ਇਹ 'ਘੁੰਗਰੂ' ਅਤੇ 'ਸੁਨਿਹਰੀ ਚੋਗ' ਜਿਹੜਾ ਨਾਚ ਉਸਨੂੰ ਨਚਾਉਂਦੇ ਹਨ, ਉਹ 'ਪੀੜਾ ਦਾ ਨਾਚ'

ਹੈ। ਕਾਵਿ-ਪਾਤਰ ਇਸ ਪੀੜਾ ਤੋਂ ਭੱਜਦੀ ਹੈ ਪਰ ਉਥੇ ਹੀ ਵਾਪਸ ਆ ਜਾਂਦੀ ਹੈ, ਕਿਉਂਕਿ 'ਜਾਣਾ ਕਿੱਥੈ?' ਦੀ ਅਨਿਸ਼ਚਤਤਾ ਉਸਦੀਆਂ ਸੋਚਾਂ 'ਤੇ ਕਾਬਜ਼ ਹੈ। 'ਜਾਣਾ ਕਿੱਥੈ?' ਦਾ ਜਵਾਬ ਇਸ ਪਾਤਰ ਨੂੰ ਨਹੀਂ ਮਿਲਦਾ ਕਿਉਂਕਿ ਉਹ ਜਿਸ ਸਿਸਟਮ ਨਾਲ 'ਬਾ-ਵਫ਼ਾ' ਹੈ ਉਹ ਸਿਸਟਮ ਉਸਨੂੰ ਆਪਣੀ ਪਕੜ ਤੋਂ ਬਾਹਰ ਨਹੀਂ ਜਾਣ ਦਿੰਦਾ। ਕਿੱਥੈ ਦਾ ਜਵਾਬ ਲੱਭਣ ਲਈ ਪਹਿਲਾਂ ਸਿਸਟਮ ਨਾਲ ਸਪੱਸ਼ਟ ਬੇਵਫਾਈ ਕਰਨੀ ਪਵੇਗੀ ਜਿਹੜੀ ਕਿ ਇਸ ਪਾਤਰ ਕੋਲੋਂ ਹੋ ਨਹੀਂ ਰਹੀ। ਲੁਕਵੀਂ ਬੇਵਫਾਈ (ਚੋਰ-ਮੋਰੀਆਂ ਰਾਹੀਂ) ਕਰਦਿਆਂ ਵੀ ਇਹ ਪਾਤਰ ਆਪ ਹੀ ਦੁੱਖ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਲਈ ਕਹਿੰਦੀ ਹੈ:

ਕੈਸਾ ਕਰੁੱਤਾ ਮੀਂਹ ਵਸਿਆ
ਹੜ੍ਹ ਵਸ ਹੋਈ
ਸਾਰੀ ਹਯਾਤੀ, ਕੁੱਲ ਹਯਾਤੀ (ਮਿਜ਼ਰਾਬ, ਜ਼ਿੰਦਾ ਹਾਂ ਅਜੇ ਅਸੀਂ 69)

ਇਸੇ ਲਈ ਇਹ ਪਾਤਰ ਅਸੰਤੁਸ਼ਟ ਵੀ ਰਹਿੰਦੀ ਹੈ। ਇਹ ਅਸੰਤੁਸ਼ਟਤਾ ਮਨਜੀਤ ਪਾਲ ਕੌਰ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦੇ ਅਚੇਤ/ਸੁਚੇਤ ਵਿਚ ਨਜ਼ਰ ਆਉਣ ਲੱਗ ਪੈਂਦੀ ਹੈ:

ਮਹਿਬੂਬ ਬਾਹਾਂ ਦਾ ਘੇਰਾ
ਵਲਦਾ ਹੈ ਜਦ
ਫੇਰ ਕਿਉਂ ਉਦਾਸੀਆਂ ਦੇ ਦੌਰ
ਦਮਕਾਂ ਨੇ ਮਾਰਦੇ (ਮਿਜ਼ਰਾਬ, ਆਤਿਸ਼ 62)

ਇੰਝ ਹੀ ਵੇਲਾ ਵਿਹਾਉਂਦੇ ਰਹਿੰਦੇ
ਸੋਚਦੀ ਰਹਿ ਜਾਂਦੀ ਉਹ ਅਕਸਰ (ਮਿਜ਼ਰਾਬ, ਅਕਸਰ 73)

ਮਾਈ!

ਤੇਰੀ ਧੀ
ਕਿੱਡੀ ਤਿਹਾਈ
ਹੁਣੇ-ਹੁਣੇ
ਸਾਗਰ ਦਾ ਘੁੱਟ ਕੀਤਾ
ਚੰਨ ਬੁੱਕਲ 'ਚ ਲਿੱਤਾ
ਫੇਰ ਕਹੇ
ਬ੍ਰਿਹੋਂ ਕਸਾਈ (ਕਾਇਨਾਤ, ਤਿਹਾਈ 57)

ਮਨਜੀਤ ਪਾਲ ਕੌਰ ਦੀ ਕਾਵਿ-ਪਾਤਰ ਘਰ, ਪਰਿਵਾਰ, ਰਿਸ਼ਤਿਆਂ ਦੀ ਵਲਗਣ 'ਚ ਸਿਮਟਦੀ 'ਆਪਣੇ-ਆਪੇ ਤੀਕਣ' ਸੁੰਗੜ ਕੇ ਰਹਿ ਜਾਣ 'ਤੇ ਵੀ ਵਿਰੋਧ ਨਹੀਂ ਕਰਦੀ। ਇਸ ਕੈਦ

ਨੂੰ ਭੋਗਦੀ ਉਹ 'ਪੁਰੇ ਦੀ ਠੰਡੀ 'ਵਾ ਵਰਗੇ, ਇਕ ਅੱਧ ਬੁੱਲੇ' ਨੂੰ ਸਹਿਕਦੀ ਰਹਿੰਦੀ ਹੈ। 'ਸਹਿਕਣਾ' ਹੀ ਉਸਦੀ ਹੋਣੀ ਬਣ ਜਾਂਦਾ ਹੈ। ਵਲਗਣਾਂ 'ਚ ਘਿਰੇ ਹੋ ਕੇ "ਵਾ ਦੇ ਬੁੱਲੇ' ਦੀ ਆਸ ਉਸਦੀ ਹੋਂਦ ਦਾ ਦੁਖਾਂਤਕ ਪਹਿਲੂ ਹੈ। ਇਹ ਦ੍ਰਿਸ਼ ਪਾਠਕ-ਮਨ ਅੰਦਰ ਇਸ ਦਮਿਤ/ਪੀੜਿਤ ਔਰਤ ਪ੍ਰਤੀ ਤਰਸ ਦੀ ਭਾਵਨਾ ਪੈਦਾ ਕਰਦਾ ਹੈ। 'ਤਰਸ' ਭਾਵਨਾ ਉਪਜਾਉਣਾ ਜਗੀਰੂ-ਤੰਤਰ ਦੀ ਵਿਕਰਾਲਤਾ ਅੱਗੇ ਗੋਡੇ ਟੇਕ ਦੇਣਾ ਹੀ ਹੈ ਜਾਂ ਵਰਤਮਾਨ ਅਸਾਵੀਂ ਜ਼ਿੰਦਗੀ ਦੀ ਬਣਤਰ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਆਸ ਤੋਂ ਇਨਕਾਰੀ ਹੋ ਜਾਣਾ ਹੈ। ਇਹ ਕਾਵਿ-ਪਾਤਰ 'ਘਰ-ਬਾਰ' ਦੀ ਪਿਤਰਕੀ-ਸੰਰਚਨਾ ਅੱਗੇ ਸਮਰਪਣ ਕਰ ਦਿੰਦੀ ਹੈ। ਪਿਤਰਕੀ ਹੱਥੋਂ ਆਪਣੀ ਸੁਤੰਤਰ ਹੋਂਦ ਦੀ ਸ਼ਨਾਖਤ ਰੱਦ ਕੀਤੇ ਜਾਣ ਦੇ ਬਾਵਜੂਦ ਪ੍ਰਤੀਰੋਧੀ ਭਾਵਨਾ ਜਾਂ ਵਿਰੋਧ ਉਸਦੀ ਚੇਤਨਾ ਦਾ ਹਿੱਸਾ ਨਹੀਂ ਬਣਦਾ, ਪਿਤਰਕੀ-ਸੰਰਚਨਾ ਨੂੰ ਜ਼ੋਰਾਵਰ ਮੰਨਦਿਆਂ ਉਹ ਅੰਦਰੇ-ਅੰਦਰ ਘੁਲਦੀ ਰਹਿੰਦੀ ਹੈ। ਇਸ ਜਗੀਰੂ ਸਮਾਜਿਕ ਢਾਂਚੇ 'ਚ ਮਰਦ ਜਦ ਚਾਹੇ ਔਰਤ ਦਾ ਭੋਗ ਕਰ ਸਕਦਾ ਹੈ, ਜਦ ਚਾਹੇ ਉਸਨੂੰ ਛੱਡ ਸਕਦਾ ਹੈ, ਇਸ ਨਾਲ 'ਚਾਨਣ-ਚਾਨਣ ਘਰ-ਬਾਰ' ਨੂੰ ਕੋਈ ਫ਼ਰਕ ਨਹੀਂ ਪੈਂਦਾ। ਇਹ ਕਾਵਿ-ਪਾਤਰ ਇਸ ਅਵਸਥਾ ਨੂੰ ਸਵੀਕਾਰ ਕਰ ਆਪਣੀ ਹੋਂਦ ਅਤੇ ਜੀਵਨ ਦੇ ਅਧੂਰੇਪਣ ਵਿਚ ਗੋਤੇ ਖਾਣ ਲੱਗਦੀ ਹੈ। ਇਸ ਹਕੀਕੀ ਅਧੂਰੇਪਣ ਨੂੰ ਸੰਪੂਰਨ ਕਰਨ ਲਈ ਉਹ 'ਸੁਪਨਿਆਂ ਨੂੰ ਮਾਨਣ' ਦੇ ਰਾਹ ਤੁਰ ਪੈਂਦੀ ਹੈ, ਕਿਉਂਕਿ 'ਸੁਪਨਿਆਂ 'ਤੇ ਪਹਿਰੇ ਨਹੀਂ ਲੱਗਦੇ', ਇਸ ਲਈ ਇਹ ਕਾਵਿ-ਪਾਤਰ ਖਿਆਲੀ 'ਸੁਪਨ-ਲੋਕ' ਵਿਚ ਹੀ ਆਪਣੀ ਅਜ਼ਾਦਾਨਾ ਹੋਂਦ ਨੂੰ ਮਾਨਣ ਲੱਗਦੀ ਹੈ। ਜਿਥੇ:

ਜਵਾਨ ਹਿਰਨੀ ਕਸਤੂਰੀ ਨਾਭੀ ਵਾਲੀ
ਟਪੂਸੀਆਂ ਮਾਰਦੀ
ਖਿੜ-ਖਿੜ ਪੈਂਦਾ
ਮਾਸ਼ੂਕ ਚਿਹਰਾ (ਤਾਸੀਰ, ਪਹਿਰੇ 34)

ਇਸ ਨੂੰ ਭਾਂਜਵਾਦੀ ਰੁਚੀ ਹੀ ਕਿਹਾ ਜਾ ਸਕਦਾ ਹੈ ਜੋ ਹਕੀਕਤ ਨਾਲ ਆਢਾ ਲੈਣ ਦੀ ਬਜਾਏ, ਦਾਇਰਿਆਂ ਵਿਚ ਰਹਿੰਦੇ ਹੋਏ ਹੀ ਭ੍ਰਮਿਤ ਜਾਂ ਕਾਲਪਨਿਕ ਸੰਸਾਰ ਵਿਚ ਵਿਚਰਨਾ ਸ਼ੁਰੂ ਕਰ ਦਿੰਦੀ ਹੈ। ਇਥੇ ਪਹੁੰਚ ਕੇ ਇਹ ਕਾਵਿ-ਪਾਤਰ ਅਸਲ ਵਿਚ ਦਵੰਦ ਦਾ ਸ਼ਿਕਾਰ ਹੋ ਜਾਂਦੀ ਹੈ। ਇਸਦੀ ਹੋਣੀ ਕੁਝ ਹੋਰ ਹੈ ਅਤੇ ਲੋਚਾ ਕੁਝ ਹੋਰ ਦੀ ਹੈ। 'ਦੁਨੀਆਂ ਦੇ ਰਿਸ਼ਤੇ' ਅਤੇ 'ਦਿਲ ਦੇ ਰਿਸ਼ਤਿਆਂ' ਵਿਚਲੇ ਦਵੰਦ 'ਚ ਫਸੀ ਇਹ ਕਾਵਿ-ਪਾਤਰ 'ਸੀਮਾ ਤੋਂ ਪਾਰ' ਜਾਣ ਦੇ ਸੰਘਰਸ਼ੀ ਅਤੇ ਚੁਣੌਤੀਪੂਰਨ ਰਾਹ 'ਤੇ ਨਹੀਂ ਚੜ੍ਹਦੀ ਸਗੋਂ ਉਸੇ ਸਮਾਜਿਕ ਦਾਇਰੇ ਵਿਚ 'ਸੰਸਕਾਰਾਂ, ਵਿਹਾਰਾਂ' ਨੂੰ ਨਿਭਾਉਂਦੀ ਹੋਈ ਹੀ 'ਸੁਪਨਿਆਂ' ਨੂੰ 'ਵਰਜਿਤ ਮੁਹੱਬਤ' ਨੂੰ ਵੀ ਉਸੇ ਦਾਇਰੇ 'ਚ ਰਹਿੰਦਿਆਂ ਮਾਨਣਾ ਚਾਹ ਰਹੀ ਹੈ। ਇਸ ਦਵੰਦ 'ਚ ਭਟਕਣ ਹੈ ਟਿਕਾਅ ਨਹੀਂ। ਇਸੇ ਲਈ ਇਹ ਪਾਤਰ 'ਅੱਧੀ-ਅਧੂਰੀ' ਹੈ ਤੇ ਇਸੇ ਨੂੰ ਸਵੀਕਾਰ ਵੀ ਕਰ ਰਹੀ ਹੈ ਤੇ ਕਹਿੰਦੀ ਹੈ:

ਅਸੀਂ ਮਿਲਣ ਅਧੂਰਾ ਜਰਨਾ (ਕਾਇਨਾਤ, ਜਰਨਾ 47)
ਮਿਲਣਾ ਰਿਹਾ ਅਧੂਰਾ ਅਸਾਡਾ

ਇਹ ਕੇਹਾ ਵਕਤ ਦਾ ਆਢਾ (ਕਾਇਨਾਤ, ਹਮੇਸ਼ 20)

ਇਸ ਕਾਵਿ-ਪਾਤਰ ਦਾ ਸਹੰਸਰਾਂ ਹਿੱਸਿਆਂ 'ਚ ਵੰਡੇ ਹੋਣ ਕਾਰਨ ਆਪਾ ਵੀ ਅਧੂਰਾ ਹੀ ਰਹਿੰਦਾ ਹੈ। ਇਸ ਕਾਵਿ-ਪਾਤਰ ਦੀ ਇਹ ਲੋਚਾ: 'ਆਪਾ ਹੈ ਕਿ ਲੋਚੇ ਮੁਕੰਮਲ ਹੋਣਾ/ਅਸੰਭਵ ਪੂਰਨਤਾ' (ਕਾਇਨਾਤ, ਮਾਮਲੇ 64) ਉਸ ਦੀ ਹੋਂਦ ਦੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ।

ਮਨਜੀਤ ਪਾਲ ਕੌਰ ਦੀ ਕਾਵਿ-ਪਾਤਰ ਪ੍ਰਸਥਿਤੀਆਂ ਅੱਗੇ ਹਾਰ ਮੰਨ ਜਾਣ ਵਾਲੀ ਹੈ। ਜੋ 'ਬਾਦਸ਼ਾਹ' ਬਣੇ ਪਤੀ ਦੀ ਅਧੀਨਗੀ ਸਹਿੰਦੀ, ਨਿੱਤ ਬੇਇੱਜ਼ਤ ਹੁੰਦੀ, ਬੇਗਾਨੇ ਹੋਣ ਦਾ ਅਹਿਸਾਸ ਹੰਢਾਉਂਦੀ ਵੀ ਮਰਦ-ਪਤੀ ਦੀਆਂ 'ਮੁਸ਼ੱਕਤਾਂ ਦੁਆਰਾ ਘੜ੍ਹੇ ਘਰ' ਦੀਆਂ ਕੰਧਾਂ 'ਚ 'ਸਹਿਮੀ ਦੁਬਕੀ ਨੁਕਰੇ ਲੱਗੀ' ਰਹਿੰਦੀ ਹੈ। ਪਿਤਰੀ-ਜਗੀਰੂ ਦਾਬਾ ਉਸਨੂੰ ਆਗਿਆਕਾਰੀ ਧੀ, ਪਤਨੀ, ਮਹਿਬੂਬ ਬਣਾਉਂਦਾ ਹੈ। ਇਸ ਹਾਲਤ ਵਿਚ ਵੀ ਭਾਵੇਂ ਉਹ ਸਹਿਕਦੀ ਰਹਿੰਦੀ ਹੈ, ਪਰ ਪ੍ਰਸਥਿਤੀਆਂ ਅੱਗੇ ਸਮਰਪਣ ਕਰ ਦਿੰਦੀ ਹੈ। ਮਨਜੀਤ ਪਾਲ ਕੌਰ ਦੀ ਇਹ ਕਾਵਿ-ਪਾਤਰ ਬੇਜਾਨ ਅਤੇ ਕਠਪੁਤਲੀ ਪਾਤਰ ਵਜੋਂ ਪੇਸ਼ ਹੋਈ ਹੈ, ਜਿਸ ਉੱਤੇ ਪ੍ਰਸਥਿਤੀਆਂ ਦਾ ਪੂਰਨ ਵਸੀਕਾਰ ਹੈ। ਇਹ ਪਾਤਰ ਆਪਣੇ-ਆਪ ਨੂੰ ਬੇਬਸ ਤੇ ਲਾਚਾਰ ਸਮਝਦੀ ਕਹਿੰਦੀ ਹੈ: 'ਸਮੇਂ ਦੇ ਸ਼ਿਕੰਜੇ 'ਚ ਜਕੜੇ /ਮੋਹਰੇ ਸ਼ਤਰੰਜ ਦੇ/ਚਾਲ ਸਾਡੇ ਵੱਸ 'ਚ ਨਹੀਂ'। ਇਹ ਲਾਚਾਰੀ ਹੋਂਦ ਦੀ ਲੜਾਈ ਤੋਂ ਮੁਨਕਰ ਹੋ ਜਾਣ ਕਰਕੇ ਹੈ, ਕਿਉਂਕਿ 'ਸਮਾਂ' ਤਾਕਤਵਰ ਜਾਪਦਾ ਹੈ, ਜਿਸ ਨਾਲ ਲੜਨਾ ਵੀ ਅਸੰਭਵ ਜਾਪਦਾ ਹੈ। ਇਕ ਹੋਰ ਕਵਿਤਾ ਵਿਚ ਉਹ ਲਿਖਦੀ ਹੈ: 'ਮਿਲਣਾ ਵਿਛੜਨਾ/ਮੁਕੱਦਰਾਂ ਦੇ ਵਸ/ਪ੍ਰਸਥਿਤੀਆਂ ਦੇ ਹੱਥ' (ਕਾਇਨਾਤ, ਨੈਣ 75)। ਪ੍ਰਸਥਿਤੀਆਂ ਦੀ ਅਧੀਨਗੀ ਕਬੂਲ ਲੈਣ ਕਾਰਨ ਹੀ ਮਨਜੀਤ ਪਾਲ ਕੌਰ ਕਿਤੇ ਵੀ ਵਿਰੋਧ ਦਾ ਪੈਂਤੜਾ ਨਹੀਂ ਅਪਣਾਉਂਦੀ।

ਭਾਰਤੀ ਸਮਾਜਿਕ ਦਾਇਰੇ ਵਿਚ ਮੁਹੱਬਤ ਦੀ ਸਾਂਝ ਵੀ ਔਰਤ ਨੂੰ ਬਰਾਬਰੀ ਦਾ ਅਹਿਸਾਸ ਨਹੀਂ ਦਿੰਦੀ ਕਿਉਂਕਿ ਇਹ ਸਾਂਝ ਵੀ ਪਿਤਰਕੀ-ਪ੍ਰਵਚਨਾਂ ਤੋਂ ਅਛੂਤੀ ਨਹੀਂ ਹੈ। ਇਸ ਸਾਂਝ ਵਿਚ ਵੀ ਔਰਤ ਪੂਰਨ ਸਮਰਪਣ ਕਰ ਦਿੰਦੀ ਹੈ ਪਰ ਮਰਦ 'ਅਰਪਿਤ-ਸਮਰਪਿਤ' ਹੁੰਦਿਆਂ ਵੀ 'ਇਕੋ ਵਾਰੀ ਡੀਕ ਲੈਣ' ਦੀ ਇੱਛਾ 'ਚ ਲਿਪਟਿਆ 'ਸਾਬਤ-ਸਬੂਤਾ ਮਰਦ' ਹੀ ਰਹਿੰਦਾ ਹੈ। ਇਸ ਇੱਛਾ ਦੀ ਪਛਾਣ ਔਰਤ-ਮਨ ਅੰਦਰ ਤੜਪ ਪੈਦਾ ਕਰਦੀ ਹੈ, ਜਿਸ ਕਾਰਨ :

ਔਰਤ ਤੇ ਮਰਦ
ਸ਼ਾਇਦ
ਏਸੇ ਲਈ
ਇਕ ਹੋ ਕੇ ਵੀ
ਇਕ ਹੁੰਦੇ ਨਹੀਂ (ਕਾਇਨਾਤ, ਚਲਨ 32)

ਔਰਤ-ਮਨ ਦੀ ਇਹ ਤੜਪ ਉਦੋਂ ਹੋਰ ਵੱਧ ਜਾਂਦੀ ਹੈ ਜਦੋਂ ਉਸਨੂੰ ਆਪਣੀ ਮੁਹੱਬਤ ਦੇ ਲੋਕਾਂ ਨੂੰ 'ਅੱਖਰਨ' ਦਾ ਅਹਿਸਾਸ ਹੁੰਦਾ ਹੈ ਪਰ ਉਹ ਇਸ ਅਹਿਸਾਸ ਤੋਂ ਪਾਰ ਨਹੀਂ ਜਾ ਪਾਉਂਦੀ। ਉਹ ਸਿਸਟਮੀ ਪ੍ਰਵਚਨਾਂ ਜਾਂ ਪਿਤਰਕੀ ਸੰਰਚਨਾਂ ਨਾਲ 'ਟੱਕਰਨ' ਦੀ ਬਜਾਏ ਖ਼ੁਦ ਹੀ ਆਪਣੇ-ਆਪ ਨੂੰ ਫਿਰ ਸਮਾਜਿਕ-ਸਥਾਪਿਤ ਪਿੱਤਰੀ ਨੇਮਾਂ ਦੇ ਦਾਇਰੇ ਵਿਚ ਵਾਪਸ ਲੈ ਕੇ ਆਉਣ ਲਈ ਆਪਣੇ ਆਪ 'ਤੇ ਹੀ ਰੰਜ ਕਰਨ ਲੱਗ ਪੈਂਦੀ ਹੈ। ਖ਼ੁਦ ਨੂੰ ਹੀ ਦੋਸ਼ੀ ਮਹਿਸੂਸਦਿਆਂ ਕਹਿੰਦੀ

ਹੈ: 'ਦਿਲ ਕਿਉਂ ਹੋਇਆ ਬਾਦਸ਼ਾਹ'। ਕਾਵਿ-ਪਾਤਰ ਦੀ ਇਹ ਗਿਲਾਨੀ ਆਧੁਨਿਕ-ਸੰਵੇਦਨਾ ਦੀ ਸ਼ਾਹਦੀ ਤਾਂ ਭਰਦੀ ਹੈ ਪਰ ਜਗੀਰੂ ਹੱਦ-ਬੰਦੀਆਂ ਨੂੰ ਨਿਰਵਿਰੋਧ ਹੀ ਰਹਿਣ ਦਿੰਦੀ ਹੈ। ਇਸ ਪਿੱਛਲ-ਕਦਮੀਂ ਵਿਚੋਂ ਅਸੰਤੁਸ਼ਟਤਾ ਅਤੇ ਅਧੂਰਾਪਨ ਨਿਕਲ ਉਸਦੇ ਆਪੇ ਨੂੰ ਘੇਰ ਲੈਂਦੇ ਹਨ।

ਮਨਜੀਤ ਪਾਲ ਕੌਰ ਆਧੁਨਿਕ ਸੰਵੇਦਨਾ ਦੇ ਜਿਸ ਧਰਾਤਲ 'ਤੇ ਖੜ੍ਹ ਆਪਣੀ ਹੋਂਦ ਦੀਆਂ ਪ੍ਰਸਥਿਤੀਆਂ ਦੀ ਪਹਿਚਾਣ ਕਰਦੀ ਹੈ, ਉਸੇ ਧਰਾਤਲ 'ਤੇ ਖੜ੍ਹੀ ਸੁੰਗੜਨਾ ਸ਼ੁਰੂ ਕਰ ਦਿੰਦੀ ਹੈ। ਸੁੰਗੜਨ ਦਾ ਕਾਰਨ ਪ੍ਰਸਥਿਤੀਆਂ ਨੂੰ ਵਿਕਰਾਲ ਅਤੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਸੰਬੰਧਾਂ ਨੂੰ ਅੰਤਿਮ ਸਥਿਤੀ ਵਜੋਂ ਸਵੀਕਾਰ ਕਰ ਲੈਣ 'ਚੋਂ ਪੈਦਾ ਹੋਇਆ ਹੈ। ਇਸ ਲਈ ਮਨਜੀਤ ਪਾਲ ਕੌਰ ਪੁਰਖ-ਤੰਤਰੀ ਸੰਰਚਨਾਵਾਂ ਦੀ ਪਹਿਚਾਣ ਤਾਂ ਕਰਦੀ ਹੈ, ਪਰ ਪਰਿਣਾਮ ਸਰੂਪ ਪ੍ਰਤੀਰੋਧ ਨਾਲ ਨਹੀਂ ਭਰਦੀ, ਔਰਤ ਹੋਂਦ ਦੀ ਸੁਤੰਤਰਤਾ ਲਈ ਸਿਸਟਮੀ ਪ੍ਰਵਚਨਾਂ ਦਾ ਵਿਰੋਧ ਨਹੀਂ ਕਰਦੀ ਸਗੋਂ ਸਿਸਟਮੀ ਦਾਇਰਿਆਂ ਵਿਚ ਹੀ ਆਜ਼ਾਦ ਹੋਂਦ ਨੂੰ ਮਾਨਣ ਦੀ ਜੁਗਤ ਚੁਣਦੀ ਹੈ। ਇਸ ਬਾਬਤ ਉਹ ਖੁਦ ਹੀ ਆਪਣੀ ਇਕ ਕਵਿਤਾ 'ਸਧਾਰਨ ਮਨੁੱਖ' ਵਿਚ ਦੋ ਤਰ੍ਹਾਂ ਦੇ ਬੰਦਿਆਂ ਦਾ ਜ਼ਿਕਰ ਕਰਦੀ ਹੈ। ਇਕ ਉਹ ਜੋ 'ਲੜਦੇ ਹੱਕਾਂ ਲਈ' ਦੂਸਰੇ ਉਹ ਜਿਨ੍ਹਾਂ 'ਬੰਦੇ ਹੋਣ ਦਾ ਫਰਜ਼ ਪੂਰਾ ਕੀਤਾ', ਜੋ ਲੜੇ ਨਹੀਂ, ਦੁਨੀਆਦਾਰ/ਕਬੀਲਦਾਰ ਬਣੇ ਰਹੇ। ਇਸ ਦੁਨੀਆਦਾਰ ਬੰਦੇ ਲਈ ਉਸਦੇ ਮਨ ਵਿਚ ਚਿੰਤਾ ਹੈ ਕਿ: 'ਜਿਸ ਮਹਿਕ, ਮੁਹੱਬਤ ਦਾ ਵਣਜ ਕੀਤਾ/ਉਸ ਦਾ ਕੀ ਹੋਵੇਗਾ ?' ਦਰਅਸਲ ਮਨਜੀਤ ਪਾਲ ਕੌਰ ਆਧੁਨਿਕ-ਚੇਤਨਾ ਦੇ ਦੂਜੇ ਧਰਾਤਲ ਨੂੰ ਵੀ ਪਛਾਣਦੀ ਹੈ ਪਰ ਖੁਦ ਉਸ ਧਰਾਤਲ 'ਤੇ ਨਾ ਅੱਪੜ ਸਕਣ ਕਾਰਨ ਚਿੰਤਾਗ੍ਰਸਤ ਹੋ ਜਾਂਦੀ ਹੈ। ਇਹ ਉਸ ਦੀ ਖੁਦ ਦੀ ਸਥਿਤੀ ਹੈ ਜੋ ਹੱਕਾਂ ਲਈ ਨਾ ਲੜਨ ਵਾਲੇ ਵਿਅਕਤੀ ਰਾਹੀਂ ਪੇ ਸ਼ ਹੋਈ ਹੈ। ਦੂਜੇ ਧਰਾਤਲ 'ਤੇ ਨਾ ਅੱਪੜ ਸਕਣ ਕਾਰਨ ਹੀ ਉਹ ਵਾਰ-ਵਾਰ ਸਿਸਟਮੀ ਪ੍ਰਵਚਨਾਂ ਅਤੇ ਪਿਤਰਕੀ ਸੰਰਚਨਾ ਵਿਚ ਘਿਰੀ 'ਅੱਧੀ-ਅਧੂਰੀ' ਹੋਂਦ ਦੇ ਅਹਿਸਾਸ ਨਾਲ ਭਰ ਜਾਂਦੀ ਹੈ। ਪਰ 'ਵਰਜਿਤ ਮੁਹੱਬਤ' ਜਾਂ ਮੁਹੱਬਤੀ-ਓਹਲਿਆਂ ਰਾਹੀਂ ਹੋਂਦ ਨੂੰ ਪੂਰਨ ਕਰਨ ਦੀ ਇੱਛਾ ਵੀ ਰੱਖਦੀ ਹੈ। ਪਰਿਣਾਮ ਸਰੂਪ ਉਸਦੀ ਹੋਂਦ ਵਿਡੰਬਨਾਤਮਕ ਹੋਣੀ ਦਾ ਸ਼ਿਕਾਰ ਹੁੰਦੀ ਹੈ। ਇਸੇ ਲਈ ਉਸਦਾ ਕਾਵਿ ਅਨਿਸ਼ਚਤਤਾ, ਅਸੰਤੁਸ਼ਟਤਾ ਅਤੇ ਅਧੂਰੇਪਨ ਦੇ ਗਲੇਫ਼ ਵਿਚ ਲਿਪਟਿਆ ਪਿਆ ਹੈ।

□□□

# ਮਜ਼ਲੂਮਾਂ ਦੇ ਹੱਕਾਂ ਦੀ ਆਵਾਜ਼ : ਪ੍ਰਿੰਸੀਪਲ ਸੁਜਾਨ ਸਿੰਘ

*ਡਾ. ਤਰਨਜੀਤ ਕੌਰ*

ਸੁਜਾਨ ਸਿੰਘ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਪੰਜਾਬੀ ਕਹਾਣੀ ਨੂੰ ਪਰੰਪਰਕ ਲੀਹਾਂ ਤੋਂ ਮੋੜ ਕੇ ਨਵੀਆਂ ਲੀਹਾਂ 'ਤੇ ਪਾਇਆ ਅਤੇ ਨਵੇਂ ਦ੍ਰਿਸ਼ਟੀਕੋਣਾਂ ਤੋਂ ਜਾਣੂ ਕਰਵਾਇਆ। ਸੁਜਾਨ ਸਿੰਘ ਤੋਂ ਪਹਿਲਾਂ ਪੰਜਾਬੀ ਕਹਾਣੀ ਰੁਮਾਂਸਵਾਦ ਤੇ ਆਦਰਸ਼ਵਾਦ ਦੀ ਪੁਰਾਤਨ ਪਰੰਪਰਾ ਉੱਪਰ ਚੱਲ ਰਹੀ ਸੀ। ਉਸ ਨੇ ਪੰਜਾਬੀ ਕਹਾਣੀ ਦੀ ਇਸ ਪਰੰਪਰਕ ਲੀਹ ਤੋਂ ਹਟ ਕੇ ਇਸ ਨੂੰ ਸਮਾਜਵਾਦੀ ਰਾਹ 'ਤੇ ਤੋਰਨ ਦਾ ਯਤਨ ਕੀਤਾ ਅਤੇ ਉਹ ਪੰਜਾਬੀ ਕਹਾਣੀ ਨੂੰ ਇਸ ਨਵੇਂ ਰਾਹ 'ਤੇ ਤੋਰਨ ਵਿਚ ਸਫ਼ਲ ਵੀ ਹੋਇਆ। ਸੁਜਾਨ ਸਿੰਘ ਦੇ ਕਥਾ-ਜਗਤ ਦੀ ਮੂਲ ਵਿਸ਼ੇਸ਼ਤਾ ਵੀ ਇਸੇ ਗੱਲ 'ਤੇ ਆਧਾਰਿਤ ਹੈ ਕਿ ਉਹ ਆਪਣੇ ਕਥਾ-ਸੰਸਾਰ ਦਾ ਆਧਾਰ ਸਮਾਜਿਕ ਖੇਤਰ ਨੂੰ ਬਣਾਉਂਦਾ ਹੈ ਤੇ ਇਸੇ ਸਮਾਜ ਨਾਲ ਜੁੜੀਆਂ ਯਥਾਰਥਕ ਸਮੱਸਿਆਵਾਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਦਾ ਹੈ:-

"ਸੁਜਾਨ ਸਿੰਘ ਦੀ ਕਹਾਣੀ ਕਲਾ ਦੀ ਪ੍ਰਮੁੱਖ ਵਿਸ਼ੇਸ਼ਤਾ ਸਮਾਜਵਾਦੀ ਵਿਸ਼ਿਆਂ ਦੀ ਨਿੱਜੀ ਤੇ ਸਿੱਧੀ ਸੂਝ ਅਤੇ ਯਥਾਰਵਾਦੀ ਭਰਵੀਂ ਪਕੜ 'ਤੇ ਨਿਰਭਰ ਹੈ।"[1]

ਹਰ ਲੇਖਕ ਦਾ ਆਪਣਾ ਇਕ ਦ੍ਰਿਸ਼ਟੀਕੋਣ ਹੁੰਦਾ ਹੈ ਜੋ ਉਸ ਨੂੰ ਆਪਣੇ ਚੌਗਿਰਦੇ 'ਚੋਂ ਪ੍ਰਾਪਤ ਹੁੰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਲੇਖਕ ਆਪਣੇ ਸਾਹਿਤਕ ਮਾਹੌਲ ਦੀ ਉਸਾਰੀ ਕਰਦਾ ਹੈ। ਇਹ ਦ੍ਰਿਸ਼ਟੀਕੋਣ ਧਾਰਮਿਕ, ਰਾਜਨੀਤਕ, ਰੁਮਾਂਸਵਾਦੀ, ਆਦਰਸ਼ਵਾਦੀ, ਯਥਾਰਥਵਾਦੀ ਤੇ ਸਮਾਜਵਾਦੀ ਹੋ ਸਕਦਾ ਹੈ।ਹਰ ਸਾਹਿਤਕਾਰ ਦੀ ਆਪਣੀ ਇਕ ਸੇਧ ਹੁੰਦੀ ਹੈ ਜਿਸ ਦੇ ਆਧਾਰ 'ਤੇ ਉਹ ਆਪਣੇ ਕਥਾ-ਸੰਸਾਰ ਦੀ ਸੰਰਚਨਾ ਕਰਦਾ ਹੈ। ਸੁਜਾਨ ਸਿੰਘ ਇਕ ਯਥਾਰਥਵਾਦੀ ਸਮਾਜਵਾਦੀ ਲੇਖਕ ਹੈ।[2] ਇਉਂ ਸੁਜਾਨ ਸਿੰਘ ਦੇ ਕਥਾ-ਜਗਤ ਦੀ ਸੇਧ ਸਮਾਜਵਾਦ ਹੈ ਜੋ ਕਿ ਯਥਾਰਥਵਾਦ ਦੀ ਨੀਂਹ 'ਤੇ ਆਧਾਰਿਤ ਹੈ। ਇਸ ਸੇਧਨੇ ਸਮੁੱਚੀ ਪੰਜਾਬੀ ਕਹਾਣੀ ਨੂੰ ਵੀ ਇਕ ਨਵੀਂ ਦਿਸ਼ਾ ਦਿੱਤੀ। ਸੁਜਾਨ ਸਿੰਘ

*ਅਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਦਿੱਲੀ ਯੂਨੀਵਰਸਿਟੀ, ਦਿੱਲੀ*
*ਫੋਨ : 8700416670*

ਤੋਂ ਪਹਿਲਾਂ ਪੰਜਾਬੀ ਕਹਾਣੀ ਦਾ ਮੰਤਵ ਕੇਵਲ ਮਨ ਪਰਚਾਵਾ ਹੀ ਸੀ ਸੋ ਸੁਜਾਨ ਸਿੰਘ ਨੇ ਪੰਜਾਬੀ ਕਹਾਣੀ ਨੂੰ ਨਵੀਂ ਸੇਧ ਦੇ ਕੇ ਉਸ ਦਾ ਮੁਹਾਂਦਰਾ ਹੀ ਬਦਲ ਦਿੱਤਾ ਅਤੇ ਨਵੇਂ ਲੇਖਕਾਂ ਨੂੰ ਵੀ ਸਮਾਜਵਾਦ ਨਾਲ ਜੁੜੇ ਵਿਸ਼ੇ ਅਪਣਾਉਣ ਲਈ ਪ੍ਰੇਰਿਆ।

ਪ੍ਰਿੰ. ਸੁਜਾਨ ਸਿੰਘ ਇਕ ਸਮਾਜਿਕ ਯਥਾਰਥਵਾਦੀ ਕਹਾਣੀਕਾਰ ਸਨ ਅਤੇ ਸਮਾਜਵਾਦੀਆਂ ਅਨੁਸਾਰ ਮਨੁੱਖੀ ਸਮਾਜ ਮੁੱਢ ਤੋਂ ਹੀ ਦੋ ਹਿੱਸਿਆ ਵਿਚ ਵੰਡਿਆ ਹੋਇਆ ਹੈ।[3] ਮਾਰਕਸਵਾਦੀਆਂ ਅਨੁਸਾਰ ਆਰਥਕਤਾ ਦੇ ਸਾਰੇ ਸਾਧਨ ਅਮੀਰਾਂ ਕੋਲ ਹੋਣ ਕਰਕੇ ਇਹ ਸਾਡੇ ਸਮਾਜ, ਜਿਸ ਵਿਚ ਗ਼ਰੀਬਾਂ ਦੀ ਗਿਣਤੀ ਵਧੇਰੇ ਹੈ, ਉਪਰ ਰਾਜ ਕਰਦੇ ਹਨ। ਇਸ ਲਈ ਅਮੀਰ ਅਤੇ ਗਰੀਬ ਵਰਗ ਵਿਚ ਆਪਣੇ ਹੱਕਾਂ ਦੀ ਰਾਖੀ ਲਈ ਵਰਗ ਸੰਘਰਸ਼ ਲਗਾਤਾਰ ਜਾਰੀ ਹੈ।ਵਰਗ-ਸੰਘਰਸ਼ ਸੁਜਾਨ ਸਿੰਘ ਦੀ ਤਕਰੀਬਨ ਹਰ ਕਹਾਣੀ ਦਾ ਵਿਸ਼ਾ ਹੈ। ਕਿਤੇ ਤਾਂ ਉਹ ਸਿੱਧਾ ਹੀ ਸ਼ੋਸ਼ਕ ਤੇ ਸ਼ੋਸ਼ਤ ਵਿਚ ਵਰਗ-ਸੰਘਰਸ਼ ਨੂੰ ਪੇਸ਼ ਕਰਦਾ ਨਜ਼ਰ ਆਉਂਦਾ ਹੈ ਤੇ ਕਿਧਰੇ ਉਹ ਅਸਿੱਧੇ ਰੂਪ ਵਿਚ ਸ਼ੋਸ਼ਕ ਰਾਹੀਂ ਬਣਾਈਆਂ ਗਈਆਂ ਸਮਾਜਿਕ, ਧਾਰਮਿਕ, ਆਰਥਿਕ, ਕੀਮਤਾਂ ਦੇ ਖ਼ਿਲਾਫ਼ ਗੱਲ ਕਰਦਾ ਹੈ।[4] 'ਬਾਗਾਂ ਦਾ ਰਾਖਾ' ਕਹਾਣੀ ਵਿਚਵਰਗ ਸੰਘਰਸ਼ ਦਾ ਸਪਸ਼ਟ ਰੂਪ ਵੇਖਣ ਨੂੰ ਮਿਲਦਾ ਹੈ। ਇਸੇ ਤਰ੍ਹਾਂ 'ਸਿੱਟਾ' ਕਹਾਣੀ, ਪਿੰਡਾਂ ਵਿਚ ਗਰੀਬ ਕਿਸਾਨ ਤੇ ਅਮੀਰ ਜਿਮੀਂਦਾਰ ਵਿਚਲੀ ਆਰਥਿਕਤਾ ਦੀ ਵਿੱਥ ਨੂੰ ਪੇਸ਼ ਕਰਦੀ ਹੈ। ਗ਼ਰੀਬ ਰੱਜ ਕੇ ਮਿਹਨਤ ਕਰਦਾ ਹੈ, ਆਪਣੇ ਖੇਤਾਂ ਨੂੰ ਬੱਚਿਆਂ ਦੀ ਨਿਆਈਂ ਪਾਲਦਾ ਹੈ ਪਰ ਜਦ ਫ਼ਲ ਖਾਣ ਦਾ ਮੌਕਾ ਆਉਂਦਾ ਹੈ ਤਾਂ ਅਮੀਰ ਜਿਮੀਂਦਾਰ ਇੱਲਾਂ ਵਾਂਗੂ ਪੁੱਜ ਜਾਂਦਾ ਹੈ ਤੇ ਗ਼ਰੀਬ ਕਿਸਾਨ ਨੂੰ ਉਸ ਦੀ ਪੂਰੀ ਮਿਹਨਤ ਦੇ ਪੈਸੇ ਨਾਂ ਦੇ ਕੇ ਸਸਤੇ ਭਾਅ ਅਨਾਜ ਖਰੀਦ ਕੇ ਮਹਿੰਗੇ ਭਾਅ ਵੇਚਦਾ ਹੈ ਅਤੇ ਮੁਨਾਫ਼ੇ ਉਪਰ ਆਪ ਐਸ਼ ਕਰਦਾ ਹੈ।ਆਤਮ ਸਿੰਘ (ਕਿਸਾਨ) ਕੋਲ ਕਰੜੀ ਮਿਹਨਤ ਦੇ ਬਾਵਜੂਦ ਇਤਨੇ ਪੈਸੇ ਨਹੀਂ ਕਿ ਉਹ ਆਪਣੇ ਬੱਚਿਆਂ ਦੇ ਵਿਆਹ ਕਰ ਸਕੇ।

'ਮਾਲਕ ਤੇ ਮਜ਼ਦੂਰ' ਕਹਾਣੀ ਵਿਚ ਲੇਖਕ ਨੇ ਅਮੀਰਾਂ ਤੇ ਗਰੀਬਾਂ ਦੀ ਮਨੋਬਿਰਤੀ ਨੂੰ ਪੇਸ਼ ਕੀਤਾ ਹੈ ਕਿ ਅਮੀਰ ਅਹਿਸਾਨ ਫਰਾਮੋਸ਼ ਹੈ ਜੋ ਮਤਲਬ ਸਾਧਣ ਲਈ ਗਧੇ ਨੂੰ ਵੀ ਬਾਪ ਬਣਾ ਲੈਂਦਾ ਹੈ। ਮਿਸਟਰ ਕਪੂਰ ਆਪਣੀ ਫੈਕਟਰੀ ਦੇ ਯੂਨੀਅਨ ਲੀਡਰ ਕਪੂਰ ਨੂੰ ਜਾਤੀ ਦੀ ਸਾਂਝ ਦੇ ਆਧਾਰ 'ਤੇ ਮਜ਼ਦੂਰਾਂ ਦੇ ਖਿਲਾਫ਼ ਹਥਿਆਰ ਦੇ ਤੌਰ 'ਤੇ ਵਰਤਦਾ ਹੈ ਪਰ ਜਦੋਂ ਯੂਨੀਅਨ ਲੀਡਰ ਕਪੂਰ ਦਾ ਕੰਮ ਕਰਦਿਆਂ ਹੱਥ ਕੱਟ ਜਾਂਦਾ ਹੈ ਤਾਂ ਉਸ ਦਾ ਮੁਆਵਜ਼ਾ ਦੇਣ ਲਈ ਉਹ ਮਾਲਕ ਪਿਛਾਂਹ ਹਟ ਜਾਂਦਾ ਹੈ।

ਸੁਜਾਨ ਸਿੰਘ ਨੇ ਮੱਧ ਸ਼੍ਰੇਣੀ ਤੇ ਅਮੀਰ ਸ਼੍ਰੇਣੀ ਦੇ ਵਰਗ-ਸੰਘਰਸ਼ ਨੂੰ ਵੀ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। 'ਰਜ਼ਾਈ' ਕਹਾਣੀ ਵਿਚ ਅਧਿਆਪਕ ਦੀ ਤਨਖਾਹ ਘੱਟ ਹੈ ਕਿ ਉਹ ਆਪਣੇ ਘਰ ਦੀਆਂ ਆਰਥਿਕ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ। ਉਸ ਦੀ ਤਨਖ਼ਾਹ ਰਾਸ਼ਨ ਡਿਪੂ ਤੋਂ ਰਾਸ਼ਨ ਲੈਣ ਵਾਲਿਆਂ ਨਾਲੋਂ ਢਾਈ ਰੁਪਏ ਵੱਧ ਹੈ। ਇਸ ਲਈ ਉਹ ਇਸਦਾ ਲਾਭ ਨਹੀਂ ਉਠਾ ਸਕਦਾ। ਜਦੋਂ ਕਿ ਵੱਡੇ-ਵੱਡੇ ਅਮੀਰ ਇਸ ਰਾਸ਼ਨ ਡਿਪੂ ਤੋਂ ਫ਼ਾਇਦਾ ਉਠਾ ਰਹੇ ਹਨ। ਇਸ ਕਹਾਣੀ ਵਿਚ ਲੇਖਕ ਨੇ ਸਾਡੇ ਸਮਾਜ 'ਤੇ ਵਿਅੰਗ ਕੀਤਾ ਹੈ। ਮਾਸਟਰ ਕੋਲ ਪੈਸੇ ਨਾ ਹੋਣ ਕਰਕੇ ਉਹ ਕਿਸੇ ਕਬਾੜੀ ਤੋਂ ਕਿਸੇ ਮੁਰਦੇ ਦੀ ਰਜ਼ਾਈ ਖ਼ਰੀਦ ਕੇ ਲਿਆਉਂਦਾ ਹੈ ਤੇ ਉਸ ਨੂੰ ਇਹ ਵੀ ਡਰ ਹੈ ਕਿ ਕੋਈ ਵਾਕਫ਼ ਉਸ ਨੂੰ ਵੇਖ ਨਾ ਲਵੇ। ਉਸ ਦਾ ਇਕ ਵਿਦਿਆਰਥੀ

ਇਹ ਰਜ਼ਾਈ ਮਾਸਟਰ ਦੇ ਹੱਥ ਵੇਖ ਕੇ ਕਹਿੰਦਾ ਹੈ, "ਕਿਉਂ ਮਾਸਟਰ ਜੀ, ਇਹ ਉਹ ਰਜਾਈ ਜੇ ਨਾ?" ਵਿਦਿਆਰਥੀ ਦੀ ਗੱਲ ਮਾਸਟਰ ਨੂੰ ਸੋਚਾਂ ਵਿਚ ਪਾ ਦਿੰਦੀ ਹੈ ਅਤੇ ਉਹ ਸੋਚਦਾ ਹੈ ਕਿ ਮੁਰਦਿਆਂ ਤੋਂ ਰਜ਼ਾਈ ਕੌਣ ਲਾਹੁੰਦਾ ਹੈ ਤੇ ਜਿਉਂਦੇ-ਜਾਗਦੇ ਬੰਦਿਆਂ ਤੋਂ ਰਜ਼ਾਈ ਕੌਣ ਲਾਹੁੰਦਾ ਹੈ। ਇਹ ਹੈ ਸਾਡੇ ਸਮਾਜ ਵਿਚ ਗ਼ਰੀਬ ਦੀ ਤਸਵੀਰ, ਜਿਸ ਦਾ ਸੁਜਾਨ ਸਿੰਘ ਨੇ ਯਥਾਰਥਕ ਚਿੱਤਰ ਪੇਸ਼ ਕੀਤਾ ਹੈ।

ਅਮੀਰ ਵਰਗ ਆਪਣੀ ਸੱਤਾ/ਸ਼ਕਤੀ ਦੀ ਸਥਾਪਤੀ ਬਣਾਈ ਰੱਖਣ ਲਈ ਗ਼ਰੀਬ ਵਰਗ ਵਿਰੁੱਧ ਆਪਣੀਆਂ ਧਾਰਮਿਕ, ਰਾਜਨੀਤਕ ਤੇ ਆਰਥਿਕ ਸਾਜ਼ਿਸ਼ਾਂ ਨੂੰ ਅੰਜਾਮ ਦਿੰਦਾ ਰਹਿੰਦਾ ਹੈ। ਅਜਿਹਾ ਹੀ ਸੁਜਾਨ ਸਿੰਘ ਦੀ ਕਹਾਣੀ 'ਕਪੂਰ ਤੇ ਮਜ਼ਦੂਰ' ਵਿਚ ਵੀ ਦੇਖਿਆ ਜਾ ਸਕਦਾ ਹੈ। ਮਿਸਟਰ ਕਪੂਰ (ਮਾਲਕ) ਮਜ਼ਦੂਰਾਂ ਤੇ ਉਨ੍ਹਾਂ ਦੇ ਨੇਤਾ (ਕਪੂਰ) ਵਿਚ ਮਤਭੇਦ ਪੈਦਾ ਕਰ ਦਿੰਦਾ ਹੈ ਤਾਂ ਕਿ ਇਹ ਨੇਤਾ ਕਪੂਰ, ਮਜ਼ਦੂਰਾਂ ਦੀਆਂ ਮੰਗਾਂ ਉਸ ਤੋਂ ਪੂਰੀਆਂ ਨਾ ਕਰਾ ਸਕੇ।

ਆਰਥਿਕਤਾ ਦਾ ਇਹ ਪਾੜਾ, ਮਨੁੱਖੀ ਰਿਸ਼ਤਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ . ਅਜੋਕਾ ਮਨੁੱਖ ਏਨਾ ਮਤਲਬੀ ਹੋ ਗਿਆ ਹੈ ਕਿ ਉਸ ਦੀ ਹਰ ਗੱਲ, ਇਥੋਂ ਤਕ ਕਿ ਰਿਸ਼ਤੇ ਵੀ ਪੈਸੇ ਨਾਲ ਜੁੜ ਗਏ ਹਨ। 'ਰਿਸ਼ਤੇ' ਕਹਾਣੀ ਵਿਚ ਮਾਮਾ, ਆਪਣੀ ਧੀ ਨੂੰ ਪੜ੍ਹਾਉਣ ਲਈ ਟਿਊਸ਼ਨ ਰੱਖਦਾ ਹੈ, ਇਸ ਟਿਊਸ਼ਨ ਵਿਚ ਉਸ ਦੀ ਵਿਧਵਾ ਭੈਣ ਦਾ ਪੁੱਤਰ ਜਗਤਾਰ ਵੀ ਪੜ੍ਹਨ ਲਈ, ਉਨਾਂ ਦੇ ਘਰ ਆਉਂਦਾ ਹੈ ਪਰ ਅਖ਼ੀਰ 'ਤੇ ਅਮੀਰ ਮਾਮਾ, ਟਿਊਸ਼ਨ ਦੀ ਫ਼ੀਸ ਦੇ ਪੈਸੇ ਜਗਤਾਰ ਦੇ ਦਾਦੇ ਕੋਲ ਹਿਸਾਬ ਵਿਚ ਕਟਵਾ ਲੈਂਦਾ ਹੈ :

"ਇਕ ਦਿਨ ਕੁੜਮ ਹੋਰਾਂ ਆ ਕੇ ਕਿਹਾ, "ਲਓ ਜੀ, ਸਰਦਾਰ ਜੀ, ਤੁਹਾਡਾ ਲਾਗੇ ਹੀ ਛੁਟਕਾਰਾ ਹੋ ਗਿਆ . ਉਹ ਤੁਹਾਡੇ ਇਕ ਸੌ ਪੰਝੱਤਰ, ਕਾਕਾ ਜਗਤਾਰ ਦੀ ਟਿਊਸ਼ਨ ਵਿਚ ਬਰਾਬਰ ਹੋ ਗਏ ਤੇ ਤੁਹਾਨੂੰ ਹੱਥੋਂ ਕੁਝ ਨਾ ਦੇਣਾ ਪਿਆ ਸਗੋਂ..."[5]

ਸੁਜਾਨ ਸਿੰਘ ਦੀ ਕਹਾਣੀ 'ਲੁਕਣ ਮੀਚੀ' ਵੀ ਸਮਾਜ ਦੇ ਅਜਿਹੇ ਹੀ ਯਥਾਰਥਕ ਰੂਪ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਅਮੀਰ ਬਾਪ ਆਪਣੀ ਧੀ ਨੂੰ ਉਸ ਮੁੰਡੇ ਨਾਲ ਨਹੀਂ ਮਿਲਣ ਦਿੰਦਾ ਜਿਸ ਨੂੰ ਉਹ ਪਿਆਰ ਕਰਦੀ ਹੈ ਕਿਉਂਕਿ ਉਹ ਮੁੰਡਾ ਗ਼ਰੀਬ ਚਿੱਤਰਕਾਰ ਹੈ। ਡਾ. ਉੱਪਲ ਅਨੁਸਾਰ,

"ਸਮਾਜਵਾਦੀ ਯਥਾਰਥਵਾਦ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਾਹਿਤਿਕ-ਜਗਤ ਚਿੱਤਰਨ ਲੱਗਿਆਂ ਵਰਗ-ਸੰਘਰਸ਼ ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਏ ਕਿ ਉਸਾਰੂ ਸ਼ਕਤੀ ਵਾਲਿਆਂ ਨੂੰ ਉਤਸ਼ਾਹ ਅਤੇ ਢਾਹੂ ਸ਼ਕਤੀਆਂ ਵਾਲਿਆਂ ਨੂੰ ਬਦਖੋਹੀ ਤੇ ਨਿਤਾਣਾਪਣ ਨਸੀਬ ਹੋਵੇ।[6]

ਡਾ. ਉੱਪਲ ਦੇ ਉਪਰੋਕਤ ਵਿਚਾਰ ਸੁਜਾਨ ਸਿੰਘ ਦੇ ਕਥਾ-ਸੰਸਾਰ ਉਪਰ ਬਿਲਕੁਲ ਠੀਕ ਢੁੱਕਦੇ ਹਨ। ਜਿੱਥੇ ਇਕ ਪਾਸੇ ਉਸ ਦੀਆਂ ਉਪਰੋਕਤ ਕਹਾਣੀਆਂ ਅਮੀਰ ਸ਼੍ਰੇਣੀ ਦੇ ਖਿਲਾਫ਼ ਨਫ਼ਰਤ ਪੈਦਾ ਕਰਦੀਆਂ ਹਨ ਉਥੇ ਉਹ ਗ਼ਰੀਬ ਸ਼੍ਰੇਣੀ ਨੂੰ, ਮਜ਼ਲੂਮਾਂ ਨੂੰ ਹੋਰ ਜ਼ੁਲਮ ਨਾ ਸਹਿਣ ਲਈ ਉਕਸਾਉਂਦੀਆਂ ਹਨ. ਅਮੀਰ ਗਰੀਬ ਦੇ ਇਸ ਪਾੜੇ ਨੂੰ ਖ਼ਤਮ ਕਰਨ ਲਈ ਸੁਜਾਨ ਸਿੰਘ ਸਮਾਨਤਾ ਲਿਆਉਣ ਲਈ ਕਹਿੰਦਾ ਹੈ। ਇਹ ਸਮਾਨਤਾ ਤਾਂ ਹੀ ਸੰਭਵ ਹੈ ਜੇ ਗਰੀਬ ਇਕਜੁੱਟ ਹੋ ਕੇ ਅਮੀਰ ਦਾ ਮੁਕਾਬਲਾ ਕਰਨ ਜਿਵੇਂ ਕਿ 'ਕਪੂਰ ਤੇ ਮਜ਼ਦੂਰ' ਕਹਾਣੀ ਵਿਚ ਇਕ ਕਰਮਚਾਰੀ ਦੇ ਮੁਆਵਜ਼ੇ ਨੂੰ ਜਦੋਂ ਮਾਲਕ ਦੇਣ ਤੋਂ ਮੁਨਕਰ ਹੋ ਜਾਂਦੇ ਹਨ ਅਤੇ ਉਨ੍ਹਾਂ ਵਿਚ ਫੁੱਟ ਹੋਣ ਦੇ

ਬਾਵਜੂਦ ਸਾਰੇ ਮਜ਼ਦੂਰ ਮੁਆਵਜ਼ਾ ਲੈਣ ਲਈ ਮਾਲਕ ਨੂੰ ਹੜਤਾਲ ਦੀ ਧਮਕੀ ਦਿੰਦੇ ਹਨ ਤਾਂ ਮਾਲਕ ਹੜਤਾਲ ਦੇ ਡਰ ਤੋਂ ਫ਼ੌਰਨ ਕਪੂਰ ਦਾ ਮੁਆਵਜ਼ਾ ਦੇਣ ਲਈ ਮੰਨ ਜਾਂਦਾ ਹੈ। ਆਪਣੇ ਹੱਕਾਂ ਪ੍ਰਤੀ ਲੜਨ ਦੀ ਇਹ ਜਾਗ੍ਰਿਤੀ ਗ਼ਰੀਬਾਂ ਵਿਚ ਤਾਂ ਹੀ ਆ ਸਕਦੀ ਹੈ ਜੇ ਉਹ ਵਿੱਦਿਆ ਪ੍ਰਾਪਤ ਕਰਨ। ਵਿੱਦਿਆ ਇਕ ਅਜਿਹਾ ਹਥਿਆਰ ਹੈ ਜਿਸ ਨਾਲ ਮਨੁੱਖ ਵਿਚ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਦੀ ਚੇਤਨਤਾ ਪੈਦਾ ਹੁੰਦੀ ਹੈ।

'ਇਕੋ ਰਸਤਾ' ਕਹਾਣੀ ਦੀ ਨਾਇਕਾ ਬਿਮਲਾ ਪੜ੍ਹ-ਲਿਖ ਕੇ ਜਾਗ੍ਰਿਤ ਤੇ ਚੇਤਨ ਹੋ ਚੁੱਕੀ ਹੈ।ਅਖੌਤੀ ਉੱਚ ਜਾਤੀ ਨਾਲ ਸੰਬੰਧਤ ਪ੍ਰੋਫ਼ੈਸਰ ਨਰਿੰਦਰਪਾਲ ਸਿੰਘ ਬਿਮਲਾ ਦੇ ਗ਼ਰੀਬ ਹੋਣ ਦੇ ਬਾਵਜੂਦ ਵੀ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਇਸ ਕਹਾਣੀ ਵਿਚ ਲੇਖਕ ਨੇ ਸਾਡੇ ਪੈਸੇ ਅਤੇ ਕੀਮਤਾਂ ਉੱਪਰ ਆਧਾਰਿਤ ਸਮਾਜ ਵਿਚ ਜਿੱਥੇ ਕਦਮ-ਕਦਮ 'ਤੇ ਵੰਡੀਆਂ ਦਿਖਾਈਆਂ ਹਨ ਉੱਥੇ ਉਸਨੇ ਸਮਾਜ ਵਿਚ ਕਿਤੇ ਨਾ ਕਿਤੇ ਦਿਖ ਰਹੀ ਸਮਾਨਤਾ ਰਾਹੀਂ ਛੋਟੇ ਵਰਗਾਂ ਨਾਲ ਸੰਬੰਧਤ ਲੋਕਾਂ ਨੂੰ ਪੜ੍ਹ-ਲਿਖ ਕੇ ਆਪਣੀ ਮੁਕਤੀ ਤਲਾਸ਼ਣ ਲਈ ਪ੍ਰੇਰਿਤ ਕੀਤਾ ਹੈ।

ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਸਮਾਜ ਸੁਧਾਰ ਨੂੰ ਵੇਖ ਕੇ ਬਹੁਤ ਸਾਰੇ ਆਲੋਚਕ ਉਸ ਨੂੰ ਪਰਚਾਰਵਾਦੀ ਕਹਿੰਦੇ ਹਨ।[7] ਇਸ ਆਰਥਿਕ ਘੋਲ ਨੂੰ ਰੂਪਮਾਨ ਕਰਨ ਲਈ ਅਤੇ ਇਸ ਘੋਲ ਦੇ ਮੁੱਖ ਪਾਤਰਾਂ ਨੂੰ ਅੱਗੇ ਕਰਨ ਲਈ ਨਿਸੰਗ ਅਤੇ ਨਿਧੜਕ ਹੋ ਗਿਆ ਹੈ। ਇਸ ਨਿਸੰਗਤਾ ਕਾਰਨ ਹੀ ਉਸ ਦੀ ਕਲਾ ਵਿਚ ਪਰਚਾਰਵਾਦ ਦਾ ਦੋਸ਼ ਆ ਗਿਆ ਹੈ।[8] ਇਹ ਪਰਚਾਰਵਾਦ ਦਾ ਦੋਸ਼ ਸੁਜਾਨ ਸਿੰਘ ਦੇ ਕਥਾ ਸੰਸਾਰ ਦਾ ਦੋਸ਼ ਨਹੀਂ ਮੰਨਿਆ ਜਾ ਸਕਦਾ। ਇਹ ਤਾਂ ਸਾਡੇ ਵਰਗ-ਵੰਡ ਵਾਲੇ ਇਸ ਸਮਾਜ ਦਾ ਕੌੜਾ ਯਥਾਰਥ ਹੈ, ਜਿਸ ਨੂੰ ਸੁਜਾਨ ਸਿੰਘ ਆਪਣੇ ਕਥਾ ਜਗਤ ਦਾ ਆਧਾਰ ਬਣਾਉਂਦਾ ਹੈ ਉਹ ਇਸ ਪਾੜੇ ਵਰਗ ਨੂੰ ਖ਼ਤਮ ਕਰਨ ਲਈ, ਜਥੇਬੰਦ ਹੋਣ ਲਈ ਕਹਿੰਦਾ ਹੈ ਤਾਂ ਉਹ ਪਰਚਾਰਵਾਦੀ ਕਿਵੇਂ ਹੋ ਗਿਆ ਉਹ ਤਾਂ ਕੇਵਲ ਸਮਾਜਿਕ ਸਮੱਸਿਆਵਾਂ ਦਾ ਹੱਲ ਪੇਸ਼ ਕਰਦਾ ਹੈ।

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਜੇ ਸੁਜਾਨ ਸਿੰਘ ਦੇ ਕਥਾ-ਮਹਲ ਦੀ ਨੀਂਹ ਆਰਥਕ-ਪਾੜੇ ਤੇ ਸ਼੍ਰੇਣੀ-ਵੰਡ 'ਤੇ ਆਧਾਰਿਤ ਹੈ ਪਰ ਦੂਜੇ ਪਾਸੇ ਸੁਜਾਨ ਸਿੰਘ ਨੇ ਔਰਤ ਦੇ ਜੀਵਨ ਨਾਲ ਸਬੰਧਤ ਸਮੱਸਿਆਵਾਂ ਨੂੰ ਬੜੀ ਗਹਿਰਾਈ ਨਾਲ ਚਿਤਰਿਆ ਹੈ। ਪ੍ਰੋ. ਧਰਮਪਾਲ ਸਿੰਗਲ ਦਾ ਇਸ ਦੇ ਬਾਰੇ ਵਿਚ ਕਹਿਣਾ ਹੈ:

"ਸੁਜਾਨ ਸਿੰਘ ਨੇ ਸਮਾਜ ਨੂੰ ਇਕ ਹਲੂਣਾ ਦਿੱਤਾ ਹੈ। ਉਸ ਨੇ ਆਪਣੀਆਂ ਕਹਾਣੀਆਂ ਦੁਆਰਾ ਇਸ ਦੀ (ਔਰਤ) ਦੁਖੀ, ਤੜਪਦੀ, ਰੋਂਦੀ ਕੁਰਲਾਂਦੀ ਆਤਮਾ ਨੂੰ ਇੰਨ ਬਿੰਨ ਚਿੱਤਰ ਕੇ ਉਸ ਦੀ ਮੁਕਤੀ ਦੀ ਮੰਗ ਕੀਤੀ ਹੈ।"[9]

ਔਰਤ ਜੀਵਨ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇਗਾ ਜਿਸ 'ਤੇ ਸਜਾਨ ਸਿੰਘ ਦੀ ਕਲਮ ਨਾ ਚੱਲੀ ਹੋਵੇ। ਉਸ ਦੀਆਂ ਕਹਾਣੀਆਂ ਵਿਚ ਔਰਤ ਦਾ ਸੰਪੂਰਨ ਚਰਿੱਤਰ ਵੇਖਣ ਨੂੰ ਮਿਲਦਾ ਹੈ। 'ਦੁੱਖ ਸੁੱਖ ਤੋਂ ਪਿਛੋਂ' ਨਾਮੀ ਕਹਾਣੀ ਸੰਗ੍ਰਹਿ ਦੀ ਜਾਣ-ਪਛਾਣ ਵਿਚ ਸੁਜਾਨ ਸਿੰਘ ਦੀਆਂ ਕਹਾਣੀਆਂ 'ਤੇ ਵਿਚਾਰ ਕਰਦਿਆਂ ਪਾਲ ਸਿੰਘ ਲਿਖਦਾ ਹੈ:-

"ਇਨ੍ਹਾਂ ਕਹਾਣੀਆਂ ਵਿਚ ਇਸਤਰੀ ਸਾਡੇ ਸਾਹਮਣੇ ਕਈ ਰੂਪਾਂ ਵਿਚ ਆਉਂਦੀ ਹੈ। ਸਰਮਾਏਦਾਰੀ ਨਜ਼ਾਮ ਵਿਚ ਇਸਤਰੀ ਕਿਸਮਤ ਦੀ ਮਾਰੀ, ਆਪਣੀ, ਆਪਣੇ ਮਾਂ-ਪਿਓ, ਭੈਣ-ਭਰਾ,

ਪੁੱਤਰ-ਧੀਆਂ ਦੀ ਪੇਟ-ਅਗਨੀ ਨੂੰ ਬੁਝਾਉਣ ਲਈ ਮਜ਼ਦੂਰਨ ਦਾ ਰੂਪ ਧਾਰ ਕੇ ਮੋਟੇ ਢਿੱਡਾਂ ਵਾਲਿਆਂ ਦੀ ਸ਼ਰਨ ਲੈਂਦੀ ਹੈ। ਉਹ ਅੱਗੋ ਉਸ ਦੀ ਮਿਹਨਤ ਦਾ ਖ਼ੂਨ ਚੂਸਣ 'ਤੇ ਹੀ ਬਸ ਨਹੀਂ ਕਰਦੇ ਸਗੋਂ ਉਸ ਦੀ ਇੱਜ਼ਤ ਤੇ ਵੀ ਹੱਥ ਪਾਉਂਦੇ ਹਨ ਪਰ ਇਸਤਰੀ ਬਲ, ਕਾਮ-ਬਲ ਤੇ ਭਾਰੂ ਹੋ ਜਾਂਦਾ ਹੈ।''[10]

ਸਾਡਾ ਸਮਾਜ, ਔਰਤ ਨੂੰ ਕੇਵਲ ਕਾਮ-ਭੁੱਖ ਦੀ ਤ੍ਰਿਪਤੀ ਕਰਨ ਵਾਲੀ ਮੂਰਤ ਤੋਂ ਵੱਧ ਕੁਝ ਨਹੀਂ ਸਮਝਦਾ। ਜੇ ਔਰਤ ਘਰੋਂ-ਬਾਹਰ ਕਿਸੇ ਵੀ ਥਾਂ 'ਤੇ ਆਰਥਕ ਤੰਗੀ ਕਾਰਨ, ਆਪਣੇ ਪਰਿਵਾਰ ਦਾ ਪੇਟ ਭਰਨ ਲਈ ਕੰਮ ਕਰਦੀ ਹੈ ਤਾਂ ਮਾਲਕ ਉਸ ਨੂੰ ਆਪਣੀ ਕਾਮ ਵਾਸਨਾ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਉਹ ਔਰਤ ਨੂੰ ਉਸ ਦੀ ਮਿਹਨਤ ਦਾ ਨਹੀਂ ਸਗੋਂ ਸੈਕਸ ਪੂਰਤੀ ਦਾ ਸਾਧਨ ਮੰਨ ਕੇ ਪੈਸੇ ਦਿੰਦਾ ਹੈ। 'ਰੱਬ ਦੀ ਮੌਤ' ਕਹਾਣੀ ਵਿਚ ਕਾਰਖ਼ਾਨੇ ਦੇ ਮਾਲਕ ਤੋਂ ਲੈ ਕੇ ਥੱਲੇ ਕੰਮ ਕਰਨ ਵਾਲੇ ਸਾਰੇ ਮਰਦ ਮੁਲਾਜ਼ਮ, ਰੇਸ਼ਮਾਂ ਨਾਂ ਦੀ ਮਜ਼ਦੂਰ ਔਰਤ ਨੂੰ ਆਪਣੀ ਕਾਮ-ਵਾਸਨਾ ਦੀ ਤ੍ਰਿਪਤੀ ਦਾ ਸਾਧਨ ਬਣਾਉਣਾ ਚਾਹੁੰਦੇ ਹਨ। ਇਸੇ ਤਰ੍ਹਾਂ 'ਨਰਸ' ਕਹਾਣੀ ਦੀ ਨਾਇਕਾ, ਲੋਕ-ਸੇਵਾ ਦੀ ਤਸਵੀਰ ਹੈ ਜਿਸ ਦਾ ਕੰਮ ਮਰੀਜ਼ਾਂ ਦੀ ਦੇਖਭਾਲ ਕਰਨਾ ਹੈ ਪਰ ਹਸਪਤਾਲ ਵਿਚ ਡਾਕਟਰ, ਵਿਦਿਆਰਥੀ, ਚਪੜਾਸੀ ਆਦਿ ਸਾਰੇ ਨਰਸ ਤੋਂ ਲੋਕ ਸੇਵਾ ਨਹੀਂ ਬਲਕਿ ਸਰੀਰ ਮੰਗਦੇ ਹਨ। 'ਆਤਮਾ ਦੀ ਸ਼ਾਂਤੀ' ਕਹਾਣੀ ਦੀ ਨਾਇਕਾ ਲੱਛਮੀ ਆਪਣੇ ਪਤੀ ਦੇ ਗੁਜ਼ਰਨ ਤੋਂ ਬਾਅਦ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਆਪਣੀ ਜਾਣ-ਪਛਾਣ ਦੇ ਜ਼ਿਮੀਂਦਾਰ ਦੇ ਘਰ ਕੰਮ ਕਰਦੀ ਹੈ। ਜਦੋਂ ਲੱਛਮੀ ਦਾ ਪਤੀ ਜ਼ਿੰਦਾ ਸੀ ਤਾਂ ਇਹ ਜ਼ਿਮੀਂਦਾਰ ਉਸ ਨੂੰ ਆਦਰ ਨਾਲ ਬੁਲਾਉਂਦਾ ਸੀ। ਅੱਜ ਜਦੋਂ ਉਸਨੂੰ ਜ਼ਿਮੀਂਦਾਰ ਦੀ ਮਦਦ ਦੀ ਲੋੜ ਹੈ ਤਾਂ ਉਹ ਵੀ ਉਸ ਤੋਂ ਘਰ ਦਾਕੰਮਕਰਾਉਣ ਦੇ ਨਾਲ-ਨਾਲ ਉਸ ਦਾ ਸਰੀਰਕ ਸ਼ੋਸ਼ਣ ਵੀ ਕਰਦਾ ਹੈ।

ਮਰਦ, ਔਰਤ ਦੀ ਆਰਥਕ ਮਜਬੂਰੀ ਤੋਂ ਹੀ ਨਹੀਂ ਸਗੋਂ ਉਸ ਦੇ ਭੋਲੇਪਣ ਦਾ ਵੀ ਨਾਜਾਇਜ਼ ਫ਼ਾਇਦਾ ਉਠਾਉਂਦਾ ਹੈ। 'ਹਮਦਰਦ' ਕਹਾਣੀ ਵਿਚ ਸਕੂਲ ਅਧਿਆਪਕਾ ਜੋ ਕਰੜੀ ਮਿਹਨਤ ਨਾਲ ਆਪਣਾ ਕੰਮ ਕਰਦੀ ਹੈ, ਨੂੰ ਸਕੂਲ ਦਾ ਮੈਨੇਜਰ, ਵਿਆਹ ਦੇ ਝੂਠੇ ਲਾਰੇ ਦੇ ਕੇ ਆਪਣੇ ਜਾਲ ਵਿਚ ਫਸਾ ਲੈਂਦਾ ਹੈ।ਜਦੋਂ ਉਹ ਵਿਆਹ ਲਈ ਕਹਿੰਦੀ ਹੈ ਤਾਂ ਉਹ ਆਪਣੀ ਜਾਤ ਦਾ ਚੱਕਰ ਪਾ ਕੇ ਅਧਿਆਪਿਕਾ 'ਤੇ ਬਦਚਲਣੀ ਦਾ ਇਲਜ਼ਾਮ ਲਾ ਕੇ ਉਸ ਨੂੰ ਸਕੂਲੋਂ ਕੱਢਣ ਦੀ ਸੋਚਦਾ ਹੈ :-

''ਉਹੋ: ਹੋ: ਹੋ: ਸ਼ਕਲਾਂ ਕਿੰਨਾ ਧੋਖਾ ਦਿੰਦੀਆਂ ਹਨ। ਸਾਨੂੰ ਇਸ ਨੂੰ ਸਕੂਲੋਂ ਕੱਢਣਾ ਪਵੇ ਗਾ।[11]

ਵਿਆਹ ਤੋਂ ਬਾਅਦ ਮਰਦ ਔਰਤ ਨੂੰ ਆਪਣੀ ਜਾਇਦਾਦ ਸਮਝਦਾ ਹੈ। ਉਸ ਦੇ ਹੁਕਮ ਤੋਂ ਬਿਨਾ ਔਰਤ ਆਪਣੇ ਮਾਂ-ਪਿਓ, ਭੈਣ-ਭਰਾ ਨੂੰ ਵੀ ਨਹੀਂ ਮਿਲ ਸਕਦੀ। 'ਭੁਲੇਖਾ' ਕਹਾਣੀ ਵਿਚ ਸੁਅਰਨ, ਆਪਣੀ ਸਹੇਲੀ ਸੰਤ ਤੇ ਭਰਾ ਸੁਰਜੀਤ ਦੇ ਪਿਆਰ ਵਿਚ ਮਦਦ ਕਰਨਾ ਚਾਹੁੰਦੀ ਹੈ ਪਰ ਉਸ ਦੇ ਘਰ ਵਾਲੇ ਦਾ ਸੁਭਾਅ ਸ਼ੱਕੀ ਹੈ ਉਹ ਆਪਣੀ ਪਤਨੀ ਤੋਂ ਇਹ ਸਭ ਨਹੀਂ ਚਾਹੁੰਦਾ .

ਸਾਡੇ ਸਮਾਜ ਦਾ ਇਹ ਕੌੜਾ ਯਥਾਰਥ ਅਣਜੋੜ ਵਿਆਹ ਵੀ ਹੈ ਜਿਸ ਦਾ ਦੁੱਖ ਔਰਤ ਨੂੰ ਭੋਗਣਾ ਪੈਂਦਾ ਹੈ। ਇਸ ਅਣਜੋੜ ਵਿਆਹ ਦੀ ਸਮੱਸਿਆ ਨੂੰ ਸੁਜਾਨ ਸਿੰਘ ਨੇ 'ਰਾਸਲੀਲਾ'

'ਅਣਜੋੜ', 'ਗਊਮਾਤਾ', ਆਦਿ ਕਹਾਣੀਆਂ ਵਿਚ ਪੇਸ਼ ਕੀਤਾ ਹੈ. ਰਾਸਲੀਲਾ ਕਹਾਣੀ ਵਿਚ ਰਾਮ ਪਿਆਰੀ ਜੋ ਜਵਾਨ ਹੈ, ਦਾ ਵਿਆਹ ਸੱਠ ਸਾਲ ਦੇ ਬੁੱਢੇ ਨਾਲ ਕੀਤਾ ਜਾਂਦਾ ਹੈ ਜੋ ਰਾਮ ਪਿਆਰੀ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕਦਾ ਤੇ ਰਾਮ ਪਿਆਰੀ ਆਪਣੇ ਗਵਾਂਢੀ ਦੇ ਮੁੰਡੇ ਨੂੰ ਕ੍ਰਿਸ਼ਨ ਬਣਾ ਕੇ ਉਸ ਚੋਂ ਆਪਣੇ ਸਾਥੀ ਦਾ ਸਰੂਪ ਲੱਭਦੀ ਹੈ।

'ਗਊ ਮਾਤਾ' ਕਹਾਣੀ ਸਾਡੇ ਸਮਾਜ ਦੇ ਅਣਜੋੜ ਵਿਆਹ ਦੇ ਕੌੜੇ ਯਥਾਰਥ 'ਤੇ ਵਿਅੰਗ ਹੈ. ਸਾਡੇ ਸਮਾਜ ਵਿਚ ਲੋਕ ਧੀਆਂ ਨੂੰ ਗਊ ਦਾ ਪ੍ਰਤੀਕ ਮੰਨਦੇ ਹਨ।ਮਾਪੇ ਜਿੱਥੇ ਚਾਹੁਣ ਆਪਣੀ ਮਰਜ਼ੀ ਨਾਲ ਧੀ ਦਾ ਵਿਆਹ ਕਰ ਦੇਂਦੇ ਸਨ ਪਰ ਹੁਣ ਔਰਤਾਂ ਅਣਜੋੜ ਵਿਆਹ ਤੋਂ ਤੰਗ ਆ ਕੇ ਆਪਣੇ ਅਣਜੋੜ ਵਿਆਹ ਦੇ ਖਿਲਾਫ਼ ਬਗ਼ਾਵਤ ਕਰਨ ਲੱਗ ਪਈਆਂ ਹਨ:

"ਲੋਕੀਂ ਆਖਦੇ ਹੁੰਦੇ ਸਨ: ਧੀਆਂ ਤੇ ਗਊਆਂ ਹੁੰਦੀਆਂ ਹਨ, ਜਿਸ ਨੂੰ ਮਰਜ਼ੀ ਉਨ੍ਹਾਂ ਦਾ ਰੱਸਾ ਫੜਾ ਦਿੱਤਾ ਪਰ ਸਮਾਜ ਦੇ ਇਸ ਹੱਕ ਤੇ ਅਜੋੜ ਜੋੜਾਂ ਤੋਂ ਦੁਖੀ ਹੋ ਕੇ ਉਹ ਵੀ ਬੋਲ ਪਈਆਂ ਹਨ।"[12]

ਸਾਡੇ ਸਮਾਜ ਵਿਚ ਮਾਪੇ ਧੀਆਂ ਦੇ ਜੰਮਣ 'ਤੇ ਰੋਂਦੇ ਹਨ ਤੇ ਪੁੱਤਰਾਂ ਦੇ ਜਨਮ 'ਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਇਸ ਦਾ ਮੂਲ ਕਾਰਨ ਇਹ ਹੈ ਕਿ ਸਾਡੇ ਸਮਾਜ ਦੀ ਇਹ ਰੀਤ ਹੈ ਕਿ ਧੀਆਂ ਨੂੰ ਵਿਆਹ ਵਿਚ ਦਾਜ ਦਿੱਤਾ ਜਾਂਦਾ ਹੈ ਜੋ ਕਿ ਹੁਣ ਇਕ ਲਾਹਣਤ ਬਣ ਗਿਆ ਹੈ। ਗ਼ਰੀਬ ਮਾਪੇ ਜੋ ਧੀਆਂ ਨੂੰ ਦਾਜ ਨਹੀਂ ਦੇ ਸਕਦੇ, ਕਈ ਵਾਰੀ ਆਪਣੀ ਇੱਜ਼ਤ ਦੀ ਖ਼ਾਤਰ ਜਾਂ ਤਾਂ ਧੀਆਂ ਨੂੰ ਮਾਰ ਦਿੰਦੇ ਹਨ ਜਾਂ ਉਨ੍ਹਾਂ ਤੋਂ ਵੱਡੀ ਉਮਰ ਦੇ ਆਦਮੀਆਂ ਨਾਲ ਵਿਆਹ ਦਿੰਦੇ ਹਨ। 'ਸਵਾਲ' ਕਹਾਣੀ ਵਿਚ ਇਕ ਭਰਾ, ਆਪਣੀ ਭੈਣ ਨੂੰ ਜਾਨੋ ਮਾਰਨ ਲਈ ਮਜ਼ਬੂਰ ਹੈ ਕਿਉਂਕਿ ਭੈਣ ਦਾ ਉੱਚੇ ਘਰ ਵਿਆਹ ਕਰਨ ਲਈ ਉਸ ਕੋਲ ਪੈਸਾ ਨਹੀਂ ਤੇ ਇੰਜ ਨਾ ਕਰਨ 'ਤੇ ਉਸਦੀ ਫੋਕੀ ਸ਼ਾਨੋ-ਸ਼ੌਕਤ ਅਤੇ ਸਮਾਜਿਕ ਰੁਤਬਾ ਖ਼ਰਾਬ ਹੁੰਦਾ ਹੈ।

ਸਾਡੇ ਸਮਾਜ ਵਿਚ ਔਰਤ ਦੀ ਇਕ ਹੋਰ ਦਰਦਨਾਕ ਸਥਿਤੀ ਇਹ ਹੈ ਕਿ ਵਿਧਵਾ ਹੋਣ 'ਤੇ ਔਰਤ ਨੂੰ ਲਾਵਾਰਿਸ ਸਮਝ ਕੇ ਸਮਾਜ ਦੇ ਮਰਦ ਭੈੜੀ ਨਿਗਾਹ ਨਾਲ ਤੱਕਦੇ ਹਨ। ਜੇ ਵਿਧਵਾ ਔਰਤ, ਆਪਣੇ ਕਿਸੇ ਮਦਦਗਾਰ ਆਦਮੀ ਨਾਲ ਜਾ ਰਹੀ ਹੋਵੇ, ਭਾਵੇਂ ਉਹ ਉਸ ਦਾ ਭਰਾ ਹੀ ਕਿਉਂ ਨਾ ਲੱਗਦਾ ਹੋਵੇ, ਸਮਾਜ ਉਸ ਨੂੰ ਸ਼ੱਕ ਦੀ ਨਿਗਾਹ ਨਾਲ ਦੇਖੇਗਾ ਤੇ ਉਸ ਵਿਧਵਾ ਨੂੰ ਆਪਣੀ ਵਾਸਨਾ ਦਾ ਸ਼ਿਕਾਰ ਬਣਾਉਣਾ ਚਾਹੇਗਾ। 'ਭੀਸ਼ਮ-ਤਪੱਸਿਆ' ਵਿਚ ਵਿਧਵਾ ਲੱਛਮੀ ਉੱਪਰ ਜ਼ਿਮੀਂਦਾਰ ਪਹਿਲਾਂ ਬੁਰੀ ਅੱਖ ਰੱਖਦਾ ਹੈ, ਜਦ ਉੱਥੇ ਉਸ ਦੀ ਦਾਲ ਨਹੀਂ ਗਲਦੀ ਤਾਂ ਉਹ ਲੱਛਮੀ ਦੇ ਹਮਦਰਦ ਪੰਜਾਬੀ ਭਰਾ 'ਤੇ ਤੋਹਮਤਾਂ ਲਾ ਕੇ ਉਸ ਨੂੰ ਬਦਨਾਮ ਕਰਦਾ ਹੈ।ਜਦ ਔਰਤ ਨੂੰ ਸਮਾਜ ਵਿਚ ਇਸ ਤਰ੍ਹਾਂ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ ਤਾਂ ਫੇਰ ਹਾਰ ਕੇ ਵਿਚਾਰੀ ਔਰਤ, ਮਰਦ ਦੇ ਜ਼ੁਲਮਾਂ ਦੀ ਸ਼ਿਕਾਰ ਆਪਣਾ ਆਪ ਵੇਚਣ ਲਈ ਤਿਆਰ ਹੋ ਜਾਂਦੀ ਹੈ ਕਿਉਂਕਿ ਮਰਦ ਉਸ ਨੂੰ ਇੱਜ਼ਤ ਨਾਲ ਰੋਟੀ ਕਮਾਉਣ ਨਹੀਂ ਦੇਂਦਾ, ਹਰ ਥਾਂ 'ਤੇ ਉਸ ਨੂੰ ਮਰਦ ਦੀ ਕਾਮੁਕ ਭੁੱਖ ਦਾ ਸ਼ਿਕਾਰ ਹੋਣਾ ਪੈਂਦਾ ਹੈ।'ਪਛਾਣ' ਕਹਾਣੀ ਦੀ ਨਾਇਕਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ:-

"ਸਕੂਲ ਮਾਸਟਰਾਣੀਆਂ, ਨਰਸਾਂ, ਟਾਈਪਿਸਟਾਂ ਬਣ ਕੇ ਵੀ ਜਦ ਮਰਦਾਂ ਦੀ ਕਿਰਪਾ ਨਾਲ ਉਨ੍ਹਾਂ ਨੂੰ ਇਹ ਹੀ ਕੰਮ ਕਰਨਾ ਪੈਂਦਾ ਹੈ ਤਾਂ ਫਿਰ ਸਿੱਧਾ ਹੀ ਇਹ ਕੰਮ ਕਰ ਲੈਣਾ ਤਾਂ

ਖਰਾ ਸੌਦਾ ਹੈ। 13

ਮਰਦ, ਔਰਤ ਦੀ ਸੁੰਦਰਤਾ ਵੇਖ ਕੇ ਉਸ ਨੂੰ ਆਪਣੇ ਘਰ ਲੈ ਆਉਂਦਾ ਹੈ ਪਰ ਜਿਉਂ ਜਿਉਂ ਉਹ ਬੁੱਢੀ ਹੋ ਜਾਂਦੀ ਹੈ, ਉਹ ਉਸ ਨੂੰ ਘਰੋਂ ਕੱਢ ਦਿੰਦਾ ਹੈ। 'ਪੌੜੀਆਂ' ਕਹਾਣੀ ਵਿਚ ਚਾਂਦਨੀ ਦੀ ਸੁੰਦਰਤਾ 'ਤੇ ਡੁੱਲ੍ਹ ਕੇ ਅਮੀਰ ਕੋਠੀਦਾਰ ਉਸ ਨੂੰ ਆਪਣੇ ਘਰ ਲੈ ਆਉਂਦਾ ਹੈ ਤੇ ਉਮਰ ਵਧਣ ਤੇ ਉਹ ਉਸ ਨੂੰ ਛੱਡ ਦੇਂਦਾ ਹੈ ਤੇ ਹੁਣ ਵਿਚਾਰੀ ਵੇਸਵਾ ਬਣ ਜਾਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਔਰਤ ਸਮਾਜ ਵਿਚ ਵੇਸਵਾ ਦਾ ਪੇਸ਼ਾ ਕਿਉਂ ਅਪਣਾਉਂਦੀ ਹੈ? ਅਸਲ ਵਿਚ ਕਿਸੇ ਮਜਬੂਰੀ ਦੇ ਕਾਰਨ ਔਰਤ ਇਹ ਕੰਮ ਕਰਦੀ ਹੈ ਪਰ ਜੇ ਸਮਾਜ ਚਾਹੇ ਤਾਂ ਮੁੜ ਉਸ ਨੂੰ ਅਪਣਾ ਸਕਦਾ ਹੈ ਪਰ ਸਮਾਜ ਅਜਿਹੀਆਂ ਮਜਬੂਰ ਔਰਤਾਂ ਨੂੰ ਨਹੀਂ ਅਪਣਾਉਂਦਾ। ਇਥੋਂ ਤੱਕ ਕਿ ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਨੂੰ ਪਛਾਣਨ ਤੋਂ ਇਨਕਾਰ ਕਰ ਦੇਂਦੇ ਹਨ ਅਤੇ ਫਿਰ ਉਹ ਇਸ ਧੰਦੇ ਵਿਚ ਫਸ ਜਾਂਦੀਆਂ ਹਨ। 'ਪਛਾਣ' ਕਹਾਣੀ ਦੀ ਨਾਇਕਾ ਜੋ ਬਚਪਨ ਵਿਚ ਆਪਣੇ ਮਾਪਿਆਂ ਤੋਂ ਵਿਛੜਨ ਕਰਕੇ ਵੇਸਵਾ ਬਣ ਗਈ ਸੀ, ਮਾਪੇ ਮਿਲਣ ਤੇ ਉਹ ਉਸ ਨੂੰ ਅਪਣਾਉਣ ਤੋਂ ਇਨਕਾਰ ਕਰ ਦਿੰਦੇ ਹਨ।

"ਜਨਮ ਭ੍ਰਿਸ਼ਟ ਕਰ ਸੁੱਟਿਆ ਇਸ ਕੁੜੀ ਨੇ। ਜਾਣ ਦਿਓ ਜਿੱਥੋਂ ਇਹ ਆਈ ਹੈ।

"ਚਾਚਾ ਜੀ, ਉਸ ਦੋਜ਼ਖ਼ ਵਿਚ ਮੈਨੂੰ ਮੁੜ ਨਾ ਸੁੱਟਿਓ।"14

ਸੁਜਾਨ ਸਿੰਘ ਦੇ ਕਥਾ-ਸੰਸਾਰ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਕਥਾ-ਜਗਤ ਵਿਚ ਨਾ ਸਿਰਫ਼ ਸਾਡੇ ਸਮਾਜ ਦੇ ਕੌੜੇ ਯਥਾਰਥ ਨੂੰ ਹੀ ਪੇਸ਼ ਕਰਦਾ ਹੈ ਸਗੋਂ ਉਨ੍ਹਾਂ ਸਮਾਜਿਕ ਸਮੱਸਿਆਵਾਂ ਦਾ ਹੱਲ ਵੀ ਪੇਸ਼ ਕਰਦਾ ਹੈ। ਜਿਵੇਂ ਕਿ ਉੱਪਰ ਅਸੀਂ ਸੁਜਾਨ ਸਿੰਘ ਦੇ ਕਥਾ ਜਗਤ ਵਿਚ ਸਮਕਾਲੀ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਵੇਖਿਆ ਹੈ। ਲੇਖਕ ਇਸ ਲਿਤਾੜੀ ਜਾ ਰਹੀ ਔਰਤ ਨੂੰ ਸਮਾਜ ਵਿਚ ਉੱਚਾ ਰੁਤਬਾ ਦਿਵਾਉਣ ਲਈ ਚੇਤੰਨ ਕਰਦਾ ਹੈ ਤੇ ਉਨ੍ਹਾਂ ਸਥਿਤੀਆਂ ਤੋਂ ਵੀ ਜਾਣੂ ਕਰਵਾਉਂਦਾ ਹੈ ਜਿਸ ਨਾਲ ਔਰਤ ਸਮਾਜ ਵਿਚ ਆਰਥਿਕ ਤੇ ਸਮਾਜਿਕ ਪੱਖੋ ਸੁਤੰਤਰ ਹੋ ਸਕਦੀ ਹੈ। ਪ੍ਰੋ. ਧਰਮਪਾਲ ਸਿੰਗਲ ਅਨੁਸਾਰ:

"ਸੁਜਾਨ ਸਿੰਘ ਨੇ ਇਕ ਵਿਚਾਰ ਪੇਸ਼ ਕੀਤਾ ਹੈ ਕਿ ਇਸਤ੍ਰੀ ਜਾਤੀ ਨੂੰ ਆਪਣੇ ਬਚਾਅ ਲਈ ਸੁਆਰਥੀ ਪੁਰਸ਼ਾਂ ਵੱਲੋਂ ਜਾਂ ਕਿਸੇ ਸਮਾਜ ਵੱਲੋਂ ਕੋਈ ਆਸ ਰੱਖਣੀ ਵਿਅਰਥ ਹੈ, ਬਲਕਿ ਜ਼ਰੂਰਤ ਹੈ ਤਾਂ ਕੇਵਲ ਆਪਣੇ ਅੰਦਰ ਸਾਹਸ ਅਤੇ ਸਤਬਲ ਬਟੋਰਨ ਦੀ।"15

ਸੁਜਾਨ ਸਿੰਘ ਅਨੁਸਾਰ ਸਾਡੇ ਸਮਾਜ ਵਿਚਲੀ ਆਰਥਿਕਤਾ ਦੀ ਕਾਣੀ ਵੰਡ ਵੀ ਔਰਤ ਨੂੰ ਮਰਦ ਦੀ ਗੁਲਾਮ ਬਣਾਉਂਦੀ ਹੈ।ਔਰਤ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਹੀ ਬਚਪਨ ਵਿਚ ਪਿਓ ਦੀ, ਜਵਾਨੀ ਵਿਚ ਪਤੀ ਦੀ ਤੇ ਬੁਢਾਪੇ ਵਿਚ ਪੁੱਤਰ ਦੀ ਗੁਲਾਮ ਹੈ।ਆਰਥਕ ਪੱਖੋਂ ਜੇ ਉਹ ਸੁਤੰਤਰ ਹੋ ਜਾਵੇ ਤਾਂ ਉਸ ਨੂੰ ਮਰਦ ਦੀ ਗੁਲਾਮੀ ਨਹੀਂ ਕਰਨੀ ਪਵੇਗੀ। 'ਇਕ ਰਸਤਾ' ਕਹਾਣੀ ਵਿਚ ਸੁਜਾਨ ਸਿੰਘ ਨੇ ਇਸੇ ਵਿਚਾਰ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਦੀ ਨਾਇਕਾ ਬਿਮਲਾ ਪੜ੍ਹ-ਲਿਖ ਕੇ ਨੌਕਰੀ ਕਰਦੀ ਹੈ ਤੇ ਆਰਥਿਕ ਪੱਖੋਂ ਸੁਤੰਤਰ ਹੈ, ਭਾਵੇਂ ਉਹ ਨੀਵੀਂ ਕਹੀ ਜਾਣ ਵਾਲੀ ਜਾਤੀ ਦੀ ਹੈ ਪਰ ਇਕ ਪ੍ਰੋਫ਼ੈਸਰ ਜੋ ਅਖੌਤੀ ਉੱਚੀ ਜਾਤੀ ਦਾ ਹੈ ਉਸ ਨਾਲ ਵਿਆਹ ਕਰਵਾਉਣ ਦਾ ਇਛੁੱਕ ਹੈ।

ਸੁਜਾਨ ਸਿੰਘ ਆਪਣੇ ਕਥਾ ਸੰਸਾਰ ਵਿਚ ਕਈ ਥਾਵਾਂ ਤੇ ਔਰਤਾਂ ਨੂੰ ਇਕੱਠਿਆਂ ਹੋ ਕੇ ਲੜਨ ਲਈ ਪ੍ਰੇਰਦਾ ਹੈ। ਜੇ ਔਰਤ ਹਿੰਮਤ ਤੇ ਹੌਸਲੇ ਨਾਲ ਇਕਜੁੱਟ ਹੋ ਕੇ ਲੜੇ ਤਾਂ ਉਸ ਦੀ ਨਾਰੀ ਸ਼ਕਤੀ ਮਰਦ ਪ੍ਰਧਾਨ ਸਮਾਜ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆ ਸਕਦੀ ਹੈ:-

"ਪਰ ਵਿਦਿਆ, ਐਤਕੀਂ ਤੈਨੂੰ ਮੇਰੀ ਮਦਦ ਕਰਨੀ ਪਵੇਗੀ, ਉਸ ਪ੍ਰਬੰਧ ਦੇ ਲਿਆਉਣ ਵਿਚ, ਜਿਸ ਵਿਚ ਬੁੱਢੇ ਕੰਮ ਨਹੀਂ ਕਰਨਗੇ ਤੇ ਨੱਢੀਆਂ ਵਿਕਣਗੀਆਂ ਨਹੀਂ।"6

ਸੁਜਾਨ ਸਿੰਘ ਦੇ ਕਥਾ ਸੰਸਾਰ ਦੇ ਇਸਤਰੀ ਪਾਤਰ ਜਿਨ੍ਹਾਂ ਵਿਚ ਚੇਤੰਨਤਾ ਆ ਗਈ ਹੈ, ਉਹ ਸਮਾਜ ਵਿਚ ਕੁਰੀਤੀਆਂ ਨੂੰ ਰੋਕਣ ਲਈ ਮਰਦਾਂ ਨਾਲੋਂ ਵਧ ਕੇ ਕੰਮ ਕਰ ਰਹੀਆਂ ਹਨ। ਪ੍ਰੋ. ਧਰਮਪਾਲ ਸਿੰਗਲ ਅਨੁਸਾਰ,

"ਸੁਜਾਨ ਸਿੰਘ ਦੇ ਅਜਿਹੇ ਕ੍ਰਾਂਤੀਕਾਰ ਪਾਤਰ, ਮਾਨੋ ਸਾਖਿਆਤ ਰਣ-ਚੰਡੀਆਂ ਬਣ ਕੇ ਅਮਨ ਤੇ ਵਿਸ਼ਵ ਸ਼ਾਂਤੀ ਲਈ, ਅਨੇਕਾਂ ਮਾਵਾਂ ਭੈਣਾਂ ਨੂੰ ਵਿਧਵਾ ਹੋਣ ਤੋਂ ਬਚਾਉਣ ਲਈ ਜੀਵਨ-ਸੰਗ੍ਰਾਮ ਕਰ ਰਹੀਆਂ ਹਨ।"17

ਸਾਡੇ ਸਮਾਜ ਵਿਚ ਵੇਸਵਾਵ੍ਰਿਤੀ ਨੂੰ ਖ਼ਤਮ ਕਰਨ ਲਈ ਸੁਜਾਨ ਸਿੰਘ ਨੇ ਵੇਸਵਾਵਾਂ ਨੂੰ ਗ਼ਰੀਬ ਕਾਮਿਆਂ ਨਾਲ ਵਿਆਹ ਕਰ ਕੇ ਘਰ ਵਸਾਉਣ ਦਾ ਸੁਝਾਅ ਦਿੱਤਾ ਹੈ। 'ਡੇਢ ਆਦਮੀ' ਕਹਾਣੀ ਦਾ ਸਮਾਜਵਾਦੀ ਵਰਕਰ ਇਸ ਗੱਲ ਨੂੰ ਇਉਂ ਪੇਸ਼ ਕਰਦਾ ਹੈ:-

"ਇਹ ਆਪਣੇ ਵਰਗੇ ਮਜ਼ਦੂਰਾਂ ਨਾਲ ਸ਼ਾਦੀ ਕਰਨ, ਰਲ ਕੇ ਬੱਚਿਆਂ ਨੂੰ ਪਾਲਣ।"18

ਵਿੱਦਿਆ ਪ੍ਰਾਪਤੀ ਨਾਲ ਔਰਤ ਵਿਚ ਹੁਣ ਏਨੀ ਕੁ ਚੇਤੰਨਤਾ ਆ ਗਈ ਹੈ। ਕਿ ਉਹ ਆਪਣੀ ਪਸੰਦ ਦਾ ਜੀਵਨ ਸਾਥੀ ਚੁਣਨ ਲਈ ਸਮਾਜ ਦੇ ਖ਼ਿਲਾਫ਼ ਬਗ਼ਾਵਤ ਕਰ ਰਹੀ ਹੈ। ਹੁਣ ਉਸ ਨੂੰ ਅਣਜੋੜ ਵਿਆਹ ਕਬੂਲ ਨਹੀਂ। 'ਘੜੀ ਦੀ ਦੁਨੀਆ' ਕਹਾਣੀ ਦੀ ਨਾਇਕਾ ਜੋ ਉੱਚੀ ਜਾਤ ਦੀ ਹੈ, ਉਹ ਸਪੱਸ਼ਟ ਰੂਪ ਵਿਚ ਆਪਣੇ ਪਿਤਾ ਨੂੰ ਆਪਣੇ ਪ੍ਰੇਮੀ ਨਾਲ ਵਿਆਹ ਕਰਨ ਲਈ ਕਹਿੰਦੀ ਹੈ। ਉਸ ਦੀ ਮਰਜ਼ੀ ਨਾਲ ਵਿਆਹ ਨਾ ਹੋਣ ਦੀ ਸਥਿਤੀ ਵਿਚ ਉਹ ਆਪਣੇ ਪਿਤਾ ਨਾਲ ਸਾਰੀ ਜ਼ਿੰਦਗੀ ਕੁਆਰੀ ਰਹਿਣ ਦਾ ਵਾਇਦਾ ਕਰਦੀ ਹੈ।

ਸੁਜਾਨ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਕੇਵਲ ਸਮਾਜਕ ਸਮੱਸਿਆਵਾਂ ਨੂੰ ਹੀ ਪੇਸ਼ ਨਹੀਂ ਕੀਤਾ, ਬਲਕਿ ਮਨੁੱਖੀ ਮਨੋਵਿਗਿਆਨ ਨਾਲ ਸੰਬੰਧਤ ਕਹਾਣੀਆਂ ਨੂੰ ਵੀ ਪੇਸ਼ ਕੀਤਾ ਹੈ। 'ਰਾਸਲੀਲਾ' ਕਹਾਣੀ ਔਰਤ ਤੇ ਮਰਦ ਦੀ ਮਾਨਸਿਕਤਾ ਦਾ ਵਧੀਆ ਨਮੂਨਾ ਪੇਸ਼ ਕਰਦੀ ਹੈ। 'ਰਾਸ ਲੀਲਾ' ਸੁਜਾਨ ਸਿੰਘ ਦੀ ਇਕ ਹੋਰ ਮਨੋਵਿਗਿਆਨਕ ਕਹਾਣੀ ਹੈ ਜਿਸ ਵਿਚ ਲੇਖਕ ਨੇ ਇਕ ਅਜਿਹੀ ਜਵਾਨ ਪਤਨੀ ਦੀਆਂ ਮਨੋਵਿਗਿਆਨਕ ਹਲਾਤਾਂ ਨੂੰ ਪੇਸ਼ ਕੀਤਾ ਹੈ, ਜਿਸ ਦਾ ਵਿਆਹ ਸੱਠ ਸਾਲ ਦੇ ਬੁੱਢੇ ਨਾਲ ਹੋਇਆ ਹੈ ਤੇ ਉਹ ਬੁੱਢਾ ਉਸ ਜਵਾਨ ਔਰਤ ਦੀਆਂ ਸਰੀਰਕ ਲੋੜਾਂ ਨੂੰ ਤ੍ਰਿਪਤ ਨਹੀਂ ਕਰ ਸਕਦਾ। ਇਹ ਔਰਤ ਆਪਣੀਆਂ ਅਤ੍ਰਿਪਤ ਵਾਸਨਾਵਾਂ ਦੀ ਤ੍ਰਿਪਤੀ ਇਕ ਬੱਚੇ ਦੇ ਚਿਹਰੇ ਤੋਂ ਕਰਦੀ ਹੈ। ਉਸ 'ਚੋਂ ਆਪਣੇ ਪ੍ਰੇਮੀ ਨੂੰ ਦੇਖਦੀ ਹੈ। ਡਾ. ਕੁਲਬੀਰ ਸਿੰਘ ਕਾਂਗ ਅਨੁਸਾਰ:-

"ਇਹ ਸੁਜਾਨ ਸਿੰਘ ਦੀ ਇਕ ਵਧੀਆ ਮਨੋਵਿਗਿਆਨਕ ਕਹਾਣੀ ਹੈ ਜਿਸ ਵਿਚ ਲੇਖਕ ਨੇ, ਬੜੀ ਹੀ ਸਾਦਗੀ ਨਾਲ ਜੁਆਨ ਰੀਝਾਂ ਨੂੰ ਮਨੋਵਿਗਿਆਨਕ ਛੋਹ ਦਿਤੀ ਹੈ।"19

'ਪਠਾਣ ਦੀ ਧੀ' ਨਾਮੀ ਕਹਾਣੀ ਵਿਚ ਸੁਜਾਨ ਸਿੰਘ ਨੇ ਇਕ ਹੋਰ ਅਹਿਮ ਮਨੋਵਿਗਿਆਨਕ ਸੱਚਾਈ ਨੂੰ ਪੇਸ਼ ਕੀਤਾ ਹੈ ਕਿ ਦੂਜੇ ਬੱਚੇ ਦੇ ਜਨਮ 'ਤੇ ਮਾਂ ਦਾ ਪਹਿਲੇ ਬੱਚੇ ਨਾਲ ਪਿਆਰ ਘਟ ਜਾਂਦਾ ਹੈ। ਇੰਜ ਕਰਨ ਨਾਲ ਪਹਿਲਾ ਬੱਚਾ ਆਪਣੇ ਆਪ ਨੂੰ ਅਨਾਥ ਸਮਝਦਾ ਹੈ ਤੇ ਇਸ ਦਾ ਅਸਰ ਉਸਦੇ ਸੁਭਾਅ'ਤੇ ਵੀ ਪੈਂਦਾ ਹੈ ਤੇ ਬੱਚਾ ਹੁਣ ਚਿੜਚਿੜਾ ਜਿਹਾ ਹੋ ਜਾਂਦਾ ਹੈ। ਇਸ ਕਹਾਣੀ ਵਿਚ ਤੇਜੋ ਤੇ ਉਸਦਾ ਸਰਦਾਰ ਆਪਣੇ ਤੀਜੇ ਬੱਚੇ ਨੂੰ ਪਿਆਰ ਨਹੀਂ ਕਰਦੇ, ਅਜਮੇਰ ਤੇ ਵੀਰੋ ਵੀ ਆਪਣੀ ਛੋਟੀ ਭੈਣ ਨੂੰ ਚਿੜਾਉਂਦੇ ਰਹਿੰਦੇ ਹਨ ਜਿਸ ਦਾ ਅਸਰ ਉਸ ਬੱਚੇ ਦੀ ਮਾਨਸਿਕਤਾ 'ਤੇ ਪੈਂਦਾ ਹੈ ਤੇ ਉਹ ਇਕ ਗ਼ੈਰ ਪਠਾਣ ਨੂੰ ਆਪਣਾ ਰਾਖਾ ਸਮਝਦੀ ਹੈ ਕਿਉਂਕਿ ਉਸ ਕੋਲੋਂ ਉਸਨੂੰ ਪਿਆਰ ਮਿਲਦਾ ਹੈ। ਇਸੇ ਕਰਕੇ ਪਠਾਣ ਦੇ ਫੜ੍ਹੇ ਜਾਣ 'ਤੇ ਉਸ ਕੁੜੀ ਨੂੰ ਬਹੁਤ ਦੁੱਖ ਲੱਗਦਾ ਹੈ।

ਸੁਜਾਨ ਸਿੰਘ ਨੇ ਮਨੁੱਖੀ ਮਨੋਜਗਤ ਦੇ ਯਥਾਰਥ ਨੂੰ ਆਪਣੇ ਕਥਾ ਜਗਤ ਵਿਚ ਪੇਸ਼ ਕੀਤਾ ਹੈ। 'ਮਨੁੱਖ ਤੇ ਪਸ਼ੂ'ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿ ਇਕ ਅਮੀਰ ਆਦਮੀ ਦੀ ਮਾਨਸਿਕ ਬਿਰਤੀ ਇਹ ਹੈ ਕਿ ਉਹ ਨਹੀਂ ਚਾਹੁੰਦਾ ਕਿ ਗ਼ਰੀਬ ਸਮਾਜ ਵਿਚ ਉਤਾਂਹ ਉੱਠੇ ਤੇ ਆਪਣਾ ਜੀਵਨ ਸੁਧਾਰੇ। ਕਹਾਣੀ ਵਿਚਲਾ ਅਮੀਰ ਪਾਤਰ, ਇਕ ਗ਼ਰੀਬ ਸਮਾਜਿਕ ਕਾਮੇ ਨੂੰ ਇਸ ਲਈ ਜੀਪ ਹੇਠਾਂ ਦੇ ਕੇ ਮਾਰ ਦਿੰਦਾ ਹੈ ਕਿਉਂਕਿ ਇਹ ਕਿਰਤੀ ਗ਼ਰੀਬ ਵਰਗ ਦੀ ਹਾਲਤ ਨੂੰ ਸੁਧਾਰਨ ਲਈ ਕੰਮ ਕਰ ਰਿਹਾ ਸੀ ਜੋ ਕਿ ਅਮੀਰ ਵਰਗ ਦੀ ਸਥਾਪਤੀ ਦੇ ਖ਼ਿਲਾਫ਼ ਹੈ।

ਸਾਡੇ ਸਮਾਜ ਦਾ ਇਕ ਹੋਰ ਯਥਾਰਥ ਹੈ ਜਿਸ ਨੂੰ ਸੁਜਾਨ ਸਿੰਘ ਨੇ ਆਪਣੇ ਕਥਾ-ਜਗਤ ਵਿਚ ਪੇਸ਼ ਕੀਤਾ ਹੈ। ਉਸ ਨੇ ਅੰਧ-ਵਿਸ਼ਵਾਸਾਂ ਤੇ ਵਹਿਮਾਂ-ਭਰਮਾਂ ਤੋਂ ਝੂਠ ਦਾ ਪਰਦਾ ਲਾਹ ਕੇ ਇਸ ਨੂੰ ਬੇਨਕਾਬ ਕਰ ਦਿੱਤਾ। 'ਜਾਗੋ' ਕਹਾਣੀ ਸਾਡੇ ਦੇਵੀ-ਪੂਜਣ ਵਿਚ ਵਿਸ਼ਵਾਸ ਰੱਖਣ ਵਾਲੇ ਸਮਾਜ 'ਤੇ ਕਰਾਰੀ ਸੱਟ ਹੈ। ਕਹਾਣੀ ਦੀ ਨਾਇਕਾ ਪੁਰੋ ਦੇਵੀ ਦੀ ਮੰਨਤ ਨੂੰ ਪੂਰੀਆਂ ਕਰਨ ਲਈ ਆਪਣੇ ਨਵੇਂ ਜੰਮੇ ਬੱਚੇ ਦੀ ਖੁਰਾਕ ਤੇ ਆਪਣੇ ਲਈ ਮੰਗਾਏ ਘਿਓ ਨੂੰ ਆਪ ਖਾਣ ਦੀ ਬਜਾਇ ਦੇਵੀ ਪੂਜਣ ਲਈ ਬਚਾ ਲੈਂਦੀ ਹੈ ਅਤੇ ਹੋਰ ਕੁਝ ਪੈਸੇ ਆਪਣੇ ਤੇ ਬੱਚੇ ਦੀ ਖੁਰਾਕ 'ਚੋਂ ਬਚਾ ਕੇ ਭਗਤਾਂ ਦੀਆਂ ਪੱਗਾਂ ਆਦਿ 'ਤੇ ਖ਼ਰਚ ਦੇਂਦੀ ਹੈ ਤਾਂਕਿ ਦੇਵੀ ਉਸ 'ਤੇ ਨਾਰਾਜ਼ ਨਾ ਹੋਵੇ ਪਰ ਨਤੀਜੇ ਵਜੋਂ ਉਹ ਆਪਣੇ ਨਵੇਂ ਜੰਮੇ ਬੱਚੇ ਨੂੰ ਹੱਥੋਂ ਗੁਆ ਬੈਠਦੀ ਹੈ।

'ਬੰਦ ਖ਼ਲਾਸ' ਕਹਾਣੀ ਵਿਚ ਔਰਤ ਦੇ ਵਹਿਮਾਂ ਭਰਮਾਂ ਦਾ ਇਕ ਹੋਰ ਰੂਪ ਵੇਖਣ ਨੂੰ ਮਿਲਦਾ ਹੈ। ਰਸ਼ੀਦਾਂ ਦੀ ਸੁੰਦਰਤਾ 'ਤੇ ਉਨ੍ਹਾਂ ਦਾ ਗਵਾਂਢੀ ਮੁੰਡਾ ਡੁੱਲ੍ਹ ਜਾਂਦਾ ਹੈ। ਉਂਝ ਤਾਂ ਰਸ਼ੀਦਾਂ ਉਸ ਦੇ ਕਾਬੂ ਨਹੀਂ ਆਉਂਦੀ ਪਰ ਮੁੰਡਾ ਉਸ ਨੂੰ ਉਹਦੇ ਨੰਗੇ ਚਿੱਤਰ ਵਿਖਾ ਕੇ ਆਪਣੇ ਜਾਲ ਵਿਚ ਫਸਾ ਲੈਂਦਾ ਹੈ। ਰਸ਼ੀਦਾ ਇਨ੍ਹਾਂ ਚਿੱਤਰਾਂ ਨੂੰ ਭੂਤ ਪ੍ਰੇਤ ਦੀ ਕਰਾਮਾਤ ਸਮਝ ਕੇ ਇਸ ਕਸ਼ਟ ਦੇ ਨਿਵਾਰਨ ਲਈ ਮਹਾਤਮਾ ਕੋਲ ਜਾਂਦੀ ਹੈ। ਇਹ ਮਹਾਤਮਾ ਉਹ ਮੁੰਡਾ ਹੈ ਜੋ ਝੂਠੇ ਮੰਤਰ ਪੜ੍ਹ ਕੇ ਰਸ਼ੀਦਾ ਤੋਂ ਉਹਦੇ ਸਾਰੇ ਕੱਪੜੇ ਉਤਰਵਾ ਕੇ ਉਸ ਨੂੰ ਹੱਥ ਲਾਉਂਦਾ ਹੈ. ਬਾਅਦ ਵਿਚ ਉਸ ਨੂੰ ਮੁੰਡੇ ਦੇ ਭੇਤ ਦਾ ਪਤਾ ਲੱਗਦਾ ਹੈ ਤਾਂ ਫੇਰ ਉਹ ਉਸ ਨੂੰ ਗਾਲ੍ਹਾਂ ਕੱਢਦੀ ਹੈ। ਇਸ ਤਰ੍ਹਾਂ 'ਪ੍ਰਾਹੁਣਾ' ਕਹਾਣੀ ਵਿਚ ਲੇਖਕ ਨੇ ਜਾਤ-ਪਾਤ ਦੀ ਗੱਲ ਕੀਤੀ ਹੈ ਕਿ ਦੂਜੀ ਬਿਰਾਦਰੀ ਵਿਚ ਕੁੜੀ ਦਾ ਵਿਆਹ ਕਰਨ 'ਤੇ ਆਪਣੀ ਹੀ ਬਿਰਾਦਰੀ ਦੇ ਲੋਕ ਉਨ੍ਹਾਂ ਨੂੰ ਛੱਡ ਦਿੰਦੇ ਹਨ। ਕਹਾਣੀ ਦੇ ਅੰਤ ਵਿਚ ਲੇਖਕ ਨੇ ਇਸ ਜਾਤ-ਪਾਤ ਦੇ ਝਗੜੇ ਨੂੰ ਮੁਕਾਉਣ ਲਈ ਗੁਰੂ ਗ੍ਰੰਥ

ਸਾਹਿਬ ਦੀ ਇਹ ਤੁਕ ਦੇ ਕੇ ਸਮਾਨਤਾ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਹੈ:

"ਏਕੁ ਪਿਤਾ ਏਕਸ ਕੇ ਹਮ ਬਾਰਿਕ", ਫੇਰ ਭਾਈ ਭਾਈ ਹੀ ਨਾ ਹੋਏ ਸਾਰੇ।"20

ਸੁਜਾਨ ਸਿੰਘ ਦੇ ਕਥਾ ਸੰਸਾਰ ਵਿਚ ਪੇਸ਼ ਹੋਏ ਸਮਾਜਿਕ ਯਥਾਰਥ ਦਾ ਇਕ ਹੋਰ ਪਹਿਲੂ ਅਜੋਕੇ ਮਨੁੱਖ ਦੇ ਦੋਹਰੇ ਕਿਰਦਾਰ ਨੂੰ ਪੇਸ਼ ਕਰਦਾ ਹੈ। ਇਹ ਮਨੁੱਖ ਅੰਦਰੋਂ ਹੋਰ ਤੇ ਬਾਹਰੋਂ ਹੋਰ ਹੈ। 'ਦ ਪ੍ਰੋਫ਼ੈਸਰ' ਨਾਮੀ ਕਹਾਣੀ ਵਿਚ ਲੇਖਕ ਅੰਗਰੇਜ਼ੀ ਦੇ ਪ੍ਰੋਫ਼ੈਸਰ ਦੀ ਦੋਹਰੀ ਸ਼ਖ਼ਸੀਅਤ ਨੂੰ ਪੇਸ਼ ਕਰਦਾ ਹੈ ਜੋ ਕਵਿਤਾ ਪੜ੍ਹਾਉਂਦਿਆਂ ਹੋਇਆ, ਗ਼ਰੀਬਾਂ ਦੇ ਹੱਕ ਵਿਚ ਬੋਲਦਾ ਹੈ, ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ ਪਰ ਥੋੜ੍ਹੀ ਦੇਰ ਬਾਅਦ ਉਹ ਇਕ ਵਿਦਿਆਰਥੀ ਨੂੰ ਸਿਰਫ਼ ਇਸ ਲਈ ਡਾਂਟਦਾ ਹੈ ਕਿ ਉਸ ਨੇ ਹਾਲੇ ਤਕ ਫ਼ੀਸ ਨਹੀਂ ਦਿੱਤੀ।

"ਜੇ ਤੁਸੀਂ ਲੋਕ ਫੀਸਾਂ ਤੇ ਦਾਖ਼ਲੇ ਨਹੀਂ ਦੇ ਸਕਦੇ ਤਾਂ ਤੁਸੀਂ ਕਾਲਜਾਂ ਵਿਚ ਪੜ੍ਹਨ ਕਿਉਂ ਆਉਂਦੇ ਹੋ?"21

'ਰੱਬ ਦੀ ਮੌਤ' ਕਹਾਣੀ ਵਿਚ ਲੇਖਕ ਨੇ ਫੱਫੇਕੁੱਟਣੀਆਂ ਔਰਤਾਂ ਦੀ ਦੋਹਰੀ ਸ਼ਖ਼ਸੀਅਤ ਨੂੰ ਪੇਸ਼ ਕੀਤਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਅਜੋਕਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਪੈਸੇ ਦੀ ਖ਼ਾਤਰ ਉਹ ਇਕ ਔਰਤ ਦੀ ਇੱਜ਼ਤ ਵੀ ਵੇਚ ਸਕਦਾ ਹੈ। ਰੇਸ਼ਮੋਂ ਨੂੰ ਉਸ ਦੀ ਗੁਆਂਢਣ ਪੈਸੇ ਦੇ ਲਾਲਚ ਦੀ ਖ਼ਾਤਰ ਇਕ ਮਾੜੇ ਆਚਰਨ ਵਾਲੇ ਫ਼ੈਕਟਰੀ ਮਾਲਕ ਕੋਲ ਕੰਮ ਲਈ ਲੈ ਜਾਂਦੀ ਹੈ ਜਿਸ ਦੀ ਨਜ਼ਰ ਰੇਸ਼ਮੋਂ ਦੇ ਸਰੀਰ 'ਤੇ ਹੈ। ਸਾਡੇ ਸਮਾਜ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇਗਾ, ਜਿਸ ਨੂੰ ਸੁਜਾਨ ਸਿੰਘ ਨੇ ਆਪਣੇ ਕਥਾ ਜਗਤ ਦਾ ਵਿਸ਼ਾ ਨਾ ਬਣਾਇਆ ਹੋਵੇ।

ਸਮਾਜ ਦੇ ਕੌੜੇ ਸੱਚ ਨੂੰ ਪੇਸ਼ ਕਰਨ ਵਾਲਾ ਲੇਖਕ, ਪਿਆਰ ਦੇ ਵਿਸ਼ੇ ਨੂੰ ਵੀ ਆਪਣੀਆਂ ਰਚਨਾਵਾਂ ਦਾ ਆਧਾਰ ਬਣਾਉਂਦਾ ਹੈ। "ਐਕਸੀਡੈਂਟ' ਕਹਾਣੀ ਵਿਚ ਸੁਜਾਨ ਸਿੰਘ ਪਿਆਰ ਦੀ ਗੱਲ ਕਰਦਾ ਦੱਸਦਾ ਹੈ ਕਿ ਪਿਆਰ ਵਿਚ ਸਰੀਰਕ ਮਿਲਾਪ ਵੀ ਹੋਣਾ ਚਾਹੀਦਾ ਹੈ ਪਰ ਇਹ ਸਰੀਰਕ ਪਿਆਰ ਦੋਹਾਂ ਧਿਰਾਂ ਦੀ ਇੱਛਾ ਅਨੁਸਾਰ ਹੋਣਾ ਚਾਹੀਦਾ ਹੈ। ਇਕ ਧਿਰ ਦੀ ਮਰਜ਼ੀ ਹੋਣ 'ਤੇ ਕੀਤਾ ਸਰੀਰਕ ਪਿਆਰ, ਪਿਆਰ ਨਹੀਂ ਵਹਿਸ਼ਤ ਹੈ ਜੋ ਸਮਾਜ ਵਿਚ ਗੰਦ ਫੈਲਾਉਂਦਾ ਹੈ। ਸੁਜਾਨ ਸਿੰਘ ਨੇ ਪੇਟ ਦੀ ਭੁੱਖ ਦੇ ਨਾਲ ਨਾਲ ਸਰੀਰਕ ਭੁੱਖ ਨੂੰ ਵੀ ਮਹੱਤਤਾ ਦਿੱਤੀ ਹੈ। 'ਸਮੁੱਚੇ ਤੌਰ 'ਤੇ ਇਨ੍ਹਾਂ ਕਹਾਣੀਆਂ ਵਿਚ ਕਹਾਣੀ ਲੇਖਕ ਨੇ ਪੇਟ ਦੀ ਭੁੱਖ ਦੇ ਨਾਲ ਨਾਲ ਸਰੀਰਕ ਭੁੱਖ ਦਾ ਵੀ ਜ਼ਿਕਰ ਕੀਤਾ ਹੈ ਪਰ ਬੜੇ ਸੁਚੱਜੇ ਢੰਗ ਨਾਲ।"22

ਸੁਜਾਨ ਸਿੰਘ ਦੇ ਕਥਾ ਜਗਤ ਵਿਚ ਪਿਆਰ ਦੇ ਵਿਸ਼ੇ ਨੂੰ ਵਿਸਥਾਰ ਸਹਿਤ ਪੇਸ਼ ਕੀਤਾ ਗਿਆ ਹੈ। ਸੁਜਾਨ ਸਿੰਘ ਪਿਆਰ ਦੇ ਰਾਹ ਵਿਚ ਜਾਤ-ਪਾਤ ਤੇ ਅਮੀਰ ਗ਼ਰੀਬ ਦੀ ਦੀਵਾਰ ਖੜੀ ਕਰਨ ਵਾਲੇ ਸਮਾਜ ਵਿਰੁੱਧ ਮੁੰਡੇ ਕੁੜੀਆਂ ਨੂੰ ਬਗ਼ਾਵਤ ਕਰਨ ਲਈ ਪ੍ਰੇਰਦਾ ਹੈ। 'ਘੜੀ ਦੀ ਦੁਨੀਆਂ' ਕਹਾਣੀ ਦੀ ਨਾਇਕਾ ਸੋਹਣੀ ਪਿਆਰ ਦੀ ਖ਼ਾਤਿਰ ਆਪਣੇ ਪਿਓ ਦੇ ਖ਼ਿਲਾਫ਼ ਬਗ਼ਾਵਤ ਕਰਦੀ ਹੈ। 'ਚਿੱਠੀ ਦੀ ਉਡੀਕ' ਕਹਾਣੀ ਵਿਚ ਲੇਖਕ ਨੇ ਦੱਸਿਆ ਹੈ ਕਿ ਪਿਆਰ ਨੂੰ ਸੋਨੇ-ਚਾਂਦੀ ਦੇ ਸਿੱਕਿਆਂ ਵਿਚ ਨਹੀਂ ਤੋਲਣਾ ਚਾਹੀਦਾ। ਪਿਆਰ ਧੰਨ-ਦੌਲਤ ਤੋਂ ਵੱਡੀ ਦੌਲਤ ਹੈ। ਸੱਚਾ ਪਿਆਰ ਤਾਂ ਹੀ ਹੋ ਸਕਦਾ ਹੈ ਜੇ ਦੋਹਾਂ ਧਿਰਾਂ ਵਿਚ ਆਰਥਕ ਸਮਾਨਤਾ ਹੋਵੇ ! "ਅਸਲੀ ਪਿਆਰ ਤਾਂ ਉਥੇ ਹੀ ਹੋ ਸਕਦਾ ਏ ਜਿੱਥੇ ਆਦਮੀ ਤੇ ਤੀਵੀ ਦੋਵੇਂ ਕਾਮੇ ਹੋਣ। ਆਰਥਿਕ ਤੌਰ 'ਤੇ ਆਜ਼ਾਦ

ਹੋਣ ਤੇ ਹਰ ਹਾਲਤ ਵਿਚ ਬਰਾਬਰ ਹੋਣ।''23

'ਦੇਸ਼ ਪਿਆਰ'ਸੁਜਾਨ ਸਿੰਘ ਦੇ ਕਥਾ-ਜਗਤ ਦਾ ਅਗਲਾ ਪੜਾਅ ਹੈ। ਇਸ ਵਿਚ ਲੇਖਕ ਨੇ ਇਸ ਗੱਲ ਵੱਲ ਧਿਆਨ ਦਵਾਇਆ ਹੈ ਕਿ ਸਾਡੇ ਦੇਸ਼ ਦੇ ਲੋਕਾਂ ਦੀ ਮਿਹਨਤ ਕੌਣ ਖਾ ਰਿਹਾ ਹੈ ? ਸਾਡੇ ਕਿਸਾਨਾਂ ਨੂੰ ਸਖ਼ਤ ਮਿਹਨਤ ਦੇ ਬਾਵਜੂਦ ਵੀ ਰੱਜਵੀਂ ਰੋਟੀ ਨਸੀਬ ਨਹੀਂ ਹੁੰਦੀ ਪਰ ਹੁਣ ਸਾਡਾ ਕਿਸਾਨ ਇਸ ਗੱਲ ਪ੍ਰਤੀ ਚੇਤੰਨ ਹੋ ਗਿਆ ਹੈ ਕਿ ਸਾਨੂੰ ਕੋਈ ਲੁੱਟ ਰਿਹਾ ਹੈ।ਇਸ ਦੇ ਨਾਲ ਹੀ ਸੁਜਾਨ ਸਿੰਘ ਨੇ ਜੰਗ ਕਾਰਨ ਹੋਈ ਮਨੁੱਖਤਾ ਦੀ ਤਬਾਹੀ ਦਾ ਭਿਆਨਕ ਚਿੱਤਰ ਪੇਸ਼ ਕਰ ਕੇ ਜੰਗ ਪ੍ਰਤੀ ਨਫ਼ਰਤ ਪੈਦਾ ਕੀਤੀ ਹੈ ਅਤੇ ਅਮਨ ਸ਼ਾਂਤੀ ਲਈ ਪ੍ਰੇਰਨਾ ਦਿੱਤੀ ਹੈ। 'ਝੂਠ-ਸੱਚ' ਕਹਾਣੀ ਦੀ ਨਾਇਕਾ ਦਾ ਇਹ ਕਹਿਣਾ ਕਿ:-

''ਆਖ਼ਰ ਹਿੰਦੁਸਤਾਨੀ ਫ਼ੌਜੀ ਅਫ਼ਸਰ ਤੁਸੀਂ ਲੜਦੇ ਕਿਸ ਲਈ ਹੋ? ਇਹ ਲੋਕ ਕਿਉਂ ਲੜਦੇ ਹਨ? ਮੇਰੇ ਵਰਗੀਆਂ ਨੂੰ ਯਤੀਮ ਬਣਾਉਣ ਲਈ ਹੀ ਨਾ?''24

ਨਾਇਕਾ ਦੇ ਮੂੰਹੋਂ ਇਹ ਵਾਰਤਾਲਾਪ ਅਖਵਾ ਕੇ ਸੁਜਾਨ ਸਿੰਘ ਸਾਡੇ ਸਾਹਮਣੇ ਜੰਗ ਦੇ ਪ੍ਰਤੀ ਨਫ਼ਰਤ ਦੀ ਭਾਵਨਾ ਨੂੰ ਪੈਦਾ ਕਰਦਾ ਹੈ।ਸੁਜਾਨ ਸਿੰਘ ਸਾਡੇ ਸਮਾਜ ਵਿਚ ਅਪੰਗ ਅਤੇ ਅਸਮਰੱਥ ਲੋਕਾਂ ਦੇ ਸਮਾਜਿਕ ਯਥਾਰਥ ਨੂੰ ਵੀ ਪੇਸ਼ ਕਰਦਾ ਹੈ ਕਿ ਪਹਿਲਾਂ ਕੁਦਰਤ ਨੇ ਇਨ੍ਹਾਂ ਨਾਲ ਇਨਸਾਫ਼ ਨਹੀਂ ਕੀਤਾ ਤੇ ਹੁਣ ਸਾਡਾ ਸਮਾਜ ਵੀ ਉਨ੍ਹਾਂ ਨਾਲ ਇਨਸਾਫ਼ ਨਹੀਂ ਕਰ ਰਿਹਾ। ਇਥੇ ਹਰ ਰੋਜ਼ ਕਈ ਅੰਗਹੀਣਾਂ ਦੀਆਂ ਆਸਾਂ ਦਾ ਖ਼ੂਨ ਹੁੰਦਾ ਹੈ। 'ਖ਼ੂਨ' ਕਹਾਣੀ ਵਿਚ ਦੋ ਅੰਨ੍ਹੇ ਕਿਸੇ ਕਾਨਫ਼ਰੰਸ ਵਿਚ ਜਾਣ ਲਈ ਸਟੇਸ਼ਨ 'ਤੇ ਜਾਂਦੇ ਹਨ। ਸਰਕਾਰੀ ਕਰਮਚਾਰੀ ਉਨ੍ਹਾਂ ਨਾਲ ਹਮਦਰਦੀ ਭਰਿਆ ਸਲੂਕ ਕਰਨ ਦੀ ਥਾਂ ਜੰਗਲੇ ਦਾ ਬੂਹਾ ਬੰਦ ਕਰ ਦਿੰਦਾ ਹੈ ਅਤੇ ਉਨ੍ਹਾਂ ਨੂੰ ਅਗਾਂਹ ਜਾਣ ਦੀ ਇਜਾਜ਼ਤ ਨਹੀਂ ਦਿੰਦਾ। ਉਹ ਵਿਚਾਰੇ ਉੱਥੇ ਹੀ ਰਹਿ ਜਾਂਦੇ ਹਨ ਅਤੇ ਕਾਨਫ਼ਰੰਸ ਵਿਚ ਨਹੀਂ ਜਾ ਪਾਉਂਦੇ।ਉਪਰੋਕਤ ਚਰਚਾ ਤੋਂ ਉਪਰੰਤ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਪ੍ਰਿੰਸੀਪਲ ਸੁਜਾਨ ਸਿੰਘ ਨੇ ਸਾਡੇ ਸਮਾਜ ਦੇ ਕੌੜੇ ਯਥਾਰਥ ਨੂੰ ਆਪਣੇ ਕਥਾ ਜਗਤ ਦਾ ਆਧਾਰ ਬਣਾਇਆ ਹੈ।ਸਮਾਜ ਵਿਚਲੀ ਦਾਜ ਦੀ ਸਮੱਸਿਆ, ਆਰਥਿਕ ਕਾਣੀ ਵੰਡ ਕਾਰਨ ਅਮੀਰਾਂ ਦੁਆਰਾ ਗ਼ਰੀਬਾਂ ਉੱਤੇ ਕੀਤਾ ਜਾਂਦਾ ਜ਼ੁਲਮ, ਸਮਾਜ ਵਿਚ ਔਰਤ ਨਾਲ ਦੂਜੈਲਾ ਤੇ ਅਪਮਾਨਜਨਕ ਵਿਹਾਰ, ਅਨਪੜ੍ਹਤਾ ਕਾਰਨ ਵਧ ਰਹੇ ਅੰਧ-ਵਿਸ਼ਵਾਸ਼ ਤੇ ਵਹਿਮ-ਭਰਮ, ਨਿੱਜ-ਮੁਖੀ ਤੇ ਪਦਾਰਥਵਾਦੀ ਦੌੜ ਦਾ ਹਿੱਸਾ ਬਣੇ ਮਨੁੱਖ ਦੀ ਦੋਹਰੀ ਸ਼ਖ਼ਸੀਅਤ, ਜੰਗ ਦਾ ਸੰਤਾਪ ਹੰਢਾਂ ਰਹੇ ਪਰਿਵਾਰ ਖਾਸ ਕਰ ਵਿਧਵਾ ਔਰਤਾਂ ਦੀ ਤ੍ਰਾਸਦਿਕ ਹਾਲਤ ਆਦਿ ਵਿਸ਼ੇ ਸੁਜਾਨ ਸਿੰਘ ਦੀ ਕਥਾਕਾਰੀ ਦੇ ਕੇਂਦਰ ਵਿਚ ਰਹੇ ਹਨ।ਇਸ ਤੋਂ ਸਪੱਸ਼ਟ ਹੈ ਕਿ ਸੁਜਾਨ ਸਿੰਘ ਨੇ ਸਾਡੇ ਸਮਾਜਿਕ ਯਥਾਰਥ ਦਾ ਆਪਣੇ ਕਥਾ-ਜਗਤ ਵਿਚ ਸਫਲਤਾਪੂਰਵਕ ਕਲਾਤਮਕ ਰੂਪਾਂਤਰਨ ਕੀਤਾ ਹੈ।

## ਹਵਾਲੇ

1. ਦੀਵਾਨ ਸਿੰਘ (ਡਾ), 'ਮੁੱਖਬੰਧ', ਬਿਕਰਮ ਸਿੰਘ ਘੁੰਮਣ (ਸੰ.), ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਨਾ 7.
2. ਬਿਕਰਮ ਸਿੰਘ ਘੁੰਮਣ, ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਨਾ 81.
3. ਲਾਸਕੀ ਹੈਰਲਡ ਦਾ ਕਥਨ, ਹਵਾਲਾ, ਦਲੀਪ ਕੌਰ ਟਿਵਾਣਾ, ਪੰਜ ਪ੍ਰਮੁੱਖ ਕਹਾਣੀਕਾਰ, ਪੰਨਾ 57.

4. ਬਿਕਰਮ ਸਿੰਘ ਘੁੰਮਣ, ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਨਾ 71.
5. ਸੁਜਾਨ ਸਿੰਘ (ਪ੍ਰਿੰ.), 'ਰਿਸ਼ਤੇ' ਮਨੁੱਖ ਤੇ ਪਸ਼ੂ, ਪੰਨਾ. 48
6. ਐਸ. ਐਸ. ਉੱਪਲ (ਡਾ), 'ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਸਮਾਜਿਕ ਯਥਾਰਥ', ਕੁਲਬੀਰ ਸਿੰਘ ਕਾਂਗ (ਡਾ) (ਸੰ), ਸੁਜਾਨ ਸਿੰਘ ਅਭਿਨੰਦਨ ਗ੍ਰੰਥ, ਪੰਨਾ 185.
7. ਸੁਜਾਨ ਸਿੰਘ (ਪ੍ਰਿੰ.), 'ਇਕਰਸਤਾ' ਮਨੁੱਖ ਤੇ ਪਸ਼ੂ, ਪੰਨਾ 43.
8. ਗੁਰਮੁਖ ਸਿੰਘ ਜੀਤ, ਕਹਾਣੀਕਾਰ ਸੁਜਾਨ ਸਿੰਘ, ਕੁਲਬੀਰ ਸਿੰਘ ਕਾਂਗ (ਡਾ), ਸੰ.), ਸੁਜਾਨ ਸਿੰਘ ਅਭਿਨੰਦਨ ਗ੍ਰੰਥ, ਪੰਨਾ 77.
9. ਧਰਮਪਾਲ ਸਿੰਗਲ (ਪ੍ਰੋ.), ਸੁਜਾਨ ਸਿੰਘ ਇਕ ਅਧਿਐਨ, ਪੰਨਾ 86.
10. ਸੁਜਾਨ ਸਿੰਘ (ਪ੍ਰਿੰ.), ਜਾਣ ਪਛਾਣ, ਦੁਖ ਸੁਖ ਤੋਂ ਪਿਛੋਂ, ਪੰਨਾ 71.
11. ਉਹੀ, 'ਹਮਦਰਦ', ਮਨੁੱਖ ਤੇ ਪਸ਼ੂ, ਪੰਨਾ 63.
12. ਉਹੀ, 'ਗਊ ਮਾਤਾ', ਨਰਕਾਂ ਦੇ ਦੇਵਤੇ, ਪੰਨਾ 33.
13. ਉਹੀ, ਪਛਾਣ, ਦੁੱਖ ਸੁੱਖ ਤੋਂ ਪਿਛੋਂ, ਪੰਨਾ 104.
14. ਉਹੀ, ਪੰਨਾ 104.
15. ਧਰਮਪਾਲ ਸਿੰਗਲ (ਪ੍ਰੋ.), ਸੁਜਾਨ ਸਿੰਘ ਇਕ ਅਧਿਐਨ, ਪੰਨਾ 93.
16. ਸੁਜਾਨ ਸਿੰਘ, 'ਹਮਦਰਦ', ਮਨੁੱਖ ਤੇ ਪਸ਼ੂ, ਪੰਨਾ 64.
17. ਧਰਮਪਾਲ ਸਿੰਗਲ (ਪ੍ਰੋ.), ਸੁਜਾਨ ਸਿੰਘ ਇਕ ਅਧਿਐਨ, ਪੰਨਾ 107.
18. ਬਿਕਰਮ ਸਿੰਘ ਘੁੰਮਣ, 'ਪ੍ਰਿੰਸੀਪਲ ਸੁਜਾਨ ਸਿੰਘ ਦੀ ਕਹਾਣੀ ਕਲਾ', ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਨਾ 130.
19. ਕੁਲਬੀਰ ਸਿੰਘ ਕਾਂਗ (ਡਾ), ਪੰਜਾਬੀ ਕਹਾਣੀ ਸਿਧਾਂਤ ਤੇ ਆਲੋਚਨਾ, ਪੰਨਾ 128.
20. ਸੁਜਾਨ ਸਿੰਘ (ਪ੍ਰਿੰ.), 'ਪ੍ਰਾਹੁਣਾ', ਦੁੱਖ ਸੁੱਖ ਤੋਂ ਪਿਛੋਂ, ਪੰਨਾ 10.
21. ਉਹੀ, 'ਦ ਪ੍ਰੋਫ਼ੈਸਰ', ਦੁੱਖ ਸੁੱਖ, ਪੰਨਾ 78.
22. ਬਿਕਰਮ ਸਿੰਘ ਘੁੰਮਣ, ਪੰਜਾਬੀ ਨਿੱਕੀ ਕਹਾਣੀ ਅਤੇ ਸੁਜਾਨ ਸਿੰਘ, ਪੰਨਾ 95.
23. ਉਹੀ, ਪੰਨਾ–110.
24. ਸੁਜਾਨ ਸਿੰਘ (ਪ੍ਰੋ.), ਝੂਠ ਸੱਚ, ਮਨੁੱਖ ਤੇ ਪਸ਼ੂ, ਪੰਨਾ 68

□□□

# ਸੜ੍ਹੀ ਰੱਸੀ ਦਾ ਵਲ੍ਹ

*ਗੁਰਮੀਤ ਆਰਿਫ਼*

ਸਰਦੂਲ ਸਿਹੁੰ ਮੋਟਰ ਦੇ ਚੁਬੱਚੇ ਕੋਲ ਉਦਾਸ ਜਿਹਾ ਬੈਠਾ ਬੇੜ ਵੱਟ ਰਿਹਾ ਸੀ। ਪੱਠੇ ਵੱਢਣ ਆਇਆ ਜੀਤ ਉਹਨੂੰ ਵੇਖ ਕੇ ਕੋਲ ਆ ਬੈਠਾ।

" ਸੁਣਾ ਚਾਚਾ ਕੀ ਹਾਲ ਚਾਲ ਆ।"

" ਮਾੜੇ ਜੱਟਾਂ ਦੇ ਕਾਹਦੇ ਹਾਲ ਆ ਜੀਤਿਆ ਤੈਨੂੰ ਤਾਂ ਪਤਾ ਈ ਆ। ਜਦੋਂ ਨੂੰ ਫਸਲ ਭਰਮੀ ਹੋਣ ਦੀ ਉਮੀਦ ਹੁੰਦੀ ਆ ਉਦੋਂ ਨੂੰ ਰੱਬ ਕਹਿਰਵਾਨ ਹੋ ਜਾਂਦਾ ਜਾਂ ਆੜ੍ਹਤੀਆਂ ਦੇ ਦੂਣ ਸਵਾਏ ਹੋ ਜਾਂਦੇ ਆ। ਮੈਨੂੰ ਤਾਂ ਕਦੀ ਕਦੀ ਐਂ ਲਗਦੈ ਜਿਵੇਂ ਅਸੀਂ ਤਾਂ ਇਨ੍ਹਾਂ ਦੇ ਢਿੱਡ ਭਰਨ ਵਾਸਤੇ ਈ ਜੰਮੇ ਆਂ। "

"ਇਹ ਤਾਂ ਹੈ ਚਾਚਾ ਪਰ ਹੁਣ ਤੈਨੂੰ ਕਾਹਦਾ ਝੋਰਾ। ਸਾਰੀ ਕਬੀਲਦਾਰੀ ਨਜਿੱਠੀ ਗਈ ਆ। ਵੱਡਾ ਫੌਜੀ ਹੋ ਗਿਐ। ਛੋਟਾ ਘਰੇ ਦੁੱਧ ਵਾਧ ਦਾ ਕਰੀ ਜਾਂਦਾ। ਆਖਰ ਧੇਲੀ ਚੁਆਨੀ ਤਾਂ ਨਾਲ ਜੁੜਦੀ ਹੋਊ ਕਿ ਨਹੀਂ....? "

" ਕਾਹਦੀਆਂ ਧੇਲੀਆਂ ਚੁਆਨੀਆਂ । ਪਹਿਲਾਂ ਆਲੀਆਂ ਗੱਲਾਂ ਹੁਣ ਘਰਾਂ 'ਚ ਕਿੱਥੇ ਰਹੀਆਂ ਜੀਤਿਆ। ਵੇਖ ਲਾ ਅਸੀਂ ਤਿੰਨੇ ਭਰਾਵਾਂ ਨੇ ਸਾਰੀ ਉਮਰ ਇਕੋ ਢੇਰੀ ਤੇ ਕੱਢਲੀ। ਕਦੀ ਸੂਈ ਨੀ ਲੰਘੀ ਸਾਡੇ ਵਿਚਦੀ। ਜੇ ਹੁਣ ਵੱਖ ਹੋਏ ਆਂ ਤਾਂ ਇਸ ਨਵੀਂ ਪਨੀਰੀ ਦੇ ਕਲੇਸ਼ ਕਰਕੇ ਈ ਵੱਖ ਹੋਏ ਆਂ। ਜੇ ਸਾਡੀ ਔਲਾਦ ਚੰਗੀ ਹੁੰਦੀ ਤਾਂ ਭਲਾ ਤੈਨੂੰ ਕੰਮ ਤੋਂ ਕਿਉਂ ਜਵਾਬ ਦਿੰਦੇ।" ਦੂਰ ਖੇਤਾਂ ਵੱਲ ਝਾਕਦਾ ਸਰਦੂਲ ਬੋਲਿਆ।

ਜੀਤ ਨੇ ਸਰਦੂਲ ਦੇ ਚਿਹਰੇ ਵੱਲ ਵੇਖਿਆ। ਐਂ ਲੱਗਾ ਜਿਵੇਂ ਉਹਨੂੰ ਕੰਮ ਤੋਂ ਜਵਾਬ ਦੇਣ ਦਾ ਅਫਸੋਸ ਅੱਜ ਵੀ ਸਰਦੂਲ ਦੇ ਮਨ ਵਿੱਚ ਫੋੜ੍ਹੇ ਵਾਂਗ ਰਿਸ ਰਿਹੈ। ਅਫਸੋਸ ਹੁੰਦਾ ਵੀ ਕਿਵੇਂ ਨਾ। ਜਦੋਂ ਦਾ ਉਹਦਾ ਵਿਆਹ ਹੋਇਆ ਸੀ,ਉਸੇ ਸਾਲ ਤੋਂ ਈ ਤਾਂ ਉਹ ਇਹਨਾਂ ਦੇ ਨਾਲ ਸੀਰੀ ਰਲਿਆ ਸੀ। ਨੌਂ ਕਿੱਲਿਆਂ ਦਾ ਟੱਕ ਤੇ ਨਾਲ ਲੱਗਦੀ ਵਲੈਤੀਆਂ ਦੀ ਠੇਕੇ 'ਤੇ ਲਈ ਪੰਦਰਾਂ ਕਿੱਲੇ ਜ਼ਮੀਨ ਉਹ 'ਕੱਲਾ

*ਸੰਪਰਕ : 94638-83994*

ਈ ਸਾਂਭਦਾ ਰਿਹਾ ਸੀ। ਸਰਦੂਲ ਹੁਰਾਂ ਦਾ ਵੀ ਤਿੰਨੋ ਭਰਾਵਾਂ ਦਾ ਬਹੁਤ ਇਤਫ਼ਾਕ ਸੀ। ਹਰ ਗੱਲ ਇਕ ਦੂਜੇ ਤੋਂ ਪੁੱਛ ਕੇ ਕਰਦੇ ਸਨ। ਪਤਾ ਨੀ ਐਹੇ ਜੀ ਕੇਹੜੀ ਵਾਅ ਵਗੀ ਕਿ ਹੁਣ ਇਕ ਦੂਜੇ ਤੋਂ ਪਿੱਠ ਕਰੀ ਬੈਠੇ ਸਨ।

ਪਲਾਂ ਵਿੱਚ ਈ ਲੰਘਿਆ ਸਮਾਂ ਜੀਤ ਦੇ ਜ਼ਿਹਨ ਵਿੱਚ ਰੀਲ ਵਾਂਗ ਘੁੰਮ ਗਿਆ। ਸਰਦੂਲ ਦੇ ਤਿੰਨੋ ਨਿਆਣੇ ਵੱਡੇ ਸਨ। ਵੱਡਾ ਗੁਲਜਾਰ ਦਸਵੀਂ ਕਰਨ ਤੋਂ ਬਾਅਦ ਸ਼ਹਿਰ ਮੋਟਰਸਾਈਕਲਾਂ ਦਾ ਕੰਮ ਸਿੱਖਣ ਜਾਂਦਾ ਸੀ। ਛੋਟਾ ਬਲਕਾਰ ਤੇ ਨਿੱਕੀ ਕੁੜੀ ਬਲਜੀਤ ਪਿੰਡ ਦੇ ਹਾਈ ਸਕੂਲ ਵਿੱਚ ਪੜ੍ਹ ਰਹੇ ਸਨ। ਥੋੜ੍ਹੀ ਦੇਰ ਕੰਮ ਕਰਨ ਤੋਂ ਬਾਦ ਗੁਲਜਾਰ ਫ਼ੌਜ ਵਿੱਚ ਭਰਤੀ ਹੋ ਗਿਆ। ਸਾਰੇ ਪਰਿਵਾਰ ਵਿਚ ਬਹੁਤ ਖੁਸ਼ੀ ਸੀ। ਜ਼ਿੰਦਗੀ 'ਚ ਪਹਿਲੀ ਵਾਰ ਉਹਨਾਂ ਦੇ ਘਰ 'ਚੋਂ ਕੋਈ ਸਰਕਾਰੀ ਨੌਕਰ ਲੱਗਾ ਸੀ। ਉਹਨੇ ਜਦੋਂ ਵੀ ਛੁੱਟੀ ਆਉਣਾ ਸਾਰੇ ਟੱਬਰ ਨੇ ਉਹਦੇ ਦੁਆਲੇ ਬੈਠ ਕੇ ਫ਼ੌਜ ਦੀਆਂ ਗੱਲਾਂ ਸੁਣਨੀਆਂ 'ਤੇ ਹੈਰਾਨ ਹੋਈ ਜਾਣਾਂ। ਪਤਾ ਈ ਨਾ ਲੱਗਾ ਕਦੋਂ ਤਿੰਨ ਸਾਲ ਲੰਘ ਗਏ। ਫਿਰ ਥੋੜ੍ਹੀ ਦੇਰ ਬਾਦ ਘਰ ਵਿੱਚ ਘੁਸਰ ਮੁਸਰ ਜਿਹੀ ਹੋਣ ਲੱਗੀ। ਸਰਦੂਲ ਦੇ ਛੋਟੇ ਭਰਾਵਾਂ ਦਾ ਕਹਿਣਾਂ ਸੀ ਬਈ ਜੇ ਘਰ ਸਾਂਝਾ ਹੈ ਤਾਂ ਫ਼ੌਜੀ ਦੀ ਤਨਖ਼ਾਹ ਵੀ ਸਾਂਝੇ ਘਰ ਵਿੱਚ ਲੱਗਣੀ ਚਾਹੀਦੀ ਹੈ। ਜਦੋਂ ਵੀ ਘਰ ਵਿੱਚ ਕੋਈ ਕੰਮ ਕਰਨਾ ਜਾਂ ਨਵੀਂ ਫਸਲ ਬੀਜਣੀ ਹੁੰਦੀ, ਉਹ ਜਾਣਬੁੱਝ ਕੇ ਈ ਕਹਿ ਦਿੰਦੇ। " ਥੋੜ੍ਹੀ ਬਹੁਤ ਮਦਦ ਫ਼ੌਜੀ ਤੋਂ ਲੈ ਲੈਨੇ ਆਂ। ਪੁੱਛ ਕੇ ਵੇਖੋ ਖਾਂ ਉਹਨੂੰ ਜੇ....?"

ਪਰ ਗੁਲਜਾਰ ਦੀ ਮਾਂ ਚਰਨਜੀਤ ਇਸ ਬਾਰੇ ਸਰਦੂਲ ਦੀ ਕੋਈ ਗੱਲ ਨਾ ਸੁਣਦੀ। ਉਹਨੇ ਜਦੋਂ ਵੀ ਕੋਈ ਗੱਲ ਕਰਨੀ ਉਹ ਅੱਗੋਂ ਤੋੜ ਕੇ ਜਵਾਬ ਦੇ ਦਿੰਦੀ। " ਇਹ ਘਰ ਬਾਰ'ਤੇ ਜਮੀਨ ਸਾਂਝੀ ਐ ਬੱਚੇ ਨੀ, ਹਰ ਕੋਈ ਸਾਡੇ ਨਿਆਣਿਆਂ ਤੇ ਹੱਕ ਜਤਾਂਉਂਦਾ ਫਿਰੇ। ਮੇਰਾ ਮੁੰਡਾ ਚੱਤੋ ਪਹਿਰ ਗੋਲੀ ਮੂਹਰੇ ਖੜ੍ਹਾ ਰਹਿੰਦਾ, ਤਾਂ ਜਾ ਕੇ ਸਰਕਾਰ ਤਨਖ਼ਾਹ ਦਿੰਦੀ ਆ। ਕੱਲ੍ਹ ਕੋਤਰ ਨੂੰ ਇਨ੍ਹਾਂ ਦੇ ਨਿਆਣੇ ਪਟਵਾਰੀ ਲੱਗ ਜਾਣਗੇ ਤਾਂ ਕੀ ਇਹ ਦੇਣਗੇ ਸਾਨੂੰ ਹਿੱਸੇ? ਇਹ ਨੀ ਮੈਂ ਹੋਣ ਦੇਣਾਂ। ਕੱਲ੍ਹ ਨੂੰ ਮੈਂ ਕੁੜੀ ਵੀ ਵਿਆਹੁਣੀ ਐਂ, ਉਹਦੇ ਵਾਸਤੇ ਵੀ ਕੁਸ਼ ਜੋੜਨਾ ਕਿ ਨਈਂ?ਤੁਸੀਂ ਸਾਰੇ ਭਰਾ ਜੋ ਮਰਜੀ ਕਰੋ ਪਰ ਮੇਰੇ ਮੁੰਡੇ ਦੀ ਕਮਾਈ ਤੇ ਸਿਰਫ ਸਾਡਾ ਹੱਕ ਐ ਹੋਰ ਕਿਸੇ ਦਾ ਨੀ, 'ਤੇ ਦੁਬਾਰਾ ਮੇਰੇ ਨਾ ਇਹ ਗੱਲ ਨਾ ਕਰੀਂ..... ਨਈਂ ਮੈਥੋਂ ਬੁਰਾ ਕੋਈ ਨੀ। "

ਸਰਦੂਲ ਖਿਝਦਾ ਖਪਦਾ ਪਰ ਉਹਦੀ ਕੋਈ ਪੇਸ਼ ਨਾ ਜਾਂਦੀ। ਉਤੋਂ ਗੁਲਜਾਰ ਵੀ ਸਿਰੇ ਦਾ ਸੂਮ ਨਿਕਲਿਆ। ਨਾ ਕਦੀ ਪਿਉ ਦੇ ਹੱਥ 'ਤੇ ਧੇਲਾ ਧਰਿਆ ਨਾ ਕਦੀ ਸੁਲ੍ਹਾ ਮਾਰੀ। ਦੋਵਾਂ ਮਾਂ ਪੁੱਤਾਂ ਦੀ ਇਕ ਰਾਇ ਸੀ। ਥੋੜ੍ਹੀ ਦੇਰ ਬਾਦ ਘਰ ਵਿਚ ਛੋਟੀ ਛੋਟੀ ਚੀਜ਼ 'ਤੇ ਤੂੰ ਤੂੰ ਮੈਂ ਮੈਂ ਹੋਣ ਲੱਗੀ। ਫਿਰ ਘਰ ਵਰਤੋਂ ਦੀਆਂ ਚੀਜ਼ਾਂ ਅੱਡੋ ਅੱਡ ਆਉਣ ਲੱਗੀਆਂ। ਇਸੇ ਕਸ਼ਮਕਸ਼ ਵਿੱਚ ਈ ਡੇਢ ਦੋ ਸਾਲ ਹੋਰ ਲੰਘ ਗਏ 'ਤੇ ਅਖੀਰ ਤਿੰਨਾ ਭਰਾਵਾਂ ਨੇ ਢੇਰੀਆਂ ਵੰਡ ਲਈਆਂ। ਬਾਕੀ ਦੋਹਾਂ ਨੇ ਤਾਂ ਠੇਕੇ ਵਾਲੀ ਜ਼ਮੀਨ ਛੱਡ ਦਿੱਤੀ ਪਰ ਸਰਦੂਲ ਆਪਣੀ ਤਿੰਨ ਕਿੱਲਿਆਂ ਦੇ ਨਾਲ ਵਲੈਤੀਆਂ ਦੀ ਪੰਦਰਾਂ ਕਿੱਲ੍ਹੇ ਵਹੁੰਦਾ ਰਿਹਾ। ਜੈਦਾਤ ਵੰਡੇ ਜਾਣ ਤੋਂ ਬਾਦ ਜੀਤ ਵੀ ਕਈ ਸਾਲ ਸਰਦੂਲ ਦੇ ਨਾਲ ਸੀਰੀ ਰਲਿਆ ਰਿਹਾ।

" ਓ ਆ ਬਈ ਜੀਤਿਆ ਕਿਵੇਂ ਆਂ ਫਿਰ ? ਭਰਜਾਈ ਨੂੰ ਕਹੀਂ ਬੀਬੀ ਬੁਲਾਉਂਦੀ ਸੀ। ਛੱਤਾਂ ਲਿਪਣੀਆਂ ਨੇ ਤੇ ਨਾਲੇ ਪਸ਼ੂਆਂ ਵਾਲੇ ਵਰਾਂਡੇ ਦੀ ਸਫਾਈ ਕਰਨੀ ਆ। ਅੱਗੇ ਮੀਂਹ ਕਣੀਂ

ਦਾ ਟਾਈਮ ਆ ਰਿਹੈ।" ਸਰਦੂਲ ਦੇ ਛੋਟੇ ਮੁੰਡੇ ਬਲਕਾਰ ਨੇ ਆ ਕੇ ਉਹਦੀ ਸੁਰਤੀ ਤੋੜ ਦਿੱਤੀ।

"ਅਕਲ ਨਾ ਬੋਲਿਆ ਕਰ ਉਏ ਹੁਣ ਤੂੰ। ਇਹ ਤੇਰਾ ਮਾਸੜ ਲਗਦੈ।" ਸਰਦੂਲ ਨੇ ਬਲਕਾਰ ਨੂੰ ਝਿੜਕਿਆ।

"ਓ ਕੋਈ ਗੱਲ ਨੀ ਚਾਚਾ ਫੇਰ ਕੀ ਆ। ਮਾੜੇ ਦੀ ਜਨਾਨੀ ਤਾਂ ਸਾਰੇ ਪਿੰਡ ਦੀ ਭਰਜਾਈ ਹੁੰਦੀ ਆ। ਜੇ ਇਹਨੇ ਕਹਿਤਾ ਤਾਂ ਕੀ ਹੋ ਗਿਆ।"

ਬਲਕਾਰ ਸ਼ਰਮਿੰਦਾ ਜਿਹਾ ਹੋ ਕੇ ਮੁੜ ਗਿਆ। ਜੀਤ ਉਹਨੂੰ ਤੁਰੇ ਜਾਂਦੇ ਨੂੰ ਪਿਛੋਂ ਵੇਖਦਾ ਬੋਲਿਆ "ਚਾਚਾ ਲਗਦਾ ਬੰਦਾ ਕਾਫੀ ਸੁਧਰ ਗਿਐ। ਨਈਂ ਪਹਿਲਾਂ ਛੋਟੀ ਛੋਟੀ ਗੱਲ ਤੇ ਗਲ੍ਹ ਪੈਣ ਨੂੰ ਆਂਉਦਾ ਸੀ....ਹੈ ਕਿ ਨਹੀਂ।"

"ਕਾਹਦਾ ਸੁਧਰ ਗਿਆ ? ਓ ਕਹਿੰਦੇ ਹੁੰਦੇ ਆ ਨਾ ਵਈ ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਂਵੇ ਕੱਟੀਏ ਪੋਰੀਆਂ ਪੋਰੀਆਂ ਜੀ। ਇਹ ਜਿਣਸਾਂ ਕਿਥੋਂ ਸੁਧਰਨ ਆਲੀਆਂ ਨੇ।" ਸਰਦੂਲ ਟੇਢੀ ਅੱਖ ਨਾਲ ਤੁਰੇ ਜਾਂਦੇ ਬਲਕਾਰ ਨੂੰ ਵੇਖਦਾ ਬੋਲਿਆ।

"ਚੱਲ ਛੱਡ ਚਾਚਾ, ਬਹੁਤੀ ਚਿੰਤਾ ਨਾ ਕਰਿਆ ਕਰ। ਚਿੰਤਾ ਚਿਤਾ ਬਰੋਬਰ ਹੁੰਦੀ ਆ। ਬਥੇਰਾ ਕਰ ਲਿਆ ਤੂੰ। ਹੁਣ ਛੱਡ ਖਹਿੜਾ। ਜਦੋਂ ਇਨ੍ਹਾਂ ਦੇ ਸਿਰ ਪਈ ਆਪੇ ਆਵਦੀ ਲੋੜ ਨੂੰ ਕਰਨਗੇ। ਪਿਛੇ ਆਹ ਤੇਰੀ ਛੋਟੀ ਕੁੜੀ ਰਹਿਗੀ ਆ।ਇਹਦਾ ਵੀ ਗੁਰੂ ਮਾਰ੍ਹਾਜ ਕਿਤੇ ਨਾ ਕਿਤੇ ਢੋਅ ਮੇਲ ਕਰਵਾ ਦੂ।"

"ਇਹੀ ਤਾਂ ਸਾਰੀ ਟੈਂਸ਼ਨ ਆ ਜੀਤਿਆ। ਇਨ੍ਹਾਂ ਨੇ ਆਪੋ ਆਪਣੇ ਤਾਂ ਕਰਵਾ ਲੇ 'ਤੇ ਹੁਣ ਕੁੜੀ ਦੇ ਨਾਂ ਨੂੰ ਕੋਈ ਬਾਤ ਨੀ ਪੁੱਛਦਾ। ਇਹ ਦੁੱਧ ਪਾਉਣ ਤੋਂ ਬਾਦ ਸਾਰਾ ਦਿਨ ਪਿੰਡ 'ਚ ਤੁਰਿਆ ਰਹਿੰਦਾ। ਜੇ ਘਰੇ ਹੋਊ ਤਾਂ ਮੋਬੈਲ ਤੇ ਉਂਗਲਾਂ ਮਾਰਦਾ ਰਹੂ। ਸਾਡੇ ਨਾਲ ਗੱਲ ਕਰਨ ਦਾ ਤਾਂ ਇਹਦਾ ਮਿੰਟ ਵਿਹਲ ਨੀ। ਪਤਾ ਨੀ ਕੇਹੜੀ ਦੁਨੀਆ 'ਚ ਫਿਰਦਾ ਰਹਿੰਦਾ।ਜੇ ਕੁਸ਼ ਕਹਿੰਨੇ ਆਂ ਤਾਂ ਘਰ 'ਚ ਕਲੇਸ਼.... ਬੰਦਾ ਕਰੇ ਤਾਂ ਕਰੇ ਕੀ ? ਉਹ ਵੱਡਾ ਫੌਜੀ ਆ, ਜਨਾਨੀ ਨੂੰ ਲੈ ਕੇ ਪਠਾਨਕੋਟ ਬੈਠਾ। ਜਦੋਂ ਦਾ ਬਲਕਾਰ ਦੇ ਵਿਆਹ ਤੋਂ ਗਿਆ ਉਹਨੇ ਪਿਉ ਦੇ ਪੁੱਤ ਨੇ ਮਦਾਦ ਤਾਂ ਕੀ ਕਰਨੀ ਸੀ ਕਦੀ ਟੈਲੀਫੂਨ ਤੇ ਵੀ ਹਾਲ ਨੀ ਪੁੱਛਿਆ, ਬਈ ਹੈਗੇ ਵੀ ਆਂ ਕਿ ਨਈਂ। ਆਪ ਦੋਹੇਂ ਤੀਵੀਂ ਆਦਮੀ ਸੁਖੀ ਵਸਦੇ ਆ ਤੇ ਸਾਡਾ ਉਹਦੇ ਸਹੁਰਿਆਂ ਨਾ ਕਲੇਸ਼ ਪੈ ਗਿਆ। ਤੈਨੂੰ ਪਤਾ ਈ ਆ ਵਿਚਲੀ ਗੱਲ।"ਗੱਲ ਕਰਦਾ ਸਰਦੂਲ ਫਿਰ ਉਦਾਸ ਹੋ ਗਿਆ।

ਬੇੜ 'ਚ ਲਾਉਣ ਵਾਲੇ ਕੱਖਾਂ ਨੂੰ ਕੱਠਾ ਕਰਦੇ ਜੀਤ ਨੇ ਉਹਦੇ ਵੱਲ ਵੇਖਿਆ। ਉਹ ਸਹੀ ਕਹਿ ਰਿਹਾ ਸੀ। ਇਹ ਸਾਰਾ ਕੁਝ ਜੀਤ ਦੇ ਸਾਹਮਣੇ ਈ ਤਾਂ ਵਾਪਰਿਆ ਸੀ। ਫ਼ੌਜੀ ਦਾ ਰਿਸ਼ਤਾ ਕਰਨ ਲੱਗਿਆਂ ਇਹਨਾਂ ਨੇ ਝੂਠ ਮਾਰਿਆ ਸੀ ਬਈ ਮੁੰਡੇ ਨੂੰ ਨੌਂ ਕਿੱਲੇ ਜ਼ਮੀਨ ਆਉਂਦੀ ਆ। ਅਗਲਾ ਘਰ ਚੰਗਾ ਸਰਦਾ ਪੁੱਜਦਾ ਸੀ। ਸਰਕਾਰੀ ਨੌਕਰੀ ਦੇ ਲਾਲਚ ਨੂੰ ਉਨ੍ਹਾਂ ਨੇ ਵੀ ਬਹੁਤੀ ਪੁੱਛ ਪੜਤਾਲ ਨੀ ਕੀਤੀ। ਠੇਕੇ ਤੇ ਲਈ ਜ਼ਮੀਨ ਵਿਖਾ ਕੇ ਰਿਸ਼ਤਾ ਤਹਿ ਹੋ ਗਿਆ ਤੇ ਕਿਸੇ ਭਾਨੀਮਾਰ ਦੇ ਡਰੋਂ ਛੁੱਟੀ ਆਏ ਫੌਜੀ ਦਾ ਦਿਨਾਂ ਵਿੱਚ ਹੀ ਵਿਆਹ ਕਰ ਦਿੱਤਾ। ਗੁਲਜਾਰ ਦੇ ਸਹੁਰਿਆਂ ਨੂੰ ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਵਲੈਤੀਆਂ ਦੀ ਜ਼ਮੀਨ ਦਾ ਸੌਦਾ ਹੋ ਗਿਆ। ਉਹਨਾਂ ਨੇ ਬਹੁਤ ਕਲੇਸ਼ ਕੀਤਾ। ਪਹਿਲਾਂ ਤਾਂ ਫੌਜੀ ਦੇ ਘਰ ਆਲੀ ਕਈ ਦਿਨ ਵਿਟਰੀ

ਰਹੀ ਫਿਰ ਉਹ ਫੌਜੀ ਦੇ ਨਾਲ ਈ ਚਲੀ ਗਈ। ਸ਼ਾਇਦ ਉਹਦੇ ਸਹੁਰਿਆਂ ਨੇ ਕੁੜੀ ਨੂੰ ਨਾਲ ਤੋਰਨ ਦੀ ਸ਼ਰਤ ਈ ਇਹੋ ਰੱਖੀ ਸੀ ਬਈ ਜੇ ਕੁੜੀ ਵਸਾਉਣੀ ਆਂ ਤਾਂ ਉਹ ਬਾਕੀ ਟੱਬਰ ਵਿੱਚ ਨਹੀਂ ਰਹੂਗੀ।

ਇਸ ਝਗੜੇ ਤੋਂ ਬਾਦ ਵੀ ਜੀਤ ਕਈ ਦਿਨ ਸਰਦੂਲ ਦੇ ਘਰ ਆਉਦਾ ਰਿਹਾ। ਕਦੀ ਪਸ਼ੂਆਂ ਨੂੰ ਪੱਠੇ ਪਾ ਦਿਆ ਕਰੇ ਕਦੀ ਕੋਈ ਹੋਰ ਛੋਟਾ ਮੋਟਾ ਘਰ ਦਾ ਕੰਮ ਕਰਾ ਦਿਆ ਕਰੇ। ਅਖੀਰ ਇਕ ਦਿਨ ਸਰਦੂਲ ਨੇ ਭਰੇ ਮਨ ਨਾਲ ਕਹਿ ਈ ਦਿੱਤਾ। " ਜੀਤਿਆ ਤੈਨੂੰ ਜਵਾਬ ਦੇਣ ਨੂੰ ਦਿਲ ਤਾਂ ਨੀ ਕਰਦਾ ਪਰ ਵੇਖ ਹੁਣ ਮੇਰੇ ਕੋਲ ਵੀ ਉਹ ਸਭ ਕੁਸ਼ ਨਹੀਂ ਰਿਹਾ ਜੀਹਦੇ ਕਰਕੇ .....। ਮੇਰੀ ਮੰਨ ਤੂੰ ਕਿਤੇ ਹੋਰ ਕੰਮ ਲੱਭ ਲਾ।"

" ਕੀ ਗੱਲ ਕਰਦਾਂ ਚਾਚਾ ਦੁਨੀਆ 'ਚ ਸਭ ਕੁਸ਼ ਪੈਸਾ ਈ ਥੋੜ੍ਹਾ ਹੁੰਦਾ, ਹੋਰ ਵੀ ਬਹੁਤ ਕੁਸ਼ ਹੁੰਦੈ। ਪਿਆਰ ਮੁਹੱਬਤ ਤੇ ਸਾਂਝ ਸਭ ਤੋਂ ਕੀਮਤੀ ਚੀਜ ਹੁੰਦੀ ਆ। ਕੋਈ ਗੱਲ ਨੀ ਜੇ ਜਮੀਨ ਨੀ ਰਹੀ ਤਾਂ ਫਿਰ ਕਿਹੜਾ ਸਾਡੀ ਸਾਂਝ ਟੁੱਟਗੀ। ਤੂੰ ਭਾਂਵੇਂ ਜੋ ਮਰਜੀ ਸਮਝ ਪਰ ਮੈਂ ਨੀ ਆਉਣੋਂ ਹਟਣਾਂ। " ਜੀਤ ਵੀ ਅੰਦਰੋਂ ਭਾਵੁਕ ਹੋ ਗਿਆ ਸੀ। ਉਸ ਦਿਨ ਤੋਂ ਬਾਅਦ ਉਹਨੇ ਕਿਸੇ ਨਾਲ ਵੀ ਪੱਕੇ ਤੌਰ 'ਤੇ ਕੰਮ ਨੀ ਸੀ ਕੀਤਾ। ਪਿੰਡ ਵਿਚ ਈ ਦਿਹਾੜੀ ਜੋਤਾ ਕਰਦਾ ਰਿਹਾ। ਕਦੇ ਕਦਾਂਈ ਵਿਚੋਂ ਸਰਦੂਲ ਕੇ ਪਸ਼ੂਆਂ ਲਈ ਪੱਠੇ ਵੱਢ ਜਾਂਦਾ ਤੇ ਜਾਣ ਲੱਗਾ ਆਪਣੇ ਲਈ ਵੀ ਢੇਰੀ ਲੈ ਜਾਂਦਾ।

□ □ □

ਕਾਫੀ ਸਮਾਂ ਗੁਲਜਾਰ ਦੇ ਵਿਆਹ ਦੀ ਇਲਾਕੇ ਵਿੱਚ ਚੁੰਝ ਚਰਚਾ ਚੱਲਦੀ ਰਹੀ। ਕੋਈ ਸਰਦੂਲ ਵੱਲੋਂ ਮਾਰੇ ਝੂਠ ਦੀ ਦਾਦ ਦਿੰਦਾ ਤੇ ਕੋਈ ਵਿੱਗੀ ਭੰਨ੍ਹ ਕੇ ਅੱਗੋਂ ਕਹਿੰਦਾ " ਵਈ ਉਹ ਬਿਗਾਨੀ ਧੀ ਸੀ ਤਾਂ ਝੂਠ ਚੱਲ ਗਿਆ। ਜਦੋਂ ਆਪਣੇ ਨਾਲ ਹੋਈ ਨਾ ਉਦੋਂ ਪਤਾ ਲੱਗੂ ਵੱਡੇ ਲਾਣੇਦਾਰਾਂ ਨੂੰ।" ਜਿੰਨੇ ਮੂੰਹ ਉਨੀਆਂ ਗੱਲਾਂ। ਸਰਦੂਲ ਨੂੰ ਇਹ ਚਿੱਤ ਚੇਤਾ ਵੀ ਨਹੀਂ ਸੀ ਕਿ ਵੱਡੇ ਦੇ ਵਿਆਹ ਤੋਂ ਬਾਦ ਛੋਟੇ ਬਲਕਾਰ ਲਈ ਰਿਸ਼ਤਾ ਲੱਭਣ ਵਾਸਤੇ ਉਹਨਾਂ ਨੂੰ ਐਨੀ ਪੈਰ ਘਸਾਈ ਕਰਨੀ ਪਊ। ਇਕ ਤਾਂ ਜ਼ਮੀਨ ਘੱਟ ਤੇ ਦੂਜਾ ਪਹਿਲੇ ਝੂਠ ਮਾਰ ਕੇ ਹੋਏ ਰਿਸ਼ਤੇ ਕਾਰਨ ਸਾਰੀਆਂ ਸਾਕ ਸਕੀਰੀਆਂ ਵੀ ਪਾਸਾ ਵੱਟ ਕੇ ਲੰਘਣ ਲੱਗੀਆਂ ਸਨ। ਕਈ ਥਾਂਈਂ ਰਿਸ਼ਤੇ ਆਏ ਵੀ ਪਰ ਗੱਲ ਸਿਰੇ ਨਾ ਚੜ੍ਹੀ। ਜਿਹੜਾ ਵੀ ਘਰ ਵੇਖਣ ਆਉਂਦਾ ਬਲਕਾਰ ਦੀ ਆਸੇ ਪਾਸੇ ਤੋਂ ਪੁੱਛ ਪੜਤਾਲ ਕਰਕੇ ਉਹ ਦੁਬਾਰਾ ਗੱਲ ਨਾ ਕਰਦਾ। ਉਤੋਂ ਬਲਕਾਰ ਵੀ ਸਾਰਾ ਦਿਨ ਪਿੰਡ ਦੇ ਅਵਾਰਾਗਰਦ ਨਸ਼ੇੜੀ ਮੁੰਡਿਆਂ ਨਾਲ ਫਿਰਦਾ ਰਹਿੰਦਾ। ਸਵੇਰ ਦਾ ਗਿਆ ਮੂੰਹ ਹਨੇਰੇ ਤੱਕ ਘਰੇ ਵੜ੍ਹਦਾ। ਕਈ ਵਾਰ ਤਾਂ ਉਹਦੇ ਉਲ੍ਹਾਂਭੇ ਵੀ ਆਏ ਸਨ। ਪਿੰਡ ਜਾਂਦਾ ਤਾਂ ਚੱਤੋ ਪਹਿਰ ਸੀਤੂ ਨਾਈ ਦੇ ਘਰ ਦੁਆਲੇ ਫਿਰਦਾ ਰਹਿੰਦਾ। ਉਹਦੀ ਜਨਾਨੀ ਵਾਹਵਾ ਮੂੰਹ ਮੱਥੈ ਲੱਗਦੀ ਸੀ। ਬਲਕਾਰ ਨੂੰ ਵੇਖ ਕੇ ਉਹ ਵੀ ਅੱਗੋਂ ਵਾਰ ਵਾਰ ਬੂਹੇ ਦੀਆਂ ਵਿਰਲਾਂ ਵਿਚਦੀ ਝਾਕਦੀ। ਸੀਤੂ ਛੇਤੀ ਹੀ ਇਹ ਸਭ ਕੁਸ਼ ਤਾੜ ਗਿਆ ਸੀ। ਇਕ ਦਿਨ ਚੱਕੀ ਤੋਂ ਆਟਾ ਚੱਕਣ ਗਏ ਸਰਦੂਲ ਨੂੰ ਉਹਨੇ ਰਾਹ ਵਿੱਚ ਰੋਕ ਲਿਆ "ਬਾਈ ਗੱਲ ਇਹ ਆ ਬਈ ਮੁੱਛ ਬੰਦੇ ਦੀ ਇੱਜਤ ਹੁੰਦੀ ਆ ਤੇ ਜੇ ਅਸੀਂ ਇਹਨੂੰ ਬਨਾਉਣਾਂ ਜਾਣਦੇ ਆਂ ਨਾ ਤਾਂ ਲਹੁਣੀ ਵੀ ਜਾਣਦੇ ਆਂ। ਤੇਰਾ ਮੁੰਡਾ ਸਰਦਾਰ ਹੋਊ ਆਵਦੇ ਘਰੇ ਹੋਊ ਪਰ ਜੇ ਦੁਬਾਰਾ ਮੈਂ ਆਵਦੀ ਗਲੀ 'ਚ ਵੇਖ ਲਿਆ ਨਾ ਤਾਂ

ਉਸਤਰਾ ਚੱਲੇ ਦਾ ਪਤਾ ਵੀ ਨੀ ਲੱਗਣਾ।" ਇਸ ਤੋਂ ਪਹਿਲਾਂ ਕਿ ਸਰਦੂਲ ਉਹਨੂੰ ਕੋਈ ਜਵਾਬ ਦਿੰਦਾ ਉਹ ਅੱਖਾਂ ਕੱਢਦਾ ਤੁਰ ਗਿਆ। ਉਹ ਭਰਿਆ ਪੀਤਾ ਘਰ ਮੁੜ ਆਇਆ ਤੇ ਆਉਂਦਾ ਈ ਬਲਕਾਰ ਦੀ ਮਾਂ 'ਤੇ ਵਰ੍ਹ ਪਿਆ " ਨਾ ਇਹ ਗੰਦਾ ਤੁਖਮ ਕਿਥੋਂ ਜੰਮ ਪਿਆ ਮੇਰੇ ਘਰੇ, ਨਾ ਇਹਨੂੰ ਨੂੰ ਆਪਣੀ ਇੱਜਤ ਦਾ ਖਿਆਲ ਨਾ ਕਿਸੇ ਹੋਰ ਦੀ। ਜਿਧਰ ਜਾਓ ਇਹਦੇ ਈ ਕਿੱਸੇ ਸੁਣਨ ਨੂੰ ਮਿਲਦੇ ਆ। ਪਤਾ ਨੀ ਕਿਹੜੀ ਅਲੋਕਾਰ ਜਵਾਨੀ ਚੜ੍ਹੀ ਇਹਨੂੰ। ਪਿੰਡ 'ਚ ਸਾਰੀ ਉਮਰ ਮੈਂ ਕਿਸੇ ਤੋਂ ਉਏ ਨੀ ਅਖਵਾਈ ਤੇ ਉਹ ਸੇਪੀ ਖੱਟਣ ਆਲਾ ਦੋ ਕੌੜੀ ਦਾ ਨਾਈ ਸ਼ਰ੍ਹੇਆਮ ਮੇਰੀ ਮਿੱਟੀ ਕਰ ਗਿਆ। ਇਹਨੂੰ ਸਮਝਾਲਾ ਨਈਂ....!" ਚਰਨਜੀਤ ਦਾ ਰੋਣ ਸੁਣ ਕੇ ਸਰਦੂਲ ਬੁੜ ਬੁੜ ਕਰਦਾ ਘਰੋਂ ਬਾਹਰ ਨਿੱਕਲ ਗਿਆ।

ਉਹ ਜਦੋਂ ਵੀ ਬਲਕਾਰ ਦੀ ਬਾਹਰੋਂ ਕੋਈ ਇਹੋ ਜੀ ਹਰਕਤ ਸੁਣਦਾ ਤਾਂ ਆਪਣੀ ਜਨਾਨੀ 'ਤੇ ਈ ਵਰ੍ਹਦਾ। ਅੱਗੋਂ ਉਹਦੀ ਵੀ ਸੁਣਨ ਦੀ ਸਮਰੱਥਾ ਜਦੋਂ ਘਟ ਜਾਂਦੀ ਤਾਂ ਉਹ ਘਰੋਂ ਬਾਹਰ ਨਿੱਕਲ ਤੁਰਦਾ। ਜੇ ਬਲਕਾਰ ਨੂੰ ਕੁਸ਼ ਬੋਲਦਾ ਤਾਂ ਉਹ ਅੱਗੋਂ ਗਲ਼ ਪੈਣ ਨੂੰ ਆਉਂਦਾ। ਘਰ ਵਿੱਚ ਹੁੰਦੀ ਤੂੰ ਤੂੰ ਮੈਂ ਮੈਂ ਸੁਣ ਕੇ ਸ਼ਰੀਕ ਕੱਛਾਂ ਵਿਚਦੀ ਹੱਸਦੇ। ਇਕ ਦਿਨ ਤਾਂ ਬਲਕਾਰ ਦੀ ਛੋਟੀ ਚਾਚੀ ਨੇ ਕਿਸੇ ਕੋਲ ਕਹਿ ਈ ਦਿੱਤਾ "ਵੱਡੇ ਦਾ ਤਾਂ ਝੂਠ ਤੁਫਾਨ ਮਾਰ ਕੇ ਕਰ ਲਿਆ। ਸਵਾਦ ਤਾਂ ਐਂ ਜੇ ਇਸ ਵੇਲੜ ਦਾ ਵੀ ਹੁਣ ਕਰਕੇ ਵਿਖਾਵੇ। ਨਾਲੇ ਵੇਖਦੇ ਆਂ ਕੁੜੀ ਦਾ ਰਿਸ਼ਤਾ ਕੌਣ ਲੈਂਦਾ? " ਬਲਕਾਰ ਲਈ ਆਏ ਹਰ ਰਿਸ਼ਤੇ ਵਿੱਚ ਭਾਨੀ ਮਾਰਨ ਦਾ ਸਭ ਤੋਂ ਵੱਡਾ ਹੱਥ ਇਸੇ ਦਾ ਹੁੰਦਾ।ਇਸੇ ਗੱਲ ਤੋਂ ਪ੍ਰੇਸ਼ਾਨ ਚਰਨਜੀਤ ਕਾਫੀ ਬਿਮਾਰ ਰਹਿਣ ਲੱਗੀ ਸੀ।

ਬਲਜੀਤ ਸਾਰਾ ਦਿਨ ਘਰੇ ਕੰਮ ਨਾਲ ਕੰਮ ਹੋਈ ਰਹਿੰਦੀ।ਚਰਨਜੀਤ ਦੇ ਬਹੁਤੇ ਕੰਮ ਹੁਣ ਉਸੇ ਦੇ ਈ ਹਿੱਸੇ ਆ ਗਏ ਸਨ। ਚੁੱਲ੍ਹੇ ਚੌਕੇ ਤੇ ਪਸ਼ੂਆਂ ਦਾ ਕੰਮ ਨਬੇੜਦੀ ਨੂੰ ਆਥਣ ਹੋ ਜਾਂਦਾ।ਨਈਂ ਪਹਿਲਾਂ ਉਹ ਸਲਾਈ ਸੈਂਟਰ ਤੋਂ ਆ ਕੇ ਆਪਣੀ ਮਨ ਮਰਜੀ ਨਾਲ ਹੀ ਘਰ ਦਾ ਕੰਮ ਕਰਦੀ ਸੀ। ਲੇਕਿਨ ਹੁਣ ਤਾਂ ਕਈ ਕਈ ਦਿਨ ਸੈਂਟਰ ਤੋਂ ਵੀ ਛੁੱਟੀ ਹੋ ਜਾਂਦੀ।

ਸਰਦੂਲ ਅੱਡ ਪ੍ਰੇਸ਼ਾਨ ਰਹਿੰਦਾ। ਖੇਤੀਬਾੜੀ ਤੇ ਕਬੀਲਦਾਰੀ ਦੇ ਕੰਮਾਂ ਤੋਂ ਇਲਾਵਾ ਚਰਨਜੀਤ ਦੀ ਬਿਮਾਰੀ ਦੀ ਨਵੀਂ ਜ਼ਿੰਮੇਵਾਰੀ ਉਹਦੇ ਮੋਢਿਆ 'ਤੇ ਆ ਪਈ ਸੀ। ਉਹਦਾ ਬਲੱਡ ਪ੍ਰੈਸ਼ਰ ਵਧਣ ਲੱਗ ਪਿਆ ਸੀ। ਘਰ 'ਚ ਜਦੋਂ ਵੀ ਕੋਈ ਉੱਚੀ ਬੋਲਦਾ ਉਹਦੇ ਸਿਰ ਨੂੰ ਘੁਮੇਰ ਚੜ੍ਹਦੀ।ਸਰੀਰ ਟੁੱਟਦਾ ਤੇ ਛਾਤੀ ਹੌਂਕਣ ਲੱਗਦੀ। ਉਹਨੂੰ ਵੇਖ ਕੇ ਸਰਦੂਲ ਦਾ ਸੰਘ ਸੁੱਕ ਜਾਂਦਾ। ਉਹਨੂੰ ਲੈ ਕੇ ਉਹ ਸ਼ਹਿਰ ਭੱਜਦਾ। ਡਾਕਟਰ ਕਹਿੰਦਾ ਇਹਨੂੰ ਚਿੰਤਾ ਮੁਕਤ ਰੱਖੋ ਇਹਦੇ ਕੋਲ ਕੋਈ ਵੀ ਪ੍ਰੇਸ਼ਾਨੀ ਵਾਲੀ ਗੱਲ ਨੀ ਕਰਨੀ। ਨਹੀਂ ਤਾਂ ਇਹਦੀ ਸਿਹਤ ਨੂੰ ਬਹੁਤ ਖਤਰਾ ਹੋ ਸਕਦੈ।

ਪਰ ਇਥੇ ਤਾਂ ਸਭ ਤੋਂ ਵੱਡੀ ਪ੍ਰੇਸ਼ਾਨੀ ਬਲਕਾਰ ਖੜ੍ਹੀ ਕਰੀ ਬੈਠਾ ਸੀ। ਇਹਨਾਂ ਦੀ ਜੁੰਡਲੀ ਵਿਚੋਂ ਰਾਂਵਾਂ ਦਾ ਕਾਲੀ ਚਿੱਟੇ ਸਮੇਤ ਫੜਿਆ ਗਿਆ ਸੀ। ਪੁਲਸ ਦੀ ਕੁੱਟ ਤੋਂ ਡਰਦੇ ਨੇ ਉਹਨੇ ਸਾਰੀ ਮਿੱਤਰ ਮੰਡਲੀ ਦੇ ਨਾਂ ਲੈ ਦਿੱਤੇ ਸਨ। ਐਮ ਐਲ ਏ ਦੀ ਸਿਫਾਰਸ਼ ਪਾ ਕੇ ਬੜੀ ਮੁਸ਼ਕਿਲ ਨਾਲ ਪਰਚੇ ਵਿਚੋਂ ਇਹਦਾ ਨਾਂ ਕਢਵਾਇਆ ਸੀ। 'ਤੇ ਹੁਣ ਦੂਜੇ ਦਿਨ ਈ ਸੀਤੂ ਨਾਈ ਆਪਣੀ ਤੀਵੀਂ ਨਾਲ ਕੀਤੀ ਛੇੜਛਾੜ ਦੀ ਦਰਖਾਸਤ ਦੇ ਆਇਆ ਸੀ।ਸ਼ਾਮੀ ਇੰਦਰ ਨੰਬਰਦਾਰ

ਨੂੰ ਵਿੱਚ ਪਾ ਕੇ ਰਾਜੀਨਾਮਾ ਕਰਾਉਣ ਲਈ ਕਿਹਾ ਸੀ ਪਰ ਸੀਤੂ ਅੜੀ ਕਰੀ ਖੜ੍ਹਾ ਸੀ ਕਿ ਮੈਂ ਹੁਣ ਫੈਸਲਾ ਤਾਂ ਕਰੂੰ ਵਈ ਭਰੀ ਪੰਚਾਇਤ 'ਚ ਬਲਕਾਰ ਉਹਦੇ ਤੋਂ ਮਾਫੀ ਮੰਗੇ ਤੇ ਨਾਲੇ ਲਿਖ ਕੇ ਦੇਵੇ ਕਿ ਉਹ ਦੁਬਾਰਾ ਉਹਨਾਂ ਦੇ ਮੁਹੱਲੇ ਵੱਲ ਨਹੀਂ ਆਵੇਗਾ। ਮਾਫੀ ਬਾਰੇ ਸੁਣ ਕੇ ਸਰਦੂਲ ਦਾ ਪੈਰ ਜਿਵੇਂ ਮਣ ਮਣ ਭਾਰਾ ਹੋ ਗਿਆ ।ਉਹਨੂੰ ਸਮਝ ਨੀ ਸੀ ਆ ਰਹੀ ਕਿ ਉਹ ਕੀ ਕਹੇ। ਬਲਕਾਰ ਨੀਵੀਂ ਪਾਈ ਖੜਾ ਪੈਰ ਨਾਲ ਮਿੱਟੀ ਖੁਰਚ ਰਿਹਾ ਸੀ। ਅਖੀਰ ਨੰਬਰਦਾਰ ਆਪ ਈ ਬੋਲ ਪਿਆ। "ਵੇਖ ਵੀ ਸਰਦੂਲ ਸਿਹਾਂ ਆਪਾਂ ਸਾਰੇ ਧੀਆਂ ਭੈਣਾਂ ਆਲੇ ਆਂ। ਇਹ ਜੋ ਵੀ ਹੋਇਆ ਮਾੜਾ ਹੋਇਆ। ਤੂੰ ਭਾਈ ਆਵਦੇ ਮੁੰਡੇ ਨੂੰ ਸਮਝਾ। ਪਿੰਡ 'ਚ ਭਾਈਚਾਰਾ ਖਰਾਬ ਨੀ ਕਰੀਦਾ ਹੁੰਦਾ। ਤੇ ਸੀਤੂ ਤੂੰ, ਛੱਡ ਖਹਿੜਾ ਹੁਣ ਜਾਣ ਦੇ ਗੁੱਸੇ ਨੂੰ। ਮੈਂ ਕਹਿੰਨਾ ਵਈ ਏਨੀ ਬਹੁਤ ਆ ਇਹਦੇ ਨਾਲ। ਵੱਡੇ ਵਡੇਰਿਆਂ ਵੱਲ ਵੀ ਵੇਖੀਦਾ ਹੁੰਦਾ। ਮੇਰੀ ਜੁਬਾਨ ਆ, ਵਈ ਇਹ ਹੁਣ ਉਧਰ ਨੀ ਆਊਗਾ। ਜੇ ਦੁਬਾਰਾ ਸ਼ਕੈਤ ਆਈ ਤਾਂ ਮੈਂ ਆਪੇ ਵੇਖੂੰ।" ਸੀਤੂ ਇੰਦਰ ਨੰਬਰਦਾਰ ਦੀ ਗੱਲ ਸੁਣ ਕੇ ਚੁੱਪ ਕਰ ਗਿਆ।

ਸਰਦੂਲ ਤੁਰਨ ਲੱਗਾ ਤਾਂ ਨੰਬਰਦਾਰ ਨੇ ਕੱਲੇ ਨੂੰ ਫਿਰ ਬਿਠਾ ਲਿਆ। " ਸਰਦੂਲ ਸਿਹਾਂ ਕਈ ਵਾਰੀ ਇੱਜਤ ਬਚਾਉਣ ਲਈ ਨੀਵਾਂ ਦਾਅ ਲੈਣਾਂ ਪੈਂਦਾ। ਤੇਰਾ ਮੁੰਡਾ ਹੱਥਾਂ ਚੋਂ ਨਿਕਲਦਾ ਜਾਂਦਾ।ਮੇਰੀ ਸਲਾਹ ਮੰਨ ਮੁੰਡੇ ਦਾ ਵਿਆਹ ਕਰਦੇ। ਮੇਰੀ ਗੱਲ ਸੁੱਟੀਂ ਨਾ, ਕਈ ਵਾਰੀ ਬੰਦਾ ਪਲਾਂ ਦਾ ਖੁੰਝਿਆ ਕੋਹਾਂ ਤੇ ਜਾ ਪੈਂਦਾ।" ਨੰਬਰਦਾਰ ਦੀ ਗੱਲ ਸੁਣ ਕੇ ਸਰਦੂਲ ਹਾਂ ਵਿੱਚ ਸਿਰ ਹਿਲਾਉਂਦਾ ਤੁਰ ਆਇਆ ਸੀ।

ਰਾਤੀਂ ਬਲਕਾਰ ਘਰ ਆਇਆ ਤਾਂ ਸਰਦੂਲ ਨੇ ਉਹਨੂੰ ਦਰਵਾਜ਼ੇ ਵਿੱਚ ਈ ਰੋਕ ਲਿਆ। "ਓ ਯਾਰ ਤੂੰ ਮੈਨੂੰ ਪਿੰਡ 'ਚ ਕਿਤੇ ਖੜ੍ਹਨ ਜੋਗਾ ਛੱਡੇਂਗਾ ਵੀ ਕਿ ਨਈਂ ? ਇਹ ਕਿਹੜਾ ਨਵਾਂ ਸਿਆਪਾ ਸਹੇੜ ਲਿਆ ਤੂੰ। ਇਸ ਘਟੀਆ ਜੀ ਗੱਲ ਪਿੱਛੇ ਕੀ ਮੈਂ ਹੁਣ ਇਨ੍ਹਾਂ ਕੰਮੀ ਕਮੀਣਾਂ ਮੂਹਰੇ ਹੱਥ ਬੰਨ੍ਹਦਾ ਫਿਰਾਂ ? ਆਵਦੇ ਘਰ ਵੱਲ ਵੇਖ। ਜਿੰਨਾਂ ਦੇ ਘਰੇ ਧੀਆਂ ਭੈਣਾਂ ਹੋਣ ਨਾ, ਉਹ ਕਿਸੇ ਹੋਰ ਦੇ ਘਰੇ ਝਾਤੀ ਨੀ ਮਾਰਦੇ ਹੁੰਦੇ। ਅਕਲ ਕਰ ਕੁਸ਼।" ਉਹ ਰੋਣ ਹਾਕਾ ਹੋਇਆ ਪਿਆ ਸੀ।

ਬਲਕਾਰ ਚੁੱਪਚਾਪ ਅੰਦਰ ਲੰਘ ਆਇਆ। ਸਵੇਰ ਹੋਈ ਤਾਂ ਹਮੇਸ਼ਾ ਦੀ ਤਰ੍ਹਾਂ ਉਹ ਪਿੰਡ ਨੀ ਸੀ ਗਿਆ। ਫਿਰ ਨਾ ਹੀ ਕਈ ਦਿਨ ਘਰੋਂ ਬਾਹਰ ਨਿਕਲਿਆ। ਸਾਰਾ ਦਿਨ ਘਰ ਦਾ ਕੰਮ ਕਰਦਾ ਰਹਿੰਦਾ ਜਾਂ ਖੇਤਾਂ ਵੱਲ ਚਲਿਆ ਜਾਂਦਾ। ਉਹਨੂੰ ਚੁੱਪ ਚਾਪ ਫਿਰਦੇ ਨੂੰ ਵੇਖ ਕੇ ਚਰਨਜੀਤ ਫਿਕਰ ਕਰਨ ਲੱਗੀ ਸੀ। ਉਹ ਸਰਦੂਲ ਨੂੰ ਵਾਰ ਵਾਰ ਪੁੱਛਦੀ "ਕਿਤੇ ਤੂੰ ਤਾਂ ਨੀ ਇਹਨੂੰ ਵੱਧ ਘੱਟ ਬੋਲ ਦਿੱਤਾ ? ਮੈਨੂੰ ਤਾਂ ਡਰ ਲੱਗਦਾ, ਅੱਜ ਕੱਲ੍ਹ ਦੇ ਨਿਆਣੇ ਗਲਤ ਕਦਮ ਚੱਕਣ ਲੱਗੇ ਮਿੰਟ ਲਾਂਉਦੇ ਆ।"

"ਅੱਗੇ ਮੇਰੀ ਕਿੰਨੀ ਕ ਸੁਣਦਾ। ਜੇਹੜਾ ਹੁਣ ਇਹਨੇ ਕੁੱਤੇ ਕੰਮਾਂ ਤੋਂ ਸਨਿਆਸ ਲੈ ਲਿਆ। ਭਰੀ ਪਚੈਤ 'ਚ ਬੇਜਤੀ ਹੋਈ ਦਾ ਥੋੜ੍ਹਾ ਬਹੁਤ ਅਸਰ ਤਾਂ ਹੋਊਗਾ ਈ।" ਸਰਦੂਲ ਖਿਝ ਕੇ ਬੋਲਿਆ।

"ਵੇਖ....ਮੈਨੂੰ ਲਗਦਾ ਹੁਣ ਇਹ ਟਿਕ ਗਿਐ। ਮੈਂ ਤਾਂ ਕਹਿੰਨੀ ਆਂ ਛੇਤੀ ਛੇਤੀ ਕੋਈ ਚੰਗਾ ਮਾੜਾ ਘਰ ਲੱਭ ਕੇ ਇਹਦਾ ਵਿਆਹ ਕਰ ਦੇਈਏ। ਕੱਲ੍ਹ ਕਲੋਤਰ ਦਾ ਕੀ ਪਤਾ ਜੇ ਫਿਰ

ਇਹ ਪੁੱਠੀ ਚਾਟ 'ਤੇ ....। ਮੈਂ ਤਾਂ ਸੋਚਦੀ ਸੀ ਪਹਿਲਾਂ ਕੁੜੀ ਨੂੰ ਤੋਰਾਂਗੇ ਪਰ ਲੱਗਦਾ ਹੁਣ ਇਹਦੇ ਨੱਥ ਪਾਉਣੀ ਜਾਦਾ ਜਰੂਰੀ ਆ।" ਚਰਨਜੀਤ ਨੇ ਸਲਾਹ ਦਿੱਤੀ।

ਉਹਦੀ ਗੱਲ ਨਾਲ ਸਹਿਮਤ ਹੁੰਦਿਆ ਸਰਦੂਲ ਨੇ ਕਈ ਜਾਣ ਪਛਾਣ ਵਾਲਿਆ ਨਾਲ ਰਿਸ਼ਤੇ ਦੀ ਗੱਲ ਤੋਰੀ ਸੀ। ਚਰਨਜੀਤ ਨੇ ਵੀ ਆਪਣੀਆਂ ਭਰਜਾਈਆਂ ਨਾਲ ਗੱਲ ਕੀਤੀ । ਪਿੰਡ 'ਚ ਵੀ ਕਈ ਜਨਾਨੀਆਂ ਨੂੰ ਕਿਹਾ ਸੀ ਲੇਕਿਨ ਕਿਸੇ ਨੇ ਵੀ ਅਜੇ ਹਾਮੀ ਨੀ ਸੀ ਭਰੀ। ਪਿੱਛੋ ਗੁਲਜਾਰ ਨੂੰ ਵੀ ਫੋਨ ਤੇ ਕਿਹਾ ਸੀ ਬਈ ਆਪਣੇ ਕਿਸੇ ਫੌਜੀ ਦੋਸਤ ਨਾਲ ਗੱਲ ਕਰੇ, ਪਰ ਉਹ ਵੀ ਅੱਗੋਂ ਹੂੰ ਹਾਂ ਕਰਕੇ ਚੁੱਪ ਕਰ ਗਿਆ ਸੀ।

ਕਿਸੇ ਪਾਸਿਓਂ ਗੱਲ ਹਿਲਦੀ ਨਾ ਵੇਖ ਕੇ ਚਰਨਜੀਤ ਕਾਫੀ ਮਾਯੂਸ ਹੋ ਗਈ ਸੀ। ਕਈ ਵਾਰੀ ਉਹ ਘਰ ਆਏ ਜੀਤ ਨੂੰ ਕਹਿੰਦੀ " ਵੇ ਜੀਤ ਤੂੰ ਈ ਕੋਈ ਕੁੜੀ ਲੱਭ ਲਾ। ਕੀ ਪਤਾ ਗੁਰੂ ਮਾਰ੍ਹਾਜ ਨੇ ਤੇਰੇ ਈ ਹੱਥ ਜਸ ਲਿਖਿਆ ਹੋਵੇ।"

ਜੀਤ ਹੱਸ ਪੈਂਦਾ । ਇਹੀ ਗੱਲ ਸਰਦੂਲ ਨੇ ਵੀ ਇਕ ਦੋ ਵਾਰ ਜੀਤ ਨੂੰ ਕਹੀ ਸੀ ਪਰ ਉਹ ਮਜਾਕ ਈ ਸਮਝਦਾ ਰਿਹਾ। ਫਿਰ ਇਕ ਦਿਨ ਤਾਂ ਦੋਵੇਂ ਜੀਆਂ ਨੇ ਜਿਵੇਂ ਉਹਦਾ ਤਰਲਾ ਈ ਲਿਆ ਹੋਵੇ। ਚਰਨਜੀਤ ਤਾਂ ਗੱਲ ਕਰਦੀ ਫਿੱਸ ਹੀ ਪਈ " ਵੇ ਜੀਤ ਜਿਵੇਂ ਮਰਜੀ ਕਰ, ਵੀਰ ਬਣਕੇ ਬਲਕਾਰ ਦਾ ਬੰਨ੍ਹ ਸੁਬ ਕਰਵਾ ਕਿਤੇ। ਅਸੀਂ ਤਾਂ ਰਿਸ਼ਤਾ ਲੱਭਦੇ ਸਾਰੇ ਪਾਸਿਉਂ ਹਾਰਗੇ। ਤੈਨੂੰ ਤਾਂ ਪਤਾ ਜੱਟਾਂ ਦੇ ਘਰਾਂ 'ਚ ਰਿਸ਼ਤੇ ਜਮੀਨਾਂ ਵੱਟੋ ਹੁੰਦੇ ਆ, ਤੇ ਉਹ ਸਾਡੇ ਕੋਲ ਉਨੀ ਹੈ ਨੀ। ਸਿਆਣੇ ਕਹਿੰਦੇ ਹੁੰਦੇ ਆ ਵਈ ਔਰਤ ਦੀ ਕੋਈ ਜਾਤ ਨੀ ਹੁੰਦੀ। ਸਾਨੂੰ ਕੋਈ ਤਰਾਜ ਨੀ। ਤੂੰ ਭਾਵੇਂ ਆਵਦੇ ਭਾਈਚਾਰੇ ਚੋਂ ਈ ਕਰਵਾ ਦੇ।"

ਜੀਤ ਕਾਫੀ ਗੰਭੀਰ ਹੋ ਗਿਆ " ਚਾਚੀ ਸਾਡਾ ਤੇ ਥੁਆਡਾ ਬਹੁਤ ਫਰਕ ਆ। ਜਿਵੇਂ ਜਮੀਨ ਤੇ ਅਸਮਾਨ ਦਾ ਫਰਕ ਹੁੰਦਾ। ਸਾਨੂੰ ਬਰਾਬਰ ਬਠਾਉਣਾ ਤਾਂ ਦੂਰ ਸਾਡੇ ਤਾਂ ਲੋਕ ਭਾਂਡੇ ਵੀ ਵੱਖਰੇ ਰੱਖਦੇ ਆ, ਤੇ ਰੋਟੀ ਦੂਰੋਂ ਚਲਾ ਕੇ ਐਂ ਮਾਰਦੇ ਆ ਜਿਵੇਂ ਅਸੀਂ ਬੰਦੇ ਈ ਨੀ ਹੁੰਦੇ।ਜੇਹੜੀ ਗੱਲ ਤੁਸੀਂ ਕਹਿ ਰਹੇ ਆਂ ਇਹ ਬਰਾਬਰ ਬਠਾਉਣ ਦੀ ਨੀ ਗਲ ਨਾ ਲਾਉਣ ਆਲੀ ਆ। ਸੋਚ ਲੋ ਲਾ ਲੌਂਗੇ ਗਲ?ਬਾਕੀ ਮੈਂ ਘਰੇ ਗੱਲ ਕਰ ਲੈਨਾਂ। ਰਿਸ਼ਤਾ ਤਾਂ ਮੈਂ ਕਰਵਾ ਦੂੰ ਪਰ ਤੁਸੀਂ ਪਹਿਲਾਂ ਆਪਣਾ ਮਨ ਬਣਾ ਲਉ। ਫੇਰ ਉਹੀ ਗੱਲ ਨਾ ਹੋਵੇ । "

ਜੀਤ ਸਰਦੂਲ ਹੁਰਾਂ ਨੂੰ ਹਾਂ ਤਾਂ ਕਰ ਬੈਠਾ ਸੀ ਪਰ ਆਪਣੇ ਮਨ 'ਚ ਕਈ ਦਿਨ ਜੋੜ ਤੋੜ ਕਰਦਾ ਰਿਹਾ। ਫਿਰ ਮਨ ਕਰੜਾ ਜਿਹਾ ਕਰਕੇ ਉਹਨੇ ਆਪਣੇ ਘਰਵਾਲੀ ਜਗੀਰੋ ਨਾ ਗੱਲ ਕੀਤੀ ਤਾਂ ਉਹਨੇ ਸਾਫ ਈ ਮਨ੍ਹਾਂ ਕਰ ਦਿੱਤਾ " ਹੱਦ ਕਰਦਾਂ ਤੂੰ .... ਇਹ ਕਿਵੇਂ ਹੋਜੂ....? ਕੱਲ ਕਲੋਤਰ ਨੂੰ ਸਾਡਾ ਭਾਈਚਾਰਾ ਸਾਨੂੰ ਕੀ ਕਹੂ ਵਈ ਆਵਦੀ ਜਾਤ ਬਰਾਦਰੀ 'ਚ ਮੁੰਡੇ ਮਰਗੇ ਸੀ?ਨਾਲੇ ਇਹਨੂੰ ਰਿਸ਼ਤਾ ਕੌਣ ਦੇ ਦੂ। ਧੀਆਂ ਭੈਣਾਂ ਆਲੇ ਤਾਂ ਇਹਨੂੰ ਵੇਖਦਿਆਂ ਸਾਰ ਈ ਬੂਹਾ ਬੰਦ ਕਰ ਲੈਂਦੇ ਆ। "

" ਐਵੇਂ ਕਮਲ ਨੀ ਕੁੱਟੀਦਾ ਹੁੰਦਾ। ਹਰ ਬੰਦਾ ਉਮਰ ਦੇ ਹਿਸਾਬ ਨਾਲ ਇਸ ਦੌਰ ਚੋਂ ਲੰਘਦਾ। ਫਰਕ ਇਹੀ ਆ ਵਈ ਕਿਸੇ ਦੀ ਢਕੀ ਰਹਿ ਜਾਂਦੀ ਆ ਤੇ ਕਿਸੇ ਦੀ ਉੱਡ ਜਾਂਦੀ ਆ। ਨਾਲੇ ਉਹ ਖੁਦ ਰਿਸ਼ਤਾ ਮੰਗ ਰਹੇ ਆ। ਸਾਡੇ ਅਰਗਿਆਂ ਨੂੰ ਰੱਜਾ ਪੁੱਜਾ ਘਰ ਤਾਂ ਦੂਰ ਕੋਈ ਚੱਜ ਦਾ ਕਾਰੋਬਾਰ ਕਰਨ ਵਾਲਾ ਵੀ ਨੀ ਜੁੜਨਾ। ਜਿਹੋ ਜੇ ਅਸੀਂ ਆਂ ਉਹੋ ਜੇ ਈ ਗਾਂਹ

ਰਿਸ਼ਤੇਦਾਰ ਲੱਭਣਗੇ। ਉਂ ਬੱਜ ਆਲੇ ਧੀ ਪੁੱਤ ਨੂੰ ਅੱਜ ਕਲ ਸਿਆਣਦਾ ਵੀ ਕੌਣ ਆਂ। ਘੱਟੋ ਘੱਟ ਨਿਆਣੇ ਤਾਂ ਇਸ ਖਲਜਗਣ ਵਿਚੋਂ ਨਿਕਲਣ। ਉਹਨਾਂ ਬਾਰੇ ਸੋਚ। ਨਾਲੇ ਹੁਣ ਜਾਤ ਬਰਾਦਰੀ ਨੂੰ ਕੌਣ ਪੁਛਦੈ ਸਾਰੇ ਇਕੋ ਜਿਹੇ ਈ ਤਾਂ ਹੋਏ ਪਏ ਆ। "

" ਨਾ ਬੱਜ ਨੂੰ ਸਾਡੀ ਕੁੜੀ ਕੇਹੜਾ ਲੂਲੀ ਲੰਗੜੀ ਆ। ਮਾੜਾ ਜਿਆ ਅੱਖ ਦਾ ਟੀਰ ਕਿੱਤੇ ਬੱਜ ਹੋ ਗਿਆ। ਐੈ ਤਾਂ ਬਨਾਉਣ ਆਲੇ ਨੇ ਹਰ ਨਸਾਨ ਵਿੱਚ ਈ ਕੋਈ ਨਾ ਕੋਈ ਕਮੀ ਰੱਖੀ ਆ। ਇਸ ਦੁਨੀਆ ਤੇ ਪੂਰਾ ਸੂਰਾ ਕਿਹੜਾ?" ਜਗੀਰੋ ਕਲਪ ਗਈ।

" ਫਿਰ ਹੁਣ ਤਾਂਈ ਕੋਈ ਘਰ ਲੱਭਾ ਕਿਉਂ ਨਾ? ਕਿੰਨੇ ਥਾਂ ਵੇਖੇ ਆ, ਕੋਈ ਲੱਗਾ ਸਿਰੇ ?ਮੈਂ ਕਿਤੇ ਨਿਆਣਾਂ, ਮੈਨੂੰ ਨੀ ਪਤਾ ? ਬਹੁਤ ਸਾਰੀਆਂ ਚੀਜਾਂ ਵੇਖਣੀਆਂ ਪੈਂਦੀਆਂ। ਤੈਨੂੰ ਕੀ ਲਗਦਾ ਮੈਂ ਕਿਤੇ ਉਹਨਾਂ ਦਾ ਮਾੜਾ ਸੋਚਦਾਂ? "

ਜਗੀਰੋ ਜੀਤ ਦੀ ਗੱਲ ਸੁਣ ਕੇ ਚੁੱਪ ਕਰ ਗਈ ਤੇ ਫਿਰ ਜਕਾ ਤਕਾ ਕਰਦਿਆਂ ਆਪਣੀ ਵੱਡੀ ਭੈਣ ਨੂੰ ਕੋਲ ਸੱਦ ਲਿਆ ਤੇ ਸਾਰੀ ਗੱਲ ਉਹਦੇ ਕੰਨਾਂ ਵਿਚਦੀ ਵੀ ਕੱਢ ਦਿੱਤੀ। "ਵੇਖੋ ਭਾਜੀ.... ਇਹ ਬਿਗਾਨਾ ਧਨ ਤਾਂ ਰਾਜੇ ਰਾਣਿਆਂ ਨੇ ਵੀ ਨੀ ਰੱਖਿਆ ਪਰ ਜੇ ਰਿਸ਼ਤਾ ਆਵਦੀ ਬਰਾਦਰੀ 'ਚ ਹੋਵੇ ਨਾ ਤਾਂ ਈ ਸੋਹਣਾ ਲਗਦਾ। ਕੱਲ੍ਹ ਨੂੰ ਕੋਈ ਗੱਲਬਾਤ ਹੋਗੀ ਮੈਂ ਰੰਡੀ ਜਨਾਨੀ ਕੀਹਦੇ ਨਾਲ ਲੜੂੰ। "

"ਵੇਖ ਭੈਣਾ ਇਹ ਜਾਤ ਬਰਾਦਰੀਆਂ ਬੰਦੇ ਦੀਆਂ ਈ ਬਣਾਈਆਂ ਹੋਈਆਂ। ਮੈਂ ਤਾਂ ਇਹ ਗੱਲ ਕਹਿੰਨਾ ਵਈ ਅੱਜ ਦੇ ਜਮਾਨੇ ਵਿਚ ਜਾਤ ਬਰਾਦਰੀ ਤੋਂ ਜਿਆਦਾ ਬੰਦੇ ਦੀ ਪਰਖ ਕਰਨੀ ਚਾਹੀਦੀ ਆ। ਵੀਹ ਸਾਲ ਮੈਂ ਉਹਨਾਂ ਦੇ ਸੀਰ ਕੀਤਾ ਇਨੇ ਚਿਰ 'ਚ ਤਾਂ ਬੰਦਾ ਬੰਦੇ ਨੂੰ ਸਮਝ ਈ ਜਾਂਦਾ। ਨਾਲੇ ਬੱਜ ਆਲੇ ਧੀ ਪੁੱਤ ਵਿੱਚ ਤਾਂ ਆਪਣੀ ਬਰਾਦਰੀ ਵੀ ਵੀਹ ਨੁਕਸ ਕੱਢਦੀ ਆ। ਕਿੰਨੇ ਥਾਵਾਂ ਤੇ ਤੂੰ ਰਿਸ਼ਤੇ ਦੀ ਗੱਲ ਚਲਾਈ। ਕਿਤੋਂ ਆਇਆ ਜਵਾਬ ? ਕੱਲ੍ਹੀ ਜਾਤ ਬਰਾਦਰੀ ਹੀ ਨਈਂ ਧੀ ਪੁੱਤ ਦਾ ਸੁਖ ਵੀ ਵੇਖੀਦਾ ਹੁੰਦਾ। ਅਸੀਂ ਤਾਂ ਬਿਗਾਨੀਆਂ ਜਮੀਨਾਂ ਸਾਂਭਦਿਆਂ ਨੇ ਸਾਰੀ ਉਮਰ ਕੱਢਲੀ, ਘੱਟੋ ਘੱਟ ਨਿਆਣੇ ਤਾਂ ਹੁਣ ਜੈਦਾਤ ਦਾ ਸੁਖ ਲੈਣ। ਉਹਨਾਂ ਬਾਰੇ ਸੋਚੋ। ਨਾਲੇ ਉਹਨਾਂ ਨੇ ਆਪ ਰਿਸ਼ਤਾ ਮੰਗਿਆ ਤਾਂ ਹੀ ਕਹਿ ਰਿਹਾਂ। ਬੰਦੇ ਵੀ ਸਾਊ ਨੇ। ਮੈਨੂੰ ਇੰਨਾ ਪਤਾ ਵੀ ਜੇ ਗੱਲ ਸਿਰੇ ਚੜ੍ਹਗੀ ਨਾ ਕੁੜੀ ਇਥੇ ਰਾਜ ਕਰੂਗੀ।"

ਜੀਤ ਦੀ ਘਰਵਾਲੀ ਤੇ ਸਾਲੀ ਦੋਵੇਂ ਭੈਣਾਂ ਉਹਦੀ ਗੱਲ ਸੁਣ ਕੇ ਸਹਿਮਤੀ ਵਿੱਚ ਚੁੱਪ ਕਰ ਗਈਆਂ। ਜੀਤ ਨੇ ਸ਼ਾਮੀ ਜਾ ਕੇ ਸਰਦੂਲ ਤੇ ਉਹਦੀ ਘਰਵਾਲੀ ਨਾਲ ਜਾ ਗੱਲ ਤੋਰੀ। " ਚਾਚਾ ਗੱਲ ਇਹ ਆ ਬਈ ਛੋਟਾ ਮੂੰਹ ਤੇ ਵੱਡੀ ਗੱਲ। ਤੁਹਾਡੇ ਤੇ ਸਾਡੇ ਹਾਲਾਤ ਹੈ ਤਾਂ ਇਕੋ ਜਿਹੇ ਪਰ ਜੇ ਆਹ ਜੱਟ ਪੁਣਾਂ ਜਿਆ ਛੱਡ ਕੇ ਗੱਲ ਸੁਣੇਂ ਤਾਂ....? "

" ਅਸੀਂ ਕਾਹਦੇ ਜੱਟ ਆਂ ਯਾਰ ਹੁਣ....ਤੂੰ ਗੱਲ ਦੱਸ ਬੁਝਾਰਤਾਂ ਜੀਆਂ ਨਾ ਪਾਇਆ ਕਰ।"

" ਗੱਲ ਇਹ ਆ ਬਈ ਮੇਰੇ ਸਾਂਢੂ ਮਰੇ ਨੂੰ ਕਈ ਸਾਲ ਹੋਗੇ ਤੈਨੂੰ ਪਤਾ ਈ ਆ। ਮੇਰੀ ਵੱਡੀ ਸਾਲੀ ਵਿਚਾਰੀ ਬੜੀ ਭਲੀਮਾਣਸ ਜਨਾਨੀ ਆ। ਕੁੜੀਆਂ ਦੋਹੇਂ ਉਹਦੇ ਗਲ ਚੜ੍ਹੀਆਂ ਪਈਆਂ। ਉਹਨੇ ਸਾਰੀ ਜੁੰਮੇਵਾਰੀ ਮੇਰੇ ਤੇ ਈ ਸਿੱਟੀ ਆ ਵਈ ਇਨ੍ਹਾਂ ਦਾ ਬੰਨ੍ਹ ਸੁਬ ਤੂੰ ਹੀਕਰਨਾ

ਜਿਵੇਂ ਮਰਜੀ ਕਰ। ਵੇਖ ਲੈਣ ਦੇਣ ਨੂੰ ਤਾਂ ਕੁਸ਼ ਨੀ, ਬਾਕੀ ਕੁੜੀ ਨੀ ਤੁਸੀਂ ਨਿੰਦ ਸਕਦੇ। ਬੱਸ ਥੋੜ੍ਹਾ ਜਿਆ ਖੱਬੀ ਅੱਖ ਤੋਂ ਟੀਰਾ ਵੇਖਦੀ ਆ। ਉਹ ਵੀ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ, ਨਈਂ ਛੇਤੀ ਕੋਈ ਪਛਾਣ ਨੀ ਸਕਦਾ। ਵੈਸੇ ਉੱਚੀ ਲੰਮੀ ਸੋਹਣੀ ਸੁਨੱਖੀ ਜਵਾਨ ਆ। ਬਲਕਾਰ ਨਾਲ ਜੋੜੀ ਸੋਹਣੀਂ ਜਚੂਗੀ।"

ਸਰਦੂਲ ਨੇ ਇਕ ਟੱਕ ਜੀਤ ਵੱਲ਼ ਵੇਖਿਆ। ਜਿਵੇਂ ਸੋਚ ਰਿਹਾ ਹੋਵੇ ਸਾਡੇ ਸ਼ਰੀਕੇ ਕਬੀਲੇ ਚੋਂ ਤਾਂ ਸਾਡੇ ਦੁਖ ਦਰਦ ਨੂੰ ਕਿਸੇ ਨਾ ਸਮਝਿਆ ਪਰ ਤੂੰ ਸਾਡਾ ਦਰਦ ਆਪਣੇ ਦਿਲ ਤੇ ਮਹਿਸੂਸ ਕਰ ਲਿਆ। ਤੇਰਾ ਦੇਣ ਅਸੀਂ ਕਿਵੇਂ ਦੇਵਾਂਗੇ।

ਜਦੋਂ ਇਸ ਗੱਲ ਦਾ ਬਲਕਾਰ ਨੂੰ ਪਤਾ ਲੱਗਾ ਤਾਂ ਉਹਨੇ ਗੈਰ ਬਰਾਦਰੀ ਦਾ ਰਿਸ਼ਤਾ ਲੈਣ ਤੋਂ ਸਾਫ ਈ ਮਨ੍ਹਾਂ ਕਰ ਦਿੱਤਾ। " ਅਜੇ ਐਨੇ ਮਾੜੇ ਦਿਨ ਵੀ ਨੀ ਆਏ ਮੇਰੇ ਵਈ ਸੀਰੀਆਂ ਸਾਂਝੀਆਂ ਦਾ ਜਵਾਈ ਬਣ ਜਾਂ ਜਾ ਕੇ। "

ਸਰਦੂਲ ਖਿਝ ਗਿਆ " ਚੱਲ ਠੀਕ ਆ ਜੇ ਇਥੇ ਨੀ ਕਰਾਉਣਾਂ ਤਾਂ ਲੈ ਜੀਂ ਬਰਾਤ ਕਿਸੇ ਰਜਵਾੜੇ ਦੇ ਘਰੇ....ਸਾਲਾ ਵੱਡਾ ਲਾਟ ਸਾਬ। ਆਪਾਂ ਸਿਰਫ ਕੁੜੀ ਵੇਖਣ ਜਾਣਾਂ ਕੋਈ ਬਰਾਤ ਨੀ ਲੈ ਕੇ ਚੱਲੇ। ਜੇ ਤੇਰੇ ਨਾ ਪਸੰਦ ਹੋਈ ਤਾਂ ਰਹਿਣ ਦਿਆਂਗੇ। ਫਿਰ ਕਰਾਂ ਲੀਂ ਜਿਥੇ ਤੇਰਾ ਮਨ ਕਰੂ।" ਉਹਦੀ ਗੱਲ ਸੁਣ ਕੇ ਬਲਕਾਰ ਚੁੱਪ ਕਰ ਗਿਆ।

ਥੋੜ੍ਹੇ ਦਿਨਾਂ ਬਾਅਦ ਹੀ ਸ਼ਹਿਰ ਗੁਰਦੁਆਰਾ ਸਾਬ ਵਿੱਚ ਕੁੜੀ ਵੇਖੀ ਗਈ। ਕੁੜੀ ਬਾਰੇ ਸਰਦੂਲ ਦੇ ਵਾਰ ਵਾਰ ਪੁੱਛਣ ਤੇ ਵੀ ਬਲਕਾਰ ਕੁਸ਼ ਨਾ ਬੋਲ ਸਕਿਆ ਉਹਨੇ ਸੰਗਦੇ ਨੇ ਈ ਹਾਂ ਵਿੱਚ ਸਿਰ ਹਿਲਾ ਦਿੱਤਾ। ਉਸ ਤੋਂ ਹਫਤੇ ਬਾਦ ਹੀ ਚੁੰਨੀ ਚੜ੍ਹਾਵਾ ਕਰਕੇ ਜੀਤ ਦੀ ਭਣੇਵੀਂ ਸੁਖਦੀਪ ਬਲਕਾਰ ਦੀ ਬਹੂ ਬਣਕੇ ਝਾਂਜਰਾਂ ਛਣਕਾਉਂਦੀ ਸਰਦੂਲ ਕੇ ਵਿਹੜੇ ਵਿੱਚ ਘੁੰਮਣ ਲੱਗੀ। ਹੁਣ ਜਦੋਂ ਵੀ ਜੀਤ ਘਰ ਆਂਉਦਾ ਉਹਦੇ ਬੈਠਣ ਤੋਂ ਪਹਿਲਾਂ ਈ ਮੰਜਾ ਡਾਹ ਦਿੱਤਾ ਜਾਂਦਾ ਨਈਂ ਪਹਿਲਾਂ ਉਹ ਭੁੰਜੇ ਈ ਫੱਟੀ 'ਤੇ ਬੈਠਦਾ ਹੁੰਦਾ ਸੀ। ਸਰਦੂਲ ਦੀ ਘਰਵਾਲੀ ਫੁੱਲੀ ਨਾ ਸਮਾਂਉਦੀ ਉਹਨੂੰ ਕਹਿੰਦੀ " ਵੇ ਜੀਤ ਸੌਂਹ ਵੀਰ ਦੀ, ਸਾਨੂੰ ਤਾਂ ਤੂੰ ਰੱਬ ਬਣ ਕੇ ਟੱਕਰਿਆ। ਏਨੀ ਸਿਆਣੀ ਤੇ ਕਾਮੀ ਕੁੜੀ ਸਾਨੂੰ ਜੱਟਾਂ ਨੇ ਕਿੱਥੇ ਦੇਣੀਂ ਸੀ। "

" ਚਾਚੀ ਜਿੰਨਾਂ ਨੇ ਭੁੱਖ ਹੰਢਾਈ ਹੋਵੇ ਨਾ ਉਹ ਜਿੰਦਗੀ 'ਚ ਕਦੀ ਵਿਹਲੇ ਨੀ ਬੈਠਦੇ। ਮੈਨੂੰ ਪਤਾ ਕਿਵੇਂ ਇਨ੍ਹਾਂ ਦੀ ਮਾਂ ਨੇ ਨਿੱਕੇ ਨਿੱਕਿਆਂ ਨੂੰ ਪਾਲਿਆ। ਮੈਂ ਤਾਂ ਕਹਿੰਨਾ ਵੀ ਰੱਬ ਬੰਦੇ ਨੂੰ ਦੁੱਖ ਦਰਦ ਜਿੰਨਾਂ ਮਰਜੀ ਦੇਵੇ ਪਰ ਆਹ ਗਰੀਬੀ ਨਾ ਦੇਵੇ। ਦੁੱਖ ਦਰਦ ਬੰਦਾ ਜਰ ਜਾਂਦਾ ਪਰ ਆਹ ਗਰੀਬੀ ਬੰਦੇ ਨੂੰ ਹਰ ਪਾਸਿਉਂ ਹੌਲਾ ਕਰ ਦਿੰਦੀ ਆ।"

" ਸਹੀ ਕਹਿ ਰਿਹੈਂ ਤੂੰ। ਗਰੀਬੀ ਬਹੁਤ ਬੁਰੀ ਚੀਜ ਆ। ਹੋਰ ਕਿਸੇ ਨੂੰ ਕੀ ਕਹਿਣਾਂ ਮਾੜੇ ਬੰਦੇ ਨੂੰ ਤਾਂ ਆਪਣੇ ਵੀ ਨੀ ਪਛਾਣਦੇ।" ਗੰਭੀਰ ਜਿਹੀ ਹੁੰਦੀ ਚਰਨਜੀਤ ਬੋਲੀ।

□ □ □

'ਤੇ ਅੱਜ ਸਰਦੂਲ ਫਿਰ ਉਦਾਸ ਬੈਠਾ ਸੀ। ਕਈ ਥਾਂਈਂ ਹੱਥ ਪੱਲਾ ਮਾਰ ਚੁੱਕਾ ਸੀ ਪਰ ਕੁੜੀ ਲਈ ਕੋਈ ਚੰਗਾ ਘਰ ਨੀ ਸੀ ਮਿਲ ਰਿਹਾ। ਜੇ ਘਰ ਮਿਲ ਰਿਹਾ ਸੀ ਤਾਂ ਮੁੰਡਾ ਚੰਗਾ ਨੀ ਸੀ ਮਿਲ ਰਿਹਾ। ਜੇ ਮੁੰਡਾ ਮਿਲ ਰਿਹਾ ਸੀ ਤਾਂ ਅਗਲਿਆਂ ਦੀਆਂ ਮੰਗਾਂ ਨੇ ਉਹਨਾਂ ਦੇ ਮੂੰਹ

ਬੰਦ ਕਰ ਦਿੱਤੇ ਹੋਏ ਸਨ। ਕੁੜੀ ਗਲ ਚੜ੍ਹੀ ਪਈ ਸੀ। ਜੇ ਛੇਤੀ ਘਰ ਨਾ ਲੱਭਾ ਤਾਂ ਸਾਉਣੀ ਦੀ ਫਸਲ ਵਿਚੋਂ ਜੋੜ ਤੋੜ ਕਰਕੇ ਹੱਥ ਹੇਠ ਰੱਖੇ ਚਾਰ ਪੈਸੇ ਉਹ ਵੀ ਘਰ ਵਿੱਚ ਈ ਖੁਰ ਜਾਣੇ ਸਨ।ਜੀਤ ਨਾਲ ਵੀ ਕਈ ਵਾਰ ਉਹਨੇ ਇਹ ਗੱਲ ਕੀਤੀ ਸੀ ਲੇਕਿਨ ਉਹ ਸੁਣ ਕੇ ਚੁੱਪ ਈ ਕਰ ਜਾਂਦਾ ਰਿਹਾ।

ਪਰ ਅੱਜ ਉਹਦੀ ਉਦਾਸੀ ਵਿੱਚ ਸ਼ਰੀਕ ਹੁੰਦਿਆਂ ਜੀਤ ਸੋਚਣ ਲੱਗਾ ਵਈ ਪਹਿਲਾਂ ਵੀ ਮੈਂ ਮੁੰਡੇ ਨੂੰ ਰਿਸ਼ਤਾ ਕਰਵਾ ਹੀ ਚੁੱਕਾਂ। ਹੁਣ ਤਾਂ ਵੈਸੇ ਵੀ ਰਿਸ਼ਤੇਦਾਰੀ ਆਲੀ ਗੱਲ ਈ ਹੋ ਗਈ ਆ। ਜੇ ਇਹਨਾਂ ਨੂੰ ਆਵਦੀ ਬਰਾਦਰੀ ਵਿੱਚ ਘਰ ਨੀ ਲੱਭ ਰਿਹਾ ਤਾਂ ਕਿਉਂ ਨਾ ਆਵਦੇ ਮਾਮੇ ਨਾ ਗੱਲ ਕਰਕੇ ਬਲਜੀਤ ਦਾ ਰਿਸ਼ਤਾ ਉਹਦੇ ਮੁੰਡੇ ਨੂੰ ਕਰਵਾ ਦਿਆਂ। ਸੁੱਖ ਨਾਲ ਮੁੰਡਾ ਵਧੀਆ ਪੜ੍ਹਿਆ ਲਿਖਿਆ ਨੌਕਰੀ ਕਰਦਾ ਤੇ ਉੱਚਾ ਲੰਮਾ ਸੋਹਣਾ ਸਨੁੱਖਾ ਜਵਾਨ ਵੀ ਐ। ਕੁੜੀ ਨਾਲ ਉਹਦੀ ਜੋੜੀ ਵੀ ਵਧੀਆ ਜਚੂਗੀ।'ਤੇ ਨਾਲੇ ਇਹਨਾਂ ਦਾ ਵੀ ਫਿਕਰ ਲਹਿ ਜੂ। ਕੁੜੀ ਵੇਖ ਕੇ ਮਾਮਾ ਵੀ ਨਾਂਹ ਨੀ ਕਰਦਾ। ਜੇ ਸਰਦੂਲ ਹਾਂ ਕਰੇ ਤਾਂ ਗੱਲ ਚਲਾ ਕੇ ਵੇਖ ਲੈਨੇ ਆਂ। ਉਹ ਅਜੇ ਸੋਚ ਈ ਰਿਹਾ ਸੀ ਕਿ....।

‘‘ ਹੋਰ ਸੁਣਾਂ ਜੀਤ ਕੀ ਹਾਲ ਚਾਲ ਆ।" ਚਾਹ ਲੈ ਕੇ ਆਈ ਚਰਨਜੀਤ ਉਹਨਾਂ ਦੇ ਕੋਲ ਆ ਖੜ੍ਹੀ। ਉਹਨੇ ਕੱਚ ਦਾ ਗਲਾਸ ਸਰਦੂਲ ਨੂੰ ਫੜ੍ਹਾਇਆ ਤੇ ਸਟੀਲ ਦਾ ਗਲਾਸ ਜੀਤ ਵੱਲ ਕਰ ਦਿੱਤਾ। ਗਲਾਸ ਫੜ੍ਹ ਕੇ ਜੀਤ ਬੁੱਲ੍ਹਾਂ ਵਿੱਚਦੀ ਹੱਸਿਆ ‘‘ਨਾ ਤੁਸੀਂ ਆਹ ਗਲਾਸ ਅਜੇ ਸਿੱਟਿਆ ਈ ਨੀ?" ਜੀਤ ਵੱਲ ਵੇਖ ਕੇ ਛਿੱਥਾ ਜਿਹਾ ਹੋਇਆ ਸਰਦੂਲ ਸੁਬੜ੍ਹ ਵਿਚ ਤੀਲੇ ਲਾਉਣ ਲੱਗ ਪਿਆ ਤੇ ਚਰਨਜੀਤ ਖੇਤਾਂ ਵੱਲ ਵੇਖਣ ਲੱਗੀ।ਤਿੰਨਾਂ ਵਿਚਕਾਰ ਇਕਦਮ ਚੁੱਪ ਛਾਅ ਗਈ। 'ਤੇ ਫਿਰ ਚਾਹ ਦੀ ਆਖਰੀ ਘੁੱਟ ਭਰਦਾ ਜੀਤ ਉਠ ਖੜ੍ਹਾ ਹੋਇਆ। ‘‘ਚੱਲ ਠੀਕ ਆ ਚਾਚਾ.... ਮੈਂ ਤਾਂ ਚੱਲਦਾਂ ਫਿਰ।"

□□□

# ਬਹੁਤ ਸਾਰੇ ਸੂਰਜ ਦਾ ਕਾਵਿ-ਪ੍ਰਵਚਨ

*ਡਾ. ਹਰਵਿੰਦਰ ਸਿੰਘ*

ਲਾਲ ਸਿੰਘ ਦਿਲ ਕਾਵਿ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਜੁਝਾਰਵਾਦੀ ਕਾਵਿ-ਪ੍ਰਵਿਰਤੀ ਅਧੀਨ ਰੱਖਿਆ ਗਿਆ ਹੈ। ਲਾਲ ਸਿੰਘ ਦਿਲ ਦਾ ਕਾਵਿ ਸਤਿਲੁਜ ਦੀ ਹਵਾ (1971), ਬਹੁਤ ਸਾਰੇ ਸੂਰਜ (1982), ਸੱਥਰ (ਨਾਗਲੋਕ) (1997), ਅਤੇ ਅੱਜ ਬਿੱਲਾ ਫਿਰ ਆਇਆ (2009, ਮਰਨ ਉਪਰੰਤ ਪ੍ਰਕਾਸ਼ਿਤ) ਤੱਕ ਫੈਲਿਆ ਹੋਇਆ ਹੈ। ਲਾਲ ਸਿੰਘ ਦਿਲ ਕਾਵਿ ਨੂੰ ਪ੍ਰਵਚਨ ਵਿਸ਼ਲੇਸ਼ਣ ਅਭਿਆਸ ਵਿਧੀ ਤਹਿਤ ਪਰਖਣ ਤੋਂ ਪਹਿਲਾਂ, ਦਿਲ-ਕਾਵਿ 'ਚ ਨਿਹਿਤ ਪ੍ਰਵਚਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਪ੍ਰਚੱਲਿਤ ਪ੍ਰਵਚਨਾਂ ਦਾ ਸੰਖੇਪ ਜਾਇਜ਼ਾ ਲਿਆ ਲੈਣਾ ਜ਼ਰੂਰੀ ਹੈ ਕਿਉਂਕਿ ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਮੁੱਖ ਪ੍ਰਵਿਰਤੀਆਂ-ਪ੍ਰਗਤੀਵਾਦੀ ਪ੍ਰਵਿਰਤੀ, ਸੁਹਜਵਾਦੀ ਝੁਕਾਅ ਅਤੇ ਇਸ ਦੇ ਸਮਾਨਾਂਤਰ ਹੋਰ ਕਾਵਿ ਪ੍ਰਭਾਵ ਇਕ ਦੂਸਰੇ ਦੇ ਸੰਵਾਦ, ਪ੍ਰਤਿਵਾਦ, ਵਿਵਾਦ 'ਚੋਂ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਪ੍ਰਗਤੀਵਾਦੀ ਪੰਜਾਬੀ ਕਵਿਤਾ, ਮਾਰਕਸਵਾਦੀ ਸੁਹਜ ਸ਼ਾਸਤਰ ਅਤੇ ਵਿਚਾਰਧਾਰਕ ਚੇਤਨਾ ਤੋਂ ਸੇਧ ਲੈ ਕੇ ਆਪਣੀ ਕਾਵਿ-ਉਸਾਰੀ ਕਰਦੀ ਹੈ। ਦਰਅਸਲ ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪ੍ਰਗਤੀਸ਼ੀਲ ਕਾਵਿ (ਪ੍ਰਗਤੀਵਾਦੀ, ਪ੍ਰਯੋਗ ਤੇ ਜੁਝਾਰ) ਦਾ ਪ੍ਰਵਚਨ ਦੁਵੱਲੇ ਅੰਤਰ ਵਿਰੋਧਾਂ ਅਤੇ ਅੰਤਰ-ਵਿਚਾਰਧਾਰਾਵਾਂ ਰਾਹੀਂ ਆਪਣਾ ਰਾਜਨੀਤਕ ਪੈਂਤੜਾ, ਸਮਾਜਕ ਅਤੇ ਸਭਿਆਚਾਰਕ ਸਰਗਰਮੀਆਂ ਨੂੰ ਵਿਧਾ ਬਿੰਦੂ ਬਣਾਉਂਦਾ ਹੈ। ਜੇ ਗਹਿਨ ਅਧਿਐਨ ਕਰੀਏ ਤਾਂ ਮਾਰਕਸੀ ਚਿੰਤਨ ਅਤੇ ਪ੍ਰਭਾਵਾਂ ਤੋਂ ਸੇਧ ਅਧੀਨ ਕਵਿਤਾ ਰਚ ਰਹੇ ਕਵੀਆਂ ਕੋਲ ਸਮਾਜ ਦੇ ਜਮਾਤੀ ਸੰਘਰਸ਼ ਦੀ ਚੇਤਨਾ ਦੀ ਸੁਰ ਭਾਰੂ ਰੂਪ ਵਿਚ ਸਾਹਮਣੇ ਆਉਂਦੀ ਹੈ ਪਰੰਤੂ ਉਹਨਾਂ ਕੋਲ ਭਾਰਤ ਦੇ ਸਭਿਆਚਾਰਕ ਵਰਤਾਰੇ ਦੀਆਂ ਅੰਦਰੂਨੀ ਸੰਕਟਗ੍ਰਸਤ ਸਥਿਤੀਆਂ ਅਤੇ ਜਾਤੀਗਤ ਜਟਿਲਤਾਵਾਂ ਦਾ ਕੋਈ ਠੋਸ ਮਾਡਲ ਨਹੀਂ ਸੀ। ਦੂਜੇ ਪਾਸੇ ਪ੍ਰਗਤੀਵਾਦੀ ਚਿੰਤਕ ਜੁਝਾਰਵਾਦ ਦੇ ਨਾਮਕਰਨ 'ਤੇ ਇਕਮੱਤ ਨਹੀਂ ਹੁੰਦੇ ਕਿਉਂਕਿ ਇਸ ਲਹਿਰ ਦੇ ਸਮੁੱਚੇ ਕਵੀਆਂ ਨੂੰ ਇਕੋ ਚੇਤਨਾ ਨਾਲ ਨੱਥੀ ਕਰ ਦੇਣ ਦੀ ਸੇਧਵਾਦੀ

*ਅਸਿਸਟੈਂਟ ਪ੍ਰੋਫੈਸਰ, ਮਾਤਾ ਸੁੰਦਰੀ ਕਾਲਜ ਫਾਰ ਵੂਮੈਨ, ਦਿੱਲੀ ਯੂਨੀਵਰਸਿਟੀ, ਦਿੱਲੀ।*
*ਫੋਨ : 9811929614*

ਵਿਚਾਰਧਾਰਕ ਦ੍ਰਿਸ਼ਟੀ ਤਾਂ ਇਕ ਹੋ ਸਕਦੀ ਹੈ ਪਰੰਤੂ ਮਾਨਸਿਕ ਸਿਰਜਣ ਦਾ ਧਰਾਤਲ ਵੱਖੋ-ਵੱਖਰਾ ਅਤੇ ਵਿਭਿੰਨ ਪ੍ਰਤਿਭਾਵਾਂ ਦੇ ਯਥਾਰਥ ਨੂੰ ਪੇਸ਼ ਕਰਦਾ ਹੈ। ਇਹਨਾਂ ਲਹਿਰਾਂ ਨਾਲ ਜੁੜੇ ਕਈ ਜਮਾਤੀ-ਸੰਘਰਸ਼ ਦੀ ਜਿੱਤ ਨਾਲ ਸਥਾਪਤੀ ਪ੍ਰਤੀ ਅਵਿਸ਼ਵਾਸ, ਵਿਦਰੋਹੀ ਸੁਰ ਅਤੇ ਹਿੰਸਾ ਰਾਹੀਂ ਹੀ, ਭਾਰਤੀ ਪੰਜਾਬੀ ਮਨੁੱਖ ਦੀ ਦਮਨ ਤੋਂ ਮੁਕਤੀ ਦਾ ਸਾਧਨ ਮੰਨ ਕੇ ਬੈਠ ਜਾਂਦੇ ਹਨ। ਦਰਅਸਲ ਇਹ ਚੇਤਨਾ ਵਿਚਾਰਧਾਰਕ ਏਕਤਾ ਦੀ ਖੰਡਿਤ ਬਿਰਤੀ ਅਤੇ ਭ੍ਰਮ ਚੇਤਨਾ ਦਾ ਕਾਵਿਕ ਦਸਤਾਵੇਜ਼ ਹੈ। ਬਹੁਤੇ ਚਿੰਤਕ ਇਸ ਦੌਰ ਦੀ ਕਵਿਤਾ ਨੂੰ ਨਵ-ਪ੍ਰਗਤੀਵਾਦੀ, ਕ੍ਰਾਂਤੀਕਾਰੀ ਕਵਿਤਾ, ਨਕਸਲਵਾੜੀ ਕਵਿਤਾ, ਇਤਿਹਾਸਕ ਚੇਤਨਾਮੁਖ ਵਾਲੀ ਕਵਿਤਾ ਦੇ ਨਾਲ-ਨਾਲ ਮੱਧ ਸ਼੍ਰੇਣੀ ਦੀ ਵਿਅਕਤੀਗਤ ਹੋਂਦ ਦਾ ਪ੍ਰਗਟਾਵਾ ਵੀ ਆਖਦੇ ਹਨ। ਜੇਕਰ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੀ ਵਿਚਾਰਧਾਰਕ ਸੇਧ ਮਾਰਕਸ, ਲੈਨਿਨ ਤੋਂ ਸੇਧ ਲੈਂਦੀ ਹੈ ਤਾਂ ਪ੍ਰਯੋਗਸ਼ੀਲ ਕਵਿਤਾ, ਪ੍ਰਗਤੀਵਾਦੀ ਕਵਿਤਾ ਦੇ ਅਸਫਲ ਮਾਡਲ ਅਤੇ ਸ਼ਹਿਰੀ ਜੀਵਨ ਜਾਚ ਦੀ ਆਧੁਨਿਕ ਦੰਭੀ ਮਾਨਸਿਕਤਾ ਦਾ ਕਾਵਿ-ਬੋਧ ਸਿਰਜਦੀ ਹੈ, ਉਥੇ ਜੁਝਾਰਵਾਦੀ ਕਾਵਿ ਪ੍ਰਵਿਰਤੀ ਦੀ ਵਿਚਾਰਧਾਰਕ ਦ੍ਰਿਸ਼ਟੀ ਮਾਉ ਜ਼ੇ ਤੁੰਗ ਦੇ ਸਿਧਾਂਤ, ਹਾਰਬਰਡ ਮਾਰਕੂਜ਼ੇ ਦਾ ਚਿੰਤਨ, ਫਰਾਂਜ਼ ਫੈਨਨ ਦੀ ਕ੍ਰਾਂਤੀਕਾਰੀ ਦ੍ਰਿਸ਼ਟੀ ਇਸ ਲਹਿਰ ਦਾ ਕਾਵਿ-ਆਧਾਰ ਬਣਦੀ ਹੈ। ਜੁਝਾਰਵਾਦੀ ਲਹਿਰ ਦੀ ਕਾਵਿ ਬਿਰਤੀ ਨਿਖੇਧ ਅਤੇ ਨਾਕਾਰਾਤਮਕ ਭਾਵਬੋਧ ਨੂੰ ਪੇਸ਼ ਕਰ ਕੇ ਹਿੰਸਾ ਰਾਹੀਂ ਰਾਜਨੀਤਕ ਅਤੇ ਸਭਿਆਚਾਰਕ ਮੰਚ ਤਿਆਰ ਕਰਦੀ ਹੈ।

ਜੁਝਾਰਵਾਦੀ ਕਾਵਿ ਪ੍ਰਵਿਰਤੀ ਦਾ 1968 ਤੋਂ 1975 ਤੱਕ ਸਿਖਰਲਾ ਦੌਰ ਮੰਨਿਆ ਜਾਂਦਾ ਹੈ। ਇਹ ਪ੍ਰਵਿਰਤੀ ਰਾਜਨੀਤਿਕ ਤੌਰ 'ਤੇ 1968 ਵਿਚ ਨਕਸਲਵਾੜ (ਬੰਗਾਲ) ਪਿੰਡ 'ਚ ਹੋਈ ਕ੍ਰਾਂਤੀਕਾਰੀ ਘਟਨਾ ਤੋਂ ਸੇਧ ਲੈ ਕੇ ਰੂਪ ਅਖ਼ਤਿਆਰ ਕਰਦੀ ਹੈ। ਇਸ ਨਾਲ ਜੁੜੇ ਬਹੁਤੇ ਸ਼ਾਇਰ ਨਿਮਨ ਕਿਸਾਨੀ ਅਤੇ ਦਲਿਤ ਪੇਂਡੂ ਵਰਗ ਨਾਲ ਸੰਬੰਧਿਤ ਸਨ। ਅਸਲ ਵਿਚ ਸੁਆਲ ਇਹ ਹੈ ਕਿ ਮਾਰਕਸਵਾਦੀ ਮਾਡਲ ਜਿਨ੍ਹਾਂ ਆਰਥਿਕ ਆਧਾਰਾਂ 'ਤੇ ਜਮਾਤੀ ਸੰਘਰਸ਼ ਦਾ ਰੂਪ ਪੇਸ਼ ਕਰਦਾ ਰਿਹਾ ਹੈ, ਉਨ੍ਹਾਂ ਲਈ ਸਤਹੀ ਪੱਧਰ 'ਤੇ ਵੰਡੇ ਜਾਤੀ ਪ੍ਰਬੰਧ ਅਤੇ ਸਮਾਜ ਦਾ ਸਰੂਪ ਬਿਲਕੁਲ ਅਲੋਕਾਰ ਸੀ। ਜੁਝਾਰਵਾਦੀ ਪ੍ਰਵਿਰਤੀ ਦੇ ਸਾਹਮਣੇ ਆਉਣ ਨਾਲ ਹੋਰ ਕਈ ਕਿਸਮ ਦੀਆਂ ਅਣਪਛਾਣੀਆਂ ਸਥਿਤੀਆਂ ਵੀ ਉੱਭਰੀਆਂ। ਇਥੇ ਇਹ ਕਹਿਣਾ ਅਤਿਕਥਨੀ ਨਹੀਂ ਕਿ ਇਸ ਲਹਿਰ ਦੇ ਕਵੀ 'ਅਸਲੀ ਦੁਸ਼ਮਣ' ਦੀ ਪਛਾਣ ਕਰਨ ਤੋਂ ਖੁੰਝ ਜਾਂਦੇ ਹਨ, ਇਸ ਕਰ ਕੇ ਉਹਨਾਂ ਦੀ ਕਵਿਤਾ ਵਿਚ ਪੇਂਡੂ ਅਤੇ ਸ਼ਹਿਰੀ ਸਮਾਜ ਦੇ ਆਪਸੀ ਤਣਾਉ ਜਿੱਤ ਹਾਰ ਵਜੋਂ ਪਰਿਭਾਸ਼ਤ ਹੋ ਜਾਂਦੇ ਹਨ। ਸ਼ਹਿਰੀ ਵਸੋਂ ਮੱਧ-ਵਰਗੀ ਜਾਂ ਉੱਚ-ਵਰਗੀ ਨੂੰ, ਪੇਂਡੂ ਨਿਮਨ ਕਿਸਾਨੀ ਅਤੇ ਦਲਿਤ ਵਰਗ ਆਪਣੇ 'ਦੁਸ਼ਮਣ' ਵਜੋਂ ਸਥਾਪਤ ਕਰ ਲੈਂਦੇ ਹਨ। ਇਹ ਸਮੱਸਿਆ ਦੀ ਅਸਲੀ ਜੜ੍ਹ ਨਹੀਂ ਸਗੋਂ ਸਮਾਜ ਦੇ ਆਧਾਰ ਅਤੇ ਉਸਾਰ ਦੀਆਂ ਸ਼ਕਤੀਆਂ ਉੱਪਰ ਕਾਬਜ਼ ਸ਼੍ਰੇਣੀਆਂ ਦੁਆਰਾ ਸਿਰਜੀ ਹੋਈ ਮਾਨਸਿਕਤਾ ਦਾ ਹੀ ਇਕ ਪਰਤੌਅ ਹੈ। ਜੁਝਾਰਵਾਦੀ ਲਹਿਰ ਦੀ ਕਵਿਤਾ ਵਿਚ ਪੇਂਡੂ ਅਤੇ ਸ਼ਹਿਰੀ ਸਮਾਜ ਦਾ ਤਨਾਉ ਵੱਡੇ ਪੱਧਰ 'ਤੇ ਸਾਹਮਣੇ ਆਇਆ। ਮਿਸਾਲ ਵਜੋਂ ਡਾ. ਦੁਸਾਂਝ ਸਿੰਘ ਗਿੱਲ ਦਾ ਕਥਨ ਹੈ ਕਿ, ''ਪਿੰਡਾਂ ਵਿਚ ਵਸਦੇ ਲੋਕ ਸਮਾਜਕ ਸੰਘਰਸ਼ ਦੀ ਧਿਰ ਹਨ ਅਤੇ ਦਰਬਾਰ ਨੂੰ ਚੁਣਨ ਵਾਲੇ ਲੋਕ ਸ਼ਹਿਰਾਂ ਵਿਚ ਵਸਦੇ ਹਨ।'' ਇਸੇ ਤਰ੍ਹਾਂ ਜੁਝਾਰਵਾਦੀ-ਕਾਵਿ ਲਹਿਰ ਦੇ ਬਹੁਤੇ ਕਵੀ ਪੇਂਡੂ ਕਿਸਾਨੀ ਅਤੇ ਦਲਿਤ ਵਰਗ ਨਾਲ ਸੰਬੰਧ ਰੱਖਦੇ ਹਨ। ਇਸੇ ਕਰ ਕੇ ਇਸ ਦੌਰ ਦੀ ਕਵਿਤਾ ਦੇ ਚਿਹਨ ਸਮੱਸਿਆਵਾਂ, ਵਿਸ਼ਾ-ਵਸਤੂ ਪੇਂਡੂ ਸਮਾਜ 'ਚੋਂ ਆਪਣੀ ਹੋਂਦ ਧਾਰਨ

ਕਰਦੇ ਹਨ।

ਆਧੁਨਿਕ ਪੰਜਾਬੀ ਕਾਵਿ-ਪ੍ਰਵਿਰਤੀਆਂ ਨੂੰ ਪਰਿਭਾਸ਼ਤ ਕਰਨ ਵਾਲੇ ਬਹੁਤੇ ਚਿੰਤਕ ਪੰਜਾਬ ਸੰਕਟ ਦੌਰਾਨ ਉੱਠੀ ਸੰਘਰਸ਼ਸ਼ੀਲ ਧਿਰ ਨੂੰ ਹਰੀ ਕ੍ਰਾਂਤੀ ਦੇ ਵਿਕਗਠਵੀ ਵਜੋਂ ਉਪਜਿਆ ਸੰਕਟ ਐਲਾਨਦੇ ਹਨ ਪਰ ਸਥਿਤੀ ਦਾ ਸੁਆਲ ਇਹ ਹੈ ਕਿ ਜੁਝਾਰਵਾਦੀ ਲਹਿਰ ਕਿਹੜੇ ਪ੍ਰਤੀਕਰਮ ਵਜੋਂ ਪੈਦਾ ਹੋਈ ? ਦਰਅਸਲ ਇਹ ਰਾਜਨੀਤਕ ਪ੍ਰਵਿਰਤੀ ਆਂਸ਼ਿਕ ਇਤਿਹਾਸਕ ਚੇਤਨਤਾ, ਸਾਮੰਤਵਾਦੀ ਮਾਨਸਿਕ ਪ੍ਰਭਾਵਾਂ ਵਿਚ ਬੱਝੀ ਚੇਤਨਤਾ ਦੀ ਇਕਹਿਰੀ ਪਰਤ, ਮਾਰਕਸਵਾਦੀ ਵਿਚਾਰਧਾਰਾ ਦੀ ਰਲਗੱਡ ਚੇਤਨਾ ਅਤੇ ਹੋਰ ਸਮਾਜਕ ਦੁਸ਼ਵਾਰੀਆਂ ਇਸ ਲਹਿਰ ਦੀ ਮਾਨਸਿਕ ਸੰਰਚਨਾ ਨੂੰ ਤਿਖੇਰਾ ਕਰਦੀਆਂ ਹਨ। ਇਸੇ ਦੌਰ ਦੀ ਕਵਿਤਾ ਵਿਚ ਹੀ ਇਤਿਹਾਸਮੁਖੀ ਚੇਤਨਾ ਅਤੇ ਰੁਮਾਂਟਿਕਤਾ, ਉਪ-ਭਾਵੁਕਤਾ ਰਲਗੱਡ ਹੋ ਕੇ ਕਾਵਿ ਪੱਧਤੀ ਦੀ ਉਸਾਰੀ ਕਰਦੇ ਹਨ। ਕਿਤੇ-ਕਿਤੇ ਇਸ ਕਾਵਿ ਵਿਚ ਕਵੀ-ਕਥਨ ਸੰਘਰਸ਼ ਦੀ ਕਾਵਿ-ਬਿਆਨੀ ਨਾ ਕਰ ਕੇ ਪ੍ਰਸਥਿਤੀਆਂ ਦੀ ਮਜਬੂਰੀ ਨੂੰ ਕਾਵਿ-ਆਧਾਰ ਵਜੋਂ ਸਿਰਜ ਲੈਂਦਾ ਹੈ।

ਇਸ ਦੌਰ ਦੀ ਕਵਿਤਾ ਵਿਚ ਦਲਿਤ ਸਮਾਜ ਦੀ ਮੁਕਤੀ ਦਾ ਰੋਲ ਮਾਡਲ, ਦਮਨ ਅਤੇ ਹਿੰਸਾਮੁਕਤ ਸਮਾਜ ਸਿਰਜਣ ਲਈ ਕਈ ਕਾਵਿ-ਸੁਰਾਂ ਸਾਹਮਣੇ ਆਉਂਦੀਆਂ ਹਨ। ਲਾਲ ਸਿੰਘ ਦਿਲ ਦੇ ਕਾਵਿ ਤੋਂ ਪਹਿਲਾਂ ਵੀ ਆਧੁਨਿਕ ਪੰਜਾਬੀ ਕਵਿਤਾ ਵਿਚ ਦਲਿਤ ਪਛਾਣ ਅਤੇ ਮੁਕਤੀ ਦਾ ਮਸਲਾ ਅਹਿਮ ਰਿਹਾ ਹੈ। ਪਰੰਤੂ ਪੰਜਾਬੀ ਕਵਿਤਾ ਵਿਚ ਜੀਵਨ ਦੇ ਬਿੰਬ ਉਹਨਾਂ ਦੇ ਸਭਿਆਚਾਰਕ ਗੌਰਵਮਈ ਚਿਹਨਾਂ ਨੂੰ ਸਿਰਜਣ ਦੀ ਥਾਵੇਂ ਸਵੈ-ਤਰਸ ਜਾਂ ਹੀਣ ਭਾਵਨਾ ਵਾਲੇ ਹੀ ਸਾਹਮਣੇ ਆਉਂਦੇ ਹਨ। ਇਸ ਕਵਿਤਾ ਦੀ ਕਾਵਿ-ਵਸਤੂ ਅਰਥ ਪ੍ਰਬੰਧ ਦੀ ਪੱਧਰ 'ਤੇ ਦਲਿਤ ਸ਼ਬਦ ਨੂੰ ਪ੍ਰਵਾਨ ਕਰਦੀ ਅਤੇ ਇਸ ਦੀ ਹੀਣ ਭਾਵਨਾ ਨੂੰ ਹੰਢਾਉਂਦੀ ਪ੍ਰਤੀਤ ਹੁੰਦੀ ਹੈ। ਆਧੁਨਿਕ ਕਵਿਤਾ ਵਿਚ ਪੰਜਾਬ ਅਤੇ ਭਾਰਤ ਨੂੰ ਰਾਸ਼ਟਰਵਾਦੀ, ਆਦਰਸ਼ਵਾਦੀ, ਰੁਮਾਂਟਿਕ ਚੇਤਨਾ ਦੇ ਪ੍ਰਭਾਵ ਅਧੀਨ 'ਸਵਰਗੀ ਜਿਉੜੇ' ਵੀ ਕਿਹਾ ਗਿਆ ਹੈ। ਲੋਕ ਕਵੀ ਗੁਰਦਾਸ ਰਾਮ ਆਲਮ ਇਸੇ ਰਾਸ਼ਟਰਵਾਦ ਦੀ ਭ੍ਰਮਕ ਚੇਤਨਾ ਦਾ ਸ਼ਿਕਾਰ ਹੋ ਕੇ ਦਲਿਤ ਦੀ ਮੁਕਤੀ ਦਾ ਮਾਡਲ ਭਾਰਤ ਦੀ ਲੋਕਤੰਤਰੀ ਵਿਵਸਥਾ ਜਾਂ ਅੰਬੇਡਕਰਵਾਦੀ ਸੰਕਲਪ ਅਧੀਨ ਮੰਨ ਬੈਠਦਾ ਹੈ। ਇਸੇ ਤਰ੍ਹਾਂ ਦੇਸ਼-ਵੰਡ ਤੋਂ ਬਾਅਦ ਦੀਆਂ ਨਵੀਆਂ ਸਮੱਸਿਆਵਾਂ, ਪੰਜਾਬ ਦੀ ਰਾਜਨੀਤਿਕ ਅਤੇ ਭੂਗੋਲਿਕ ਸਥਿਤੀ ਅਤੇ ਆਪਸੀ ਸੰਪ੍ਰਦਾਇਕ ਤਣਾਉ ਕਾਰਨ ਦਲਿਤ ਮਸਲਾ ਮੁਲਤਵੀ ਹੁੰਦਾ ਰਹਿੰਦਾ ਹੈ। ਕਿਤੇ-ਕਿਤੇ ਇਹ ਮਸਲਾ ਦਲਿਤ ਅਵਚੇਤਨ ਦਾ ਅਹਿਮ ਹਿੱਸਾ ਬਣ ਜਾਂਦਾ ਹੈ। ਜੁਝਾਰਵਾਦੀ ਲਹਿਰ ਦੇ ਸਾਹਮਣੇ ਆਉਣ ਨਾਲ ਆਜ਼ਾਦ ਭਾਰਤ ਦੀ ਅਰਥ-ਵਿਵਸਥਾ ਅਤੇ ਲੋਕ ਰਾਜੀ ਪ੍ਰਬੰਧ ਤੋਂ ਮੋਹ ਭੰਗ ਹੋਈ ਲੁਕਾਈ ਦਾ ਇਕ ਵੱਡਾ ਹਿੱਸਾ, ਇਸ ਲਹਿਰ ਨਾਲ ਸਹਿਮਤੀ ਅਤੇ ਹਮਦਰਦੀ ਵਾਲਾ ਵਤੀਰਾ ਅਪਣਾਉਂਦਾ ਹੈ। ਜਿਸ ਕਰ ਕੇ ਇਸ ਲਹਿਰ ਦੇ ਪ੍ਰਮੁੱਖ ਕਵੀ, ਸੰਤ ਰਾਮ ਉਦਾਸੀ ਦੀ ਕਾਵਿ-ਚੇਤਨਾ ਵਿਚ 'ਚੁੰਨੀਆਂ ਅੱਖਾਂ' 'ਕਰੇੜੇ ਦੰਦ' ਅਤੇ ਹੋਰ ਸਵੈ ਤਰਸ ਪੈਦਾ ਕਰਨ ਵਾਲੇ ਚਿਹਨ ਸਾਹਮਣੇ ਆਉਂਦੇ ਹਨ। ਉਦਾਸੀ ਦੇ ਇਸ ਕਾਵਿ-ਪ੍ਰਤਿਕਰਮ ਵਿਚ ਕਿਤੇ ਨਾ ਕਿਤੇ ਖੱਬੇ ਪੱਖੀ ਤਾਕਤਾਂ ਦੇ ਪ੍ਰਭਾਵ ਅਧੀਨ ਦਲਿਤ ਦੀ ਮੁਕਤੀ ਦਾ ਮਸਲਾ ਆਸ਼ਾ ਰੂਪ ਵਜੋਂ ਕਾਰਜਸ਼ੀਲ ਹੈ। ਇਥੋਂ ਤੱਕ ਦੀ ਕਵਿਤਾ ਵਿਚ ਦਲਿਤ ਚਿੰਤਨ ਅਤੇ ਪਛਾਣ ਦਾ ਮਸਲਾ ਵਿਚਾਰਧਾਰਕ ਪ੍ਰਕਰਣ ਵਜੋਂ ਸਥਾਪਤ ਨਹੀਂ ਹੁੰਦਾ। ਕੋਈ ਵੀ ਵਿਚਾਰਧਾਰਾ ਉਦੋਂ ਤੱਕ ਆਪਣਾ ਸਥਾਪਤ ਰੂਪ ਨਹੀਂ ਪੇਸ਼ ਕਰ ਸਕਦੀ ਜਦੋਂ ਤੱਕ ਆਪਣੇ ਰਾਜਨੀਤਕ ਪੈਂਤੜੇ ਅਤੇ ਸਭਿਆਚਾਰਕ ਗੌਰਵ ਨੂੰ ਆਧਾਰ ਨਹੀਂ

ਸਮਝਦੀ। ਸਭਿਆਚਾਰਕ ਗੌਰਵ ਕਿਸੇ ਦੁਆਰਾ ਪ੍ਰਵਾਨਿਆ ਜਾਂ ਕਬੂਲਿਆ ਗਿਆ ਹੋਵੇ ਇਹ ਜ਼ਰੂਰੀ ਨਹੀਂ। ਹਾਂ, ਪ੍ਰਵਾਨਿਆ ਅਤੇ ਕਬੂਲਿਆ ਜਾਣਾ ਇਸ ਲਹਿਰ ਦੇ ਕਈ ਕਵੀਆਂ ਦੇ ਕਾਵਿ ਵਿਚ ਮਾਨਸਿਕ ਰੋਗ ਵਜੋਂ ਵੀ ਸਾਹਮਣੇ ਆਉਂਦਾ ਹੈ। ਇਸ ਪ੍ਰਸੰਗ ਵਿਚ ਮਦਨ ਵੀਰੇ ਦੇ ਕਾਵਿ-ਸੰਗ੍ਰਹਿ ਤੰਦ-ਤਾਣੀ ਅਤੇ ਹੋਰ ਕਵਿਤਾਵਾਂ ਵੇਖੀਆਂ ਜਾ ਸਕਦੀਆਂ ਹਨ। ਪੰਜਾਬੀ ਅਤੇ ਭਾਰਤੀ ਸਾਹਿਤ ਦੇ ਇਤਿਹਾਸ ਵਿਚ ਦਲਿਤ ਸਾਹਿਤ ਭਾਰਤੀ ਵਰਣ-ਵਿਵਸਥਾ, ਮੰਨੂਵਾਦੀ ਸੰਸਕਾਰਾਂ ਅਤੇ ਸਮਾਜਕ ਸੰਰਚਨਾ ਵਿਚ ਪ੍ਰਚੱਲਿਤ ਜਮਾਤੀ ਵਿਰੋਧਾਂ ਦੇ ਰਵੱਈਏ ਦੀ ਪੁਣਛਾਣ ਦੇ ਨਾਲ-ਨਾਲ ਵਿਕਲਪੀ ਸੋਚ ਪ੍ਰਬੰਧ ਵਜੋਂ ਵੀ ਸਾਹਮਣੇ ਆਉਂਦਾ ਹੈ ਕਿਉਂਕਿ ਸੰਬੰਧਿਤ ਜਮਾਤ ਦੇ ਇਤਿਹਾਸ ਮਿਥਿਹਾਸ, ਦਰਸ਼ਨ, ਸਥਾਨਕਤਾ, ਸਭਿਆਚਾਰਕ ਪਰੰਪਰਾਵਾਂ ਨੂੰ ਖੰਘਾਲ ਕੇ ਕਾਵਿ ਸਿਧਾਂਤ ਉਸਾਰਨੇ ਬਿਪਰਵਾਦੀ, ਮੰਨੂਵਾਦੀ ਸੰਸਕਾਰਾਂ ਤੋਂ ਵਿਦਰੋਹ ਇਕ ਪ੍ਰਤੀਕਮਈ ਸੰਘਰਸ਼ ਦਾ ਰੂਪ ਹੋ ਨਿਬੜਦਾ ਹੈ। ਪੰਜਾਬੀ ਭਾਰਤੀ ਵਰਣ-ਵਿਵਸਥਾ ਵਿਚ ਬ੍ਰਾਹਮਣਵਾਦੀ ਧਰਮਚੇਤਨਾ ਵਾਲੀ ਧੌਂਸ ਬੁਰਜ਼ੂਆ ਰਾਜਨੀਤੀ, ਉੱਚ-ਵਰਗੀ ਸਭਿਆਚਾਰਕ ਦਾਬੇ ਨੇ, ਨਿਮਨ ਅਤੇ ਦਲਿਤ ਸ਼੍ਰੇਣੀਆਂ ਨੂੰ ਅਵਚੇਤਨੀ ਗੁੰਝਲਾਂ ਦਾ ਸ਼ਿਕਾਰ ਬਣਾਇਆ। ਅਜੋਕੇ ਵਿਸ਼ਵ ਚਿੰਤਨ ਦੇ ਪ੍ਰਸੰਗ ਵਿਚ ਘੱਟ-ਗਿਣਤੀਆਂ, ਹਾਸ਼ੀਆਗਤ ਧਿਰਾਂ ਅਤੇ ਨਾਰੀ ਮੁਕਤੀ ਦਾ ਪ੍ਰਸ਼ਨ ਸਮਾਜਕ ਨਿਆਂ ਪ੍ਰਬੰਧ ਵਿਚ ਖਾਸੀ ਅਹਿਮੀਅਤ ਰੱਖਦਾ ਹੈ। ਲੋਕਰਾਜੀ ਦਿੱਖ ਵਾਲੀ ਬੁਰਜੁਆਜ਼ੀ ਅਰਥ-ਵਿਵਸਥਾ ਵਿਚ ਦਲਿਤ ਕੇਵਲ ਆਰਥਿਕ ਪੱਧਰ 'ਤੇ ਹੀ ਸ਼ੋਸ਼ਿਤ ਨਹੀਂ ਹੋ ਰਿਹਾ ਸਗੋਂ ਉਹ ਸਭਿਆਚਾਰਕ ਤੌਰ 'ਤੇ ਵੀ ਖ਼ੁਦ ਨੂੰ ਮਿੱਧਿਆ, ਮਸਲਿਆ ਤੇ ਅਪਮਾਨਿਤ ਮਹਿਸੂਸ ਕਰਦਾ ਹੈ। ਇਉਂ ਭਾਰਤੀ ਵਰਣ ਵਿਵਸਥਾ ਵਿਚ, ਓਪਰੇ ਲੋਕਰਾਜੀ ਪ੍ਰਬੰਧ ਵਿਚ ਉੱਚ-ਵਰਗਾਂ ਅਤੇ ਦਲਿਤ ਵਰਗਾਂ ਲਈ ਸਨਮਾਨੇ ਅਤੇ ਸੰਤਾਪੇ ਜਾਣ ਦਾ ਇਕ ਵੱਖਰਾ ਬਿਰਤਾਂਤ ਹੈ ਕਿਉਂਕਿ ਲੋਕਤੰਤਰੀ ਢਾਂਚੇ ਵਿਚ ਜਿਸ ਤਰੀਕੇ ਨਾਲ ਨਿਆਂ ਪ੍ਰਣਾਲੀ ਵਿਚ, ਸੰਵਿਧਾਨ ਵਿਚ ਸਮਾਨਤਾ ਅਤੇ ਅਵਸਰਾਂ ਦੇ ਮੌਕਿਆਂ ਦੀ ਵਰਗ ਵੰਡ ਕੀਤੀ ਗਈ ਹੈ, ਉਹ ਆਪਣੇ ਆਪ ਵਿਚ ਪ੍ਰਸ਼ਨ ਚਿੰਨ੍ਹਤ ਅਤੇ ਅੰਤਰ-ਵਿਰੋਧਾਂ ਦਾ ਸ਼ਿਕਾਰ ਹੋ ਜਾਂਦੀ ਹੈ। ਇਕ ਪਾਸੇ ਲੋਕ-ਤੰਤਰੀ ਢਾਂਚੇ, ਸੰਵਿਧਾਨਕ ਵਿਵਸਥਾ ਵਿਚ ਅਰਥ ਸਮਾਨਤਾ ਦਾ ਅਧਿਕਾਰ ਦੇ ਕੇ, ਸੰਵਿਧਾਨ ਵਿਚ ਪਿਛੜੇ ਅਤੇ ਦਲਿਤ ਹੀ ਅਖਵਾਉਂਦੇ ਹਨ। ਜਿਸ ਕਾਰਨ ਸਮਾਜ ਵਿਚ ਵਿਚਰਦਿਆਂ ਦਲਿਤ ਮਨੁੱਖ ਖ਼ੁਦ ਨੂੰ ਗੌਰਵਤਾ ਨਾਲ ਭਰਪੂਰ ਨਾ ਸਮਝਦਾ ਹੋਇਆ ਵੀ ਦਲਿਤ ਪਰਿਭਾਸ਼ਾ ਦੀ ਵਰਗ ਵੰਡ ਵਿਚ ਸੰਤਾਪਿਆ ਮਹਿਸੂਸ ਕਰਦਾ ਹੈ। ਇਹ ਦਲਿਤ ਦਾ ਆਰਥਕ ਅਤੇ ਸਭਿਆਚਾਰਕ ਪੱਖ ਤੋਂ ਦੂਹਰਾ ਅਪਮਾਨ ਹੈ। ਇਹ ਭਾਰਤੀ ਸਮਾਜਕ ਨਿਆਂ ਪ੍ਰਬੰਧ ਦਾ ਦੁਵੱਲਾ ਕਿਰਦਾਰ ਹੈ। ਦੂਜੇ ਪਾਸੇ ਉੱਚ-ਸ਼੍ਰੇਣੀ ਦਾ ਮਨੁੱਖ ਆਰਥਿਕ ਤੌਰ 'ਤੇ ਸੰਪੰਨ ਨਾ ਹੋਣ ਦੇ ਬਾਵਜੂਦ ਵੀ, ਸਮਾਜਿਕ ਤੌਰ 'ਤੇ ਜਾਤੀ ਪ੍ਰਬੰਧ ਵਿਚ ਸਨਮਾਨਤ ਅਤੇ ਗੌਰਵਤਾ ਵਾਲਾ ਅਹਿਸਾਸ ਰੱਖਦਾ ਹੋਇਆ ਉੱਚ-ਜਾਤੀ ਹਉਂ ਵਾਲਾ ਰਵੱਈਆ ਅਪਣਾਉਂਦਾ ਹੈ। ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਦਲਿਤ ਮਨੁੱਖ ਆਰਥਿਕਤਾ ਦੇ ਨਾਲ-ਨਾਲ ਸਭਿਆਚਾਰਕ ਸ਼ੋਸ਼ਣ ਦਾ ਵੀ ਸ਼ਿਕਾਰ ਹੁੰਦਾ ਹੈ।

ਲਾਲ ਸਿੰਘ ਦਿਲ ਦੇ ਕਾਵਿ ਨੂੰ ਕਿਸੇ ਇਕ ਪ੍ਰਸੰਗ, ਸੰਦਰਭ ਜਾਂ ਕਿਸੇ ਖ਼ਾਸ ਪ੍ਰਵਿਰਤੀ ਅਧੀਨ ਰੱਖ ਕੇ ਮੁਲਾਂਕਿਤ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਨੇ ਕਾਵਿ-ਸੰਗ੍ਰਹਿ 'ਬਹੁਤ ਸਾਰੇ ਸੂਰਜ' ਦਾ ਪ੍ਰਵਚਨ ਵਿਸ਼ਲੇਸ਼ਣ ਕਰਦਿਆਂ ਸਮਾਜਕ ਸੰਦਰਭ, ਸਭਿਆਚਾਰਕ, ਇਤਿਹਾਸ, ਮਿਥਿਹਾਸ ਅਤੇ ਦਰਸ਼ਨ ਦੀਆਂ ਅਣ-ਫਰੋਲੀਆਂ ਪਰਤਾਂ ਦਾ ਅਧਿਐਨ ਕਰ ਕੇ ਹੀ, ਉਸ ਦੀ ਕਾਵਿ-ਆਤਮਾ ਦੇ

ਨੇੜੇ ਪਹੁੰਚਿਆ ਜਾ ਸਕਦਾ ਹੈ। ਉਸ ਦੇ ਸਿਰਜਣਾਤਮਕ ਕਾਵਿ ਦੇ ਅਨੇਕ ਪ੍ਰਵਚਨ ਅਸਤਿਤਵੀ ਸਥਿਤੀਆਂ, ਨਿਰਣਿਆਂ ਦੇ ਵਧੀਕ ਨੇੜੇ ਹਨ। ਉਹ ਇਨ੍ਹਾਂ ਸਥਿਤੀਆਂ ਨਾਲ ਕਿਤੇ ਸੰਵਾਦ, ਕਿਸੇ ਵਿਸਥਾਰ ਅਤੇ ਕਿਤੇ ਵਿਦਰੋਹ ਪੈਦਾ ਕਰ ਕੇ ਪ੍ਰਤਿਭਾਵਾਨ ਮਨੁੱਖੀ ਸਥਿਤੀ ਦਾ ਬੋਧਿਕਤਾ ਨੂੰ ਤਿਆਰ ਕਰਦਾ ਹੈ। ਇਉਂ ਉਸ ਦਾ ਕਾਵਿ ਸਥਾਪਤ ਚਿਹਨਾਂ ਨੂੰ ਸਥਗਿਤ ਕਰਦਾ ਹੋਇਆ ਪ੍ਰਵਚਨ ਦੀ ਪ੍ਰਕਿਰਿਆ ਰਾਹੀਂ ਵੱਢ ਮਾਰਦਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਨੂੰ ਵਧੇਰੇ ਕਰ ਕੇ ਨਕਸਲੀ (ਜੁਝਾਰਵਾਦੀ) ਪ੍ਰਸੰਗ ਵਿਚ ਹੀ ਸਮਝਿਆ ਗਿਆ ਹੈ। ਇਥੇ ਸੁਆਲ ਇਹ ਹੈ ਕਿ ਉਸ ਦੀ ਕਵਿਤਾ ਦਾ ਵਧੇਰੇ ਹਿੱਸਾ ਦਲਿਤ ਚੇਤਨਾ ਅਤੇ ਪਛਾਣ ਦੇ ਮਸਲੇ ਨਾਲ ਜੁੜਿਆ ਹੋਇਆ ਹੈ। ਪਰੰਤੂ ਪੰਜਾਬੀ ਸਾਹਿਤ ਇਤਿਹਾਸ ਉਸ ਨੂੰ ਜੁਝਾਰਵਾਦੀ ਪ੍ਰਵਿਰਤੀ ਨਾਲ ਨੱਥੀ ਕਰ ਦਿੰਦਾ ਹੈ, ਇਸ ਦਾ ਭਾਵ ਹਰਗਿਜ਼ ਇਹ ਨਹੀਂ ਕਿ ਦਿਲ ਕਾਵਿ ਜੁਝਾਰਵਾਦੀ ਪ੍ਰਵਿਰਤੀ, ਰੁਝਾਨ ਤੋਂ ਵਿਹੂਣਾ ਹੈ। ਇਹ ਸਮੱਸਿਆ ਦਿਲ ਕਾਵਿ ਦੀ ਨਹੀਂ ਸਗੋਂ ਪੰਜਾਬੀ ਆਲੋਚਨਾ ਅਤੇ ਇਤਿਹਾਸ ਦੀ ਪ੍ਰਵਿਰਤੀ ਮੂਲਕ ਬਿਰਤੀ ਜਾਂ ਇਕਹਿਰੇ ਪ੍ਰਸੰਗਾਂ ਨੂੰ ਅਧਿਐਨ ਵਸਤੂ ਬਣਾਉਣ ਕਰ ਕੇ ਹੈ। ਇਹ ਪੰਜਾਬੀ ਅਕਾਦਮਿਕਤਾ ਦੀ ਇਕ ਸੀਮਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਦਾ ਕੇਂਦਰੀ ਸੂਤਰ ਤਲਾਸ਼ਦਿਆਂ, ਉਸ ਦੌਰ ਦੀਆਂ ਇਤਿਹਾਸਕ ਪ੍ਰਸਥਿਤੀਆਂ ਅਤੇ ਸਮਾਜ ਦੇ ਬਦਲ ਰਹੇ ਦ੍ਰਿਸ਼ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਇਸ ਦੌਰ 'ਚੋਂ ਲਾਲ ਸਿੰਘ ਦਾ ਰਚਨਾਤਮਕ ਸੰਸਾਰ ਸਾਹਮਣੇ ਆਉਂਦਾ ਹੈ, ਉਸ ਸਮੇਂ ਪੰਜਾਬ, ਭਾਰਤੀ ਅਰਥ ਵਿਵਸਥਾ ਅਤੇ ਸਮਾਜ ਵਿਚ ਕਈ ਬਦਲਾਉ ਵਾਪਰਦੇ ਹਨ। ਇਸੇ ਦੌਰ ਵਿਚ ਪੰਜਾਬ ਦੀ ਅਰਥ ਵਿਵਸਥਾ ਸਨਅਤੀਕਰਨ ਦੇ ਰਾਹ ਪੈਂਦੀ ਹੈ। ਜਿਸ ਕਰ ਕੇ ਇਥੋਂ ਦੀ ਧਰਤੀ ਦੀਆਂ ਉਤਪਾਦਨੀ ਸ਼ਕਤੀਆਂ ਮਸ਼ੀਨੀਕਰਨ ਰਾਹੀਂ ਸਾਹਮਣੇ ਆਉਂਦੀਆਂ ਹਨ। ਸਾਨੂੰ ਇਥੇ ਉਤਪਾਦਨੀ ਸ਼ਕਤੀਆਂ 'ਤੇ ਕਾਬਜ਼ ਬੁਰਜੂਆਜ਼ੀ ਅਰਥਚਾਰੇ ਦੀ ਰੁਚੀ ਅਤੇ ਟੇਕ ਧਿਆਨ ਗੋਚਰੇ ਰੱਖਣੀ ਚਾਹੀਦੀ ਹੈ। ਇਹ ਵਿਵਸਥਾ ਖੇਤੀ ਸੈਕਟਰ ਅਤੇ ਉਤਪਾਦਤ ਪਦਾਰਥਾਂ ਦਾ ਨਿਯੰਤ੍ਰਣ ਕਰ ਕੇ ਉਨ੍ਹਾਂ ਦੀ ਸੁਰੱਖਿਆ ਦਾ ਕਵਚ ਬੁਣਦੀ ਹੈ। ਧਿਆਨਯੋਗ ਸੂਤਰ ਇਹ ਹੈ ਕਿ ਉਤਪਾਦਨ ਕਰਨ ਵਾਲੀ ਕਿਰਤੀ ਸ਼੍ਰੇਣੀ ਨੂੰ ਸੁਰੱਖਿਅਤ ਰੱਖਣ ਦੀ ਥਾਵੇਂ, ਉਤਪਾਦਤ ਪਦਾਰਥ 'ਤੇ ਨਿਯੰਤ੍ਰਣ ਅਤੇ ਸੁਰੱਖਿਆ ਰੱਖਣਾ ਬੁਰਜੂਆਜ਼ੀ ਪ੍ਰਬੰਧ ਦਾ ਇਕ ਅਹਿਮ ਮਾਡਲ ਹੈ। ਅਜਿਹੀ ਵਿਵਸਥਾ ਕਰ ਕੇ ਸਮਾਜ ਵਿਚ ਸ਼ੋਸ਼ਣ, ਦਮਨ, ਅਨਿਆਂ, ਬੇਰੁਜ਼ਗਾਰੀ ਅਤੇ ਆਰਥਕ ਪਾੜਾ ਆਦਿ ਵਿਕਰਾਲ ਰੂਪ ਧਾਰ ਲੈਂਦੇ ਹਨ। ਦੂਜਾ ਨੁਕਤਾ ਇਹ ਵੀ ਹੈ ਕਿ ਬੁਰਜੂਆਜ਼ੀ ਪ੍ਰਬੰਧ ਨੇ ਆਪਣੇ ਆਲੇ ਦੁਆਲੇ, ਸ਼ੋਸ਼ਣੀ ਚਿਹਰੇ ਨੂੰ ਛੁਪਾਉਣ ਲਈ ਲੋਕਤੰਤਰੀ ਢਾਂਚੇ ਦੇ ਬੁਰਕੇ ਨੂੰ ਅਪਣਾਇਆ ਹੋਇਆ ਹੈ।

ਲਾਲ ਸਿੰਘ ਦਿਲ ਦੇ ਕਾਵਿ ਨੂੰ ਅਧਿਐਨ ਵਸਤੂ ਬਣਾਉਂਦਿਆਂ ਇਹ ਨੁਕਤਾ ਵੀ ਜ਼ਰੂਰੀ ਹੈ ਕਿ ਪੰਜਾਬੀ ਅਤੇ ਭਾਰਤੀ ਸਮਾਜ ਨੂੰ ਕਿਹੜੇ ਨਜ਼ਰੀਏ ਤੋਂ ਸਮਝਿਆ ਜਾਵੇ ? ਹੁਣ ਤੱਕ ਚਿੰਤਨੀ ਗਲਿਆਰਿਆਂ ਨੇ ਇਸ ਸਮਾਜ ਨੂੰ ਜਾਤੀ ਅਤੇ ਜਮਾਤੀ ਨਜ਼ਰੀਏ ਤੋਂ ਹੀ ਸਮਝਿਆ ਹੈ। ਕਿਸੇ ਸਮਾਜ ਨੂੰ ਸਮਝਣ ਲਈ ਇਕਹਿਰੀ ਚੇਤਨਾ ਘਾਤਕ ਵਰਤਾਰੇ ਜਾਂ ਨਿਸਚਿਤਤਾ ਦਾ ਸ਼ਿਕਾਰ ਬਣ ਜਾਂਦੀ ਹੈ। ਜਾਤੀ ਦ੍ਰਿਸ਼ਟੀ ਤੋਂ ਬ੍ਰਾਹਮਣੀਵਾਦੀ ਸਿਸਟਮ, ਮਨੂੰਵਾਦੀ ਸੰਸਕਾਰ ਅਤੇ ਜਮਾਤੀ ਦ੍ਰਿਸ਼ਟੀ ਤੋਂ ਸਮਾਜਕ ਸੰਰਚਨਾ ਅਤੇ ਆਰਥਕ ਨੁਕਤਾ ਹੀ ਕਾਰਜਸ਼ੀਲ ਰਹਿੰਦਾ ਹੈ। ਦਰਅਸਲ ਸਮਾਜ ਨੂੰ

ਸਮਝਣ ਲਈ ਕਿਸੇ ਇਕਹਿਰੇ ਪ੍ਰਿਜ਼ਮ ਦੀ ਥਾਵੇਂ ਮਾਨਵ-ਵਿਗਿਆਨ, ਇਤਿਹਾਸ, ਭੂਗੋਲ, ਦਰਸ਼ਨ ਅਤੇ ਸਮਾਜ-ਸ਼ਾਸਤਰੀ ਪਹੁੰਚ ਰਾਹੀਂ ਯਥਾਰਥਕ ਸਥਿਤੀਆਂ ਵਧੇਰੇ ਸਹਾਈ ਹੋ ਸਕਦੀਆਂ ਣਨ। ਉਪਰੋਕਤ ਸਮੁੱਚੇ ਸੂਤਰ ਲਾਲ ਸਿੰਘ ਦਿਲ ਦੇ ਕਾਵਿ ਦੀ ਸਤਹੀ ਸੰਰਚਨਾ ਦਾ ਅਹਿਮ ਪੱਖ ਹਨ। ਦਿਲ-ਕਾਵਿ ਦਾ ਪ੍ਰਵਚਨ ਵਿਸ਼ਲੇਸ਼ਣ ਕਰਦਿਆਂ ਇਹ ਨੁਕਤਾ ਵੀ ਜ਼ਿਕਰ ਗੋਚਰੇ ਹੈ ਕਿ ਉਸ ਦਾ ਕਾਵਿ ਮਹਿਜ਼ ਸ਼ਰਧਾ ਦੇ ਘੇਰੇ ਵਿਚੋਂ ਆਪਣੀ ਹੋਂਦ ਧਾਰਨ ਨਹੀਂ ਕਰਦਾ ਸਗੋਂ ਹੱਡੀਂ ਹੰਢਾਏ ਅਨੁਭਵ ਅਤੇ ਜਾਤੀ ਚੇਤਨਾ ਵੀ ਪ੍ਰਮਾਣਕ, ਯਥਾਰਥਕ ਰੂਪ ਵਜੋਂ ਕਾਵਿ ਵਿਚ ਦ੍ਰਿਸ਼ਮਾਨ ਹੁੰਦੇ ਹਨ। ਲਾਲ ਸਿੰਘ ਦਿਲ ਦਲਿਤ ਪਛਾਣ ਅਤੇ ਉਸ ਨਾਲ ਜੁੜੇ ਪ੍ਰਸ਼ਨਾਂ ਨੂੰ ਵਿਅਕੀਗਤ ਚੇਤਨਾ ਰਾਹੀਂ ਰੂਪਮਾਨ ਨਹੀਂ ਕਰਦਾ ਸਗੋਂ ਇਸ ਨੂੰ ਜਮਾਤੀ ਪੈਂਤੜੇ ਵਜੋਂ ਵਿਚਾਰਧਾਰਕ ਚੇਤਨਾ ਨਾਲ ਲੈੱਸ ਹੋ ਕੇ, ਸੰਵਾਦ ਦੀ ਪ੍ਰਕਿਰਿਆ ਰਾਹੀਂ ਪੰਜਾਬੀ ਸਮਾਜ ਦੇ ਉਹ ਚਿਹਨ ਡੀ-ਕੋਡ ਕਰਦਾ ਹੈ। 'ਦਿਲ' ਦੀ ਸਮੁੱਚੀ ਸ਼ਾਇਰੀ ਤਤਕਾਲੀ ਘਟਨਾਵਾਂ ਜਾਂ ਯਥਾਰਥ ਦਾ ਭਾਵ ਬੋਧ ਨਹੀਂ ਸਿਰਜਦੀ ਸਗੋਂ ਸਮਾਜ ਵਿਚ ਰਹਿੰਦਿਆਂ ਉਹਨਾਂ ਸਥਿਤੀਆਂ ਦਾ ਚੀਰ-ਹਰਣ ਕਰਦੀ ਹੈ ਜਿਹੜੀਆਂ ਮਨੁੱਖੀ ਅਵਚੇਤਨ ਨੂੰ ਉਸਾਰਦੀਆਂ ਹਨ। ਉਸ ਦਾ ਕਾਵਿ ਅਵਚੇਤਨ, ਦਲਿਤ ਅਤੇ ਦਮਿਤ ਚੇਤਨਾ ਨਾਲ ਭਰਪੂਰ ਹੈ ਪਰੰਤੂ ਉਹ ਇਕ ਚੇਤੰਨ ਦਲਿਤ ਵਜੋਂ ਪਛਾਣ ਅਤੇ ਮੁਕਤੀ ਦੇ ਮਸਲੇ ਨੂੰ ਹੱਲ ਕਰਨ ਲਈ, ਨਕਸਲਵਾੜੀ ਲਹਿਰ ਨੂੰ ਰਾਜਨੀਤਿਕ ਅਤੇ ਵਿਚਾਰਧਾਰਕ ਬਦਲ ਵਜੋਂ ਅਪਣਾਉਂਦਾ ਹੈ। 'ਬਹੁਤ ਸਾਰੇ ਸੂਰਜ' ਦੇ ਵਿਸ਼ੇਸ਼ ਪ੍ਰਸੰਗ ਵਿਚ ਲਾਲ ਸਿੰਘ ਦਿਲ ਦੀ ਸ਼ਾਇਰੀ ਦੀ ਵਰਗ ਵੰਡ ਪ੍ਰਮੁੱਖ ਸੂਤਰਾਂ ਦੇ ਆਧਾਰ 'ਤੇ ਕੀਤੀ ਜਾ ਸਕਦੀ ਹੈ। ਇਸ ਸੰਗ੍ਰਹਿ ਵਿਚ ਜੁਝਾਰੂ ਸੰਘਰਸ਼ ਨਾਲ ਸੰਬੰਧਤ ਕਵਿਤਾ, ਜਾਤੀ ਅਵਚੇਤਨ ਅਤੇ ਔਰਤ ਕੇਂਦਰੀ ਸੂਤਰ ਵਜੋਂ ਸਾਹਮਣੇ ਆਉਂਦੇ ਹਨ। ਦਿਲ ਇਹਨਾਂ ਵਿਸ਼ਿਆਂ ਨਾਲ ਸੰਬੰਧਤ ਚਿਹਨਾਂ ਨੂੰ ਵਿਸਥਾਪਤ ਕਰਦਾ ਹੋਇਆ ਕਿਤੇ ਨਵੇਂ ਅਰਥ ਪ੍ਰਦਾਨ ਕਰਦਾ ਹੈ ਕਿਤੇ ਸਥਾਪਤ ਮਿੱਥਾਂ ਨੂੰ ਭੰਗ ਕਰ ਕੇ, ਉਸ 'ਚ ਦਮਿਤ ਮਨੁੱਖ ਦੇ ਗੌਰਵ ਨੂੰ ਆਧਾਰ ਬਖ਼ਸ਼ਦਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਦਾ ਪ੍ਰਵਚਨ ਤਲਾਸ਼ਦਿਆਂ ਇਸ ਗੱਲ ਦਾ ਆਭਾਸ ਹੋ ਜਾਂਦਾ ਹੈ ਕਿ ਉਸ ਲਈ ਕਾਵਿ ਮਹਿਜ਼ ਸ਼ਬਦ ਕ੍ਰੀੜਾ ਜਾਂ ਅਹਿਸਾਸ ਦਾ ਪ੍ਰਗਟਾਵਾ ਨਹੀਂ ਸਗੋਂ ਸਮਾਜ ਦੀ ਸੰਰਚਨਾ ਵਿਚ ਕਾਰਜਸ਼ੀਲ ਵਰਤਾਰੇ, ਕਵਿਤਾ ਦੀਆਂ ਸ਼ਾਸਤਰੀ ਰਮਜ਼ਾਂ, ਉਸ ਲਈ ਕਾਵਿ ਵਸਤੂ ਸਥਾਪਤੀ ਦਾ ਬਿੰਬ ਨਹੀਂ ਸਗੋਂ ਸਿੱਧੀ ਮਸਲੀ ਲੋਕਾਈ, ਕਾਵਿ ਦਾ ਕੇਂਦਰੀਕਰਨ ਹੋ ਨਿਬੜਦੀ ਹੈ। ਉਸ ਦੀ ਕਾਵਿ ਸਥਾਨਕਤਾ ਦੇ ਮਾਹੌਲ ਨੂੰ ਤੋੜਦੀ ਹੋਈ, ਉਹਨਾਂ ਮਸਲਿਆਂ ਅਤੇ ਵਰਤਾਰਿਆਂ ਨੂੰ ਕੇਂਦਰ ਵਿਚ ਲਿਆਉਂਦੀ ਹੈ ਜੋ ਸਥਾਪਤੀ ਦੇ ਸ਼ੋਸ਼ਣੀ ਰਵੱਈਏ ਕਾਰਨ ਗੌਲ਼ੇ ਨਹੀਂ ਗਏ ਜਾਂ ਚੇਤੰਨ ਪੱਧਰ 'ਤੇ ਹਾਸ਼ੀਏ 'ਤੇ ਸੁੱਟ ਦਿੱਤੇ ਗਏ। ਦਿਲ ਦਾ ਕਾਵਿ ਪ੍ਰਵਚਨ ਭਾਰਤ ਦੇ ਬ੍ਰਾਹਮਣਵਾਦੀ ਅਤੇ ਬੁਰਜੂਆਜ਼ੀ ਦੇ ਸੁਹਜ ਮੁੱਲਾਂ ਨੂੰ ਕਟਾਖ਼ਸ਼ੀ ਵਿਧੀ ਨਾਲ ਨਕਾਰ ਕੇ, ਕਾਵਿ ਦੇ ਉਹਨਾਂ ਪ੍ਰਤਿਮਾਨ ਨੂੰ ਸੁਹਜ ਮੁੱਲ ਪ੍ਰਦਾਨ ਕਰਦਾ ਹੈ ਜਿਹੜੇ ਸਦੀਆਂ ਤੱਕ ਹਾਸ਼ੀਆਗਤ ਰਹੇ। ਦਰਅਸਲ ਦਿਲ ਉਹਨਾਂ ਸੁਹਜ ਮੁੱਲਾਂ ਨੂੰ ਵੀ ਆਧਾਰ ਬਣਾਉਂਦਾ ਹੈ ਜਿਹੜੇ ਸਵੈ ਦੇ ਗਿਆਨ ਅਤੇ ਪ੍ਰਤਿਭਾ ਤੋਂ ਅਨਜਾਣ ਰਹੇ। ਮਿਸਾਲ ਵਜੋਂ :-

ਖਾਦ ਖੂਨੋਂ ਕੋਈ ਮਰਦੀ ਖੇਤੀ
ਵੀ ਕਵਿਤਾ ਹੈ
ਖਾਦ ਨਾਲ ਕੋਈ ਸੜਦੀ ਖੇਤੀ

ਵੀ ਕਵਿਤਾ...
ਮਿੱਲ ਕਵਿਤਾ ਹਨ
ਮੇਲਿਆਂ ਅੰਦਰ ਬਰਫ਼ਾਂ ਖਾਂਦੇ ਬੱਚੇ ਕਵਿਤਾ
ਪਹਿਲਵਾਨ ਜੋ ਲਿੱਸੇ ਹੋ ਹੋ ਘੁਲਣਾ ਛੱਡਣ
ਵੀ ਕਵਿਤਾ ਹੈ...
ਸ਼ਾਮ ਪਈ ਤਾਂ ਗਧਿਆਂ ਵਾਲੇ
ਸੱਪਾਂ ਵਾਲੇ
ਛੱਜਾਂ ਵਾਲੇ
ਸਭ ਕਵਿਤਾ ਹਨ
ਮਿੱਲ ਕਵਿਤਾ ਹਨ
ਜਾਬਰ ਦੇ ਛੁਰਿਆਂ ਕੱਲੇ
ਵੀ ਕਵਿਤਾ ਹੈ
ਜਾਬਰ ਦੀ ਗਰਦਨ ਦੇ ਉੱਤੇ
ਵੀ ਕਵਿਤਾ ਹੈ
ਮਿੱਲ ਕਵਿਤਾ ਹਨ।[1]

ਲਾਲ ਸਿੰਘ ਦਿਲ ਦੀ ਕਵਿਤਾ ਦਾ ਪ੍ਰਮੁੱਖ ਕੇਂਦਰ ਬਿੰਦੂ ਦਲਿਤ, ਪਛਾਣ ਅਤੇ ਜਾਤੀ ਅਵਚੇਤਨ ਹੈ ਜਿਸ ਕਰ ਕੇ ਉਸ ਦੀਆਂ ਬਹੁਤੀਆਂ ਕਵਿਤਾਵਾਂ ਹੰਢੇ-ਹੰਢਾਏ ਅਨੁਭਵ ਅਤੇ ਬਚਪਨ ਦੀਆਂ ਕੌੜੀਆਂ ਕਸੈਲੀਆਂ ਯਾਦਾਂ ਹਨ ਜੋ ਉਸ ਦੇ ਅਵਚੇਤਨ ਦਾ ਹਿੱਸਾ ਬਣ ਚੁੱਕੀਆਂ ਸਨ। 'ਦਿਲ-ਕਾਵਿ' ਦਾ ਪ੍ਰਵਚਨ ਸਵੈ-ਤਰਸ ਜਾਂ, ਸਵੈ-ਸਿਰਜਿਤ ਸੰਤਾਪ ਨੂੰ ਚਿਤਰਣ ਦੀ ਥਾਵੇਂ, ਉਹਨਾਂ ਇਤਿਹਾਸਕ ਮਸਲਿਆਂ ਨੂੰ ਮੁਖ਼ਾਤਿਬ ਹੁੰਦਾ ਹੈ, ਜਿਨ੍ਹਾਂ ਕਰ ਕੇ ਇਹ ਸਮਾਜ ਸੰਤਾਪ ਹੰਢਾ ਰਿਹਾ ਹੈ। ਇਥੇ ਜਾਤੀਗਤ ਮਸਲੇ, ਇਤਿਹਾਸਕ ਸਭਿਅਤਾਵਾਂ ਦੇ ਸੰਕਟ ਦਾ ਵਿਸਥਾਰ ਕਰਨ ਤੋਂ ਪਹਿਲਾਂ ਲਾਲ ਸਿੰਘ ਦਿਲ ਨਾਲ ਵਾਪਰੀ ਉਸ ਘਟਨਾ ਦਾ ਜ਼ਿਕਰ ਜ਼ਰੂਰੀ ਹੈ ਜਿਸ ਕਰ ਕੇ ਉਹ ਜਾਤੀ ਸੰਤਾਪ ਹੰਢਾਉਂਦਾ ਹੈ :

"ਵੱਡੀਆਂ ਜਮਾਤਾਂ ਤੱਕ ਕਲਾ ਦੇ ਮੁੱਢਲੇ ਪਹਿਲੂਆਂ ਨੂੰ ਜਾਣਦਿਆਂ ਜਿਵੇਂ ਕਿ ਟਰੇਸ ਕਰ ਕੇ ਤਸਵੀਰ ਬਣਾਉਣਾ। ਛੇਵੀਂ-ਸੱਤਵੀਂ ਵਿਚ ਚਿੱਠੀ ਲਿਖਣੀ ਸਿਖਾਈ ਗਈ, ਜਿਸ ਵਿਚ ਲਿਖਿਆ ਸੀ ਕਿ ਮਾਮਾ ਜੀ ਮੇਰੇ ਲਈ ਜੁੱਤੀ ਬਣਾਵੇ। ਪਰ ਇਹ ਉਸ ਤੱਕ ਕਿਵੇਂ ਪਹੁੰਚੇਗੀ, ਨਹੀਂ ਦੱਸਿਆ ਗਿਆ ਸੀ। ਟਰੇਸ ਕਰ ਕੇ ਮੈਂ 'ਰਵਿਦਾਸ ਭਗਤ' ਦੀ ਤਸਵੀਰ ਬਣਾਈ ਜੋ ਖੜ੍ਹਾ ਸੀ। ਥੱਲੇ ਜੁੱਤੀਆਂ ਅਤੇ ਜੁੱਤੀਆਂ ਬਣਾਉਣ ਵਾਲਾ ਸਮਾਨ ਪਿਆ ਸੀ, ਅਜੀਬ ਕਿਸਮ ਦੇ ਪ੍ਰਭਾਵ ਨਾਲ ਜਮਾਤ ਦੇ ਇੰਚਾਰਜ ਨੇ ਦੇਖਿਆ ਤੇ ਉਹ ਹੱਸ ਕੇ ਬਾਕੀ ਲੜਕਿਆਂ ਦੀ ਨਫ਼ਰਤ ਵਿਚ 'ਹਾਂ' ਮਿਲਾ ਰਿਹਾ ਸੀ। ਉਹ ਤਸਵੀਰ ਮੈਂ ਘਰ ਚੁੱਕ ਲਿਆਇਆ।"[2]

ਇਹ ਸਤਰ੍ਹਾਂ ਲਾਲ ਸਿੰਘ ਦਿਲ ਦੇ ਕਾਵਿ-ਅਵਚੇਤਨ ਨੂੰ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ। ਦਿਲ ਦੀ ਜ਼ਿੰਦਗੀ ਵਿਚ ਵਾਪਰੀਆਂ ਅਜਿਹੀਆਂ ਵੀ ਬਹੁਤ ਸਾਰੀਆਂ ਘਟਨਾਵਾਂ 'ਦਾਸਤਾਨ' ਵਿਚੋਂ ਤਲਾਸ਼ੀਆਂ ਜਾ ਸਕਦੀਆਂ ਹਨ, ਜਿਨ੍ਹਾਂ ਦਾ ਲਾਲ ਸਿੰਘ ਦਿਲ 'ਤੇ ਗਹਿਰਾ ਅਸਰ ਸੀ। ਦਿਲ ਇਹਨਾਂ ਮਸਲਿਆਂ ਦੀ ਪਛਾਣ ਅਤੇ ਮੁਕਤੀ ਲਈ ਆਪਣੇ ਮੂਲ ਜਾਤ ਅਤੇ ਕਬੀਲੇ ਦੀ ਤਲਾਸ਼ ਕਰਦਾ ਹੈ। ਉਹ ਆਪਣੀ ਕਵਿਤਾ ਰਾਹੀਂ ਸਮਾਜ ਅਤੇ ਇਤਿਹਾਸ ਦੀਆਂ ਉਹਨਾਂ ਸਥਿਤੀਆਂ ਨਾਲ ਸੰਵਾਦ ਦੀ ਸਥਿਤੀ ਆਰੰਭ ਕਰਦਾ ਹੈ ਜਿਹੜੀਆਂ ਦਲਿਤ ਲੋਕਾਂ ਦੀ ਵਰਤਮਾਨ ਸਥਿਤੀ ਲਈ ਜ਼ਿੰਮੇਦਾਰ ਹਨ। ਲਾਲ ਸਿੰਘ ਦਿਲ ਦਾ ਕਾਵਿ ਪ੍ਰਵਚਨ ਉਹਨਾਂ ਤੱਥਾਂ ਦੀ ਭਾਲ ਕਰਦਾ ਹੋਇਆ ਸੰਵਾਦ ਨੂੰ ਤੋਰਦਾ ਹੈ, ਜਿਹਨਾਂ ਨੂੰ ਦਲਿਤ ਜਾਂ ਹਾਸ਼ੀਆਗਤ ਕਿਹਾ ਗਿਆ ਹੈ। ਸੁਆਲ ਹੈ ਕਿ ਕੀ ਦਲਿਤ ਸੱਚਮੁੱਚ ਹੀ ਦਲਿਤ ਹਨ ਜਾਂ ਉਹਨਾਂ ਨੂੰ ਬ੍ਰਾਹਮਣਵਾਦੀ ਸੋਚ ਪ੍ਰਬੰਧ ਵਿਚ ਸ਼ੂਦਰ ਆਖ ਕੇ ਦਰਕਿਨਾਰ ਕੀਤਾ ਗਿਆ ? ਵੀਹਵੀਂ ਸਦੀ ਵਿਚ ਬੁਰਜੂਆਜ਼ੀ ਲੋਕਤੰਤਰੀ ਢਾਂਚੇ ਨੇ ਉਹਨਾਂ ਨੂੰ 'ਹਰੀਜਨ' ਅਤੇ 'ਅਨੁਸੂਚਿਤ' ਆਖਿਆ। ਦਰਅਸਲ ਇਹ ਉਹ ਭਾਰਤ ਦੇ ਮੂਲ ਬਾਸ਼ਿੰਦੇ ਹਨ, ਜਿਨ੍ਹਾਂ ਆਦਿਵਾਸੀਆਂ, ਕਬੀਲਿਆਂ ਨੂੰ ਆਪਣੀ ਧਰਤੀ ਤੋਂ ਬਾਹਰਲੇ ਧਾੜਵੀਆਂ ਵੱਲੋਂ ਖਦੇੜਿਆ ਗਿਆ। ਇਹ ਆਦਿਵਾਸੀ ਮਨੁੱਖ, ਜੋ ਕਬੀਲਿਆਂ (ਲਾਰਿਆਂ) ਵਿਚ ਰਹਿੰਦੇ ਸਨ, ਇਨ੍ਹਾਂ ਲੋਕਾਂ ਨੂੰ ਲਾਲ ਸਿੰਘ ਦਿਲ ਦ੍ਰਾਵੜ (ਮੂਲ ਵਸਨੀਕ) ਅਤੇ ਆਰੀਆ ਹਮਲਾਵਰਾਂ ਦੀ ਆਪਸੀ ਸਭਿਆਤਾਵਾਂ ਦੇ ਭੇੜ ਵਜੋਂ ਪਰਿਭਾਸ਼ਤ ਕਰਦਾ ਹੈ। ਮਿਸਾਲ ਵਜੋਂ :-

ਆਦਿ ਵਾਸਣਾਂ ਆਉਂਦੀਆਂ ਹਨ
ਫਲ ਬਰੂਸ ਲੈਂਦੀਆਂ ਹਨ
ਬੱਚੇ ਉਨ੍ਹਾਂ ਦੀਆਂ ਝੋਲੀਆਂ 'ਚ ਹੁੰਦੇ ਹਨ
ਉਹ ਕਹਿਣ :
'ਅਸੀਂ ਰਾਈਆਂ ਸਾਂ
ਜੰਗਲਾਂ 'ਚ ਨੌਕਰ ਵਿਆਹੇ
ਇਹ ਦਾਤੀਆਂ
ਸਾਡੇ ਮਰਦਾਂ ਦੇ ਹੱਥਾਂ ਦੀਆਂ ਦਾਤੀਆਂ।'[3]

ਲਾਲ ਸਿੰਘ ਦਿਲ ਇਸ ਵਿਚਾਰਧਾਰਕ ਬਹਿਸ (ਡੀਬੇਟ) ਨੂੰ ਅਗਾਂਹ ਤੋਰਦਾ ਹੋਇਆ ਭਾਰਤ ਦੇ ਮੂਲ ਵਸਨੀਕਾਂ ਦੇ ਮੌਜੂਦਾ ਹਾਲਾਤ ਅਤੇ ਉਨ੍ਹਾਂ ਦੇ ਗੌਰਵ ਨੂੰ ਪੇਸ਼ ਕਰਦਾ ਹੈ। ਦਿਲ-ਕਾਵਿ ਦੇ ਪ੍ਰਵਚਨ ਦੀ ਖ਼ਾਸੀਅਤ ਇਹ ਹੈ ਕਿ ਉਸ ਦੇ ਕਾਵਿ-ਪਾਤਰ ਸਦੀਆਂ ਬਾਅਦ ਵੀ, ਆਰੀਆ ਦੇ ਗਿਆਨ ਪ੍ਰਬੰਧ ਦੀਆਂ ਪਰਤਾਂ ਨੂੰ ਚੀਰ ਦਿੰਦੇ ਹਨ। ਇਥੇ ਦਿਲ ਕਾਵਿ ਵਿਚਲਾ ਪ੍ਰਤੀਰੋਧ ਆਰੀਆ ਦੀ ਵਿਚਾਰਧਾਰਕ ਸਰਦਾਰੀ, ਦਾਬਾ-ਧੌਂਸ ਨੂੰ ਠਿੱਠ ਕਰ ਕੇ, ਆਪਣੇ ਮੌਜੂਦਾ ਹਾਲਾਤ ਦੇ 'ਮਾਣ' ਗੌਰਵ ਨੂੰ ਮਹਿਸੂਸ ਕਰਦਾ ਹੈ। ਆਰੀਆ ਕਦਰ ਪ੍ਰਬੰਧ ਅਤੇ ਵਿਚਾਰਧਾਰਕ ਸਿਆਸਤ ਕਾਰਨ ਇਥੋਂ ਦੇ ਮੂਲ ਬਾਸ਼ਿੰਦਿਆਂ ਦੇ ਵਿਸ਼ਵਾਸ, ਗਿਆਨ-ਪ੍ਰਬੰਧ ਦੇ ਪ੍ਰਕਰਣਾਂ 'ਤੇ ਆਪਣੀ ਸਥਾਪਤੀ ਦੀ ਮੁਹਰ ਲਾ ਲੈਂਦੇ ਹਨ। ਇਸ ਰਲਗੱਡ ਦੀ ਮਾਨਸਿਕਤਾ ਵਿਚੋਂ ਲਾਲ ਸਿੰਘ ਦਿਲ ਦ੍ਰਾਵੜਾਂ ਦੇ ਪ੍ਰਮਾਣਿਤ ਅਤੇ ਪ੍ਰਮਾਣਿਕ ਹੋਣ ਦਾ ਕਾਵਿਕ ਦਸਤਾਵੇਜ਼ ਤਿਆਰ ਕਰਦਾ ਹੈ।

ਉਹ ''ਸ਼ਿਵ ਨੂੰ ਦ੍ਰਾਵੜਾਂ ਦਾ ਪਹਿਲਾ ਪੈਗ਼ੰਬਰ ਮੰਨਦਾ ਹੈ।''[4]

ਇਉਂ ਲਾਲ ਸਿੰਘ ਦਿਲ, ਆਰੀਆ ਦੀ ਉਸ ਡਾਕੂਪੁਣੇ ਅਤੇ ਧਾੜਵੀ ਬਿਰਤੀ ਦੀ ਨਿਸ਼ਾਨਦੇਹੀ ਕਰਦਾ ਹੋਇਆ ਹੈ। ਆਰੀਆ ਅਤੇ ਬ੍ਰਾਹਮਣਵਾਦੀ ਕਦਰ ਪ੍ਰਬੰਧ ਵਿਚ ਭਾਰਤੀ ਮੂਲਵਸਨੀਕਾਂ ਦੀ ਸਮਾਜਿਕ ਸਥਿਤੀ, ਸਮਾਜਿਕ ਨਿਆਂ, ਹਿੰਸਾ, ਦਾਬਾ, ਰੋਹਬ, ਜਾਤ-ਪਾਤ ਅਤੇ ਖੇਰੂੰ-ਖੇਰੂੰ ਮਾਨਸਿਕਤਾ ਰਾਹੀਂ ਰਾਸ਼ਟਰੀ ਸੋਚ ਦਾ ਹਿੱਸਾ ਬਣਾ ਲੈਂਦਾ ਹੈ। ਇਸ ਕਦਰ ਪ੍ਰਬੰਧ ਲਈ 'ਲੂਈ ਅਲਥੂਸਰ' ਦੇ 'state apparatus' ਰਾਹੀਂ ਸਮਝਿਆ ਜਾ ਸਕਦਾ ਹੈ। ਇਉਂ ਲਾਲ ਸਿੰਘ ਦਿਲ ਇਸ ਵਿਚਾਰਧਾਰਕ ਬਹਿਸ ਰਾਹੀਂ ਆਪਣੇ ਕਾਵਿ ਦੀ ਉਸਾਰੀ ਕਰਦਾ ਹੈ। ਮਿਸਾਲ ਵਜੋਂ :-

''ਅੰਬਰਾਂ ਤੋਂ ਪੁਰਾਣਾ ਕੁਝ ਵੀ ਨਹੀਂ ਸੀ
ਜੋ ਸੀ ਤਾਂ ਉਹ ਕੁਝ ਵੀ ਨਹੀਂ ਸੀ।
ਪੁਰਾਤਨਤਾ ਸ਼ਿਵ ਹੈ ਜਾਂ ਗੰਗਾ ਹੈ
ਜੋ ਸ਼ਿਵ ਦੇ ਨੈਣਾਂ 'ਚ ਵਗ ਤੁਰੀ ਸੀ
ਕਣਕ ਖਾਣ ਦੇ ਦੋਸ਼ 'ਚ
ਸੁਰਗ 'ਚੋਂ ਧੱਕੇ ਜਾਣ ਬਾਅਦ
ਪਾਰਬਤੀ ਦੇ ਵਿਯੋਗ 'ਚ
ਸਦੀਆਂ ਰੋਂਦਿਆਂ।
ਪੁਰਾਤਨਤਾ ਵੇਦ ਹਨ
ਜਾਂ ਰਮਾਇਣ ਹੈ
ਜਦੋਂ ਨਾ ਤੁਲਸੀ ਸੀ
ਨਾ ਤੁਲਸੀਕ੍ਰਿਤ
ਪੁਰਾਤਨਤਾ ਦਰਾਵੜ ਹਨ
ਜਦੋਂ ਨਾ ਆਰੀਆ ਸਨ
ਨਾ ਅੰਗਰੇਜ਼।''[5]

ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਆਪਣੇ ਗੌਰਵ ਦੀ ਬਹਾਲੀ ਲਈ ਭਾਲ ਕਰਦਾ ਹੋਇਆ ਇਤਿਹਾਸ ਦੇ ਉਨ੍ਹਾਂ ਤੱਥਾਂ ਦੀ ਪਰਖ-ਪੜਚੋਲ ਕਰਦਾ ਹੈ, ਜਿਸ ਨੂੰ 'ਆਰੀਆ ਕਦਰ-ਪ੍ਰਬੰਧ' ਆਪਣੇ ਵਿਚਾਰਧਾਰਕ ਪੈਂਤੜੇ ਰਾਹੀਂ ਅਪਣਾ ਬਣਾ ਲੈਂਦਾ ਹੈ। ਇਤਿਹਾਸ ਅਤੇ ਵਿਚਾਰਧਾਰਾ ਦੀ ਇਹ ਤਿਕੜਮਬਾਜ਼ੀ ਆਰੀਆ ਅਤੇ ਦ੍ਰਾਵਿੜਾਂ ਵਿਚਕਾਰ ਨਹੀਂ ਵਾਪਰਦੀ ਸਗੋਂ ਹੋਰਨਾਂ ਸਭਿਅਤਾਵਾਂ ਨੂੰ ਵੀ ਵੇਖਿਆ ਜਾ ਸਕਦਾ ਹੈ। ਸੰਸਾਰ ਦੇ ਇਤਿਹਾਸ ਵਿਚ ਸੰਘਰਸ਼ਸ਼ੀਲ ਧਿਰ ਉੱਤੇ ਜੇਤੂ ਧਿਰ ਆਪਣੀ ਠੋਸ ਨੀਤੀ ਨੂੰ ਤਰਲ ਬਣਾ ਕੇ, ਹਾਰੀ ਧਿਰ ਦੇ ਮੂਲ ਨੁਕਤਿਆਂ ਨੂੰ ਹਥਿਆ ਲੈਂਦੀ ਹੈ। ਅਜਿਹੀਆਂ ਕਈ ਉਦਾਹਰਨਾਂ ਮੌਜੂਦਾ ਬੁਰਜੂਆਜ਼ੀ-ਸਾਮਰਾਜੀ ਪ੍ਰਬੰਧ 'ਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਜਿਹੜੀਆਂ ਉਨ੍ਹਾਂ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਖੁੱਡੇ ਲਾਉਣ ਲਈ ਅਪਣਾ ਲਈਆਂ

ਹਨ। ਇਸ ਤਰ੍ਹਾਂ ਕਰਨ ਨਾਲ ਜੇਤੂ ਧਿਰ ਲੋਕਤੰਤਰਿਕ ਲਬਾਦਾ ਪਹਿਨ ਕੇ ਆਪਣੇ ਮਖੌਟੇ ਨੂੰ ਛੁਪਾ ਲੈਂਦੀ ਹੈ। ਦਿਲ ਕਾਵਿ ਦਾ ਪ੍ਰਵਚਨ ਇਹ ਹੈ ਕਿ ਉਹ ਗੰਗਾ ਦੇ ਪਾਣੀਆਂ ਨੂੰ ਦ੍ਰਾਵਿੜੀ ਕਦਰ-ਪ੍ਰਬੰਧ ਨਾਲ ਜੋੜ ਦਿੰਦਾ ਹੈ। ਉਸ ਦਾ ਕਾਵਿ-ਵਿਸ਼ਵਾਸ ਹੈ ਕਿ ਗੰਗਾ ਦੇ ਪਾਣੀ ਦ੍ਰਾਵਿੜੀ ਸਭਿਅਤਾ ਦੀ ਵਿਰਾਸਤ ਹਨ। ਇਉਂ ਦਿਲ ਸਮਾਜ-ਸਭਿਆਚਾਰਕ ਵਿਰੋਧ ਨੂੰ ਰਾਜਸੀ ਪ੍ਰਕਰਣ ਵਿਚ ਨਹੀਂ ਸਗੋਂ ਮੂਲ ਅਵਚੇਤਨੀ ਕਦਰ-ਪ੍ਰਬੰਧ 'ਚੋਂ ਉਸਾਰੀ ਕਰਦਾ ਹੈ :

ਮਿਸਾਲ ਵਜੋਂ :-

"ਪਿੱਠਾਂ ਦੇ ਖਾਲ
ਗੰਗਾ ਦੇ ਪਾਣੀ
ਪਹਿਲਾਂ ਵੀ ਸਨ
ਆਰੀਆ ਤੋਂ ਪਹਿਲਾਂ
ਇਥੇ ਬੰਦੇ ਸਨ।"

ਇਉਂ ਲਾਲ ਸਿੰਘ ਦਿਲ ਅਗਾਂਹ ਜਾ ਕੇ ਇਤਿਹਾਸ-ਮਿਥਿਹਾਸ ਦੀ ਉਸ 'ਸਕ੍ਰਿਪਟਿਡ' ਸੰਰਚਨਾ ਦਾ ਚੀਰ-ਹਰਨ ਕਰਦਾ ਹੈ, ਜਿਸ ਦੇ ਪ੍ਰਾਪਤ ਤੱਥਾਂ ਅਤੇ ਸਬੂਤਾਂ ਦੀ ਵਿਆਖਿਆਕਾਰੀ ਵਿਚ 'ਸ਼ੱਕ' ਦੀ ਭਾਵਨਾ ਨਿਹਿਤ ਹੁੰਦੀ ਹੈ। ਉਸ ਦਾ ਕਾਵਿ-ਪ੍ਰਵਚਨ ਉਨ੍ਹਾਂ ਤੱਥਾਂ ਨੂੰ ਛਾਣ ਕੇ ਇਕ ਅਜਿਹੀ ਦਲੀਲ ਦੀ ਘਾੜਤ ਕਰਦਾ ਹੈ, ਜਿਸ ਵਿਚੋਂ ਸੂਖ਼ਮ ਵਿਅੰਗ ਅਤੇ 'ਸਦੀਆਂ ਦੇ ਰੋਣ ਦੀਆਂ ਅਵਾਜ਼ਾਂ' ਸੁਣੀਆਂ ਜਾ ਸਕਦੀਆਂ ਹਨ। ਉਸ ਦਾ ਕਾਵਿ-ਸੁਹਜ ਸਥਾਪਤ ਧਿਰ ਵੱਲੋਂ ਸਤਾਈ ਕੌਮ ਦਾ ਦਸਤਾਵੇਜ਼ ਤਲਾਸ਼ ਕਰਦਾ ਹੈ ਕਿਉਂਕਿ ਇਤਿਹਾਸ ਹਾਰੀਆਂ ਕੌਮਾਂ ਦਾ ਨਹੀਂ ਲਿਖਿਆ ਜਾਂਦਾ। ਜਿਸ ਕਰ ਕੇ ਉਹ ਧਰਤੀ ਦੀਆਂ ਉਹ ਚੀਜ਼ਾਂ, ਜਿਨ੍ਹਾਂ ਨੂੰ ਨਿਗੂਣੀਆਂ ਸਮਝਿਆ ਜਾਂਦਾ ਹੈ, ਉਨ੍ਹਾਂ ਨੂੰ ਆਪਣੇ ਦਸਤਾਵੇਜ਼ ਵਜੋਂ ਪਰਿਭਾਸ਼ਿਤ ਕਰਦਾ ਹੈ। ਉਸ ਦੇ ਦ੍ਰਿੜ ਕਾਵਿ-ਵਿਸ਼ਵਾਸ ਦੀ ਉੱਤਮ ਮਿਸਾਲ 'ਸਬੂਤ' ਕਵਿਤਾ ਦੇਖੀ ਜਾ ਸਕਦੀ ਹੈ। ਉਹ ਸਥਾਪਤ ਨਿਆਂ ਪ੍ਰਬੰਧ ਨੂੰ ਵੰਗਾਰਦਾ ਹੋਇਆ ਉਨ੍ਹਾਂ ਦੇ ਨਿਆਂ ਨਾ ਦੇਣ ਦੀ ਭਾਵਨਾ ਨੂੰ ਪ੍ਰਸ਼ਨ-ਚਿੰਨ੍ਹਤ ਕਰ ਦਿੰਦਾ ਹੈ :-

"ਸੱਚ ਦਾ ਨਿਰਾਦਰ ਕਰਨ ਲਈ
ਸਬੂਤ ਮੰਗੇ ਜਾਂਦੇ ਹਨ
ਘਾਹ, ਤ੍ਰਿਣ
ਠੀਕਰਾਂ, ਚੋਟਾਂ
ਸਭ ਸਬੂਤ ਹਨ।"[6]

ਇਸ ਤਰ੍ਹਾਂ ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਆਰੀਆ ਕਦਰ ਪ੍ਰਬੰਧ ਵੱਲੋਂ ਦਮਿਤ ਧਿਰ ਦੀਆਂ ਉਨ੍ਹਾਂ ਸਥਿਤੀਆਂ ਦੀ ਨਿਸ਼ਾਨਦੇਹੀ ਕਰਦਾ ਹੈ। ਦਿਲ ਦਾ ਕਾਵਿ-ਪ੍ਰਵਚਨ ਮੰਨੂਵਾਦੀ ਵਰਣ ਵਿਵਸਥਾ ਨੇ, ਮਨੁੱਖਾਂ ਤੋਂ 'ਚੰਡਾਲ' ਬਣਾ ਦਿੱਤੀ ਗਈ ਮਾਨਸਿਕਤਾ ਦੇ ਸ਼ਿਲਾਲੇਖਾਂ ਨੂੰ ਸਿਰਜਦਾ ਹੈ। ਸਥਾਪਤੀ ਵੱਲੋਂ ਇਥੋਂ ਦੇ ਮੂਲ ਵਸਨੀਕਾਂ ਵਿਚ 'ਗ਼ੈਰ' ਹੋਣ ਦੇ, ਅੜੇ-ਥੁੜੇ, ਅਗਿਆਨੀ ਹੋਣ ਦੇ ਭਾਵ-ਬੋਧ ਨੂੰ ਸਿਰਜ ਕੇ ਉਨ੍ਹਾਂ ਦੇ ਅਪ੍ਰਮਾਣਿਕ ਹੋਣ ਦੇ ਅਹਿਸਾਸ ਵਿਚ ਵੀ,

ਆਪਣੇ ਗੌਰਵ ਨੂੰ ਬਣਾਈ ਰੱਖਣ ਦੀ ਸ਼ਕਤੀ ਭਰ ਦਿੰਦਾ ਹੈ। ਦਿਲ ਕਾਵਿ ਦੇ ਪ੍ਰਵਚਨ ਦੇ ਚਿਹਨ ਪੁਰਾਣੇ ਸਸਤੇ ਕੱਪੜਿਆਂ ਦੀ ਮਹਿਕ, ਤੇੜੋਂ-ਸਿਰੋਂ ਨੰਗੇ, ਉੱਚੀ-ਨੀਵੀਂ ਸਭਿਅਤਾ ਦਾ ਅਹਿਸਾਸ, ਝਾਲਿਆਂ ਦੇ ਲਾੜ੍ਹੇ, ਕਾਲ਼ਾ ਵੇਸ ਪਹਿਨਦੀਆਂ ਆਦਿਵਾਸਣਾਂ, ਨਿਰਵਸਤਰ ਬੇਰ ਚੁੱਕਦੀਆਂ ਕੁੜੀਆਂ, ਗੋਹੇ ਦੇ ਭਾਰੇ ਬੱਠਲ ਢੋਂਦੀਆਂ ਮਲੂਕ ਕੁੜੀਆਂ, ਸੱਪਾਂ ਵਾਲੀਆਂ ਸਭਿਅਤਾ ਦੇ ਵਾਰਿਸ, ਛੱਜਾਂ-ਰੰਧੀਲੇ, ਸਿਕਲੀਗਰ ਆਦਿ ਰਾਹੀਂ ਪੰਜਾਬੀ ਕਵਿਤਾ ਦੇ ਭੂਗੋਲ ਨੂੰ ਵਿਸਤਾਰ ਦਿੰਦਾ ਹੈ। ਸ਼ਾਇਰ ਭਾਰਤ ਦੀ ਜਾਤੀ ਵਿਵਸਥਾ ਰਾਹੀਂ ਸਿਰਜੀ ਗਈ ਚੀੜ੍ਹੀ ਮਾਨਸਿਕਤਾ ਨੂੰ ਜ਼ੁਬਾਨ ਦਿੰਦਾ ਹੈ। ਜਿਸ ਵਿਚ ਮਨੁੱਖ ਦੇ ਅਮਾਨਵੀਕਰਨ, ਦਮਨ ਕੀਤੇ ਜਾਣ ਦੇ ਪ੍ਰਮਾਣਿਕ ਚਿੱਤਰ/ਬਿੰਬ ਮਿਲਦੇ ਹਨ। ਸਥਾਪਤੀ ਵਲੋਂ ਮਨੁੱਖ ਨੂੰ ਸਮਾਜਿਕ, ਧਾਰਮਿਕ, ਸਭਿਆਚਾਰਕ, ਰਾਜਸੀ ਅਧਿਕਾਰਾਂ ਤੋਂ ਵਾਂਝੇ ਕਰ ਕੇ ਉਸ ਵਿਚ ਮਲੀਨਤਾ ਦਾ ਅਹਿਸਾਸ ਬਣਾ ਦਿੱਤਾ ਗਿਆ। ਅਜਿਹੇ ਕਦਰ-ਪ੍ਰਬੰਧ ਵਿਚ ਮਨੁੱਖਤਾ ਦੀਆਂ ਸੰਵੇਦਨਾਵਾਂ, ਅਕਾਂਖਿਆਵਾਂ, ਉਨ੍ਹਾਂ ਦੀ ਲੁੱਟ-ਖਸੁੱਟ ਨੂੰ ਜਾਇਜ਼ ਠਹਿਰਾ ਦੇਣਾ, ਆਰੀਆ ਕਦਰ-ਪ੍ਰਬੰਧ ਦਾ ਅਹਿਮ ਏਜੰਡਾ ਬਣ ਜਾਂਦਾ ਹੈ। ਇਥੇ ਉਸ ਦੀਆਂ 'ਭੋਲੀਆਂ'[7] ਅਤੇ 'ਸ਼ਕਤੀ'[8] ਕਵਿਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।

ਇਉਂ ਲਾਲ ਸਿੰਘ ਦਿਲ ਇਨ੍ਹਾਂ ਕਵਿਤਾਵਾਂ ਰਾਹੀਂ ਮਨੁੱਖ ਦੀ ਤ੍ਰੇੜੀ ਮਾਨਸਿਕਤਾ ਦੇ ਦੀਦਾਰ ਕਰਵਾਉਂਦਾ ਹੈ ਅਤੇ ਇਸ ਵਰਣ ਵਿਵਸਥਾ ਵਿਚੋਂ ਦਮਿਤ ਧਿਰ ਦੀ ਨਵ੍ਰਿਤੀ ਲਈ ਸਮਾਜੀ ਬਦਲ ਦੇ ਸੰਕਲਪ ਦੀ ਤਲਾਸ਼ ਕਰਦਾ ਹੈ।

ਲਾਲ ਸਿੰਘ ਦਿਲ ਦੇ ਕਾਵਿ-ਪ੍ਰਵਚਨ ਦਾ ਪ੍ਰਮੁੱਖ ਸੂਤਰ ਮਨੁੱਖ ਦੇ ਬੇਜ਼ਮੀਨੇ ਹੋਣ ਦੇ ਅਹਿਸਾਸ ਨੂੰ ਗਹਿਰੀ ਸੰਵੇਦਨਾ ਅਤੇ ਉਨ੍ਹਾਂ 'ਕਾਰਜ ਕਾਰਨਾਂ' ਨੂੰ ਕਾਵਿ-ਵਸਤੂ ਬਣਾਉਂਦਾ ਹੈ। ਸੱਤਾ ਧਿਰ ਵੱਲੋਂ ਸਿਰਜੀ ਗਈ 'ਜੱਟ ਹਉਂ' 'ਤੇ ਕਰੜ੍ਹਾ ਵਿਅੰਗ ਕਰਦਾ ਹੈ। ਇਹ ਵਿਅੰਗ ਕਰਦਿਆਂ ਲਾਲ ਸਿੰਘ ਦਿਲ ਤੱਤਕਾਲੀ ਜਾਂ ਸਮਕਾਲੀ ਵੇਗ-ਸੰਵੇਗ ਨੂੰ ਆਧਾਰ ਬਣਾ ਕੇ 'ਬਦਲਾ ਲਊ' ਬਿਰਤੀ ਨਹੀਂ ਸਿਰਜਦਾ ਸਗੋਂ ਜੱਟ ਹਉਂ ਦੇ ਇਤਿਹਾਸਕ ਪ੍ਰਕਰਮ ਨੂੰ ਸਿਰਜ ਕੇ ਸਦੀਆਂ ਤੋਂ ਦੋਸ਼ੀ ਹੋਣ ਦਾ ਬਿੰਬ ਸਿਰਜ ਦਿੰਦਾ ਹੈ। ਉਹ ਜੇਤੂ ਧਿਰ ਵੱਲੋਂ ਇਤਿਹਾਸ ਵਿਚ ਨਿਭਾਏ ਗਏ ਰੋਲ ਨੂੰ ਕਾਵਿ-ਵਸਤੂ ਬਣਾਉਂਦਾ ਹੈ। ਉਹ ਵਿਅੰਗ ਕਸਦਾ ਹੋਇਆ ਬੇਜ਼ਮੀਨੇ ਅਤੇ ਗ਼ੈਰ-ਜੱਟ ਦੇ ਬਿੰਬ ਨੂੰ ਰੰਧਲਾ ਕਰਨ ਵਾਲੀ ਮਾਨਸਿਕਤਾ ਅਤੇ ਉਸ ਦੇ ਨਾੜ-ਪ੍ਰਬੰਧ ਨੂੰ ਸਦੀਵਕਾਲੀ ਸਥਿਤੀਆਂ ਵਿਚ ਪੇਸ਼ ਕਰਦਾ ਹੈ। ਮਿਸਾਲ ਵਜੋਂ ਉਸ ਦੀਆਂ ਕਾਵਿ-ਸਤਰਾਂ ਦਾ ਧਿਆਨ ਹੈ ਕਿ :

ਅਸੀਂ ਜੱਟ ਹਾਂ
ਅਸੀਂ ਥੱਕ ਗਏ
ਅਸੀਂ ਨਹੀਂ ਲੜ ਸਕਦੇ
ਜ਼ਮੀਨਾਂ ਸਾਡੇ ਪੈਰਾਂ ਤੋਂ ਬਹੁਤ ਦੂਰ ਚਲੀ ਗਈ
ਜ਼ਮੀਨ ਨੂੰ ਸਾਡਾ ਹੱਥ ਲੁਆਓ
ਅਸੀਂ ਜੱਟ ਹਾਂ
ਅਸੀਂ ਕਦੇ ਨਹੀਂ ਥੱਕਦੇ
ਅਸੀਂ ਲੜਾਂਗੇ

ਬੰਦਿਆ !
ਤੂੰ ਜੰਮੂ ਦਾ
ਤੈਨੂੰ ਤਾਂ ਬਾਈ ਗੁਰੂ ਨੇ ਆਖਿਆ ਸੀ
ਵਿਆਹ ਕਰਵਾਈ ਨਾ...
ਮੈਂ ਜੱਟ !
ਜੱਟਾਂ ਦੀਆਂ ਵੋਟਾਂ ਸਭੇ ਮੇਰੀਆਂ
ਸਿਨੇਮੇ ਅਫ਼ੀਮਾਂ ਸਭੇ ਮੇਰੀਆਂ
ਜੱਟਾਂ ਘਰ ਬਿਜਲੀ ਮਸ਼ੀਨਰੀ
ਗੈਰਜਾਂ ਗੁਦਾਮਾਂ ਵਿਚ ਖਾਦਾਂ ਦੀਆਂ ਢੇਰੀਆਂ
ਉਹ ਵੀ ਕੋਈ ਜੱਟ ਨੇ
ਫਾਲਿਆਂ ਤੋਂ ਤਿੱਖੇ ਦੰਦ ਜਿਨ੍ਹਾਂ ਦੇ।"[9]

ਦਿਲ ਕਾਵਿ ਤੋਂ ਪੂਰਬਲੀ ਪੰਜਾਬੀ ਕਵਿਤਾ ਵਿਚ ਦਲਿਤ ਪਛਾਣ ਅਤੇ ਸੰਕਟ ਦਾ ਮਸਲਾ ਹਿੰਸਾਤਮਕ ਰੂਪ ਅਤੇ ਨਾਕਾਰਾਤਮਕ ਨਿਖੇਧ ਬਿਰਤੀ ਵਾਲਾ ਰਿਹਾ ਹੈ। ਉਸ ਕਾਵਿ ਵਿਚ ਦਲਿਤ ਵਿਅਕਤੀ, ਬੇਜ਼ਮੀਨਾ ਹੋਣ ਦੇ ਅਹਿਸਾਸ ਨੂੰ ਭੋਗਤਾ ਹੋਇਆ ਸਵੈ-ਤਰਸ ਦੀ ਭਾਵਨਾ ਤੱਕ ਸੁੰਗੜ ਕੇ ਰਹਿ ਜਾਂਦਾ ਹੈ। ਪਰੰਤੂ ਦਿਲ ਕਾਵਿ ਵਿਚ ਬੇਜ਼ਮੀਨੇ ਹੋਣ ਦਾ ਅਹਿਸਾਸ ਅਵਚੇਤਨੀ ਪੱਧਰ 'ਤੇ ਵਿਚਰਦਾ ਹੋਇਆ ਬਦਲਵੇਂ ਸੰਕਲਪਾਂ ਦੀ ਤਲਾਸ਼ ਕਰਦਾ ਹੈ। ਇਹ ਧਿਰ ਹਾਰੀ ਹੋਈ ਮਹਿਸੂਸ ਕਰ ਕੇ ਵੀ, 'ਹਾਰ' ਮੰਨ ਕੇ ਬੈਠਣ ਵਾਲੀ ਨਹੀਂ ਹੈ। ਉਨ੍ਹਾਂ ਨੂੰ ਆਪਣੀਆਂ ਸਥਿਤੀਆਂ ਅਤੇ ਮੌਜੂਦਾ ਕਾਰਨ-ਕਾਰਜਾਂ, ਸਮੱਸਿਆਕਾਰ ਬਾਰੇ ਚੇਤੰਨ ਹੈ। ਜਿਸ ਕਰ ਕੇ ਉਹ ਨਕਸਲਬਾੜੀ ਲਹਿਰ ਦੇ ਰਾਜਨੀਤਿਕ ਆਸ਼ੇ ਨਾਲ ਜੁੜਦਾ ਹੈ ਤੇ ਉਸ ਵਿਚਾਰਧਾਰਾ 'ਚੋਂ ਆਪਣੀ ਸਮੱਸਿਆ 'ਤੇ ਪਛਾਣ ਦੇ ਮਸਲੇ ਦਾ ਹੱਲ ਭਾਲਦਾ ਹੈ ਕਿਉਂਕਿ 'ਸਮਾਜਵਾਦੀ ਮਾਡਲ' ਵਿਚ ਸਮਾਨਾਂਤਰ ਆਰਥਿਕਤਾ ਅਤੇ ਬਰਾਬਰੀ ਦੇ ਸੰਕਲਪਾਂ ਨੂੰ ਸਿਰਜ ਕੇ, ਨਵੇਂ ਸਮਾਜ ਦੀ ਸਥਾਪਨਾ ਕਰਨ ਦਾ ਪਰਿਪੇਖ ਤਿਆਰ ਕੀਤਾ ਗਿਆ। 'ਬਾਬਲ ਤੇਰੇ ਖੇਤਾਂ ਵਿਚ' ਟਰੈਕਟਰ (ਉਗ਼ਫਵਰਗ) ਦਾ ਚਿਹਨ ਵਿਗਿਆਨਕ ਸੋਚ ਪ੍ਰਬੰਧ ਅਤੇ ਨਵੀਂ ਤਕਨੀਕ ਨਾਲ ਜੁੜ ਕੇ ਕਰਾਂਤੀ ਲਈ ਤਾਂਘ ਵਜੋਂ ਸਥਾਪਤ ਹੁੰਦਾ ਹੈ। ਮਿਸਾਲ ਵਜੋਂ :-

"ਬਾਬਲ ਤੇਰੇ ਖੇਤਾਂ ਵਿਚ
ਕਦੇ ਕਦੇ ਮੈਂ ਨੱਚ ਉੱਠਦੀ ਹਾਂ
ਹਵਾ ਦੇ ਬੁੱਲ੍ਹੇ ਵਾਂਗ
ਐਵੇਂ ਭੁੱਲ ਜਾਂਦੀ ਆਂ
ਕਿ ਖੇਤ ਤਾਂ ਸਾਡੇ ਨਹੀਂ
ਕੁਝ ਦਿਨ ਦਾ ਬਹਾਨਾ

ਮੁਕੱਦਮੇ ਹਾਰ ਬੈਠੇ ਹਾਂ
ਪੈਸੇ ਖੁਣੋਂ
ਸਲੀਪਰ ਟੁੱਟ ਚੁੱਕੇ ਹਨ
ਭੱਖੜਾ ਉੱਗ ਆਇਆ ਹੈ
ਬਾਬਲ ਤੇਰੇ ਖੇਤਾਂ ਵਿਚ
ਟਰੈਕਟਰ ਨੱਚਣਗੇ ਕਿਸੇ ਦਿਨ
ਬਾਬਲ ਤੇਰੇ ਖੇਤਾਂ ਵਿਚ।"[10]

ਲਾਲ ਸਿੰਘ ਦਿਲ ਕਾਵਿ ਅਤੇ ਜੁਝਾਰਵਾਦੀ ਰੁਝਾਨਾਂ ਪ੍ਰਸੰਗਿਕਤਾ ਬਾਰੇ ਪੰਜਾਬੀ ਚਿੰਤਨ ਵਿਚ ਇਹ ਸੁਆਲ ਉਠਾਇਆ ਜਾਂਦਾ ਹੈ ਕਿ ਰੁਝਾਨ ਜਾਂ ਲਹਿਰ ਦੇ ਲੋਪ ਹੋ ਜਾਣ ਕਾਰਨ, ਉਸ ਨਾਲ ਸੰਬੰਧਿਤ ਕਾਵਿ ਦੀ ਬਹੁਤੀ ਪ੍ਰਸੰਗਿਕਤਾ ਨਹੀਂ ਰਹਿੰਦੀ। ਦਰਅਸਲ ਇਹ ਇਕ ਭ੍ਰਮਕ ਚੇ ਤਨਾ ਵੱਲੋਂ ਪੈਦਾ ਕੀਤਾ ਗਿਆ ਇਕ ਸੁਆਲ ਹੈ ? ਜਿਹੜਾ ਲਹਿਰ ਜਾਂ ਰੁਝਾਨ ਦੀ ਸਪਿਰਟ ਨੂੰ, ਪਾਸੇ ਰੱਖ ਕੇ ਸਮਕਾਲ ਦੇ ਮਸਲਿਆਂ ਨਾਲ ਜੋੜ ਕੇ ਦੇਖਦਾ ਹੈ। ਦਿਲ ਕਾਵਿ ਦੀ ਪ੍ਰਸੰਗਿਕਤਾ ਦੇ ਪ੍ਰਮੁੱਖ ਪਹਿਲੂ ਇਹ ਹਨ ਕਿ ਉਸ ਲਹਿਰ ਦੌਰਾਨ ਉਠਾਏ ਗਏ ਸੁਆਲ ਅਤੇ ਕਦਮ ਜਿਸ ਮਕਸਦ ਦੀ ਸੇਧ ਵੱਲ ਤੁਰੇ ਸਨ, ਉਹ ਅੱਜ ਵੀ ਜਿਵੇਂ-ਤਿਵੇਂ ਕਾਇਮ ਹਨ। ਸਗੋਂ ਕਾਇਮ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਪ੍ਰਸੰਗ ਅਤੇ ਸੰਦਰਭ ਹੋਰ ਵਧੇਰੇ ਪੇਚੀਦਾ ਮਸਲੇ ਬਣ ਕੇ ਉੱਭਰੇ ਹਨ। ਦਿਲ, ਨਕਸਲੀ ਲਹਿਰ ਨਾਲ ਜੁੜਿਆ ਹੋਇਆ ਹੋਣ ਕਰ ਕੇ ਇਕ ਰਾਜਸੀ ਕਾਰਕੁੰਨ ਵਜੋਂ ਵੀ ਸਰਗਰਮ ਰਿਹਾ ਹੈ। ਇਸ ਲਹਿਰ ਦੇ ਪ੍ਰਸੰਗ ਵਿਚ ਸਿਰਜਿਆ ਹੋਇਆ ਕਾਵਿ ਮਹਿਜ਼ ਜਾਤੀਗਤ ਮਸਲੇ 'ਤੇ ਕੇਂਦ੍ਰਿਤ ਨਹੀਂ ਸਗੋਂ ਜਮਾਤੀ ਸੰਘਰਸ਼ ਦੌਰਾਨ ਹਰੇਕ ਪੀੜਤ ਧਿਰ ਦੀ ਇਹ ਕਾਵਿ ਨੁਮਾਇੰਦਗੀ ਕਰਦਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਦੀ ਬਹੁ-ਪਾਸਾਰੀ ਸੁਰ, ਬੁਰਜੂਆਜ਼ੀ ਕਦਰ-ਪ੍ਰਬੰਧ ਵਿਚ ਪੂੰਜੀ ਦੇ ਮੁਨਾਫ਼ੇ ਹਿੱਤ ਕਿਰਤੀ ਵਰਗ (ਮਜ਼ਦੂਰ, ਜੱਟ, ਤੇ ਹੋਰ ਦਸਤਕਾਰੀ ਕਿੱਤੇ) ਉਸ ਦੀ ਆਰਥਿਕ ਹਿੰਸਾ ਦਾ ਸ਼ਿਕਾਰ ਹੁੰਦੇ ਹਨ ਕਿਉਂਕਿ ਸਰਮਾਏਦਾਰੀ ਵੱਲੋਂ ਪੂੰਜੀ ਦੇ ਨਿਵੇਸ਼ ਨਾਲ ਉਤਪਾਦਨ ਨੂੰ ਪਹਿਲ ਤਾਂ ਦਿੱਤੀ ਜਾ ਰਹੀ ਹੈ ਪਰ ਉਹ ਸਥਾਨਕਤਾ, ਭੂਗੋਲਿਕ ਸਥਿਤੀਆਂ ਦੇ ਅਨੁਕੂਲ ਨਹੀਂ। ਪੰਜਾਬ ਅਤੇ ਭਾਰਤ ਪ੍ਰਮੁੱਖ ਖੇਤੀ ਸੈਕਟਰ ਹੈ। ਇਸ ਖੇਤੀ ਸੈਕਟਰ ਨੂੰ ਬਹੁਪੱਖੀ ਜਾਂ ਫ਼ਸਲੀ ਵਿਭਿੰਨਤਾ ਬਣਾਉਣ ਦੀ ਥਾਵੇਂ, ਇਸ ਸੈਕਟਰ ਨੂੰ ਮਸ਼ੀਨੀਕਰਨ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ, ਸੋ ਮਸ਼ੀਨੀਕਰਨ ਦੀ ਦੌੜ ਦੇ ਵਿਚ ਆਰਥਿਕਤਾ ਦਾ ਗਲ਼ਘੋਟੂ ਹਾਰ ਕਿਰਤੀ ਵਰਗ ਦੁਆਲੇ ਕਸਿਆ ਗਿਆ ਹੈ ਅਤੇ ਕਸਿਆ ਜਾਣਾ ਹੈ ਕਿਉਂਕਿ ਪੰਜਾਬ ਦੀ ਦਾਬੇ ਵਾਲੀ ਧਿਰ ਦੀ 'ਜੱਟ ਹਉਂ' ਨੂੰ ਕਦਾਚਿਤ ਮਨਜ਼ੂਰ ਨਹੀਂ ਕਿ ਜੱਟ (ਕਿਰਸਾਨੀ, ਨਾ ਕਿ ਜਾਤ) 'ਸੀਰੀ' ਦਾ ਰੂਪ ਧਾਰਨ ਕਰ ਕੇ ਮੰਡੀ ਸਮਾਜ ਵਿਚ ਸਾਈਕਲ 'ਤੇ ਸਬਜ਼ੀ ਵੇਚਣ ਜਾਵੇ। ਲਾਲ ਸਿੰਘ ਦਾ ਕਾਵਿ-ਪ੍ਰਵਚਨ ਇਨ੍ਹਾਂ ਸਾਰਿਆਂ ਜਟਿਲ ਮਸਲਿਆਂ ਨੂੰ ਅੰਕਿਤ ਕਰਦਾ ਹੈ। ਖੇਤੀ ਸੈਕਟਰ ਨੂੰ ਮੁਨਾਫ਼ੇ ਦੇ ਬਦਲਵੇਂ ਪ੍ਰਬੰਧ ਵਜੋਂ ਸਥਾਪਤ ਕਰਨ ਵਾਲੀ ਅਰਥ-ਵਿਵਸਥਾ, ਨਿਮਨ ਕਿਸਾਨੀ ਅਤੇ ਕਿਸਾਨੀ 'ਤੇ ਨਿਰਭਰ ਧਿਰਾਂ ਨੂੰ ਹੋਰ ਵੀ ਹਾਸ਼ੀਏ 'ਤੇ ਧੱਕ ਦਿੰਦੀਆਂ ਹਨ ਕਿਉਂਕਿ ਖੇਤੀ ਪ੍ਰਬੰਧ ਮਸ਼ੀਨੀਕਰਨ ਦੀ ਗ੍ਰਿਫ਼ਤ ਵਿਚ ਜਕੜਿਆ ਜਾ ਚੁੱਕਿਆ ਹੈ। ਉਪਰੋਕਤ ਸਾਰੇ ਮਸਲੇ ਦਿਲ ਕਾਵਿ ਦੇ ਅਵਚੇਤਨੀ ਪਾਸਾਰ ਤੇ ਸੰਦਰਭਾਂ 'ਚੋਂ ਤਲਾਸ਼ੇ ਜਾ ਗਏ ਹਨ। ਦਿਲ ਕਾਵਿ ਵਿਚ ਵਾਰ-ਵਾਰ

ਵਿਕੀਆਂ ਪੈਲ੍ਹੀਆਂ, ਬੈਲ ਵੇਚਣ ਜਾ ਰਹੇ ਲੋਕ, ਗਹਿਣੇ ਧਰੀ ਜ਼ਮੀਨ, ਮੰਡੀਆਂ 'ਚ ਰੁਲਦੀ ਜਿਣਸ, ਰੱਸੇ ਤੁੜਾ ਰਹੇ ਬਲਦ, ਕੁੱਪਾਂ ਦੁਆਲੇ ਘੁੰਮਦੀ ਪੁਲਿਸ, ਅਣਸੁਖਾਵੀਂ ਆਰਥਿਕਤਾ ਕਾਰਨ ਪਿਤਾ-ਪੁਰਖੀ ਕਿੱਤੇ ਤਿਆਗ ਕੇ ਫ਼ੌਜ ਵਿਚ ਭਰਤੀ ਹੋਣ ਜਾ ਰਹੇ ਨੌਜਵਾਨਾਂ ਨੂੰ ਵੇਖ ਕੇ, ਇਕ ਵਾਰ ਲਾਲ ਸਿੰਘ ਦਿਲ ਦੀ ਕਾਵਿ ਸਥਿਤੀ ਖੜੋ ਜਾਂਦੀ ਹੈ। ਜਿਸ ਕਰ ਕੇ ਦਿਲ ਦਾ ਸੋਚ ਪ੍ਰਬੰਧ 'ਬੰਦ ਕੀੜੇ ਵਾਂਗ ਸੋਚ ਤੁਰਦੀ ਹੈ' ਜਾਂ 'ਗੱਡੀ ਦੇ ਪਹੀਏ ਵਾਂਗ ਬਿਨਾਂ ਤੜਪਿਆ ਥਕੇਵਾਂ ਸਿਰਫ਼ ਅੰਗਾਂ 'ਚ ਹੈ' 'ਤੇ ਕੇਂਦ੍ਰਿਤ ਹੋ ਜਾਂਦੀ ਹੈ। ਪਰੰਤੂ ਸਦੀ ਸਰਮਾਏਦਾਰੀ ਸਭਿਆਚਾਰ ਤੋਂ ਆਜ਼ਾਦ ਹੋਣ ਲਈ ਝਟਪਟ ਕਾਵਿ-ਪ੍ਰਤੀਕਿਰਿਆ ਸਾਹਮਣੇ ਆਉਂਦੀ ਹੈ :

''ਬਊਂ ਬਊਂ ਹੁੱਲਾ.... ਬਊਂ ਬਊਂ ਹੁੱਲਾ
ਇੰਕਲਾਅ.... ਜ਼ਿੰਦਾਬਾ... ਇੰਕਲਾ... ਜ਼ਿੰਦਾਬਾ
ਭੁੱਲ ਜਾਂਦੇ ਸਨ ਕਿ
ਅਸੀਂ ਗਾਂਧੀ ਤੋਂ ਵੱਧ ਨੰਗੇ ਹਾਂ।''[11]

ਲਾਲ ਸਿੰਘ ਦਿਲ ਦਾ ਪ੍ਰਵਚਨ ਉਪਰੋਕਤ ਲੱਕ ਤੋੜਵੇਂ ਅਰਥਚਾਰੇ ਤੋਂ ਮੁਕਤ ਹੋਣ ਲਈ ਕਹਿਰ ਦੀ ਕਾਂਗ ਵਾਂਗ ਬਣ ਕੇ ਧੜਕਦਾ ਹੈ। ਇਸ ਪ੍ਰਸੰਗ ਵਿਚ 'ਕੁੱਪ', 'ਉੱਠਣ ਗੁਰੀਲੇ', 'ਗੀਤ', 'ਤੁਹਾਡਾ ਯੁੱਗ' ਨਾਂ ਦੀਆਂ ਕਵਿਤਾਵਾਂ ਜ਼ਿਕਰਯੋਗ ਹਨ। ਇਸ ਕਰ ਕੇ ਉਸ ਦੀ ਕਾਵਿ-ਸੁਰ ਗੁਰੀਲਾ ਬਿਰਤੀ 'ਤੇ ਕੇਂਦ੍ਰਿਤ ਹੋ ਜਾਂਦੀ ਹੈ। ਉਹ ਸਮਕਾਲੀ ਨਕਸਲੀ ਕਵਿਤਾ ਵਾਂਗੂੰ ਆਪਣੇ ਸੰਘਰਸ਼ ਦੀ ਰੇਖਾ ਪੇਂਡੂ ਜਾਂ ਸ਼ਹਿਰੀ, ਉੱਚ ਜਾਂ ਨਿਮਨ ਵਰਗ ਦੁਆਲੇ ਨਹੀਂ ਖਿੱਚਦਾ ਸਗੋਂ ਸਮਾਜ ਦੀਆਂ ਸਮੁੱਚੀਆਂ ਧਿਰਾਂ, ਸਥਾਨਕਤਾ, ਇਤਿਹਾਸ, ਮਿਥਹਾਸ ਅਤੇ ਪ੍ਰਚੱਲਿਤ ਵਰਤਾਰਿਆਂ ਤੋਂ ਵਿਦਰੋਹ ਦੀ ਭਾਵਨਾ ਨੂੰ ਵਿਅਕਤ ਕਰਦਾ ਹੈ। ਉਸ ਦੇ ਕਾਵਿ-ਪ੍ਰਵਚਨ ਦੀ ਵਿਧੀ ਦੇ ਨਾਲ-ਨਾਲ ਉਸ ਦੀ ਕਾਵਿ-ਵਿਧਾ ਦਾ ਸਰੂਪ ਵੀ ਬਦਲਣ ਲੱਗਦਾ ਹੈ ਕਿਉਂਕਿ ਪ੍ਰਵਚਨ ਵਿਸ਼ਲੇਸ਼ਣ ਕਰਦਿਆਂ ਵਸਤੂ ਦੇ ਨਾਲ-ਨਾਲ ਵਿਧਾ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਉਹ ਲੋਕਧਾਰਾਈ ਸੁਰ ਵਿਚ ਗਾ ਉੱਠਦਾ ਹੈ ਕਿ :

''ਗੰਨਿਆਂ 'ਚੋਂ ਉੱਠਣ ਗੁਰੀਲੇ ਸਾਨੂੰ ਮਿੱਠੇ ਨਹੀਂ ਚਾਹੀਦੇ
ਚੁੱਲਿਆਂ 'ਚੋਂ ਰੁੜਣ ਪਤੀਲੇ ਸਾਨੂੰ ਮਿੱਠੇ ਨਹੀਂ ਚਾਹੀਦੇ
ਕਣਕਾਂ 'ਚੋਂ ਉੱਠਣ ਗੁਰੀਲੇ ਸਾਨੂੰ ਖੇਤ ਨਹੀਂ ਚਾਹੀਦੇ
ਜਦੋਂ ਨਹੀਂ ਸਾਡੇ ਸਾਰੇ ਤੀਲ੍ਹੇ ਸਾਨੂੰ ਖੇਤ ਨਹੀਓਂ ਚਾਹੀਦੇ
ਮੱਕੀਆਂ 'ਚੋਂ ਉੱਠਣ ਗੁਰੀਲੇ, ਅਸੀਂ ਰੋਟੀ ਨਹੀਓਂ ਖਾਂਵਦੇ
ਰੋਟੀ ਲਈ ਗਿਰਵੀ ਕਬੀਲੇ, ਅਸੀਂ ਰੋਟੀ ਨਹੀਓਂ ਖਾਂਵਦੇ
ਮਿੱਲਾਂ ਵਿਚੋਂ ਉੱਠਣ ਗੁਰੀਲੇ, ਸਾਨੂੰ ਧੂੰਏਂ ਨਹੀਓਂ ਚਾਹੀਦੇ...
ਸਾਨੂੰ ਮੋੜੋ ਸਾਡੇ ਸਿਰ ਅਣਖੀਲੇ, ਸਾਨੂੰ ਪੋਂਹਦੀ ਨਹੀਂਓ ਚਾਕਰੀ।''[12]

ਇਉਂ ਉਪਰੋਕਤ ਸਤਰਾਂ ਵਿਚ ਦਿਲ ਦਾ ਕਾਵਿ-ਪ੍ਰਵਚਨ ਸਮਾਜਿਕ ਵਰਤਾਰੇ ਦੀਆਂ ਸਮੁੱਚੀਆਂ ਚੂਲਾਂ ਨੂੰ ਵਿਦਰੋਹ ਦੀ ਭਾਵਨਾ ਉਤਪੰਨ ਕਰਨ ਵਜੋਂ ਦੇਖਦਾ ਹੈ। ਇਥੇ ਮਾਰਕਸਵਾਦੀ

ਚਿੰਤਨ ਦੇ ਇਸ ਵਿਚਾਰ 'ਤੇ ਸਹਿਮਤ ਹੋਇਆ ਜਾ ਸਕਦਾ ਹੈ, "ਇਨਕਲਾਬ ਪੈਦਾ ਕਰਨ ਲਈ ਸਮਾਜ ਦੀਆਂ ਸਮੁੱਚੀਆਂ ਧਿਰਾਂ ਅਤੇ ਉਸ ਦੇ ਸਮੁੱਚੇ ਪਾਸਾਰ ਦਾ ਗਿਆਨ ਹੋਣਾ ਲਾਜ਼ਮੀ ਹੈ।" ਅਤੇ ਲਾਲ ਸਿੰਘ ਦਿਲ ਕਾਵਿ ਆਪਣੀ ਵਿਚਾਰਧਾਰਕ ਚੇਤਨਾ ਪੱਖੋਂ ਬਹੁਤ ਚੇਤੰਨ ਹੈ। ਇਸ ਕਰ ਕੇ 'ਉੱਠਣ ਗੁਰੀਲੇ' ਕਵਿਤਾ ਵਿਚ ਸਮਾਜ ਦੀਆਂ ਸਮੁੱਚੀਆਂ ਧਿਰਾਂ ਨੂੰ ਸੰਬੋਧਿਤ ਹੁੰਦਾ ਹੈ।

ਲਾਲ ਸਿੰਘ ਦਿਲ ਕਾਵਿ ਸੱਤਾ ਦੇ ਉਸ ਪ੍ਰਵਚਨ ਨੂੰ ਪ੍ਰਸ਼ਨਚਿੰਨ੍ਹਤ ਕਰਦਾ ਹੈ, ਜਿਸ ਰਾਹੀਂ ਉਹ ਆਪਣੇ ਪ੍ਰਵਚਨ ਦੀ ਈਨ ਮੰਨਵਾਉਣ ਲਈ ਰਾਜ ਦੇ ਵੱਖ-ਵੱਖ ਪ੍ਰਕਰਣਾਂ ਦਾ ਸਹਾਰਾ ਲੈਂਦਾ ਹੈ। ਸੱਤਾ ਆਪਣੇ ਪ੍ਰਵਚਨ ਦੀ ਧੌਂਸ ਅਤੇ ਸਰਦਾਰੀ ਬਣਾਈ ਰੱਖਣ ਲਈ ਸਮਾਜ ਦੀਆਂ ਵੱਖ-ਵੱਖ ਧਿਰਾਂ 'ਤੇ ਵੱਖ-ਵੱਖ ਤੌਰ-ਤਰੀਕਿਆਂ ਨੂੰ ਨਿਯੰਤ੍ਰਣ 'ਚ ਰੱਖਦੀ ਹੈ। ਇਸ ਨਿਯੰਤ੍ਰਣ ਨੂੰ ਬਣਾਈ ਰੱਖਣ ਦੇ ਪ੍ਰਮੁੱਖ ਪ੍ਰਕਰਣ ਜਿਸ ਨੂੰ ਲੂਈ ਅਲਥੂਸਰ 'State apparatus' ਦੇ ਨਾਂ ਹੇਠ ਗਿਆਨ + ਸਕੂਲ + ਨਿਆਂਕਾਰੀ ਅਦਾਲਤਾਂ + ਫ਼ੌਜ + ਹਸਪਤਾਲ + ਪਾਗਲਖਾਨੇ ਪਰਿਭਾਸ਼ਿਤ ਕਰਦਾ ਹੈ। ਭਾਵੇਂ ਅਲਥੂਸਰ ਦਾ ਸੱਤਾ ਨੂੰ ਸਮਝਣ ਲਈ ਕਰਮ ਭੂਮੀ ਯੂਰਪ ਅਤੇ ਹੋਰ ਰਾਜਸੀ ਪਰਿਪੇਖ ਹਨ ਪਰ ਇਹ ਗੱਲ ਜ਼ਿਕਰਯੋਗ ਹੈ ਕਿ ਸੱਤਾ ਦਾ ਸਰੂਪ ਹਮੇਸ਼ਾ ਇਕੋ ਜਿਹਾ ਹੀ ਹੁੰਦਾ ਹੈ, ਉਹ ਭਾਵੇਂ ਕਿਸੇ ਵਿਕਸਤ ਮੁਲਕ ਜਾਂ ਤੀਜੀ ਦੁਨੀਆ ਦੇ ਕਿਸੇ ਮੁਲਕ ਦਾ ਹੀ ਕਿਉਂ ਨਾ ਹੋਵੇ। ਸੱਤਾਧਾਰੀ ਧਿਰਾਂ ਦੇ ਸਿਰਫ਼ ਢੰਗ ਅਤੇ ਚਿਹਰੇ ਹੀ ਬਦਲਦੇ ਹਨ ਪਰ ਉਨ੍ਹਾਂ ਦਾ ਮਨੋਰਥ ਇਕੋ ਹੁੰਦਾ ਹੈ ਕਿਉਂਕਿ ਉਨ੍ਹਾਂ ਆਪਣੀ ਵਿਚਾਰਧਾਰਕ ਧੌਂਸ/ਸਰਦਾਰੀ/ਗ਼ਲਬਾ ਅਤੇ ਉਤਪਾਦਨੀ ਸ਼ਕਤੀਆਂ 'ਤੇ ਕੇਂਦ੍ਰਿਤ ਕਰ ਕੇ, ਆਪਣੀਆਂ ਸਾਮਰਾਜੀ ਰੁਚੀਆਂ ਦਾ ਵਿਸਥਾਰ ਕਰਨਾ ਹੁੰਦਾ ਹੈ। ਅਲਥਿਊਸਰ ਦੇ ਇਸ ਵਿਚਾਰਧਾਰਕ ਪੈਂਤੜੇ ਨੂੰ ਅਗਾਂਹ ਜਾ ਕੇ ਮਿਸ਼ੇਲ ਫੂਕੋ, ਸੱਤਾ/ਸ਼ਕਤੀ ਦੇ ਸਹਾਇਕ ਉਪਕਰਣਾਂ ਨੂੰ ਸਮਝਣ ਲਈ ਖ਼ਾਮੋਸ਼ ਔਜ਼ਾਰਾਂ ਦੀ ਵਿਸਥਾਰਮਈ ਵਿਆਖਿਆ ਕਰਦਾ ਹੈ। ਜਦੋਂ ਅਸੀਂ ਭਾਰਤ ਤੇ ਪੰਜਾਬ ਦੇ ਪ੍ਰਸੰਗ ਵਿਚ ਵਿਚਾਰਧਾਰਕ ਸਰਦਾਰੀ, ਧੌਂਸ, ਗ਼ਲਬੇ ਦੀ ਨਿਸ਼ਾਨਦੇਹੀ ਕਰਦੇ ਹਾਂ ਤਾਂ ਬ੍ਰਾਹਮਣਵਾਦੀ ਵਿਵਸਥਾ, ਗਿਆਨ, ਚਿੰਤਨ, ਜਾਤਾਂ ਅਤੇ ਉਪ-ਜਾਤਾਂ ਦੇ ਬਿਪਰਵਾਦੀ ਸੰਸਕਾਰ, ਪੰਜਾਬੀ-ਭਾਰਤੀ ਮਨੁੱਖ ਦੀ ਮਾਨਸਿਕਤਾ 'ਤੇ ਲੰਮਾ ਸਮਾਂ ਕਬਜ਼ਾ ਜਮਾਈ ਰੱਖਦੇ ਹਨ। ਉਹ ਆਪਣੇ ਗਿਆਨ ਚਿੰਤਨ ਦੇ ਪੈਟਰਨਾਂ ਰਾਹੀਂ ਸਾਧਨਹੀਣ ਅਤੇ ਕਿਰਤੀ ਮਨੁੱਖ ਨੂੰ 'ਸ਼ੂਦਰ' ਦਾ ਦਰਜਾ ਦਿੰਦੇ ਹਨ। ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿਚ ਇਨ੍ਹਾਂ ਗ਼ਲਬਾਧਾਰੀ ਧਿਰਾਂ ਨੂੰ ਵੰਗਾਰਨ ਲਈ ਵੱਖ-ਵੱਖ ਸਮਾਜਿਕ ਸਥਿਤੀਆਂ ਤੇ ਪਰਿਸਥਿਤੀਆਂ ਸਾਹਮਣੇ ਆਉਂਦੀਆਂ ਹਨ। ਮੱਧਕਾਲ ਦੇ ਗੁਰਮਤਿ ਤੇ ਸੂਫ਼ੀ ਪਰੰਪਰਾ ਅਤੇ ਹੋਰ ਸਮਾਜਿਕ, ਧਾਰਮਿਕ ਅਤੇ ਸਾਹਿਤਕ ਲਹਿਰਾਂ ਇਸ ਵਿਚ ਆਪੋ-ਆਪਣਾ ਬਣਦਾ ਯੋਗਦਾਨ ਪਾਉਂਦੀਆਂ ਹਨ। ਭਾਰਤ ਦੀ ਮਨੂੰਵਾਦੀ ਜਾਤ-ਪਰੰਪਰਾ ਦੇ ਮੁਕਾਬਲੇ ਪੰਜਾਬ ਵਿਚ ਇਹ ਵਿਵਸਥਾ ਦੀ ਪਕੜ ਇੰਨੀ ਪੀਢੀ ਤੇ ਸਖ਼ਤ ਨਹੀਂ। ਇਸ ਦੇ ਪ੍ਰਮੁੱਖ ਕਾਰਨ ਪੰਜਾਬ ਦੀ ਭੂਗੋਲਿਕਤਾ, ਗੁਰਮਤਿ-ਸੂਫ਼ੀ ਅਤੇ ਹੋਰਨਾਂ ਪ੍ਰਭਾਵਾਂ ਕਰ ਕੇ ਹੀ ਮੰਨੇ ਜਾਂਦੇ ਹਨ। ਪਰੰਤੂ ਇਹ ਇਕ ਬਹੁ-ਗਿਣਤੀ/ਧਿਰ ਦਾ ਸੰਗਠਿਤ ਹੋ ਕੇ ਉਤਪਾਦਨੀ ਸ਼ਕਤੀਆਂ 'ਤੇ ਕਬਜ਼ਾ ਕਰਨਾ ਤੇ ਆਪਣੀ ਧੌਂਸ ਬਣਾ ਕੇ ਆਪਣੀ ਗ਼ਾਲਿਬ ਮਾਨਸਿਕਤਾ ਦਾ ਪ੍ਰਭਾਵ ਬਣਾਈ ਰੱਖਣਾ ਸਮਾਜਿਕ ਰਣਨੀਤੀ ਹੈ। ਪੰਜਾਬ ਵਿਚ ਗ਼ਾਲਿਬ ਧਿਰ 'ਜੱਟ' ਮਾਨਸਿਕਤਾ ਦੀ ਸਰਦਾਰੀ ਕਰ ਕੇ ਦਲਿਤ ਧਿਰ ਆਪਣੇ-ਆਪ ਨੂੰ ਨਪੀੜਿਆ ਅਤੇ ਪਿਸਿਆ ਸਮਝਦੀ ਹੈ। ਸੋ, ਪੰਜਾਬ ਅਤੇ ਭਾਰਤ ਦੇ ਪ੍ਰਸੰਗ ਵਿਚ ਸੱਤਾ ਦੇ ਪ੍ਰਕਰਣ ਜਾਤੀ ਪ੍ਰਬੰਧ ਅਤੇ ਸਭਿਆਚਾਰਕ ਦਾਬ੍ਹਾ, ਰੰਗ ਨਸਲ ਭੇਦ ਦੀ ਰਾਜਨੀਤੀ, ਉਤਪਾਦਨੀ ਸ਼ਕਤੀਆਂ ਸੱਤਾ ਦੇ ਪ੍ਰਵਚਨ

ਦੇ ਅਹਿਮ ਜੁਜ਼ ਹਨ। ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ 'ਫੌਜੀ ਗੱਡੀ ਵਿਚ ਬੈਠੇ ਦੋਸਤ' ਕਵਿਤਾ ਵਿਚ ਮਾਰਮਿਕ ਅੰਦਾਜ਼ ਵਿਚ ਪੇਸ਼ ਕਰਦਾ ਹੈ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਲਾਲ ਸਿੰਘ ਸੁਚੇਤ ਤੌਰ 'ਤੇ ਸੱਤਾ ਦੇ ਪ੍ਰਕਰਣ ਫੌਜ 'ਤੇ ਸੂਖ਼ਮ ਵਿਅੰਗ ਕਸਦਾ ਹੈ। ਉਹ ਫੌਜੀਆਂ (ਤਨਖ਼ਾਹਦਾਰਾਂ) ਨੂੰ ਆਪਣਾ ਜਾਤੀ-ਜਮਾਤੀ ਵਿਰੋਧੀ ਮੰਨਣ ਦੀ ਥਾਵੇਂ ਇਨ੍ਹਾਂ ਤਨਖ਼ਾਹਗਾਰਾਂ ਦੀਆਂ ਸਮਾਜਕ-ਸਭਿਆਚਾਰਕ, ਮਜ਼ਬੂਰੀਆਂ ਨੂੰ ਆਧਾਰ ਬਣਾਉਂਦਾ ਹੈ ਤੇ ਇਨ੍ਹਾਂ ਵਿਚ ਉਹ ਅਵਚੇਤਨੀ ਜੁਜ਼ ਵੀ ਕਾਰਜਸ਼ੀਲ ਹਨ, ਜਿਹੜੇ ਬੇਜ਼ਮੀਨੇ ਅਤੇ ਨਿਹੱਥੇ ਹੋਣ ਦਾ ਸੰਤਾਪ ਹੰਢਾਉਂਦੇ ਹੋਏ, ਝਿੜਕਾਂ ਦੇ ਸੱਲ੍ਹ ਹੀ ਉਨ੍ਹਾਂ ਦੀ ਵਿਰਾਸਤ ਹਨ। ਉਸ ਦਾ ਕਾਵਿ-ਪ੍ਰਵਚਨ ਇਸ ਗੱਲ ਵਿਚ ਨਿਹਿਤ ਹੈ ਕਿ ਸਮਾਜਿਕ ਸੰਤਾਪ ਦੇ ਸਤਾਏ, ਬੇਜ਼ਮੀਨੇ ਅਤੇ ਅਸਾਵੀਂ ਆਰਥਿਕਤਾ ਕਰ ਕੇ, ਸੱਤਾਧਾਰੀ ਧਿਰ ਦਾ ਉਪਕਰਣ ਬਣਨ ਲਈ ਬੇਵਸ ਜਾਪਦੇ ਹਨ। ਉਨ੍ਹਾਂ ਦੀ ਬੇਵਸੀ ਦਾ ਕਾਰਨ ਵੀ ਉਹ ਇਸ ਕਵਿਤਾ ਵਿਚ ਜ਼ਿਕਰ ਕਰਦਾ ਹੈ। ਦਿਲ ਕਾਵਿ ਵਿਚ ਪੈਲ੍ਹੀਆਂ ਦੇ ਵਿਕਣ ਦਾ ਝੋਰਾ ਮਹਿਜ਼ ਮਾਨਸਿਕ ਸੰਤਾਪ ਨਹੀਂ ਸਗੋਂ ਬੁਰਜੂਆਜ਼ੀ ਪ੍ਰਬੰਧ ਮੁਨਾਫ਼ੇ ਦੀ ਦੌੜ ਲਈ ਅਤੇ ਵਿਸਥਾਰਵਾਦੀ ਨੀਤੀਆਂ ਲਈ ਕਾਮਿਆਂ, ਦਸਤਕਾਰੀ, ਸ਼੍ਰੇਣੀਆਂ ਦੇ ਹੱਡ-ਮਾਸ ਨੂੰ ਨਿਚੋੜਨ ਦਾ ਕਾਰਜ ਕਰਦਾ ਹੈ। ਉਸ ਦਾ ਕਾਵਿ-ਵਿਸ਼ਵਾਸ ਇਸ ਵਿਚਾਰਧਾਰਕ ਪੈਂਤੜੇ 'ਤੇ ਕੇਂਦ੍ਰਿਤ ਹੋ ਜਾਂਦਾ ਹੈ ਕਿ ਉਹ ਨਕਸਲਬਾੜੀ ਲਹਿਰ ਨੂੰ ਭਾਰਤ, ਬੰਗਾਲ ਦੀ ਧਰਤੀ ਤੋਂ ਨਿੱਕੇ ਜਿਹੇ ਪਿੰਡ ਤੋਂ ਉੱਚੀ ਚੰਗਿਆੜੀ ਦੇ ਪ੍ਰਤੀਕ ਨੂੰ ਦਿਸਹੱਦਿਆਂ ਤੋਂ ਪਾਰ ਜਾ ਕੇ, ਨਵੇਂ ਅਰਥ ਪ੍ਰਦਾਨ ਕਰਦਾ ਹੈ ਤੇ ਉਸ ਲਈ ਹਵਾ ਦੇ ਰੁੱਖ ਲਹਿਰਦੀਆਂ ਚਾਹ ਦੀਆਂ ਪੱਤੀਆਂ ਵੀ ਵਿਚਾਰਧਾਰਕ ਹਥਿਆਰ ਬਣ ਜਾਂਦੀਆਂ ਹਨ। ਉਸ ਦਾ ਕਾਵਿ-ਪ੍ਰਵਚਨ ਸੱਤਾ ਦੇ ਪ੍ਰਵਚਨ, ਦੇ ਮਨੋਰਥ ਦੇ ਪਰਖਚੇ ਉਡਾ ਦਿੰਦਾ ਹੈ ਕਿ ਇਹ ਫੌਜੀ ਜਵਾਨ ਆਪਣੀਆਂ ਮਜਬੂਰੀਆਂ ਕਾਰਨ ਮਹਿਲਾਂ ਦਾ ਸੁਰੱਖਿਆ ਕਵਚ ਬਣਦੇ ਹਨ। ਇਉਂ ਲਾਲ ਸਿੰਘ ਦਿਲ ਫੌਜੀ ਜਵਾਨਾਂ ਦੇ (ਸੱਤਾ ਦੇ ਉਪਕਰਣ) ਹੌਸਲੇ ਨੂੰ ਝੰਜੋੜਦਾ ਹੋਇਆ ਕਾਵਿ ਨਿਹੋਰਾ ਮਾਰਦਾ ਹੈ : ''ਟਾਹਲੀਆਂ ਦੇ ਵਾਂਗ[13] ਧੌਣਾਂ ਚੱਕ ਕੇ, ਉਨ੍ਹਾਂ ਨੂੰ ਪਿਛੋਕੜ ਵਿਚ ਝਾਤੀ ਮਾਰਨ ਦੀ ਨਸੀਹਤ ਦਿੰਦਾ ਹੈ ਕਿ ਇਹ ਹੀ ਦਾਬ੍ਹੇ ਵਾਲੀ, ਧਿਰ ਜਿਸ ਦੇ ਉਹ ਅੱਜ ਸੁਰੱਖਿਆ ਕਵਚ ਬਣੇ ਹੋਏ ਹਨ। ਇਸੇ ਧਿਰ ਦਾ ਸੋਚ ਪ੍ਰਬੰਧ ਉਨ੍ਹਾਂ ਦੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਹੈ।

ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਨਕਸਲਬਾੜੀ ਅਤੇ ਸਮਕਾਲੀ ਕਵਿਤਾ ਦੇ ਭੂਗੋਲ ਨੂੰ ਵਿਸਥਾਰਦਾ ਹੋਇਆ ਕਿਰਤੀ ਵਰਗ ਦੇ ਸਮੁੱਚੇ ਹਾਲੀਆ ਬਿਆਨ ਨੂੰ ਚਿਤਰਦਾ ਹੈ, ਜਿਹੜਾ ਸਦੀਆਂ ਤੋਂ ਬਦਲਵੇਂ ਪ੍ਰਬੰਧਾਂ ਦੇ ਦੌਰਾਨ ਵੀ ਨਾ ਬਦਲ ਸਕਿਆ। ਇਥੇ ਉਹ ਕਿਰਤੀ ਅਤੇ ਮਜ਼ਦੂਰ ਜ਼ਮਾਤ ਦੇ ਪ੍ਰਤੀਕ ਨੂੰ ਪੰਜਾਬ ਤੋਂ ਫੈਲਾਅ ਕੇ ਬੰਗਾਲ ਤੋਂ ਕੇਰਲਾ ਤੀਕ ਜ਼ਿਕਰ ਕਰਦਾ ਹੈ। ਹਾਲਾਂਕਿ ਇਕ ਕਾਵਿ ਅੰਸ਼ ਮਾਰਕਸਵਾਦੀ ਚਿੰਤਨ, ਮਾਓ-ਜ਼ੇ-ਤੁੰਗ ਅਤੇ ਹਰਬਰਟ ਮਾਰਕੂਜ਼ੇ ਦੇ ਵਿਚਾਰਾਂ ਤੋਂ ਸੇਧ ਲੈ ਕੇ ਤੁਰੇ, ਹਥਿਆਰਬੰਦ ਵਿਦਰੋਹ ਦੀ ਪ੍ਰਮਾਣਿਕ ਸਾਖੀ ਬਣਦਾ ਹੈ। ਇਸ ਕਰ ਕੇ ਉਹ ਪੰਜਾਬ ਦਾ ਬਿੰਬ ਫੈਲਾਉਂਦਾ ਹੋਇਆ ਪੰਜਾਬ ਦੀ ਮਿੱਥ ਜੁਝਾਰੂ ਮਾਨਸਿਕਤਾ ਨਾਲ ਸਾਂਝ ਸਥਾਪਤ ਕਰ ਲੈਂਦਾ ਹੈ। ਇਸ ਕਰ ਕੇ ਉਹ ਕਹਿੰਦਾ ਹੈ ਕਿ :

''ਰਾਹਾਂ ਦੇ ਪਿੱਪਲ
ਖਜੂਰਾਂ, ਬੱਦਲ
ਹਰ ਪਾਸੇ

ਮਾਛੀਵਾੜਾ ਏ।"[14]

ਇਥੇ ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਸਿੱਖ ਵਿਰਾਸਤ ਦੀ ਜੁਝਾਰੂ ਮਾਨਸਿਕਤਾ ਤੋਂ ਸੇਧ ਲੈ ਕੇ ਪੰਜਾਬ ਦੇ ਜੁਝਾਰੂ ਅਵਚੇਤਨ ਦੀ ਬਾਤ ਪਾਉਂਦਾ ਹੈ। ਜੇਕਰ 'ਮਾਛੀਵਾੜੇ' ਦੇ ਬਿੰਬ ਨੂੰ ਡੀਕੋਡ ਕਰ ਕੇ ਦੇਖਿਆ ਜਾਏ ਤਾਂ ਦਿਲ ਦੇ ਕਾਵਿ-ਅਵਚੇਤਨ ਵਿਚ ਕਿਤੇ ਨਾ ਕਿਤੇ ਮੁਗ਼ਲ ਪ੍ਰਬੰਧ ਹੱਥੋਂ ਹਾਰੀ ਸਿੱਖ-ਮਾਨਸਿਕਤਾ ਦਾ ਬਿੰਬ ਉਜਾਗਰ ਹੁੰਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਆਪਣਾ ਪਰਿਵਾਰ ਕੁਰਬਾਨ ਕਰਨ ਤੋਂ ਬਾਅਦ ਰਾਜ ਜੋਗੀ ਵਾਲੀ ਅਵਸਥਾ ਵਿਚ ਮਾਛੀਵਾੜੇ ਦੇ ਜੰਗਲਾਂ ਵਿਚ ਰਾਤ ਕੱਟਦੇ ਹਨ। ਇਸ ਸਥਿਤੀ 'ਚ ਗੁਰੂ ਸਾਹਿਬ ਦੇ ਅੰਗ-ਸੰਗ ਖੇਰੂੰ-ਖੇਰੂੰ ਸਿੱਖ ਫੌਜ, ਪਰਿਵਾਰ ਅਤੇ ਪਿਆਰੇ ਸਿੱਖਾਂ ਦੀਆਂ ਸ਼ਹਾਦਤਾਂ, ਇਕਲਾਪਾ ਅਤੇ ਗੁਪਤਵਾਸ ਨਾਲ-ਨਾਲ ਚੱਲ ਰਹੇ ਹਨ। ਸੁਆਲ ਇਹ ਹੈ ਕਿ ਲਾਲ ਸਿੰਘ ਦਿਲ ਪੰਜਾਬ ਦੀ ਨਕਸਲਬਾੜੀ ਲਹਿਰ ਅਤੇ ਇਸ ਦੇ ਇਤਿਹਾਸਕ ਪ੍ਰਸੰਗ ਨੂੰ ਗੁਰੂ ਗੋਬਿੰਦ ਸਿੰਘ ਦੀ 'ਮਿੱਤਰ ਪਿਆਰੇ ਵਾਲੀ' ਅਵਸਥਾ ਨਾਲ ਕਿਉਂ ਜੋੜਦਾ ਹੈ ? ਇਸ ਗੱਲ ਦਾ ਜਵਾਬ ਦਿਲ ਦੇ ਨਿੱਜੀ ਵੇਰਵਿਆਂ ਤੋਂ ਤਲਾਸ਼ਿਆ ਜਾ ਸਕਦਾ ਹੈ। ਲਾਲ ਸਿੰਘ ਦਿਲ ਨਕਸਲਬਾੜੀ ਲਹਿਰ ਦਾ ਹਥਿਆਰਬੰਦ ਸਰਗਰਮ ਕਾਰਕੁੰਨ ਰਿਹਾ ਹੈ। ਇਥੇ (ਇਹ ਗੱਲ ਚੇਤੇ ਰਹਿਣੀ ਚਾਹੀਦੀ ਹੈ ਕਿ ਹੱਥਲੇ ਪ੍ਰਸੰਗ ਦਾ ਮਨੋਰਥ ਗੁਰੂ ਗੋਬਿੰਦ ਸਿੰਘ ਅਤੇ ਦਿਲ ਦੇ ਜੀਵਨਗਤ ਵੇਰਵਿਆਂ ਦਾ ਆਪਸੀ ਸਾਂਝ ਜਾਂ ਤੁਲਨਾਤਮਕ ਅਧਿਐਨ ਕਰਨਾ ਨਹੀਂ। ਇਹ ਮਹਿਜ਼ ਲਾਲ ਸਿੰਘ ਦਿਲ ਦੁਆਰਾ ਸਿਰਜਿਆ ਇਕ ਕਾਵਿਕ ਪ੍ਰਸੰਗ ਹੈ।) ਦਿਲ ਨਕਸਲਬਾੜੀ ਲਹਿਰ ਦੇ ਪਸਤ ਹੋ ਜਾਣ ਤੋਂ ਬਾਅਦ ਸੱਤਾ ਦੁਆਰਾ ਦਿੱਤਾ ਗਿਆ ਸਰੀਰਕ ਤੇ ਮਾਨਸਿਕ ਤਸ਼ੱਦਦ ਹੰਢਾ ਕੇ ਗੁਪਤਵਾਸ ਯੂ. ਪੀ. (ਉੱਤਰ ਪ੍ਰਦੇਸ਼) ਦੇ ਜੰਗਲਾਂ ਵਿਚ ਵਿਚਰਦਾ ਰਿਹਾ ਹੈ। ਦਿਲ ਮੁਸਲਿਮ ਹੋਣ ਤੋਂ ਪਹਿਲਾਂ ਨਾਸਤਕੀ ਵਿਚਾਰਾਂ ਦਾ ਹਾਮੀ ਸੀ। ਉਹ ਇਸਲਾਮ ਧਾਰਨ ਕਰਨ ਤੋਂ ਬਾਅਦ ਆਪਣੇ-ਆਪ ਵਿਚ ਇਕ ਅਜੀਬ ਲੈਅ ਤੇ ਜੋਸ਼ ਵਿਚ ਅਮਰਜੀਤ ਚੰਦਨ ਨੂੰ ਚਿੱਠੀ ਲਿਖਦਾ ਹੈ :-

"ਇਕ ਪਿਛਲੀ ਸਰਦੀ ਦੀ ਕੜਕੀਲੀ ਰਾਤ ਮੈਂ ਤਨਹਾ ਜੰਗਲ ਦੇ ਖ਼ਤਰਨਾਕ ਰਸਤੇ 'ਚੋਂ ਰਾਤ ਭਰ ਚੱਲਦਾ ਰਿਹਾ ਸਾਂ। ਉਸ ਰਾਤ ਮੇਰੇ 'ਤੇ ਕਈ ਇਕ ਲੈਆਂ ਸਵਾਰ ਸਨ। ਜਿਵੇਂ ਕੱਟਤੇ ਵੀ ਚੱਲੋ, ਬੜਤੇ ਵੀ ਚੱਲੋ....। ਅੱਲਾਹ ਹੀ ਅੱਲਾਹ ਹੋ। ਕਜਰਾ ਲਗਾ ਕੇ ਬਿੰਦੀਆ... ਇਹ ਮੈਂ ਇਸ ਤਰ੍ਹਾਂ ਗਾਉਂਦਾ ਸਾਂ ਕਿ ਦਿਲ ਵਿਚ ਹੌਲਨਾਕ ਅਸਰ ਸਿੰਮਦਾ ਸੀ। ਹੁਣ ਵੀ ਕਦੇ ਜੇਕਰ ਮੈਂ ਉਸੇ ਤਰ੍ਹਾਂ ਗਾ ਉੱਠਾ। ਕਦੇ ਮੈਂ ਬਾਬਰ ਬਣਦਾ ਸਾਂ... ਘੋੜੇ ਦਾ ਸਵਾਰ ਤੇ ਕਦੇ ਘੜਾ। ਕਦੇ ਚੀਨ ਦਾ ਸਭਿਆਚਾਰਕ ਦ੍ਰਿਸ਼ ਚਿੱਤਰ, ਕਦੇ-ਕਦੇ ਰਾਂਝਾ, ਕਦੇ ਸਾਹਸ ਨਰ ਬਣ ਕੇ, ਜੋ ਤਨਹਾ ਉੱਡ ਰਿਹਾ ਹੋਵੇ.... ਮਦੀਨ ਨੂੰ... ਆਵੇ ਹੋ... ਵੰਝਲੀ ਦੀ ਲੈਅ 'ਤੇ ਗਾ ਕੇ ਪੁਕਾਰਦਾ ਸਾਂ।"15

ਦਿਲ ਦੇ ਇਸ ਅਵਚੇਤਨ ਨੂੰ ਸਮਝਣ ਲਈ ਇਕ ਬਿਆਨਮੂਲਕ ਟਿੱਪਣੀ ਦਾ ਅਧਿਐਨ ਕੀਤਾ ਜਾ ਸਕਦਾ ਹੈ :

"ਇਨਕਲਾਬ ਦਾ ਮਤਲਬ ਹੈ ਰੂਹਾਨੀ ਅਤੇ ਅਧਿਆਤਮਕ ਖੁੱਲ੍ਹ। ਇਨਕਲਾਬੀ ਦੁਨੀਆ ਦੀ ਰਾਜਧਾਨੀ ਪੰਜਾਬ ਹੋਵੇਗੀ। ਫੇਰ ਕੁਰਾਨ ਸ਼ਰੀਫ਼ 'ਚ ਲਿਖਿਆ ਹੈ ਪਈ ਜੰਨਤ ਵਿਚ ਹਰੇਕ ਮਨੁੱਖ ਅਰਬੀ ਬੋਲੇਗਾ। ਪੰਜਾਬੀ, ਅਰਬੀ ਜ਼ੁਬਾਨ ਦਾ ਅਸਲੀ ਰੂਪ ਹੈ।"[16]

ਇਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਭਾਵੇਂ ਉਪਰੋਕਤ ਦੋਹਾਂ ਟਿੱਪਣੀਆਂ ਤੋਂ ਗੁਰੂ ਗੋਬਿੰਦ ਸਿੰਘ ਸੰਬੰਧੀ ਕੋਈ ਪ੍ਰਤੀਕ ਜਾਂ ਇਸ਼ਾਰਾ ਸਾਹਮਣੇ ਨਹੀਂ ਆਉਂਦਾ ਪਰੰਤੂ ਇਨ੍ਹਾਂ ਸਤਰਾਂ ਦੇ ਅਵਚੇਤਨ ਵਿਚ ਪੰਜਾਬ ਦੀ ਅਧਿਆਤਮਕ ਤੇ ਸਭਿਆਚਾਰਕ ਚੇਤਨਾ ਦੇ ਕਣ ਕਾਰਜਸ਼ੀਲ ਹਨ। ਦੂਜਾ ਪਹਿਲੂ ਹੈ ਕਿ ਉਸ ਦਾ ਇਹ ਸੰਗ੍ਰਹਿ 1982 ਈ. 'ਚ ਪ੍ਰਕਾਸ਼ਿਤ ਹੁੰਦਾ ਹੈ। ਇਸ ਸੰਗ੍ਰਹਿ ਦਾ ਅਣਛਪਿਆ ਨਾਂ 'ਕੋਲੇ ਦੀ ਜਾਗ' ਸੀ, ਜੋ ਬਾਅਦ ਵਿਚ 'ਬਹੁਤ ਸਾਰੇ ਸੂਰਜ' ਰਾਹੀਂ ਸਾਹਮਣੇ ਆਇਆ। ਇਸ ਸੰਗ੍ਰਹਿ ਦੀਆਂ ਸਮੁੱਚੀਆਂ ਕਵਿਤਾਵਾਂ 'ਚੋਂ ਲਹਿਰ ਦੇ ਪਸਤ ਹੋ ਜਾਣਾ, ਇਕੱਲਤਾ, ਤਨਹਾਈ, ਬੇਚੈਨੀ ਦੀਆਂ ਸੁਰਾਂ ਸਮਝਦੀਆਂ ਜਾ ਸਕਦੀਆਂ ਹਨ। ਮਾਛੀਵਾੜੇ[17] ਦਾ ਚਿਹਨ ਨਵੀਂ ਪੰਜਾਬੀ ਕਵਿਤਾ ਦਾ ਇਕਲੌਤਾ ਚਿਹਨ ਹੈ, ਜਿਸ ਵਿਚ ਗੁਰੂ ਸਾਹਿਬ ਆਪਣੀ ਯਥਾਰਥਕ ਸਥਿਤੀ ਦਾ ਵਿਸ਼ਲੇਸ਼ਣ ਅਤੇ ਮੁਹਾਂਦਰਾ ਬਿਆਨ ਕਰਦੇ ਹਨ। ਸੋ, ਇਸ ਤਰ੍ਹਾਂ ਲਾਲ ਸਿੰਘ ਦਿਲ ਆਪਣੇ ਜੁਝਾਰੂ ਵਿਰਸੇ ਨੂੰ ਉਭਾਰਨ ਲਈ ਸਮੁੱਚੇ ਭਾਰਤ ਨੂੰ ਆਪਣੀ ਕਰਮ ਭੂਮੀ ਬਣਾ ਕੇ ਕਿਰਤੀ ਦੇ ਗੌਰਵ ਨੂੰ ਬਿਆਨ ਕਰਦਾ ਹੈ।

ਇਸੇ ਤਰ੍ਹਾਂ ਲਾਲ ਸਿੰਘ ਦਿਲ ਪੰਜਾਬ ਦੀ ਜੁਝਾਰੂ ਵਿਰਾਸਤ ਵਿਚੋਂ ਬਾਬਾ ਬੰਦਾ ਸਿੰਘ ਬਹਾਦਰ, ਦਇਆ ਸਿੰਘ (ਭਾਈ) ਅਤੇ ਗੁਰੂ ਗੋਬਿੰਦ ਸਿੰਘ ਦੇ (ਮਿੱਤਰ ਪਿਆਰਿਆਂ ਦਾ ਰਾਹ) ਦਾ ਚਿਹਨ ਸਾਹਮਣੇ ਆਉਂਦਾ ਹੈ। ਇਥੇ ਸਾਨੂੰ ਦਿਲ ਅਤੇ ਸਮੁੱਚੀ ਜੁਝਾਰਵਾਦੀ ਕਵਿਤਾ ਦੇ ਚਿਹਨ ਸੰਕਟ ਸੰਬੰਧੀ ਸੰਖੇਪ 'ਚ ਇਸ਼ਾਰਾ ਕਰਨਾ ਜ਼ਰੂਰੀ ਜਾਪਦਾ ਹੈ। ਪਹਿਲਾ ਮਸਲਾ ਇਹ ਹੈ ਕਿ ਕਵੀ ਦੀ ਕਲਮ, ਚਿੰਤਨ ਨਾਲ ਸਰੋਕਾਰਿਤ ਹੈ ਤੇ ਯੋਧੇ ਦਾ ਕਰਮ ਤਲਵਾਰ ਤੇ ਖੰਡੇ ਦੀ ਧਾਰ 'ਤੇ ਟਿਕਿਆ ਹੋਇਆ ਹੈ। ਸਮੁੱਚੀ ਜੁਝਾਰਵਾਦੀ ਕਵਿਤਾ ਪੰਜਾਬ ਦੀ ਸਭਿਆਚਾਰਕ ਵਿਰਾਸਤ ਵਿਚੋਂ ਖ਼ਾਸ ਕਰ ਸ਼ਹੀਦਾਂ ਦੀ ਵਿਰਾਸਤ ਤੋਂ ਸੇਧ ਲੈ ਕੇ, ਪ੍ਰਭਾਵ ਅਤੇ ਚਿਹਨ ਦੀ ਉਸਾਰੀ ਕਰਦੇ ਹਨ। ਇਹ ਪੰਜਾਬ, ਪੰਜਾਬੀਆਂ ਦੇ ਖਾੜਕੂ ਵਿਰਸੇ ਅਤੇ ਮਾਨਸਿਕਤਾ ਦੀ ਲਖਾਇਕ ਹੈ। ਪਰੰਤੂ ਇਹ ਚਿਹਨ ਤੇ ਘਟਨਾਵਾਂ ਜੁਝਾਰੂ ਸਥਿਤੀਆਂ, ਸਮੇਂ ਹੀ ਕਾਵਿ-ਵਿਸ਼ਵਾਸ 'ਚ ਸ਼ਾਮਿਲ ਹੋ ਜਾਂਦੇ ਹਨ। ਦੂਜਾ ਸੰਕਟ ਇਹ ਕਿ ਪੰਜਾਬੀ ਚਿੰਤਨ ਵਿਚ ਕਲਮ ਅਤੇ ਚਿੰਤਨ ਦੀ ਪਰੰਪਰਾ ਨੂੰ ਗ੍ਰਹਿਣ ਕਰ ਕੇ, ਕਾਵਿ ਦੀ ਉਸਾਰੀ ਕਰਨਾ ਜਾਂ ਵਿਚਾਰਧਾਰਕ ਸੰਵਾਦ ਦੇ ਰਾਹ ਨੂੰ ਮੋਕਲਾ ਕਰਨ ਦੇ ਚਿਹਨ ਠੋਸ ਰੂਪ 'ਚ ਸਾਹਮਣੇ ਨਹੀਂ ਆਉਂਦੇ। ਇਸ ਲਈ ਆਧੁਨਿਕ ਪੰਜਾਬੀ ਕਵਿਤਾ ਵਿਚ ਗੁਰੂ ਗੋਬਿੰਦ ਸਿੰਘ, ਭਗਤ ਸਿੰਘ ਅਤੇ ਗ਼ਦਰੀ ਬਾਬੇ ਕਾਵਿ ਨਾਇਕ ਵਜੋਂ ਸਾਹਮਣੇ ਆਉਂਦੇ ਹਨ। ਇਹ ਪੰਜਾਬੀਆਂ ਦਾ ਸਭਿਆਚਾਰਕ ਅਤੇ ਅਵਚੇਤਨੀ ਪੱਖ ਤੋਂ ਖਾੜਕੂ ਬਿਰਤੀ ਦਾ ਪ੍ਰਗਟਾਵਾ ਹੈ। ਇਸ ਕਰ ਕੇ ਆਧੁਨਿਕ ਪੰਜਾਬੀ ਕਵਿਤਾ ਵਿਚ ਗੁਰੂ ਨਾਨਕ ਦੇ ਬਿੰਬ ਦਾ ਆਭਾਵ ਰਿਹਾ ਹੈ। ਗੁਰੂ ਨਾਨਕ ਪੰਜਾਬ ਦੀ ਚਿੰਤਨੀ ਵਿਰਾਸਤ ਦੇ ਪਥ ਪ੍ਰਦਰਸ਼ਕ ਹਨ। ਸੋ, ਇਹ ਕਾਵਿ-ਨਾਇਕ ਅਤੇ ਚਿਹਨਾਂ ਦਾ ਸੰਕਟ ਲਾਲ ਸਿੰਘ ਦਿਲ ਦੇ ਕਾਵਿ ਵਿਚ ਵੀ ਸਾਹਮਣੇ ਆ ਜਾਂਦਾ ਹੈ।

ਲਾਲ ਸਿੰਘ ਦਿਲ ਦੀ ਕਵਿਤਾ ਦਾ ਇਕ ਹੋਰ ਕੇਂਦਰੀ ਯੁੱਗ ਔਰਤ ਦੀ ਸਮਾਜਿਕ ਸਥਿਤੀ ਅਤੇ ਉਸ ਦੁਆਲੇ ਉਸਰੇ ਯਥਾਰਥ 'ਤੇ ਕੇਂਦ੍ਰਿਤ ਹੁੰਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ ਦੀ ਪੇਸ਼ਕਾਰੀ ਨੂੰ ਕਈ ਵੱਖਰੇ ਕੋਣਾਂ ਤੋਂ ਵੇਖਿਆ ਜਾ ਸਕਦਾ ਹੈ ਕਿਉਂਕਿ ਭਾਰਤੀ ਸਮਾਜਕ ਵਿਵਸਥਾ ਵਿਚ ਔਰਤ ਦਾ ਸਥਾਨ ਦੁਜੈਲਾ ਹੀ ਰੱਖਿਆ ਗਿਆ। ਚਿੰਤਨ ਜਗਤ ਵਿਚ ਔਰਤ ਅਤੇ ਦਲਿਤ ਨੂੰ ਇਕੋ ਪ੍ਰਸੰਗ ਤੇ ਸੰਦਰਭ ਵਿਚ ਸਮਝਿਆ ਜਾਵੇ, ਇਸ ਬਾਰੇ ਵੀ ਇਕ ਵੱਖਰੀ ਤਰ੍ਹਾਂ ਦੀ ਡੀਬੇਟ ਸਾਹਮਣੇ ਆਈ। ਬਹੁਤੇ ਚਿੰਤਕ ਔਰਤ ਨੂੰ ਦਲਿਤ ਦਾ ਹੀ ਦੂਜਾ ਰੂਪ ਮੰਨਦੇ ਹਨ ਅਤੇ

ਕਈ ਚਿੰਤਕ ਔਰਤ ਨੂੰ 'ਔਰਤ' ਹੋਣ ਕਰ ਕੇ ਦੂਹਰਾ ਸੰਤਾਪ ਭੋਗਣ ਦਾ ਵਿਚਾਰ ਪੇਸ਼ ਕਰਦੇ ਹਨ। ਭਾਰਤ ਦੀ ਸਮਾਜਿਕ ਸਥਿਤੀ ਵਿਚ ਅਜੋਕੇ ਦੌਰ ਵਿਚ ਵੀ ਔਰਤ ਦੀ ਹੋਂਦ, ਪਛਾਣ ਤੇ ਸਥਿਤੀ ਵੱਖੋ-ਵੱਖਰੀਆਂ ਵਿਚਾਰਧਾਰਾਵਾਂ 'ਤੇ ਟਿਕੀ ਹੋਈ ਹੈ। ਪੂਰਵਕਾਲ ਵਿਚ ਇਹ ਬਹਿਸ ਬ੍ਰਾਹਮਣਵਾਦੀ ਸੋਚ ਪ੍ਰਬੰਧ ਵਿਚੋਂ ਸਾਹਮਣੇ ਆਉਂਦੀ ਹੈ।

'ਬਹੁਤ ਸਾਰੇ ਸੂਰਜ' ਦਾ ਕਾਵਿ-ਪ੍ਰਵਚਨ ਵਿਸ਼ੇਸ਼ ਕਰ ਕੇ ਔਰਤ ਦੇ ਸੰਦਰਭ ਵਿਚ ਉਸ ਦੀਆਂ 'ਛਲ', 'ਆਦਿਵਾਸਣਾਂ', 'ਖ਼ਤ', 'ਕੁੜੈਲੀ ਪਿੰਡ ਦੀਆਂ ਵਾਸਣਾਂ', 'ਭੋਲੀਆਂ', 'ਨਾਮਾ', 'ਵੇਸਵਾਵਾਂ ਤ੍ਰੀਮਤਾਂ' ਅਤੇ 'ਅਜੂਬਾ' ਆਦਿ ਕਵਿਤਾਵਾਂ 'ਚੋਂ ਤਲਾਸ਼ਿਆ ਜਾ ਸਕਦਾ ਹੈ। ਔਰਤ ਸੰਬੰਧੀ ਦਿਲ ਕਾਵਿ ਦਾ ਪ੍ਰਵਚਨ ਔਰਤ ਦੀ ਹੋਂਦ ਦੇ ਗੌਰਵ ਨੂੰ ਉਭਾਰਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਔਰਤ ਹੀਣ-ਭਾਵਨਾ ਭੋਗਣ ਦੀ ਬਜਾਏ ਆਪਣੀ ਹੋਂਦ ਅਤੇ ਸਿਰਜਣਾਤਮਕਤਾ ਦੇ ਨੇਮ ਵਿਚ ਬੱਝੀਆਂ ਹੋਈਆਂ ਕੰਮਕਾਜੀ, ਮਜ਼ਦੂਰਨਾਂ ਦੇ ਬਿੰਬ ਦੀ ਸੰਗਠਨ ਨਿਰਮਾਣਕਾਰੀ ਨੂੰ ਪੇਸ਼ ਕਰਦਾ ਹੈ। ਉਹ ਬੁਰਜੂਆਜ਼ੀ ਅਤੇ ਭਾਰਤੀ ਵਰਣ ਵਿਵਸਥਾ, ਮਨੂੰਵਾਦੀ ਵਿਚਾਰਾਂ, ਆਰਥਿਕਤਾ ਦੀਆਂ ਝੰਬੀਆਂ ਔਰਤਾਂ ਜ਼ਿੰਦਗੀ ਦੇ ਜਸ਼ਨ ਨੂੰ ਖੁੰਝਣ ਤੋਂ ਬਚਾਈ ਰੱਖਦੀਆਂ ਹਨ। ਉਨ੍ਹਾਂ ਦੀ ਮਾਨਸਿਕਤਾ 'ਤੇ ਬਾਹਰੀ ਗਿਆਨ ਪ੍ਰਬੰਧਾਂ ਜਾਂ ਸਵੈ-ਤਰਸ ਜਾਂ ਸੰਤਾਪੇ ਹੋਏ ਸਮਾਜੀ ਯਥਾਰਥ ਦੇ ਪ੍ਰਭਾਵ ਦਾ ਅਭਾਵ ਹੈ। ਉਹ ਭਰੀਆਂ-ਭਕੁੰਨੀਆਂ ਔਰਤਾਂ ਗੌਰਵ ਨਾਲ ਕਹਿ ਸਕਦੀਆਂ ਹਨ :

"ਅਸੀਂ ਰਾਣੀਆਂ ਸਾਂ
ਜੰਗਲਾਂ 'ਚ ਨੌਕਰ ਵਿਆਹੇ
ਇਹ ਦਾਤੀਆਂ ਸਾਡੇ ਮਰਦਾਂ ਦੇ
ਹੱਥਾਂ ਦੀਆਂ ਦਾਤੀਆਂ।"[18]

ਲਾਲ ਸਿੰਘ ਦਿਲ ਦੀ ਕਵਿਤਾ 'ਛਲ' ਦਲਿਤ ਔਰਤ ਦੇ ਉਸ ਬਿੰਬ ਨੂੰ ਪੇਸ਼ ਕਰਦੀ ਹੈ, ਜਿਸ ਬਿੰਬ ਅਤੇ ਸ਼ਬਦਾਵਲੀ ਨੂੰ ਅਕਸਰ ਅਖੌਤੀ ਸਮਾਜ ਨੇ ਤਿਲਾਂਜਲੀ ਦਿੱਤੀ ਹੋਈ ਹੈ। ਉਹ ਭਾਰਤੀ ਅਤੇ ਬੁਰਜੂਆਜ਼ੀ ਅਰਥ ਪ੍ਰਬੰਧ ਦੁਆਰਾ ਸਥਾਪਤ ਔਰਤ ਦੇ ਸੁਹਜ ਨੂੰ ਕਾਂਟੇ 'ਤੇ ਲੈ ਆਉਂਦਾ ਹੈ। ਦਿਲ ਕਾਵਿ ਵਿਚ ਔਰਤ ਦਾ ਬਿੰਬ ਸੁਹਜ ਇਲਾਜ ਜਾਂ ਹਾਰ-ਸ਼ਿੰਗਾਰ ਨਾਲ ਲੱਦੀ ਹੋਈ ਔਰਤ ਨਹੀਂ ਸਗੋਂ ਉਹ ਆਪਣੇ ਮੌਜੂਦਾ ਹਾਲ-ਪ੍ਰਬੰਧ ਵਿਚ ਗੁਜਰ-ਵਸਰ ਕਰ ਰਹੀ ਔਰਤ ਦੇ ਭਾਵਨਾਤਮਕ ਸੰਸਾਰ ਦੀ ਪੇਸ਼ਕਾਰੀ ਕਰਦਾ ਹੈ। ਇਹ ਔਰਤ ਪ੍ਰਤਿ ਸਿਰਜਿਆ ਗਿਆ ਇਕ ਸਹਿਜ ਬਿੰਬ ਹੈ। ਇਹ ਔਰਤਾਂ ਕਿਤੇ ਸਥਾਪਤੀ ਦੁਆਰਾ ਸਿਰਜੇ ਪ੍ਰਤੀਕਾਂ ਨੂੰ ਭੰਗ ਕਰ ਕੇ ਆਪਣੇ ਮਨਚਾਹੇ ਸੰਸਾਰ 'ਚ ਵਿਚਰਦੀਆਂ ਹਨ ਅਤੇ ਕਿਤੇ ਹੰਢਾ ਰਹੇ ਯਥਾਰਥ ਸੰਬੰਧੀ ਤਰਸ ਦੀ ਭਾਵਨਾ ਪੈਦਾ ਕਰਨ ਦੀ ਥਾਂ ਨਕਾਰਾਤਮਕ ਬਿੰਬ ਨੂੰ ਵੀ ਸਕਾਰਾਤਮਕ ਰਵੱਈਏ ਵਜੋਂ ਅਪਣਾ ਲੈਂਦੀਆਂ ਹਨ। ਮਿਸਾਲ ਵਜੋਂ :-

"ਉਹ ਸਾਂਵਲੀ ਤੀਵੀਂ
ਜਦ ਕਦੇ
ਖ਼ੁਸ਼ੀ ਦੇ ਦੇ ਬੱਠਲ ਵਾਂਗ ਭਰੀ
ਕਹਿੰਦੀ ਹੈ :

"ਮੈਂ ਬੜੀ ਹਰਾਮੜ ਆਂ।"
ਉਹ ਬਹੁਤ ਕੁਝ ਵਗ੍ਹਾ ਦਿੰਦੀ ਏ
ਮੇਰੇ ਵਾਂਗ।"[19]
"ਬੇਰ ਚੁਣਦੀਆਂ ਭੋਲੀਆਂ
ਨਿਰਵਸਤਰ ਕੁੜੀਆਂ....
ਪੁਰਾਣੇ ਅਤੇ ਸਸਤੇ ਕਪੜਿਆਂ ਦੀ
ਮਹਿਕ,
ਸਸਤੇ ਸਾਬਣ ਕਰੀਮ 'ਚ
ਮਹਿਕਦੀ
ਇਸ ਤੋਂ ਵੱਡੀ ਖ਼ੁਸ਼ੀ ਕੋਈ ਫਿਰ
ਨਹੀਂ ਆਂਵਦੀ।"[20]

ਦਿਲ 'ਭੋਲੀਆਂ' ਕਵਿਤਾ ਵਿਚ ਔਰਤ ਦੇ ਅਤਿ ਯਥਾਰਥਕ ਰਵੱਈਏ ਨੂੰ ਪੇਸ਼ ਕਰਦਾ ਹੈ। ਜਿਸ ਵਿਚ ਗ਼ਰੀਬ ਅਤੇ ਉੱਤੋਂ ਦਲਿਤ ਹੋਣ ਦੇ ਪਰਛਾਵੇਂ ਨੂੰ ਹੰਢਾਉਂਦੀਆਂ ਕੁੜੀਆਂ ਰਾਹੀਂ ਸਨਾਤਨੀ ਵਿਚਾਰਧਾਰਾਈ ਕਦਰ ਪ੍ਰਬੰਧ 'ਤੇ ਵਿਅੰਗ ਕਸਦਾ ਹੈ, ਜਿਸ ਵਿਚ ਮਨੁੱਖ ਦੀ ਪਥਰਾਈ ਮਾਨਸਿਕਤਾ ਨੂੰ ਦੇਖ ਕੇ ਦੂਜੇ ਸਿਤਾਰੇ ਦੇ ਲੋਕਾਂ ਪੱਥਰ ਹੋ ਜਾਣ ਦੇ ਖ਼ਦਸ਼ੇ ਨੂੰ ਪ੍ਰਗਟਾਉਂਦਾ ਹੈ।

ਲਾਲ ਸਿੰਘ ਦਿਲ ਦੇ ਕਾਵਿ-ਪ੍ਰਵਚਨ ਵਿਚ ਸੱਪ ਤੇ ਕਾਲੇ ਰੰਗ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਇਨ੍ਹਾਂ ਕਵਿਤਾਵਾਂ ਵਿਚ ਕਾਲੇ ਰੰਗ ਅਤੇ ਸੱਪ ਦਾ ਚਿਹਨ ਦੋ ਵੱਖਰੀਆਂ ਸੁਰਾਂ ਨੂੰ ਪੇਸ਼ ਕਰਦਾ ਹੈ। ਇਹ ਦੋਵੇਂ ਰੰਗ ਅਤੇ ਚਿਹਨ ਆਰੀਆ ਸਭਿਆਚਾਰ ਵਿਚੋਂ ਛੇਕੇ ਹੋਣ ਦਾ ਸੰਤਾਪ ਹੰਢਾਉਂਦੇ ਹਨ। ਜਿੱਥੇ ਕਾਲਾ ਰੰਗ ਵਿਦਰੋਹ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਉਥੇ ਕਾਲਾ ਰੰਗ ਦ੍ਰਾਵਿੜੀ ਨਸਲੀ ਸਭਿਅਤਾ ਦੇ ਨਾਲ ਵੀ ਜੁੜਦਾ ਹੈ। ਜੇਕਰ ਅਸੀਂ ਗਹੁ ਨਾਲ ਸਨਾਤਨੀ ਗਿਆਨ ਪ੍ਰਬੰਧ ਦਾ ਅਧਿਐਨ ਕਰੀਏ ਤਾਂ ਇਤਿਹਾਸ ਅਤੇ ਮਿਥ ਵਿਚ ਕਾਲੇ ਰੰਗ ਦੇ ਲੋਕਾਂ ਲਈ 'ਰਾਖ਼ਸ਼', 'ਸੁਰ', 'ਭੀਲ' ਤੇ 'ਨਾਗ ਲੋਕ' ਦਾ ਨਾਮਕਰਨ ਨਫ਼ਰਤੀ ਲਹਿਜ਼ੇ ਵਿਚ ਕੀਤਾ ਗਿਆ ਹੈ। ਇਸੇ ਤਰ੍ਹਾਂ 'ਸੱਪ' ਦਾ ਚਿਹਨ ਜਿੱਥੇ ਜ਼ਹਿਰ ਦਾ ਰੂਪ ਮੰਨਿਆ ਜਾਂਦਾ ਹੈ, ਉਥੇ ਇੱਛਾਧਾਰੀ ਰੂਪ ਧਾਰਨ ਕਰਨ ਵਾਲਾ ਆਜ਼ਾਦ ਅਤੇ ਹੋਂਦ ਹਸਤੀ ਦਾ ਪ੍ਰਤੀਕ ਮੰਨਿਆ ਗਿਆ ਹੈ। ਜਿਸ ਕਰ ਕੇ ਆਮ ਕਥਨਾਂ ਵਿਚ ਕਿਹਾ ਜਾਂਦਾ ਹੈ ਕਿ ਸੱਪ ਧਰਤੀ ਦਾ ਰਾਜਾ ਹੈ ਜਾਂ ਧਰਤੀ, ਨਾਗ ਨੂੰ ਵਿਹਲ ਦੇ ਦਿੰਦੀ ਹੈ। ਇਨ੍ਹਾਂ ਲੋਕਧਾਰਾਈ ਸਤਰਾਂ ਦੇ ਅਵਚੇਤਨ ਵਿਚ ਆਜ਼ਾਦ ਹੋਣ ਦੇ ਪ੍ਰਤੀਕ ਨਿਹਿਤ ਹਨ। ਕਾਲੇ ਰੰਗ ਦੇ ਸੰਦਰਭ ਵਿਚ ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਵਿਦਰੋਹ ਦਾ ਪ੍ਰਤੀਕ ਬਣਦਾ ਹੈ। ਜਿਸ ਕਰ ਕੇ 'ਕੁੜੈਲੀ ਪਿੰਡ ਦੀਆਂ ਵਾਸਨਾਂ ਵਿਚ' (ਕੁੜੇਲੀ ਯੂ. ਪੀ. ਦਾ ਇਕ ਪਿੰਡ ਹੈ।) ਕਾਵਿ-ਨਾਇਕਾਵਾਂ ਵਾਰ-ਵਾਰ ਕਾਲੇ ਰੰਗ ਦੇ ਕੱਪੜੇ ਪਹਿਨਦੀਆਂ ਹਨ। ਕੁੜੇਲੀ ਸ਼ਬਦ ਦਾ ਭਾਵ ਬੋਧ ਜ਼ਹਿਰ ਦੇ ਅਰਥਾਂ ਵਿਚ ਸਮਝਿਆ ਗਿਆ ਹੈ। ਇਹ ਜ਼ਹਿਰ ਸਥਾਪਤ ਧਿਰ ਸੰਬੰਧੀ ਇਕ ਪ੍ਰਤੀਰੋਧ ਨੂੰ ਉਤਪੰਨ ਕਰਦੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਰਾਮ ਰਾਜ (ਸਨਾਤਨੀ

ਪ੍ਰਬੰਧ) ਕਾਲੇ ਰੰਗ ਨੂੰ ਰਾਖਸ਼ਾਂ ਜਾਂ ਪਹਿਰਾਵਾ ਮੰਨਦੇ ਹਨ। ਪਰੰਤੂ ਕਾਵਿ-ਨਾਇਕਾਵਾਂ ਦੀ ਪ੍ਰਤਿਰੋਧੀ ਸੁਰ ਸਮੁੱਚੇ ਇਤਿਹਾਸ ਤੇ ਸਨਾਤਨੀ ਪ੍ਰਬੰਧ ਨੂੰ ਪ੍ਰਸ਼ਨ-ਚਿੰਨ੍ਹਤ ਕਰ ਕੇ ਆਪਣੇ ਮਨ-ਮਰਜ਼ੀ ਦੇ ਗੌਰਵਤਾ ਭਰਪੂਰ ਸੰਸਾਰ ਵਿਚ ਰਹਿਣਾ ਲੋਚਦੀਆਂ ਹਨ। ਇਉਂ ਦਿਲ ਕਾਵਿ ਦੀ ਨਾਇਕਾ ਕਿਸੇ ਦੀ ਈਨ ਮੰਨਣ ਦੀ ਥਾਵੇਂ 'ਜਿਵੇਂ ਦਿਲ ਕਰਦਾ ਹੈ'[22] ਰਹਿਣਾ, ਸੋਚਣਾ ਚਾਹੁੰਦੀਆਂ ਹਨ।

ਸੋ, ਇਸ ਤਰ੍ਹਾਂ ਦਿਲ ਕਾਵਿ ਵਿਚ ਸੱਪ ਦੇ ਚਿਹਨ ਨੂੰ ਸਮਝਣ ਲਈ ਨਾਗ ਲੋਕਾਂ ਨਾਲ ਜੁੜੀ ਹੋਈ ਮਿਥ ਦਾ ਅਧਿਐਨ ਜ਼ਰੂਰੀ ਜਾਪਦਾ ਹੈ। ਉਹ ਮਿਥ ਜਿਸ ਵਿਚ ਦਵਾਰਕਾ ਨਗਰੀ 'ਤੇ ਕਾਬਜ਼ ਆਰੀਆ ਜਮਾਤ ਰਾਜੇ ਪਰਿਕਸ਼ਿਤ ਦੇ ਕਤਲ ਤੋਂ ਬਾਅਦ ਇਹ ਠਾਣ ਲੈਂਦੀ ਹੈ ਕਿ ਰਾਜੇ ਪਰਿਕਸ਼ਿਤ ਦੇ ਕਤਲ ਦਾ ਬਦਲਾ ਲੈਣ ਲਈ ਸਥਾਨਕ ਨਾਗ ਜਾਤੀਆਂ (ਦ੍ਰਾਵਿੜ) ਦਾ ਕੁਲ-ਨਾਸ ਕੀਤਾ ਜਾਏ ਅਤੇ ਉਹ ਰਾਸ਼ਟਰੀ ਗੌਰਵ ਲਈ ਅਗਨੀਕੁੰਡ ਵਰਗੀ ਪ੍ਰਜਵੱਲਿਤ ਭਾਵਨਾ ਪੈਦਾ ਕਰਦੇ ਹਨ। ਸੋ, ਦਿਲ ਕਾਵਿ ਦੇ ਅਵਚੇਤਨ ਵਿਚ ਆਰੀਆ-ਦ੍ਰਾਵਿੜਾਂ ਦੇ ਆਪਸੀ ਭੇੜ ਦੇ, ਨਾਲ-ਨਾਲ ਉਹ ਰੋਹ ਵੀ ਕਾਰਜਸ਼ੀਲ ਹੈ, ਜਿਹੜਾ ਸੱਤਾ ਦੀ ਰੌਅ ਵਿਚ, ਜਬਰੀ ਆਪਣੀ ਵਿਚਾਰਧਾਰਾ ਥੋਪੇ ਜਾਣ ਕਰ ਕੇ ਈਨ ਨਾ ਮੰਨਣ ਵਾਲੀ ਧਿਰ ਦੀ ਨਸਲਕੁਸ਼ੀ ਕੀਤੀ ਜਾਏ। ਮਿਸਾਲ ਵਜੋਂ ਉਹ ਆਪਣੀ ਕਵਿਤਾ 'ਉਚੀ-ਨੀਵੀਂ ਸਭਿਅਤਾ'[23] ਨਾਮਕ ਕਵਿਤਾ ਵਿਚ ਵਿਸਥਾਰ ਰੂਪ 'ਚ ਕਾਵਿ-ਉਸਾਰੀ ਕਰਦਾ ਹੈ।

ਸੋ, ਇਸ ਤਰ੍ਹਾਂ ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਮਨੁੱਖ ਦੀਆਂ ਤਤਕਾਲੀ ਤੇ ਭਾਵੁਕੀ ਕਾਵਿ ਸਿਰਜਣ ਦੀ ਥਾਵੇਂ ਮਨੁੱਖੀ ਹੋਂਦ ਦੇ ਜੀਣ-ਥੀਣ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਸੰਰਚਨਾਤਿਮਕ ਨੇਮਾਂ ਨੂੰ ਆਧਾਰ ਬਣਾ ਕੇ ਇਕ ਠੋਸ ਅਤੇ ਵਿਚਾਰਧਾਰਕ ਕਾਵਿ ਦੀ ਉਸਾਰੀ ਕਰਦਾ ਹੈ। ਇਥੇ ਵਿਚਾਰਧਾਰਾ ਤੋਂ ਭਾਵ ਮਹਿਜ਼ ਇਕ ਅਨੁਸ਼ਾਸਨੀ ਪਰੰਪਰਾ ਨਹੀਂ ਸਗੋਂ ਕਿਸੇ ਇਕ ਮਨੁੱਖ ਦੇ ਵਿਸ਼ਵਾਸ ਪ੍ਰਬੰਧ ਦੀਆਂ ਤੈਹਾਂ 'ਚ ਕਾਰਜਸ਼ੀਲ ਜੀਵਨ-ਜਾਚ ਦੇ ਪੈਟਰਨ ਅਤੇ ਗਿਆਨ ਪ੍ਰਬੰਧ ਨੂੰ ਵਿਚਾਰਧਾਰਾ ਵਜੋਂ ਹੀ ਲਿਆ ਗਿਆ ਹੈ।

ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਔਰਤ ਦੀ ਦਮਿਨਕ੍ਰਿਤ ਸਥਿਤੀ ਅਤੇ ਸਥਾਪਤ ਵਿਚਾਰ ਪ੍ਰਬੰਧ ਨੂੰ ਰੱਦ ਕਰਦਾ ਹੈ। ਉਹ ਔਰਤ ਦੀ ਮੁਕਤੀ ਦੇ ਮਾਡਲ ਵਜੋਂ ਮਾਰਕਸੀ ਵਿਚਾਰਧਾਰਾ ਦੇ ਪੈਟਰਨ ਨੂੰ ਪ੍ਰਵਾਨ ਕਰ ਲੈਂਦਾ ਹੈ। ਇਹ ਮੁਕਤੀ ਦਾ ਮਾਡਲ ਮਹਿਜ਼ ਸਥਾਨਕਤਾ ਜਾਂ ਇਕ ਖ਼ਾਸ ਖਿੱਤੇ 'ਚੋਂ ਨਹੀਂ ਸਿਰਜਦਾ ਸਗੋਂ ਉਹ ਵਿਸ਼ਵ ਦੇ ਸਮੁੱਚੇ ਪਸਾਰੇ ਅਤੇ ਉਤਪਾਦਨੀ ਸ਼ਕਤੀਆਂ 'ਤੇ ਕਾਬਜ਼ ਜਮਾਤਾਂ ਦੀ ਨਿਸ਼ਾਨਦੇਹੀ ਕਰ ਕੇ, ਸਮਾਜਵਾਦੀ ਪ੍ਰਬੰਧ ਵਿਚ ਔਰਤ ਦੇ ਸਨਮਾਨਯੋਗ ਸਥਾਨ ਦੀ ਵਕਾਲਤ ਕਰਦਾ ਹੈ। ਉਹ ਆਪਣੀਆਂ 'ਵੇਸਵਾਵਾਂ ਤ੍ਰੀਮਤਾਂ'[23] ਵਿਚ ਵੱਖਰੇ ਤਰੀਕੇ ਨਾਲ ਔਰਤ ਦੇ ਬਿੰਬ ਦੀ ਉਸਾਰੀ ਕਰਦਾ ਹੈ ਅਤੇ ਸਨਾਤਨੀ ਤੇ ਬੁਰਜੂਆਜ਼ੀ ਪ੍ਰਬੰਧ 'ਤੇ ਸੂਖ਼ਮ-ਕਟਾਖ਼ਸ਼ ਕਰਦਾ ਹੈ ਕਿਉਂਕਿ ਵੇਸ਼ਵਾ ਗਮਨੀ ਦਾ ਵਰਤਾਰਾ ਮਹਿਜ਼ ਸਰੀਰਕ ਲੋੜ ਜਾਂ ਸਵੈ-ਇੱਛਤ ਨਹੀਂ ਹੈ। ਸਗੋਂ ਇਹ ਇਕ ਖ਼ਾਸ ਤਰ੍ਹਾਂ ਦੇ ਪ੍ਰਬੰਧ ਵਿਚ ਨਪੀੜੀ ਗਈ ਔਰਤ ਦੇ ਮਾਨਸਿਕਤਾ ਦੇ ਧਰਾਤਲ ਨੂੰ ਤਿਆਰ ਕਰ ਕੇ ਮਹਿਜ਼ ਇਕ ਵਸਤੂ ਜਾਂ ਪ੍ਰਦਰਸ਼ਨੀ ਦਿੱਖ ਵਾਲਾ ਮਾਡਲ ਤਿਆਰ ਕੀਤਾ ਗਿਆ ਹੈ। ਉਹ ਆਪਣੇ ਕਾਵਿ-ਪ੍ਰਵਚਨ ਵਿਚ ਗੌਰਵ ਕਰਨ ਵਾਲੀ ਰਾਸ਼ਟਰੀਅਤਾ ਅਤੇ ਵਿਰਾਸਤ ਉੱਤੇ ਸੂਖਮ ਤਨਜ਼ ਕਸਦਾ ਹੈ ਅਤੇ ਸੱਤਾ ਧਿਰ ਵੱਲੋਂ ਮਹਾਨ ਅਤੇ ਉੱਤਮ ਹੋਣ ਦੇ ਕੀਤੇ ਗਏ ਵਿਚਾਰਧਾਰਕ ਦਾਅਵਿਆਂ ਦੇ ਖੋਖਲੇਪਣ ਨੂੰ ਉਜਾਗਰ ਕਰਦਾ ਹੈ।

ਉਹ ਅਜਿਹੇ ਸਹਿਮਤੀ ਦੇ ਪ੍ਰਵਚਨ ਦੀ ਉਸਾਰੀ ਕਰਦਾ ਹੈ ਕਿ ਔਰਤਾਂ, ਤ੍ਰੀਮਤਾਂ ਦਾ ਮਾਣ ਕਰਨ ਵਾਲੇ ਰਾਸ਼ਟਰ ਹੀ ਮਹਾਨਤਾ ਦੀ ਬੁਨਿਆਦ ਸਿਰਜ ਸਕਦੇ ਹਨ।

ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਔਰਤ ਸੰਬੰਧੀ ਇਤਿਹਾਸ, ਮਿਥਿਹਾਸ ਅਤੇ ਲੋਕਧਾਰਾ ਵਿਚ ਸਿਰਜੀਆਂ ਧਾਰਨਾਵਾਂ ਨੂੰ ਵਿਰਚਿਤ ਕਰ ਦਿੰਦਾ ਹੈ। ਉਹ ਸਮੁੱਚੀ ਪ੍ਰਕਿਰਤੀ ਦੇ ਵਿਸ਼ਵੀ ਝਲਕਾਰਿਆਂ ਨੂੰ ਔਰਤ ਦੇ ਸਹਿਜ ਸੁਭਾਅ ਅਤੇ ਪਹਿਰਨਾਂ ਨੂੰ ਰੁਮਾਂਟਿਕਤਾ ਰਾਹੀਂ ਪਰਿਭਾਸ਼ਿਤ ਕਰਨ ਲੱਗਦਾ ਹੈ। ਇਹ ਰੁਮਾਂਟਿਕਤਾ ਮਹਿਜ਼ ਹੁਸਨ ਅਤੇ ਜਲੌਅ ਦੀ ਬੁਨਿਆਦ 'ਤੇ ਨਹੀਂ ਟਿਕੀ ਹੋਈ ਸਗੋਂ ਔਰਤ ਅਤੇ ਮਿਹਨਤਕਸ਼ ਜਮਾਤ ਦੇ ਸ਼ੋਸ਼ਣ ਨੂੰ ਸੰਵੇਦਨਾ ਵਿਚ ਢਾਲ ਕੇ, ਸਮੁੱਚੇ ਪ੍ਰਕਿਰਤਕ ਵਰਤਾਰੇ ਨੂੰ ਕਾਵਿ ਦੀ ਵਿਚਾਰਧਾਰਾ ਵਜੋਂ ਸਿਰਜਦਾ ਹੈ। ਭਾਰਤੀ ਦਰਸ਼ਨ ਦੀ ਮਿੱਥ ਨੂੰ ਰੱਦ ਕਰ ਕੇ, ਦ੍ਰਿੜ ਵਿਸ਼ਵਾਸ ਨਾਲ ਕਹਿੰਦਾ ਹੈ ਕਿ ਧਰਤ, ਬਲਦ ਨੇ ਆਪਣੇ ਸਿੰਗਾਂ 'ਤੇ ਨਹੀਂ ਸਗੋਂ ਆਪਣੇ ਹੱਥਾਂ 'ਤੇ ਚੁੱਕੀ ਹੋਈ ਹੈ। ਉਹ ਵਿਸਥਾਪਤੀ ਦਾ ਪ੍ਰਵਚਨ ਸਿਰਜਦਾ ਹੋਇਆ ਔਰਤ, ਧਰਤੀ ਅਤੇ ਮਿਹਨਤ ਦੀ ਪੀੜ ਨੂੰ ਇਕ ਮੰਨਦਾ ਹੈ ਕਿਉਂਕਿ ਧਰਤੀ 'ਤੇ ਕਾਬਜ਼ ਸ਼੍ਰੇਣੀਆਂ ਤੇ ਜਮਾਤਾਂ ਦਾ ਮਨਮਰਜ਼ੀ ਵਾਲਾ ਰਾਜ ਸਥਾਪਤ ਰਿਹਾ ਹੈ ਕਿਉਂਕਿ ਸ਼ੋਸ਼ਣੀ ਧਿਰਾਂ ਵਿਚ ਧਰਤੀ ਨੂੰ ਸਤਿਕਾਰ ਜਾਂ ਸਨਮਾਨ ਦਾ ਰੁਤਬਾ ਦੇਣ ਦੀ ਬਜਾਏ ਕੇਵਲ ਉਤਪਾਦਨ ਕਰਨ ਦਾ ਵਸੀਲਾ ਹੈ। ਇਉਂ ਔਰਤ ਵੀ ਸਤਿਕਾਰ ਜਾਂ ਸਨਮਾਨੇ ਜਾਣ ਦੀ ਬਜਾਏ ਨਿਰੰਕੁਸ਼ ਸੱਤਾ, ਜਗੀਰਦਾਰੀ ਪ੍ਰਬੰਧ, ਜਗੀਰਦਾਰੀ ਵਿਵਸਥਾ, ਬੁਰਜੂਆਜ਼ੀ ਪ੍ਰਬੰਧ ਅਤੇ ਲੋਕਤੰਤਰਿਕ ਪ੍ਰਬੰਧ ਵਿਚ ਔਰਤ ਦਾ ਬਿੰਬ ਅਤੇ ਸਥਿਤੀ ਮਨੁੱਖੀ ਨਸਲ ਨੂੰ ਵਧਾਉਣ ਵਾਲਾ ਇਕ ਉਪਰਕਣ ਹੈ। ਇਉਂ ਹੀ ਮਿਹਨਤ ਦੇ ਮੁੜ੍ਹਕੇ ਦਾ ਮੁੱਲ ਤਾਰਨ ਦੀ ਬਜਾਏ, ਮਿਹਨਤ ਸਿਰਫ਼ ਇਕ ਸਰੀਰਕ ਕਸਰਤ ਜਾਂ ਉਤਪਾਦਨ ਉਜਰਤ ਹੀ ਸਮਝਿਆ ਗਿਆ ਹੈ। ਮਿਹਨਤਾਂ ਦੇ ਹਿੱਸਾ ਕਦੇ ਵੀ ਮਾਲਿਕਆਨਾ ਹੱਕ ਅਦਾ ਨਹੀਂ ਕੀਤਾ ਗਿਆ। ਲਾਲ ਸਿੰਘ ਦਿਲ ਇਸ ਤਿਕੋਣੇ ਸੁਮੇਲ (ਧਰਤੀ + ਔਰਤ + ਮਿਹਨਤ) 'ਚੋਂ ਸਮੁੱਚੀ ਸੋਚ ਪ੍ਰਬੰਧ ਨੂੰ ਰੱਦ ਕਰਦਾ ਹੋਇਆ, ਅਨੁਭਵਮੂਲਕ ਪ੍ਰਮਾਣਿਕ ਕਾਵਿ ਦੀ ਉਸਾਰੀ ਕਰਦਾ ਹੈ। ਇਸ ਕਰ ਕੇ ਉਹ ਧਰਤੀ ਤੇ ਔਰਤ ਨੂੰ ਇਕ 'ਅਜੂਬੇ'[24] ਵਜੋਂ ਪਥ-ਪ੍ਰਦਰਸ਼ਕ ਵਜੋਂ ਸਮਝਦਾ ਹੈ। ਇਹ ਦੋਵੇਂ ਪ੍ਰਤੀਕ ਸੰਸਾਰ ਦੇ ਸੰਸਕ੍ਰਿਤਕ ਅਤੇ ਪ੍ਰਕਿਰਤਕ ਵਰਤਾਰੇ ਨੂੰ ਅਗਾਂਹ ਤੋਰੀ ਰੱਖਣ ਦਾ ਨੇਮ ਹਨ।

ਸੋ, ਇਸ ਤਰ੍ਹਾਂ ਦਿਲ ਕਾਵਿ ਦੇ ਪ੍ਰਵਚਨ ਦੀ ਉਸਾਰੀ ਕਰਦਿਆਂ ਦ੍ਰਾਵਿੜ ਅਤੇ ਆਰੀਆ ਸਭਿਆਤਾਵਾਂ ਦਾ ਭੇੜ, ਮਾਰਕਸੀ, ਮਾਓ-ਤਸੇ-ਤੁੰਗ ਦੇ ਵਿਚਾਰਧਾਰਕ ਪ੍ਰਭਾਵ ਅਤੇ ਜੁਝਾਰਵਾਦੀ ਕਾਵਿ-ਪ੍ਰਵਿਰਤੀ ਦੇ ਪ੍ਰਭਾਵ ਅਧੀਨ ਲਿਖੀਆਂ ਕਵਿਤਾਵਾਂ ਨੂੰ ਔਰਤ ਦੇ ਅਤਿ-ਯਥਾਰਥਕ ਸਥਿਤੀਆਂ ਮੁਕਤੀ ਤੇ ਪਛਾਣ ਦੇ ਮਸਲੇ ਨੂੰ ਪ੍ਰਵਚਨ ਵਜੋਂ ਸਮਝਿਆ ਜਾ ਸਕਦਾ ਹੈ। ਉਪਰੋਕਤ ਤਿੰਨੋਂ ਪ੍ਰਵਚਨ ਕਿਸੇ ਇਕਹਿਰੀ ਵਿਚਾਰਧਾਰਾ ਦੇ ਪ੍ਰਭਾਵ 'ਚ ਰਲਗੱਡ ਨਹੀਂ ਸਗੋਂ ਸਥਿਤੀਆਂ ਅਤੇ ਵਿਚਾਰਧਾਰਾ ਦੇ ਪ੍ਰਕਰਣਾਂ ਅਧੀਨ ਨਿਰੰਤਰਤਾ ਤੇ ਨੇਮ ਵਿਚ ਬੱਝਿਆ ਹੋਏ ਪ੍ਰਵਚਨ ਸਾਹਮਣੇ ਆਉਂਦਾ ਹੈ ਕਿਉਂਕਿ ਜੁਝਾਰਵਾਦੀ ਕਾਵਿ-ਧਾਰਾ ਦੀ ਵਿਚਾਰਧਾਰਕ ਸੇਧ ਉਹ ਵਿਗਿਆਨਕ ਚਿੰਤਨ, ਵਿਸ਼ਲੇਸ਼ਣੀ ਨੀਝ ਨਾਲ ਇਤਿਹਾਸ-ਮਿਥਹਾਸ ਨੂੰ ਫਰੋਲਦਾ ਹੈ। ਉਹ ਮਾਰਕਸੀ ਚਿੰਤਨ ਦੇ ਗਿਆਨ ਮੰਡਲ ਨੂੰ ਮੁਕਤੀ ਦਾ ਮਾਡਲ ਮੰਨ ਕੇ ਗੁਲਾਮ ਸਭਿਅਤਾਵਾਂ, ਦਲਿਤ ਪਛਾਣ ਅਤੇ ਔਰਤ ਨੂੰ ਕੇਂਦਰ ਵਿਚ ਰੱਖ ਕੇ ਸਮਾਜਿਕ ਵਰਤਾਰਿਆਂ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦਾ ਹੈ। ਸੋ, ਇਹ ਕੇਂਦਰੀ ਸੂਤਰ ਇਕੋ ਨਿਰੰਤਰਤਾ ਦੀ ਨੇਮ ਵਿਚ ਬੱਝੇ ਹੋਏ ਪ੍ਰਤੀਤ ਹੁੰਦੇ ਹਨ।

ਲਾਲ ਸਿੰਘ ਦਿਲ ਦੇ ਕਾਵਿ-ਪ੍ਰਵਚਨ ਨੂੰ ਸਮਝਦਿਆਂ ਉਸ ਦੇ ਪ੍ਰਵਚਨ ਦੇ ਡਿਸਕੋਰਸ ਮਾਰਕਰ (discourse markar) ਨੂੰ ਸਮਝਣਾ ਜ਼ਰੂਰੀ ਹੈ। ਦਿਲ ਕਾਵਿ ਦੇ ਡਿਸਕੋਰਸ ਮਾਡਕਰ ਪ੍ਰਸੰਸਾਤਮਕ (well), ਇਸ ਲਈ (so), ਮੇਰਾ ਮਤਲਬ (I mean), ਤਕ (then), ਅਤੇ (and), ਜਾਂ (or) ਅਤੇ ਤੁਸੀਂ ਜਾਣਦੇ ਹੋ ਆਦਿ ਉਪਰੋਕਤ ਵਾਕ ਦੀਆਂ ਸਭ ਉਕਤੀਆਂ ਨੂੰ ਸਿਰਜਣ ਦੀ ਥਾਵੇਂ ਜਾਂ ਇਨ੍ਹਾਂ ਦੇ ਸੰਦਰਭਾਂ, ਪ੍ਰਸੰਗਾਂ ਨੂੰ ਉਭਾਰਨ ਦੀ ਥਾਵੇਂ ਕਿਉਂ (why), ਪਰੰਤੂ (but), ਹੁਣ (now), ਕਿਉਂਕਿ (because) ਆਦਿ ਡਿਸਕੋਰਸ ਮਾਰਕਰ ਦਿਲ ਕਾਵਿ ਦੇ ਪ੍ਰਵਚਨ ਦਾ ਅਹਿਮ ਕੇਂਦਰੀ ਸੂਰਤ ਹਨ। ਇਨ੍ਹਾਂ ਸੂਤਰਾਂ ਦੀ ਨਿਸ਼ਾਨਦੇਹੀ ਦਿਲ ਕਾਵਿ ਦੇ ਪ੍ਰਸੰਗ ਵਿਚ ਅਧਿਆਇ ਦੇ ਅੰਦਰਲੇ ਹਿੱਸੇ ਵਿਚ ਵਿਸਥਾਰਪੂਰਵਕ ਤੇ ਹਵਾਲਿਆਂ ਸਹਿਤ ਜ਼ਿਕਰ ਕੀਤਾ ਜਾ ਚੁੱਕਾ ਹੈ। ਡਿਸਕੋਰਸ ਮਾਰਕਰ ਦਾ ਸਭ ਤੋਂ ਕੇਂਦਰੀ ਸੂਤਰ ਦਲਿਤ ਧਿਰ ਦੀ ਭਾਸ਼ਾ ਦੇ ਸ਼ਬਦ ਉਚਾਰਨ 'ਚ ਉਨ੍ਹਾਂ ਦੇ ਜੀਣ-ਥੀਣ, ਸਥਿਤੀ, ਆਰਥਿਕਤਾ, ਸੁਭਾਅ ਦਰਸ਼ਨ ਨੂੰ ਤਲਾਸ਼ਿਆ ਗਿਆ ਹੈ। ਮਿਸਾਲ ਵਜੋਂ ਸ਼ਬਦ ਉਚਾਰਨ ਟੇਢੇਪਣ ਅਤੇ ਲਮਕਵੇਂ ਸ਼ਬਦਾਂ ਦੀ ਲੈਅ, ਮੈਲ਼ ਭਰੀ ਜ਼ਿੰਦਗੀ ਦੀ ਪ੍ਰਤੱਖ ਉਦਾਹਰਨ ਹਨ। ਇਉਂ ਉਨ੍ਹਾਂ ਦੀ "ਹੈਂ ਜੀ.... ਹੈਂ ਜੀ" ਵਾਲੀ ਮਾਨਸਿਕਤਾ ਸਥਿਤੀਆਂ, ਸਮਾਜਿਕ ਪ੍ਰਬੰਧ ਵਲੋਂ ਸਿਰਜੇ ਗਏ ਮਨੁੱਖ ਦੇ ਸੰਤਾਪ ਦਾ ਪ੍ਰਗਟਾਵਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਮਿਸਾਲ ਵਜੋਂ ਡਿਸਕੋਰਸ ਮਾਰਕਰ ਦੀ ਪ੍ਰਤੱਖ ਉਦਾਹਰਨ ਲਈ ਦੋ ਕਾਵਿ-ਪੰਕਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ :-

"ਹੈਂ ਜੀ.... ਹੈਂ ਜੀ ਕਰਦੇ ਹਨ।"[25]

"ਮੈਲਾ ਭਰੀ ਜ਼ਿੰਦਗੀ ਨੂੰ

ਏ...ਅ...ਆ...ਬੀਬੀ

ਏ...ਅ...ਆ...ਬੀਬੀ।"[26]

ਸੋ ; ਇਸ ਤਰ੍ਹਾਂ ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ "ਬਹੁਤ ਸਾਰੇ ਸੂਰਜ" ਦੇ ਸੰਦਰਭ ਵਿਚ ਵਿਚਾਰਧਾਰਕ ਪੈਂਤੜੇ, ਸਥਾਪਤੀ ਦੇ ਨਾਲ ਬਿਦਣਾ, ਆਪਣੇ ਮੌਜੂਦਾ ਹਾਲਾਤ ਅਤੇ ਪ੍ਰਬੰਧ ਲਈ ਚੇਤੰਨ ਪੱਧਰ 'ਤੇ ਵੰਗਾਰਨਾ, ਸਥਾਪਤੀ ਵੱਲੋਂ ਪਹਿਨਾਏ ਗਏ ਅਵਚੇਤਨੀ ਉਛਾੜਾਂ ਦਾ ਚੀਰ ਹਰਨ ਕਰ ਕੇ, ਆਪਣੇ ਮੂਲ ਦੀ ਤਲਾਸ਼ ਅਤੇ ਆਪਣੇ ਗੌਰਵ ਨੂੰ ਪ੍ਰਚੰਡਤਾ ਦੇ ਨਾਲ ਪ੍ਰਗਟਾਵਾ ਕਰਨਾ ਇਸ ਸੰਗ੍ਰਹਿ ਦਾ ਪ੍ਰਮੁੱਖ ਕਾਵਿ-ਪ੍ਰਵਚਨ ਬਣਦਾ ਹੈ। ਲਾਲ ਸਿੰਘ ਦਿਲ ਦਾ ਕਾਵਿ-ਪ੍ਰਵਚਨ ਜੁਝਾਰਵਾਦੀ ਕਾਵਿ-ਪ੍ਰਵਿਰਤੀ ਦੇ ਸੰਦਰਭ ਤੇ ਪ੍ਰਸੰਗ ਵਿਚ ਨਿਵੇਕਲਾ ਅਤੇ ਅਦੁੱਤੀਪਣ ਵਾਲਾ ਹੈ। ਇਹ ਕਾਵਿ ਉਲਾਰ ਬਿਰਤੀ ਜਾਂ ਬਦਲਊ ਧਿਰ ਦਾ ਪ੍ਰਚਮ ਨਹੀਂ ਲਹਿਲਰਾਉਂਦਾ ਸਗੋਂ ਸਥਾਪਤੀ ਵਿਚ ਹਿੰਸਾ ਅਤੇ ਜ਼ਬਰ ਸਹਿ ਰਹੀ ਲੋਕਾਈ ਨੂੰ ਜ਼ੁਬਾਨ ਪ੍ਰਦਾਨ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ :

1. ਲਾਲ ਸਿੰਘ ਦਿਲ, 'ਨਾਗ ਲੋਕ', ਪੰਨਾ 105-06
2. ਲਾਲ ਸਿੰਘ ਦਿਲ, 'ਦਾਸਤਾਨ', ਪੰਨਾ 23.
3. ਲਾਲ ਸਿੰਘ ਦਿਲ, 'ਨਾਗ ਲੋਕ', ਪੰਨਾ 104.

4. ਐਸ. ਤਰਸੇਮ, 'ਲਾਲ ਸਿੰਘ ਦਿਲ : ਸੰਕਲਪ ਤੇ ਸਮੀਖਿਆ' (ਭੂਮਿਕਾ), ਪੰਨਾ 13.
5. ਲਾਲ ਸਿੰਘ ਦਿਲ, 'ਨਾਗ ਲੋਕ', ਪੰਨਾ 129.
6. ਲਾਲ ਸਿੰਘ ਦਿਲ, 'ਨਾਗ ਲੋਕ', ਪੰਨਾ 131
7. – ਉਹੀ – ਪੰਨਾ 116.
8. – ਉਹੀ – ਪੰਨਾ 134.
9. – ਉਹੀ – ਪੰਨਾ 111–112.
10. – ਉਹੀ – ਪੰਨਾ 122.
11. – ਉਹੀ – ਪੰਨਾ 126.
12. – ਉਹੀ – ਪੰਨਾ 124.
13. – ਉਹੀ – ਪੰਨਾ 109–110.
14. – ਉਹੀ – ਪੰਨਾ 105.
15. ਐੱਸ. ਤਰਸੇਮ, 'ਲਾਲ ਸਿੰਘ ਦਿਲ : ਸੰਕਲਪ ਤੇ ਸਮੀਖਿਆ' (ਭੂਮਿਕਾ), ਪੰਨਾ ਜਘ.
16. ਗੁਰਬਚਨ, 'ਚਿਹਨ, ਸੰਰਚਨਾ ਤੇ ਮਾਰਕਸਵਾਦ', ਪੰਨਾ 175.
17. ਲਾਲ ਸਿੰਘ ਦਿਲ, 'ਨਾਗ ਲੋਕ', ਪੰਨਾ 103.
18. – ਉਹੀ – ਪੰਨਾ 104.
19. – ਉਹੀ – ਪੰਨਾ 101.
20. – ਉਹੀ – ਪੰਨਾ 115.
21. – ਉਹੀ – ਪੰਨਾ 114.
22. – ਉਹੀ – ਪੰਨਾ 145.
23. – ਉਹੀ – ਪੰਨਾ 138.
24. – ਉਹੀ – ਪੰਨਾ 139.
25. – ਉਹੀ – ਪੰਨਾ 134.
26. – ਉਹੀ – ਪੰਨਾ 142.

# ਵਿਸ਼ਵੀਕਰਨ ਦੇ ਦੌਰ ਵਿਚ 'ਬੁੱਧਵਾਦ' ਅਤੇ 'ਤਾਓਵਾਦ' ਦੀ ਪ੍ਰਸੰਗਿਕਤਾ

## ('ਹਾਇਕੂ ਕਾਵਿ' ਦੇ ਵਿਸ਼ੇਸ਼ ਪ੍ਰਸੰਗ ਵਿਚ)

***ਡਾ. ਸਿਮਰਨਜੀਤ ਸਿੰਘ***

*ਅਸਿਸਟੈਂਟ ਪ੍ਰੋਫੈਸਰ ਅਤੇ ਮੁਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ, ਹਿਮਾਚਲ ਪ੍ਰਦੇਸ਼।*
*simar1313@gmail.com*
*7807302105, 9417642669*

ਮੁੱਢ-ਕਦੀਮ ਤੋਂ ਜਦ ਆਦਮ ਨੇ ਆਪਣੇ ਮਨ ਨੂੰ ਧਰਵਾਸ ਦੇਣ ਲਈ ਆਪਣੇ-ਆਪ ਨੂੰ ਕਿਸੇ ਵੱਡੀ/ਗੈਬੀ ਸ਼ਕਤੀ ਦਾ ਹਿੱਸਾ ਮੰਨਿਆ ਤਾਂ ਇਹੀ ਮੰਨ-ਮਨੌਤ ਰਸਮੀ ਤੌਰ 'ਤੇ ਮੁੱਢਲੇ ਧਰਮ ਦੀ ਨੀਂਹ ਸੀ, ਸੰਸਾਰ ਵਿਚ ਫੈਲੇ ਵੱਖ-ਵੱਖ ਧਰਮਾਂ ਦੀਆਂ ਵੰਡੀਆਂ ਤਾਂ ਇਸ ਤੋਂ ਕਈ ਵਰ੍ਹੇ ਬਾਅਦ ਦੀਆਂ ਗੱਲਾਂ ਹਨ। ਮਨੁੱਖੀ ਸੱਭਿਅਤਾ ਦੇ ਇਤਿਹਾਸਾਂ ਨੂੰ ਹੰਘਾਲਣ 'ਤੇ ਇਕ ਗੱਲ ਸਪੱਸ਼ਟ ਸਾਹਮਣੇ ਆਉਂਦੀ ਹੈ ਕਿ ਮੁੱਢਲੇ ਮਨੁੱਖ ਦਾ ਧਰਮ ਕੁਦਰਤ ਦੀਆਂ ਨਿਆਮਤਾਂ ਦੇ ਬਦਲੇ ਵਜੋਂ ਸ਼ੁਕਰਾਨੇ ਦੇ ਰੂਪ ਵਿਚ ਆਪਣੀ ਹੋਂਦ ਗ੍ਰਹਿਣ ਕਰਦਾ ਹੈ।ਮਸਲਨ ਅੱਗ, ਹਵਾ, ਪਾਣੀ, ਮਿੱਟੀ, ਆਕਾਸ਼, ਜੀਵ-ਜੰਤੂ ਅਤੇ ਬਨਸਪਤੀ ਨੂੰ ਪੂਜਣ ਦੀਆਂ ਵਿਧੀਆਂ ਭਾਵੇਂ ਵੱਖੋ-ਵੱਖਰੀਆਂ ਹਨ ਪਰ ਉਹਨਾਂ ਦਾ ਸਥਾਈ ਆਧਾਰ ਮਨੁੱਖ ਵੱਲੋਂ ਉਹਨਾਂ ਦੁਆਰਾ ਦਿੱਤੀਆਂ ਸੇਵਾਵਾਂ ਦੇ ਬਦਲੇ ਵਿਚ ਸ਼ੁਕਰਾਨਾ ਕਰਨਾ ਹੀ ਹੈ। ਸਮਾਂ ਪੈਣ 'ਤੇ ਜਦੋਂ ਕੁਦਰਤੀ ਕਾਰਜਾਂ ਵਿਚ ਭਿਆਨਕ ਹਿੱਲ-ਜੁੱਲ ਹੋਈ, ਮਸਲਨ, ਭੂਚਾਲ, ਤੇਜ਼ ਮੀਂਹ, ਸੋਕਾ, ਹੜ੍ਹ, ਮਹਾਮਾਰੀ, ਅਕਾਲਾਂ ਆਦਿ ਦੀ ਸਥਿਤੀ ਬਣੀ ਤਾਂ ਮਨੁੱਖ ਅੰਦਰ ਇਹਨਾਂ ਦੀ ਕਰੋਪੀ ਦਾ ਡਰ/ਭੈਅ ਪੈਦਾ ਹੋਇਆ। ਮਨੁੱਖ ਨੇ ਉਦੋਂ ਇਹ ਸਮਝਿਆ ਕਿ ਕੁਦਰਤ ਕਿਸੇ ਗੱਲ ਤੋਂ ਸਾਡੇ ਨਾਲ ਨਰਾਜ਼ ਹੈ ਅਤੇ ਆਪਣੀ ਨਰਾਜ਼ਗੀ ਨੂੰ ਪ੍ਰਗਟਾਉਣ ਲਈ ਉਹ ਇਸ ਕਿਸਮ ਦੀਆਂ ਕਈ ਭਿਆਨਕ ਤਬਾਹੀਆਂ ਕਰਦੀ ਹੈ। ਸੋ, ਸੱਭਿਅਤਾ ਦੇ ਇਸ ਪੜ੍ਹਾਅ 'ਤੇ ਆ ਕੇ ਧਰਮ ਦੀ ਹੋਂਦ ਡਰ ਬਣ ਗਈ ਅਤੇ ਉਸੇ ਡਰ ਨੂੰ ਦੂਰ ਕਰਨ ਲਈ ਮਨੁੱਖ ਨੇ ਪੂਜਾ ਵਿਧੀਆਂ ਵਿਚ ਯੱਗ/ਬਲੀ ਆਦਿ ਵਰਗੀ ਕੱਟੜਤਾ ਲੈ ਆਂਦੀ ਪਰ ਧਰਮ ਦੇ ਇਹਨਾਂ ਦੋਨਾਂ ਪੜਾਵਾਂ ਤੱਕ ਮਨੁੱਖ ਦੀ ਕੁਦਰਤ ਪ੍ਰਤੀ ਪਹੁੰਚ ਦੋਸਤਾਨਾ ਅਤੇ ਸ਼ੁਕਰਾਨੇ ਵਾਲੀ ਸੀ।

ਸੱਭਿਅਤਾ ਦੇ ਕਈ ਵਿਕਾਸ ਪੜਾਵਾਂ ਨੂੰ ਤੈਅ ਕਰਨ ਬਾਅਦ ਜਦ ਉੱਨੀਵੀਂ ਸਦੀ ਜਿਸ ਨੂੰ ਅੱਜ ਅਸੀਂ ਵਿਸ਼ਵੀਕਰਨ ਦਾ ਨਾਂਅ ਦਿੰਦੇ ਹਾਂ, ਇਸ ਵਿਚ ਪਹੁੰਚ ਕੇ ਧਰਮ ਆਪਣੀ ਸਥਾਈ ਸਮਰੱਥਾ ਗੁਆ ਚੁੱਕਾ ਹੈ। ਜੇਕਰ ਅਸੀਂ ਧਰਮ ਦੇ ਲੋਕਧਾਰਾਈ ਅਰਥਾਂ ਵੱਲ ਜਾਈਏ ਤਾਂ ਧਰਮ ਦੇ ਬੜੇ ਸੌਖੇ ਅਰਥ 'ਫਰਜ਼' ਹਨ। ਇਸ ਭਾਵ ਅਨੁਸਾਰ ਜੋ ਮਨੁੱਖ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੈ ਅਤੇ ਉਹਨਾਂ ਨੂੰ ਤਨਦੇਹੀ ਨਾਲ ਨਿਭਾ ਰਿਹਾ ਹੈ ਉਹ ਧਰਮੀ ਹੈ। ਸ਼ਾਇਦ ਇਸੇ ਕਰਕੇ ਹੀ ਪੰਜਾਬੀ ਲੋਕਧਾਰਾ ਵਿਚਲੇ ਸੁਹਾਗ ਗੀਤਾਂ ਦੀ ਸੁਰ ਵਿਚ ਬਾਬਲ ਕੇਵਲ ਬਾਬਲ ਨਹੀਂ ਸਗੋਂ ਧਰਮੀ ਬਾਬਲ ਹੈ। ਉਹ ਤਾਂ ਹੀ ਧਰਮੀ ਹੈ ਕਿਉਂਕਿ ਉਹ ਸਮੇਂ ਸਿਰ ਆਪਣੀ ਜਵਾਨ ਧੀ ਦਾ ਵਿਆਹ ਕਰਕੇ ਆਪਣੇ ਫਰਜ਼ਾਂ ਨੂੰ ਨਿਭਾ ਰਿਹਾ ਹੈ ਪਰ ਅਜੋਕੇ ਵਿਸ਼ਵੀਕਰਨ ਦਾ ਦੌਰ ਜੋ ਕਿ ਸਾਇੰਸ, ਮਸ਼ੀਨਰੀ, ਤਕਨਾਲੋਜੀ, ਪਦਾਰਥਾਂ ਅਤੇ ਇੰਟਰਨੈੱਟ ਦੀਆਂ ਨਵੀਆਂ ਖੋਜਾਂ ਉੱਤੇ ਖੜਾ ਹੈ, ਉਸ ਵਿਚ ਪਹੁੰਚਦਿਆਂ ਧਰਮਾਂ ਵਿਚਲੇ ਫਰਜ਼, ਅਸੂਲ, ਨੈਤਿਕ ਕਦਰਾਂ-ਕੀਮਤਾਂ ਕਿਤੇ ਲਾਂਭੇ ਚਲੀਆਂ ਗਈਆਂ ਹਨ। ਮਨੁੱਖ ਕੇਵਲ ਮਨੁੱਖ ਨਾਲੋਂ ਜਾਂ ਸਮਾਜ ਨਾਲੋਂ ਹੀ ਨਹੀਂ ਟੁੱਟਿਆ ਸਗੋਂ ਉਸ ਦਾ ਆਪਾ ਵਿਖੰਡਤ ਹੋਇਆ ਹੈ। ਉਹ ਕੁਦਰਤ ਨਾਲੋਂ ਟੁੱਟਿਆ ਹੈ। ਉਸ ਅੰਦਰੋਂ ਨੈਤਿਕਤਾ ਮਨਫ਼ੀ ਹੋ ਰਹੀ ਹੈ। ਇਥੇ ਪਹੁੰਚ ਕੇ ਧਰਮ ਮਨੁੱਖ ਦਾ ਰਾਹ-ਦਸੇਰਾ ਬਣਦੇ ਨਹੀਂ ਨਜ਼ਰ ਆ ਰਹੇ। ਇਹ ਕਿਉਂ ਹੋ ਰਿਹਾ ਹੈ? ਸਾਡੇ ਲੇਖ ਦਾ ਮਕਸਦ ਇਹਨਾਂ ਕਾਰਨਾਂ ਨੂੰ ਖੋਜ ਕੇ ਧਰਮ ਅਤੇ ਸਾਹਿਤ ਵਿਚਲੀ ਸਾਂਝ ਨੂੰ ਪ੍ਰਗਟਾਉਣਾ ਹੈ ਜਿਸ ਸਦਕਾ ਮਨੁੱਖ ਫਿਰ ਤੋਂ ਕੁਦਰਤ ਦੇ ਨੇੜੇ ਹੋ ਸਕੇ।

ਸਾਹਿਤ ਦਾ ਕੰਮ ਮਨੁੱਖ ਨੂੰ ਸਮਾਜ ਨਾਲ ਜੋੜ ਕੇ ਉਸ ਦੀ ਸਾਂਝ ਸਥਾਪਤੀ ਦਾ ਮੰਨਿਆ ਜਾਂਦਾ ਹੈ। ਇਸ ਕਾਰਜ ਹਿਤ ਸਾਹਿਤ ਦੇ ਵਿਭਿੰਨ ਰੂਪ ਜਿਵੇਂ; ਕਵਿਤਾ, ਨਾਟਕ, ਨਾਵਲ, ਕਹਾਣੀ, ਅਤੇ ਵਾਰਤਕ ਆਦਿ ਕਾਰਜਸ਼ੀਲ ਰਹੇ ਹਨ ਪਰ ਉਪਰੋਕਤ ਸਾਹਿਤ ਰੂਪਾਂ 'ਚੋਂ ਸਾਹਿਤਕਾਰਾਂ ਲਈ ਕਵਿਤਾ ਹਮੇਸ਼ਾ ਹੀ ਪਸੰਦੀਦਾ ਰੂਪ ਰਹੀ ਕਿਉਂਕਿ ਬਾਕੀ ਸਾਹਿਤ ਵਿਧਾਵਾਂ ਵਿਚੋਂ ਸਿਰਫ਼ ਇਹੀ ਇਕ ਅਜਿਹੀ ਵਿਧਾ ਹੈ ਜੋ ਆਦਿ ਕਾਲ ਤੋਂ ਨਿਰੰਤਰ ਚੱਲੀ ਆ ਰਹੀ ਹੈ। ਜੇਕਰ ਵਿਸ਼ਵ ਦੇ ਸਾਹਿਤ ਜਗਤ ਵਿਚ ਵੀ ਇਸ ਦਾ ਸਥਾਨ ਨਿਸ਼ਚਿਤ ਕਰੀਏ ਤਾਂ ਇਸ ਦੀ ਆਮਦ ਪਲੇਠੀ ਹੈ, ਕਿਉਂਕਿ ਬਾਕੀ ਸਾਹਿਤ ਰੂਪ ਇਸ ਦੇ ਬਾਅਦ ਹੀ ਜਨਮੇ। ਅੱਜ ਜਦੋਂ ਸਮੁੱਚਾ ਵਿਸ਼ਵ 'ਗਲੋਬਲ ਪਿੰਡ' ਦੀ ਸ਼ਕਲ ਅਖ਼ਤਿਆਰ ਕਰ ਚੁੱਕਾ ਹੈ। ਸੰਚਾਰ ਸਹੂਲਤਾਂ ਅਤੇ ਵਿਗਿਆਨਕ ਤਕਨਾਲੋਜੀ ਦੀ ਚੜ੍ਹਤ ਨੇ ਜਿੱਥੇ ਆਕਾਸ਼ੀ ਸਿਖ਼ਰਾਂ ਛੋਹੀਆਂ ਹਨ, ਉੱਥੇ ਇਸ ਨੇ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਵੀ ਆਪਣਾ ਅਸਰ ਪਾਇਆ ਹੈ। ਸੋ ਸਾਹਿਤ ਉੱਪਰ ਵੀ ਇਸ ਦਾ ਪ੍ਰਭਾਵ ਪੈਣਾ ਲਾਜ਼ਮੀ ਤੇ ਸੁਭਾਵਿਕ ਸੀ। ਪੰਜਾਬੀ ਸਾਹਿਤ ਅੰਦਰ ਕਵਿਤਾ ਵਿਚ ਇਸ ਦਾ ਅਸਰ ਕੁਝ ਵਧੇਰੇ ਹੈ ਕਿਉਂਕਿ ਦੂਜੀਆਂ ਸਾਹਿਤ ਵਿਧਾਵਾਂ ਦੇ ਮੁਕਾਬਲਤਨ ਕਵਿਤਾ ਅੰਦਰ ਰੂਪਾਕਾਰਕ ਵਿਭਿੰਨਤਾ ਜ਼ਿਆਦਾ ਵੇਖਣ ਨੂੰ ਮਿਲਦੀ ਹੈ। ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਫ਼ਲਸਰੂਪ ਕਵਿਤਾ ਕਈ ਇਤਿਹਾਸਕ ਪੜ੍ਹਾਵਾਂ ਵਿਚੋਂ ਗੁਜ਼ਰੀ ਅਤੇ ਇਸ ਨੇ ਕਈ ਨਵੇਂ ਕਾਵਿ-ਰੂਪਾਂ ਨੂੰ ਅਪਣਾਇਆ। ਮੱਧਕਾਲ ਵਿਚ ਜਿੱਥੇ ਇਸ ਅੰਦਰ ਸ਼ਲੋਕ, ਕਾਫੀ, ਕਿੱਸਾ, ਵਾਰ, ਸ਼ੀਹਰਫੀ, ਦੋਹੜੇ ਅਤੇ ਜੰਗਨਾਮੇ ਆਦਿ ਦੇਖਣ ਨੂੰ ਮਿਲਦੇ ਹਨ ਉੱਥੇ ਆਧੁਨਿਕ ਕਾਲ ਵਿਚ ਇਸਨੇ ਆਪਣਾ ਮੁਹਾਂਦਰਾ ਸਰੋਦੀ ਕਵਿਤਾ (lyric), ਮੁਕਤ ਛੰਦ ਕਵਿਤਾ (Blank verse), ਖੁੱਲ੍ਹੀ ਕਵਿਤਾ (free verse), ਗੀਤ, ਗ਼ਜ਼ਲ ਅਤੇ ਰੁਬਾਈ ਵੱਲ ਕੀਤਾ। ਇਹ ਸਾਰੇ ਕਾਵਿ-ਰੂਪ ਪੰਜਾਬੀ ਕਵਿਤਾ ਨੇ ਸਹਿਜੇ ਹੀ ਨਹੀਂ ਅਪਣਾਏ ਅਤੇ ਨਾ ਹੀ ਇਹਨਾਂ 'ਚੋਂ ਸਾਰੇ ਇਸਦੇ ਮੌਲਿਕ ਹਨ। ਭੂਗੋਲਿਕ ਅਤੇ ਰਾਜਨੀਤਕ ਹਾਲਤਾਂ ਦੇ ਅਨੁਕੂਲ

ਜਾਂ ਪ੍ਰਤਿਕੂਲ ਰਹਿਣ 'ਤੇ ਜਦ ਵੀ ਪੰਜਾਬੀ ਸਾਹਿਤ ਨੇ ਆਪਣਾ ਸੰਵਾਦ ਦੂਜੀਆਂ ਭਾਸ਼ਾਵਾਂ ਦੇ ਸਾਹਿਤ ਨਾਲ ਕੀਤਾ ਤਾਂ ਬਹੁਤ ਕੁਝ ਸਾਹਿਤ ਅੰਦਰ ਨਵਾਂ ਵਾਪਰਿਆ। ਖਾਸਕਰ ਕਵਿਤਾ ਦੇ ਖੇਤਰ ਵਿਚ ਦੇਖੀਏ ਤਾਂ 'ਪੰਜਾਬੀ ਵਿਚ ਕਿੱਸਾ ਫ਼ਾਰਸੀ ਕਵਿਤਾ ਦੇ ਪ੍ਰਭਾਵ ਹੇਠ ਉਪਜਿਆ।'[1] ਜੇ ਗ਼ਜ਼ਲ ਦੀ ਗੱਲ ਕਰੀਏ ਤਾਂ 'ਆਧੁਨਿਕ ਪੰਜਾਬੀ ਕਾਵਿ ਵਿਚ ਗ਼ਜ਼ਲ ਰੂਪਾਕਾਰ ਉਰਦੂ ਗ਼ਜ਼ਲ ਤੋਂ ਪ੍ਰਭਾਵਿਤ ਹੋਇਆ।'[2] ਜਦੋਂ ਕਿ ਦੂਜੇ ਪਾਸੇ 'ਕਾਵਿ ਰਚਨਾ ਵਿਚ ਛੰਦ-ਬੰਦੀ ਨੂੰ ਨਵਾਬੀ ਜੁੱਤੀ ਦੀ ਕੈਦ ਸਮਝਦੇ ਹੋਏ ਅਲਬੇਲੇ ਅਤੇ ਰੰਗਲੇ ਕਵੀ ਪੂਰਨ ਸਿੰਘ ਨੇ ਛੰਦ-ਮੁਕਤ ਖੁੱਲ੍ਹੀ ਕਵਿਤਾ ਦਾ ਮੁੱਢ ਬੰਨ੍ਹਿਆ।'[3] ਪੂਰਨ ਸਿੰਘ ਦਾ ਇਹ ਅਨੁਭਵ ਵੀ ਅਮਰੀਕਨ ਲੇਖਕਾਂ ਐਮਰਸਨ, ਥੋਰੋ, ਅਤੇ ਵਾਲਟ ਵਿਟਮੈਨ ਤੋਂ ਪ੍ਰਭਾਵਿਤ ਹੈ। ਸੋ ਸਮੁੱਚੇ ਤੌਰ 'ਤੇ ਜੇਕਰ ਦੇਖਿਆ ਜਾਵੇ ਤਾਂ ਪੰਜਾਬੀ ਕਵਿਤਾ ਹਮੇਸ਼ਾ ਹੀ ਆਪਣੀਆਂ ਭੂਗੋਲਿਕ ਸੀਮਾਵਾਂ ਨੂੰ ਟੱਪ ਕੇ ਵਿਸ਼ਵ ਕਾਵਿ-ਰੂਪਾਂ ਨੂੰ ਅਪਣਾਉਣ ਵਿਚ ਪ੍ਰਯਤਨਸ਼ੀਲ ਰਹੀ ਹੈ। ਇਸੇ ਪ੍ਰਕਿਰਿਆ ਤਹਿਤ ਅੱਜ ਇੱਕੀਵੀਂ ਸਦੀ ਅੰਦਰ ਪੰਜਾਬੀ ਕਵਿਤਾ ਵਿਚ ਇਕ ਨਵੀਂ ਕਾਵਿ-ਸਿਨਫ਼ 'ਹਾਇਕੂ' ਦਾ ਪ੍ਰਵੇਸ਼ ਵੇਖਣ ਨੂੰ ਮਿਲਿਆ ਹੈ।

ਹਾਇਕੂ ਕੀ ਹੈ?

ਹਾਇਕੂ ਇਕ ਨਿਰੋਲ ਜਾਪਾਨੀ ਕਾਵਿ-ਰੂਪਾਕਾਰ ਹੈ, ਜਿਸ ਦਾ ਉਦੈ ਜਾਪਾਨ ਦੀ ਧਰਤੀ ਉੱਤੇ ਲਗਭਗ 16ਵੀਂ ਸਦੀ ਵਿਚ ਹੋਇਆ। ਸੰਸਾਰ ਪੱਧਰ 'ਤੇ ਇਹ ਹੁਣ ਤੱਕ ਦੀ ਸਭ ਤੋਂ ਅਲਪ ਕਾਵਿ ਰੂਪਾਕਾਰ ਹੈ। ਸੁਚੇਤ ਪੱਧਰ 'ਤੇ ਭਾਵੇਂ ਇਸ ਨੇ ਆਪਣੀ ਪਛਾਣ ਪੰਜਾਬੀ ਸਾਹਿਤ ਵਿਚ ਪਿਛਲੇ ਥੋੜ੍ਹੇ ਜਿਹੇ ਸਮੇਂ ਤੋਂ ਬਣਾਈ ਹੈ ਪਰ ਇਸ ਵਿਧਾ ਬਾਰੇ ਪੰਜਾਬੀਆਂ ਨੂੰ ਮੁੱਢਲੀ ਜਾਣਕਾਰੀ ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਨੇ ਸੰਨ 1926 ਵਿਚ ਆਪਣੀ ਪੁਸਤਕ "The spirit of oriental poetry" ਦੇ ਮਾਧਿਅਮ ਰਾਹੀਂ ਦੇ ਦਿੱਤੀ ਸੀ। ਇਸ ਪੁਸਤਕ ਵਿਚਲਾ ਆਰਟੀਕਲ "The poetry of Japan" ਇਸ ਵਿਧਾ ਦੇ ਨਾਂਅ ਅਤੇ ਰੂਪਕ ਸੰਰਚਨਾ ਬਾਰੇ ਸੰਖੇਪ ਜਿਹੀ ਜਾਣਕਾਰੀ ਦੇਣ ਵਾਲਾ ਪਹਿਲਾ ਸ੍ਰੋਤ ਹੈ। ਭਾਵੇਂ ਉਸ ਸਮੇਂ ਇਹ ਵਿਧਾ ਪੰਜਾਬੀ ਲੇਖਕਾਂ ਵੱਲੋਂ ਸਿੱਧੇ ਤੌਰ 'ਤੇ ਅਣਗੌਲੀ ਰਹਿ ਗਈ, ਜਿਸਦੇ ਕਈ ਕਾਰਨ ਹੋ ਸਕਦੇ ਹਨ ਪਰ ਸੰਖੇਪ ਵਿਚ ਇਥੇ ਜੇਕਰ ਹਾਇਕੂ ਦੇ ਮੁੱਢਲੇ ਪਛਾਣ-ਚਿੰਨ੍ਹਾਂ ਨੂੰ ਨਿਰਧਾਰਿਤ ਕਰਨਾ ਹੋਵੇ ਤਾਂ ਹਾਇਕੂ ਜਾਪਾਨੀ ਲਿੱਪੀ ਦੇ 17 ਉਚਾਰ-ਖੰਡਾਂ (Syllables) ਨੂੰ 5-7-5 ਦੇ ਕ੍ਰਮ ਵਿਚ ਰੱਖ ਕੇ ਲਿਖਿਆ ਜਾਂਦਾ ਹੈ। ਜਿਸ ਵਿਚ ਮੌਸਮ ਦੇ ਕਿਸੇ ਪਹਿਲੂ ਦਾ ਹਵਾਲਾ, ਬਿਨਾ ਤੁਕਾਂਤ ਸਿਰਜ ਦੇਣਾ ਲਾਜ਼ਮੀ ਹੈ।

ਸਦੀਆਂ ਤੋਂ ਕਿਸੇ ਖਿੱਤੇ ਦਾ ਧਰਾਤਲ ਅਤੇ ਸਭਿਆਚਾਰ ਜਦ ਆਪਸ ਵਿਚ ਸੰਵਾਦ ਰਚਾਉਂਦੇ ਹਨ ਤਾਂ ਕਿਸੇ ਕਲਾ ਦੇ ਬੀਜ ਪੁੰਗਰਦੇ ਹਨ, ਜਿਸ ਦੇ ਸਿੱਟੇ ਵਜੋਂ ਉਸ ਕਲਾ ਉੱਪਰ ਉਸ ਖਿੱਤੇ ਦੇ ਸਭਿਆਚਾਰਕ ਅਸਰ ਪੈਣੇ ਸੁਭਾਵਿਕ ਹਨ। ਇਸੇ ਸੰਦਰਭ ਵਿਚ ਜੇਕਰ ਅਸੀਂ ਹਾਇਕੂ-ਕਾਵਿ ਨੂੰ ਰੱਖ ਕੇ ਦੇਖੀਏ ਤਾਂ ਜਾਪਾਨੀ ਹਾਇਕੂ ਉੱਪਰ ਜਾਪਾਨ ਦੇ 'ਜ਼ੇਨ' (ਜਾਪਾਨੀ ਬੁੱਧਵਾਦ) ਅਤੇ ਚੀਨ ਦੇ ਤਾਉਵਾਦ ਦਾ ਕਾਫ਼ੀ ਅਸਰ ਹੋਇਆ ਦਿਖਾਈ ਦਿੰਦਾ ਹੈ। ਜਾਪਾਨ ਵਿਚ 'ਬੁੱਧ-ਧਾਰਾ ਨੂੰ ਅਸਲੀ ਜੀਵਨ ਵਿਚ ਮਹਿਸੂਸ ਕਰਨ ਅਤੇ ਵਰਤਣ ਨੂੰ ਜ਼ੇਨ ਕਿਹਾ ਜਾਂਦਾ ਹੈ।'[4] ਬੁੱਧ ਧਰਮ ਨੇ ਜਦੋਂ ਚੀਨ ਦੇ ਤਾਓਵਾਦੀ ਤੇ ਕਨਫ਼ਿਊਸ਼ਿਸਵਾਦੀ ਵਿਚਾਰਾਂ ਨਾਲ ਸਦੀਆਂ ਦੀ ਰਹਿਤਲ 'ਤੇ ਆਪਣਾ ਸੰਵਾਦ ਰਚਾਇਆ ਤਾਂ ਜਾਪਾਨੀ ਜ਼ੇਨ ਦਾ ਜਨਮ ਹੋਇਆ। ਹਾਇਕੂ ਦੀ

ਪਿੱਠ-ਭੂਮੀ ਵਿਚ ਪੂਰਬੀ ਏਸ਼ੀਆ ਦਾ ਸਮੁੱਚਾ ਦਰਸ਼ਨ ਕਿਰਿਆਸ਼ੀਲ ਹੈ ਜਿਸਦੇ ਫ਼ਲਸਰੂਪ ਹਾਇਕੂ ਦੀਆਂ ਜੜ੍ਹਾਂ ਬੁੱਧ ਧਰਮ ਤੋਂ ਇਲਾਵਾ ਚੀਨੀ ਦਰਸ਼ਨ ਤਾਓਵਾਦ ਤੇ ਕਨਫ਼ਿਊਸ਼ਿਸਵਾਦ ਵਿਚ ਵੀ ਡੂੰਘੀਆਂ ਉੱਤਰੀਆਂ ਹੋਈਆਂ ਹਨ।

(1) ਬੁੱਧਵਾਦ – ਮੂਲ ਰੂਪ ਵਿਚ ਬੁੱਧ ਧਰਮ ਨਿਰੋਲ ਭਾਰਤੀ ਧਰਮ ਹੈ, ਜਿਸ ਦੇ ਬਾਨੀ ਮਹਾਤਮਾ ਬੁੱਧ (ਗੌਤਮ ਬੁੱਧ) ਹਨ, ਜਿਨ੍ਹਾਂ ਦਾ ਜਨਮ ਲੁੰਬਣੀ ਵਿਖੇ ਹੋਇਆ। ਇਤਿਹਾਸਕਾਰਾਂ ਦੇ ਮੱਤ ਅਨੁਸਾਰ ਮਹਾਤਮਾ ਬੁੱਧ ਦਾ ਜੀਵਨ-ਕਾਲ 624-544 ਈ.ਪੂ. ਮੰਨਿਆ ਜਾਂਦਾ ਹੈ। ਅਸਲ ਵਿਚ ਮਹਾਤਮਾ ਬੁੱਧ ਦੇ ਉਪਦੇਸ਼ ਹੀ ਬੁੱਧ ਧਰਮ ਹੈ। 'ਬੁੱਧ ਧਰਮ ਅਨੁਸਾਰ ਬੁੱਧ ਸ਼ਬਦ ਦੇ ਦੋ ਅਰਥ ਹਨ। ਇਹ ਸਿਧਾਰਥ ਗੌਤਮ ਜਾਂ ਸ਼ਾਕਯ ਮੁਨੀ ਦਾ ਇਕ ਨਾਂ ਹੈ, ਜਦ ਸਿਧਾਰਥ ਗੌਤਮ ਸਾਧਕ ਦੇ ਰੂਪ ਵਿਚ ਪੂਰਣਤਾ ਨੂੰ ਪ੍ਰਾਪਤ ਕਰਕੇ 'ਬੋਧਿ' ਜਾਂ 'ਨਿਰਵਾਣ' ਪ੍ਰਾਪਤ ਕਰ ਲੈਂਦੇ ਹਨ, ਤਦ ਉਸ ਸਰਵ-ਗਿਆਤਾ ਨੂੰ ਬੁੱਧ ਕਿਹਾ ਜਾਂਦਾ ਹੈ।'[5] ਸਰਲ ਸ਼ਬਦਾਂ ਵਿਚ 'ਬੋਧਿ' ਤੋਂ ਭਾਵ ਗਿਆਨ ਹੈ ਤੇ ਜਿਸਨੂੰ ਬੋਧਿ ਦੀ ਪ੍ਰਾਪਤੀ ਹੋ ਜਾਵੇ ਉਹ 'ਬੁੱਧ' ਹੈ। 'ਬੁੱਧ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਬੁੱਧ ਦਾ ਭਾਵ ਉਸ ਵਿਅਕਤੀ ਤੋਂ ਹੁੰਦਾ ਹੈ; ਜਿਸਨੂੰ ਗਿਆਨ ਦਾ ਪ੍ਰਕਾਸ਼ ਹੋ ਗਿਆ ਹੋਵੇ ਜਾਂ ਜੋ ਜਾਗ ਗਿਆ ਹੋਵੇ ਜਾਂ ਜਿਸਨੇ ਬੋਧ/ਬੁੱਧੀ ਹਾਸਲ ਕਰ ਲਈ ਹੋਵੇ।'[6] ਬੁੱਧ ਮੱਤ ਵਿਚ ਬੁੱਧ ਦਾ ਅਰਥ ਅੰਤਿਮ ਸੱਚ ਨੂੰ ਹਾਸਲ ਕਰ ਲੈਣ ਵਾਲੇ ਮਨੁੱਖ ਤੱਕ ਹੀ ਸੀਮਤ ਨਹੀਂ ਹੁੰਦਾ। ਸਗੋਂ ਇਹ ਤਾਂ ਮਹਾਨ ਤੇ ਸਦੀਵੀ ਜੀਵਨ-ਊਰਜਾ ਦਾ ਨਾਮ ਹੈ, ਜਿਹੜੀ ਸ੍ਰਿਸ਼ਟੀ ਦੀ ਹਰ ਵਸਤੂ ਅੰਦਰ ਵਸ ਰਹੀ ਹੈ।

ਜਾਪਾਨ ਵਿਚ ਬੁੱਧ ਧਰਮ – ਜਾਪਾਨ ਭੂਗੋਲਿਕ ਦ੍ਰਿਸ਼ਟੀ ਤੋਂ ਭਾਵੇਂ ਭਾਰਤ ਦਾ ਗੁਆਂਢੀ ਦੇਸ਼ ਨਹੀਂ ਪਰੰਤੂ ਧਾਰਮਿਕ ਦ੍ਰਿਸ਼ਟੀ ਤੋਂ ਉਹ ਭਾਰਤ ਤੋਂ ਦੂਰ ਵੀ ਨਹੀਂ। ਜਿੱਥੋਂ ਤੱਕ ਬੁੱਧ ਧਰਮ ਦਾ ਸੰਬੰਧ ਹੈ ਪੂਰੇ ਵਿਸ਼ਵ ਵਿਚ ਜਾਪਾਨ ਇਕ ਇਕੱਲਾ ਅਜਿਹਾ ਦੇਸ਼ ਹੈ ਜਿਸਨੇ ਬੁੱਧ ਧਰਮ ਨੂੰ ਜੀਵਨ ਦੇ ਸਾਰੇ ਖੇਤਰਾਂ ਜਿਵੇਂ ਧਾਰਮਿਕ, ਆਰਥਿਕ, ਸਮਾਜਿਕ, ਅਤੇ ਵਿੱਦਿਅਕ ਖੇਤਰਾਂ ਦੇ ਸੰਦਰਭ ਹਿਤ ਵਿਵਹਾਰਿਕ ਰੂਪ ਵਿਚ ਅਪਣਾਇਆ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਾਪਾਨ ਭਾਰਤ ਦਾ ਗੁਆਂਢੀ ਦੇਸ਼ ਨਹੀਂ, ਫਿਰ ਬੁੱਧ ਧਰਮ ਜਾਪਾਨ ਵਿਚ ਕਿਵੇਂ ਪੁੱਜਾ ! ਜਾਪਾਨ ਵਿਚ ਬੁੱਧ ਧਰਮ ਸਿੱਧੇ ਤੌਰ 'ਤੇ ਨਹੀਂ ਸਗੋਂ ਅਸਿੱਧੇ ਢੰਗ ਨਾਲ ਪੁੱਜਾ। ਇਲੀਅਟ ਮਹੋਦਯ ਦੇ ਅਨੁਸਾਰ, '552 ਈ. ਵਿਚ ਚੀਨ ਤੋਂ ਕੋਰੀਆ ਹੁੰਦਾ ਹੋਇਆ ਬੁੱਧ ਧਰਮ ਜਾਪਾਨ ਵਿਚ ਪਹੁੰਚਿਆ।'[7] ਜਦੋਂ ਕਿ ਦੂਜੇ ਪਾਸੇ ਰਾਹੁਲ ਸੰਕਰਾਤਾਰਿਣ ਦੇ ਅਨੁਸਾਰ, '538 ਈ. ਵਿਚ ਦੱਖਣੀ ਕੋਰੀਆ ਦੇ ਕੋਦਾਰਾ ਰਾਜ ਦੇ ਰਾਜੇ ਨੇ ਜਾਪਾਨ ਦੇ ਰਾਜੇ ਨੂੰ ਕੁਝ ਤੋਹਫ਼ੇ ਭੇਜਣ ਸਮੇਂ ਕੁਝ ਬੁੱਧ ਧਰਮ ਦੇ ਗ੍ਰੰਥ, ਬੁੱਧ ਦੀਆਂ ਮੂਰਤੀਆਂ ਅਤੇ ਪੂਜਾ ਸਮੱਗਰੀ ਦੇ ਨਾਲ-ਨਾਲ ਇਕ ਪੱਤਰ ਵੀ ਘੱਲਿਆ __'।[8] ਇਸ ਪੱਤਰ ਵਿਚ ਬੁੱਧ ਧਰਮ ਦੀਆਂ ਸਿੱਖਿਆਵਾਂ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਬਹੁਤ ਹੀ ਸੰਖੇਪਤਾ ਨਾਲ ਪੇਸ਼ ਕੀਤਾ ਗਿਆ ਸੀ। ਇਸ ਪੱਤਰ ਵਿਚ 'ਬੁੱਧ' ਬਾਰੇ ਇਹ ਸਾਫ਼ ਕਿਹਾ ਗਿਆ ਹੈ ਕਿ, 'ਇਹ ਧਰਮ ਸਾਰਿਆਂ ਪੱਖਾਂ ਤੋਂ ਅਤਿ-ਉੱਤਮ ਹੈ। ਭਾਵੇਂ ਇਸ ਨੂੰ ਬਿਆਨ ਕਰਨਾ ਔਖਾ ਅਤੇ ਸਮਝਣਾ ਮੁਸ਼ਕਿਲ ਹੈ।'[9] ਸੋ ਇਸ ਤੱਥ ਅਤੇ ਦਲੀਲ ਨਾਲ ਅਸੀਂ ਇਹ ਮੰਨ ਕੇ ਚੱਲਦੇ ਹਾਂ ਕਿ ਜਾਪਾਨ ਵਿਚ ਬੁੱਧ ਧਰਮ ਭਾਰਤ ਤੋਂ ਕੋਰੀਆ ਵਿਚ ਦੀ ਹੁੰਦਾ ਹੋਇਆ ਪਹੁੰਚਿਆ। ਇਸ ਪੱਤਰ ਦਾ ਪਹਿਲੋ-ਪਹਿਲ ਵਿਰੋਧ ਵੀ ਹੋਇਆ ਪਰ ਥੋੜ੍ਹੇ-ਮੋਟੇ ਵਿਰੋਧ ਦੇ ਬਾਵਜੂਦ ਜਾਪਾਨ ਵਿਚ ਬੁੱਧ ਧਰਮ ਵਧਣ-ਫੁੱਲਣ ਲੱਗਾ। ਇਕ ਹੋਰ ਮੱਤ ਅਨੁਸਾਰ ਰਾਹੁਲ ਜੀ ਇਹ ਵੀ ਮੰਨਦੇ ਹਨ ਕਿ ਚੀਨ ਵਿਚ

ਦੀ ਹੁੰਦਾ ਹੋਇਆ ਵੀ ਬੁੱਧ ਧਰਮ ਜਾਪਾਨ ਵਿਚ ਪੁੱਜਾ ਹੈ। ਉਹਨਾਂ ਅਨੁਸਾਰ 522 ਈ. ਵਿਚ ਸ਼ਿਵਾ ਰਚਿਤਾ ਨਾਂ ਦਾ ਇਕ ਚੀਨੀ ਯਾਤਰੀ ਚੀਨ ਦੇ ਪੂਰਬੀ ਤੱਟ ਤੋਂ ਹੁੰਦਾ ਹੋਇਆ ਜਾਪਾਨ ਵਿਚ ਆ ਕੇ ਵਸ ਗਿਆ। ਇਹ ਬੁੱਧ ਧਰਮ ਦਾ ਪੱਕਾ ਅਨੁਯਾਈ ਸੀ। ਜਾਪਾਨ ਦੀ ਪਹਿਲੀ ਬੋਧੀ ਭਿਕਸ਼ਣੀ ਵੀ ਇਸੇ ਵੰਸ਼ ਵਿਚੋਂ ਸੀ।

ਜਾਪਾਨ ਦਾ ਆਪਣਾ ਪੂਰਵ-ਪ੍ਰਚੱਲਿਤ ਧਰਮ 'ਪਿੱਤਰ ਪੂਜਾ ਸੀ ਜਿਸਨੂੰ 'ਸ਼ਿੰਤੋ' ਆਖਦੇ ਸਨ। ਸਮਾਂ ਬੀਤਣ ਤੇ 'ਸ਼ਿੰਤੋ' ਅਤੇ ਬੁੱਧ ਧਰਮ ਵਿਚ ਆਪਸੀ ਮੇਲ ਹੋ ਗਿਆ ਜਿਸ ਦੇ ਫ਼ਲਸਰੂਪ ਸੱਤਵੀਂ ਸ਼ਤਾਬਦੀ ਵਿਚ 'ਸ਼ਿੰਤੋ' ਨੇ ਆਪਣੇ ਸਾਰੇ ਮੰਦਿਰ ਬੁੱਧ ਧਰਮ ਨੂੰ ਸਪੁਰਦ ਕਰ ਦਿੱਤੇ। ਇਹ ਜਾਪਾਨੀ ਬੁੱਧ ਧਰਮ ਦੇ ਪ੍ਰਚਾਰ ਦੀ ਇਕ ਮੁੱਢਲੀ ਮਹੱਤਵਪੂਰਨ ਪ੍ਰਾਪਤੀ ਸੀ। ਇਸ ਤੋਂ ਬਾਅਦ ਬੁੱਧ ਧਰਮ ਨੂੰ ਜਾਪਾਨ ਦੇ ਰਾਜ ਦਰਬਾਰ ਵਿਚ ਪ੍ਰਵੇਸ਼ ਕਰਨ ਲਈ ਲਗਭੱਗ 36 ਸਾਲਾਂ ਤਕ ਉੱਦਮ ਕਰਨਾ ਪਿਆ। ਸਮਰਾਟ ਸੁਸ਼ੁਨ ਤਕਸ਼ੀ ਅਤੇ ਉਸ ਦੀ ਪਤਨੀ ਦੋਨੋਂ ਨਿੱਜੀ ਪੱਧਰ 'ਤੇ ਬੁੱਧ ਭਗਤ ਸਨ। 562 ਈ. ਵਿਚ ਸੁਸ਼ੁਨ ਦੀ ਮੌਤ ਹੋ ਜਾਣ ਤੇ ਉਸ ਦੀ ਰਾਜਗੱਦੀ ਲਈ ਕਾਫੀ ਵਿਵਾਦ ਹੋਇਆ। ਉਂਝ ਤਾਂ ਸੁਸ਼ੁਨ ਨੇ ਆਪਣੇ ਜਿਉਂਦਿਆਂ ਹੀ ਆਪਣੇ ਪੁੱਤਰ ਸ਼ੋਤੋਕ ਨੂੰ 16 ਸਾਲ ਦੀ ਉਮਰ ਵਿਚ ਯੁਵਰਾਜ ਘੋਸ਼ਿਤ ਕਰ ਦਿੱਤਾ ਸੀ। 592 ਈ. ਵਿਚ ਜਦ ਪੱਕੇ ਤੌਰ 'ਤੇ ਸ਼ੋਤੋਕ ਨੇ ਰਾਜ ਗੱਦੀ ਸੰਭਾਲੀ ਤਾਂ ਉਸ ਨੇ ਪਹਿਲੀ ਵਾਰ ਬੁੱਧ ਧਰਮ ਨੂੰ ਰਾਜ ਧਰਮ ਘੋਸ਼ਿਤ ਕਰ ਦਿਤਾ। ਉਸ ਨੇ ਉਸਾਕਾ ਵਿਚ ਤੇਨੋ ਜੀ ਦਾ ਆਸ਼ਰਮ ਸਥਾਪਿਤ ਕੀਤਾ ਅਤੇ ਇਸ ਸ਼ਹਿਰ ਦੀਆਂ ਚਾਰੇ ਦਿਸ਼ਾਵਾਂ ਵਿਚ ਬੁੱਧ ਦੇ ਮੰਦਿਰ ਬਣਵਾਏ। ਉਸ ਨੇ ਕਈ ਸਕੂਲ ਅਤੇ ਹਸਪਤਾਲ ਬਣਵਾਉਣ ਦੇ ਨਾਲ-ਨਾਲ ਸਾਹਿਤ, ਧਰਮ ਅਤੇ ਦਰਸ਼ਨ ਵਿਚ ਬੁੱਧ ਧਰਮ ਦੇ ਅਧਿਐਨ-ਅਧਿਆਪਨ ਦਾ ਕਾਰਜ ਵੀ ਸ਼ੁਰੂ ਕਰਵਾਇਆ। ਸਮਰਾਟ ਸ਼ੋਤੋਕ ਇਕ ਧਿਆਨੀ ਵਿਅਕਤੀ ਸੀ ਉਸ ਨੇ 'ਹੋਯੋਰਜੀ' ਨਾਂਅ ਦਾ ਮੰਦਿਰ ਬਣਵਾ ਕੇ ਖ਼ੁਦ ਆਪਣੇ ਹੱਥੀਂ 'ਅਵਲੋਕਿਤੇਸ਼ਵਰ' ਦੀ ਮੂਰਤੀ ਬਣਾ ਕੇ ਸਥਾਪਿਤ ਕੀਤੀ। ਇਸ ਮੰਦਿਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਰਤ ਵਿਚਲੇ ਬੋਧਗਯਾ ਦੇ ਮੰਦਿਰ ਵਾਂਗ ਹੀ ਪੂਜਣਯੋਗ ਹੈ। ਜਾਪਾਨ ਦੇ ਬੋਧੀਆਂ ਲਈ ਇਹ ਇਕ ਧਾਰਮਿਕ ਅਸਥਾਨ ਦੇ ਨਾਲ-ਨਾਲ ਇਕ ਵੱਡਾ ਤੀਰਥ ਅਸਥਾਨ ਵੀ ਹੈ। ਇਸ ਮੰਦਿਰ ਨੂੰ ਜਾਪਾਨੀ ਰਾਸ਼ਟਰੀਅਤਾ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ। ਸਮੁੱਚੇ ਤੌਰ 'ਤੇ ਇਹ ਮੰਦਿਰ ਜਾਪਾਨੀ ਇਤਿਹਾਸ ਦੀ ਜੀਵੰਤ ਪਾਠਸ਼ਾਲਾ ਵਜੋਂ ਅੱਜ ਵੀ ਕਾਰਜਸ਼ੀਲ ਹੈ।

(2) ਤਾਓਵਾਦ – ਚੀਨੀ ਦਰਸ਼ਨ ਤਾਓਵਾਦ ਤੋਂ ਪਹਿਲਾਂ ਜੇਕਰ ਅਸੀਂ ਚੀਨੀ ਸਭਿਅਤਾ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਹ ਵਿਸ਼ਵ ਦੀਆਂ ਪ੍ਰਾਚੀਨਤਮ ਸਭਿਅਤਾਵਾਂ ਦੇ ਵਿਚੋਂ ਇਕ ਹੈ ਪਰ ਭਾਸ਼ਾਈ ਜਟਿਲਤਾ ਅਤੇ ਭੂਗੋਲਿਕ ਸਥਿਤੀਆਂ ਕਾਰਨ ਇਸ ਦਾ ਪ੍ਰਚਾਰ, ਪ੍ਰਸਾਰ ਹੋਰਨਾਂ ਸਭਿਅਤਾਵਾਂ ਦੇ ਮੁਕਾਬਲਤਨ ਲਗਭੱਗ ਸੀਮਿਤ ਹੀ ਰਿਹਾ।' ਲਾਓ-ਤਸੂ ਤੇ ਕਨਫ਼ਿਊਸ਼ਸ ਬਾਰੇ ਲੋਕੀਂ ਏਨਾ ਨਹੀਂ ਜਾਣਦੇ ਜਿੰਨਾ ਅਰਸਤੂ ਤੇ ਪਲੈਟੋ ਬਾਰੇ ਜਾਂ ਬੁੱਧ ਅਤੇ ਈਸਾ ਬਾਰੇ ਜਾਣਦੇ ਹਨ।'[10] ਇਸ ਦਾ ਕਾਰਨ ਸ਼ਾਇਦ ਇਹ ਮੰਨਿਆ ਜਾ ਸਕਦਾ ਹੈ ਕਿ ਲਾਓ-ਤਸੂ ਤੇ ਕਨਫ਼ਿਊਸ਼ਸ ਨੇ ਰੀਤੀ-ਰਿਵਾਜਾਂ ਦੇ ਆਧਾਰ 'ਤੇ ਕਿਸੇ ਨਵੇਂ ਧਰਮ ਦੀ ਸਥਾਪਨਾ ਨਹੀਂ ਕੀਤੀ। ਸਗੋਂ ਉਹਨਾਂ ਨੇ ਤਾਂ ਲੋਕਾਂ ਨੂੰ ਜੀਵਨ-ਜਾਚ ਸਿਖਾਉਣ ਦੇ ਸੰਬੰਧ ਵਿਚ ਆਪਣੇ ਵਿਚਾਰਾਂ ਦਾ ਸਿਰਫ਼ ਸਰਲ ਪ੍ਰਗਟਾਅ ਹੀ ਕੀਤਾ। ਬਾਅਦ ਵਿਚ ਜਦ ਇਹਨਾਂ ਵਿਚਾਰਾਂ ਦਾ ਇਕ ਸੰਗ੍ਰਿਹ ਪੁਸਤਕ ਰੂਪ ਵਿਚ ਛਾਪਿਆ ਗਿਆ ਤਾਂ ਇਹੀ 'ਤਾਓਵਾਦ' ਬਣ ਗਿਆ। 'ਤਾਓਵਾਦ' ਤੋਂ ਪਹਿਲਾਂ 'ਤਾਓ' ਬਾਰੇ ਜਾਨਣਾ ਜਰੂਰੀ

ਹੈ।

'ਤਾਓ ਇਕ ਸੂਖ਼ਮ ਸੰਕਲਪ ਹੈ, ਜੋ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ। ਇਸ ਦਾ ਸ਼ਾਬਦਿਕ ਅਰਥ 'ਮਾਰਗ' ਹੈ, ਪਰ ਇਸ ਦੀ ਵਿਆਖਿਆ ਸ਼ਬਦਾਂ ਨਾਲ ਨਹੀਂ ਹੋ ਸਕਦੀ।'[11] ਵੇਖਿਆ ਜਾਵੇ ਤਾਂ ਇਸ ਦਾ ਕੋਈ ਨਾਂ ਨਹੀਂ ਪਰ ਸੰਸਾਰ ਦੀ ਹਰ ਵਸਤੂ ਦਾ ਇਹ ਜਨਮਦਾਤਾ ਹੈ। ਸਾਰੇ ਸੂਖ਼ਮ ਭੇਤਾਂ ਦਾ ਪ੍ਰਵੇਸ਼-ਦਵਾਰ ਹੈ। ਇਹ ਇਕ ਪਾਸੇ ਸਰਵ-ਵਿਆਪਕ ਕੁਦਰਤੀ ਨਿਯਮ ਹੈ ਅਤੇ ਦੂਜੇ ਪਾਸੇ ਸਮਾਜਿਕ ਵਰਤਾਰਾ ਵੀ ਪਰ ਤਾਓ ਕੋਈ ਗ਼ੈਬੀ ਸ਼ਕਤੀ ਨਹੀਂ; ਜਿਸ ਤੋਂ ਡਰਿਆ ਜਾਵੇ, ਇਹ ਰੱਬ ਨਹੀਂ; ਜਿਸ ਦੀ ਪੂਜਾ ਕੀਤੀ ਜਾਵੇ, ਇਹ ਕੋਈ ਦੇਵੀ-ਦੇਵਤਾ ਵੀ ਨਹੀਂ; ਜਿਸ ਲਈ ਮੱਠ ਜਾਂ ਮੰਦਿਰ ਬਣਾਏ ਜਾਣ, ਸਗੋ ਇਹ ਤਾਂ ਸੱਚਾ-ਸੁੱਚਾ ਤੇ ਸੁਭਾਵਿਕ ਨੈਤਿਕ ਮਾਰਗ ਹੈ, ਜਿਸ 'ਤੇ ਚੱਲ ਕੇ ਲੋਕੀਂ ਆਪਣਾ ਜੀਵਨ ਸੁੱਖ, ਸ਼ਾਂਤੀ ਅਤੇ ਸਫ਼ਲਤਾਪੂਰਵਕ ਬਿਤਾ ਸਕਦੇ ਹਨ। ਸੋ ਸਮੁੱਚੇ ਤੌਰ 'ਤੇ 'ਤਾਓਵਾਦ' ਜੀਵਨ ਜਿਉਣ ਦਾ ਇਕ ਸਰਲ, ਸਾਦਾ ਅਤੇ ਨੈਤਿਕਤਾ ਭਰਪੂਰ ਸਿਸਟਮ ਹੈ। ਇਹ 'ਚੀਨੀ ਤਾਓਵਾਦ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਕਿਉਂਕਿ ਇਹ ਚੀਨ ਦੀ ਧਰਤੀ 'ਤੇ ਜਨਮਿਆ।

ਤਾਓਵਾਦ ਦਾ ਸੰਸਥਾਪਕ ਲਾਓ-ਤਸੂ ਸੀ। ਉਸ ਦਾ ਜਨਮ ਛੇਵੀਂ ਸਦੀ ਈ.ਪੂ. ਦੇ ਨੇੜੇ-ਤੇੜੇ ਹੋਇਆ। ਉਸ ਦੇ ਨਿੱਜੀ ਜੀਵਨ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਇਕ ਚੀਨੀ ਇਤਿਹਾਸਕਾਰ 'ਸਜੀਮਾ-ਚੀਏਨ' ਨੇ ਲਾਓ-ਤਸੂ ਬਾਰੇ ਆਪਣੀ ਸੰਖੇਪ ਜੀਵਨੀ ਵਿਚ ਇਹ ਲਿਖਿਆ ਹੈ ਕਿ ਲਾਓ-ਤਸੂ ਨੇ ਆਪਣੇ ਜੀਵਨ ਦੇ ਆਖ਼ਰੀ ਸਮੇਂ ਭਾਵ ਬਿਰਧ ਅਵਸਥਾ ਵਿਚ ਸਮਾਜਿਕ ਜੀਵਨ ਛੱਡਣ ਦਾ ਫੈਸਲਾ ਕੀਤਾ। ਜਦੋਂ ਉਹ ਸ਼ਹਿਰ ਦੇ ਫਾਟਕ ਕੋਲ ਪਹੁੰਚਿਆ ਤਾਂ ਉਸ ਦੀ ਮੁਲਾਕਾਤ ਫਾਟਕ ਦੇ ਦੁਆਰਪਾਲ ਨਾਲ ਹੋਈ। ਸ਼ਹਿਰ ਦੇ ਸਿਆਣੇ ਅਤੇ ਬਜ਼ੁਰਗ ਪੁਰਸ਼ ਦੇ ਸ਼ਹਿਰ ਛੱਡਣ ਦੇ ਫੈਸਲੇ ਤੋਂ ਦੁਆਰਪਾਲ ਕਾਫੀ ਦੁਖੀ ਸੀ। ਉਸਨੇ 'ਲਾਓ-ਤਸੂ' ਨੂੰ ਬੇਨਤੀ ਕੀਤੀ ਕਿ ਜਾਣ ਤੋਂ ਪਹਿਲਾਂ ਉਹ ਆਪਣੇ ਗਿਆਨਮਈ ਵਿਚਾਰ ਆਉਣ ਵਾਲੀਆਂ ਨਸਲਾਂ ਲਈ ਜ਼ਰੂਰ ਛੱਡ ਕੇ ਜਾਵੇ। ਦਰਬਾਨ ਦੀ ਇਸ ਜਿਦ ਅੱਗੇ 'ਲਾਓ-ਤਸੂ' ਤਿੰਨ ਦਿਨਾਂ ਲਈ ਉਸ ਫਾਟਕ 'ਤੇ ਹੀ ਰੁਕ ਗਿਆ ਅਤੇ ਇਹਨਾਂ ਤਿੰਨ ਦਿਨਾਂ ਵਿਚ ਪੰਜ ਹਜ਼ਾਰ ਸ਼ਬਦਾਂ ਵਾਲੀ ਇਕ ਸੰਖੇਪ ਪੁਸਤਕ ਲਿਖੀ, ਜਿਸ ਨੂੰ ਚੀਨੀ ਦਰਸ਼ਨ ਸਾਹਿਤ ਵਿਚ 'ਤਾਓ-ਤੈ-ਚਿੰਗ' ਦਾ ਨਾਂਅ ਦਿੱਤਾ ਗਿਆ। 'ਤਾਓ' ਦਾ ਅਰਥ ਮਾਰਗ ਤੋਂ ਹੈ, 'ਤੈਂ' ਦਾ ਸ਼ਾਬਦਿਕ ਅਰਥ ਨੇਕੀ ਹੈ ਅਤੇ 'ਚਿੰਗ' ਦਾ ਅਰਥ ਹੈ ਪੁਸਤਕ ਜਾਂ ਪੋਥੀ। ਇਸ ਪੁਸਤਕ ਵਿਚ ਗਿਆਨ ਅਤੇ ਨੇਕੀ ਨੂੰ ਆਧਾਰ ਬਣਾ ਕੇ 81 ਅਧਿਆਇ ਲਿਖੇ ਗਏ ਹਨ। ਇਸ ਵਿਚੋਂ ਪਹਿਲੇ 37 ਅਧਿਆਇ 'ਤਾਓ' ਭਾਵ ਗਿਆਨ ਦੇ ਮਾਰਗ ਬਾਰੇ ਹਨ ਅਤੇ 44 ਅਧਿਆਇ 'ਤੈਂ' ਭਾਵ ਨੇਕੀ ਬਾਰੇ ਹਨ। ਇਹੀ ਪੁਸਤਕ ਤਾਓ ਦਰਸ਼ਨ, ਤਾਓ ਧਰਮ ਅਤੇ ਤਾਓ ਪਰੰਪਰਾ ਦਾ ਆਧਾਰ ਬਣੀ, ਜਿਸ ਨੇ ਅਗਲੇ ਪੱਚੀ ਸੌ ਸਾਲ ਤੱਕ ਚੀਨ ਦੇ ਲੋਕਾਂ ਦੇ ਜੀਵਨ ਨੂੰ ਹਰ ਪੱਖ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਸੋ ਇਹ ਪੁਸਤਕ ਬੁਨਿਆਦੀ ਤੌਰ 'ਤੇ ਕੋਈ ਧਾਰਮਿਕ ਪੁਸਤਕ ਨਹੀਂ, ਸਗੋਂ ਇਹ ਤਾਂ ਜੀਵਨ ਪ੍ਰਤੀ ਗਿਆਨਮਈ ਦ੍ਰਿਸ਼ਟੀ ਦਾ ਸੰਗ੍ਰਹਿ ਹੈ।

ਬੁੱਧਵਾਦ ਅਤੇ ਤਾਓਵਾਦ ਦੀ ਉਪਰੋਕਤ ਜਾਣਕਾਰੀ ਤੋਂ ਬਾਅਦ ਹੁਣ ਅਸੀਂ ਜਾਪਾਨੀ ਹਾਇਕੂ ਵਿਚ ਇਹਨਾਂ ਦੋਨਾਂ ਦੇ ਸਾਂਝੇ ਗੁਣਾਂ ਨੂੰ ਘੋਖਣ ਦਾ ਯਤਨ ਕਰਦੇ ਹਾਂ। ਇਹ ਉਹ ਸਾਂਝੇ

ਗੁਣ ਹਨ ਜੋ ਬੁੱਧਵਾਦ ਅਤੇ ਤਾਓਵਾਦ ਦੋਨਾਂ ਧਰਮਾਂ ਵਿਚ ਪਏ ਹਨ ਪਰ ਅਸੀਂ ਇਹਨਾਂ ਨੂੰ ਪੰਜਾਬੀ ਹਾਇਕੂਆਂ ਦੇ ਹਵਾਲੇ ਨਾਲ ਸਪੱਸ਼ਟ ਕਰਨ ਦਾ ਯਤਨ ਇਸ ਲਈ ਕੀਤਾ ਹੈ ਕਿ ਇਹ ਦੇਖਿਆ ਜਾ ਸਕੇ ਕਿ ਸਾਹਿਤ ਅਤੇ ਧਰਮ ਕਿੰਨੀ ਸਹਿਜਤਾ ਨਾਲ ਮਨੁੱਖ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦੇ ਹੋਏ ਉਸ ਦੀ ਸਾਂਝ ਕੁਦਰਤ ਨਾਲ ਸਥਾਪਿਤ ਕਰਵਾਉਂਦੇ ਹਨ –

(1). ਸਰਲਤਾ ਅਤੇ ਸਹਿਜਤਾ – 'ਤਾਓਵਾਦ ਸਾਦਗੀ ਸਰਲਤਾ ਤੇ ਸਹਿਜਤਾ ਭਰਪੂਰ ਜੀਵਨ ਨੂੰ ਮਹੱਤਤਾ ਦਿੰਦਾ ਹੈ।'[12] ਇਹ ਤੜਕ-ਭੜਕ ਅਤੇ ਅਸੰਜਮਤਾ ਨੂੰ ਨਕਾਰਦਾ ਹੈ। ਲਾਓ-ਤਸੂ ਅਤੇ ਮਹਾਤਮਾ ਬੁੱਧ ਦੋਨੋਂ ਹੀ ਮਨੁੱਖ ਨੂੰ ਸਾਦਾ ਜੀਵਨ ਜਿਉਣ ਬਾਰੇ ਆਖਦੇ ਹਨ। ਲਾਓ ਤਾਂ ਬਹੁਤੇ ਗਿਆਨ ਦੀ ਖੋਜ ਨੂੰ ਬੇਲੋੜਾ ਅਤੇ ਗਿਆਨ ਦੇ ਦਿਖਾਵੇ ਨੂੰ ਬੇਫ਼ਾਇਦਾ ਆਖਦਾ ਹੈ। ਉਹ ਮਨੁੱਖ ਦੀ ਵਿਦਵਤਾ ਦੀ ਬਜਾਇ ਮਨੁੱਖ ਦੀ ਸਾਦਗੀ ਨੂੰ ਤਰਜ਼ੀਹ ਦਿੰਦਾ ਹੈ। ਉਸ ਅਨੁਸਾਰ ਆਦਿ-ਮਨੁੱਖ ਇਸ ਕਰਕੇ ਖੁਸ਼ ਸੀ ਕਿਉਂਕਿ ਉਹ ਕੁਦਰਤ ਦੇ ਵਧੇਰੇ ਨੇੜੇ ਸੀ। ਸਦੀਆਂ ਤੋਂ ਹੀ ਕੁਦਰਤ ਆਪਣੇ ਕਾਰਜਾਂ ਨੂੰ ਸਰਲਤਾ ਅਤੇ ਸਹਿਜਤਾ ਨਾਲ ਨਿਭਾਉਂਦੀ ਆ ਰਹੀ ਹੈ। ਹਾਇਕੂ-ਕਾਵਿ ਵਿਚ ਵੀ ਜਗ੍ਹਾ-ਜਗ੍ਹਾ ਇਸ ਦੇ ਹਵਾਲੇ ਦੇਖੇ ਜਾ ਸਕਦੇ ਹਨ। ਹਾਇਕੂ ਲਈ ਪ੍ਰਕਿਰਤੀ ਵਿਚਲਾ ਕੋਈ ਵੀ ਕਾਰਜ ਵੱਡਾ ਜਾਂ ਛੋਟਾ ਨਹੀਂ, ਸਗੋਂ ਮਸਲਾ ਤਾ ਉਸ ਵਿਚੋਂ ਸੁਹਜ ਸਿਰਜਣ ਦਾ ਹੈ।ਮਸਲਨ –

– ਬੁਣਦੇ___
ਜੁਲਾਹਾ ਖੱਡੀ 'ਤੇ
ਮੱਕੜੀ ਛੱਤ 'ਤੇ (ਗੁਰਮੀਤ ਸੰਧੂ, ਖਿਵਣ, 21)

– ਢਲੇ ਦੁਪਹਿਰਾ ਸੁੱਤੇ
ਮੰਜੀ ਉੱਤੇ ਬਾਪੂ
ਮੰਜੀ ਹੇਠਾਂ ਕੁੱਤੇ (ਅਮਰਜੀਤ ਸਾਥੀ, ਨਿਮਖ, 20)

(2). ਕੁਦਰਤ ਸਮੇਤ ਸਮੁੱਚੇ ਬ੍ਰਹਿਮੰਡ ਨਾਲ ਮਿੱਤਰਤਾ– 'ਲਾਓ-ਤਸੂ ਜ਼ਿੰਦਗੀ ਨੂੰ ਕੁਦਰਤੀ ਵਹਿਣ ਅਨੁਸਾਰ ਢਾਲਣ ਲਈ ਕਹਿੰਦਾ ਹੈ।'[13] ਇਸ ਕਾਰਜ ਲਈ ਕੁਦਰਤ ਹੀ ਉਸ ਦੀ ਪ੍ਰੇਰਨਾ ਸ੍ਰੋਤ ਬਣਦੀ ਹੈ। ਇਸ ਲਈ 'ਤਾਓਵਾਦ' ਅਨੁਸਾਰ ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਦੋਸਤਾਨਾ ਹੁੰਦਾ ਹੈ। ਇਸੇ ਕਰਕੇ ਹੀ 'ਚੁਆਂਗ -ਤਸੂ' ਨੂੰ ਪਾਣੀ ਵਿਚ ਤੈਰਦੀਆਂ ਮੱਛੀਆਂ ਦੀ ਖੁਸ਼ੀ ਆਪਣੇ ਅੰਦਰੂਨੀ ਮਨ ਦੀ ਖੁਸ਼ੀ ਜਾਪਦੀ ਹੈ। ਉਹ ਆਪਣੇ ਸਾਥੀ ਨੂੰ ਇਹ ਆਖਦਾ ਹੈ ਕਿ ਉਹ ਆਪਣੀ ਖੁਸ਼ੀ ਦੀ ਸੀਮਾ ਨਾਲ ਇਹ ਜਾਣ ਸਕਦਾ ਹੈ ਕਿ ਸਮੁੰਦਰ ਵਿਚਲੀਆਂ ਮੱਛੀਆਂ ਕਿੰਨ੍ਹੀਆਂ ਖੁਸ਼ ਹਨ, ਕਿਉਂਕਿ ਜਦੋਂ ਦਰਿਆ ਦੇ ਕਿਨਾਰੇ ਚੱਲਦਾ ਹੋਇਆ ਉਹ ਖੁਸ਼ੀ ਮਹਿਸੂਸ ਕਰ ਰਿਹਾ ਹੈ ਤਾਂ ਦਰਿਆ ਅੰਦਰ ਰਹਿੰਦੀਆਂ ਮੱਛੀਆਂ ਕਿਉਂ ਨਹੀਂ ਖੁਸ਼ ਹੋਣਗੀਆਂ! 'ਲਾਓ-ਤਸੂ ਦੀ ਕੁਦਰਤ ਪ੍ਰਤੀ ਸਿਧਾਂਤਕ ਪਹੁੰਚ ਹੀ ਉਸਨੂੰ ਸ਼ਾਇਦ ਦੁਨੀਆ ਦਾ ਸਭ ਤੋਂ ਪਹਿਲਾ ਸਿਧਾਂਤਮੂਲਕ ਭੌਤਿਕ-ਵਿਗਿਆਨੀ ਸਥਾਪਿਤ ਕਰਦੀ ਹੈ।'[14] ਸੋ ਇਸੇ ਕਸਵੱਟੀ 'ਤੇ ਅਸੀਂ ਜੇਕਰ ਹਾਇਕੂ ਨੂੰ ਪਰਖੀਏ ਤਾਂ ਕੁਦਰਤ ਸਮੇਤ ਸਮੁਚੇ ਬ੍ਰਹਿਮੰਡ ਵਿਚਲਾ ਹਰੇਕ ਕਣ ਇਸ ਦਾ ਵਿਸ਼ਾ ਹੋ ਨਿੱਬੜਦਾ ਹੈ। ਅਜਿਹਾ ਮਨੁੱਖ ਦੀ ਕੁਦਰਤ ਨਾਲ ਦੋਸਤਾਨਾ ਪਹੁੰਚ ਸਦਕਾ ਹੀ ਸੰਭਵ ਹੈ ਕਿ ਹਾਇਕੂ

ਲੇਖਕ ਮਨੁੱਖ ਦੇ ਨਾਲ-ਨਾਲ ਜਾਨਵਰ ਜਾਂ ਪੰਛੀਆਂ ਦੀਆਂ ਭਾਵਨਾਵਾਂ ਨਾਲ ਵੀ ਸੰਵਾਦ ਰਚਾਉਂਦਾ ਹੈ। ਇਸ ਸੰਬੰਧੀ ਹਾਇਕੂ ਹਨ –

– ਜੰਮੀ ਹੋਈ ਝੀਲ
ਬਰਫ਼ ਉਪਰ ਬੱਚੇ ਖੇਡਣ
ਬਰਫ਼ ਹੇਠਾਂ ਮੱਛੀਆਂ (ਗੁਰਮੀਤ ਸੰਧੂ, ਖਿਵਣ, 37)

– ਗਰਮ ਦੁਪਹਿਰ__
ਤਿਤਲੀ ਫੁੱਲਾਂ ਨੂੰ
ਉੜ ਉੜ ਪੱਖੀ ਝੱਲੇ (ਅਮਰਜੀਤ ਸਾਥੀ, .)

(3) ਬੌਧਿਕ ਵਿਚਾਰਾਂ ਦੀ ਥਾਂ ਸਹਿਜ-ਅਨੁਭੂਤੀ – 'ਤਾਓਵਾਦ' ਬੌਧਿਕ ਹੰਕਾਰ ਅਤੇ ਫਜ਼ੂਲ ਦੇ ਆਪਣੇ ਸਵਾਰਥੀ ਹਿੱਤਾਂ ਨੂੰ ਲੈ ਕੇ ਕੀਤੀ ਗਈ ਦਖ਼ਲ-ਅੰਦਾਜ਼ੀ ਨੂੰ ਬੇਲੋੜਾ ਕਰਾਰ ਦਿੰਦਾ ਹੈ। ਉਸ ਵਿਚ ਤਾਂ ਇਹ ਸਾਫ਼-ਸਾਫ਼ ਕਿਹਾ ਗਿਆ ਹੈ ਕਿ, 'ਜੇ ਦਿਮਾਗ ਰੌਸ਼ਨ ਹੈ ਤਾਂ ਹਨੇਰੇ ਕਮਰੇ ਵਿਚ ਵੀ ਸਾਫ਼ ਨੀਲਾ ਅਸਮਾਨ ਮੌਜੂਦ ਹੁੰਦਾ ਹੈ। ਜੇ ਵਿਚਾਰ ਉਲਝੇ ਹੋਣ ਤਾਂ ਸਾਫ਼ ਚਿੱਟੇ ਦਿਨ ਵਿਚ ਵੀ ਦੁਸ਼ਟ ਆਤਮਾਵਾਂ ਤੇ ਭੂਤ-ਪ੍ਰੇਤ ਮੌਜੂਦ ਹੁੰਦੇ ਹਨ।'[15] ਇਸ ਦਾ ਭਾਵ ਇਹ ਹੈ ਕਿ ਜੇਕਰ ਅਸਲ ਗਿਆਨ ਹੋ ਜਾਵੇ ਤਾਂ ਮਨੁੱਖ ਫ਼ਜ਼ੂਲ ਦੀ ਦਿਮਾਗ਼ੀ ਕਸਰਤ ਵਿਚ ਨਹੀਂ ਪੈਂਦਾ। ਤਾਓਵਾਦ ਪ੍ਰਕਿਰਤੀ ਦੇ ਸੰਦਰਭ ਵਿਚ ਵੀ ਮਨੁੱਖ ਨੂੰ ਆਪਣੇ ਸਵਾਰਥ ਹਿਤ ਕੀਤੀ ਜਾਣ ਵਾਲੀ ਦਖ਼ਲ-ਅੰਦਾਜ਼ੀ ਤੋਂ ਹੋੜਦਾ ਹੈ। ਹਾਇਕੂ ਵਿਚ ਕਈ ਥਾਂ ਇਸ ਦੇ ਇਸ਼ਾਰੇ ਮਿਲਦੇ ਹਨ –

– ਚਿੜੀਆਂ ਚਹਿਕਣ
ਰੱਬ ਦੇ ਸਾਹਮਣੇ ਵੀ
ਨਾ ਬਦਲਣ ਆਵਾਜ਼ (ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, 93)

– ਰਸਾਇਣਾਂ ਵਾਲਾ ਕਮਰਾ
ਖ਼ਤਰੇ ਦਾ ਨਿਸ਼ਾਨ
ਕੋਲੋਂ ਲੰਘੀ ਤਿਤਲੀ (ਦਵਿੰਦਰ ਪੂਨੀਆ, ਅਲਪ, 31)

(4). ਸਵਾਰਥ ਅਤੇ ਹਓਮੈਂ-ਰਹਿਤ – ਬੁੱਧ ਆਪਣੀਆਂ ਸਿੱਖਿਆਵਾਂ ਵਿਚ ਮਨੱਖ ਨੂੰ ਹਓਮੈਂ ਤੋਂ ਦੂਰ ਰਹਿਣ ਲਈ ਆਖਦਾ ਹੈ। ਇਹ ਹਓਮੈਂ ਹੀ ਹੈ ਜੋ ਮਨੁੱਖ ਨੂੰ ਪ੍ਰਕਿਰਤੀ ਸਮੇਤ ਸਮੁੱਚੇ ਬ੍ਰਹਿਮੰਡ ਨਾਲੋਂ ਤੋੜਦੀ ਹੈ। ਜਦੋਂ ਤੱਕ ਮਨੁੱਖ ਇਹੀ ਸਮਝਦਾ ਰਹੇਗਾ ਕਿ 'ਮੈਂ' ਸ੍ਰਿਸ਼ਟੀ ਦਾ ਸੁਲਤਾਨ ਹਾਂ ਤੇ ਬਾਕੀ ਸਭ ਜੂਨਾਂ 'ਮੇਰੇ' ਤੋਂ ਥੱਲੇ ਹਨ, ਉਦੋਂ ਤੱਕ ਉਸ ਦੀ ਹਾਇਕੂ ਵਾਲੀ ਅੱਖ ਨਹੀਂ ਖੁੱਲ੍ਹ ਸਕਦੀ। 'ਤਾਓ' ਵੀ ਇਹੀ ਆਖਦਾ ਕਿ ਹਓਮੈਂ ਸਾਨੂੰ ਕੁਦਰਤ ਨਾਲੋਂ ਦੂਰ ਕਰਦੀ ਹੈ। ਸੋ ਇਸੇ ਸੰਦਰਭ ਵਿਚ ਜੇਕਰ ਹਾਇਕੂ ਦੇਖੀਏ ਤਾਂ ਕਵੀ ਸਮੁੱਚੀ ਕੁਦਰਤ ਵਿਚੋਂ ਬਿੰਬ, ਪ੍ਰਤੀਕ ਲੈ ਕੇ ਆਪਣੇ ਨੁਕਤੇ ਨੂੰ ਪੇਸ਼ ਕਰਦਾ ਹੈ ਜਿਸ ਵਿਚ ਉਸਦੀ ਸਵਾਰਥ ਰਹਿਤ ਭਾਵਨਾ ਦੇਖੀ ਜਾ ਸਕਦੀ ਹੈ –

– ਸਾਵਣ –
ਤਾਕੀ ਦੇ ਸ਼ੀਸ਼ੇ 'ਤੇ
ਕੁਝ ਲਿਖ ਰਹੀ ਵਰਖਾ (ਅਰਵਿੰਦਰ, .)

– ਬਿਰਖ ਤੇ ਲੱਕੜਹਾਰਾ –
ਵਗਦੀ ਨਦੀ ਵਿਚ
ਦੋਹਾਂ ਦਾ ਪਰਛਾਵਾਂ (ਅਰਵਿੰਦਰ, .)

(5). ਹਰ ਚੀਜ਼ ਪ੍ਰਤੀ ਧੰਨਵਾਦੀ ਭਾਵਨਾ –'ਬੁੱਧ' ਅਤੇ 'ਤਾਓ' ਦੋਵਾਂ ਦਾ ਇਹ ਮੰਨਣਾ ਹੈ ਕਿ ਮਨੁੱਖ ਨੂੰ ਇਸ ਸੰਸਾਰ ਵਿਚ ਹਰੇਕ ਵਰਤਾਰੇ ਪ੍ਰਤੀ ਧੰਨਵਾਦੀ ਅਹਿਸਾਸ ਹੋਣਾ ਚਾਹੀਦਾ ਹੈ ਜੋ ਸਾਨੂੰ ਨਿਮਰ ਰਹਿਣਾ ਸਿਖਾਉਂਦਾ ਹੈ। ਹਾਇਕੂ ਦ੍ਰਿਸ਼ਟੀ ਵੀ ਸਾਨੂੰ ਅਜਿਹਾ ਕਰਨ ਲਈ ਪ੍ਰੇਰਦੀ ਹੈ ਕਿ ਜੇਕਰ ਮਨੁੱਖ ਨਿਮਰ ਹੋਵੇਗਾ ਤਦ ਹੀ ਉਹ ਆਪਣੇ-ਆਪ ਨੂੰ ਲਾਂਭੇ ਰੱਖ ਕੇ ਬਾਕੀ ਸ੍ਰਿਸ਼ਟੀ ਨੂੰ ਦੇਖੇਗਾ। ਜਦ ਕੋਈ ਹਾਇਕੂ ਕਵੀ ਕਿਸੇ ਸੂਖ਼ਮ ਵਰਤਾਰੇ ਨੂੰ ਗਹੁ ਨਾਲ ਤੱਕਦਾ, ਮਹਿਸੂਸਦਾ, ਅਤੇ ਫਿਰ ਉਸੇ ਭਾਵਨਾ ਨੂੰ ਹਾਇਕੂ ਰਾਹੀਂ ਅਭਿਵਿਅਕਤ ਕਰਦਾ ਹੈ ਤਾਂ ਉਸ ਵੱਲੋਂ ਕੀਤਾ ਇਹ ਸਾਰਾ ਕਾਰਜ, ਉਸ ਪਲ ਵਿਚਲੇ ਵਰਤਾਰੇ ਪ੍ਰਤੀ ਧੰਨਵਾਦ ਦਾ ਹੀ ਸੂਚਕ ਹੁੰਦਾ ਹੈ। ਮਸਲਨ –

– ਪੈਂਦੀ ਚਾਰੋਂ ਤਰਫ਼
ਛੋਟੇ ਵੱਡੇ ਘਰਾਂ 'ਤੇ
ਇਕੋ ਜਿੰਨੀ ਬਰਫ਼ (ਅਮਰਜੀਤ ਸਾਥੀ, .)

(6). ਅਸਲ ਨੇਕੀ ਦਿਖਾਵੇ ਤੋਂ ਮੁਕਤ – ' ਤਾਓਵਾਦ ਵਿਚ ਨੇਕੀ ਦਾ ਸਰੂਪ ਸਦਾਚਾਰ ਨਹੀਂ ਹੈ। ਅਸਲ ਨੇਕੀ ਸਿਸ਼ਟਾਚਾਰ ਜਾਂ ਨੈਤਿਕ ਕਦਰਾਂ-ਕੀਮਤਾਂ 'ਤੇ ਨਿਰਭਰ ਨਹੀਂ ਕਰਦੀ, ਸਗੋਂ ਇਹ ਤਾਂ ਆਪਣੀ ਮੂਲ ਸੰਰਚਨਾ 'ਚ ਹੀ ਨੇਕ ਹੁੰਦੀ ਹੈ।'[16] 'ਬੁੱਧ' ਵੀ ਇਸੇ ਗੱਲ ਦਾ ਸਮਰਥਨ ਦਿੰਦਾ ਮਨੁੱਖ ਨੂੰ ਝੂਠੇ ਦਿਖਾਵੇ ਵਾਲੇ ਜੀਵਨ ਜਿਉਣ ਤੋਂ ਰੋਕਦਾ ਹੈ। 'ਤਾਓ' ਅਨੁਸਾਰ ਉੱਚਤਮ ਪੱਧਰ ਦੀ ਨੇਕੀ ਦਿਖਾਵਾ ਨਹੀਂ ਕਰਦੀ, ਦੂਜੇ ਪਾਸੇ ਨੀਵੇਂ ਪੱਧਰ ਦੀ ਨੇਕੀ ਆਪਣੇ ਆਪ ਦੇ ਦਿਖਾਵੇ ਲਈ ਕਈ ਮੌਕੇ ਭਾਲਦੀ ਹੈ, ਜੋ ਗਲਤ ਹੈ। ਇਹ ਵਿਚਾਰ ਸਾਨੂੰ ਕਈ ਜਾਪਾਨੀ ਹਾਇਕੂਆਂ ਵਿਚ ਦੇਖਣ ਨੂੰ ਮਿਲਦੇ ਹਨ। ਹੇਠਲੇ ਕੁਝ ਹਾਇਕੂ ਇਸ ਪੱਖ ਵਿਚ ਦੇਖੇ ਜਾ ਸਕਦੇ ਹਨ –

– ਨਿੱਕੀਆਂ ਚਿੜੀਆਂ
ਫੁੱਲਾਂ ਵੱਲ ਮੂੰਹ ਖੋਲ੍ਹਦੀਆਂ
ਇਹ ਵੀ ਪੂਜਾ ਹੈ (ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, 94)

(7). ਮੁਕਾਬਲੇਬਾਜ਼ੀ ਅਤੇ ਸਵੈ-ਸਥਾਪਨਾ ਦਾ ਵਿਰੋਧ – 'ਬੁੱਧ ਅਤੇ ਤਾਓ' ਦੋਨੋਂ ਹੀ ਮਨੁੱਖ ਨੂੰ ਨਿਮਰ ਬਣਨ ਲਈ ਆਖਦੇ ਹਨ। 'ਤਾਓ' ਮਨੁੱਖ ਦੁਆਰਾ ਕੀਤੀ ਜਾਂਦੀ ਫਜ਼ੂਲ ਦੀ ਮੁਕਾਬਲੇਬਾਜ਼ੀ ਦਾ ਵਿਰੋਧ ਕਰਦਾ ਆਖਦਾ ਹੈ ਕਿ ਸ੍ਰਿਸ਼ਟੀ ਦੇ ਹਰੇਕ ਵਰਤਾਰੇ ਸਮੇਤ ਸਮੁੱਚੇ ਬ੍ਰਹਿਮੰਡੀ ਕਾਰਜੀ ਵਿਧਾਨ ਨੂੰ 'ਤਾਓ' ਹੀ ਚਲਾਉਂਦਾ ਹੈ। ਜਿਸ ਕਾਰਨ ਸਾਨੂੰ ਇਹ ਯਾਦ ਰੱਖਣਾ

ਚਾਹੀਦਾ ਹੈ, ਹਰੇਕ ਜੀਵ ਇਸ ਸਮੁੱਚੇ ਬ੍ਰਹਿਮੰਡ ਵਿਚ ਆਪਣੀ ਇਕ ਵਿਲੱਖਣ ਹੋਂਦ ਰੱਖਦਾ ਹੈ। 'ਕੁਦਰਤ ਅੰਦਰ ਘਾਹ ਦੀ ਪੱਤੀ ਤੇ ਆਕਾਸ਼ ਨੂੰ ਛੂੰਹਦੇ ਬਿਰਖ ਨੂੰ ਇਕੋ ਜਿੰਨੀ ਮਾਨਤਾ ਹਾਸਿਲ ਹੈ। ਇਹਨਾਂ ਦੋਹਾਂ ਦਾ ਪੈਦਾ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਹੈ ਕਿ ਕੁਦਰਤ ਨੂੰ ਦੋਨੋਂ ਲੋੜੀਂਦੇ ਹਨ।'[17] ਹਰ ਵਸਤੂ ਆਪਣੇ-ਆਪ ਵਿਚ ਵਿਲੱਖਣ ਗੁਣਾਂ ਦੀ ਧਾਰਨੀ ਹੈ। ਸਾਰੇ ਜੀਵਾਂ ਕੋਲ ਕੋਈ ਨਾ ਕੋਈ ਵਿਸ਼ੇਸ਼ ਗੁਣ ਜ਼ਰੂਰ ਹੁੰਦਾ ਹੈ, ਜੋ ਉਸਨੂੰ ਦੂਜਿਆਂ ਨਾਲੋਂ ਵੱਖਰਿਆਉਂਦਾ ਹੈ। ਇਸ ਪ੍ਰਕਾਰ ਕਿਸੇ ਵੀ ਚੀਜ਼ ਨਾਲ ਮੁਕਾਬਲੇਬਾਜ਼ੀ ਕਰਨੀ ਵਿਅਰਥ ਹੈ। ਹਾਇਕੂ ਵੀ ਮਨੁੱਖ ਨੂੰ ਇਕ ਅੱਖ ਨਾਲ ਵੇਖਣਾ ਸਿਖਾਉਂਦੇ ਹਨ। ਹਾਇਕੂ ਕਵੀ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ-ਆਪ ਨੂੰ ਲਾਂਭੇ ਰੱਖ ਕੇ ਦੂਜੇ ਵਸਤ-ਵਰਤਾਰਿਆਂ ਬਾਰੇ ਚੇਤੰਨ ਹੋਵੇ। ਤਦ ਹੀ ਉਸ ਅੰਦਰੋਂ ਹਓਮੈਂ ਦਾ ਖਾਤਮਾ ਹੋਵੇਗਾ, ਜਦ ਉਹ ਇਹ ਸੋਚੇਗਾ –

– ਜ਼ਬਰਦਸਤ ਤੂਫ਼ਾਨ
ਦਰੱਖ਼ਤ ਡਿੱਗੇ
ਘਾਹ ਖੜ੍ਹੇ ਦਾ ਖੜ੍ਹਾ__ (ਸੁਰਿੰਦਰ ਸਪੇਰਾ, .)

ਇਹੀ ਨਹੀਂ ਹਾਇਕੂ ਦ੍ਰਿਸ਼ਟੀ ਨੂੰ ਤਾਂ ਚਿੜੀਆਂ ਆਪਣੇ ਸਹਿਜ ਕਾਰਜ ਕਰਦੀਆਂ ਹੀ ਬੰਦਗੀ ਕਰਦੀਆਂ ਜਾਪਦੀਆਂ ਹਨ, ਉਹ ਮਨੁੱਖ ਵਾਂਗ ਕੋਈ ਗਿਣ-ਮਿਣ ਕੇ ਧਾਰਮਿਕ ਰਸਮ-ਰਿਵਾਜ਼ ਨਹੀਂ ਕਰਦੀਆਂ।

– ਕੂੰਡੇ ਦੇ ਵਿਚ ਪਾਣੀ
ਚਿੜੀ ਕਰੇ ਇਸ਼ਨਾਨ
ਬੀਬੀ ਪੜ੍ਹਦੀ ਬਾਣੀ (ਅਮਰਜੀਤ ਸਾਥੀ, ਹਾਇਕੂ ਬੋਧ – ਪਹਿਲਾ ਪੰਨਾ)

ਅਸੀਂ ਇਸ ਨੁਕਤੇ ਨੂੰ ਅਦਵੈਤਵਾਦੀ ਵਿਚਾਰਧਾਰਾ ਦੇ ਅੰਤਰ ਰੱਖ ਕੇ ਵੀ ਸਮਝ ਸਕਦੇ ਹਾਂ। 'ਬੁੱਧ' ਇਹ ਆਖਦਾ ਹੈ ਕਿ ਸਭ ਨਾਲ ਪਿਆਰ ਕਰੋ, ਕਿਸੇ ਨਾਲ ਦਵੈਤ ਨਾ ਰੱਖੋਂ। ਇਹ ਤਦ ਹੀ ਸੰਭਵ ਹੈ ਜਦ ਅਸੀਂ ਕਿਸੇ ਵਰਤਾਰੇ ਨੂੰ ਵੱਡਾ ਜਾਂ ਛੋਟਾ ਕਹਿਣ ਦੀ ਬਜਾਇ ਉਸ ਦੀ ਸੁਹਜਤਾ ਨੂੰ ਮਾਣਾਂਗੇ। ਹਾਇਕੂ ਕਵੀ ਦਾ ਕੰਮ ਕਾਰਜ ਦੇ ਕਾਰਨ ਬਾਰੇ ਸੋਚਣਾ ਨਹੀਂ ਸਗੋਂ ਕਾਰਜ ਦੀ ਸੁਹਜਤਾ ਮਾਨਣਾ ਹੈ। 'ਹਾਇਕੂ ਕਵੀ ਘਰੋਂ ਤੁਰਦਾ ਹੈ ਤਾਂ ਉਸ ਦਾ ਰੋਮ-ਰੋਮ ਸੰਵੇਦਨਸ਼ੀਲ ਹੁੰਦਾ ਹੈ। ਉਹ ਸੁਹਜ ਦਾ ਆਸ਼ਕ ਹੈ, ਦਵੈਤ ਦਾ ਪੁਜਾਰੀ ਨਹੀਂ '[18] ਉਹ ਕੁਦਰਤ ਵਿਚੋਂ ਬੋਲਦਾ ਹੈ ਅਤੇ ਕੁਦਰਤ ਉਸ ਵਿਚੋਂ ਬੋਲਣ ਲੱਗਦੀ ਹੈ। ਉਹ ਪੱਤਿਆਂ, ਫੁੱਲਾਂ, ਪੰਛੀਆਂ, ਕੀੜੀਆਂ, ਪੱਥਰਾਂ, ਨਦੀਆਂ, ਟਿੱਡੀਆਂ, ਸਾਗਰਾਂ, ਪੌਣਾਂ ਅਤੇ ਧੁੱਪਾਂ-ਛਾਵਾਂ ਵਿਚੋਂ ਬੋਲਣ ਲੱਗਦਾ ਹੈ, ਉਹਨਾਂ ਨਾਲ ਸੰਵਾਦ ਰਚਾਉਂਦਾ ਹੈ। ਤਾਂ ਹੀ ਜਦ ਉਹ ਬੁੱਧ ਦੇ ਮੰਦਰ ਪਹੁੰਚਦਾ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਜਿਵੇਂ ਚਿੜੀਆਂ ਵੀ ਕਿਸੇ ਤੀਰਥ-ਯਾਤਰਾ ਤੋਂ ਵਾਪਸ ਪਰਤੀਆਂ ਹੋਣ __ ਉਹ ਜਿੱਧਰ ਵੀ ਵੇਖਦਾ ਹੈ ਸਮੁੱਚਾ ਵਸਤ-ਵਰਤਾਰਾ ਜੀਵੰਤ ਹੋ ਉੱਠਦਾ ਹੈ।

(੪). ਤਬਦੀਲੀ ਕੁਦਰਤ ਦਾ ਨਿਯਮ – 'ਬੁੱਧ ਅਤੇ ਤਾਓ' ਦੋਨੋਂ ਹੀ ਸੰਸਾਰ ਵਿਚਲੀ ਤਬਦੀਲੀ ਦੀ ਹਾਮੀ ਭਰਦੀ ਹਨ। 'ਬੁੱਧ' ਦਾ ਇਹ ਕਹਿਣਾ ਕਿ ਸੰਸਾਰ ਦੁੱਖਾਂ ਦਾ ਘਰ ਹੈ, ਦੁੱਖਾਂ ਦਾ ਕਾਰਨ ਸਾਡੀਆਂ ਇੱਛਾਵਾਂ ਹਨ, ਇੱਛਾਵਾਂ 'ਤੇ ਕਾਬੂ ਕਰਕੇ ਸੁੱਖਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ

ਹੈ, ਜਿਸਦਾ ਇੱਕੋ-ਇਕ ਸਾਧਨ ਮੱਧ-ਮਾਰਗ 'ਤੇ ਚੱਲਣਾ ਹੈ। ਬੁੱਧ ਦੇ ਇਸੇ ਕਥਨ ਤੋਂ ਹੀ ਸੰਸਾਰ ਦੀ ਤਬਦੀਲੀ ਦਾ ਭਲੀ-ਭਾਂਤ ਪ੍ਰਗਟਾਵਾ ਹੋ ਜਾਂਦਾ ਹੈ। ਦੂਜੇ ਪਾਸੇ 'ਤਾਓਵਾਦ' ਵਿਚ ਵੀ ਪ੍ਰਕਿਰਤੀ ਦੇ ਹਵਾਲੇ ਨਾਲ ਕਈ ਥਾਂਈ ਤਬਦੀਲੀ ਦੇ ਹਵਾਲੇ ਮਿਲਦੇ ਹਨ। ਕੁਦਰਤ ਹਰ ਪਲ ਆਪਣੇ -ਆਪ ਨੂੰ ਨਵਿਆਉਂਦੀ ਹੈ ਪਰ ਮਨੁੱਖ ਨੂੰ ਨਿਰਾਸ਼ ਹੋਣ ਦੀ ਥਾਂ ਆਸ਼ਾਵਾਦੀ ਹੋਣਾ ਚਾਹੀਦਾ ਹੈ।

– ਵਗਦਾ ਖੂਹ –
ਅਗਲੇ ਪਲ ਬਦਲ ਗਿਆ
ਪਹਿਲੀ ਟਿੰਡ ਦਾ ਪਾਣੀ (ਕੁਲਵੰਤ ਗਰੇਵਾਲ, ਕਥਾ ਇਕ ਪਲ ਦੀ, 11)

– ਝੱਖੜ ਤੋਂ ਬਾਅਦ
ਝੁਕੇ ਟਾਹਣ 'ਤੇ ਝੰਬਿਆਂ ਪੰਛੀ
ਚੁੰਝ 'ਚ ਤੀਲਾ ( ਸਰਬਜੋਤ ਸਿੰਘ ਬਹਿਲ, .)

(9). ਸੰਸਾਰ ਦੀ ਨਾਸ਼ਮਾਨਤਾ ਵੱਲ ਇਸ਼ਾਰਾ – ਇਸ ਵਿਚ ਕੋਈ ਸ਼ੱਕ ਨਹੀਂ ਕਿ ਸੰਸਾਰ ਨਾਸ਼ਮਾਨ ਹੈ। ਇਸ ਦੇ ਨਿਰੰਤਰ ਗਤੀਸ਼ੀਲ ਵਸਤੂ-ਵਰਤਾਰੇ ਦੇ ਸਨੇਹ ਵਿਚੋਂ ਦੁੱਖ ਪੈਦਾ ਹੁੰਦਾ ਹੈ, ਕਿਉਂਕਿ ਗਤੀਸ਼ੀਲ ਹੋਣ ਕਾਰਨ ਇਹ ਅੱਜ ਹੈ, ਭਲਕੇ ਹੋਵੇ ਨਾ ਹੋਵੇ ___। 'ਬੁੱਧ ਅਤੇ ਤਾਓ' ਦੋਵੇਂ ਮਨੁੱਖ ਨੂੰ ਮੌਤ ਬਾਰੇ ਜਾਣੂ ਕਰਵਾਉਂਦੇ ਹਨ। ਜਦੋਂ ਬੁੱਧ 'ਨਿਰਵਾਣ; ਦੀ ਗੱਲ ਕਰਦਾ ਹੈ ਤਾਂ ਉਹ ਵੀ ਮਰਨ ਉਪਰੰਤ ਪ੍ਰਾਪਤ ਹੋਣ ਵਾਲੀ ਸ਼ੈਅ ਹੈ। ਦੂਜੇ ਪਾਸੇ 'ਤਾਓ-ਤੈ-ਚਿੰਗ' ਦੇ 16ਵੇਂ ਅਧਿਆਇ ਵਿਚ 'ਲਾਓ-ਤਸੂ' ਆਖਦਾ ਹੈ ਕਿ, "ਸਭ ਕੁਝ ਨਾਲੋਂ-ਨਾਲ ਪੈਦਾ ਹੁੰਦਾ ਹੈ ਤੇ ਨਾਲੋਂ-ਨਾਲ ਆਪਣੇ ਸ੍ਰੋਤ ਨੂੰ ਪਰਤ ਜਾਂਦਾ ਹੈ।"[19] ਅੱਗੇ ਜਾ ਕੇ 30 ਵੇਂ ਅਧਿਆਇ ਵਿਚ ਇਹ ਵੀ ਕਿਹਾ ਗਿਆ ਹੈ ਕਿ, "ਜਦ ਵਸਤਾਂ ਆਪਣੇ ਜੋਬਨ 'ਤੇ ਹੁੰਦੀਆਂ ਹਨ, ਤਾਂ ਉਨ੍ਹਾਂ ਦਾ ਢਲਣਾ ਸ਼ੁਰੂ ਹੋ ਜਾਂਦਾ ਹੈ।"[20] ਇਹ ਸਿੱਧੇ ਤੌਰ 'ਤੇ 'ਤਾਓ' ਦੁਆਰਾ ਸੰਸਾਰ ਦੀ ਨਾਸ਼ਮਾਨਤਾ ਵੱਲ ਇਸ਼ਾਰਾ ਹੈ। ਇਸ ਪੁਸਤਕ ਵਿਚ ਮਨੁੱਖ ਨੂੰ ਮੌਤ ਬਾਰੇ ਚੇਤੰਨ ਕਰਦਿਆਂ ਇਹ ਵੀ ਕਿਹਾ ਗਿਆ ਹੈ ਕਿ ਪੱਤਝੜ ਤੋਂ ਬਾਅਦ ਜਦੋਂ ਰੁੱਖ ਰੁੰਡ-ਮੁੰਡ ਹੋ ਜਾਂਦਾ ਹੈ ਤਾਂ ਤੁਹਾਨੂੰ ਪੱਤਿਆਂ ਅਤੇ ਫੁੱਲਾਂ ਦੀ ਬਿਰਥਾ ਹੋ ਗਈ ਸ਼ਾਨ ਦਾ ਅਹਿਸਾਸ ਹੁੰਦਾ ਹੈ। 'ਲਾਓ-ਤਸੂ, ਇਸ ਵਿਸ਼ੇ ਬਾਰੇ ਇਕ ਥਾਂ ਹੋਰ ਵੱਖਰੇ ਢੰਗ ਨਾਲ ਇਹ ਕਹਿੰਦਾ ਹੈ, "ਬਾਗ਼ ਵਿਚ ਫੁੱਲਾਂ ਦਾ ਖਿੜਨਾ ਅਤੇ ਫਿਰ ਝੜ ਜਾਣਾ – ਮੈਂ ਇਹ ਸਭ ਕੁਝ ਕਿਸੇ ਖੁਸ਼ੀ ਜਾਂ ਗ਼ਮੀ ਤੋਂ ਮੁਕਤ ਹੋ ਕੇ ਦੇਖਦਾ ਹਾਂ।"[21] ਕਹਿਣ ਦਾ ਭਾਵ ਇਹ ਹੈ ਕਿ ਸੰਸਾਰ ਨਾਸ਼ਮਾਨ ਹੈ ਸੋ ਇਸ ਦੇ ਵਰਤਾਰਿਆਂ ਨਾਲ ਮੋਹ ਨਹੀਂ ਰੱਖਣਾ ਚਾਹੀਦਾ। ਹਾਇਕੂ ਹੈ-

– ਪਾਣੀ 'ਤੇ ਬੁਲਬੁਲਾ –
ਕਣੀ ਬਣਾਵੇ
ਕਣੀ ਮਿਟਾਵੇ (ਜਸਵਿੰਦਰ ਸਿੰਘ, .)

(10). ਵੂ-ਵੇਈ ਭਾਵ ਕਿਰਿਆਹੀਣਤਾ – ਕਿਰਿਆਹੀਣਤਾ ਦਾ ਤਾਓਵਾਦ ਵਿਚ ਇਕ ਨਿਵੇਕਲਾ ਅਰਥ ਵੀ ਹੈ ਅਤੇ ਇਕ ਸੰਕਲਪ ਵੀ ਪਰ ਇੱਥੇ ਕਿਰਿਆਹੀਣਤਾ ਤੋਂ ਭਾਵ ਕੋਈ ਵੀ ਕਾਰਜ ਨਾ ਕਰਕੇ ਵਿਹਲੇ ਬੈਠਣ ਤੋਂ ਨਹੀਂ, ਸਗੋਂ ਕਿਸੇ ਵਿਸ਼ੇਸ਼ ਤੌਰ 'ਤੇ ਚੱਲ ਰਹੇ ਕਾਰਜ ਦੀ ਸਹਿਜ ਚਾਲ ਅਤੇ ਦਿਸ਼ਾ ਵਿਚ ਵਿਘਨ ਨਾ ਪਾਉਣ ਦੀ ਸਖ਼ਤ ਹਿਦਾਇਤ ਹੈ। ਖ਼ਾਸ ਕਰਕੇ

ਕੁਦਰਤੀ ਕਾਰਜਾਂ ਦੇ ਪ੍ਰਸੰਗ ਵਿਚ ਮਨੁੱਖ ਨੂੰ ਆਪਣੇ ਸਵਾਰਥੀ ਹਿੱਤਾਂ ਕਾਰਨ ਖਿਲਵਾੜ ਨਹੀਂ ਕਰਨਾ ਚਾਹੀਦਾ। ਹਾਇਕੂ ਵਿਚ ਕਈ ਥਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਵਿਚ ਕਵੀ ਕੁਦਰਤੀ ਹਾਲਤਾਂ ਦੇ ਚੰਗੇ-ਮਾੜੇ ਹੋਣ ਤੇ, ਉਹਨਾਂ ਵਿਚ ਵਿਘਨ ਪਾਉਣ ਦੀ ਥਾਂ ਸਹਿਜ ਰੂਪ ਵਿਚ ਵਿਚਰਨ ਲਈ ਕਹਿੰਦਾ ਹੈ। ਇਸ ਸੰਬੰਧੀ ਹਾਇਕੂ ਹੈ –

– ਤੁਰਾਂ ਤਾਂ ਵੀ
ਬੈਠਾਂ ਤਾਂ ਵੀ
ਘਾਹ ਉੱਗਦਾ ਰਹੇ (ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, 72)

(11). ਛਿਣ-ਭੰਗਰਤਾ ਦੀ ਪਕੜ – 'ਤਾਓ ਅਤੇ ਬੁੱਧ' ਦੋਵੇਂ ਚੱਲ ਰਹੇ ਸਮੇਂ ਵਿਚਲੇ ਹਰੇਕ ਪਲ ਨੂੰ ਖੁੱਲ੍ਹੀਆਂ ਅੱਖਾਂ ਨਾਲ ਦੇਖਣ ਲਈ ਕਹਿੰਦੇ ਹਨ। 'ਬੁੱਧ' ਹੁਣ ਵਾਲੇ ਪਲ ਬਾਰੇ ਆਖਦਾ ਹੈ ਕਿ ਉਹ ਹੁਣੇ ਹੈ, ਹੁਣੇ ਨਹੀਂ – ਪਰ ਉਸ ਬਾਰੇ ਜਾਣਨਾ ਬਹੁਤ ਵੱਡੀ ਗੱਲ ਹੈ। ਇਹ ਜਾਗਣ ਵਾਲੇ ਪਲ ਵਿਚ , ਹੁਣ ਵਾਲੇ ਛਿਣ ਵਿਚ , ਜੋ ਵੀ ਹੈ, ਸੱਚ ਹੈ। ਅਗਲੇ ਪਲ ਦਾ ਭਰੋਸਾ ਨਾ ਕਿਸੇ ਬੰਦੇ ਕੋਲ ਹੈ, ਨਾ ਸਮਾਜ ਕੋਲ, ਨਾ ਹੀ ਕੁਦਰਤ ਕੋਲ – ਵਸਤੂਆਂ ਦੇ ਵਰਤਾਰੇ ਪਲ-ਪਲ ਬਦਲ ਰਹੇ ਹਨ। ਹਾਇਕੂ ਦਾ ਤਾਂ ਕੰਮ ਹੀ ਪਲ-ਛਿਣ ਵਿਚਲੇ ਇਹਨਾਂ ਕਾਰਜਾਂ ਦੀ ਪੇਸ਼ਕਾਰੀ ਕਰਨਾ ਹੈ। ਜਾਪਾਨੀ ਹਾਇਕੂ ਵਿਚ ਇਸ ਦੇ ਕਈ ਥਾਂ ਹਵਾਲੇ ਦੇਖੇ ਜਾ ਸਕਦੇ ਹਨ –

– ਅਰਬੀ ਦਾ ਇਕ ਪੱਤਾ
ਪਾਣੀ ਦੀ ਬੂੰਦ ਦੇ
ਸਮੁੱਚੇ ਜੀਵਨ ਦਾ ਧਾਰੀ (ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, 156)

(12). ਚੇਤੰਨਤਾ – 'ਮਹਾਤਮਾ' ਬੁੱਧ ਨੂੰ ਜਦ ਗਿਆਨ ਹੋਇਆ ਤਾਂ ਉਸ ਨੇ ਜੋ ਸ਼ਬਦ ਕਹੇ ਉਹ ਸਨ, "ਮੈਂ ਜਾਗ ਗਿਆ ਹਾਂ, ਜੋ ਜਾਗ ਜਾਏ, ਉਹ ਬੁੱਧ"[22] ਸੋ ਸਰਲ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਬੁੱਧ ਦੇ ਅਰਥ ਹਨ ਚੇਤੰਨ ਹੋਣਾ। ਹਾਇਕੂ ਵੀ ਸਾਨੂੰ ਜਗਾਉਂਦਾ ਹੈ ਕਿਉਂਕਿ ਸ੍ਰਿਸ਼ਟੀ ਵਿਚ ਬਹੁਤੀਆਂ ਚੀਜ਼ਾਂ ਬਾਰੇ ਅਸੀਂ ਸੁੱਤੇ ਹੋਏ ਹਾਂ। ਅਸੀਂ ਓਨਾ ਕੁ ਦੇਖਦੇ ਹਾਂ ਜਿੰਨੇ 'ਚ ਸਾਡਾ ਸਵਾਰਥ ਲੁਕਿਆ ਹੁੰਦਾ ਹੈ ਪਰ ਸ੍ਰਿਸ਼ਟੀ ਵਿਚ ਅਨੰਤ ਨਿੱਕੇ ਵਰਤਾਰੇ ਵੀ ਆਪਣਾ ਕਾਰਜ ਕਰ ਰਹੇ ਹਨ ਜਿੰਨਾਂ ਨੂੰ ਮਨੁੱਖ ਦੀ ਨੰਗੀ ਅੱਖ ਨਹੀਂ ਦੇਖ ਪਾਉਂਦੀ। ਜਿਸ ਦਾ ਇਕ ਵੱਡਾ ਕਾਰਨ ਸਾਡੀ ਹਓਮੈ ਹੈ ਪਰ ਹਾਇਕੂ ਸਾਡੀਆਂ ਅੱਖਾਂ ਅੱਗੋਂ 'ਹਓਂ' ਦੀ ਝਿੱਲੀ ਉਤਾਰ ਕੇ ਜਿੱਥੇ ਅੱਖ ਨੂੰ ਸਾਫ਼ ਕਰਦੇ ਹਨ ਉਥੇ ਨਾਲ ਹੀ ਇਸ ਨੂੰ ਇਕੋ-ਜਿਹਾ ਦੇਖਣਾ ਵੀ ਸਿਖਾਉਂਦੇ ਹਨ। ਹਾਇਕੂ ਲਿਖਣ ਵਾਲਾ ਕਵੀ ਇਕ ਪਲ ਲਈ ਦਿਬ-ਦ੍ਰਿਸ਼ਟੀ ਨਾਲ ਦੇਖ ਲੈਂਦਾ ਹੈ ਤਾਂ ਹੀ ਤਾਂ ਉਸ ਨੂੰ ਇਕ-ਇਕ ਤਰੇਲ ਦੇ ਤੁਪਕੇ ਵਿਚ ਆਪਣਾ ਘਰ ਨਜ਼ਰ ਆਉਂਦਾ ਹੈ। ਉਹ ਬੁੱਧ ਸਮਾਨ ਹੋ ਜਾਂਦਾ ਹੈ। ਕਿਸੇ ਬੋਧੀ ਭਿਕਸ਼ੂ ਵਾਂਗ ਛਿਣ ਵਿਚ ਲੁਕੀ ਸਦੀਵਤਾ ਨੂੰ ਲੱਭਣ ਤੁਰ ਪੈਂਦਾ ਹੈ। ਉਸ ਦੀ ਯਾਤਰਾ ਆਮ ਹੈ ਪਰ ਅਨੁਭਵ ਪਰਾਲੌਕਿਕ – ਤਰੇਲ ਛਿਣ-ਭੰਗਰ ਹੈ, ਇਕ ਪਲ ਹੈ, ਅਗਲੇ ਪਲ ਨਹੀਂ ਹੈ – ਇਹੀ ਮਨੁੱਖੀ ਚੇਤੰਨਤਾ ਹੈ ਜੋ ਸਾਨੂੰ ਹਾਇਕੂਆਂ ਵਿਚ ਦੇਖਣ ਨੂੰ ਮਿਲਦੀ ਹੈ –

– ਸਾਵਣ –
ਤਾਕੀ ਦੇ ਸ਼ੀਸ਼ੇ 'ਤੇ
ਕੁਝ ਲਿਖ ਰਹੀ ਵਰਖਾ (ਅਰਵਿੰਦਰ, .)

(13). ਚੁੱਪ ਜਾਂ ਸਮਾਧੀ – 'ਬੁੱਧ ਧਰਮ ਦੇ ਅਸ਼ਟਾਂਗ ਮਾਰਗ (ਮੱਧ ਮਾਰਗ) ਵਿਚ 'ਸੱਚੀ ਸਮਾਧੀ' ਉੱਪਰ ਜ਼ੋਰ ਦਿੱਤਾ ਗਿਆ ਹੈ। ਇਹ ਸਮਾਧੀ ਦੀ ਹੀ ਚੁੱਪ ਹੈ ਜੋ ਸਾਨੂੰ ਆਪਣੇ ਅੰਦਰ ਵੱਲ ਮੋੜਦੀ ਹੈ, ਆਪੇ ਨਾਲ ਜੋੜਦੀ ਹੈ, ਸਮੁੱਚੇ ਵਰਤਾਰੇ ਨਾਲ ਜੋੜਦੀ ਹੈ। ਇਹ ਚੁੱਪ ਹੀ ਹੈ ਜਿਸ ਵਿਚ ਸਭ ਕੁਝ ਲੁਕਿਆ ਹੋਇਆ ਹੈ। ਹਾਇਕੂ-ਕਾਵਿ ਦੀ ਤਾਂ ਇਹ ਜਿੰਦ-ਜਾਨ ਹੈ। ਨਵਤੇਜ ਭਾਰਤੀ ਅਨੁਸਾਰ, " ਸਮਾਧੀ ਦੀ ਸੁੰਨ ਨਾਹਰਿਆਂ ਦੀ ਗੂੰਜ ਜਿੰਨੀ ਹੀ ਜ਼ਰੂਰੀ ਹੈ, ਸ਼ਾਇਦ ਉਸ ਤੋਂ ਵੀ ਵੱਧ। ਸਮਾਧੀ ਵਿਚੋਂ ਹੀ ਸਿਆਣਪ ਦੇ ਅਮੁਲ ਬੀਜ ਲੱਭਦੇ ਹਨ।"[23] ਹਾਇਕੂ ਲਈ ਤਾਂ ਇਹ ਕਿਹਾ ਜਾਂਦਾ ਹੈ ਕਿ ਇਹ ਚੁੱਪ ਵਿਚੋਂ ਨਿੱਕਲ ਕੇ ਚੁੱਪ ਹੀ ਸਿਰਜਦੈ। ਅਜੋਕੇ ਮਨੁੱਖ ਦੀ ਸਮੱਸਿਆ ਹੀ ਇਹ ਹੈ ਕਿ ਉਹ ਬੋਲਦਾ ਜ਼ਿਆਦਾ, ਉਹ ਦੇਖਦਾ ਜ਼ਿਆਦਾ, ਉਹ ਖਾਂਦਾ ਜ਼ਿਆਦਾ, ਉਹ ਸੋਚਦਾ ਜ਼ਿਆਦਾ ਇਸ ਤੋਂ ਵੀ ਵੱਧ ਉਹ ਤੁਰਦਾ ਜ਼ਿਆਦਾ; ਪਰ ਉਸ ਦੇ ਤੁਰਨ ਸਮੇਂ ਕੇਵਲ ਉਸ ਦੇ ਪੈਰ ਹੀ ਤੁਰਦੇ ਹਨ, ਬਾਕੀ ਸਰੀਰ ਦੇ ਅੰਗ ਸੁੱਤੇ ਰਹਿੰਦੇ ਹਨ, ਇਸੇ ਕਰਕੇ ਅਸੀਂ ਕੁਦਰਤੀ ਵਰਤਾਰਿਆਂ ਨਾਲੋਂ ਟੁੱਟ ਰਹੇ ਹਾਂ। ਇਸ ਸੰਬੰਧੀ 'ਨਵਤੇਜ ਭਾਰਤੀ' ਆਖਦਾ –

– ਕੱਲ੍ਹੇ ਪੈਰਾਂ ਨਾਲ ਨਾ ਤੁਰੀਏ, ਸਭ ਅੰਗਾਂ ਨਾਲ ਤੁਰੀਏ__
ਸਿਰ ਤੁਰਨੋਂ ਜੇ ਨਾਬਰ ਹੋਵੇ, ਗੁਰ ਚਰਨਾਂ 'ਤੇ ਧਰੀਏ
ਚਰਨ ਗੁਰੂ ਦੇ ਲਈਏ
ਤੁਰਦੇ ਰਹੀਏ__ਤੁਰਦੇ ਰਹੀਏ [24]

ਪਰ ਦੌੜ-ਭੱਜ ਦੀ ਜ਼ਿੰਦਗੀ ਵਿਚ ਅਸੀਂ ਇੰਨੇਂ ਦੂਰ ਨਿੱਕਲ ਚੁੱਕੇ ਹਾਂ ਕਿ ਘੜੀ-ਪਲ ਲਈ ਰੁਕ ਕੇ ਇੰਨਾ ਵੀ ਨਹੀਂ ਸੋਚਦੇ ਜਾਣਾ ਕਿੱਧਰ ਨੂੰ ਹੈ ! ਪਰ ਸੋਚੀਏ ਤਾਂ ਜੇਕਰ ਅਸੀਂ ਚੁੱਪ ਹੋਈਏ। ਅਸੀਂ ਤਾਂ ਜੇਕਰ ਕੋਈ ਨਾਲ ਬੋਲਣ ਵਾਲਾ ਨਹੀਂ ਹੁੰਦਾ ਤਦ ਵੀ ਇਕੱਲੇ ਆਪਣੇ-ਆਪ ਨਾਲ ਬੋਲਦੇ ਰਹਿੰਦੇ ਹਾਂ ਪਰ ਜ਼ਿੰਦਗੀ ਵਿਚ ਚੁੱਪ ਬਹੁਤ ਲਾਜ਼ਮ ਹੈ। 'ਭਾਰਤੀ' ਜੀ ਕਹਿੰਦੇ ਹਨ–

– ਅਸੀਂ ਜਦ ਦੇ ਬੋਲਣ ਲੱਗੇ ਹਾਂ
ਚੁੱਪ ਕਰਨਾ ਭੁੱਲ ਗਏ ਹਾਂ
ਸਾਨੂੰ ਲੱਗਦਾ ਸਾਡਾ ਮੂੰਹ ਤੇ ਜੀਭ
ਸਿਰਫ ਬੋਲਣ ਲਈ ਬਣਿਆ__ ਸ਼ੁਕਰ ਹੈ__
ਸਾਡਾ ਅਸਮਾਨ ਬਹੁਤ ਵੱਡਾ ਹੈ
ਸਾਡੇ ਸ਼ੋਰ-ਸ਼ਰਾਬੇ ਨੂੰ ਸਾਂਭੀ ਜਾਂਦਾ
ਪਰ ਇਸਦੀ ਵੀ ਕੋਈ ਸੀਮਾ ਹੈ।
ਇਕ ਦਿਨ ਇਹਨੇ ਭਰ ਜਾਣਾ ਏ

ਇਹਦੇ ਕੰਨ ਪਾਟ ਜਾਣੇ ਹਨ
ਤੇ ਸਾਰਾ ਕੂੜ-ਕਬਾੜਾ ਸਾਡੇ ਉੱਤੇ ਡੁੱਲ ਜਾਣਾ ਹੈ
ਸਾਡਾ ਬੋਲਿਆ ਹਰ ਸ਼ਬਦ
ਸਾਡੇ 'ਤੇ ਡਿੱਗ ਪੈਣਾ ਏ
ਤੇ ਉਹ ਤੀਰ ਜੋ ਅਸੀਂ ਦਿਨ-ਰਾਤ ਮਾਰ ਰਹੇਂ ਹਾਂ
ਜਦੋਂ ਵਾਪਸ ਆਏ!
ਸਾਡੀ ਛਾਤੀ ਵਿਚ ਉਹਨਾਂ ਨੂੰ ਸਾਂਭਣ ਜੋਗੀ ਥਾਂ ਨਹੀਂ ਹੋਣੀ ... [25]

ਇਸੇ ਹੀ ਨੁਕਤੇ ਨਾਲ ਸੰਬੰਧਿਤ ਅਜਿਹੇ ਕਈ ਹਾਇਕੂ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਚੁੱਪ ਜਾਂ ਸਮਾਧੀ ਦੇ ਅੰਸ਼ ਝਲਕਦੇ ਹਨ। ਜਿਵੇਂ –

– ਕੀਟ ਪਤੰਗੇ ਗਾਂਦੇ ਹਨ
ਪਰ ਕੀੜੀ ਚੁੱਪ ਰਹਿ ਕੇ ਵੀ
ਆਪਣੀ ਹੋਂਦ ਜਤਲਾ ਜਾਂਦੀ ਹੈ

(ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ,103)

– ਪਤਝੜ ਰੁੱਤੇ
ਆਪਣੇ ਰੰਗ ਵਿਖਾ
ਵਿਦਾ ਹੋ ਰਹੇ ਪੱਤੇ

(ਮਿੱਤਰ ਰਾਸ਼ਾ, ਲਕੀਰ, 183, ਅਗਸਤ-ਸਤੰਬਰ, 2011)

ਸਮੁੱਚੀ ਵਿਚਾਰ ਚਰਚਾ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੂਰਬੀ ਧਰਮਾਂ ਦੇ ਅੰਤਰਗਤ 'ਬੁੱਧ' ਅਤੇ ਤਾਓ' ਦੀ ਦਾਰਸ਼ਨਿਕਤਾ ਵਿਸ਼ਵ ਦੇ ਬਹੁਤੇ ਧਰਮਾਂ ਵਾਂਗ ਮਹਿਜ਼ ਰਸਮੀ ਧਾਰਮਿਕਤਾ ਨਹੀਂ ਸਗੋਂ ਇਹ ਕੁਦਰਤ ਦੇ ਪ੍ਰਸੰਗ ਵਿਚ ਨੈਤਿਕਤਾ ਦਾ ਉਹ ਸਰਲ ਅਤੇ ਸਾਦਾ ਰਾਹ ਹੈ ਜਿਸ 'ਤੇ ਚੱਲ ਕੇ ਮਨੁੱਖ ਅਸਲ ਵਿਚ ਕੁਦਰਤ ਦੇ ਨੇੜੇ ਹੋ ਕੇ ਉਸ ਨੂੰ ਜਾਣ ਸਕਦਾ ਹੈ ਅਤੇ ਮਾਣ ਸਕਦਾ ਹੈ। ਅੱਜ ਦਾ ਮਨੁੱਖ ਜਿਸ ਦਾ ਆਪਾ, ਸਵੈ ਅਤੇ ਸਮਾਜ ਦੇ ਪ੍ਰਤੀ ਵਿਖੰਡਤ ਹੋਇਆ ਹੈ, ਉਸ ਨੂੰ ਜੋੜਨ ਲਈ ਵੀ ਹਾਇਕੂ ਕਾਵਿ ਦੁਆਰਾ ਕੀਤਾ ਜਾ ਰਿਹਾ ਕਾਰਜ ਸਲਾਹੁਤਾਯੋਗ ਹੈ। ਸਾਨੂੰ ਇਹਨਾਂ ਦੋਨਾਂ ਧਰਮਾਂ ਦਾ ਹਾਇਕੂ ਕਾਵਿ ਦੇ ਅੰਤਰਗਤ ਸਵਾਗਤ ਕਰਦਿਆਂ ਇਹਨਾਂ ਵਿਚਲੀ ਦਾਰਸ਼ਿਨਕਤਾ ਨੂੰ ਸਮਝ ਕੇ ਆਪਣੀ ਸਾਂਝ ਬ੍ਰਹਿਮੰਡੀ ਪਾਸਾਰੇ ਨਾਲ ਜੋੜਨੀ ਚਾਹੀਦੀ ਹੈ ਤਾਂ ਹੀ ਅਸੀਂ ਸੋਚ ਅਤੇ ਸਾਹਿਤ ਦੇ ਪੱਧਰ 'ਤੇ ਵਿਸ਼ਵ ਦੇ ਹਾਣੀ ਬਣ ਸਕਾਂਗੇ।

## ਹਵਾਲੇ ਅਤੇ ਟਿੱਪਣੀਆਂ

1. ਦੀਵਾਨ ਸਿੰਘ (ਡਾ.), ਕਿੱਸਾ ਅਤੇ ਪੰਜਾਬੀ ਕਿੱਸਾ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ – 22

2. ਸਤਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਕਾਵਿ : ਰੂਪ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1980, ਪੰਨਾ - 215
3. ਅਮਨਦੀਪ ਕੌਰ ਟਿਵਾਣਾ (ਡਾ.), ''ਖੁੱਲ੍ਹੀ ਕਵਿਤਾ ਦਾ ਅਲਬੇਲਾ ਕਵੀ ਪੂਰਨ ਸਿੰਘ'' ਪੰਜਾਬੀ ਦੁਨੀਆਂ, ਅੰਕ - 10, (ਅਕਤੂਬਰ, 2009), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ - 40
4. ਪਰਮਿੰਦਰ ਸੋਢੀ, ਜਾਪਾਨੀ ਹਾਇਕੂ ਸ਼ਾਇਰੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨਾ - 27
5. ਐਲ. ਐਮ. ਜੋਸ਼ੀ ਅਤੇ ਸ਼ਾਰਦਾ ਗਾਂਧੀ (ਸੰਪਾ. ਅਤੇ ਅਨੁ.), ਧੱਮਪਦ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2004, ਪੰਨਾ-14
6. ਪਰਮਿੰਦਰ ਸੋਢੀ, ਧੱਮਪਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ - 7
7. ਯਮੁਨਾ ਲਾਲ, ਭਾਰਤ ਐਵੰ ਵਿਦੇਸ਼ੋਂ ਮੇਂ ਬੁੱਧ ਧਰਮ ਪ੍ਰਸਾਰਕ, ਪ੍ਰਤਿਭਾ ਪ੍ਰਕਾਸ਼ਨ ਦਿੱਲੀ, 1993, ਪੰਨਾ-213
8. ਉਹੀ
9. ਉਹੀ
10. ਪਰਮਿੰਦਰ ਸੋਢੀ, ਚੀਨੀ ਦਰਸ਼ਨ : ਤਾਓਵਾਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009, ਪੰਨਾ - 9
11. ਉਹੀ, ਪੰਨਾ - 11
12. ਉਹੀ, ਪੰਨਾ - 35
13. ਉਹੀ, ਪੰਨਾ - 10
14. ਉਹੀ, ਪੰਨਾ - 27
15. ਉਹੀ, ਪੰਨਾ - 36
16. ਉਹੀ, ਪੰਨਾ - 42
17. ਉਹੀ, ਪੰਨਾ - 38
18. ਉਹੀ, ਪੰਨਾ - 19
19. ਉਹੀ, ਪੰਨਾ - 55
20. ਉਹੀ, ਪੰਨਾ - 63
21. ਉਹੀ, ਪੰਨਾ - 141
22. ਉਹੀ, ਪੰਨਾ - 18-19
23. ਅਮਰਜੀਤ ਸਾਥੀ ਅਤੇ ਗੁਰਪ੍ਰੀਤ (ਸੰਪਾ.), ਹਰੇ ਹਰੇ ਤਾਰੇ, ਉਡਾਨ ਪਬਲੀਕੇਸ਼ਨ, ਮਾਨਸਾ, 2010, ਪੰਨਾ - 10
24. ਨਵਤੇਜ ਭਾਰਤੀ ਨਾਲ ਨਿੱਜੀ ਮੁਲਾਕਾਤ ਦੌਰਾਨ ਕੀਤੀ ਗਈ ਰਿਕਾਡਿੰਗ ਵੀਡਿਓ ਵਿਚੋਂ ਲਏ ਕਾਵਿ-ਅੰਸ਼, ਵਾਰਿਸ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2 ਫਰਵਰੀ, 2012 (9:30-11:35 ਰਾਤ)
25. ਉਹੀ

## ਸਹਾਇਕ ਪੁਸਤਕ ਸੂਚੀ


1. ਅਮਰਜੀਤ ਸਾਥੀ, ਨਿਮਖ, ਗ੍ਰੇਸ਼ਿਅਸ ਬੁਕਸ, ਪਟਿਆਲਾ, 2008
2. ਅਮਰਜੀਤ ਸਾਥੀ, ਹਾਇਕੂ ਬੋਧ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013
3. ਗੁਰਮੀਤ ਸੰਧੂ, ਖਿਵਣ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010
4. ਦਵਿੰਦਰ ਪੂਨੀਆ, ਕਣੀਆਂ, ਗ੍ਰੇਸ਼ਿਅਸ ਬੁਕਸ, ਪਟਿਆਲਾ, 2009
5. ਕੁਲਵੰਤ ਗਰੇਵਾਲ, ਕਥਾ ਇਕ ਪਲ਼ ਦੀ, ਪੰਜਾਬੀ ਹਾਇਕੂ ਫੋਰਮ ਅਤੇ ਬਰਨਾਲਾ ਕੰਪਿਊਟਰਜ਼, 2014
6. Harold & Henderson, *An Introduction to HAIKU*, Doubleday and Company, Inc. New York, 1958
7. Jane Reichold, *Writing and Enjoying Haiku,* Kodansh, international Ltd, America, 2002
8. Kenneth Yasuda, *The Japanese Haiku*, Charles E. Tuttle Company, Inc. Japan, 1991
9. Lee Gurga, *Haiku : A Poet's Guide,* Modern Haiku Press, U.S.A , 2003
10. L. M. Joshi and others, *Buddhism,* Publication Bureau, Punjabi University Patiala, 1999
11. Puran Singh, *The Spirit of Oriental Poetry,* Publication Bureau, Punjabi University Patiala, 1969
12. William J. Higginson, *The Haiku Seasons (Poetry of the Natural Word),* Kodansha International Printing Otowa, 1996
13. William J. Higginson with Penny Harter, *The Haiku Handbook,* Kodansha International Printing, Otowa, 1989


□□□

# ਵਰਤਮਾਨ ਪੰਜਾਬ ਦੀ ਸਥਿਤੀ : ਪਰਵਾਸ ਦੇ ਸੰਦਰਭ 'ਚ

*ਰੁਪਿੰਦਰ ਕੌਰ*

ਸਾਰਅੰਸ਼; ਪਰਵਾਸ ਸ਼ਬਦ ਤੋਂ ਅੰਦਾਜ਼ਾ ਲਗਾਉਣਾ ਸੌਖਾ ਹੈ। ਪਰਵਾਸ ਕਿਸ ਤਰ੍ਹਾਂ ਦੀ ਸ਼ੈਅ ਹੈ। ਜਿਹੜੀ ਮਾਨਵ ਦੀ ਮਜ਼ਬੂਰੀਆਂ ਦਾ ਫਾਇਦਾ ਉਠਾਉਂਦੀ ਹੈ। ਮਨੁੱਖ ਆਪਣੀ ਜੰਮਪਲ ਧਰਤੀ ਛੱਡ ਕੇ ਬਿਗਾਨੀ ਧਰਤੀ ਉੱਤੇ ਜਾ ਕੇ ਧੱਕੇ ਖਾਂਦਾ ਹੈ। ਇਹ ਧੱਕੇ ਆਪਣੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਹੁੰਦੇ ਹਨ। ਵਰਤਮਾਨ ਸਮੇਂ ਦੇ ਵਿੱਚ ਪਰਵਾਸ ਦਾ ਪ੍ਰਸੰਗ ਵਧੇਰੇ ਉੱਭਰ ਕੇ ਸਾਹਮਣੇ ਆਇਆ ਹੈ। ਵਰਤਮਾਨ ਦੇ ਪੰਜਾਬ ਵਿੱਚ ਨੌਕਰੀ ਪੇਸ਼ੇ ਦੇ ਚੰਗੇ ਵਸੀਲੇ ਉਪਲੱਬਧ ਨਾ ਹੋਣ ਕਰਕੇ, ਪੰਜਾਬੀ ਪਰਵਾਸ ਧਾਰਨ ਕਰਨ ਦੇ ਲਈ ਮਜ਼ਬੂਰ ਹਨ।

ਕੀ ਵਰਡ; ਸਿੱਖਿਆ, ਪਾਸਪੋਰਟ, ਨੌਕਰੀ, ਵਸੇਬਾ ਆਦਿ।

ਉਦੇਸ਼; ਵਰਤਮਾਨ ਪੰਜਾਬ ਦੇ ਵਿੱਚ ਆਈਲੈਟਸ ਦੇ ਪ੍ਰਭਾਵਾਂ ਨੂੰ ਤਲਾਸ਼ਣਾ ਆਦਿ।

ਪਰਵਾਸ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਪਰਵਾਸੀ ਉਹ ਲੋਕ ਜਿਹੜੇ ਬੇਗਾਨੀ ਧਰਤੀ 'ਤੇ ਬਨਵਾਸ ਕੱਟ ਰਹੇ ਹਨ। ਇਹ ਬਨਵਾਸ ਵੀ ਪੰਜਾਬੀਆਂ ਨੇ ਆਪ ਧਾਰਨ ਕੀਤਾ ਹੈ। ਪੰਜਾਬੀਆਂ ਨੇ ਪਰਵਾਸ ਅੰਗਰੇਜ਼ਾਂ ਦੇ ਰਾਜ ਵਿੱਚ ਹੀ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਪੰਜਾਬੀਆਂ ਇੱਕ ਗੁਲਾਮ ਦੇ ਤੌਰ 'ਤੇ ਪਰਵਾਸੀ ਧਰਤੀ ਉੱਤੇ ਪੈਰ ਰੱਖਿਆ ਸੀ। ਪੰਜਾਬ ਦੇ ਵਿੱਚੋਂ ਪਹਿਲੇ ਪ੍ਰਵਾਸੀ ਸਿੱਖ ਸਨ, ਜਿਹੜੇ ਇੱਕ ਫ਼ੌਜੀ ਦੇ ਰੂਪ ਵਿੱਚ ਗਏ ਸਨ। ਇਸ ਦੇ ਬਾਰੇ ਪਰਮਜੀਤ ਸਿੰਘ ਜੱਜ ਦਾ ਵਿਚਾਰ ਹੈ ਕਿ ਅੰਗ੍ਰੇਜ਼ਾਂ ਨੇ ਪੰਜਾਬ ਦੇ ਜੱਟ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਕਰਨ ਨੂੰ ਤਰਜੀਹ ਦਿੱਤੀ, ਕਿਉਂਕਿ ਅੰਗ੍ਰੇਜ਼ ਕੁਝ ਨਸਲਾਂ ਨੂੰ ਵਧੇਰੇ ਬਹਾਦਰ ਮੰਨਦੇ ਸਨ। ਉਨ੍ਹੀਵੀਂ ਸਦੀ ਦੇ ਪਰਵਾਸ ਨੂੰ ਸਮਝਣ ਲਈ ਸਾਨੂੰ ਇਹਨਾਂ ਫ਼ੌਜੀਆਂ ਦੇ ਪਰਵਾਸ ਨੂੰ ਸਮਝਣਾ ਪਵੇਗਾ। (ਹਰਚੰਦ ਸਿੰਘ ਬੇਦੀ, ਪਰਵਾਸ ਤੇ ਪੰਜਾਬੀ ਸਾਹਿਤ 72)

*ਰਿਸਰਚਰ ਸਕਾਲਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ*
*ਸੰਪਰਕ: 9478433199*
*ਪਤਾ: ਟੈਗੋਰ ਨਗਰ, ਹੁਸ਼ਿਆਰਪੁਰ*

ਪੁਰਾਤਨ ਤੇ ਵਰਤਮਾਨ ਸਥਿਤੀ ਦੇ ਵਿੱਚ ਉੱਨੀ ਇੱਕੀ ਦਾ ਫਰਕ ਹੈ। ਪਹਿਲਾਂ ਵੀ ਮਜ਼ਬੂਰੀਆਂ ਹੀ ਪਰਵਾਸ ਧਾਰਨ ਕਰਵਾਉਂਦੀਆ ਸਨ। ਵਿਕਸਿਤ ਦੇਸ਼ਾਂ ਦੇ ਵਿੱਚ ਨੌਕਰੀ ਦੀ ਤਲਾਸ਼ ਲਈ ਪਰਵਾਸ ਕਰਦੇ ਹਨ। ਵੱਧ ਤੋ ਵੱਧ ਪੈਸਾ ਕਮਾਉਣ ਦੀ ਲਾਲਸਾ ਵੱਧਦੀ ਚਲੀ ਜਾਂਦੀ ਹੈ। ਡਾਲਰਾਂ ਦੀ ਕੀਮਤ ਪੈਸਿਆਂ ਦੇ ਵਿੱਚ ਜ਼ਿਆਦਾ ਨਿਕਲ ਕੇ ਆਉਂਦੀ ਹੈ।ਪਰਵਾਸ ਦੇ ਵਿੱਚ ਕਾਮਿਆ ਦੀ ਲੋੜ ਹੁੰਦੀ ਹੈ। ਕਾਮੇ ਘੱਟ ਤਨਖ਼ਾਹ ਉੱਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ।ਪੰਜਾਬ ਦੇ ਵਿੱਚ ਸਮੇਂ ਦੇ ਬੀਤਣ ਨਾਲ ਹਾਲਾਤ ਜ਼ਰੂਰ ਬਦਲ ਗਏ ਹਨ। ਪਰੰਤੂ ਲੋੜਾਂ ਦੀ ਸਥਿਤੀ ਜਿਉਂ ਦੀ ਤਿਉਂ ਬਰਕਰਾਰ ਹੈ। ਡਾ. ਐਸ. ਪੀ. ਸਿੰਘ ਦੀ ਧਾਰਨਾ ਅਨੁਸਾਰ, 'ਪਰਾਈਆਂ ਧਰਤੀਆਂ 'ਤੇ ਰੁਜ਼ਗਾਰ ਦੀ ਤਲਾਸ਼ ਜਾਂ ਵਧੇਰੇ ਆਰਥਕ ਵਸੀਲਿਆਂ ਨੂੰ ਪ੍ਰਾਪਤ ਕਰਨ ਦੀ ਲਾਲਸਾ ਵਿਚ ਅਸਥਾਈ ਤੌਰ 'ਤੇ ਵਿਚਰਨ ਵਾਲੇ ਵਿਅਕਤੀਆਂ ਨੂੰ ਪਰਵਾਸੀ ਦਾ ਨਾਮ ਦਿੱਤਾ ਜਾਂਦਾ ਹੈ। (ਪਰਵਾਸੀ ਚੇਤਨਾ ਦਾ ਭਾਸ਼ਾਈ ਪ੍ਰਵਚਨ 1)

ਵਰਤਮਾਨ ਸਮੇਂ ਵਿੱਚ ਪਰਵਾਸ ਧਾਰਨ ਕਰਨ ਦੇ ਅਨੇਕ ਤਰੀਕੇ ਹਨ। ਜਿਵੇਂ ਕਿ ਸਿੱਖਿਆ, ਨੌਕਰੀ ਤੇ ਪੱਕਾ ਵਸੇਬਾ ਆਦਿ। ਮਨੁੱਖ ਪਰਵਾਸ ਕਾਨੂੰਨੀ ਤੇ ਗ਼ੈਰ-ਕਾਨੂੰਨੀ ਦੋਵੇਂ ਤਰੀਕੇ ਨਾਲ ਪਰਵਾਸ ਧਾਰਨ ਕਰਦਾ ਹੈ। ਭਾਰਤ ਦੇ ਵਿਭਿੰਨ ਭਾਗਾਂ ਵਿੱਚ ਲੋਕ ਪਰਵਾਸ ਧਾਰਨ ਕਰਦੇ ਹਨ। ਪਰਵਾਸ ਧਾਰਨ ਕਰਨ ਦੇ ਲਈ ਸਿੱਖਿਆ ਅਹਿਮ ਮਾਧਿਅਮ ਬਣਦਾ ਜਾ ਰਿਹਾ ਹੈ। ਵਿਦਿਆਰਥੀ ਦਾ ਬਾਹਰਲੇ ਦੇਸ਼ਾਂ ਦੇ ਵਿੱਚ ਰੁਝਾਨ ਹੋ ਜਾਣ ਕਾਰਨ, ਯੂਨੀਵਰਸਿਟੀਆਂ ਤੇ ਕਾਲਜਾਂ ਦੇ ਵਿੱਚੋਂ ਗਿਣਤੀ ਘੱਟਦੀ ਜਾ ਰਹੀ ਹੈ।

ਪ੍ਰੋ. ਆਰ. ਕੇ ਉੱਪਲ ਅਨੁਸਾਰ, 'ਪੰਜਾਬ ਵਿੱਚ ਇਹ ਰੁਝਾਨ ਸਭ ਤੋਂ ਵੱਧ ਅਤੇ ਤੇਜ਼ੀ ਨਾਲ ਵਧ ਰਿਹਾ ਹੈ।ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਦਾਖ਼ਲੇ ਵਧਾਉਣ ਲਈ ਤਰੀਕਾ ਬਦਲੀਆਂ ਪਰ ਬਾਹਰ ਜਾਣ ਵਾਲੇ ਵਿਦਿਆਰਥੀਆਂ ਦੀ ਭੀੜ ਵਧ ਰਹੀ ਹੈ ਅਤੇ ਕਾਲਜ ਯੂਨੀਵਰਸਿਟੀਆਂ ਬੰਦ ਹੋਣ ਲੱਗ ਪਈਆਂ ਹਨ। ਬਹੁਤ ਸਾਰੀਆਂ ਪ੍ਰਾਈਵੇਟ ਮੈਨਜਮੈਟਾਂ ਨੇ ਕਾਲਜ ਬੰਦ ਕਰਨੇ ਸ਼ੁਰੂ ਕਰ ਦਿੱਤੇ ਹਨ। (ਸਿਖਿਆ ਪ੍ਰਣਾਲੀ 'ਸਵਾਲੀਆ ਨਿਸ਼ਾਨ ਹੈ ਪਰਵਾਸ ਉਡਾਰੀ ਦਾ ਰੁਝਾਨ. ਜੂਨ 28, 2019. ਪੰਜਾਬੀ ਟ੍ਰਿਬਿਊਨ)

ਪੰਜਾਬ ਵਿੱਚ ਬਾਹਰਲੇ ਦੇਸ਼ਾਂ ਵਿਚ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਬਣ ਗਿਆ ਹੈ। ਅੱਜ ਦੇ ਸਮੇਂ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਦਾ ਸੁਫਨਾ ਬਾਹਰ ਜਾ ਕੇ ਪੜ੍ਹਨ ਦਾ ਹੈ। ਮਾਂ-ਬਾਪ ਵੀ ਆਪਣੇ ਬੱਚੇ ਦੀ ਅਗਲੇਰੀ ਪੜ੍ਹਾਈ ਲਈ ਪਹਿਲਾਂ ਹੀ ਬਾਹਰ ਦਾ ਸੋਚ ਲੈਂਦੇ ਹਨ। ਪੰਜਾਬ ਦੇ ਸਾਰੇ ਦੇ ਸਾਰੇ ਕਾਲਜ ਖਾਲੀ ਹੁੰਦੇ ਜਾ ਰਹੇ ਹਨ। ਪੰਜਾਬ ਵਿੱਚ ਕਾਲਜਾਂ ਦੇ ਬਰਾਬਰ ਆਈਲੈਟਸ ਸੈਂਟਰ ਖੋਲ੍ਹੇ ਹੋਏ ਮਿਲ ਜਾਣਗੇ। ਇਹਨਾਂ ਦੀ ਜਾਣਕਾਰੀ ਟੀ. ਵੀ. ਉੱਤੇ ਅਤੇ ਥਾਂ-ਥਾਂ ਲੱਗੇ ਹੋਏ ਇਸ਼ਿਤਿਹਾਰਾਂ ਰਾਹੀ ਮਿਲ ਜਾਂਦੀ ਹੈ। ਜਦੋਂ ਇਹਨਾਂ ਦਾ ਪ੍ਰਚਾਰ ਹੀ ਟੀ. ਵੀ. ਰਾਹੀਂ ਹੋਣ ਲੱਗੇ ਪਏ ਤਾਂ ਹਰ ਇੱਕ ਇਨਸਾਨ ਦੀ ਖਿੱਚ ਦਾ ਕਾਰਨ ਬਣਨਾ ਸੌਖਾ ਹੋ ਜਾਂਦਾ ਹੈ। ਪੰਜਾਬੀਆਂ ਵਿੱਚ ਪਹਿਲਾਂ ਹੀ ਪਰਵਾਸ ਦਾ ਸ਼ੌਕ ਰਿਹਾ ਹੈ। ਇਹ ਸ਼ੌਕ ਦਿਨ ਬ-ਦਿਨ ਵੱਧਦਾ ਜਾ ਰਿਹਾ ਹੈ।

ਇਸ ਦੇ ਵੀ ਦੋ ਕਾਰਨ ਹਨ। ਇੱਕ ਪੰਜਾਬ ਦਾ ਨੌਜਵਾਨ ਪੜ੍ਹਿਆ-ਲਿਖਿਆ ਹੈ। ਦੂਸਰਾ ਨੌਜਵਾਨ ਬੇਰੁਜ਼ਗਾਰ ਹਨ। ਇਹ ਹੀ ਦੋ ਕਾਰਨ ਉਹਨਾਂ ਨੂੰ ਵਿਦੇਸ਼ੀ ਧਰਤੀ ਵੱਲ ਰੁੱਖ

ਕਰਨ ਦੇ ਲਈ ਮਜ਼ਬੂਰ ਕਰਦੇ ਹਨ। ਪੰਜਾਬ ਵਿੱਚ ਅਣਗਿਣਤ ਨੌਜਵਾਨ ਬੇਕਾਰ ਬੈਠੇ ਹਨ। ਚੰਗੇਰੇ ਭੱਵਿਖ ਦੀ ਤਲਾਸ਼ ਵਿੱਚ ਬਾਹਰਲੀ ਧਰਤੀ ਵੱਲ ਮੂੰਹ ਕਰਦੇ ਹਨ।ਗੁਰਮੀਤ ਸਿੰਘ ਪਲਾਹੀ ਅਨੁਸਾਰ, 'ਪੰਜਾਬੀਆਂ ਦੇ ਵਿਦੇਸ਼ ਜਾਣ ਦਾ ਰੁਝਾਨ ਦੁਆਬੇ ਤੱਕ ਸੀਮਿਤ ਨਹੀ ਰਿਹਾ। ਹੁਣ ਪੂਰਾ ਪੰਜਾਬ ਇਸ ਰੁਝਾਨ ਦੀ ਲਪੇਟ ਵਿਚ ਹੈ। ਸ਼ਹਿਰੀ ਕੀ, ਪੇਂਡੂ ਕੀ, ਉੱਚਿਆਂ ਘਰਾਂ ਵਾਲੇ ਕੀ, ਦਰਮਿਆਨੇ ਵਰਗਾਂ ਵਾਲੇ ਕੀ, ਹੁਣ ਤਾਂ ਸਾਧਾਰਨ ਕਾਮਿਆਂ ਦੇ ਪੁੱਤਰ-ਧੀਆਂ ਵੀ ਅੰਗਰੇਜ਼ੀ ਦਾ ਇਮਤਿਹਾਨ ਆਈਲੈਟਸ ਪਾਸ ਕਰ ਕੇ ਵਿਦੇਸ਼ਾਂ ਵੱਲ ਉਡਾਰੀ ਮਾਰਨ ਦੇ ਜੁਗਾੜ ਵਿਚ ਹਨ। ਕੋਈ ਆਪਣਾ ਬੈਂਕ ਖਾਤਾ ਖਾਲੀ ਕਰ ਰਿਹਾ ਹੈ, ਇਸ ਕੰਮ ਵਾਸਤੇ ਕੋਈ ਆਪਣੀ ਜ਼ਮੀਨ ਗਹਿਣੇ ਰੱਖ ਰਿਹਾ ਅਤੇ ਆਮ ਬੰਦਾ ਆਪਣਾ ਘਰ ਬੈਂਕ ਕੋਲ ਗਹਿਣੇ ਧਰ ਆਪਣੇ ਵਿਦੇਸ਼ ਜਾਣ ਵਾਲੇ ਬੱਚੇ ਲਈ ਫੀਸ ਦਾ ਜੁਗਾੜ ਕਰ ਰਿਹਾ ਹੈ। ਇਹ ਸੋਚ ਕੇ ਕਿ ਇੱਕ ਵਾਰੀ ਦੀ ਫੀਸ ਜੋਗੇ ਪੈਸੇ ਹੋ ਜਾਣ, ਬਾਕੀ ਕਾਕਾ/ਕਾਕੀ ਆਪੇ ਜਾ ਕੇ ਵਿਦੇਸ਼ੀ ਦਰਖਤਾਂ ਤੋਂ ਤੋੜ ਲੈਣਗੇ। (ਨੌਜਵਾਨ ਦੇ ਪਰਵਾਸ ਕਾਰਨ ਪੰਜਾਬ ਸਭਿਆਚਾਰਕ ਸੰਕਟ ਦਾ ਸ਼ਿਕਾਰ, ਪੰਜਾਬੀ ਟ੍ਰਿਬਿਊਨ)

ਪੰਜਾਬ ਵਿੱਚ ਰੋਜ਼ ਅਣਗਿਣਤ ਨੌਜਵਾਨ ਆਈਲੈਟਸ ਪਾਸ ਕਰ ਰਹੇ ਹਨ। ਹਰ ਦਿਨ ਉਹਨਾਂ ਵਿੱਚੋਂ ਕੋਈ ਨਾ ਕੋਈ ਆਪਣੇ ਸੁਪਿਨਆਂ ਨੂੰ ਖੰਭ ਲਗਾ ਰਿਹਾ ਹੈ। ਇਵੇਂ ਮਹਿਸੂਸ ਹੁੰਦਾ ਹੈ ਕਿ ਇੱਕ ਦਿਨ ਪੰਜਾਬ ਪੂਰਾ ਹੀ ਖਾਲੀ ਹੋ ਜਾਵੇਗਾ। ਪੰਜਾਬ ਦੇ ਹਰ ਛੋਟੇ ਤੇ ਵੱਡੇ ਸ਼ਹਿਰ ਵਿੱਚ ਆਈਲੈਟਸ ਸੈਂਟਰ ਖੋਲ੍ਹੇ ਹੋਏ ਮਿਲ ਜਾਣਗੇ। ਇੱਥੇ ਆਈਲੈਟਸ ਕਰਨ ਦੀ ਸਿੱਖਿਆ ਦਿੱਤੀ ਜਾਦੀ ਹੈ। ਇਹ ਸੈਂਟਰ ਆਈਲੈਟਸ ਦੀਆਂ ਕਲਾਸਾਂ ਲਈ ਚੰਗੇਰੀ ਫੀਸ ਰੱਖਦੇ ਹਨ। ਛੋਟੀਆਂ ਦੁਕਾਨਾਂ ਦੇ ਰੂਪ ਵਿੱਚ ਆਈਲੈਟਸ ਸੈਂਟਰ ਖੋਲ੍ਹੇ ਗਏ ਹਨ। ਇਹਨਾਂ ਸੈਂਟਰਾਂ ਵਿੱਚ ਵਿਦਿਆਰਥੀ ਭਾਵੇਂ ਉਹ ਬਾਰ੍ਹਵੀ ਜਮਾਤ ਦਾ ਵਿਦਿਆਰਥੀ ਹੋਵੇ ਜਾਂ ਵੱਡੀ ਕਲਾਸ ਦਾ ਵਿਦਿਆਰਥੀ, ਛੇ, ਸਾਢੇ ਛੇ, ਸੱਤ, ਸਾਢੇ ਸੱਤ ਨੰਬਰ ਲੈਣ ਲਈ ਵੱਡੀ ਤੋ ਵੱਡੀ ਕੀਮਤ ਦੇਣ ਲਈ ਤਿਆਰ ਰਹਿੰਦੇ ਹਨ। ਉਹਨਾਂ ਦਾ ਮਕਸਦ ਹਰ ਹੀਲੇ ਬਾਹਰਲੀਆਂ ਧਰਤੀਆਂ ਉੱਤੇ ਕਦਮ ਰੱਖਣਾ ਹੁੰਦਾ ਹੈ। ਇਸ ਤੋਂ ਜ਼ਿਆਦਾ ਲੁੱਟ ਅੰਬੈਸੀਆਂ ਵੱਲੋਂ ਵੀਜ਼ਾ ਫੀਸ ਦੇ ਵਧਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਸਰਕਾਰ ਵੱਲੋਂ ਇਹਨਾਂ ਦੀ ਫੀਸ ਨਿਸਚਿਤ ਨਹੀਂ ਕੀਤੀ ਗਈ ਹੈ। ਟਰੈਵੱਲ ਏਜੰਟ ਵੀ ਠੱਗੀ ਮਾਰਨ ਨੂੰ ਤਿਆਰ ਰਹਿੰਦੇ ਹਨ। ਹਰ ਕੰਮ ਦੀ ਵੱਖੋ-ਵੱਖਰੀ ਫੀਸ ਨਿਸਚਿਤ ਕੀਤੀ ਗਈ ਹੈ ਭਾਵੇਂ ਉਹ ਫਾਈਲ਼ ਲਗਾਉਣ, ਵੀਜ਼ਾ ਦੀ ਫੀਸ ਅਲੱਗ ਆਦਿ।

ਜਿਸ ਦਾ ਅਸਰ ਪੰਜਾਬ ਵਿੱਚ ਖੁੱਲ੍ਹੇ ਕਾਲਜਾਂ ਉੱਤੇ ਪੈ ਰਿਹਾ ਹੈ। ਇਹਨਾਂ ਕਾਲਜਾਂ ਦੀਆਂ ਸੀਟਾਂ ਪੂਰੀਆਂ ਨਹੀ ਹੁੰਦੀਆਂ। ਉੱਥੇ ਪੜ੍ਹਾਉਣ ਵਾਲੇ ਅਧਿਆਪਕਾਂ ਦੀਆਂ ਤਨਖਾਹਾਂ ਵੀ ਨਹੀ ਦੇ ਪਾਉਂਦੇ ਹਨ। ਬਹੁਤ ਵਾਰੀ ਅਧਿਆਪਕ ਕਾਲਜਾਂ ਵਿੱਚੋਂ ਕੱਢੇ ਵੀ ਜਾਂਦੇ ਹਨ।ਜਿਸ ਦਾ ਕਾਰਨ ਵਿਦਿਆਰਥੀਆਂ ਦੀ ਘੱਟ ਗਿਣਤੀ ਹੁੰਦੀ ਹੈ। ਪੰਜਾਬ ਦੇ ਸਾਰੇ ਹੀ ਕਾਲਜ ਬੰਦ ਹੋਣ ਦੇ ਕਿਨਾਰੇ ਖੜ੍ਹੇ ਹਨ।ਇਹ ਵੀ ਖਦਸ਼ਾ ਹੋ ਸਕਦਾ ਹੈ ਕਿ ਪੰਜਾਬ ਵਿਚ ਕੁਝ ਹੀ ਕਾਲਜ ਰਹਿ ਜਾਣ, ਕਿਉਂਕਿ ਪੰਜਾਬ ਵਿੱਚੋਂ ਸਾਰੇ ਵਿਦਿਆਰਥੀ ਸਿੱਖਿਆਂ ਦੇ ਲਈ ਦੂਸਰੇ ਦੇਸ਼ਾਂ ਦੇ ਵਿੱਚ ਚਲੇ ਜਾਣਗੇ। ਫਿਰ ਇਹ ਖਦਸ਼ਾ ਜਤਾਉਣਾ ਵੀ ਜਾਇਜ਼ ਹੀ ਹੈ।

ਪੰਜਾਬ ਵਿੱਚ ਸਿਖਿਆ ਦੇ ਖੇਤਰ ਵਿੱਚ ਕੋਚਿੰਗ ਸੈਂਟਰ ਹੀ ਕਮਾਈ ਵਾਲੇ ਰਹਿ ਗਏ ਹਨ। ਇਹਨਾਂ ਵਿੱਚ ਆਈਲੈਟਸ ਸੈਂਟਰ ਇੱਕ ਨੰਬਰ 'ਤੇ ਆਉਂਦੇ ਹਨ। ਇਹਨਾਂ ਸੈਂਟਰਾਂ ਵਿੱਚ

ਵਿਦਿਆਰਥੀਆਂ ਦਾ ਹੜ੍ਹ ਆਇਆ ਰਹਿੰਦਾ ਹੈ। ਜਿਨ੍ਹਾਂ ਵਿਦਿਆਰਥੀਆਂ ਦੇ ਘੱਟ ਨੰਬਰ ਆਉਂਦੇ ਹਨ। ਉਹ ਦੁਬਾਰਾ ਕੋਚਿੰਗ ਲੈਣ ਵਿੱਚ ਲੱਗ ਜਾਂਦੇ ਹਨ। ਜਦੋਂ ਤੱਕ ਉਹਨਾਂ ਦੇ ਅੱਛੇ ਨੰਬਰ ਨਹੀ ਆ ਜਾਂਦੇ, ਉਹ ਕੋਚਿੰਗ ਵਿੱਚ ਹੀ ਲੱਗੇ ਰਹਿੰਦੇ ਹਨ। ਉੱਚ ਸਿੱਖਿਆ ਦੇ ਲਈ ਬਾਹਰਲੇ ਮੁਲਕਾਂ ਵਿੱਚ ਜਾਣਾ ਮਾੜੀ ਗੱਲ ਨਹੀ ਹੈ। ਪਰੰਤੂ ਹਰ ਹੀਲੇ-ਵਸੀਲੇ ਨਾਲ ਵਿਦੇਸ਼ ਪਹੁੰਚਣਾ ਮਾੜੀ ਗੱਲ ਹੈ। 'ਪਰ ਨਾਲ ਦੀ ਨਾਲ ਅਰਬਾਂ ਰੁਪਿਆ, ਹਰ ਸਾਲ ਪੰਜਾਬੋਂ ਬਾਹਰ ਵੱਡੀਆਂ ਫੀਸਾਂ ਰੂਪ 'ਚ ਵਿਦੇਸ਼ੀ ਯੂਨੀਵਰਸਿਟੀਆਂ/ਕਾਲਜਾਂ ਕੋਲ ਜਾ ਰਿਹਾ ਹੈ। ਪੰਜਾਬ ਜਿਹੜਾ ਪਹਿਲਾਂ ਹੀ ਆਰਥਕ ਸੰਕਟ 'ਚ ਗ੍ਰਸਿਆ ਹੋਇਆ ਹੈ। ਇਸ ਦੀ ਕਿਸਾਨੀ ਮਾਨਸਿਕ ਤੌਰ 'ਤੇ ਟੁੱਟ ਚੁੱਕੀ ਹੈ, ਉਸ ਉੱਤੇ ਸੂਬੇ ਦੇ ਮੱਧ ਵਰਗ ਪਰਿਵਾਰਾਂ ਉੱਤੇ ਨਾ ਸਹਿਣਯੋਗ ਮਾਲੀ ਬੋਝ ਹੈ। ਪਹਿਲਾਂ ਹੀ ਕਿਹਾ ਜਾਂਦਾ ਸੀ ਕਿ ਪੰਜਾਬ ਦੀ ਮੱਧ ਵਰਗੀ ਕਿਸਾਨੀ ਕਰਜ਼ੇ ਦੀ ਮਾਰ ਹੇਠਾਂ ਹੈ। (ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬ ਵਿਚ ਸਭਿਆਚਾਰਕ ਸੰਕਟ. ਗੁਰਮੀਤ ਸਿੰਘ ਪਲਾਹੀ. ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਵਿੱਚ ਇਸ ਅਣਚਾਹੇ ਪਰਵਾਸ ਨੂੰ ਰੋਕ ਨਹੀ ਸਕਦੇ। ਸਰਕਾਰਾਂ ਨੂੰ ਨੌਜਵਾਨਾਂ ਦੇ ਚੰਗੇਰੇ ਭੱਵਿਖ ਲਈ ਸੋਚਣਾ ਚਾਹੀਦਾ ਹੈ। ਪੰਜਾਬ ਵਿੱਚ ਰੋਜ਼ਾਨਾ ਅਨੇਕਾਂ ਪਾਸਪੋਰਟ ਬਣਦੇ ਹਨ। ਇਹਨਾਂ ਦੀ ਵਧੇਰੇ ਗਿਣਤੀ ਨੌਜਵਾਨਾਂ ਦੀ ਹੈ। ਪੰਜਾਬ ਵਿੱਚ ਬਹੁਤ ਘੱਟ ਲੋਕ ਹਨ, ਜਿਹੜੇ ਆਪਣੀ ਜਾਈ ਧਰਤੀ ਨੂੰ ਛੱਡਣ ਲਈ ਤਿਆਰ ਹਨ। ਲਕਸ਼ਮੀ ਕਾਂਤ ਚਾਵਲਾ ਅਨੁਸਾਰ, 'ਪਹਿਲਾਂ ਨੌਜਵਾਨਾਂ ਦੇ ਵਿਦੇਸ਼ ਜਾਣ ਨੂੰ ਬਰੇਨ ਡਰੇਨ ਕਿਹਾ ਜਾਂਦਾ ਸੀ ਅਤੇ ਹੁਣ ਨਵੀਆਂ ਸਰਕਾਰਾਂ ਦੇ ਨਵੇਂ ਨੇਤਾ ਇਸ ਨੂੰ ਬਰੇਨ ਗਰੇਨ ਆਖਣ ਲੱਗ ਪਏ ਹਨ। ਇਹ ਕੌਣ ਨਹੀ ਜਾਣਦਾ ਕਿ ਲੋਕ ਮਜ਼ਬੂਰੀ ਵਿਚ ਹੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ ਅਤੇ ਮਜ਼ਬੂਰੀ ਵਿਚ ਹੀ ਆਪਣਾ ਮੁਲਕ ਛੱਡਦੇ ਹਨ। ਜੇ ਕਿਸੇ ਨੂੰ ਇਸ ਬਾਰੇ ਪੁੱਛਿਆ ਜਾਵੇ ਤਾਂ ਜਵਾਬ ਮਿਲਦਾ ਹੈ ਕਿ ਇੱਥੇ ਕੀ ਰੱਖਿਆ ਹੈ, ਨੌਕਰੀ ਮਿਲਦੀ ਨਹੀ ; ਰਿਸ਼ਵਤ ਅਤੇ ਭ੍ਰਿਸ਼ਟਾਚਾਰ ਵਾਧੂ ਹੈ। (ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਉਂ. ਪੰਜਾਬੀ ਟ੍ਰਿਬਿਊਨ)

ਪੰਜਾਬ ਦੇ ਨੌਜਵਾਨ ਦੀ ਸੋਚ ਸੀਮਿਤ ਹੋ ਕੇ ਰਹਿ ਗਈ ਹੈ। ਜਦੋਂ ਪੰਜਾਬ ਵਿੱਚ ਭਵਿੱਖ ਸੁਧਾਰਨ ਦੇ ਹਾਲਾਤ ਠੀਕ ਨਜ਼ਰ ਨਹੀ ਆਉਂਦੇ ਤਾਂ ਪੰਜਾਬ ਦਾ ਹਰ ਇੱਕ ਨੌਜਵਾਨ ਬਾਹਰਲੇ ਦੇਸ਼ਾਂ ਵੱਲ ਭੱਜੇਗਾ। ਉਹਨਾਂ ਨੌਜਵਾਨਾਂ ਲਈ ਪੰਜਾਬ ਵਿੱਚ ਰੁਕਣਾ ਜਾਂ ਰਹਿਣ ਦਾ ਫੈਸਲਾ ਕਰਨਾ ਔਖਾ ਹੈ। ਪੰਜਾਬ ਦੇ ਨੌਜਵਾਨ ਨੂੰ ਚੰਗੇਰੇ ਨੰਬਰ ਹਾਸਿਲ ਕਰਨ ਦੇ ਬਾਵਜੂਦ ਵੀ ਰਾਖਵਾਂਕਰਨ ਦੀ ਦੌੜ ਵਿੱਚ ਲੰਘਣਾ ਪੈਂਦਾ ਹੈ। ਰਾਖਵਾਂਕਰਨ ਵਾਲੇ ਵਿਦਿਆਰਥੀ ਨੌਕਰੀ ਲੈ ਜਾਂਦੇ ਹਨ। ਮੈਡੀਕਲ ਅਤੇ ਇੰਜਨੀਅਰਿੰਗ ਦੀ ਪੜ੍ਹਾਈ ਲਈ ਲੱਖਾਂ ਦੀ ਡੋਨੇਸ਼ਨ ਦੇਣੀ ਪੈਂਦੀ ਹੈ। 'ਠੇਕੇ ਉੱਤੇ ਨੌਕਰੀ ਕਰਦੇ ਨੌਜਵਾਨ ਰੈਗੂਲਰ ਹੋਣ ਲਈ ਤਰਸਦੇ ਰਹਿੰਦੇ ਹਨ ਅਤੇ ਆਪਣੀ ਸਾਰੀ ਜਵਾਨੀ ਮੰਗ ਪੱਤਰ ਦੇਣ ਅਤੇ ਧਰਨਾ ਪ੍ਰਦਰਸ਼ਨ ਵਿਚ ਗੁਜ਼ਾਰ ਦਿੰਦੇ ਹਨ।' (ਲਕਸ਼ਮੀ ਕਾਂਤ ਚਾਵਲਾ. ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਓ. ਪੰਜਾਬੀ ਟ੍ਰਿਬਿਊਨ)

ਪੰਜਾਬ ਵਿੱਚ ਆਈਲੈਟਸ ਦਾ ਪ੍ਰਚਾਰ ਦਿਨੋ-ਦਿਨ ਵੱਧ ਰਿਹਾ ਹੈ। ਇਹ ਪ੍ਰਚਾਰ ਅਖ਼ਬਾਰਾਂ ਦੇ ਮਾਧਿਅਮ ਰਾਹੀਂ ਹੋ ਰਿਹਾ ਹੈ। ਟੀ. ਵੀ ਵੀ ਆਈਲੈਟਸ ਦੇ ਪ੍ਰਚਾਰ ਵਿੱਚ ਆਪਣਾ ਯੋਗਦਾਨ ਦੇ ਰਿਹਾ ਹੈ। ਵਿਦੇਸ਼ੀ ਧਰਤੀ ਉੱਤੇ ਜਾਣ ਲਈ ਨਿੱਤ ਨਵੇਂ ਤੋਂ ਨਵੇਂ ਪ੍ਰੋਗਰਾਮ ਆਉਂਦੇ ਹਨ। 'ਪੰਜਾਬ ਦੀਆਂ ਅਖਬਾਰਾਂ ਵਿਚ ਵਿਆਹ-ਸ਼ਾਦੀਆਂ ਦੀ ਇਸ਼ਤਿਹਾਰਬਾਜ਼ੀ ਦੀ ਹੁਣ

ਆਈਲੈਟਸ ਦੇ ਬੈਂਡਾਂ ਵਿਚ ਤਬਦੀਲ ਹੋ ਗਈ ਹੈ। ਇਨ੍ਹਾਂ ਇਸ਼ਤਿਹਾਰਾਂ ਵਿੱਚ ਖ਼ਰਚਾ ਮੁੰਡੇ ਵਾਲੇ ਜਾਂ ਕੁੜੀ ਵਾਲੇ ਅਦਾ ਕਰਨਗੇ ਦਾ ਜ਼ਿਕਰ ਮਿਲਦਾ ਹੈ।' (ਰਛਪਾਲ ਸਿੰਘ ਗਿੱਲ. ਪੰਜਾਬ 'ਚ ਆਈਲੈਂਟਸ ਦਾ ਵੱਜ ਰਿਹਾ 'ਬੈਂਡਵਾਜਾ'. ਕੈਨੇਡੀਅਨ ਪੰਜਾਬੀ ਟਾਈਮਜ਼)

ਵਿਦੇਸ਼ ਵਿੱਚ ਪੜ੍ਹਾਈ ਕਰਨ ਲਈ ਆਈਲੈਟਸ ਜ਼ਰੂਰੀ ਹੈ। ਬਿਨ੍ਹਾ ਆਈਲੈਟਸ ਦੇ ਵਿਦੇਸ਼ੀ ਧਰਤੀ ਉੱਤੇ ਜਾਣਾ ਔਖਾ ਹੈ। ਭਾਰਤ ਦੇ ਇੱਕ ਪ੍ਰਮੁੱਖ ਅਦਾਰੇ ਵੱਲੋ ਇਕ ਜਾਣਕਾਰੀ ਅਨੁਸਾਰ ਪੰਜਾਬ ਵਿਚ ਇਨ੍ਹਾਂ ਪ੍ਰੀਖਿਆ 'ਤੇ ਕੋਚਿੰਗ ਸੈਂਟਰਾਂ ਦੇ ਕਾਰੋਬਾਰ ਉਪਰ ਸਾਲਨਾ 1100 ਕਰੋੜ ਅੰਦਾਜ਼ਨ ਖਰਚਿਆ ਜਾਂਦਾ ਹੈ। ਕਰੀਬ 3.36 ਲੱਖ ਦੇ ਕਰੀਬ ਨੌਜਵਾਨ ਇਨ੍ਹਾਂ ਆਈਲੈਟਸ ਦੇ ਟੈਸਟ ਵਿੱਚ ਸ਼ਿਰਕਤ ਕਰਦੇ ਹਨ। ਆਈਲੈਟਸ ਇਮਤਿਹਾਨ ਫੀਸ ਦੇ ਰੂਪ ਵਿੱਚ ਸਵਾ ਚਾਰ ਅਰਬ ਤਾਰਿਆ ਜਾਂਦਾ ਹੈ। ਬ੍ਰਿਟਿਸ਼ ਕੌਂਸਲ ਅਤੇ ਆਈ.ਡੀ.ਪੀ ਦੇ ਪੰਜਾਬ ਵਿੱਚ ਤੇ ਚੰਡੀਗੜ੍ਹ ਵਿੱਚ ਚਾਰ ਕੇਂਦਰ ਹਨ। ਪੂਰੇ ਭਾਰਤ ਵਿੱਚ 40 ਕੇਂਦਰ ਹਨ। (ਰਛਪਾਲ ਸਿੰਘ ਗਿੱਲ .ਪੰਜਾਬ 'ਚ ਆਈਲੈਟਸ ਦਾ ਵੱਜ ਰਿਹਾ ਬੈਂਡਵਾਜਾ. ਕੈਨੇਡੀਅਨ ਪੰਜਾਬੀ ਟਾਈਮਜ਼)

ਪੰਜਾਬੀਆਂ ਦਾ ਬਾਹਰਲੇ ਦੇਸ਼ ਜਾਣ ਦਾ ਫੈਸਲਾ ਮਜ਼ਬੂਰੀ ਤੋਂ ਲਿਆ ਜਾਂਦਾ ਹੈ। ਪੰਜਾਬ ਵਿਚ ਹੀ ਚੰਗੇਰੀ ਨੌਕਰੀ ਮਿਲ ਜਾਵੇ ਤਾਂ ਕੋਈ ਵੀ ਆਪਣੀ ਮਾਂ ਜਾਈ ਨੂੰ ਛੱਡ ਕੇ ਨਾ ਜਾਏ। ਪੰਜਾਬ ਵਿੱਚ ਬਹੁਗਿਣਤੀ ਬੀ.ਏ, ਐਮ.ਏ, ਬੀ.ਐੱਡ ਆਦਿ ਵਾਲੇ ਵਿਦਿਆਰਥੀ ਮਿਲ ਜਾਣਗੇ। ਜਿਨ੍ਹਾਂ ਦੇ ਕੋਲ ਯੋਗਤਾ ਦੇ ਅਨੁਸਾਰ ਪੂਰੀਆਂ ਡਿਗਰੀਆਂ ਹਨ ਪਰ ਸਰਕਾਰ ਉਹਨਾਂ ਨੂੰ ਨੌਕਰੀ ਨਹੀ ਦਿੰਦੀ। ਬਾਹਰਲੇ ਮੁਲਕਾਂ ਵਿੱਚ ਜਾ ਕੇ ਪੜ੍ਹਾਈ ਤੋਂ ਲੈ ਕੇ ਘਰ ਦੇ ਵਸੇਬੇ ਤੱਕ ਮੁੜ ਤੋਂ ਕਰਨਾ ਪੈਦਾ ਹੈ। ਅੰਦਾਜ਼ੇ ਮੁਤਾਬਕ ਪੰਜਾਬ ਤੋਂ 1.5 ਲੱਖ ਵਿਦਿਆਰਥੀ ਉਚੇਰੀ ਸਿਖਿਆ ਲਈ ਬਾਹਰਲੇ ਮੁਲਕਾਂ ਵਿੱਚ ਆ ਚੁੱਕੇ ਹਨ। ਬਾਹਰਲੇ ਮੁਲਕਾਂ ਵਿੱਚ ਸਥਾਪਤ ਹੋਣਾ ਵੀ ਨਵੇਂ ਬੱਚਿਆ ਲਈ ਅਤਿ ਮੁਸ਼ਕਿਲ ਹੈ। ਉਨ੍ਹਾਂ ਲਈ ਫੀਸਾਂ ਵੀ ਕਈ ਗੁਣਾਂ ਵਧੇਰੇ ਹਨ। ਉਨ੍ਹਾਂ ਦੀ ਰਿਹਾਇਸ਼ੀ, ਕੰਮ-ਕਾਜ ਭਾਵ ਨੌਕਰੀ ਲਈ ਪਹਾੜਾਂ ਜਿੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਦੂਜੇ ਮੁਲਕਾਂ ਦੇ ਕਾਨੂੰਨ ਵੀ ਅਤਿ ਸਖ਼ਤ ਹਨ। ਬਹੁਤਿਆਂ ਲਈ ਉਨ੍ਹਾਂ ਦੇ ਆਪਣੇ ਹੀ ਪਾਸਾ ਵੱਟ ਜਾਂਦੇ ਹਨ। ਖ਼ੈਰ ਇੱਥੇ ਆਣ ਕੇ ਵੀ ਪੜ੍ਹਾਈ ਦਾ ਮਕਸਦ ਤਾਂ ਘੱਟ ਹੀ ਹੁੰਦਾ ਹੈ। ਅਸਲ ਮਕਸਦ ਤਾਂ ਇੱਥੇ ਆਣ ਕੇ ਪਰਮਿਟ, ਪੀ. ਆਰ, ਲੈ ਕੇ ਪੱਕਾ ਹੋਣਾ ਹੁੰਦਾ ਹੈ। (ਰਛਪਾਲ ਸਿੰਘ ਗਿੱਲ. ਪੰਜਾਬ 'ਚ ਆਈਲੈਟਸ ਦਾ ਵੱਜ ਰਿਹਾ ' ਬੈਂਡਵਾਜਾ. ਕੈਨੇਡੀਅਨ ਪੰਜਾਬੀ ਟਾਈਮਜ਼)

ਸਪਸ਼ੱਟ ਹੈ ਕਿ ਜੇਕਰ ਪੰਜਾਬ ਦਾ ਆਰਥਕ ਪੱਖ ਖੁਸ਼ਹਾਲ ਹੋਵੇ, ਤਾਂ ਕੋਈ ਵੀ ਆਪਣਾ ਘਰ ਬਾਹਰ ਛੱਡ ਕੇ ਪਰਾਈਆਂ ਧਰਤੀਆਂ 'ਤੇ ਜਾ ਕੇ ਵਸੇਬਾ ਨਾ ਕਰਨ। ਪੰਜਾਬ ਦੇ ਨੇਤਾਵਾਂ ਨੂੰ ਸੋਚਣਾ ਚਾਹੀਦਾ ਹੈ, ਅਜਿਹਾ ਨਾ ਹੋਵੇ ਕਿ ਪੰਜਾਬ, ਪੰਜਾਬ ਦੇ ਸਭ ਨੌਜਵਾਨਾਂ ਦੇ ਜਾਣ ਨਾਲ ਬੇਜਾਨ ਹੋ ਜਾਵੇ।

## ਪੁਸਤਕ ਸੂਚੀ


1. ਨਗਾਰਾ, ਸੁਖਦੇਵ ਸਿੰਘ (ਡਾ.) ਪਰਵਾਸੀ ਚੇਤਨਾ ਦਾ ਭਾਸ਼ਾਈ ਪ੍ਰਵਚਨ. ਯੂਨੀਸਟਾਰ ਬੁੱਕਸ. 2017
2. ਬੇਦੀ, ਹਰਚੰਦ ਸਿੰਘ (ਡਾ.) ਪਰਵਾਸ ਤੇ ਪਰਵਾਸੀ ਸਾਹਿਤ. ਗੁਰੁ ਨਾਨਕ ਯੂਨੀਵਰਸਿਟੀ. 2004

**ਅਖ਼ਬਾਰਾਂ**


3 ਉੱਪਲ ਆਰ.ਕੇ (ਪ੍ਰੋ) ਸਿਖਿਆ ਪ੍ਰਣਾਲੀ 'ਸਵਾਲੀਆ ਨਿਸ਼ਾਨ ਹੈ ਪਰਵਾਸ ਉਡਾਰੀ ਦਾ ਰੁਝਾਨ. ਪੰਜਾਬੀ ਟ੍ਰਿਬਿਊਨ. ਜੂਨ 28 2019

4 ਗਿੱਲ, ਰਛਪਾਲ ਸਿੰਘ. ਪੰਜਾਬ 'ਚ ਆਈਲੈਟਸ ਦਾ ਵੱਜ ਰਿਹਾ ' ਬੈਂਡਵਾਜਾ, ਕੈਨੇਡੀਅਨ ਪੰਜਾਬੀ ਟਾਈਮਜ਼. ਜਨਵਰੀ 18, 2019

5 ਚਾਵਲਾ, ਲਕਸ਼ਮੀ ਕਾਂਤ. ਨੌਜਵਾਨ ਮੁਲਕ ਛੱਡਣ ਲਈ ਮਜ਼ਬੂਰ ਕਿਓਂ. ਪੰਜਾਬੀ ਟ੍ਰਿਬਿਊਨ ਪਲਾਹੀ. 29 ਜੁਲਾਈ 2018

6 ਗੁਰਮੀਤ ਸਿੰਘ, ਨੌਜਵਾਨਾਂ ਦੇ ਪਰਵਾਸ ਕਾਰਨ ਪੰਜਾਬ ਵਿੱਚ ਸਭਿਆਚਾਰਕ ਸੰਕਟ. ਪੰਜਾਬੀ ਟ੍ਰਿਬਿਊਨ, 11 ਜੁਲਾਈ . 2019


□□□

*ਹਿੰਦੀ ਕਹਾਣੀ*

# ਪ੍ਰੋਫ਼ੈਸਰ ਸਾਹਿਬ

## *ਹੰਸਾ ਦੀਪ*

"ਦਾਦਾ ਜੀ, ਇਸ ਪ੍ਰਸ਼ਨ ਦਾ ਉੱਤਰ ਲਿਖਵਾ ਦਿਓ।"

"ਕਿਉਂ, ਤੇਰੀ ਮਿਸ ਨੇ ਨਹੀਂ ਲਿਖਵਾਇਆ?" ਦਾਦਾ ਜੀ ਆਪਣੀਆਂ ਕਿਤਾਬਾਂ ਵਿੱਚ ਉਲਝੇ ਕਿਸੇ ਇੱਕ ਬਿੰਦੂ ਤੇ ਭਿੰਨ- ਭਿੰਨ ਵਿਦਵਾਨਾਂ ਦੀ ਰਾਏ ਨੂੰ ਕਲਮਬੱਧ ਕਰ ਰਹੇ ਸਨ। ਉਹ ਜਾਣਦੇ ਸਨ ਕਿ ਬੱਚੀ ਅਨਾਮਿਕਾ ਬਿਨਾ ਵਜ੍ਹਾ ਤਾਂ ਉਨ੍ਹਾਂ ਕੋਲ ਆਉਂਦੀ ਨਹੀਂ ਹੈ ਹੋਮ-ਵਰਕ ਲਈ। ਫਿਰ ਵੀ ਪੁੱਛ ਕੇ ਆਪਣੇ ਵੱਲੋਂ ਤਸੱਲੀ ਕਰ ਲੈਣੀ ਚਾਹੁੰਦੇ ਸਨ।

"ਮਿਸ ਨੇ ਤਾਂ ਲਿਖਵਾਇਆ ਸੀ ਪਰ ਅਸੀਂ ਟੌਫੀਆਂ ਵੰਡਣ ਗਏ ਸਾਂ, ਮੈਂ ਅਤੇ ਪੂਜਾ ਦੋਵੇਂ। ਅੱਜ ਉਹਦਾ ਬਰਥ-ਡੇ ਸੀ ਨਾ, ਇਸ ਲਈ।" ਬੱਚੀ ਨੇ ਆਪਣੀ ਮਜਬੂਰੀ ਦਾ ਵੇਰਵਾ ਦਿੱਤਾ ਕਿ ਇਸ ਪ੍ਰਸ਼ਨ ਦਾ ਉੱਤਰ ਉਹਦੀ ਦੋਸਤ ਪੂਜਾ ਨੇ ਵੀ ਨਹੀਂ ਲਿਖਿਆ, ਨਹੀਂ ਤਾਂ ਉਹ ਪੂਜਾ ਦੀ ਕਾਪੀ ਤੋਂ ਕਾਪੀ ਕਰ ਲੈਂਦੀ।

"ਅੱਛਾ ਮੇਰੀ ਰਾਜਕੁਮਾਰੀ, ਦੱਸ ਕਿਹੜਾ ਪ੍ਰਸ਼ਨ ਹੈ ਤੇਰਾ? ਇੱਕ ਹੀ ਹੈ, ਜਾਂ ਫਿਰ ਬਹੁਤ ਸਾਰੇ ਨੇ।"

"ਇਕ ਹੀ ਹੈ ਦਾਦਾ ਜੀ! ਇਹ ਹੈ- ਡਿਫਰੈਂਸ ਬਿਟਵੀਨ ਰਾਈਟਸ ਐਂਡ ਡਿਊਟੀਜ਼।"

"ਅੱਛਾ, ਅਧਿਕਾਰ ਅਤੇ ਫਰਜ਼ ਵਿੱਚ ਅੰਤਰ। ਬੇਟੀ, ਜ਼ਰਾ ਹੱਥ ਦਾ ਕੰਮ ਪੂਰਾ ਕਰ ਲਵਾਂ, ਫਿਰ ਤੈਨੂੰ ਲਿਖਵਾ ਦਿੰਦਾ ਹਾਂ ਇਹਦਾ ਜਵਾਬ। ਅੱਧੇ ਘੰਟੇ ਪਿੱਛੋਂ ਆ ਜਾਈਂ, ਠੀਕ ਹੈ!"

"ਜੀ ਦਾਦਾ ਜੀ, ਇਹ ਬੁੱਕ ਅਤੇ ਕਾਪੀ ਇੱਥੇ ਹੀ ਰੱਖ ਦਿੰਦੀ ਹਾਂ ਤੁਹਾਡੀ ਮੇਜ਼ ਤੇ।"

ਹੱਥ ਦਾ ਕੰਮ ਕਾਫ਼ੀ ਸੀ ਉਨ੍ਹਾਂ ਕੋਲ। ਪੂਰਾ ਮੇਜ਼ ਕਿਤਾਬਾਂ ਨਾਲ ਭਰਿਆ ਪਿਆ ਸੀ। ਢੇਰ ਸਾਰੀਆਂ ਕਿਤਾਬਾਂ ਫੈਲਾਅ ਕੇ ਪੜ੍ਹਨਾ, ਸਹੀ ਸ਼ਬਦਾਂ ਦੀ ਚੋਣ ਕਰਨਾ ਅਤੇ ਇੱਕ ਨਵੀਂ ਕਿਤਾਬ ਦਾ ਖਰੜਾ ਬਣਾਉਣਾ, ਉਨ੍ਹਾਂ ਦੇ ਖੱਬੇ ਹੱਥ ਦੀ ਖੇਡ ਸੀ। ਰਾਜਨੀਤੀ ਸ਼ਾਸਤਰ ਪੜ੍ਹਾਉਂਦੇ-ਪੜ੍ਹਾਉਂਦੇ ਸ਼ਬਦਾਂ ਦੀ ਥੋੜ੍ਹੀ ਜਿਹੀ ਹੇਰਾਫੇਰੀ ਕਰਨ ਦੀ ਕਲਾ

*ਮੂਲ : ਹੰਸਾ ਦੀਪ, ਟੋਰਾਂਟੋ, ਕੈਨੇਡਾ*
*ਈ-ਮੇਲ :* hansadeep8@gmail.com
*ਅਨੁ : ਪ੍ਰੋ. ਨਵ ਸੰਗੀਤ ਸਿੰਘ, ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)*
*ਫੋਨ : 9417692015*

ਵਿਚ ਮਾਹਿਰ ਹੋ ਗਏ ਸਨ ਉਹ। ਹੁਣ ਤਕ ਉਨ੍ਹਾਂ ਦੀਆਂ ਕਈ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਸਨ। ਸਰਕਾਰੀ ਸਹਾਇਤਾ ਦਾ ਵੀ ਭਰਪੂਰ ਫ਼ਾਇਦਾ ਮਿਲ ਜਾਂਦਾ ਸੀ ਉਨ੍ਹਾਂ ਨੂੰ। ਆਪਣੇ ਕਾਲਜ ਦਾ ਨਾਂ ਤਾਂ ਰੌਸ਼ਨ ਕੀਤਾ ਹੀ, ਨਾਲ ਹੀ ਆਪਣੇ ਰਾਜ ਨੂੰ ਵੀ ਦੁਨੀਆ ਦੀਆਂ ਨਜ਼ਰਾਂ ਵਿੱਚ ਲੈ ਆਏ। ਆਪਣੇ ਅਧਿਆਪਨ-ਜੀਵਨ ਵਿਚ ਖ਼ੂਬ ਲਿਖਿਆ ਹੈ ਉਨ੍ਹਾਂ ਨੇ, ਖ਼ੂਬ ਤਰੱਕੀ ਕੀਤੀ ਹੈ!

ਅਤਿਅੰਤ ਰੁੱਝੇ ਹੋਏ ਵਿਦਵਾਨ ਪ੍ਰੋਫ਼ੈਸਰ ਰਵੀਕਾਂਤ, 'ਕਾਂਤ ਸਰ' ਦੇ ਨਾਂ ਨਾਲ ਮਸ਼ਹੂਰ ਹਨ। ਆਪਣੇ ਕਾਲਜ ਵਿੱਚ ਤਾਂ ਸੀਨੀਅਰ ਹਨ ਹੀ, ਕਈ ਯੂਨੀਵਰਸਿਟੀਆਂ ਵਿੱਚ ਵਿਜ਼ਿਟਿੰਗ ਪ੍ਰੋਫ਼ੈਸਰ ਹਨ,ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ। ਅਨਾਮਿਕਾ ਬਚਪਨ ਤੋਂ ਵੇਖਦੀ ਆਈ ਹੈ ਆਪਣੇ ਦਾਦਾ ਜੀ ਨੂੰ, ਜੋ ਹਮੇਸ਼ਾ ਕਿਤਾਬਾਂ ਵਿੱਚ ਉਲਝੇ ਰਹਿੰਦੇ ਹਨ। ਇਸੇ ਲਈ ਦਾਦਾ ਜੀ ਨੂੰ ਘਰ ਵਿੱਚ ਸਭ ਤੋਂ ਵੱਧ ਪੜ੍ਹਾਕੂ ਸਮਝ ਕੇ ਅਨਾਮਿਕਾ ਕਦੇ-ਕਦੇ ਉਨ੍ਹਾਂ ਕੋਲ ਆ ਜਾਂਦੀ ਹੈ ਆਪਣੇ ਹੋਮ-ਵਰਕ ਵਿੱਚ ਮਦਦ ਲਈ। ਹਰ ਵਾਰ ਉਹ ਬੱਚੀ ਤੋਂ ਅੱਧੇ ਘੰਟੇ ਦਾ ਸਮਾਂ ਮੰਗਦੇ ਹਨ। ਪਹਿਲਾਂ ਖ਼ੁਦ ਹੋਮ-ਵਰਕ ਦੀ ਤਿਆਰੀ ਕਰਦੇ ਹਨ ਅਤੇ ਫਿਰ ਬੱਚੀ ਨੂੰ ਬੁਲਾਉਂਦੇ ਹਨ।

ਅੱਜ ਦੇ ਪ੍ਰਸ਼ਨ ਦੇ ਜਵਾਬ ਲਈ ਕੋਈ ਖ਼ਾਸ ਤਿਆਰੀ ਦੀ ਲੋੜ ਨਹੀਂ ਸੀ ਉਨ੍ਹਾਂ ਨੂੰ। ਇਸ 'ਤੇ ਤਾਂ ਉਹ ਕਈ ਲੈਕਚਰ ਦੇ ਚੁੱਕੇ ਹਨ। ਅਧਿਕਾਰ ਅਤੇ ਫਰਜ਼ ਦੀਆਂ ਪੱਛਮੀ ਅਤੇ ਭਾਰਤੀ ਵਿਦਵਾਨਾਂ ਦੀਆਂ ਕਈ ਪਰਿਭਾਸ਼ਾਵਾਂ ਉਨ੍ਹਾਂ ਦੇ ਦਿਮਾਗ ਵਿੱਚ ਨੱਚਣ-ਟੱਪਣ ਲੱਗੀਆਂ। ਤਲਾਸ਼ ਸੀ ਤਾਂ ਬੱਚੀ ਨੂੰ ਲਿਖਵਾਉਣ ਲਈ ਸਰਲ ਸ਼ਬਦਾਂ ਦੀ, ਜੋ ਮਿਲ ਨਹੀਂ ਸਨ ਰਹੇ। ਬੱਚਿਆਂ ਨੂੰ ਸਰਲ ਅਤੇ ਸਹਿਜ ਸ਼ਬਦਾਂ ਵਿੱਚ ਸਮਝਾਉਣਾ ਕਿੰਨਾ ਮੁਸ਼ਕਲ ਹੁੰਦਾ ਹੈ। ਇਸ ਪੀੜ ਨੂੰ ਉਹ ਕਈ ਵਾਰੀ ਸਹਾਰ ਚੁੱਕੇ ਸਨ। ਅਚਾਨਕ ਐਮ. ਏ. ਦੀਆਂ ਜਮਾਤਾਂ ਨੂੰ ਐਲੀਮੈਂਟਰੀ ਸਕੂਲ ਦੀਆਂ ਜਮਾਤਾਂ ਵਿਚ ਤਬਦੀਲ ਕਰਨ ਵਿੱਚ ਭਾਸ਼ਾ ਅਤੇ ਵਿਚਾਰਾਂ ਨੂੰ ਬਹੁਤ ਹੇਠਾਂ ਉਤਾਰਨਾ ਪੈਂਦਾ ਹੈ। ਮੂਲ ਨੂੰ ਚੋਟ ਪਹੁੰਚਾਏ ਤੋਂ ਬਿਨਾ ਅਜਿਹਾ ਕਰਨਾ ਟੇਢੀ ਖੀਰ ਹੋ ਜਾਂਦਾ ਹੈ ਉਨ੍ਹਾਂ ਲਈ। ਅਨਾਮਿਕਾ ਦੇ ਹੋਮ-ਵਰਕ ਨੂੰ ਕਰਵਾਉਣ ਵਿੱਚ ਉਨ੍ਹਾਂ ਦਾ ਤਿਕੜਮਬਾਜ਼ ਦਿਮਾਗ ਕਈ ਵਾਰੀ ਧੋਖਾ ਦੇ ਜਾਂਦਾ ਹੈ। ਬਹੁਤ ਸੋਚ-ਸਮਝ ਕੇ ਲਿਖਵਾਉਂਦੇ ਹਨ ਉਸ ਨੂੰ। ਜ਼ਰਾ ਵੀ ਥਿੜਕੇ ਤਾਂ ਬੱਚੀ ਆਪਣੀ ਟੀਚਰ ਨੂੰ ਦੱਸ ਦੇਵੇਗੀ ਕਿ ਉਹਦੇ ਦਾਦਾ ਜੀ ਨੇ ਕਰਵਾਇਆ ਹੈ ਹੋਮ-ਵਰਕ ਉਸ ਨੂੰ। ਹਾਲਾਂਕਿ ਟੀਚਰ ਦੀ ਤਾਂ ਹਿੰਮਤ ਨਹੀਂ ਹੋਵੇਗੀ ਕੁਝ ਕਹਿਣ ਦੀ ਪਰ ਇਕ ਤੋਂ ਦੂਜੇ ਟੀਚਰ ਕੋਲ ਗੱਲ ਜਾਵੇਗੀ ਅਤੇ ਖਾਹ-ਮਖਾਹ ਸ਼ਹਿਰ ਦੇ ਐਲੀਮੈਂਟਰੀ ਸਕੂਲਾਂ ਵਿੱਚ ਉਨ੍ਹਾਂ ਦੇ ਨਾਂ 'ਤੇ ਹੱਸਣ ਦਾ ਮੌਕਾ ਮਿਲ ਜਾਵੇਗਾ ਲੋਕਾਂ ਨੂੰ।

ਕਿਵੇਂ ਸਮਝਾਵੇ ਬੱਚੀ ਨੂੰ, ਪਹਿਲਾਂ ਪਰਿਭਾਸ਼ਾ ਦੇ ਕੇ ਸਮਝਾ ਦੇਣ ਅਤੇ ਫਿਰ ਕਿਸੇ ਉਦਾਹਰਨ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ। ਕਿਹੜੀ ਉਦਾਹਰਨ ਠੀਕ ਰਹੇਗੀ! ਮਨ ਦੀ ਖਿੱਚ-ਧੂਹ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਦੇ ਹੋਏ ਉਹ ਮੇਜ਼ ਤੇ ਰੱਖੀਆਂ ਕਿਤਾਬਾਂ ਨੂੰ ਇਕ-ਟਕ ਵੇਖਣ ਲੱਗਦੇ ਹਨ।ਅਨਾਮਿਕਾ ਦੀ ਕਿਤਾਬ ਅਤੇ ਕਾਪੀ ਨੂੰ ਉਲਟਦੇ-ਪਲਟਦੇ ਅੱਜ ਸਵੇਰ ਦਾ ਕਾਲਜ ਦਾ ਦ੍ਰਿਸ਼ ਕਿਸੇ ਫ਼ਿਲਮ ਵਾਂਗ ਉਨ੍ਹਾਂ ਦੇ ਸਾਹਮਣੇ ਘੁੰਮਣ ਲੱਗਦਾ ਹੈ। ਆਪਣੇ ਸਾਥੀਆਂ ਦੇ ਜਾਣੇ-ਪਛਾਣੇ ਚਿਹਰੇ ਸਮਝਾਉਣ ਲੱਗੇ ਹਨ ਉਨ੍ਹਾਂ ਨੂੰ ਅਧਿਕਾਰ ਅਤੇ ਫਰਜ਼ ਦੀ ਪਰਿਭਾਸ਼ਾ। ਮਨ ਦੀ ਦੌੜ ਕਾਲਜ ਦੇ ਕੈਂਪਸ ਵਿਚ ਚੱਕਰ ਲਾਉਣ ਲੱਗਦੀ ਹੈ।

ਪੱਚੀ ਦਿਨ ਹੋ ਗਏ ਸਨ ਨਵਾਂ ਸੈਸ਼ਨ ਸ਼ੁਰੂ ਹੋਇਆਂ। ਐਡਮਿਸ਼ਨ ਦਾ ਕੰਮ ਲਗਭਗ

ਪੂਰਾ ਹੋ ਚੁੱਕਾ ਸੀ। ਜਮਾਤਾਂ ਸ਼ੁਰੂ ਕਰਨ ਦਾ ਨੋਟਿਸ ਆਇਆਂ ਵੀ ਕਾਫ਼ੀ ਸਮਾਂ ਹੋ ਗਿਆ ਸੀ। ਜਮਾਤਾਂ ਖਾਲੀ ਪਈਆਂ ਸਨ। ਪੂਰੇ ਦਿਨ ਵਿੱਚ ਇੱਕ-ਅੱਧਾ ਘੰਟਾ ਸਟਾਫ-ਰੂਮ ਚਹਿਕਦਾ, ਫਿਰ ਖ਼ਾਮੋਸ਼ ਹੋ ਜਾਂਦਾ। ਉਹ ਇੱਕ ਘੰਟਾ ਨੋਟਬੰਦੀ ਤੋਂ ਲੈ ਕੇ ਮਹਿੰਗਾਈ ਤੱਕ, ਅਤੇ ਟਰੰਪ ਤੋਂ ਲੈ ਕੇ ਪ੍ਰਿੰਸੀਪਲ ਦੇ ਕਿਚਨ ਤੱਕ ਦੀਆਂ ਖ਼ਬਰਾਂ ਦਾ ਬਰਾਡਕਾਸਟਿੰਗ ਸਮਾਂ ਹੁੰਦਾ। ਇਸਤਰੀ-ਪ੍ਰੋਫ਼ੈਸਰ ਅਤੇ ਮਰਦ- ਪ੍ਰੋਫ਼ੈਸਰਾਂ ਦੇ ਗਰੁੱਪ, ਚਾਹ ਨਾਲ ਆਪਣਾ ਮੰਤਵ ਸਪਸ਼ਟ ਕਰਦੇ। ਇੱਕ ਵਾਰ ਹਾਜ਼ਰੀ ਲੱਗ ਗਈ ਸਾਰਿਆਂ ਦੇ ਸਾਹਮਣੇ, ਫਿਰ ਤਾਂ ਰੰਗ-ਬਰੰਗੀਆਂ ਪੋਸ਼ਾਕਾਂ ਕਦੇ ਆਫਿਸ ਵਿਚ ਤੇ ਕਦੇ ਗਾਰਡਨ ਵਿਚ, ਕਦੇ ਕੈਂਪਸ ਵਿੱਚ 'ਤੇ ਕਦੇ ਚਾਹ ਦੀ ਦੁਕਾਨ ਦੇ ਕੋਲ ਵਿਖਾਈ ਦਿੰਦੀਆਂ। ਮੌਲਸਰੀ ਦੇ ਰੁੱਖ ਹੇਠਾਂ ਬਣੇ ਚਬੂਤਰੇ ਤੇ ਬੈਠੇ ਕੁਝ ਪ੍ਰੋਫ਼ੈਸਰ ਚਾਹ ਪਿੱਛੋਂ ਤੰਬਾਕੂ ਖਾਂਦੇ, ਪੀਕ ਥੁੱਕਦੇ , ਗੱਲਾਂ ਕਰਦੇ- "ਬਈ ਗੋਲੇ ਸਾਬ, ਕੱਲ੍ਹ ਦਿੱਸੇ ਨਹੀਂ ਤੁਸੀਂ!"

"ਕੱਲ੍ਹ ਜ਼ਰਾ ਛੇਤੀ ਚਲਾ ਗਿਆ ਸਾਂ ਸਰ।" ਉਨ੍ਹਾਂ ਨੇ ਆਪਣੇ ਕੱਲ੍ਹ ਦੇ ਕਾਲਜ-ਟ੍ਰਿਪ ਨੂੰ ਯਾਦ ਕੀਤਾ, ਜੋ ਸਿਰਫ ਮੂੰਹ ਵਿਖਾ ਕੇ ਜਾਣ ਨਾਲ਼ ਸੰਬੰਧਿਤ ਸੀ। ਗੋਲੇ ਸਾਬ ਆਏ ਤਾਂ ਜ਼ਰੂਰ ਸਨ ਕੱਲ੍ਹ, ਸਕੂਟਰ ਨਾਲ਼ ਇੱਕ ਗੇੜਾ ਕੱਢ ਲਿਆ ਸੀ। ਦੋ-ਚਾਰ ਆਫ਼ਿਸ ਦੇ ਲੋਕਾਂ ਨਾਲ ਹਾਏ -ਹੈਲੋ ਹੋ ਗਈ ਸੀ ਤਾਂ ਦਿਨ ਨੂੰ ਸੁਰੱਖਿਅਤ ਮੰਨ ਕੇ ਭਰਾ ਦੇ ਪ੍ਰੈੱਸ 'ਤੇ ਜ਼ਰੂਰੀ ਕੰਮ ਨਿਪਟਾਉਣ ਲਈ ਮਦਦ ਕਰਨ ਚਲੇ ਗਏ ਸਨ।

"ਓ ਯਾਰ, ਕਦੇ ਸਾਡੇ ਨਾਲ ਵੀ ਬੈਠਿਆ ਕਰ! ਅੱਜਕੱਲ੍ਹ ਤਾਂ ਤੇਰੇ ਵਿਭਾਗੀ-ਸਾਥੀ ਤਲਪੜੇ ਜੀ ਵੀ ਦਿਖਾਈ ਨਹੀਂ ਦਿੰਦੇ !"

"ਉਹ ਤਾਂ ਛੁੱਟੀ 'ਤੇ ਨੇ ਸਰ !" ਇੱਕ-ਦੂਜੇ ਦੇ ਵਿਭਾਗੀ- ਮਸਲਿਆਂ ਨੂੰ ਚਰਚਾ ਦਾ ਵਿਸ਼ਾ ਬਣਾਉਣਾ ਅਤੇ ਇੱਕ-ਦੂਜੇ ਦੇ ਵਿਭਾਗ ਦੀ ਜਾਣਕਾਰੀ ਰੱਖਣਾ ਹਰ ਪ੍ਰੋਫ਼ੈਸਰ ਦੇ ਰੁਟੀਨ ਦਾ ਹਿੱਸਾ ਸੀ। ਸਾਰੇ ਹੈੱਡ ਆਫ਼ ਦ ਡਿਪਾਰਟਮੈਂਟ ਬਣਨ ਦੀ ਖ਼ਾਹਿਸ਼ ਤਾਂ ਰੱਖਦੇ ਹਨ ਪਰ ਜਦੋਂ ਨਹੀਂ ਬਣ ਸਕਦੇ ਤਾਂ ਹੈੱਡ ਦੀ ਖਿਚਾਈ ਕਰਕੇ ਚੰਗਾ ਲੱਗਦਾ ਹੈ। ਦਿਲ ਨੂੰ ਤਸੱਲੀ ਮਿਲ ਜਾਂਦੀ ਹੈ। ਮੈਡਮ ਮਿਸ਼ਰਾ ਪਿਛਲੇ ਚਾਰ ਸਾਲ ਤੋਂ ਹੈੱਡ ਦੀ ਕੁਰਸੀ ਲਈ ਤਰਸ ਰਹੀ ਸੀ ਪਰ ਉਹਦਾ ਚਾਂਸ ਹੀ ਨਹੀਂ ਸੀ ਲੱਗ ਰਿਹਾ। ਮੈਡਮ ਮਿਸ਼ਰਾ ਦੀ ਖੁੰਦਕ ਇਸ ਬਹਾਨੇ ਬਾਹਰ ਆ ਹੀ ਜਾਂਦੀ ਹੈ- "ਅੱਛਾ ਤਾਂ ਹੀ, ਇਸ ਦਾ ਮਤਲਬ ਹੈ ਕਿ ਤੁਸੀਂ ਹੋ ਹੈੱਡ ਆਫ ਦ ਡਿਪਾਰਟਮੈਂਟ। ਇਸੇ ਲਈ ਮੈਂ ਕਹਾਂ ਕਿ ਤੁਹਾਡੇ ਦਰਸ਼ਨ ਦੁਰਲੱਭ ਕਿਉਂ ਹੋ ਗਏ !"

ਨਿਰਮਾਣਤਾ ਨੂੰ ਆਪਣੀ ਜ਼ੁਬਾਨ 'ਤੇ ਬਿਠਾ ਕੇ ਬੋਲੇ ਗੋਲੇ ਸਾਬ- "ਨਹੀਂ ਮੈਡਮ, ਅਜਿਹੀ ਕੋਈ ਗੱਲ ਨਹੀਂ। ਕੱਲ੍ਹ ਜ਼ਰਾ ਕੁਝ ਕੰਮ ਆ ਗਿਆ ਸੀ।" ਸੱਚ ਤਾਂ ਇਹੀ ਸੀ ਕਿ ਹੈੱਡ ਦਾ ਚਾਰਜ ਲੈ ਕੇ ਉਹ ਇਸ ਚਾਰ ਦਿਨ ਦੀ ਚਾਂਦਨੀ ਦਾ ਆਨੰਦ ਉਠਾਉਣ ਵਿਚ ਕੋਈ ਕਸਰ ਛੱਡਣੀ ਨਹੀਂ ਸੀ ਚਾਹੁੰਦੇ। ਮੂੰਹ ਵਿੱਚ ਮਿਠਾਸ ਉਦੋਂ ਹੀ ਹੁੰਦੀ ਹੈ ਜਦੋਂ ਕੁਝ ਕੌੜਾ ਹਜ਼ਮ ਕਰਵਾਉਣਾ ਹੋਵੇ !

ਸਾਹਮਣੇ ਤੋਂ ਇਤਿਹਾਸ ਵਿਭਾਗ ਤੁਰਿਆ ਆ ਰਿਹਾ ਸੀ। ਉਨ੍ਹਾਂ ਦੀ ਹੀ ਕਮੀ ਸੀ। ਉਨ੍ਹਾਂ ਨੂੰ ਮੁਸਕੁਰਾਉਂਦੇ ਹੋਇਆਂ ਆਉਂਦਿਆਂ ਵੇਖ ਕੇ ਸੁਆਗਤ ਹੋਇਆ- "ਆਓ ਆਓ, ਇਤਿਹਾਸ ਵਿਭਾਗ ਦੀ ਹੈੱਡ ਦਾ ਸੁਆਗਤ! ਤੁਹਾਡੇ ਤਾਂ ਦਰਸ਼ਨ ਹੀ ਨਹੀਂ ਹੁੰਦੇ ਮੈਡਮ!"

"ਕਲਾਸਿਜ਼ ਸ਼ੁਰੂ ਹੋ ਗਈਆਂ ਨੇ ਸਰ, ਫਸਟ-ਈਅਰ ਦੀਆਂ।" ਉਨ੍ਹਾਂ ਦੀ ਆਵਾਜ਼ ਦਾ

ਵਿਸ਼ਵਾਸ ਇਸ ਗੱਲ ਦਾ ਸਬੂਤ ਸੀ ਕਿ 'ਉਹ ਹੀ ਪੜ੍ਹਾ ਰਹੇ ਹਨ ਬਾਕੀ ਤਾਂ ਸਾਰੇ ਏਧਰ-ਓਧਰ ਟਾਈਮ-ਪਾਸ ਕਰ ਰਹੇ ਨੇ।'

"ਬਈ ਛੱਡੋ ਮੈਡਮ, ਹੁਣੇ ਕੀ ਕਲਾਸਿਜ਼ ਦਾ ਝੰਜਟ ਸ਼ੁਰੂ ਕਰਨਾ ! ਮੂਡ ਬਣਾਉਣ ਲਈ ਸਮਾਂ ਤਾਂ ਚਾਹੀਦਾ ਹੈ ਨਾ!"

"ਕਿਉਂ ਸਰ, ਛੁੱਟੀਆਂ ਵਿੱਚ ਮੂਡ ਨਹੀਂ ਬਣਿਆ?"

"ਛੁੱਟੀਆਂ ਤਾਂ ਇਮਤਿਹਾਨਾਂ ਦੀ ਥਕਾਵਟ ਲਾਹੁਣ ਲਈ ਹੁੰਦੀਆਂ ਨੇ। ਮਹੀਨਾ-ਭਰ ਕਾਲਜ ਆਵਾਂਗੇ-ਜਾਵਾਂਗੇ, ਤਾਂ ਕਿਤੇ ਜਾ ਕੇ ਮੂਡ ਬਣੇਗਾ ਪੜ੍ਹਾਉਣ ਦਾ..."

"ਕਾਲਜ ਵਿਚ ਤਾਂ ਝੰਡੇ ਤੋਂ ਝੰਡਾ ਪੜ੍ਹਾਈ ਹੁੰਦੀ ਹੈ... ਪੰਦਰਾਂ ਅਗਸਤ ਤੋਂ ਛੱਬੀ ਜਨਵਰੀ ਤੱਕ।"

ਬਹੁਮਤ ਨਾ ਪੜ੍ਹਾਉਣ ਵਾਲਿਆਂ ਦਾ ਸੀ ਤਾਂ ਉਨ੍ਹਾਂ ਨੂੰ ਲੱਗਿਆ ਕਿ ਉਹ ਬੇਵਕੂਫ ਕਰਾਰ ਦਿੱਤੇ ਜਾਣ, ਉਸ ਤੋਂ ਪਹਿਲਾਂ ਆਪਣਾ ਬਚਾਓ ਪੱਖ ਰੱਖ ਦੇਣ ਤਾਂ ਚੰਗਾ ਹੋਵੇਗਾ- "ਕੀ ਦੱਸਾਂ ਸਰ, ਤੁਹਾਨੂੰ ਤਾਂ ਪਤਾ ਹੈ ਨਾ, ਸਭ ਤੋਂ ਜ਼ਿਆਦਾ ਭੀੜ ਤਾਂ ਮੇਰੀਆਂ ਜਮਾਤਾਂ ਵਿੱਚ ਹੀ ਹੁੰਦੀ ਹੈ। ਜੇ ਜਮਾਤ ਵਿੱਚ ਨਾ ਗਈ ਤਾਂ ਬਾਹਰ ਖੜ੍ਹੀ ਭੀੜ ਸਾਰਿਆਂ ਨੂੰ ਨਜ਼ਰ ਆਵੇਗੀ ਅਤੇ ਪ੍ਰੇਮ-ਪੱਤਰ ਮਿਲ ਜਾਵੇਗਾ।" ਪ੍ਰਿੰਸੀਪਲ ਦੇ ਆਫਿਸ ਤੋਂ ਜਦੋਂ ਵੀ ਕਿਸੇ ਨੂੰ ਨੋਟਿਸ ਮਿਲਦਾ ਸੀ ਤਾਂ ਉਸ ਨੂੰ ਪ੍ਰੇਮ-ਪੱਤਰ ਕਿਹਾ ਜਾਂਦਾ ਸੀ।

"ਉਂਜ ਕਦੇ-ਕਦੇ ਪ੍ਰੇਮ-ਪੱਤਰ ਮਿਲ ਜਾਵੇ ਤਾਂ ਜੀਵਨ ਵਿੱਚ ਰੋਮਾਂਸ ਬਣਿਆ ਰਹਿੰਦਾ ਹੈ।" ਕਾਂਤ ਸਰ ਨੂੰ ਵੇਖਦੇ ਹੋਏ ਅਖਿਲ ਸਰ ਬੋਲੇ।

ਇਤਿਹਾਸ ਵਾਲੀ ਮੈਡਮ ਨੂੰ ਜਵਾਬ ਦੇਣ ਲਈ ਗੋਲੇ ਸਾਬ ਦੀ ਮੱਖਣਬਾਜ਼ੀ ਫਿਰ ਤੋਂ ਸ਼ੁਰੂ ਹੋ ਗਈ - "ਗਲਤੀ ਤਾਂ ਤੁਹਾਡੀ ਹੈ ਨਾ ਮੈਡਮ! ਸਾਰੇ ਮਰੇ ਹੋਏ ਲੋਕਾਂ ਨੂੰ ਤੁਸੀਂ ਇੰਨੀ ਜ਼ਿੰਦਾਦਿਲੀ ਨਾਲ਼ ਪੜ੍ਹਾਉਂਦੇ ਹੋ ਕਿ ਕੋਈ ਵਿਦਿਆਰਥੀ ਕਦੇ ਐਬਸੈਂਟ ਨਹੀਂ ਹੁੰਦਾ।"

"ਸਰ ਤੋਂ ਸਿੱਖੋ ਮੈਡਮ ! ਜ਼ਿੰਦਾ ਲੋਕਾਂ ਨੂੰ ਵੀ ਮਾਰ ਕੇ ਪੜ੍ਹਾਉਂਦੇ ਨੇ!" ਪਿੱਛੇ ਤੋਂ ਆਵਾਜ਼ ਆਈ।

'ਕੱਠਾ ਠਹਾਕਾ ਵੱਜਦਾ ਹੈ ਤਾਂ ਮੈਡਮ ਵੀ ਪਿੱਛੇ ਨਹੀਂ ਹਟਦੇ- "ਵਾਹ-ਵਾਹ ਸਰ, ਕੰਨ ਤਰਸ ਗਏ ਸਨ ਅਜਿਹੀ ਲੱਛੇਦਾਰ ਭਾਸ਼ਾ ਸੁਣਨ ਨੂੰ।"

ਕਾਂਤ ਸਰ ਦੀ ਕੰਮ ਕਰਨ ਦੀ ਸ਼ੈਲੀ ਤੋਂ ਸਾਰੇ ਜਾਣੂ ਸਨ। ਦਫ਼ਤਰ ਦੇ ਬਾਬੂ ਵੀ ਉਨ੍ਹਾਂ ਦੀ ਕਿਸੇ ਗੱਲ ਨੂੰ ਟਾਲ ਨਹੀਂ ਸਕਦੇ ਸਨ। ਸ਼ਹਿਰ ਦੀ ਰਾਜਨੀਤੀ ਵਿੱਚ ਵੀ ਉਨ੍ਹਾਂ ਦਾ ਹੱਥ ਹੋਇਆ ਕਰਦਾ ਸੀ, ਜਿਸ ਕਰਕੇ ਪ੍ਰਿੰਸੀਪਲ ਉਨ੍ਹਾਂ ਦੇ ਪ੍ਰਸ਼ੰਸਕ ਸਨ। ਇੱਕ ਵਾਰ ਜਦੋਂ ਸ਼ਹਿਰ ਦੇ ਅਖੌਤੀ ਨੇਤਾਵਾਂ ਦੀ ਟੋਲੀ ਨੇ ਪ੍ਰਿੰਸੀਪਲ ਚੈਂਬਰ ਵਿੱਚ ਰੌਲਾ ਪਾਇਆ ਸੀ ਤਾਂ ਸਾਰੇ ਨੇਤਾਵਾਂ ਦੇ ਪੈਰਾਂ ਵਿਚੋਂ ਚੱਪਲਾਂ ਨਿਕਲ ਕੇ ਹੱਥਾਂ ਵਿੱਚ ਆ ਗਈਆਂ ਸਨ। ਅਜਿਹੀ ਹਾਲਤ ਵਿੱਚ ਕਾਂਤ ਸਰ ਨੇ ਹੀ ਸਮਝੌਤਾ ਕਰਵਾ ਕੇ ਮਾਮਲਾ ਰਫ਼ਾ-ਦਫ਼ਾ ਕਰਵਾਇਆ ਸੀ। ਹੁਣ ਬਾਹਰ ਬੋਰਡ ਲੱਗਿਆ ਸੀ- "ਕਿਰਪਾ ਕਰਕੇ ਜੁੱਤੀਆਂ-ਚੱਪਲਾਂ ਬਾਹਰ ਲਾਹ ਕੇ ਅੰਦਰ ਆਓ।"

ਇਸ ਤੋਂ ਬਾਅਦ ਹਰ ਕੋਈ ਚੈਂਬਰ ਵਿੱਚ ਜਾਂਦਾ ਤਾਂ ਇੱਕ ਮੰਦਰ ਵਾਂਗ ਜੁੱਤੀਆਂ ਬਾਹਰ

ਲਾਹ ਕੇ ਜਾਂਦਾ। ਉਹ ਦਿਨ ਸੀ ਅਤੇ ਅੱਜ ਦਾ ਦਿਨ, ਕਾਂਤ ਸਰ ਦੀ ਹਰ ਲਾਪ੍ਰਵਾਹੀ ਨੂੰ ਬਰਦਾਸ਼ਤ ਕਰਨਾ ਪ੍ਰਿੰਸੀਪਲ ਦੀ ਮਜਬੂਰੀ ਬਣ ਗਿਆ ਸੀ। ਕਦੇ-ਕਦੇ ਇਹੋ ਮਜਬੂਰੀ ਹੋਰਾਂ ਤੇ ਜ਼ੁਲਮ ਬਣ ਕੇ ਟੁੱਟ ਪੈਂਦੀ ਸੀ। ਕਾਂਤ ਸਰ ਇੰਨੇ ਸੀਨੀਅਰ ਸਨ ਕਿ ਕਈ ਸਾਲ ਪਹਿਲਾਂ ਪ੍ਰਿੰਸੀਪਲ ਬਣ ਜਾਂਦੇ ਪਰ ਇਸ ਨਾਲ ਉਨ੍ਹਾਂ ਦੇ ਵਿਦੇਸ਼ ਦੌਰਿਆਂ 'ਤੇ ਪ੍ਰਭਾਵ ਪੈਂਦਾ। ਇਸ ਲਈ ਉਹ ਬਗ਼ੈਰ ਪੋਸਟ ਦੇ ਪੋਸਟ 'ਤੇ ਰਹਿਣ ਦਾ ਮਜ਼ਾ ਲੈ ਰਹੇ ਸਨ, 'ਹੈੱਡ ਵੀ ਮੇਰਾ, ਟੇਲ ਵੀ ਮੇਰੀ' ਦੇ ਅੰਦਾਜ਼ ਵਿੱਚ।

"ਲਓ ਪਰਾਸ਼ਰ ਸਰ ਵੀ ਆ ਗਏ! ਕਿਉਂ ਬਈ, ਇਉਂ ਮਰੇ- ਮਰੇ ਜਿਹੇ ਕਿਉਂ ਚੱਲ ਰਹੇ ਹੋ, ਕੀ ਕੋਈ ਅਦਾਲਤ ਵਿੱਚ ਪੇਸ਼ੀ ਸੀ?"

"ਨਹੀਂ ਸਰ, ਰੱਬ ਦੁਸ਼ਮਣਾਂ ਨੂੰ ਵੀ ਅਜਿਹੇ ਦਿਨ ਨਾ ਵਿਖਾਵੇ। ਮੈਡਮ, ਕੀ ਤੁਹਾਡੀ ਕਲਾਸ ਹੈ? ਉਹ ਬੱਚੇ ਪੁੱਛ ਰਹੇ ਹਨ..."

"ਅੱਜ ਮੇਰੀ ਕਲਾਸ! ਅੱਜ ਤਾਂ ਸੋਮਵਾਰ ਹੈ! ਅੱਜ ਅਖਿਲ ਸਰ ਦੀ ਕਲਾਸ ਹੈ, ਮੇਰੀ ਨਹੀਂ।"

ਅਖਿਲ ਸਰ ਤ੍ਰਭਕ ਕੇ ਵੇਖਣ ਲੱਗੇ, "ਮੇਰੀ ਕਲਾਸ!" ਜਿਵੇਂ ਕਲਾਸ ਦਾ ਨਾਂ ਲੈਣਾ ਹੀ ਉਨ੍ਹਾਂ ਲਈ ਇਕ ਅਜੂਬਾ ਸੀ। ਪ੍ਰੋਫੈਸਰ ਅਖਵਾਉਣਾ ਤਾਂ ਕੰਨਾਂ ਵਿੱਚ ਰਸ ਘੋਲਦਾ ਹੈ ਪਰ ਕਲਾਸ ਸ਼ਬਦ ਕੰਨਾਂ ਨੂੰ ਬੇਹੱਦ ਤਿੱਖਾ ਲੱਗਦਾ ਹੈ। ਨੇੜੇ ਆਉਂਦੇ ਮੁੰਡਿਆਂ ਦੇ ਇਕ ਗਰੁੱਪ ਨੂੰ ਘੂਰਦਿਆਂ ਉਨ੍ਹਾਂ ਨੂੰ ਲੱਗਿਆ ਕਿ ਇਹ ਚਿਹਰੇ ਜਾਣੇ-ਪਛਾਣੇ ਹਨ- "ਹੋ ਸਕਦਾ ਹੈ, ਮੇਰੀ ਹੀ ਕਲਾਸ ਹੋਵੇ ! ਦੇਖੋ ਤਾਂ ਇਨ੍ਹਾਂ ਲੋਕਾਂ ਨੂੰ, ਕੁਝ ਅਕਲ ਹੀ ਨਹੀਂ ਹੈ। ਇੰਨੀ ਬਾਰਿਸ਼ ਵਿਚ ਆ ਜਾਂਦੇ ਨੇ।" ਇਸ ਕੰਮ ਤੋਂ ਜੀਅ ਚੁਰਾਉਣ ਦੀ ਜੰਗ ਵਿੱਚ ਉਨ੍ਹਾਂ ਨੂੰ ਪੂਰਾ ਸਮਰਥਨ ਮਿਲਦਾ ਹੈ ਆਪਣੇ ਸਾਥੀਆਂ ਤੋਂ।

"ਇਨ੍ਹਾਂ ਦੇ ਮਾਪੇ ਵੀ ਰੋਕਦੇ ਨਹੀਂ ਇਨ੍ਹਾਂ ਨੂੰ!"

"ਓ ਮੈਡਮ, ਮਾਪਿਆਂ ਨੂੰ ਲੱਗਦਾ ਹੈ ਕਿ ਮੁੰਡਾ ਕਾਲਜ ਵਿੱਚ ਗਿਆ ਅਤੇ ਅਫ਼ਸਰ ਬਣ ਕੇ ਨਿਕਲਿਆ। ਸੁਣੋ ਬਈ, ਕਿੰਨੇ ਜਣੇ ਹੋ ਤੁਸੀਂ?" ਰੋਅਬ ਨਾਲ ਪੁੱਛਿਆ ਉਨ੍ਹਾਂ ਨੇ ਆਪਣੇ ਵੱਲ ਆਉਂਦੇ ਉਨ੍ਹਾਂ ਮੁੰਡਿਆਂ ਨੂੰ।

"ਸੱਤ-ਅੱਠ ਮੁੰਡੇ ਹਾਂ, ਸਰ!" ਉਨ੍ਹਾਂ ਵਿੱਚੋਂ ਇੱਕ ਨੇ ਜਵਾਬ ਦਿੱਤਾ।

"ਦੇਖੋ ਬਈ, ਤੁਹਾਡੀ ਕਲਾਸ ਵਿੱਚ ਸੌ ਮੁੰਡਿਆਂ ਦੀ ਐਡਮਿਸ਼ਨ ਹੋ ਚੁੱਕੀ ਹੈ। ਸੱਤਾਂ-ਅੱਠਾਂ ਨੂੰ ਪੜ੍ਹਾਵਾਂਗਾ ਤਾਂ ਨੱਬੇ-ਬਾਨਵੇ ਦਾ ਨੁਕਸਾਨ ਹੋ ਜਾਵੇਗਾ। ਸਮਝੇ ਕਿ ਨਹੀਂ, ਜਾਓ ਹੁਣ, ਜਦੋਂ ਸਾਰੇ ਆ ਜਾਣ, ਫਿਰ ਆਇਓ, ਠੀਕ ਹੈ?"

ਇਕ ਜੋ ਪੜ੍ਹਨ ਲਈ ਕਮਰ ਕੱਸੀ ਬੈਠਾ ਸੀ, ਬੋਲਿਆ- "ਸਰ, ਮੈਂ ਬੜੀ ਦੂਰੋਂ ਪਿੰਡ ਤੋਂ ਆਉਂਦਾ ਹਾਂ।"

"ਇਸੇ ਲਈ ਤਾਂ ਕਹਿ ਰਿਹਾ ਹਾਂ ਤੈਨੂੰ, ਛੇਤੀ ਚਲਾ ਜਾਹ, ਨਹੀਂ ਤਾਂ ਬਾਰਿਸ਼ ਵਿਚ ਫਸ ਜਾਵੇਂਗਾ।"

"ਕਿਉਂ ਬਈ, ਮਾਨਸੂਨ ਤਾਂ ਆ ਗਈ। ਬਿਜਾਈ ਦਾ ਕੰਮ ਸ਼ੁਰੂ ਨਹੀਂ ਹੋਇਆ

ਅਜੇ?"

"ਸੁਰੂ ਹੋ ਗਿਆ, ਮੈਡਮ।"

"ਓ ਬਈ, ਫਿਰ ਤਾਂ ਤੁਹਾਨੂੰ ਆਪਣੇ ਮਾਪਿਆਂ ਦੀ ਮਦਦ ਕਰਨੀ ਚਾਹੀਦੀ ਹੈ! ਆ ਜਾਂਦੇ ਨੇ ਕਾਲਜ ਵਿਚ ਘੁੰਮਣ-

ਫਿਰਨ। ਇਕ ਗੱਲ ਦਾ ਖਿਆਲ ਰੱਖਿਓ।"

"ਜੀ ਮੈਡਮ?"

"ਇਹ ਸਕੂਲ ਨਹੀਂ ਹੈ, ਸਮਝੇ! ਹੁਣ ਤੁਸੀਂ ਕਾਲਜ ਵਿਚ ਆਏ ਹੋ।" ਇਹ ਸਿਧਾਂਤ ਸੀ ਕਾਲਜ ਦੇ ਬਾਰੇ ਵਿਚ, ਜਿਸ ਦੀ ਵਿਆਖਿਆ ਹੋ ਰਹੀ ਸੀ ਕਿ ਇੱਥੇ ਰੋਜ਼ ਪੜ੍ਹਨਾ-ਪੜ੍ਹਾਉਣਾ ਨਿਯਮਾਂ ਦੇ ਵਿਰੁੱਧ ਹੁੰਦਾ ਹੈ।

ਅੱਜ ਤਾਂ ਚੰਗੀ ਡੋਜ਼ ਪਿਲਾ ਰਹੇ ਨੇ ਮੈਡਮ !" ਟੇਢੀਆਂ ਨਜ਼ਰਾਂ ਨਾਲ ਕਿਹਾ ਗਿਆ ਵਾਕ ਸਾਰਿਆਂ ਦੀਆਂ ਸ਼ਰਾਰਤੀ ਅੱਖਾਂ ਨੂੰ ਚਮਕਾ ਗਿਆ। ਮੈਡਮ ਨੇ ਵੀ ਸੁਣ ਲਿਆ ਸੀ।

"ਹਾਂ ਸਰ, ਅਜਿਹੇ ਚਿੱਕੜ ਵਿਚ ਤਾਂ ਆਉਣ ਨੂੰ ਮਨ ਹੀ ਨਹੀਂ ਕਰਦਾ।" ਆਪਣੀ ਕਲਫ਼ ਵਾਲੀ ਸਾੜੀ ਤੇ ਲੱਗੇ ਚਿੱਕੜ ਨੂੰ ਵਿਖਾਉਂਦਿਆਂ ਉਹ ਬੋਲੀ- "ਜੈਪੁਰੀ ਰਜਾਈ ਲੈ ਕੇ ਸੁੱਤੇ ਰਹੋ ਬਸ!"

ਉਨ੍ਹਾਂ ਦੀ ਜੈਪੁਰੀ ਰਜਾਈ 'ਤੇ ਹੋਰ ਵੀ ਚਰਚਾ ਹੁੰਦੀ ਪਰ ਸਾਹਮਣੇ ਤੋਂ ਆਉਂਦੇ ਮੈਡਮ ਪੁਰੀ ਨਜ਼ਰ ਆ ਗਏ।

"ਓ ਮੈਡਮ ਪੁਰੀ, ਜਾ ਰਹੇ ਹੋ, ਏਨੀ ਛੇਤੀ?"

"ਅੱਜ ਤਾਂ ਜਾਣਾ ਹੀ ਪਵੇਗਾ, ਸਰ। ਸਵੀਟੂ ਦੀ ਐਡਮਿਸ਼ਨ ਕਰਵਾਈ ਹੈ ਨੈਸ਼ਨਲ ਕਾਨਵੈਂਟ ਵਿੱਚ। ਉਸ ਦੀ ਟੀਚਰ ਨੂੰ ਮਿਲਣਾ ਹੈ।" ਸਾਰੇ ਜਾਣਦੇ ਸਨ ਕਿ ਮੈਡਮ ਪੁਰੀ ਇਹਦੇ ਲਈ ਬਹੁਤ ਦਿਨਾਂ ਤੋਂ ਯਤਨ ਕਰ ਰਹੇ ਸਨ। ਕਈ ਦਿਨਾਂ ਦੀ ਦੌੜ- ਭੱਜ ਪਿੱਛੋਂ ਉਨ੍ਹਾਂ ਦੀ ਬੇਟੀ ਸਵੀਟੀ ਦੀ ਐਡਮਿਸ਼ਨ ਦੀ ਪ੍ਰਕਿਰਿਆ ਪੂਰੀ ਹੋਈ ਸੀ। ਕਦੇ ਇਹ ਕਾਗਜ਼ ਤੇ ਕਦੇ ਉਹ। ਕਦੇ ਇਹ ਇੰਟਰਵਿਊ ਤੇ ਕਦੇ ਉਹ।

"ਬਈ ਵਾਹ, ਕਿਆ ਬਾਤ ਹੈ! ਐਡਮਿਸ਼ਨ ਹੋ ਗਈ! ਚਲੋ, ਹੁਣ ਤੁਹਾਨੂੰ ਕੁਝ ਰਾਹਤ ਮਿਲੇਗੀ।"

"ਰਾਹਤ ਤਾਂ ਕੀ ਮਿਲੇਗੀ ਮੈਡਮ, ਕਿਵੇਂ ਨਾ ਕਿਵੇਂ ਇੱਕ ਘੰਟਾ ਪਿੱਛੇ ਲੱਗ ਕੇ ਤਿਆਰ ਕਰੋ, ਟਿਫਨ ਲਈ ਸਪੈਸ਼ਲ ਡਿਸ਼ ਬਣਾਓ। ਐਸੀਆਂ-ਵੈਸੀਆਂ ਖਾਣ ਦੀਆਂ ਚੀਜ਼ਾਂ ਤਾਂ ਪਸੰਦ ਹੀ ਨਹੀਂ ਆਉਂਦੀਆਂ ਉਹਨੂੰ। ਫਿਰ ਸਕੂਲ ਬੱਸ ਲਈ ਖੜ੍ਹੇ ਰਹੋ। ਰੋਜ਼ ਲੇਟ ਆਉਂਦੀ ਹੈ ਉਹਦੀ ਬਸ।"

ਏਧਰ-ਓਧਰ ਦੀਆਂ ਕੁਝ ਹੋਰ ਪ੍ਰੇਸ਼ਾਨੀਆਂ ਨੂੰ ਗਿਣਾਵੇ ਮੈਡਮ ਪੁਰੀ, ਉਸ ਤੋਂ ਪਹਿਲਾਂ ਅਖਿਲ ਸਰ ਨੇ ਆਪਣੇ ਵੱਲੋਂ ਉਨ੍ਹਾਂ ਦਾ ਸਮਰਥਨ ਕੀਤਾ- "ਇਹ ਲੋਕ ਫ਼ੀਸ ਤਾਂ ਲੈ ਲੈਂਦੇ ਨੇ ਪਰ ਸਮੇਂ ਦੇ ਪਾਬੰਦ ਨਹੀਂ ਹੋ ਸਕਦੇ।"

ਮੈਡਮ ਪੁਰੀ ਨੂੰ ਸਹਾਰਾ ਮਿਲਿਆ ਆਪਣੀ ਸੋਚ ਨੂੰ ਬਲ ਦੇਣ ਦਾ– "ਵੇਖੋ ਨਾ, ਤਿੰਨ ਦਿਨ ਹੋ ਗਏ ਉਹਨੂੰ ਸਕੂਲ ਜਾਂਦਿਆਂ, ਨਾ ਕੋਈ ਹੋਮ-ਵਰਕ ਦਿੱਤਾ, ਨਾ ਹੀ ਕੁਝ ਸਿਖਾਇਆ। ਸਰ, ਕਾਂਤ ਸਰ, ਤੁਸੀਂ ਉੱਧਰ ਹੀ ਜਾਂਦੇ ਹੋ ਨਾ, ਨੈਸ਼ਨਲ ਕਾਨਵੈਂਟ ਵੱਲ?"

"ਹਾਂ ਮੈਡਮ, ਮੈਂ ਜਾ ਹੀ ਰਿਹਾ ਹਾਂ। ਆਓ, ਤੁਹਾਨੂੰ ਛੱਡ ਦੇਵਾਂਗਾ।"

"ਥੈਂਕ ਯੂ ਸਰ।"

ਲਹਿਰਾਉਂਦੇ ਪੱਲੂ ਨੂੰ ਕਮਰ ਵਿੱਚ ਟੰਗ ਕੇ ਇੱਕ ਹੱਥ ਨਾਲ ਹੈਂਡਲ ਫੜ ਕੇ ਸਕੂਟਰ ਦੇ ਪਿੱਛੇ ਵਾਲੀ ਸੀਟ 'ਤੇ ਬੈਠ ਜਾਂਦੀ ਹੈ ਉਹ। ਕਿਤਾਬਾਂ ਦਾ ਬੈਗ ਹੱਥ ਵਿਚ ਸੀ ਇਕ ਸ਼ੋ-ਪੀਸ ਵਾਂਗ। ਉਹਨੂੰ ਲਿਆਂਦਾ ਹੀ ਇਸ ਲਈ ਗਿਆ ਸੀ ਕਿ ਵੇਖਣ ਵਾਲੇ ਕਹਿਣ– 'ਕਿੰਨਾ ਕੰਮ ਹੁੰਦਾ ਹੈ ਪੜ੍ਹਾਉਣ ਦਾ!'

ਸਕੂਟਰ ਦੀ ਧੜ-ਧੜ, ਭੜ-ਭੜ ਵਿਚ ਮੈਡਮ ਦੀਆਂ ਪ੍ਰੇਸ਼ਾਨੀਆਂ ਵਧ-ਚੜ੍ਹ ਕੇ ਬਾਹਰ ਆ ਰਹੀਆਂ ਸਨ।

"ਵੇਖੋ ਸਰ, ਪੂਰੇ ਪੱਚੀ ਹਜ਼ਾਰ ਲੱਗੇ ਨੇ ਨਰਸਰੀ ਵਿਚ ਐਡਮਿਸ਼ਨ ਦੇ। ਹਜ਼ਾਰ ਹਰ ਮਹੀਨੇ ਅਤੇ ਉਸ ਤੇ ਕਦੇ ਗਰੁੱਪ ਫੋਟੋ ਤੇ ਕਦੇ ਫੀਲਡ ਟ੍ਰਿਪ ਦੇ।"

"ਪਤਾ ਹੈ ਮੈਡਮ, ਮੇਰੀ ਪੋਤੀ ਵੀ ਉੱਥੇ ਹੀ ਪੜ੍ਹਦੀ ਹੈ। ਜਿੰਨੇ ਰੁਪਿਆਂ ਵਿਚ ਅਸੀਂ ਐੱਮ ਏ ਕਰ ਗਏ, ਉਨੇ ਵਿਚ ਅੱਜ ਦੇ ਬੱਚੇ ਨਰਸਰੀ-ਕੇਜੀ ਪਾਸ ਕਰ ਲੈਣ ਤਾਂ ਬਹੁਤ ਹੈ।"

"ਜੀ ਹਾਂ, ਬਿਲਕੁਲ ਸਹੀ ਕਿਹਾ ਤੁਸੀਂ। ਮਹਿੰਗਾਈ ਦਾ ਮਾਰਿਆ ਕੋਈ ਹੋਰ ਹੋਵੇ ਨਾ ਹੋਵੇ ਪਰ ਇਹ ਸਾਰੇ ਪ੍ਰਾਈਵੇਟ ਸਕੂਲ ਜ਼ਰੂਰ ਹਨ। ਚੰਗੀ ਤਰ੍ਹਾਂ ਨਿਚੋੜ ਲੈਂਦੇ ਨੇ ਮਾਪਿਆਂ ਨੂੰ! ਅਤੇ ਉਹਦੇ ਪਾਪਾ ਕਹਿੰਦੇ ਨੇ ਕਿ- 'ਬਾਰਿਸ਼ ਵਿੱਚ ਨਾ ਭੇਜਿਆ ਕਰ ਬੱਚੇ ਨੂੰ।' ਦੱਸੋ ਤਾਂ, ਇੰਨੀ ਫ਼ੀਸ ਭਰਾਂਗੇ ਅਤੇ ਸਕੂਲ ਨਹੀਂ ਭੇਜਾਂਗੇ ਤਾਂ ਬੱਚੇ ਪੜ੍ਹਨਗੇ ਕੀ! ਅਜਿਹੀ ਬਾਰਿਸ਼ ਦੀ ਝੜੀ ਤਾਂ ਮਹੀਨੇ ਭਰ ਤੱਕ ਰਹੇਗੀ ਤਾਂ ਕੀ ਰੋਜ਼ ਹੀ ਸਕੂਲ ਨਹੀਂ ਜਾਣਗੇ! ਕੁਝ ਭਿੱਜਣਗੇ, ਡਿੱਗਣਗੇ, ਪੜ੍ਹਨਗੇ,ਤਾਂ ਹੀ ਤਾਂ ਬੋਲਡ ਹੋਣਗੇ! ਬਸ ਸਰ, ਇੱਥੇ ਹੀ ਉਤਾਰ ਦਿਓ, ਥੈਂਕਯੂ ਸੋ ਮਚ ਸਰ।"

ਆਪਣਾ ਸਕੂਟਰ ਪਾਰਕ ਕਰਕੇ ਖਿਆਲਾਂ ਦੀ ਦੁਨੀਆ ਤੋਂ ਆਪਣੇ ਮੇਜ਼ 'ਤੇ ਪਹੁੰਚਦੇ ਹਨ, ਜਿੱਥੇ ਅਨਾਮਿਕਾ ਆ ਕੇ ਉਨ੍ਹਾਂ ਨੂੰ ਜ਼ੋਰ ਨਾਲ ਹਿਲਾ ਰਹੀ ਸੀ। ਉਹ ਤ੍ਰਭਕ ਪਏ। ਅਧਿਕਾਰ ਅਤੇ ਫਰਜ਼ ਵਿੱਚ ਅੰਤਰ ਸਮਝਾਉਣ ਨੂੰ ਤਿਆਰ ਸਨ।

"ਦਾਦਾ ਜੀ, ਅੱਧਾ ਘੰਟਾ ਹੋ ਗਿਆ।"

"ਹਾਂ ਬੇਟੇ, ਪਹਿਲਾਂ ਮੈਂ ਤੈਨੂੰ ਹਿੰਦੀ ਵਿੱਚ ਸਮਝਾ ਦਿੰਦਾ ਹਾਂ, ਫਿਰ ਅੰਗਰੇਜ਼ੀ ਵਿੱਚ ਲਿਖਵਾ ਦਿਆਂਗਾ। ਠੀਕ ਹੈ?"

"ਠੀਕ ਹੈ ਦਾਦਾ ਜੀ।"

"ਚਲੋ, ਰਾਈਟਸ ਯਾਨੀ ਅਧਿਕਾਰ। ਯਾਨੀ ਜੋ ਸਾਡਾ ਹੱਕ ਹੈ ਉਹ ਸਾਨੂੰ ਮਿਲਣਾ ਹੀ ਚਾਹੀਦਾ ਹੈ। ਇਹ ਇੱਕ ਬਹੁਤ ਸਰਲ ਸ਼ਬਦ ਹੈ। ਇਹ ਕਿਸੇ ਨੂੰ ਸਮਝਾਉਣਾ ਨਹੀਂ ਪੈਂਦਾ। ਇਹਦਾ ਅਰਥ ਸਭ ਨੂੰ ਜਨਮਘੁਟੀ ਵਿੱਚ ਹੀ ਪਿਆ ਦਿੱਤਾ ਜਾਂਦਾ ਹੈ, ਜੋ ਜ਼ਿੰਦਗੀ-ਭਰ ਖੂਨ ਦੀ

ਹਰ ਬੂੰਦ ਨਾਲ ਪ੍ਰਵਾਹਿਤ ਹੁੰਦਾ ਰਹਿੰਦਾ ਹੈ। ਅਤੇ ਡਿਊਟੀਜ਼, ਯਾਨੀ ਫਰਜ਼ ਜੋ ਸਾਨੂੰ ਕਰਨੇ ਚਾਹੀਦੇ ਹਨ। ਅਧਿਕਾਰ ਅਤੇ ਫਰਜ਼ ਇੱਕ ਦੂਜੇ ਦੇ ਆਪੋਜ਼ਿਟ ਹਨ। ਇਕੱਠੇ ਕਦੇ ਨਹੀਂ ਰਹਿ ਸਕਦੇ।"

ਬੱਚੀ ਇੱਕ-ਟਕ ਉਨ੍ਹਾਂ ਦਾ ਮੂੰਹ ਵੇਖ ਰਹੀ ਸੀ। ਉਨ੍ਹਾਂ ਦੇ ਅੰਦਰ ਦਾ ਪ੍ਰੋਫ਼ੈਸਰ ਜਾਗ ਚੁੱਕਿਆ ਸੀ। ਉਹ ਤਾਂ ਆਪਣੀ ਧੁਨ ਵਿੱਚ ਬੋਲੀ ਜਾ ਰਹੇ ਸਨ- "ਆਈ ਥਿੰਕ ਬੇਟੇ, ਇਸ ਫਰਜ਼ ਸ਼ਬਦ ਨੂੰ ਡਿਕਸ਼ਨਰੀ ਤੋਂ ਹਟਾ ਦੇਣਾ ਚਾਹੀਦਾ ਹੈ, ਕਿਉਂਕਿ ਭਾਸ਼ਾ-ਵਿਗਿਆਨ ਕਹਿੰਦਾ ਹੈ ਕਿ ਜੇ ਕੋਈ ਸ਼ਬਦ ਲੰਮੇ ਸਮੇਂ ਤਕ ਨਹੀਂ ਵਰਤਿਆ ਜਾਂਦਾ ਤਾਂ ਉਹ ਅਲੋਪ ਹੋ ਜਾਂਦਾ ਹੈ। ਸੱਚ ਤਾਂ ਇਹ ਹੈ ਕਿ ਸ਼ਬਦਾਂ ਦਾ ਵੀ ਫੈਸ਼ਨ ਚੱਲਦਾ ਹੈ। ਜਿਵੇਂ ਕੱਪੜਿਆਂ, ਜੁੱਤੀਆਂ ਦਾ ਫੈਸ਼ਨ ਬਦਲਦਾ ਰਹਿੰਦਾ ਹੈ, ਉਵੇਂ ਹੀ ਸ਼ਬਦਾਂ ਦੇ ਪ੍ਰਚਲਨ ਦਾ ਵੀ ਫ਼ੈਸ਼ਨ ਬਦਲਦਾ ਰਹਿੰਦਾ ਹੈ। ਕਦੇ ਮੰਦਰ-ਮਸਜਿਦ ਦਾ ਫੈਸ਼ਨ ਤੇ ਕਦੇ ਆਤੰਕਵਾਦ ਦਾ ਫੈਸ਼ਨ। ਕਦੇ ਵਿਦੇਸ਼ੀ ਹੱਥ ਦਾ ਫੈਸ਼ਨ ਤੇ ਕਦੇ ਮੋਦੀ-ਟਰੰਪ ਦਾ ਫੈਸ਼ਨ। ਕੁਝ ਹੀ ਮਹੀਨਿਆਂ ਵਿੱਚ ਇਹ ਸਾਰੇ ਆਊਟ ਆਫ ਫੈਸ਼ਨ ਹੋ ਜਾਂਦੇ ਹਨ। ਫ਼ਰਜ਼ ਸ਼ਬਦ ਵਰ੍ਹਿਆਂ ਤੋਂ ਆਊਟ ਆਫ ਫੈਸ਼ਨ ਹੋ ਗਿਆ ਹੈ। ਜੇ ਤੂੰ ਜ਼ਿੰਦਗੀ ਸਹੀ ਢੰਗ ਨਾਲ ਜਿਉਣੀ ਹੈ ਤਾਂ ਵੱਡੇ ਵੱਡੇ ਵਿਦਵਾਨਾਂ ਦਾ ਕਹਿਣਾ ਮੰਨੋ, ਜਿਨ੍ਹਾਂ ਨੇ ਕਿਹਾ ਹੈ ਕਿ ਕੋਈ ਕੰਮ ਕਰਦੇ ਸਮੇਂ ਖ਼ੁਦ ਨੂੰ ਮਹਾਮੂਰਖ ਘੋਸ਼ਿਤ ਕਰ ਦਿਓ। ਨਾ ਕੰਮ ਕਰੋਗੇ, ਨਾ ਗ਼ਲਤੀ ਹੋਵੇਗੀ, ਨਾ ਡਾਂਟ ਪਵੇਗੀ, ਨਾ ਟੈਂਨਸ਼ਨ ਹੋਵੇਗੀ, ਨਾ ਹਾਰਟ-ਅਟੈਕ ਹੋਵੇਗਾ। ਆਖ਼ਰ ਜਾਨ ਹੈ ਤਾਂ ਜਹਾਨ ਹੈ। ਯਾਨੀ ਅਧਿਕਾਰ ਸਮਝਦੇ ਸਮੇਂ ਬੁੱਧੀਜੀਵੀ ਅਤੇ ਫਰਜ਼ ਸਮਝਦੇ ਸਮੇਂ ਬੁੱਧੂਜੀਵੀ ਬਣ ਜਾਓ!"

ਪ੍ਰੋਫ਼ੈਸਰ ਸਾਹਿਬ ਬੋਲੀ ਜਾ ਰਹੇ ਸਨ। ਉਹ ਭੁੱਲ ਗਏ ਸਨ ਕਿ ਸਾਹਮਣੇ ਉਨ੍ਹਾਂ ਦਾ ਪੀਐੱਚ ਡੀ ਦਾ ਵਿਦਿਆਰਥੀ ਨਹੀਂ ਹੈ, ਸਗੋਂ ਛੋਟੀ ਜਿਹੀ ਬੱਚੀ ਹੈ, ਜੋ ਹੱਥ ਵਿੱਚ ਕਾਪੀ-ਪੈੱਨ ਲੈ ਕੇ ਕੁਰਸੀ ਦੀ ਬਾਂਹ ਨਾਲ ਸਿਰ ਟਿਕਾਈ ਆਪਣੀ ਝਪਕੀ ਲੈਣ ਦਾ ਅਧਿਕਾਰ ਪ੍ਰਾਪਤ ਕਰ ਚੁੱਕੀ ਹੈ।

ਪ੍ਰੋਫ਼ੈਸਰ ਸਾਹਿਬ ਨੇ ਲੰਮਾ ਸਾਹ ਲਿਆ, ਜਿਵੇਂ ਉਨ੍ਹਾਂ ਦਾ ਫਰਜ਼ ਪੂਰਾ ਹੋ ਗਿਆ ਸੀ।

□□□

# ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਮਾਨਵੀ-ਹੋਂਦ ਦਾ ਅਧਿਆਤਮਕ ਪ੍ਰਵਚਨ

*ਡਾ. ਮਨਿੰਦਰ ਕੌਰ*

ਵਿਅਕਤੀਗਤ ਅਤੇ ਸਮਾਜਿਕ ਪੱਧਰ 'ਤੇ ਮਨੁੱਖ ਸਦਾ ਇਕ ਵਿਸ਼ੇਸ਼ ਪ੍ਰਕਾਰ ਦੀ ਦੋਹਰੀ ਪ੍ਰਵਿਰਤੀ ਦਾ ਧਾਰਨੀ ਹੈ, ਜਿਸ ਵਿਚ ਮਨੁੱਖ ਦੀ ਬਣਤਰ ਅਤੇ ਸੰਸਾਰ ਵਿਚ ਇਸ ਦੀ ਹੋਂਦ ਦਾ ਨੁਕਤਾ ਆ ਜਾਂਦਾ ਹੈ। ਇਸ ਨੁਕਤੇ ਨੂੰ ਜੇਕਰ ਅਸੀਂ ਅਸਤਿਤਵ੍ਵਾਦੀ ਦਰਸ਼ਨ ਦੇ ਨਜ਼ਰੀਏ ਤੋਂ ਵੇਖੀਏ ਤਾਂ ਇਹ ਮਨੁੱਖੀ-ਹੋਂਦ ਨਾਲ ਸੰਬੰਧਿਤ ਪਰਸਪਰ ਦੋ ਸਥਿਤੀਆਂ ਦੀ ਤੁਲਨਾ ਮਨੁੱਖੀ-ਹੋਂਦ ਦੀ ਸੰਕਟਮਈ ਸਥਿਤੀ ਨਾਲ ਸੰਬੰਧਿਤ ਹੈ। ਇਨ੍ਹਾਂ ਵਿਚੋਂ ਇਕ ਸਥਿਤੀ ਮਨੁੱਖੀ ਪ੍ਰਕਿਰਤੀ ਨਾਲ ਸੰਬੰਧਿਤ ਹੈ ਅਤੇ ਦੂਜੀ ਪ੍ਰਕਿਰਤੀ ਤੋਂ ਅਲਹਿਦਗੀ ਨਾਲ, ਜੋ ਸਮੇਂ ਅਤੇ ਸਥਾਨ (time and space) ਵਿਚ ਹੋਣ ਕਰਕੇ ਸੀਮਿਤ ਹੈ। ਇਸ ਸੀਮਿਤਤਾ ਦੀ ਚੇਤਨਾ ਤੋਂ ਚਿੰਤਾ ਉਪਜਦੀ ਹੈ ਜੋ ਮਾਨਸਿਕ ਪੱਧਰ ਉੱਤੇ ਦੁੱਖਾਂ ਦਾ ਕਾਰਨ ਬਣਦੀ ਹੈ। ਇਹ ਦੁੱਖ ਹੀ ਮਨੁੱਖ ਦੀ ਅਰਥ-ਵਿਹੂਣਤਾ, ਨਿਰੰਤਰ ਇਕੱਲਤਾ ਅਤੇ ਖੋਖਲੇਪਣ ਦੇ ਅਹਿਸਾਸ ਨੂੰ ਉਤਪੰਨ ਕਰਦਾ ਹੈ।[1] ਪ੍ਰਸਿੱਧ ਅਸਤਿਤ੍ਵਵਾਦੀ ਚਿੰਤਕ ਜੀਨ ਪਾਲ ਸਾਰਤਰ (Jean Paul Sartre) ਵੀ ਮਨੁੱਖੀ-ਹੋਂਦ ਸੰਬੰਧੀ ਸੰਕਟਗ੍ਰਸਤ ਦਸ਼ਾ ਦਾ ਵਰਣਨ ਇਨ੍ਹਾਂ ਸਥਿਤੀਆਂ ਨੂੰ ਹੀ ਕਿਆਸ ਕਰਦਾ ਹੈ ਪਰ ਉਹ ਇਸ ਅਸਤਿਤ੍ਵਵਾਦੀ ਦ੍ਰਿਸ਼ਟੀਕੋਣ ਨੂੰ ਮਾਨਵਵਾਦੀ ਨਜ਼ਰੀਏ ਨਾਲ ਮੇਲ ਦਿੰਦਾ ਹੈ ਅਤੇ ਸੰਭਾਵਿਤ ਆਦਰਸ਼ਕ ਮਨੁੱਖ ਦਾ ਸੰਕਲਪ ਵੀ ਪ੍ਰੋਖ ਰੂਪ ਵਿਚ ਪੇਸ਼ ਕਰਦਾ ਹੈ।[2] ਇਹ ਸੰਭਾਵਿਤ ਆਦਰਸ਼ ਮਨੁੱਖ ਹੀ ਸੰਸਾਰ ਦੇ ਭਵਿੱਖ ਦਾ ਰੂਪਕ ਬਣਦਾ ਹੈ, ਜਿਸ ਨੂੰ ਹਰ ਅਧਿਆਤਮਿਕਵਾਦੀ ਫ਼ਲਸਫਾ ਵੀ ਆਪਣੀ ਅਧਿਐਨ ਵਸਤੂ ਵਜੋਂ ਗ੍ਰਹਿਣ ਕਰਦਾ ਆਇਆ ਹੈ।

ਇਸ ਪ੍ਰਸੰਗ ਵਿਚ ਗੁਰੂ ਤੇਗ ਬਹਾਦਰ-ਬਾਣੀ ਵੀ ਮਨੁੱਖੀ-ਹੋਂਦ ਦੇ ਸੰਕਟ ਨੂੰ ਇਸ ਦੀ ਵਿਅਕਤੀਗਤ ਨਾਸ਼ਮਾਨਤਾ ਅਤੇ ਸਮਾਜਿਕ ਅਮਰਤਾ ਦੀ ਦੋਹਰੀ ਦ੍ਰਿਸ਼ਟੀ ਵਿਚ ਵੇਖਦੀ ਹੈ ਅਤੇ ਮਨੁੱਖੀ-ਹੋਂਦ ਦੇ ਅਸਥਾਈ ਤੇ ਸਥਾਈ ਪਹਿਲੂਆਂ ਦੇ ਤਣਾਉ ਨੂੰ ਉਜਾਗਰ ਕਰਕੇ ਉਨ੍ਹਾਂ ਦੇ ਹੱਲ ਕਰਨ ਨੂੰ ਆਪਣੇ ਕਾਵਿ ਦਾ ਮੂਲ ਪੈਰਾਡਾਈਮ ਬਣਾਉਂਦੀ ਹੈ।

*ਅਸਿਸਟੈਂਟ ਪ੍ਰੋਫੈਸਰ, ਪੰਜਾਬੀ*
*ਜੀ.ਜੀ.ਡੀ.ਐੱਸ.ਡੀ ਕਾਲਜ*
*ਖੇੜੀ ਗੁਰਨਾ, ਰਾਜਪੁਰਾ*

ਮਨੁੱਖ ਦੀ ਦੋਹਰੀ ਹਸਤੀ ਮਨੁੱਖ ਦੀ ਉਸ ਮੂਲ ਸਮੱਸਿਆ ਦਾ ਸ੍ਰੋਤ ਹੈ ਜਿਸ ਨੂੰ ਵਾਸਤਵਿਕਤਾ ਅਤੇ ਸੰਭਾਵਨਾ ਦਾ ਨਾਮ ਦਿੱਤਾ ਜਾਂਦਾ ਹੈ। ਗੁਰੂ ਤੇਗ ਬਹਾਦਰ ਦੀ ਰਚਨਾ ਮਨੁੱਖ ਦੀ ਇਸ ਗਿਆਨ ਵਿਹੁਣੀ ਸੰਕਟਮਈ ਹੋਂਦ ਨੂੰ ਪ੍ਰਤੱਖ ਰੂਪ ਵਿਚ ਆਪਣੀ ਅਧਿਐਨ ਵਸਤੂ ਬਣਾਉਂਦੀ ਹੈ ਅਤੇ ਉਨ੍ਹਾਂ ਦੀ ਬਾਣੀ ਵਿਚ ਅਧਿਆਤਮਿਕ ਰਹੱਸਵਾਦ ਦਾ ਪ੍ਰਬਲ ਸਵਰ ਮੌਜੂਦ ਹੈ, ਜਿਸ ਵਿਚ 'ਅੰਤਿਮ-ਮੂਲ' (The One) ਨੂੰ ਮਨੁੱਖ ਉੱਤੇ ਕੇਂਦਰਿਤ ਤੇ ਮਨੁੱਖ ਅੰਦਰ ਸਥਿਰ ਮੰਨਦਾ ਹੈ। ਇਸ ਕਾਰਨ ਹੀ ਮਨੁੱਖੀ-ਹੋਂਦ ਅਤੇ ਇਸ ਨਾਲ ਸੰਬੰਧਿਤ ਮਸਲੇ ਉਨ੍ਹਾਂ ਦੀ ਬਾਣੀ ਚੇਤਨਾ ਤੇ ਚਿੰਤਨ ਦੇ ਕੇਂਦਰ ਵਿਚ ਸਥਿਰ ਹਨ। ਗੁਰੂ ਕਵੀ ਦੀ ਬਾਣੀ ਅਧੀਨ ਮਨੁੱਖ 'ਕਾਵਿ ਮੈਂ' ਦੇ ਸੰਬੋਧਕ ਵਜੋਂ ਸਿਰਜਿਆ ਗਿਆ ਹੈ ਅਤੇ ਬਾਕੀ ਮਨੁੱਖ ਵੀ ਇਸ ਕੇਂਦਰੀ 'ਕਾਵਿ ਮੈਂ' ਦੀਆਂ ਸਮੱਸਿਆਵਾਂ, ਅਕਾਂਖਿਆਵਾਂ ਅਤੇ ਸੰਭਾਵਨਾਵਾਂ ਦੇ ਸੰਦਰਭ ਵਿਚੋਂ ਹੀ ਉਜਾਗਰ ਹੁੰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਵਸਤੂਯਥਾਰਥ ਤੇ ਸਮੂਹ ਦੇ ਦ੍ਰਿਸ਼ਟੀਕੋਣ ਤੋਂ ਮਨੁੱਖ ਨੂੰ ਵੇਖਣ ਦੇ ਨਜ਼ਰੀਏ ਨੂੰ ਤਿਆਗ ਕੇ ਮਨੁੱਖ ਦੇ ਦ੍ਰਿਸ਼ਟੀਕੋਣ ਤੋਂ ਸਮੂਹ ਤੇ ਵਸਤੂ ਯਥਾਰਥ ਨੂੰ ਵੇਖਣ, ਸਮਝਣ ਤੇ ਸਮਝਾਉਣ ਦਾ ਜਤਨ ਕੀਤਾ ਗਿਆ ਹੈ। ਜਿਵੇਂ :

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ।।
ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨ।।

ਸਲੋਕ ਮ.-9, ਪੰਨਾ-1427

ਗੁਰੂ ਕਵੀ ਦੀ ਬਾਣੀ ਮਨੁੱਖ ਦੇ ਨਿੱਜੀ ਅਨੁਭਵ ਨੂੰ ਉਸ ਦੀ ਵਾਸਤਵਿਕਤਾ ਵਿਚ ਸਵੀਕਾਰਦੀ ਹੈ। ਉਨ੍ਹਾਂ ਅਨੁਸਾਰ ਮਨੁੱਖ ਭੌਤਿਕ ਚੌਗਿਰਦੇ, ਪਿਤਰੀ ਸੰਸਕਾਰਾਂ ਜਾਂ ਮਨੋਵਿਗਿਆਨਿਕ ਨੇਮਾਂ ਦੁਆਰਾ ਨਿਰਧਾਰਿਤ ਹੋਣ ਦੀ ਬਜਾਇ ਆਪਣੇ 'ਸਵੈ' ਦੁਆਰਾ ਹੀ ਨਿਰਮਿਤ ਹੁੰਦਾ ਹੈ ਅਤੇ ਇਹ 'ਸਵੈ' ਨਿਰਮਾਣ ਪ੍ਰਤੱਖ ਰੂਪ ਵਿਚ ਮਨੁੱਖ ਦੇ ਜੀਵਨ ਉਦੇਸ਼ ਨਾਲ ਸੰਬੰਧ ਰੱਖਦਾ ਹੈ। ਮਨੁੱਖ ਦਾ ਜੀਵਨ ਉਦੇਸ਼ 'ਸਵੈ' ਦੀ ਸਿਰਜਨਾ ਅਤੇ ਆਪਣੇ ਮੂਲ ਦੀ ਪਹਿਚਾਣ ਕਰਨਾ ਹੈ, ਜਿਨ੍ਹਾਂ ਕਾਰਜਾਂ ਵਿਚ ਹੀ ਮਨੁੱਖ ਦੀ ਸਾਰਥਕਤਾ ਦੀ ਰਮਜ਼ ਲੁਪਤ ਹੁੰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸਵੈ ਦੇ ਨਿਰਮਾਣ ਤੇ ਸਵੈ ਦੀ ਪਹਿਚਾਣ ਦੇ ਦੋ ਮੂਲ ਸਰੋਕਾਰਾਂ ਤੇ ਪਾਸਾਰਾਂ ਨੂੰ 'ਸਵੈਚੇਤਨਾ' ਦੇ ਰੂਪ ਵਿਚ ਸਮੋਈ ਰੱਖਦੀ ਹੈ, ਜਿਹੜੀ ਮਨੁੱਖ ਦੀ ਵਿਲੱਖਣ ਤੇ ਨਿਵੇਕਲੀ ਹੋਂਦ (ਅਸਤਿਤ੍ਵਵਾਦੀ ਦਰਸ਼ਨ ਦੇ ਅਨੁਰੂਪ) ਉੱਤੇ ਦ੍ਰਿਸ਼ਟੀ ਕੇਂਦਰਿਤ ਕਰਦੀ ਹੈ। ਇਸ ਵਿਲੱਖਣ ਅਤੇ ਨਿਵੇਕਲੀ ਸੰਕਟਮਈ ਮਨੁੱਖੀ-ਹੋਂਦ ਨਾਲ ਸੰਬੰਧਿਤ ਉਸ ਦੀ ਮੂਲ ਸਮੱਸਿਆ ਮਨੁੱਖ ਦੀ ਆਪਣੀ ਹਕੀਕਤ ਪ੍ਰਤੀ ਅਚੇਤਨਾ ਵਿਚੋਂ ਉਤਪੰਨ ਹੁੰਦੀ ਹੈ। ਇਸ ਅਚੇਤਨਾ ਕਾਰਨ ਮਨੁੱਖੀ-ਮਾਨਸਿਕਤਾ ਵਿਕ੍ਰਿਤੀਆ ਦਾ ਸ਼ਿਕਾਰ ਹੋਇਆ ਸਥਿਰ ਅਤੇ ਅਸਥਿਰ ਵਰਤਾਰਿਆਂ ਵਿਚ ਅੰਤਰ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਇਹ ਅਸਮਰੱਥਤਾ ਹੀ ਮਨੁੱਖੀ-ਹੋਂਦ ਨੂੰ ਨੈਤਿਕ ਸੰਕਟ ਵਿਚ ਪਾਉਂਦੀ ਹੈ।

ਇਸ ਸੰਦਰਭ ਵਿਚ ਦਿਲਚਸਪ ਨੁਕਤਾ ਇਹ ਹੈ ਕਿ ਗੁਰੂ ਕਵੀ ਮਨੁੱਖ ਦੀ ਇਸ ਅਚੇਤਨ ਸਥਿਤੀ ਦਾ ਜ਼ਿੰਮੇਵਾਰ ਖੁਦ ਮਨੁੱਖ ਨੂੰ ਹੀ ਮੰਨਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਮਨੁੱਖ ਇਸ ਅਸਥਿਰ ਤੇ ਨਾਸ਼ਵਰ ਸਰੀਰ ਨੂੰ ਸੱਚ ਮੰਨਕੇ ਬੰਧਨਗ੍ਰਸਤ ਹੋ ਜਾਂਦਾ ਹੈ। ਇਸ ਦੇ ਨਾਲ ਹੀ ਗੁਰੂ ਕਵੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਮਨੁੱਖ ਹਉਮੈ ਗ੍ਰਸਤ ਸਥਿਤੀ ਅਧੀਨ ਇਸ ਸੋਝੀ ਦਾ ਧਾਰਨੀ ਰਹਿੰਦਾ ਹੈ ਕਿ ਉਹ ਪ੍ਰਮਾਤਮਾ ਦੀ ਪ੍ਰਾਪਤੀ ਵੀ ਕਰ ਸਕਦਾ ਹੈ ਪਰ

ਅਗਿਆਨਤਾ ਵੱਸ ਮਨੁੱਖ ਇਸ ਸੋਝੀ ਤੋਂ ਵਿਹੂਣਾ ਹੀ ਰਹਿ ਜਾਂਦਾ ਹੈ। ਜਿਵੇਂ :

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।।

ਸਲੋਕ ਮ.-9, ਪੰਨਾ-1429

ਮਨ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮ।।
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮੁ।।

ਉਹੀ

ਗੁਰੂ ਕਵੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਸਵੈ ਦੇ ਨਿਰਮਾਣ ਅਤੇ ਸਵੈ ਦੀ ਪਹਿਚਾਣ ਦੇ ਮੂਲ ਸਰੋਕਾਰਾਂ ਨਾਲ ਜੋੜਦੀ ਹੋਈ ਉਸ ਨੂੰ ਚੇਤਨਾ ਤੇ ਚਿੰਤਨ ਦੇ ਲੜ ਲਾਉਂਦੀ ਹੈ ਅਤੇ ਅਚੇਨਤਾ ਨੂੰ ਮਨੁੱਖੀ-ਹੋਂਦ ਦੀ ਸੰਕਟਮਈ ਸਥਿਤੀ ਦਾ ਮੂਲ ਕਾਰਨ ਕਿਆਸ ਕਰਦੀ ਹੈ। ਇਸ ਅਚੇਤਨਾ ਦਾ ਮੂਲ ਕਾਰਨ ਮਨੁੱਖ ਦਾ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਿਕਾਰਾਂ ਵਿਚਕਾਰ ਫਸੇ ਰਹਿਣਾ ਹੈ ਅਤੇ ਇਨ੍ਹਾਂ ਵਿਕਾਰਾਂ ਦੇ ਵੱਸ ਮਨੁੱਖ ਗੁਲਾਮੀ ਜਾਂ ਬੰਧਨ ਦਾ ਜੀਵਨ ਜਿਉਂਦਾ ਹੈ ਜਦੋਂ ਕਿ ਮਨੁੱਖ ਦੀ ਮਨੁੱਖਤਾ ਦਾ ਵਾਸਤਵਿਕ ਗੌਰਵ ਆਪਣੇ ਅੰਦਰ ਦੀਆਂ ਇਨ੍ਹਾਂ ਮੂਲ ਪ੍ਰਵਿਰਤੀਆਂ ਨੂੰ ਸਿਧਾਉਣ ਵਿਚ ਹੀ ਉਜਾਗਰ ਹੁੰਦਾ ਹੈ। ਇਸ ਤਰ੍ਹਾਂ ਗੁਰੂ ਕਵੀ ਦੀ ਬਾਣੀ ਮਨੁੱਖ ਨੂੰ ਸੰਜਮਸ਼ੀਲ ਵਿਹਾਰ ਧਾਰਨ ਕਰਨ ਦਾ ਸੰਦੇਸ਼ ਦਿੰਦੀ ਹੈ....(ਇਸ ਬਾਣੀ ਵਿਚ) ਨਿਰੰਕੁਸ਼ ਕਾਮਨਾਵਾਂ ਉੱਤੇ ਸੰਜਮ ਲਾ ਕੇ ਉਸ ਨੂੰ ਸਮਾਜ ਸਾਪੇਖ ਵਿਹਾਰ ਵਿਚ ਰੂਪਾਂਤਰਿਤ ਕਰਨ ਦਾ ਉਪਰਾਲਾ ਕੀਤਾ ਹੈ।3

ਅਧਿਆਤਮਵਾਦੀ ਰਹੱਸਵਾਦੀ ਦਰਸ਼ਨ ਸਮੁੱਚੀ ਕੁਦਰਤ ਨੂੰ ਕਾਦਰ (ਪ੍ਰਮਾਤਮਾ) ਦੇ ਹੁਕਮ ਅਨੁਸਾਰ ਕਾਰਜਸ਼ੀਲ ਕਿਆਸ ਕਰਦਾ ਹੈ ਜਿਸ ਅਧੀਨ ਮਨੁੱਖ ਵੀ 'ਅੰਤਿਮ-ਮੂਲ' ਦੇ ਹੁਕਮ ਅਨੁਸਾਰ ਹੀ ਆਪਣੇ ਕਾਰਜਾਂ ਵਿਚ ਸੰਪੂਰਨਤਾ ਲਿਆਉਣ ਦਾ ਯਤਨ ਕਰਦਾ ਹੈ। "ਦੁੱਖ-ਸੁੱਖ ਮਨੁੱਖ ਦੇ ਜੀਵਨ ਵਿਚ ਰੂਪ ਰੰਗ ਵਟਾ ਕੇ ਆਉਂਦੇ ਰਹਿੰਦੇ ਹਨ। ਇਹ ਕੱਪੜਿਆਂ ਵਾਂਗ ਸਰੀਰ ਦੇ ਨਾਲ ਹੀ ਹਨ।__ਦੁੱਖ ਮਨੁੱਖ ਦੇ ਸਾਰੇ ਭਾਗਾਂ ਨੂੰ ਹੀ ਪੋਹ ਲੈਂਦਾ ਹੈ। ਜੇ ਕੇਵਲ ਰੋਗ ਹੈ, ਤਦ ਵੀ ਮਨ ਦੁਖੀ ਹੁੰਦਾ ਹੈ, ਬੋਧਿਕ ਦੁੱਖ ਵੀ ਹੁੰਦਾ ਹੈ, ਆਤਮਾ ਵੀ ਜਕੜੀ ਹੁੰਦੀ ਹੈ। ਇਹੋ ਹਾਲ ਸੁੱਖ ਦੀ ਦਸ਼ਾ ਦਾ ਹੈ।"[4] ਮਨੁੱਖ ਦੇ ਦੁੱਖਸੁੱਖ ਸਿਰਫ਼ ਸਰੀਰਕ ਪੱਧਰ ਤੱਕ ਹੀ ਸੀਮਤ ਨਹੀਂ ਬਲਕਿ ਇਹ ਮਨੁੱਖ ਦੇ ਮਾਨਸਿਕ ਅਤੇ ਆਤਮਿਕ ਪੱਧਰਾਂ ਨਾਲ ਵੀ ਸੰਬੰਧਿਤ ਹਨ ਪਰ ਮਨੁੱਖ ਇਨ੍ਹਾਂ ਨੂੰ ਸਿਰਫ਼ ਸਰੀਰਕ ਪੱਧਰ ਤੱਕ ਸੀਮਤ ਕਰ ਲੈਂਦਾ ਹੈ। ਸਰੀਰਕ ਪੱਧਰ ਤੱਕ ਸੀਮਿਤ ਕਰਨ ਕਾਰਨ ਹੀ ਮਨੁੱਖ ਸੁੱਖ ਦੀ ਪ੍ਰਾਪਤੀ ਵੱਲ ਅਗ੍ਰਸਰ ਰਹਿੰਦਾ ਹੋਇਆ ਦੁਨਿਆਵੀ ਮਸਲਿਆਂ ਵਿਚ ਗ੍ਰਸਤ ਹੁੰਦਾ ਚਲਿਆ ਜਾਂਦਾ ਹੈ ਅਤੇ ਪ੍ਰਮਾਤਮਾ ਨਾਲੋਂ ਆਤਮਿਕ ਅਤੇ ਮਾਨਸਿਕ ਪੱਧਰ 'ਤੇ ਟੁੱਟ ਜਾਂਦਾ ਹੈ। ਇਸ ਪ੍ਰਸੰਗ ਨੂੰ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਿਭਿੰਨ ਧਰਾਤਲਾਂ ਉੱਤੇ ਵਿਚਾਰਿਆ ਗਿਆ ਹੈ ਜਿਸ ਬਾਰੇ ਡਾ. ਕੇਸਰ ਸਿੰਘ ਕੇਸਰ ਲਿਖਦੇ ਹਨ:

ਮਨੁੱਖ ਦਾ ਮਨੋਬਲ ਜਾਂ ਆਤਮਿਕ ਬਲ ਖੀਣ ਹੋ ਗਿਆ ਹੈ ਤੇ ਉਸ ਨੂੰ ਅਨੇਕ ਪ੍ਰਕਾਰ ਦੇ ਭੈਅ ਨੇ ਘੇਰ ਲਿਆ ਹੈ। ਗੁਰੂ ਸਾਹਿਬ (ਗੁਰੂ ਤੇਗ਼ ਬਹਾਦਰ) ਦੀ ਬਾਣੀ ਵਿਚ ਭੈਅ ਗ੍ਰਸਤ ਮਨੁੱਖ ਦਾ ਜੋ ਚਿਤ੍ਰ ਨਜ਼ਰ ਆਇਆ ਹੈ ਉਹ ਇਕ ਵਿਅਕਤੀ (ਜਾਂ ਵਰਗ ਤੱਕ ਸੀਮਤ ਵਿਅਕਤੀ)

ਦਾ ਨਹੀਂ, ਸਗੋਂ ਸਰਬ ਸਧਾਰਨ ਮਨੁੱਖ ਜਾਂ ਪ੍ਰਾਣੀ ਦਾ ਹੈ। ਉਸ ਦੀ ਬਲਹੀਣਤਾ, ਗੁਰੂ ਸਾਹਿਬ ਦੀ ਦ੍ਰਿਸ਼ਟੀ ਵਿਚ, ਕੇਵਲ ਇਕ ਮਾਨਸਿਕ ਸਮੱਸਿਆ ਹੈ ਜੋ ਉਸ ਦੇ ਪ੍ਰਕਿਰਤੀ ਨਾਲੋਂ, ਰੱਬ ਨਾਲੋਂ ਜਾਂ ਆਪਣੇ ਮੂਲ ਆਪੇ ਨਾਲੋਂ ਨਿਖੜ ਜਾਣ ਸਦਕਾ ਪੈਦਾ ਹੋਈ ਹੈ। ਉਸ ਦਾ ਸੰਕਟ ਧਾਰਮਿਕ ਵਿਜੋਗ ਦਾ ਸੰਕਟ ਹੈ।[5]

ਗੁਰੂ ਕਵੀ ਦੀ ਬਾਣੀ ਮਨੁੱਖ ਦੇ ਮਨ ਅੰਦਰ ਫੁੱਟਦੇ ਦਵੰਦਾਂ ਦੁਆਰਾ ਮਨੁੱਖ ਦੇ ਅਨੇਕਾਂ ਖੰਡਾਂ ਵਿਚ ਵਿਭਾਜਤ ਵਿਅਕਤੀਤਵ ਤੇ ਅੰਤਰਮੁਖੀ ਅਨੁਭਵ ਦੀ ਅਭਿਵਿਅਕਤੀ ਕਰਦੀ ਹੈ। ਸਮਾਜਿਕ-ਸਾਂਸਕ੍ਰਿਤਕ ਕਦਰਾਂ ਕੀਮਤਾਂ ਤੋਂ ਮੁਕਤ ਹੋ ਕੇ ਗੁਰੂ ਕਵੀ ਦੀ ਬਾਣੀ ਦਾ ਕੇਂਦਰੀ ਨੁਕਤਾ ਮਨੁੱਖ ਨੂੰ ਸ਼ੂਨਯਤਾ ਦੀ ਅਵਸਥਾ ਵੱਲ ਆਪਣੀ ਭਾਵਯਾਤਰਾ ਆਰੰਭ ਕਰਨ ਲਈ ਪ੍ਰੇਰਿਤ ਕਰਨਾ ਪ੍ਰਤੀਤ ਹੁੰਦਾ ਹੈ। ਅੰਤਰਮਨ ਵਿਚ ਫੁੱਟਦੇ ਦਵੰਦ ਹੀ, ਮਨੁੱਖੀ-ਹੋਂਦ ਦੇ ਮਾਪਦੰਡ ਅਨੁਸਾਰ, ਮਨੁੱਖ ਦੇ ਆਤਮਗਤ ਯਥਾਰਥ ਨਾਲ ਸੰਬੰਧਿਤ ਹਨ। ਇਨ੍ਹਾਂ ਅੰਤਰ ਦਵੰਦਾਂ ਤੋਂ ਨਿਰਲੇਪਤਾ ਤਦ ਹੀ ਸੰਭਵ ਹੈ ਜਦੋਂ ਮਨੁੱਖ ਸਮਾਜਿਕ ਦੁੱਖ ਅਤੇ ਸੁੱਖ ਨੂੰ ਇਕ ਕਰਕੇ ਸਵੀਕਾਰ ਕਰਦਾ ਹੈ ਅਰਥਾਤ ਸੰਸਾਰਿਕ ਸੁੱਖਾਂ ਦਾ ਤਿਆਗ ਕਰਕੇ ਮਾਨਸਿਕ ਅਤੇ ਆਤਮਿਕ ਪੱਧਰ 'ਤੇ ਸ਼ੁੱਧ ਹੋਕੇ ਪ੍ਰਮਾਤਮਾ ਦੀ ਭਾਲ ਅਧੀਨ ਅਗ੍ਰਸਰ ਹੁੰਦਾ ਹੈ। ਗੁਰੂ ਕਵੀ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਇਹ ਸੰਕਲਪ ਇਸ ਪ੍ਰਕਾਰ ਉਘਾੜਦਾ ਹੈ:

ਸੁਖ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।

ਗਉੜੀ ਮ.-9, ਪੰਨਾ-219

ਇਥੇ ਇਹ ਗੱਲ ਧਿਆਨਦੇਣ-ਯੋਗ ਹੈ ਕਿ ਗੁਰੂ ਕਵੀ ਗੁਰੂ ਤੇਗ਼ ਬਹਾਦਰ ਦੀ ਬਾਣੀ ਅਧੀਨ ਮਨੁੱਖ ਦੀ ਆਤਮਿਕ ਤੇ ਮਾਨਸਿਕ ਉੱਚਤਾ ਤੋਂ ਇਲਾਵਾ ਮਨੁੱਖੀ-ਦੇਹ ਦੀ ਉੱਤਮਾ ਦਾ ਬਿਆਨ ਵੀ ਕੀਤਾ ਗਿਆ ਹੈ। ਦਰਅਸਲ ਗੁਰਮਤਿ ਕਾਵਿਧਾਰਾ ਅਧੀਨ ਮਨੁੱਖੀ ਸਰੀਰ ਨੂੰ ਕਾਇਆ ਦੀ ਸੰਗਿਆ ਦੇ ਕੇ ਇਸ ਨੂੰ ਆਤਮਾ, ਮਨ ਤੇ ਸਰੀਰ ਦੀ ਸੰਯੁਕਤੀ ਸਵੀਕਾਰ ਕੀਤਾ ਗਿਆ ਹੈ। ਮਨੁੱਖੀ-ਜੀਵਨ ਦੀ ਬੁਨਿਆਦ ਇਹੋ ਵਿਅਕਤੀਗਤ ਹੋਂਦ ਹੈ ਜਿਸ ਨੂੰ ਅਧਿਆਤਮਕ ਸ਼ਬਦਾਵਲੀ ਵਿਚ ਸ਼ਖਸ਼, ਵਜੂਦ, ਹਸਤੀ, ਜੀਵ ਆਦਿ ਆਖਿਆ ਗਿਆ ਹੈ ਜਿਹੜਾ ਨਾਸ਼ਮਾਨਤਾ ਦਾ ਧਾਰਨੀ ਹੈ (ਜੋ ਤਨ ਉਪਜਿਆ ਸੰਗ ਹੀ, ਸੋ ਭੀ ਸੰਗ ਨਾ ਹੋਇਆ)। ਗੁਰੂ ਤੇਗ਼ ਬਹਾਦਰ ਦੀ ਬਾਣੀ ਵੀ ਗੁਰਮਤਿ ਕਾਵਿਧਾਰਾ ਦੀ ਇਸ ਸੁਰ ਨਾਲ ਇਕਸੁਰਤਾ ਕਾਇਮ ਕਰਦੀ ਹੋਈ ਮਨੁੱਖੀ ਦੇਹ ਦੀ ਨਾਸ਼ਮਾਨਤਾ ਤੇ ਉੱਤਮਤਾ ਦਾ ਬਿਆਨ ਕਰਦੀ ਹੈ। "ਪਰ ਜਿਸ ਤਰੀਕੇ ਨਾਲ ਨੌਵੇਂ ਗੁਰੂ ਸਾਹਿਬ ਮਾਨਸ ਦੇਹ ਦੀ ਵਡਿਆਈ ਕਰਦੇ ਹਨ ਉਸ ਵਿਚ ਇਸ ਦੇ ਸੰਸਾਰੀ ਕੰਮਾਂ ਲਈ ਲੋੜੀਂਦੇ ਹੋਣ ਦਾ ਕੋਈ ਜ਼ਿਕਰ ਨਹੀਂ, ਉਹ ਅਧਿਆਤਮਿਕ ਕਾਰਜਾਂ ਲਈ ਇਸ ਦੀ ਵਰਤੋਂ ਕਰਨ ਉੱਤੇ ਜ਼ੋਰ ਦੇਂਦੇ ਹਨ। ਇਸ ਦਾ ਅਰਥ ਇਹ ਹੈ ਕਿ ਚਾਹੇ ਮੁਕਤ ਅਵਸਥਾ ਵਿਚ ਵਿਅਕਤੀ ਸਰੀਰ ਤੋਂ ਅਸੰਗ ਹੋ ਜਾਵੇਗਾ ਪਰ ਮੁਕਤੀ ਪ੍ਰਾਪਤ ਤਾਂ ਹੀ ਹੋਵੇਗੀ ਜੇ ਪਹਿਲੋਂ ਸਰੀਰ ਵਲ ਠੀਕ ਵਤੀਰਾ ਧਾਰਨ ਕੀਤਾ ਜਾਵੇਗਾ।"[6] ਇਸ ਲਈ ਗੁਰੂ ਤੇਗ਼ ਬਹਾਦਰ ਜੀ ਲਿਖਦੇ ਹਨ:

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ।
ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ।।

ਗਉੜੀ ਮ.-9, ਪੰਨਾ-220

ਇਸ ਪ੍ਰਕਾਰ ਮਨੁੱਖ ਅਤੇ ਸਮੁੱਚੀ ਮਨੁੱਖ ਜਾਤੀ ਸੰਪੂਰਨ ਰੂਪ ਵਿਚ ਸਮਾਜਿਕ ਬੰਧਨਾਂ ਵਿਚ ਜਕੜੀ ਹੋਈ ਹੈ ਕਿਉਂਕਿ ਮਨੁੱਖ ਦੇ ਹੋਂਦ ਵਿਚ ਆਉਂਦਿਆਂ ਹੀ ਸਮਾਜ ਇਸ ਨੂੰ ਆਪਣਾ ਪ੍ਰਭਾਵਿਤ ਮੈਂਬਰ ਸਵੀਕਾਰ ਕਰ ਲੈਂਦਾ ਹੈ ਅਤੇ ਮਨੁੱਖ ਇਸ ਸਮਾਜ ਅਧੀਨ ਹੀ ਆਪਣੇ ਵਿਹਾਰਕ ਕਾਰਜਾਂ ਅੰਦਰ ਆਪਣਾ ਜੀਵਨ ਬਤੀਤ ਕਰਦਾ ਹੈ। ਇਸ ਕਾਰਨ ਮਨੁੱਖ ਸਮਾਜਿਕ ਗਤੀਵਿਧੀਆਂ ਵਿਚ ਗਰਤ ਹੋ ਕੇ ਰਹਿ ਜਾਂਦਾ ਹੈ ਪਰ ਕੁਝ ਅਜਿਹੇ ਵਿਕੋਲਿਤਰੇ ਪ੍ਰਬੁੱਧ ਤੇ ਚੇਤੰਨ ਮਨੁੱਖ ਵੀ ਹੁੰਦੇ ਹਨ ਜੋ ਅਧਿਆਤਮਕ ਪੱਧਰ ਉੱਤੇ ਆਪਣਾ ਜੀਵਨ ਬਤੀਤ ਕਰਦੇ ਹੋਏ ਪ੍ਰਮਾਤਮਾ ਦੀ ਪ੍ਰਾਪਤੀ ਵੱਲ ਅਗਰਸਰ ਰਹਿੰਦੇ ਹਨ। ਗੁਰਮਤਿ ਕਾਵਿਧਾਰਾ ਅਨੁਸਾਰ ਮਨੁੱਖੀ ਮਨ ਬਹੁਤ ਚੰਚਲ ਹੈ ਅਤੇ ਇਹੀ ਚੰਚਲਤਾ ਮਨੁੱਖੀ ਮਨ ਨੂੰ ਉਸ ਦੇ ਅਸਲ ਉਦੇਸ਼ ਤੋਂ ਪਰ੍ਹੇ ਲੈ ਜਾਂਦੀ ਹੈ ਅਰਥਾਤ ਪ੍ਰਮਾਤਮਾ ਤੋਂ ਦੂਰੀ ਸਥਾਪਤ ਕਰ ਦਿੰਦੀ ਹੈ। "ਗੁਰੂ ਤੇਗ ਬਹਾਦਰ ਦੇ ਵਿਚਾਰ ਅਨੁਸਾਰ ਚੰਚਲ ਮਨ ਦਾ ਮੁੱਢ ਧਨ (ਆਰਥਕ ਵਿਕਾਸ) ਅਤੇ ਉਸ ਤੋਂ ਪੈਦਾ ਹੋਈਆਂ ਲੋਭ, ਪਾਪ, ਕਾਮ, ਤ੍ਰਿਸ਼ਣਾ, ਮਦ ਆਦਿਕ ਹਨ।"[7] ਜਿਵੇਂ ਕਿ ਗੁਰੂ ਸਾਹਿਬ ਨੇ ਸਪੱਸ਼ਟ ਕੀਤਾ ਹੈ:

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰਚੁ ਉਪਜਾਈ।।
ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ।।

ਟੋਡੀ, ਮ.-9, ਪੰਨਾ-718

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਰਚਨਾ ਇਹ ਸਪਸ਼ਟ ਕਰਦੀ ਹੈ ਕਿ ਮਨੁੱਖੀ-ਹੋਂਦ ਦਾ ਮੂਲ ਉਦੇਸ਼ ਲੌਕਿਕਤਾ ਵਿਚ ਰਹਿੰਦੇ ਹੋਏ ਪਾਰਲੌਕਿਕਤਾ ਨੂੰ ਪ੍ਰਾਪਤ ਕਰਨਾ ਭਾਵ ਦੁਨਿਆਵੀ ਸੰਸਾਰ ਵਿਚ ਵਿਚਰਦਿਆਂ ਪ੍ਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨਾ ਹੈ। ਇਸ ਅਭੇਦਤਾ ਨੂੰ ਪ੍ਰਾਪਤ ਕਰਨ ਵਿਚ ਗੁਰਬਾਣੀ ਮਨੁੱਖ ਲਈ ਨਿਸ਼ਚਿਤ ਦਿਸ਼ਾ ਨੂੰ ਨਿਰਧਾਰਿਤ ਕਰਦੀ ਹੈ। ਇਸ ਦਿਸ਼ਾ ਅਨੁਸਾਰ ਮਨੁੱਖ ਲਈ ਇਸ ਸੰਸਾਰ ਵਿਚ ਰਹਿੰਦਿਆਂ ਹੋਇਆ ਮਾਨਵਤਾ ਦੇ ਵਿਕਾਸ ਲਈ ਉਸ ਕੇਂਦਰੀ ਧੁਰੇ ਨਾਲ ਜੁੜੇ ਰਹਿਣਾ ਜ਼ਰੂਰੀ ਹੈ। ਇਸ ਕੇਂਦਰੀ ਧੁਰੇ ਨਾਲ ਆਪਾ ਤੋੜਿਆਂ ਮਾਨਵਤਾ ਸਮੁੱਚੇ ਰੂਪ ਵਿਚ ਸ੍ਰਿਸਟੀ ਦੀ ਉਲੰਘਣਾ ਹੀ ਕਰ ਰਹੀ ਹੋਵੇਗੀ। ਕੇਂਦਰ ਨੂੰ ਪਾਉਣਾ ਹੀ ਉਸ ਦਾ ਸਮੁੱਚਾ ਮਾਨਵੀ ਜੀਵਨ ਲਕਸ਼ ਹੈ।[8] ਇਸ ਪ੍ਰਕਾਰ ਮਨੁੱਖੀ-ਹੋਂਦ ਤੇ ਇਸ ਨਾਲ ਸੰਬੰਧਿਤ ਸਰੋਕਾਰਾਂ ਦੀ ਅਤੇ ਮਨੁੱਖੀ ਲਕਸ਼ਾਂ ਦੀ ਵਿਆਖਿਆ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਅਧਿਆਤਮਿਕ ਪੱਧਰ 'ਤੇ ਹੋਈ ਹੈ ਜਿਸ ਦੀ ਅਧਿਆਤਮਿਕ ਵਿਚਾਰਧਾਰਾ ਪ੍ਰਮਾਤਮਾ ਦਾ ਚਿੰਤਨ ਵੀ ਪੇਸ਼ ਕਰਦੀ ਹੈ ਤੇ ਪ੍ਰਮਾਤਮਾ ਨੂੰ ਸਰਬਸ਼ਕਤੀਮਾਨ, ਬੇਅੰਤ, ਅਜੂਨੀ ਤੇ ਅਕਾਲ ਰੂਪ ਵਿਚ ਚਿਤਰਦੀ ਹੈ ਅਤੇ ਜਿਸ ਨਾਲ ਅਭੇਦਤਾ ਪ੍ਰਾਪਤ ਜਨਮ ਵਿਚ ਹੀ ਪਾਈ ਜਾ ਸਕਦੀ ਹੈ। ਗੁਰੂ ਜੀ ਸਪਸ਼ਟ ਕਰਦੇ ਹਨ :

ਸਾਧੋ ਗਬਿੰਦ ਕੇ ਗੁਨ ਗਾਵਉ।।
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ।।

ਗਉੜੀ ਮ.-9, ਪੰਨਾ-219

ਇਸ ਅਭੇਦਤਾ ਲਈ ਮਨੁੱਖ ਨੂੰ ਗਿਆਨ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਗਿਆਨ ਹੀ

ਪਰਮ ਸੱਚ ਦੀ ਪਛਾਣ ਦਾ ਮੂਲ ਅਧਾਰ ਹੈ ਪਰ ਮਨੁੱਖੀ-ਹੋਂਦ ਦਾ ਦੁਖਾਂਤ ਇਹ ਹੈ ਕਿ ਉਹ ਅਗਿਆਨ ਵੱਸ ਇਸ ਸੱਚ ਦੀ ਪਛਾਣ ਨਹੀਂ ਕਰ ਪਾਉਂਦਾ ਅਤੇ ਸੰਸਾਰਿਕ ਰੁਚੀਆਂ ਅਤੇ ਇਸ ਦੀਆਂ ਮੋਹ ਦੀਆਂ ਤੰਦਾਂ ਵਿਚ ਗ੍ਰਸਤ ਰਹਿੰਦਾ ਹੈ। ਇਹ ਅਜਿਹੀ ਮਾਨਸਿਕ ਅਵਸਥਾ ਹੈ ਜਿਹੜੀ ਮਨੁੱਖ ਨੂੰ ਆਪਣੇ ਅਸਲ ਅਰਥਾਤ ਆਪਣੇ ਮੂਲ ਨਾਲੋਂ ਤੋੜ ਦਿੰਦੀ ਹੈ। ਇਸ ਪ੍ਰਸੰਗ ਵਿਚ ਗੁਰੂ ਕਵੀ ਗੁਰੂ ਤੇਗ ਬਹਾਦਰ ਦੀ ਬਾਣੀ ਮਨੁੱਖ ਨੂੰ ਗਿਆਨ ਪ੍ਰਦਾਨ ਕਰਦੀ ਹੋਈ ਉਸ ਨੂੰ ਮੁੜ ਆਪਣੇ ਮੂਲ-ਸ੍ਰੋਤ ਨਾਲ ਜੁੜਨ ਦੀ ਚੇਤਨਾ ਪ੍ਰਧਾਨ ਕਰਦੀ ਹੈ। ਇਸ ਚੇਤਨਾ ਦੇ ਵਿਕਾਸ ਲਈ ਗੁਰੂ ਕਵੀ ਆਤਮ ਚਿੰਤਨ ਦਾ ਆਦੇਸ਼ ਕਰਦਾ ਹੋਇਆ ਆਪਣੀ ਬਾਣੀ ਅਧੀਨ 'ਆਪਾ ਚੀਨੈ' ਦੀ ਗੱਲ ਕਰਦੇ ਹਨ:

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ।

ਧਨਾਸਰੀ ਮ.-9, ਪੰਨਾ-684

ਗੁਰੂ ਤੇਗ਼ ਬਹਾਦਰ ਦੀ ਸਿਰਜਨਾ, ਮਨੁੱਖ ਅਤੇ ਮਨੁੱਖੀ-ਹੋਂਦ ਦਾ ਜੋ ਸਰੂਪ ਪੇਸ਼ ਕਰਦੀ ਹੈ ਉਹ ਸਿਰਫ਼ ਮਨੁੱਖ ਦੀ ਸੰਕਟਮਈ ਦਸ਼ਾ ਨੂੰ ਹੀ ਨਹੀਂ ਦਰਸਾਉਂਦਾ ਬਲਕਿ ਮਨੁੱਖ ਅੰਦਰ ਇਕ ਅਜਿਹੀ ਸ਼ਕਤੀ, ਅਜਿਹਾ ਬਲ ਪ੍ਰਦਾਨ ਕਰਦਾ ਹੈ ਜਿਸ ਨਾਲ ਮਨੁੱਖ ਆਪਣੀ ਸੰਕਟਮਈ ਸਥਿਤੀ ਵਿਚੋਂ ਉਭਰ ਕੇ ਆਪਣੇ ਮੂਲ ਨਾਲ ਜੁੜ ਸਕਦਾ ਹੈ। ਇਹ ਬਲ ਦਰਅਸਲ ਮਨੁੱਖੀ ਸ਼ਕਤੀ ਦੇ ਕਾਰਜ ਤੇ ਗਤੀ ਦਾ ਨਾਮ ਹੈ। ਸਮੁੱਚਾ ਕਾਰਜ ਗਤੀ ਹੈ ਤੇ ਸਮੁੱਚਾ ਕਾਰਜ ਸ਼ਕਤੀ। ਸਭ ਇੱਛਾਵਾਂ ਸ਼ਕਤੀ ਹਨ। ਸਭ ਭਾਵੁਕਤਾ ਸ਼ਕਤੀ ਹੈ। ਸਭ ਚਿੰਤਨ ਸ਼ਕਤੀ ਹੈ। ਜੀਣਾ ਸ਼ਕਤੀ ਹੈ। ਜੀਵਨ ਸ਼ਕਤੀ ਹੈ ਪਰ ਜੇ ਇਸ ਸ਼ਕਤੀ ਦਾ ਵਹਿਣ ਨਿਰਦਵੰਦ, ਬੇਰੁਕਾਵਟ, ਬਿਨਾ ਕਿਸੇ ਟਕਰਾਓ ਦੇ ਹੋਵੇ ਤਾਂ ਇਹ ਸ਼ਕਤੀ ਅਥਾਹ ਤੇ ਅਨੰਤ ਹੁੰਦੀ ਹੈ। ਜਦੋਂ ਕੋਈ ਰੁਕਾਵਟ ਨਹੀਂ ਹੁੰਦੀ ਤਾਂ ਇਹ ਸ਼ਕਤੀ ਅਸੀਮ ਹੁੰਦੀ ਹੈ। ਇਹ ਰੁਕਾਵਟ ਹੀ ਹੈ ਜੋ ਸ਼ਕਤੀ ਨੂੰ ਸੀਮਤ ਕਰਦੀ ਹੈ।।।।।।।ਤੇ ਜਦੋਂ ਤੱਕ ਸਾਡੇ ਪਰਸਪਰ ਸੰਬੰਧਾਂ।।।।।।ਇਕ ਤੇ ਦੂਜੀ ਵਿਚਾਰਧਾਰਾ ਵਿਚਕਾਰ ਕੋਈ ਰੁਕਾਵਟ ਹੈ, ਅੰਦਰਲੀ ਜਾਂ ਬਾਹਰਲੀ, ਕੋਈ ਸੂਖਮ ਤੋਂ ਸੂਖਮ ਟੱਕਰ ਹੈ, ਉਦੋਂ ਤੱਕ ਸ਼ਕਤੀ ਖੀਣ ਹੁੰਦੀ ਹੈ।9 ਇਸ ਤਰ੍ਹਾਂ ਗੁਰੂ ਕਵੀ ਦੀ ਵਿਚਾਰਧਾਰਾ ਅਨੁਸਾਰ ਮਨੁੱਖ ਅੰਦਰ ਉਸ ਦੀ ਹੋਂਦ ਨਾਲ ਸੰਬੰਧਿਤ ਬਲ ਤੇ ਬੰਧਨ ਦਾ ਇਹ ਦਵੰਦ ਸਦਾ ਹੀ ਬਣਿਆ ਰਹਿੰਦਾ ਹੈ। ਇਸ ਸੰਕਟ ਤੋਂ ਮੁਕਤੀ ਪ੍ਰਾਪਤੀ ਦਾ ਰਹੱਸ ਬਾਣੀ ਅੰਦਰ ਸਮਾਇਆ ਹੋਇਆ ਹੈ। ਗੁਰੂ ਸਾਹਿਬ ਦੀ ਰਚਨਾ, ਉਨ੍ਹਾਂ ਦਾ ਜੀਵਨ, ਉਨ੍ਹਾਂ ਦੀ ਸ਼ਹਾਦਤ ਇਸ ਗੱਲ ਦਾ ਪ੍ਰਮਾਣ ਹੈ ਕਿ ਅਮਲ ਰਾਹੀਂ ਹੀ ਮਨੁੱਖ ਦੀ ਆਤਮਾ ਬਲਵਾਨ ਹੋ ਸਕਦੀ ਹੈ ਅਤੇ ਨਿਰਭੈ ਬਣਦੀ ਹੈ। ਗੁਰੂ ਤੇਗ ਬਹਾਦਰ ਦੀ ਸਿਰਜਨਾ ਮਨੁੱਖ ਨੂੰ ਅਜਿਹੇ ਮਾਨਸਿਕ ਅਮਲ ਲਈ ਪ੍ਰੇਰਦੀ ਹੈ ਜਿਹੜੀ ਉਸ ਦੀ ਹੋਂਦ ਨੂੰ ਅਸਤਿਤਵਕ, ਭਾਵੁਕ, ਮਾਨਸਿਕ ਅਤੇ ਹਰ ਤਰ੍ਹਾਂ ਦੇ ਸੰਕਟ ਤੋਂ ਮੁਕਤ ਕਰ ਚਲਾਏਮਾਨ ਸੰਸਾਰ ਦੀ ਵਾਸਤਵਿਕਤਾ ਦਾ ਬੋਧ ਪ੍ਰਾਪਤ ਕਰਨ ਦੀ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ।

ਇਸ ਤੋਂ ਇਲਾਵਾ ਗੁਰੂ ਕਵੀ ਨੇ ਆਪਣੀ ਸਿਰਜਨਾ ਅਧੀਨ ਮਨੁੱਖੀ ਚੇਤਨਾ ਅਤੇ ਸੰਵੇਦਨਾ ਵਿਚ ਵੈਰਾਗ ਭਾਵ ਪੈਦਾ ਕਰਕੇ ਵੀ ਵਿਦਮਾਨ ਸੰਸਾਰ ਦੀ ਨਾਸ਼ਮਾਨਤਾ ਨੂੰ ਦ੍ਰਿੜ ਕਰਵਾਇਆ ਹੈ ਅਰਥਾਤ ਉਨ੍ਹਾਂ ਨੇ ਮਨੁੱਖ ਨੂੰ ਵਿਭਿੰਨ ਉਪਮਾਵਾਂ ਤੇ ਰੂਪਕਾਂ ਦੁਆਰਾ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜਿਸ ਪ੍ਰਕਾਰ ਫੁੱਲ ਦਾ ਖਿੜਨਾ ਤੇ ਮੁਰਝਾਉਣਾ ਸੱਚ ਹੈ ਉਸੇ

ਪ੍ਰਕਾਰ ਮਨੁੱਖੀ ਜੀਵਨ ਦੀ ਸਿਰਜਨ ਤੇ ਬਿਨਸਣ ਦੀ ਪ੍ਰਕ੍ਰਿਆ ਵੀ ਸੱਚ ਹੈ। ਸੰਸਾਰ ਦੀ ਇਹ ਬਿਨਸਣ ਦੀ ਗੱਲ ਗੁਰੂ ਕਵੀ ਦੀ ਸਿਰਜਨਾ ਵਿਚ ਮਨੁੱਖੀ ਮਨ ਨੂੰ ਸੰਸਾਰ ਨਾਲੋਂ ਤੋੜ ਕੇ ਪਰਮ ਸੱਚ ਨਾਲ ਜੋੜਦੀ ਹੈ ਜਿਸ ਅਧੀਨ ਸੰਸਾਰ ਪ੍ਰਤੀ ਉਪਰਾਮ-ਦ੍ਰਿਸ਼ਟੀਕੋਣ ਉਨ੍ਹਾਂ ਦੀ ਸਿਰਜਨਾ ਦਾ ਉਦੇਸ਼ ਬਣਨ ਦੀ ਬਜਾਇ ਸਾਧਨ ਹੀ ਬਣਦਾ ਹੈ। ਇਸ ਪ੍ਰਕਾਰ ਗੁਰੂ ਕਵੀ ਦੀ ਸਿਰਜਨਾ ਦੇ ਅੰਤਰਗਤ ਸੰਸਾਰ ਦੀ ਨਾਸ਼ਮਾਨਤਾ ਇਕ ਹਕੀਕਤ ਹੈ ਪਰ ਮਨੁੱਖ ਇਸ ਹਕੀਕਤ ਤੋਂ ਭ੍ਰਮਕ ਸਥਿਤੀ ਅਧੀਨ ਅਚੇਤ ਹੀ ਸੰਸਾਰਿਕ ਰੁਚੀਆਂ ਤੇ ਵਿਕਾਰਾਂ ਵਿਚ ਗ੍ਰਸਤ ਰਹਿੰਦਾ ਹੈ। ਅਜਿਹੀ ਸਥਿਤੀ ਵਿਚ ਮਨੁੱਖੀ-ਹੋਂਦ ਇਕ ਪ੍ਰਕਾਰ ਦੇ ਦਵੰਦ ਦੀ ਸ਼ਿਕਾਰ ਹੁੰਦੀ ਹੈ ਜਿਸ ਅਧੀਨ ਮਨੁੱਖ ਸਮਾਜ ਵਿਚ ਵਿਚਰਦਿਆਂ ਹੋਇਆ ਪਰਜੀਵਾਂ (other) ਨੂੰ ਮਰਦਾ ਵੇਖਦਾ ਹੋਇਆ ਵੀ ਆਪਣੇ ਅੰਤਿਮ ਸੱਚ ਤੋਂ ਅਵੇਸਲਾ ਇਸ ਅਸਥਿਰ ਸੰਸਾਰ ਨੂੰ ਅੰਤਿਮ ਸੱਚ ਸਵੀਕਾਰਦਾ ਹੈ। ਗੁਰੂ ਕਵੀ ਦੀ ਸਿਰਜਨਾ ਦਾ ਮੂਲ ਪ੍ਰਯੋਜਨ ਮਨੁੱਖ ਨੂੰ ਅਜਿਹੀ ਅਗਿਆਨ ਤੇ ਭ੍ਰਮਕ ਸਥਿਤੀ ਬਾਰੇ ਗਿਆਨ ਦੇ ਕੇ ਮਨੁੱਖ ਨੂੰ ਹਕੀਕਤ ਤੋਂ ਜਾਣੂ ਕਰਵਾਉਣਾ ਹੈ। ਇਥੇ ਗੁਰੂ ਕਵੀ ਮਨੋਵਿਗਿਆਨਕ ਪੱਧਰ 'ਤੇ ਇਸ ਗੱਲ ਤੋਂ ਭਲੀ-ਭਾਂਤ ਸੁਚੇਤ ਹਨ ਕਿ ਮਨੁੱਖ ਨੂੰ ਦ੍ਰਿਸ਼ਟਮਾਨ ਸੰਸਾਰ ਪ੍ਰਤੀ ਉਪਰਾਮ ਕਰਕੇ ਹੀ ਅਦ੍ਰਿਸ਼ ਅਧਿਆਤਮਕ ਮਾਰਗ ਵੱਲ ਅਗ੍ਰਸਰ ਕੀਤਾ ਜਾ ਸਕਦਾ ਹੈ। ਇਸ ਕਾਰਨ ਗੁਰੂ ਤੇਗ਼ ਬਹਾਦਰ ਦੀ ਸਿਰਜਨਾ ਦੀ ਸੰਵੇਦਨਾ ਦਾ ਮੂਲ ਪ੍ਰਯੋਜਨ ਇਸ ਦਿਸਦੇ ਸੰਸਾਰ ਪਿਛੇ ਅਣਦਿਸਦੀ ਸੱਚਾਈ ਨੂੰ ਅਗਰਭੂਮਿਤ ਕਰਕੇ ਮਨੁੱਖ ਨੂੰ ਅਧਿਆਤਮਿਕ ਤੇ ਰਹੱਸਵਾਦੀ ਮਾਰਗ ਉੱਤੇ ਤੋਰਨਾ ਹੈ। ਇਸ ਵਿਚਾਰ ਨੂੰ ਸਪਸ਼ਟ ਕਰਦੇ ਹੋਏ ਡਾ. ਰਾਮ ਸਿੰਘ ਆਪਣਾ ਮੱਤ ਪੇਸ਼ ਕਰਦੇ ਹਨ:

ਨਾਸ਼ਮਾਨਤਾ ਵੈਰਾਗ ਦਾ ਉਪਰਾਮਤਾ ਵਾਲਾ ਅੰਗ ਬਲਵਾਨ ਕਰਦੀ ਹੈ। ਗੁਰੂ ਸਾਹਿਬ ਉਪਰਾਮਤਾ ਭਾਵ ਜਗਾ ਕੇ ਆਪਣੇ ਪਾਠਕ ਦੇ ਮਨ ਵਿਚ ਐਸੀ ਧਰਤੀ ਤਿਆਰ ਕਰ ਲੈਂਦੇ ਹਨ। ਜਿਸ ਵਿਚ ਨਾਮ ਦਾ ਅਥਵਾ ਨਿਰੰਕਾਰ ਦੇ ਪ੍ਰੇਮ ਦਾ ਬੀਜ ਪਾਉਣਾ ਅਸਾਨ ਹੋ ਜਾਂਦਾ ਹੈ। ਜਦ ਤੱਕ ਮਨੁੱਖ ਦੀ ਬਿਰਤੀ ਸੰਸਾਰੀ ਝਮੇਲਿਆਂ ਵਿਚ ਡੂੰਘੀ ਤਰ੍ਹਾਂ ਲਿਪਾਇਮਾਨ ਹੈ, ਉਹ ਆਤਮਾ ਜਾਂ ਪਰਮਾਤਮਾ ਦੀ ਗੱਲ ਨਹੀਂ ਸੁਣੇਗਾ। ਬਲਕਿ ਇਨ੍ਹਾਂ ਦੀ ਹਕੀਕਤ ਮੰਨਣ ਤੋਂ ਹੀ ਸਿਰ ਫੇਰੇਗਾ। ਜਿਸ ਦੇ ਅੰਦਰ ਆਤਮਕ ਸੱਚ ਦੀ ਲਗਨ ਜਾਗ ਪਵੇ ਉਸਨੂੰ ਦੁਨੀਆ ਦੇ ਝਮੇਲੇ ਬਹੁਤੇ ਭਾਉਂਦੇ ਨਹੀਂ।[10]

ਗੁਰੂ ਕਵੀ ਦੀ ਸ਼ਬਦ-ਸਿਰਜਨਾ ਮਨੁੱਖੀ-ਹੋਂਦ ਨੂੰ ਸੰਸਾਰ ਦੀ ਚਲਾਇਮਾਨਤਾ ਤੋਂ ਜਾਣੂ ਕਰਵਾਉਣ ਦਾ ਮਨੋਰਥ ਮਨੁੱਖੀ ਮਨ ਵਿਚੋਂ ਸੰਸਾਰਿਕ ਪਦਾਰਥਾਂ ਉਪਰ ਕੀਤੇ ਹੰਕਾਰ ਤੇ ਹਉਮੈ ਨੂੰ ਉਭਾਰਨਾ ਹੈ ਕਿਉਂਕਿ ਸਾਰੀਆਂ ਪਦਾਰਥਕ ਵਸਤਾਂ ਉਪਰ ਪਰਿਵਰਤਨਸ਼ੀਲਤਾ ਦਾ ਨਿਯਮ ਲਾਗੂ ਹੁੰਦਾ ਹੈ ਅਤੇ ਇਸੇ ਨਿਯਮ ਅਧੀਨ ਹੀ ਹਰ ਵਸਤ ਆਪਣਾ ਵਜੂਦ ਗਵਾਉਂਦੀ ਹੈ। ਕਈ ਵਾਰ ਭ੍ਰਾਂਤੀ ਵੱਸ ਨਾਸ਼ਮਾਨਤਾ ਨੂੰ ਨਿਰਾਸ਼ਾਵਾਦੀ ਭਾਵਨਾ ਸਮਝ ਲਿਆ ਜਾਂਦਾ ਹੈ ਪਰ ਨਾਸ਼ਮਾਨਤਾ ਦੀ ਭਾਵਨਾ ਵਿਚੋਂ ਉਪਜੀ ਉਪਰਾਮਤਾ ਨਿਰਾਰਥਕ ਅਤੇ ਸਾਰਥਕ ਦੇ ਦੋ ਰੂਪਾਂ ਅਧੀਨ ਪ੍ਰਗਟ ਹੁੰਦੀ ਹੈ।

ਇਸ ਅਧੀਨ ਨਿਰਾਰਥਕਤਾ ਗ੍ਰਹਿਣ ਕਰਨ ਵਾਲੇ ਲੋਕ ਨਿਰਾਸ਼ਾਵਾਦੀ ਹੋ ਨਿਬੜਦੇ ਹਨ ਅਤੇ ਸਾਰਥਕਤਾ ਉਸਾਰੂ ਸੇਧ ਪ੍ਰਦਾਨ ਕਰਦੀ ਹੈ। ਗੁਰੂ ਕਵੀ ਦੀ ਰਚਨਾ ਵਿਚ ਜੀਵਨ ਦੀ ਨਾਸ਼ਮਾਨਤਾ ਨੂੰ ਉਸਾਰੂ ਸੇਧ ਦਿੱਤੀ ਗਈ ਹੈ ਜਿਸ ਕਾਰਨ ਜੀਵਨ ਦਾ ਅਸਥਿਰ ਰੂਪ, ਪੀੜਾ ਤੇ

ਕਰੁਣਾ ਗੁਰੂ ਕਵੀ ਦੀ ਬਾਣੀ ਵਿਚ ਪਾਠਕ/ਸਰੋਤੇ ਨੂੰ ਨਿਰਾਸ਼ਾਮਈ ਨਹੀਂ ਕਰਦਾ। ਦਰਅਸਲ ਸ੍ਰਿਸ਼ਟੀ ਦੀ ਨਾਸ਼ਮਾਨਤਾ ਅਤੇ ਜੀਵਨ ਬਾਰੇ ਨਿਰਾਸ਼ਵਾਦ ਦੇ ਵੱਖ ਵੱਖ ਸੰਕਲਪ ਹਨ। ਜਿਨ੍ਹਾਂ ਨੂੰ ਇਕ ਦੂਜੇ ਤੋਂ ਅਲੱਗ ਨਾ ਕੀਤੇ ਜਾ ਸਕਣ ਕਰਕੇ ਕਈ ਵਿਦਵਾਨ ਉਕਾਈਆਂ ਖਾਂਦੇ ਹਨ। ਨਾਸ਼ਮਾਨਤਾ ਤਾਂ ਦ੍ਰਿਸ਼ਟੀਮਾਨ ਸੰਸਾਰ ਦੀ ਇਕ ਐਸੀ ਹਕੀਕਤ ਹੈ, ਜਿਸ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ। ਜਿਸ ਹਕੀਕਤ ਨੂੰ ਵਿਗਿਆਨੀ ਤੇ ਦਾਰਸ਼ਨਿਕ ਸ੍ਰਿਸ਼ਟੀ ਦੇ ਪਰਿਵਰਤਨ ਦਾ ਨਿਯਮ ਕਹਿੰਦੇ ਹਨ, ਉਸੇ ਨੂੰ ਧਾਰਮਿਕ ਸ਼ਬਦਾਵਲੀ ਵਿਚ ਜੀਵਨ ਦੀ ਛਿਨ ਭੰਗਰਤਾ ਕਿਹਾ ਜਾਂਦਾ ਹੈ। ਵਿਗਿਆਨੀ ਵੀ ਦਾਰਸ਼ਨਿਕ ਦੀ ਤਰ੍ਹਾਂ ਪਰਿਵਰਤਨ ਦੇ ਨਿਯਮ ਦਾ ਅਧਿਐਨ ਤਾਂ ਕਰਦਾ ਹੈ, ਪਰ ਇਸ ਦਾ ਨੈਤਿਕ ਅਤੇ ਆਤਮਿਕ ਸਾਰ ਨਹੀਂ ਉਠਾਉਂਦਾ। ਅਧਿਆਤਮਿਕ ਰੁਚੀਆਂ ਵਾਲਾ ਮਨੁੱਖ ਇਸ ਨੂੰ ਆਪਣੇ ਉਪਯੋਗੀ ਸਾਂਚੇ ਵਿਚ ਢਾਲ ਲੈਂਦਾ ਹੈ। ਦੂਸਰੇ ਪਾਸੇ ਇਹ ਵੀ ਜ਼ਰੂਰੀ ਨਹੀਂ ਕਿ ਹਰ ਨਿਰਾਸ਼ਵਾਦੀ ਮਨੁੱਖ ਨਾਸ਼ਮਾਨਤਾ ਉੱਤੇ ਜ਼ੋਰ ਦੇਵੇ। ਜਿਹੜੇ ਲੋਕ ਜੀਵਨ ਵਿਚ ਬਾਰ ਬਾਰ ਨਾਕਾਮਯਾਬ ਹੁੰਦੇ ਹਨ, ਉਹ ਵਿਸ਼ਾਦ ਭਾਵਾਂ ਨਾਲ ਭਰਪੂਰ ਹੋ ਜਾਂਦੇ ਹਨ ਤੇ ਹੋਰ ਅੱਗੇ ਵੱਧਦੇ ਸਨਕੀ ਬਣ ਜਾਂਦੇ ਹਨ। ਉਨ੍ਹਾਂ ਨੂੰ ਅਸੀਂ 'ਭਾਵੁਕ ਪਰਕਾਰ' ਦੇ ਨਿਰਾਸ਼ਵਾਦੀ ਕਹਿ ਸਕਦੇ ਹਾਂ। ਉਹ ਨਾਸ਼ਮਾਨਤਾ ਦਾ ਜ਼ਿਕਰ ਘਟ ਹੀ ਕਰਦੇ ਹਨ। ਉਂਝ ਦੁਨੀਆ ਨੂੰ ਬੇਈਮਾਨੀ ਕਹਿ ਕੇ ਕੋਸਦੇ ਭਾਵੇਂ ਰਹਿਣ। ਸੋ ਨਿਰਾਸ਼ਾਵਾਦ ਤੋਂ ਨਾਸ਼ਮਾਨਤਾ ਤੱਕ ਪੁੱਜਣਾ ਜ਼ਰੂਰੀ ਹੈ ਨਾ ਨਾਸ਼ਮਾਨਤਾ ਤੋਂ ਨਿਰਾਸ਼ਵਾਦ ਤਕ। ਉਨ੍ਹਾਂ ਨੂੰ ਇਕ ਦੂਜੇ ਨਾਲ ਰਲਗੱਡ ਕਰਨ ਦਾ ਕਾਰਨ ਆਮ ਤੌਰ 'ਤੇ ਅਣਗਹਿਲੀ ਹੁੰਦੀ ਹੈ।11 ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਉੱਤਮ ਮੂਲ ਤਦ ਹੀ ਨਿਸਚਿਤ ਕੀਤਾ ਜਾ ਸਕਦਾ ਹੈ ਜਦੋਂ ਨਾਸ਼ਮਾਨਤਾ ਨੂੰ ਨਿਰਾਸ਼ਾਵਾਦ ਤੋਂ ਨਿਖੇੜ ਕੇ ਵੇਖਿਆ ਜਾਵੇ ਕਿਉਂਕਿ ਗੁਰੂ ਕਵੀ ਨੇ ਕਲਾ ਕੌਸ਼ਲਤਾ ਦੀਆਂ ਉੱਤਮ ਵਿਧੀਆਂ ਦੇ ਪ੍ਰਯੋਗ ਦੁਆਰਾ ਜੀਵਨ ਦੀ ਅਮਾਰਤਾ ਅਤੇ ਇਸ ਨਾਲ ਜੁੜਨ ਵਾਲੇ ਮਨੋਭਾਵਾਂ ਨੂੰ ਵਿਅਕਤ ਕੀਤਾ ਹੈ। ਭਾਵੇਂ ਅਧਿਐਨ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਵਿਧੀਆਂ ਅਤੇ ਇਨ੍ਹਾਂ ਮਨੋਭਾਵਾਂ ਨੂੰ ਨਿਖੇੜਾਵਾਦੀ ਰੁਚੀ ਦੁਆਰਾ ਵਧੇਰੇ ਤਾਰਕਿਕ ਢੰਗ ਨਾਲ ਵਿਚਾਰਿਆ ਜਾ ਸਕਦਾ ਹੈ ਪਰ ਗੁਰੂ ਸਾਹਿਬ ਨੇ ਵੈਰਾਗ ਭਾਵ ਪੈਦਾ ਕਰਨ ਲਈ ਇਨ੍ਹਾਂ ਸੰਕਲਪਾਂ ਨੂੰ ਇਕੱਠਿਆਂ ਹੀ ਪ੍ਰਯੋਗ ਕੀਤਾ ਹੈ। ਸੰਸਾਰ ਦੀ ਨਾਸ਼ਮਨਤਾ ਦੀ ਅਨੁਭੂਤੀ ਮਨੁੱਖੀ ਮਨ ਵਿਚ ਇਕ ਵੈਰਾਗ ਭਾਵਨਾ ਨੂੰ ਦ੍ਰਿੜ ਕਰਵਾਉਂਦੀ ਹੈ ਜਿਹੜੀ ਮਾਇਆ ਦੇ ਸਾਰਥਕ ਪਰਿਤਿਆਗ ਅਤੇ ਬ੍ਰਹਮ ਨਾਲ ਲਿਵਲੀਨਤਾ ਦੀ ਉਤੇਜਨਾ ਉਤਪੰਨ ਕਰਦੀ ਹੈ। ਇਸ ਕਾਰਨ ਹੀ ਗੁਰੂ ਤੇਗ਼ ਬਹਾਦਰ ਦੀ ਰਚਨਾ ਅਧੀਨ ਨਾਸ਼ਮਾਨਤਾ ਦਾ ਅਨੁਭਵ ਅਤੇ ਵੈਰਾਗਮਈ ਭਾਵਨਾ ਬਹੁਤ ਨਿਕਟ ਰੂਪ ਵਿਚ ਵਿਚਰਦੇ ਹਨ। ਵੈਰਾਗ ਗੁਰੂ ਕਵੀ ਦੀ ਸਿਰਜਨਾ ਅਧੀਨ ਅਧਿਆਤਮਿਕਬੋਧ ਦਾ ਕੇਂਦਰੀ ਨੁਕਤਾ ਹੈ ਜਿਸ ਦੁਆਰਾ ਮੋਕਸ਼ ਅਥਵਾ ਬ੍ਰਹਮ ਦੀ ਪ੍ਰਾਪਤੀ ਦਾ ਰਸਤਾ ਖੁੱਲਦਾ ਹੈ। ਭਾਰਤੀ ਸੰਸਕ੍ਰਿਤੀ ਦੇ ਸੰਦਰਭ ਵਿਚ ਤਿਆਗ ਅਤੇ ਵੈਰਾਗ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ ਅਤੇ ਹਿੰਦੂ ਧਰਮ ਦੇ ਪ੍ਰਚੀਨ ਧਰਮ ਗ੍ਰੰਥ ਵਿਚ ਵੈਰਾਗ ਨੂੰ ਪ੍ਰਮੁੱਖ ਧਾਰਮਿਕ ਅਥਵਾ ਅਧਿਆਤਮਿਕ ਕਰੱਤਵ ਵਜੋਂ ਸਤਿਕਾਰਿਆ ਗਿਆ ਹੈ। ਦਰਅਸਲ ਵੈਰਾਗ ਇਕ ਅਜਿਹੀ ਸਥਿਤੀ, ਮਨੋਵਿਰਤੀ ਹੈ ਜਿਸ ਦੁਆਰਾ ਪ੍ਰਾਣੀ ਦਾ ਮਨ ਮੋਹ ਮਾਇਆ ਦੇ ਜੰਜਾਲ ਤੋਂ ਮੁਕਤ ਹੋ ਕੇ ਪਰਮਾਰਥ ਦੀ ਖੋਜ ਵਲ ਅਗ੍ਰਸਰ ਹੁੰਦਾ ਹੈ। ਇਸ ਤਰ੍ਹਾਂ ਵੈਰਾਗ ਹਿੰਦੂਮੱਤ ਦਾ ਇਕ ਸਿਧਾਂਤਕ ਪਦ ਹੈ ਜਿਹੜਾ ਸੰਸਾਰਿਕ ਪਦਾਰਥਾਂ ਦੇ ਤਿਆਗ ਦੇ ਨਾਲ ਨਾਲ ਉਸਤਤਿ, ਨਿੰਦਾ, ਹਉਮੈ ਆਦਿ ਝੂਠੀਆਂ ਕਦਰਾਂ ਕੀਮਤਾਂ ਦੇ ਤਿਆਗ 'ਤੇ ਬਲ ਦਿੰਦਾ ਹੈ। ਵਿਉਂਤਪਤੀ ਦੇ ਪੱਧਰ 'ਤੇ ਵੈਰਾਗ ਸ਼ਬਦ ਦੀ

ਉਤਪਤੀ ਵੈ+ਰਾਗ ਤੋਂ ਹੋਈ ਕਿਆਸ ਕੀਤੀ ਜਾਂਦੀ ਹੈ ਇਸ ਅਧੀਨ 'ਵੈ' ਨਿਰੋਧਕ ਅਗੇਤਰ ਹੈ ਅਤੇ 'ਰਾਗ' ਤੋਂ ਭਾਵ ਮੋਹ, ਖਿੱਚ, ਸਵਾਦ ਆਦਿ ਦਾ ਸੂਚਕ ਸ਼ਬਦ ਹੈ, ਜਿਸ ਨਾਲ ਵੈਰਾਗ ਮੋਹ ਪਰਿਤਿਆਗ ਦਾ ਸਮਅਰਥੀ ਹੋ ਨਿਬੜਦਾ ਹੈ। "ਗੀਤਾ ਅਧੀਨ ਵੀ ਦੁੱਖਾਂ ਦੇ ਪ੍ਰਾਪਤ ਹੋਣ ਤੇ ਜਿਸ ਦਾ ਮਨ ਦੁਖੀ ਨਹੀਂ ਹੁੰਦਾ, ਸੁੱਖਾਂ ਦੀ ਪ੍ਰਾਪਤੀ ਲਈ ਜਿਸ ਦੀ ਚਾਹਣਾ ਨਹੀਂ ਹੈ, ਜਿਸਦੇ ਭੈ ਅਤੇ ਕ੍ਰੋਧ ਨਸ਼ਟ ਹੋ ਗਏ ਹਨ ਉਹ ਵਿਅਕਤੀ ਸਥਿਰ ਬੁੱਧੀ ਵਾਲਾ ਹੈ, ਜਿਹੜਾ ਮਨੁੱਖ ਸਦਾ ਸਨੇਹ ਰਹਿਤ ਹੈ ਅਤੇ ਜਿਹੜਾ ਸਭ ਵਸਤੂਆਂ ਨੂੰ ਪ੍ਰਾਪਤ ਕਰਕੇ ਖੁਸ਼ ਅਤੇ ਅਸ਼ੁਭ ਵਸਤਾਂ ਨੂੰ ਪ੍ਰਾਪਤ ਕਰਕੇ ਦੁਖੀ ਨਹੀਂ ਹੁੰਦਾ, ਉਹ ਸਥਿਰ ਬੁੱਧੀ ਵਾਲਾ ਹੈ।"12 ਵੈਰਾਗ ਦਾ ਇਹ ਭਾਵ ਹੀ ਗੁਰੂ ਤੇਗ਼ ਬਹਾਦਰ ਦੀ ਬਾਣੀ ਅਧੀਨ ਭਾਰਤੀ ਦਰਸ਼ਨ ਨਾਲ ਅੰਤਰ ਪਾਠਕ ਸੰਬੰਧ ਸਥਾਪਿਤ ਕਰਦਾ ਹੋਇਆ ਪ੍ਰਗਟ ਹੁੰਦਾ ਹੈ। ਇਸ ਅਧੀਨ ਹੀ ਪਦਾਰਥਕ ਅਤੇ ਮਾਨਸਿਕ ਦਵੰਦਾਂ ਤੋਂ ਉਪਰ ਉਠੇ ਹੋਏ ਵਾਸਤਵਿਕ ਵੈਰਾਗੀ ਪੁਰਖ ਦੇ ਲੱਛਣ ਦੱਸਦੇ ਹੋਏ ਗੁਰੂ ਜੀ ਲਿਖਦੇ ਹਨ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।।
ਉਸਤਿਤ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਲਾ।।

ਗਉੜੀ ਮ.-9, ਪੰਨਾ-219

ਇਸ ਤਰ੍ਹਾਂ ਭਾਵੇਂ ਦਾਨਸ਼ਵਰਾਂ ਵੱਲੋਂ ਵੈਰਾਗ ਦੇ ਅਰਥ ਉਦਾਸੀਨਤਾ, ਨਿਰਲੇਪਤਾ, ਉਪਰਾਮਤਾ, ਨਿਰਮਹੋਤਾ, ਨਿਰਇੱਛਤਾ ਆਦਿ ਵੀ ਲਏ ਗਏ ਹਨ। ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿਚ ਸਮਾਨਤਾ ਨਹੀਂ ਪਰ ਫਿਰ ਵੀ ਇਨ੍ਹਾਂ ਦੀ ਵਰਤੋਂ ਦੁਆਰਾ ਅਧਿਆਤਮਿਕਤਾ ਦੀਆਂ ਦੋ ਮੁੱਖ ਭਾਵਨਾਵਾਂ ਵਲ ਸੰਕੇਤ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਇਕ ਤਾਂ ਸੰਸਾਰਿਕ ਜੀਵਨ ਦਾ ਵੈਰਾਗਮਈ ਤਿਆਗ ਹੈ ਅਤੇ ਦੂਜੀ ਵਿਚ ਇਸ ਵੈਰਾਗ ਨੂੰ ਉਚੇਰੇ ਪਦਾਂ ਦੀ ਪ੍ਰਾਪਤੀ ਲਈ ਧਾਰਨ ਕਰਨਾ ਹੈ। ਪਹਿਲੀ ਭਾਂਤ ਦਾ ਵੈਰਾਗ ਸੰਨਿਆਸ ਮਾਤ੍ਰ ਹੋਣ ਕਰਕੇ ਅਤੇ ਗ੍ਰਹਿਸਥ ਜੀਵਨ ਵਿਚ ਬਾਧਕ ਹੋਣ ਕਾਰਨ ਗੁਰੂ ਕਵੀ ਦੀ ਬਾਣੀ ਵਿਚ ਮਹੱਤਤਾ ਨਹੀਂ ਪਾਉਂਦਾ। ਸਗੋਂ ਇਸ ਤੋਂ ਉਲਟ ਇਕ ਅਜਿਹੇ ਸਾਰਥਕ ਪਰਿਤਿਆਗ ਦੀ ਲੋੜ ਉੱਤੇ ਬਲ ਦਿੱਤਾ ਗਿਆ ਹੈ ਜਿਹੜਾ ਮਨੁੱਖ ਨੂੰ ਪਦਾਰਥਕ ਜਗਤ ਵਿਚ ਵਿਚਰਦੇ ਹੋਏ 'ਅੰਜਨ ਮਾਹਿ ਨਿਰੰਜਨਿ ਰਹੀਐ' ਦਾ ਸੰਕਲਪ ਦੱਸਦਾ ਹੈ। ਗੁਰੂ ਸਾਹਿਬ ਦੀ ਵੈਰਾਗ ਭਾਵਨਾ ਯੋਗ ਦੇ ਸੰਨਿਆਸ/ਸਮਾਧੀ ਅਤੇ ਕਠਿਨ ਤਪੱਸਿਆ ਆਦਿ ਤੋਂ ਇਕ ਪ੍ਰਕਾਰ ਭਿੰਨ ਹੁੰਦੀ ਹੋਈ ਵੈਰਾਗ ਨੂੰ ਉਚੇਰਿਆ ਆਤਮਿਕ ਪ੍ਰਾਪਤੀਆਂ ਲਈ ਸਾਧਨ ਕਿਆਸ ਕਰਦੀ ਹੈ। ਗੁਰੂ ਕਵੀ ਦੀ ਸਿਰਜਨਾ ਅਧੀਨ ਇਹ ਵੈਰਾਗ ਭਾਵ ਪ੍ਰਮੁੱਖ ਰੂਪ ਵਿਚ ਤਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ ਜਿਸ ਬਾਰੇ ਡਾ. ਤਾਰਨ ਸਿੰਘ ਲਿਖਦਾ ਹੈ:

(1) ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿਚ ਉਨ੍ਹਾਂ ਪਦਾਰਥਾਂ ਤੋਂ ਉਪਰਾਮਤਾ ਹੈ ਜੋ ਇੰਦ੍ਰੀ ਰਸ ਦਾ ਵਿਸ਼ਾ ਹਨ। ਆਪਣੇ ਰੂਪ, ਰਸ, ਸਪਰੱਸ਼, ਸ਼ਬਦ ਗੰਧ ਨਾਲ ਮੋਹਦੀਆਂ ਹਨ। (2) ਉਨ੍ਹਾਂ ਨਿਕਟੀ ਸਾਕਾਂ ਸੰਬੰਧੀਆਂ ਤੋਂ ਉਪਰਾਮਤਾ ਹੈ ਜੋ ਬੜੇ ਮਿੱਠੇ ਅਤੇ ਪਿਆਰੇ ਲੱਗਦੇ ਹਨ ਅਤੇ ਮੋਹ ਜਾਲ ਵਿਚ ਜਕੜੀ ਬੈਠੇ ਹਨ। (3) ਉਨ੍ਹਾਂ ਅਖਾਉਤੀ ਸਾਤਵਿਕ ਕਰਮ ਕਾਂਡ, ਤੀਰਥ, ਵਰਤ, ਨੇਮ, ਜੋਗ, ਸੰਨਿਆਸ ਤੋਂ ਵੀ ਉਪਰਾਮਤਾ ਹੈ, ਜੋ ਹਉਮੈ ਉਤਪੰਨ ਕਰਦੇ ਹਨ ਅਤੇ ਮੁਕਤੀ ਦੇਣ ਦੀ ਥਾਂ ਬੰਧਨ ਰੂਪ ਹੋ ਟਕਰਦੇ ਹਨ।13

ਇਸ ਤਰ੍ਹਾਂ ਸੰਸਾਰ ਪ੍ਰਤੀ ਉਪਰਾਮਤਾ ਅਤੇ ਉਦਾਸੀਨਤਾ ਗੁਰੂ ਸਾਹਿਬ ਦੇ ਵੈਰਾਗ ਅਨੁਭਵ ਦਾ ਵਿਸ਼ੇਸ਼ ਅੰਗ ਹਨ। ਪਦਾਰਥਕ ਜੀਵਨ ਤੋਂ ਉਦਾਸੀਨਤਾ ਅਤੇ ਆਤਮਿਕ ਜੀਵਨ ਵਿਚ ਮਗਨ ਰਹਿਣ ਦੀ ਇੱਛਾ ਵੈਰਾਗਮਈ ਭਾਵਨਾ ਉਤਪੰਨ ਕਰਦੀ ਹੈ। ਗੁਰੂ ਤੇਗ ਬਹਾਦਰ ਦੀ ਵੈਰਾਗ ਭਾਵਨਾ ਦੀ ਸੀਮਾ ਇਨੀ ਵਿਸ਼ਾਲ ਹੈ ਕਿ ਇਹ ਧਨ, ਸੰਪਤੀ, ਸਕੇਸੰਬੰਧੀਆਂ ਅਤੇ ਪਦਾਰਥਕ ਵਸਤਾਂ ਪ੍ਰਤੀ ਵੈਰਾਗ ਤੋਂ ਇਲਾਵਾ ਗੁਰੂ ਸਾਹਿਬ ਆਪਣੇ ਵਿਅਕਤਿਤਵ ਅਤੇ ਦੇਹ ਪ੍ਰਤੀ ਮੋਹ ਅਤੇ ਹੰਕਾਰ ਤੋਂ ਮੁਕਤ ਰਹਿਣ ਦੀ ਵੀ ਪ੍ਰੇਰਣਾ ਦਿੰਦੇ ਹਨ :

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤਿ।।
ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜਾਤ।।

ਸਲੋਕ ਮ.-9, ਪੰਨਾ-1428

ਇਸ ਪ੍ਰਕਾਰ ਗੁਰੂ ਕਵੀ ਦੀ ਰਚਨਾ ਵਿਚਲੀ ਇਹ ਸੰਸਾਰਿਕ ਨਾਸ਼ਮਾਨਤਾ ਦਾ ਸੰਕਲਪ ਮਨੁੱਖੀ ਮਨ ਵਿਚ ਵੈਰਾਗ ਭਾਵ ਪੈਦਾ ਕਰਕੇ ਕਿਸੇ ਪ੍ਰਕਾਰ ਦੀ ਨਿਰਾਸ਼ਾਵਾਦੀ ਦ੍ਰਿਸ਼ਟੀ ਪ੍ਰਦਾਨ ਨਹੀਂ ਕਰਦਾ ਕਿਉਂਕਿ ਨਿਰੋਲ ਨਿਰਾਸ਼ਾਵਾਦੀ ਦ੍ਰਿਸ਼ਟੀ ਤਾਂ ਸੰਸਾਰ ਦੀ ਨਾਸ਼ਮਾਨਤਾ ਦੇ ਵਿਕਲਪ ਵਜੋਂ ਕੁਝ ਵੀ ਪੇਸ਼ ਨਹੀਂ ਕਰਦੀ ਪਰ ਗੁਰੂ ਕਵੀ ਦੀ ਸਿਰਜਨਾ ਪਦਾਰਥਕ ਸੰਸਾਰ ਦੀ ਚਲਾਇਮਾਨਤਾ ਦੀ ਗੱਲ ਕਰਦੀ ਹੋਈ ਮਨੁੱਖ ਨੂੰ ਅਧਿਆਤਮਕ ਜੀਵਨ ਦਾ ਵਿਕਲਪ ਪੇਸ਼ ਕਰਦੀ ਹੈ ਅਤੇ ਮਨੁੱਖੀ-ਹੋਂਦ ਨੂੰ ਸਵੈ ਚੇਤਨਾ ਦੇ ਲੜ ਲਾਉਂਦੀ ਨਵੀਨ ਦ੍ਰਿਸ਼ਟੀ ਦਿਖਾਉਂਦੀ ਹੈ। ਇਸ ਦੇ ਨਾਲ ਹੀ ਗੁਰੂ ਕਵੀ ਦੀ ਸ਼ਬਦ ਸਿਰਜਨਾ ਸੰਸਾਰ ਦੀ ਚਲਾਇਮਾਨਤਾ ਦੇ ਸੰਕਲਪ ਨੂੰ ਸਮਝਦੀ ਸਮਝਾਉਂਦੀ ਹੋਈ ਮਨੁੱਖੀ-ਹੋਂਦ ਦੇ ਮਨੋਵਿਗਿਆਨਿਕ ਪੱਖ ਨੂੰ ਪ੍ਰਯੋਗ ਕਰਦੀ ਹੋਈ ਮਨੁੱਖੀ ਮਨ ਉੱਤੇ ਸੰਸਾਰ ਦੀ ਨਾਸ਼ਮਾਨਤਾ ਦਾ ਪ੍ਰਭਾਵ ਪਾਉਂਦੀ ਅਧਿਆਤਿਮਕ ਮਾਰਗ ਦਾ ਸਕਾਰਾਤਮਕ ਦ੍ਰਿਸ਼ਟੀਕੋਣ ਦ੍ਰਿਸ਼ਟੀਗੋਚਰ ਕਰਦੀ ਹੈ। ਇਸ ਪ੍ਰਕਾਰ ਗੁਰੂ ਤੇਗ ਬਹਾਦਰ ਦੀ ਸਿਰਜਨਾ ਮਨੁੱਖ ਨੂੰ ਆਪਣੀ ਹੋਂਦ ਪ੍ਰਤੀ ਚੇਤਨ ਕਰਦੀ ਹੋਈ ਸਵੈ-ਚੇਤੰਨਤਾ ਦੀ ਅਵਸਥਾ ਤੱਕ ਲੈ ਜਾਂਦੀ ਹੈ ਜੋ ਮਨੁੱਖ ਦੀ ਯਥਾਰਥਕ ਪ੍ਰਾਪਤੀ ਵੀ ਹੈ ਕਿਉਂਕਿ ਯਥਾਰਥ ਵਸਤੂਗਤ ਨਹੀਂ ਸਗੋਂ ਆਤਮਪਰਕ ਹੁੰਦਾ ਹੈ। ਜਿਵੇਂ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।।
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।।

ਸਲੋਕ ਮ.-9, ਪੰਨਾ-1429

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਦੀ ਸਿਰਜਨਾ ਨੇ ਜਗਤ ਨੂੰ ਪਰਮਾਰਥਕ ਸੱਤਾ ਨਾ ਕਿਆਸ ਕਰਨ ਦੀ ਬਜਾਇ ਇਸ ਦੀ ਕੇਵਲ ਵਿਵਹਾਰਿਕ ਸੱਤਾ ਨੂੰ ਹੀ ਸਵੀਕਾਰਿਆ ਹੈ। ਇਸ ਅਧੀਨ ਗੁਰੂ ਕਵੀ ਸੰਸਾਰ ਦੀ ਚਲਾਇਮਾਨਤਾ, ਗਤੀਸ਼ੀਲਤਾ ਤੇ ਬਿਨਸਨਸ਼ੀਲਤਾ ਨੂੰ ਸਵੀਕਾਰਦਾ ਹੋਇਆ ਇਸ ਦੀ ਸਾਰਥਕਤਾ ਨੂੰ ਵੀ ਮਹੱਤਵ ਦਿੰਦਾ ਹੈ। ਇਨ੍ਹਾਂ ਦੋਵੇਂ ਵਿਚਾਰਾਂ ਦੀ ਸੰਯੁਕਤੀ ਵਿਚੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਵਿਸ਼ੇ ਵਿਕਾਰਾਂ ਤੋਂ ਉਪਰ ਉੱਠਕੇ ਮਨੁੱਖ ਲਈ ਪਰਮ-ਸੱਤ ਦੀ ਪ੍ਰਾਪਤੀ ਵੱਲ ਅਗ੍ਰਸਰ ਹੋਣਾ ਇਸ ਵਿਦਮਾਨ ਸੰਸਾਰ ਵਿਚ ਰਹਿੰਦੇ ਹੋਏ ਹੀ ਸੰਭਵ ਹੈ ਅਤੇ ਇਹ ਸੰਭਾਵਨਾ ਹੀ ਮਨੁੱਖ ਨੂੰ ਅਮਰਪਦ, ਮੁਕਤਪਦ ਜਾਂ ਨਿਰਵਾਨ ਦੀ ਉਪਾਧੀ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ "ਨਾਸ਼ਮਾਨਤਾ ਦੇ ਨਿਸ਼ੇਧਾਤਮਕ ਜਾਂ ਨਾਕਾਰਾਤਮਕ

ਸੰਕਲਪ ਨੂੰ ਪੇਸ਼ ਕਰਨ ਵਿਚ ਹੀ ਆਪਣੇ ਆਪ ਨੂੰ ਸੀਮਤ ਨਹੀਂ ਕਰਦੇ ਉਹ ਝੂਠ ਦੀ ਪ੍ਰਤੀਤੀ ਨੂੰ ਰੱਦ ਕਰਕੇ ਆਪਣੀ ਬਾਣੀ ਵਿਚ ਪਰਮਾਰਥਕ ਸੱਚਾਈ ਨੂੰ ਗ੍ਰਹਿਣ ਕਰਨ ਦੀ ਸ਼ਕਤੀਸ਼ਾਲੀ ਪ੍ਰੇਰਣਾ ਕਰਦੇ ਹਨ।''14

ਮਨੁੱਖੀ-ਹੋਂਦ ਦੀ ਅੰਤਿਮ ਸੀਮਾ ਵਜੋਂ 'ਮੌਤ ਦੀ ਚੇਤਨਾ' ਮਨੁੱਖੀ-ਹੋਂਦ ਦਾ ਅਭਿੰਨ ਅੰਗ ਰਹੀ ਹੈ। ਇਸ ਕਾਰਨ ਹੀ ਇਸ ਵਿਸ਼ੇ ਉੱਤੇ ਅਸਤਿਤ੍ਵਵਾਦੀਦਰਸ਼ਨ ਅਧੀਨ ਵਿਆਪਕ ਰੂਪ ਵਿਚ ਚਰਚਾ ਹੋਈ ਮਿਲਦੀ ਹੈ ਅਤੇ ਇਸ ਕਾਰਨ ਹੀ "ਅਸਤਿਤ੍ਵਵਾਦੀਦਰਸ਼ਨ ਦੇ ਆਲੋਚਕ ਇਸ ਤੱਥ ਵੱਲ ਸੰਕੇਤ ਕਰਦਿਆਂ ਹੋਇਆਂ ਇਹ ਪ੍ਰਮਾਣਿਕ ਕਰਨ ਦਾ ਜਤਨ ਕਰਦੇ ਹਨ ਕਿ ਅਸਤਿਤ੍ਵਵਾਦੀ ਦਾਰਸ਼ਨਿਕਾਂ ਦੀ ਰੁਚੀ ਮਨੁੱਖ ਦੀ ਸ਼ਕਤੀ ਵਿਚ ਨਾ ਹੋ ਕੇ ਕਮਜ਼ੋਰੀ ਤੇ ਕਾਇਰਤਾ ਵਿਚ ਰਹੀ ਹੈ, ਇਸ ਕਰਕੇ ਅਸਤਿਤ੍ਵਵਾਦ ਬੀਮਾਰ ਰੁਚੀ ਦੀ ਉਪਜ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਮੌਤ ਦੇ ਵਿਸ਼ੇ ਵਿਚ ਲੋੜੋਂ ਜ਼ਿਆਦਾ ਦਿਲਚਸਪੀ ਕਦੇ ਕਦਾਈ ਬੀਮਾਰ ਰੁਚੀ ਦੀ ਉਪਜ ਹੁੰਦੀ ਹੈ ਪਰ ਸ਼ਾਇਦ ਮੌਤ ਪ੍ਰਤੀ ਤਥਾਕਥਿਤ ਨਰੋਆ ਦ੍ਰਿਸ਼ਟੀਕੋਣ ਵੀ ਓਨਾ ਹੀ ਰੋਗਗ੍ਰਸਤ ਅਤੇ ਪਲਾਇਨਵਾਦੀ ਹੈ। ਮਨੋਵਿਗਿਆਨੀਆਂ ਅਨੁਸਾਰ ਮੌਤ ਦੇ ਪੂਰਵਅਨੁਮਾਨ ਦਾ ਸਭ ਤੋਂ ਵਧੇਰੇ ਮਾਰੂ ਅਸਰ ਉਨ੍ਹਾਂ ਵਿਅਕਤੀਆਂ ਉੱਤੇ ਵਧੇਰੇ ਪੈਂਦਾ ਹੈ, ਜਿਹੜੇ ਸ਼ਾਇਦ ਮੌਤ ਦੇ ਵਿਸ਼ੇ ਬਾਰੇ ਅਕਸਰ ਖ਼ਾਮੋਸ਼ ਰਹਿੰਦੇ ਹਨ।''15 ਇਸ ਤਰ੍ਹਾਂ ਅਸਤਿਤ੍ਵਵਾਦੀਦਰਸ਼ਨ ਮੌਤ ਦੇ ਵਿਸ਼ੇ ਉੱਤੇ ਚਰਚਾ ਕਰਦਾ ਹੋਇਆ ਪਲਾਇਨਵਾਦੀ ਰੁਚੀ ਦਾ ਧਾਰਨੀ ਪ੍ਰਤੀਤ ਨਹੀਂ ਹੁੰਦਾ ਕਿਉਂਕਿ ਇਹ ਦਰਸ਼ਨ ਮੌਤ ਨੂੰ ਵਿਰਲਾਪੀ ਜਾਂ ਮਾਯੂਸ ਕਰਨ ਵਾਲੇ ਵਰਤਾਰੇ ਵਜੋਂ ਸਵੀਕਾਰ ਕਰਨ ਦੀ ਬਜਾਇ ਮੌਤ ਨੂੰ ਮਨੁੱਖੀ ਅਸਤਿਤਵ ਦੇ ਅਨਿੱਖੜਵੇਂ ਅੰਗ ਵਜੋਂ ਸਵੀਕ੍ਰਿਤੀ ਦਿੰਦਾ ਹੈ, ਜਿਸ ਦੀ ਚੇਤਨਾ ਮਨੁੱਖ ਨੂੰ ਆਪਣੇ ਅਸਤਿਤਵ ਪ੍ਰਤੀ ਚੇਤੰਨ ਕਰਦੀ ਹੈ। ਅਸਤਿਤ੍ਵਵਾਦੀ ਚਿੰਤਕ ਜੌਨ ਮੈਕਿਊਰੀ (John Macquarrie) ਅਨੁਸਾਰ :

ਜੀਵ ਵਿਗਿਆਨੀ ਵੀ ਸਾਨੂੰ ਇਹ ਦੱਸਦੇ ਹਨ ਕਿ 'ਉਹ ਮਰ ਰਿਹਾ ਹੈ' ਦੀ ਚੇਤਨਾ ਇਕ ਅਜਿਹੀ ਵਿਸ਼ੇਸ਼ਤਾ ਹੈ ਜਿਹੜੀ ਮਨੁੱਖ ਨੂੰ ਮਨੁੱਖ ਵਜੋਂ ਹੋਣ ਦੀ ਸਵੀਕ੍ਰਿਤੀ ਦਿੰਦੀ ਹੈ ਅਤੇ ਜਿਹੜੀ ਜਾਨਵਰਾਂ ਵਿਚ ਨਹੀਂ ਹੁੰਦੀ। Theodosius Dobzhansky ਅਨੁਸਾਰ ਇਕ ਜੀਵ ਵਿਗਿਆਨਿਕ ਜਾਤੀ ਵਜੋਂ ਮੌਤ ਦੀ ਚੇਤਨਾ ਮਨੁੱਖ-ਜਾਤੀ ਵਿਚ ਇਕ ਬੁਨਿਆਦੀ ਵਿਸ਼ੇਸ਼ਤਾ ਹੈ।16

ਇਸੇ ਵਿਸ਼ੇਸ਼ਤਾ ਕਾਰਨ ਹੀ ਕਿਸੇ ਨਾ ਕਿਸੇ ਰੂਪ ਵਿਚ ਮੌਤ ਤੇ ਮੌਤ ਦੀ ਚੇਤਨਾ ਦਾ ਵਿਸ਼ਵ ਦੇ ਲਗਭਗ ਸਾਰੇ ਅਧਿਆਤਮਿਕ ਗ੍ਰੰਥਾਂ ਅਧੀਨ ਉਲੇਖ ਉਪਲੱਬਧ ਹੈ ਜਿਹੜਾ ਅਕਸਰ ਮਨੁੱਖ ਦੀ ਅਮਰਤਾ ਦੇ ਰੂਪ ਵਿਚ ਹੀ ਉਜਾਗਰ ਹੋਇਆ ਹੈ। ਇਸ ਉਲੇਖ ਅਧੀਨ ਬ੍ਰਹਮ ਨੂੰ ਸੰਸਾਰ ਦਾ ਅੰਤਿਮ ਸੱਚ ਕਿਆਸ ਕੀਤਾ ਜਾਂਦਾ ਹੈ ਅਤੇ ਬ੍ਰਹਿਮੰਡ ਦਾ ਅਸਤਿਤਵ ਤ੍ਰੈਕਾਲਿਕ, ਤ੍ਰੈਗੁਣੀ ਸਰੂਪ ਦੇ ਬਾਵਜੂਦ ਕਾਲਕ ਅਤੇ ਵਿਨਾਸ਼ਕਾਰੀ ਸਵੀਕਾਰ ਕੀਤਾ ਜਾਂਦਾ ਹੈ। ਇਹ ਸੰਸਾਰ ਪੁਨਰ ਨਿਰਮਾਣ ਦੁਆਰਾ ਆਪਣਾ ਅਸਤਿਤਵ ਉਜਾਗਰ ਕਰਦਾ ਹੋਇਆ ਇਸ ਪ੍ਰਕ੍ਰਿਆ ਅਧੀਨ ਆਪਣੀ ਅਮਰਤਾ ਨਿਸ਼ਚਿਤ ਕਰਦਾ ਹੈ। ਇਸ ਅਧੀਨ ਮਨੁੱਖੀ-ਹੋਂਦ ਵਿਦਮਾਨ ਸੰਸਾਰ ਦੀ ਇਕ ਸੰਜੀਵ ਇਕਾਈ ਵਜੋਂ ਹੋਂਦ ਗ੍ਰਹਿਣ ਕਰਦੀ ਹੋਈ ਅੰਤ ਨਿਸਚਿਤ ਹੋਣੀ ਅਧੀਨ ਕਾਲਵੱਸ ਹੋ ਜਾਂਦੀ ਹੈ। ਇਸ ਕਾਰਨ ਸੰਸਾਰ ਅਤੇ ਸਵੈ ਦੀ ਸਥਿਰਤਾ/ਅਸਥਿਰਤਾ ਬਾਰੇ ਮਨੁੱਖੀ-ਚੇਤਨਾ ਵਿਚ ਸ਼ੰਕਾ ਪੈਦਾ ਹੋਣਾ ਸੁਭਾਵਿਕ ਹੈ। ਇਸ ਸੁਭਾਵਿਕਤਾ ਅਧੀਨ ਵਿਅਕਤੀ ਦਾ ਬੋਧ ਆਪਣੇ ਜੀਵਨ ਕਾਲ

ਵਿਚ ਬ੍ਰਹਿਮੰਡ ਦੇ ਵਿਨਾਸ਼ ਨੂੰ ਨਹੀਂ ਦੇਖ ਸਕਦਾ ਅਤੇ ਜਗਤ ਦੇ ਵਿਨਾਸ਼ ਪ੍ਰਤੀ ਉਸ ਦਾ ਬੋਧ ਅਧੂਰਾ ਰਹਿ ਜਾਂਦਾ ਹੈ ਪਰ ਉਸ ਦੀਆਂ ਨਜ਼ਰਾਂ ਸਾਹਮਣੇ 'ਪਰ'ਵਿਅਕਤੀਆਂ ਦਾ ਕਾਲਵਸ ਹੋਣਾ ਅਤੇ ਇਸ ਤਰ੍ਹਾਂ ਅੰਤ ਉਸ ਦਾ ਆਪ ਕਾਲਵਸ ਉਸ ਦੇ ਮਨ ਵਿਚ ਜੀਵਨ ਦੀ ਛਿਨ ਭੰਗਰਤਾ ਪ੍ਰਤੀ ਬੋਧ ਨੂੰ ਭੈਅ ਪ੍ਰਦਾਨ ਕਰਦਾ ਹੈ। ਗੁਰੂ ਤੇਗ ਬਹਾਦਰ ਦੀ ਰਚਨਾ ਅਧੀਨ ਇਹ ਭੈਅ ਮੌਤ ਦਾ ਸਾਧਾਰਨੀਕਰਨ ਕਰਦਾ ਹੋਇਆ ਮੌਤ ਦਾ ਸੰਬੰਧ ਵਿਅਕਤੀ ਤੱਕ ਸੀਮਿਤ ਨਾ ਕਰਕੇ ਇਸ ਨੂੰ ਵਿਸ਼ਵਵਿਆਪੀ ਅਰਥ ਪ੍ਰਦਾਨ ਕਰਦਾ ਹੈ। ਗੁਰੂ ਕਵੀ ਦੀ ਬਾਣੀ ਵਿਚ ਇਹ ਅਰਥ ਪ੍ਰਮੁੱਖ ਰੂਪ ਵਿਚ ਦੋ ਰੂਪਾਂ ਵਿਚ ਪ੍ਰਗਟ ਹੁੰਦਾ ਹੈ ਜਿਨ੍ਹਾਂ ਵਿਚੋਂ ਇਕ ਮੌਤ ਦੀ ਅਚਾਨਕਤਾ ਅਤੇ ਦੂਜਾ ਮੌਤ ਦੀ ਸ਼ਕਤੀਮਾਨਤਾ ਦੇ ਰੂਪ ਵਿਚ ਪੇਸ਼ ਹੋਇਆ ਹੈ। ਇਸ ਅਧੀਨ ਪਦਾਰਥਕ ਉਪਭੋਗਤਾ ਵਿਚ ਰੁਝਿਆ ਵਿਅਕਤੀ ਮੌਤ ਦੀ ਨਿਸ਼ਕੁਰਤਾ ਤੋਂ ਬੇਖਬਰ ਇਸ ਦੇ ਅਚਾਨਕ ਵਾਪਰਨ ਅਤੇ ਇਸ ਤੋਂ ਮਨੁੱਖ ਦੇ ਬਚਣ ਦੀ ਅਸਮਰੱਥਾ ਮੌਤ ਦੀ ਸ਼ਕਤੀਮਾਨਤਾ ਨੂੰ ਦਰਸਾਉਂਦਾ ਹੈ। ਗੁਰੂ ਸਾਹਿਬ ਇਸ ਅਚਾਨਕਵਾਪਰਨ ਤੇ ਸ਼ਕਤੀਮਾਨਤਾ ਨੂੰ ਆਪਣੀ ਰਚਨਾ ਵਿਚ ਇਸ ਪ੍ਰਕਾਰ ਪੇਸ਼ ਕਰਦੇ ਹਨ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ।।
ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।।

ਸਲੋਕ ਮ.-9, ਪੰਨਾ-1427

ਇਸ ਪ੍ਰਕਾਰ ਗੁਰੂ ਕਵੀ ਦੀ ਬਾਣੀ ਵਿਚ ਮੌਤ ਦੀ ਚੇਤਨਾ ਗਿਆਨਮੂਲਕ ਕਾਰਜ ਕਰਦੀ ਹੈ ਅਤੇ ਮਨੁੱਖੀ-ਹੋਂਦ ਨੂੰ ਅਗਿਆਨ ਤੋਂ ਗਿਆਨ ਵੱਲ ਤੋਰਨ ਦਾ ਜਤਨ ਕਰਦੀ ਹੈ ਕਿਉਂਕਿ ਮਨੁੱਖੀ-ਹੋਂਦ ਸੰਸਾਰ ਦੀ ਨਾਸ਼ਮਾਨਤਾ ਨੂੰ ਵੇਖ ਕੇ ਵੀ ਅਚੇਤ ਧਰਾਤਲ 'ਤੇ ਹੀ ਵਿਚਰਦੀ ਹੈ। ਅਜਿਹੀ ਸਥਿਤੀ ਅਧੀਨ ਮੌਤ ਦੀ ਚੇਤਨਾ ਹੀ ਮਨੁੱਖ ਨੂੰ ਗਿਆਨ ਦਾ ਪ੍ਰਕਾਸ਼ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਜੀਵਨ ਦੇ ਮਹੱਤਵ ਤੋਂ ਸੁਚੇਤ ਕਰਦੀ ਹੈ ਅਤੇ ਮਨੁੱਖ ਨੂੰ ਸਵੈ-ਪਛਾਣ ਦੇ ਪਸਾਰਾਂ ਦੇ ਸਨਮੁੱਖ ਕਰਦੀ ਹੈ। ਇਸ ਸਵੈ-ਪਛਾਣ ਤੋਂ ਭਾਵ ਮਨੁੱਖ ਦਾ ਆਪਣੇ ਆਪ ਤੋਂ ਉਪਰ ਉਠਣ ਨਾਲ ਸੰਬੰਧਿਤ ਹੈ ਅਤੇ ਜਿਸ ਆਪੇ ਤੋਂ ਗੁਰੂ ਕਵੀ ਨੇ ਉਪਰ ਉੱਠਣ ਜਾਂ ਜਿਸ ਨੂੰ ਮਾਰਨ ਦੀ ਗੱਲ ਕੀਤੀ ਹੈ ਉਹ ਲੌਕਿਕ ਸੰਸਾਰ ਵਿਚ ਵਿਚਰਦਾ ਹੋਇਆ ਮਨੁੱਖ ਦਾ ਵਿਹਾਰਕ ਸਵੈ ਹੈ। ਅਜਿਹੇ ਮਨੁੱਖ ਜਿਨ੍ਹਾਂ ਦੀ ਸੋਚ ਦਾ ਦਾਇਰਾ ਇਕਮਾਤਰ ਲੌਕਿਕ ਪਸਾਰੇ ਅਧੀਨ ਹੀ ਕਾਰਜਸ਼ੀਲ ਰਹਿੰਦਾ ਹੈ ਉਹ ਅਣਜਾਗ੍ਰਿਤ ਅਵਸਥਾ ਹੈ। ਗੁਰੂ ਕਵੀ ਦੀ ਬਾਣੀ ਮਨੁੱਖ ਨੂੰ ਉਸ ਦੀ ਵਾਸਤਵਿਕ ਹੋਂਦ ਦਾ ਅਹਿਸਾਸ ਕਰਵਾ ਕੇ ਮਾਨਸਿਕ ਤੇ ਭਾਵੁਕ ਸੰਕਟਾਂ ਤੋਂ ਸੁਤੰਤਰਤਾ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਸਥਿਰ ਅਤੇ ਪਰਿਵਰਤਨਸ਼ੀਲ ਦਾ ਅੰਤਰ ਦਰਸਾ ਕੇ ਸਦੀਵੀ ਤੱਤ ਦੀ ਪਹਿਚਾਣ ਵੱਲ ਪ੍ਰੇਰਿਤ ਕਰਦੀ ਹੈ। ਇਹ ਪ੍ਰੇਰਨਾ ਮਨੁੱਖੀ-ਦੇਹ ਨੂੰ ਹੀਰੇ ਦੇ ਸਮਾਨ ਹੋਣ ਦਾ ਦਰਜਾ ਪ੍ਰਦਾਨ ਕਰਦੀ ਹੋਈ ਇਸ ਦੇਹ ਦੀ ਪ੍ਰਾਪਤੀ ਨੂੰ ਪ੍ਰਭੂ ਪ੍ਰਾਪਤੀ ਦਾ ਸਾਧਨ ਹੋਣ ਦਾ ਗਿਆਨ ਦਿੰਦੀ ਹੈ। ਜਿਵੇਂ:

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ।।
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।।

ਸੋਰਠਿ ਮ.-9, ਪੰਨਾ-631

ਇਸ ਗਿਆਨ ਅਧੀਨ ਗੁਰੂ ਕਵੀ ਦੀ ਸਿਰਜਨਾ ਅੱਗੋਂ ਮਨੁੱਖੀ-ਜੀਵਨ ਦੀ ਨਿਸ਼ਚਿਤ

ਸਮਾਂ ਸੀਮਾ ਨੂੰ ਪ੍ਰਗਟਾਉਂਦੀ ਹੈ। ਜਿਸ ਦੇ ਅੰਤਰਗਤ ਮਨੁੱਖ ਦੇ ਸੀਮਿਤ ਸੁਆਸਾਂ ਦੀ ਪੂੰਜੀ ਦੀ ਗੱਲ ਕਰਕੇ ਗੁਰੂ ਜੀ ਮਨੁੱਖ ਨੂੰ ਸਧਾਰਨ ਤੌਰ 'ਤੇ ਇਸ ਪੂੰਜੀ ਨੂੰ ਨਿਰਾਰਥਕ ਕੰਮਾਂ ਵਿਚ ਖਰਚ ਕਰਨ ਤੋਂ ਵਰਜਦੇ ਹਨ ਅਤੇ ਇਸ ਪੂੰਜੀ ਦੀ ਸਾਰਥਕ ਵਰਤੋਂ ਕਰਨ ਲਈ ਸੁਚੇਤ ਕਰਦੇ ਹਨ। ਇਸ ਪ੍ਰਸੰਗ ਵਿਚ ਗੁਰੂ ਤੇਗ਼ ਬਹਾਦਰ ਦੀ ਬਾਣੀ ਮਨੁੱਖ ਨੂੰ ਉਸ ਦੇ ਜਨਮ ਦੀ ਅਮੋਲਕਤਾ ਬਾਰੇ ਚੇਤੰਨ ਕਰਕੇ ਸੁਆਸਾਂ ਦੀ ਪੂੰਜੀ ਨੂੰ ਵਿਅਰਥ ਗਵਾਉਣ ਦੀ ਬਜਾਇ ਪ੍ਰਭੂ-ਭਗਤੀ ਵਿਚ ਖਰਚ ਕਰਨ ਦਾ ਦਿਸ਼ਾ ਨਿਰਦੇਸ਼ ਦਿੰਦੀ ਹੈ:

ਸਾਧੋ ਗੋਬਿੰਦ ਕੇ ਗੁਨ ਗਾਵਉ।।
ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ।।

ਗਉੜੀ ਮ.-9, ਪੰਨਾ-219

ਗੁਰੂ ਕਵੀ ਦੀ ਬਾਣੀ ਵਿਚ ਮੌਤ ਦੀ ਅਟੱਲਤਾ ਦਾ ਤੀਬਰ ਅਹਿਸਾਸ ਮਨੁੱਖੀ-ਮਨ ਵਿਚ ਵੈਰਾਗ ਉਪਜਾਉਣ ਦੀ ਇਕ ਜੁਗਤ/ਵਿਧੀ ਵਜੋਂ ਇਸ ਪ੍ਰਕਾਰ ਪ੍ਰਗਟ ਹੁੰਦਾ ਹੈ ਜਿਸ ਦੇ ਆਉਣ ਨੂੰ ਨਾ ਤਾਂ ਤੋੜਿਆ ਜਾ ਸਕਦਾ ਹੈ ਅਤੇ ਨਾ ਹੀ ਵਾਪਿਸ ਮੋੜਿਆ ਜਾ ਸਕਦਾ ਹੈ। ਮੌਤ ਦੇ ਤੀਬਰ ਅਹਿਸਾਸ ਦੀ ਇਸ ਜੁਗਤ ਦਾ ਪ੍ਰਯੋਜਨ ਮਨੁੱਖ ਨੂੰ ਨਾ ਕੇਵਲ ਵਿਸ਼ੇ ਵਿਕਾਰਾਂ ਵਿਚ ਲਿਪਾਇਮਾਨ ਹੋਣ ਤੋਂ ਵਰਜਦਾ ਹੈ, ਸਗੋਂ ਪ੍ਰਭੂ ਵੱਲ ਅਗ੍ਰਸਰ ਹੋਣ ਲਈ ਵੀ ਵਿਵੇਕ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਦੀ ਸਿਰਜਨਾ ਅਧੀਨ ਕਾਲ ਦੀ ਪ੍ਰਵਾਹਮਾਨਤਾ ਦਾ ਜ਼ਿਕਰ ਮਨੁੱਖ ਨੂੰ ਵਰਤਮਾਨ ਅਤੇ ਭਵਿੱਖ ਦੇ ਫਿਕਰ ਨਾਲ ਜੋੜਦਾ ਹੋਇਆ ਪਰਮ-ਸੱਚ ਦੀ ਪ੍ਰਾਪਤੀ ਦੁਆਰਾ ਮੁਕਤੀ ਪ੍ਰਾਪਤ ਕਰਨ ਲਈ ਜਾਗਰੁਕ ਕਰਦਾ ਹੈ।

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ।।
ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ।।

ਸਲੋਕ ਮ.-9, ਪੰਨਾ-427

ਗੁਰੂ ਕਵੀ ਦੀ ਬਾਣੀ ਮਨੁੱਖੀ ਮੁਕਤੀ ਨੂੰ ਸੰਸਾਰ ਦੇ ਪਰਿਤਿਆਗ ਨਾਲ ਸੰਬੰਧਿਤ ਕਰਨ ਦੀ ਬਜਾਇ ਸੰਸਾਰ ਨਾਲ ਸਾਰਥਕ ਸੰਬੰਧ ਸਥਾਪਿਤ ਕਰਨ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੀ ਹੈ ਕਿਉਂਕਿ ਸੰਸਾਰ ਦੀ ਸਾਰਥਕਤਾ ਮਨੁੱਖ ਦੀ ਸਵੈ-ਚੇਤਨਾ ਨਾਲ ਸੰਬੰਧ ਰੱਖਦੀ ਹੋਈ ਮਨੁੱਖੀ ਵਜੂਦ ਕਾਰਨ ਹੀ ਹੋਂਦ ਗ੍ਰਹਿਣ ਕਰਦੀ ਹੈ। ਇਸ ਪ੍ਰਕਿਰਿਆ ਅਧੀਨ ਪ੍ਰਾਥਮਿਕਤਾ ਸਦਾ ਮਨੁੱਖੀ-ਹੋਂਦ ਦੀ ਹੀ ਰਹਿੰਦੀ ਹੈ ਕਿਉਂਕਿ ਮਨੁੱਖੀ-ਹੋਂਦ ਹੈ ਤਾਂ ਹੀ ਸੰਸਾਰ ਦੀ ਹੋਂਦ ਦਾ ਅਭਾਸ ਹੁੰਦਾ ਹੈ। ਇਸ ਵਿਚਾਰ ਅਧੀਨ ਗੁਰੂ ਕਵੀ ਦੀ ਬਾਣੀ ਮਨੁੱਖ ਨੂੰ ਮੁਖ਼ਾਤਿਬ ਹੁੰਦੀ ਹੋਈ ਇਹ ਦਰਸਾਉਂਦੀ ਹੈ ਕਿ ਜੇਕਰ ਹੋਂਦ ਸਥਿਰ ਨਹੀਂ ਤਾਂ ਸੰਸਾਰ ਵੀ ਅਸਥਿਰ ਹੈ ਅਤੇ ਇਸ ਸੰਸਾਰ ਦਾ ਅਸਤਿਤਵ ਮਨੁੱਖੀ-ਹੋਂਦ ਦੀ ਸਵੈ-ਚੇਤਨਾ ਨਾਲ ਹੀ ਸੰਬੰਧਿਤ ਹੈ। ਮਨੁੱਖੀ-ਹੋਂਦ ਉਸ ਸਮੇਂ ਹੀ ਸਦੀਵੀ ਤੇ ਸਥਿਰ ਸਥਿਤੀ ਨੂੰ ਪਾ ਸਕਦੀ ਹੈ ਜਦੋਂ ਮਨੁੱਖ ਸੰਸਾਰ ਅਤੇ ਆਪਣੀ ਹੋਂਦ ਦੀ ਥੁੜ੍ਹ-ਚਿਰਤਾ ਨੂੰ ਜਾਣਦਾ ਹੋਇਆ ਪਰਮ ਸੱਚ ਵਿਚ ਵਿਲੀਨ ਹੋਣ ਦੇ ਆਪਣੇ ਜੀਵਨ ਉਦੇਸ਼ ਨੂੰ ਯਾਦ ਰੱਖੇ। ਇਸ ਕਾਰਨ ਮਨੁੱਖ ਦੀ ਮੌਤ ਤੇ ਸੰਸਾਰ ਦੀ ਨਾਸ਼ਮਾਨਤਾ ਦੋਵੇਂ ਹੀ ਗੁਰੂ ਕਵੀ ਦੀ ਸਿਰਜਨਾ ਅਧੀਨ ਮਨੁੱਖੀਮੁਕਤੀ ਦੇ ਰਾਹ ਦੇ ਪ੍ਰੇਰਕ ਤੱਤ ਬਣਕੇ ਉਜਾਗਰ ਹੁੰਦੇ ਹਨ ਅਤੇ ਮਨੁੱਖ ਦੇ ਆਤਮਿਕ ਬਲ

ਬਣਦੇ ਹਨ। ਜਿਵੇਂ:

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।।
ਕਹੁ ਨਾਨਕ ਅਬ ਉਟ ਹਰਿ ਗਜ ਜਿਉ ਹੋਹੁ ਸਹਾਇ।।

ਸਲੋਕ ਮ.-9, ਪੰਨਾ-1429

ਇਸ ਤਰ੍ਹਾਂ ਸਮੁੱਚੇ ਰੂਪ ਵਿਚ ਗੁਰੂ ਤੇਗ ਬਹਾਦਰ ਦੀ ਸਿਰਜਨਾ ਅਧਿਆਤਮਿਕ ਸਰੋਕਾਰ ਅਧੀਨ ਪ੍ਰਭੂ ਪ੍ਰਾਪਤੀ ਦੇ ਪਰਮ-ਉਦੇਸ਼ ਅਧੀਨ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਮਾਨਵੀ ਸਰੋਕਾਰ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੈ। ਇਸ ਕਾਰਨ ਗੁਰੂ ਕਵੀ ਦੀ ਬਾਣੀ ਮਨੁੱਖ ਨੂੰ ਹੀ ਮੁਕਤ-ਪਦ ਦਾ ਧਾਰਨੀ ਕਿਆਸ ਕਰਦੀ ਹੈ ਜਿਹੜਾ ਸਮਾਜਿਕ-ਪੱਧਰ 'ਤੇ ਵਿਚਰਦਾ ਹੋਇਆ ਆਪਣੇ ਆਪ ਨੂੰ ਸਚਿਆਰਾ ਬਣਾਉਂਦਾ ਹੈ ਅਰਥਾਤ ਧਰਤੀ ਨੂੰ ਧਰਮਸਾਲਾ ਮੰਨਦਾ ਹੈ। ਧਰਤੀ ਨੂੰ ਧਰਮਸਾਲ ਕਿਆਸ ਕਰਨਾ ਵਾਲੀ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਚੇਤਨਾ ਤੇ ਚਿੰਤਨ ਇਕਮਾਤਰ ਮਨੁੱਖ ਦੀ ਦਸ਼ਾ ਨੂੰ ਹੀ ਬਿਆਨ ਕਰਕੇ ਚੁੱਪ ਨਹੀਂ ਹੁੰਦਾ, ਸਗੋਂ ਇਸ ਤੋਂ ਅੱਗੇ ਮਨੁੱਖ ਦੀ ਦਿਸ਼ਾ ਨੂੰ ਨਿਰਧਾਰਿਤ ਕਰਦਾ ਹੋਇਆ ਇਕ ਅਜਿਹੇ ਮਨੁੱਖ ਦੀ ਸਿਰਜਨਾ ਕਰਨ ਵੱਲ ਅਗ੍ਰਸਰ ਕਰਦਾ ਹੈ, ਜਿਹੜਾ ਜਾਤ-ਜਮਾਤ ਦੀਆਂ ਵੰਡੀਆਂ ਤੋਂ ਪਾਰ ਉੱਚੇ ਨੈਤਿਕ ਤੇ ਅਧਿਆਤਮਿਕ ਮੁੱਲਾਂ ਦਾ ਧਾਰਨੀ ਭਵਿੱਖਮੁੱਖੀ ਅਤੇ ਮਾਨਵੀ ਮੁੱਲਾਂ ਨਾਲ ਵਰੋਸਾਇਆ ਹੋਇਆ ਹੈ। ਇਸ ਅਧੀਨ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਮੋਹ ਮਾਇਆ ਦੇ ਜਾਲ ਵਿਚ ਗ੍ਰਸਤ ਹੋਏ ਮਨੁੱਖ ਨੂੰ ਅੰਤਿਮ ਹੋਣੀ ਪ੍ਰਤੀ ਸੁਚੇਤ ਕਰਦਿਆਂ ਪਦਾਰਥਕ ਮੋਹ ਮਾਇਆ ਦੀ ਲੀਨਤਾ ਨੂੰ ਮਨੁੱਖ ਦਾ ਸਭ ਤੋਂ ਵੱਡਾ ਦੁਖਾਂਤ ਦੱਸਿਆ ਹੈ। ਇਸ ਕਰਕੇ ਗੁਰੂ ਕਵੀ ਨੇ ਲੋਭਾਇਮਾਨ ਸੰਸਾਰ ਦੀ ਚਲਾਇਮਾਨਤਾ ਦਾ ਵਰਨਣ ਕਰਦੇ ਹੋਏ ਮਨੁੱਖ ਨੂੰ ਉਸ ਦੇ ਕਰਤੱਵਾਂ ਅਤੇ ਉਸ ਦੀ ਅੰਤਿਮ ਹੋਣੀ ਪ੍ਰਤੀ ਸੁਚੇਤ ਕਰਦੇ ਹੋਏ ਮੌਤ ਦਾ ਸਧਾਰਨੀਕਰਨ ਕੀਤਾ ਹੈ ਜਿਸ ਨਾਲ ਮੌਤ ਦਾ ਸੰਬੰਧ ਵਿਅਕਤੀ ਤੱਕ ਸੀਮਿਤ ਨਾ ਰਹਿ ਕੇ ਵਿਸ਼ਵ ਵਿਆਪੀ ਹੋ ਗਿਆ ਹੈ। ਇਸ ਦੇ ਨਾਲ ਹੀ ਗੁਰੂ ਕਵੀ ਨੇ ਆਪਣੀ ਬਾਣੀ ਵਿਚ ਮਨੁੱਖ ਦੀ ਮਾਨਸਿਕਤਾ ਵਿਚ ਪੈਦਾ ਹੋਈ ਆਸਥਾਹੀਣ ਭਾਵਨਾ ਵਿਚੋਂ ਜਨਮ ਧਾਰ ਦੇ ਮਨੁੱਖੀ-ਹੋਂਦ ਦੇ ਮੂਲ ਪ੍ਰਸ਼ਨਾਂ (ਜਿਵੇਂ ਦੁੱਖ, ਮੌਤ, ਆਤਮਪੀੜਾ ਅਤੇ ਬੇਗਾਨਗੀ) ਦੇ ਰਹੱਸ ਨੂੰ ਵੀ ਜਾਨਣ ਦਾ ਸਾਰਥਕ ਯਤਨ ਕੀਤਾ ਹੈ।

## ਹਵਾਲੇ ਤੇ ਟਿੱਪਣੀਆਂ

1. Faul Brunton, Spiritual Crisis of Man, F.36
2. bid.121
3. ਗੁਰੂ ਤੇਗ ਬਹਾਦਰ ਦੀ ਬਾਣੀ ਦਾ ਦਾਰਸ਼ਨਿਕ ਪੱਖ, www.punjabialochana.com
4. ਤਾਰਨ ਸਿੰਘ (ਸੰਪਾ.), ਨਾਨਕ ਪ੍ਰਕਾਸ਼ ਪਤ੍ਰਿਕਾ, ਪੰਨਾ-3
5. ਕੇਸਰ ਸਿੰਘ ਕੇਸਰ, 'ਬਲ ਛੁਟਕਿਓ ਬੰਧਨ ਪਰੇ', ਪਰਖ, ਗੁਰੂ ਤੇਗ ਬਹਾਦਰ ਸਿਮਰਤੀ ਅੰਕ, ਪੰਨਾ-143-44
6. ਰਾਮ ਸਿੰਘ, ਬਾਣੀ ਗੁਰੂ ਤੇਗ ਬਹਾਦਰ ਵਿਸ਼ਾ ਤੇ ਕਲਾ, ਪੰਨਾ-23
7. ਰਮੇਸ਼ ਕੁੰਤਲ ਮੇਘ, 'ਗੁਰੂ ਤੇਗ ਬਹਾਦਰ ਦੇ ਦਰਸ਼ਨ ਦੀ ਸਮਾਜਿਕ ਸਾਰਥਕਤਾ', ਗੁਰੂ ਤੇਗ ਬਹਾਦਰ ਚਿੰਤਨ, ਕਲਾ ਤੇ ਬਾਣੀ, ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ, ਪੰਨਾ-

55
8. ਅਤਰ ਸਿੰਘ, 'ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵਸਤੂਬਣਤਰ', ਗੁਰੂ ਤੇਗ਼ ਬਹਾਦਰ ਜੀਵਨ, ਸਮਾਂ ਅਤੇ ਰਚਨਾ, ਸੁਰਿੰਦਰ ਸਿੰਘ ਕੋਹਲੀ (ਸੰਪਾ.), ਪੰਨਾ-196
9. ਬਲ ਛੁਟਕਿਓ ਬੰਧਨ ਪਰੇ, ਪਰਖ, ਗੁਰੂ ਤੇਗ਼ ਬਹਾਦਰ ਸਿਮਰਤੀ ਅੰਕ, ਪੰਨਾ-150
10. ਰਾਮ ਸਿੰਘ, 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਗੁਰੂ ਤੇਗ ਬਹਾਦਰ, ਜੀਵਨ ਤੇ ਰਚਨਾ, (ਸੰਪਾ.) ਸੁਰਿੰਦਰ ਸਿੰਘ ਕੋਹਲੀ, ਪੰਨਾ-126
11. ਉਹੀ, ਪੰਨਾ-128-129
12. ਉਧਰਿਤ, ਗੁਰਨਾਮ ਸਿੰਘ, ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਵੈਰਾਗ ਅਨੁਭਵ, ਅਣਪ੍ਰਕਾਸ਼ਤ ਸ਼ੋਧ-ਪ੍ਰਬੰਧ, ਪੰਨਾ-5
13. ਤਾਰਨ ਸਿੰਘ, 'ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ', ਪਰਖ, ਗੁਰੂ ਤੇ ਗ ਬਹਾਦਰ ਸਿਮਰਤੀ ਅੰਕ, ਪੰਨਾ-73
14. ਉਹੀ, ਪੰਨਾ-150
15. ਗੁਰਚਰਨ ਸਿੰਘ ਅਰਸ਼ੀ, ਅਸਤਿਤ੍ਵਵਾਦ, ਪੰਨਾ-115
16. John Macquarrie, Existentialism, F.194

□□□

# ਨਾਟਕ 'ਲੋਹਾ ਕੁੱਟ' ਦਾ ਚਿੰਨ ਵਿਗਿਆਨਕ ਅਧਿਐਨ

*ਜਸਵਿੰਦਰ ਸਿੰਘ*

ਜ਼ਜਬੇ ਦੇ ਜ਼ੁਲਮ ਨਾਲ ਦਿਲਚਸਪੀ ਰੱਖਣ ਵਾਲਾ ਪੰਜਾਬੀ ਦਾ ਸੰਪੂਰਨ ਨਾਟਕਕਾਰ ,ਜਿਸਦੇ ਜ਼ਿਕਰ ਤੋਂ ਬਿਨਾ ਪੰਜਾਬੀ ਨਾਟ-ਸਹਿਤ ਅਤੇ ਰੰਗਮੰਚ ਅਧੂਰੇ ਹੀ ਨਹੀ ਬਲਕਿ ਸੱਖਣੇ-ਸੱਖਣੇ ਵੀ ਜਾਪਦੇ ਹਨ-ਬਲਵੰਤ ਗਾਰਗੀ,ਕੇਵਲ ਭਾਰਤੀ ਨਾਟ ਪਰੰਪਰਾ ਦਾ ਹੀ ਨਹੀ, ਪੱਛਮੀ ਨਾਟ ਪਰੰਪਰਾ ਦਾ ਵੀ ਚੰਗਾ ਵਾਕਿਫ਼ਕਾਰ ਸੀ। ਜੇਕਰ ਇੰਝ ਕਹਿ ਲਿਆ ਜਾਵੇ ਕਿ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਆਧੁਨਕਿ ਨਾਟ ਪਰੰਪਰਾ ਦੀਆਂ ਵਿਧੀਆਂ ਨਾਲ ਜੋੜਨ ਦਾ ਸਿਹਰਾ ਵੀ ਬਲਵੰਤ ਗਾਰਗੀ ਨੂੰ ਹੀ ਜਾਂਦਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ। ਗਾਰਗੀ ਮਾਲਵੇ ਦਾ ਗੜ੍ਹ ਮੰਨੇ ਜਾਂਦੇ ਬਠਿੰਡੇ ਦਾ ਜੰਮਪਲ ਸੀ,ਉਹ ਦੱਸਦਾ ਹੈ ਕਿ

''ਇਥੋਂ ਕੱਚੀਆਂ ਗਲੀਆਂ ਵਿੱਚ ਮਹੱਲੇ ਦੇ ਤਖਾਣਾਂ, ਜੁਲਾਹਿਆਂ, ਜੱਟਾਂ ਤੇ ਮਰਾਸੀਆਂ ਦੇ ਮੁੰਡਿਆ ਨਾਲ ਖੇਡਦਾ ਮੈ ਵੱਡਾ ਹੋਇਆ। ਮਲਵਈ ਜ਼ੁਬਾਨ ਦਾ ਜੰਮਪਲ ਆਦਮੀ ਆਪਣੀ ਜ਼ੁਬਾਨ ਕਦੇ ਨਹੀ ਭੁੱਲਦਾ । ਦਿੱਲੀ ਦੱਖਣ ਗਾਹ ਆਵੇ, ਵਲੈਤ ਫਿਰ ਆਵੇ ਭਾਵੇਂ ਉੱਥੇ ਹੀ ਰਹਿ ਜਾਵੇ ਪਰ ਆਪਣੀ ਜ਼ੁਬਾਨ ਉਸ ਦੇ ਸੁਪਨਿਆ ਵਿੱਚ ਵੀ ਧੜਕਦੀ ਹੈ''।

ਗਾਰਗੀ ਆਪਣੀ ਕਹਿਣੀ 'ਤੇ ਖਰਾ ਉੱਤਰਿਆ ਉਸ ਨੇ ਆਪਣੇ ਨਾਟਕਾਂ ਵਿੱਚ ਮਲਵਈ ਬੋਲੀ ਦਾ ਭਰਪੂਰ ਇਸਤੇਮਾਲ ਕੀਤਾ। ਉਸ ਦੇ ਨਾਟਕਾਂ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਨ੍ਹਾਂ ਦੇ ਵਿਸ਼ੇ ਕਿਸੇ ਕਾਲਪਨਿਕ ਖਲ੍ਹਾਅ ਵਿੱਚੋਂ ਨਹੀਂ ਬਲਕਿ ਉਸਦੇ ਨਿੱਜੀ ਅਨੁਭਵ ਅਤੇ ਤਜ਼ਰਬਿਆਂ ਵਿੱਚੋਂ ਜਨਮ ਲੈਦੇ ਸਨ। ਜਿੱਥੇ ਗਾਰਗੀ ਮਾਲਵਾ ਇਲਾਕੇ ਦੇ ਵਸਨੀਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵਿੱਚੋ ਵਿਸ਼ਿਆਂ ਦੀ ਚੋਣ ਕਰਦਾ ਸੀ, ਉੱਥੇ ਹੀ ਉਹ ਮਲਵਈ ਲੋਕਾਂ ਵੱਲੋਂ ਸਧਾਰਨ ਗੱਲਬਾਤ ਦੌਰਾਨ ਵਰਤੇ ਜਾਂਦੇ ਚਿੰਨ੍ਹਾਂ ਦਾ ਵੀ ਆਪਣੇ ਨਾਟਕਾਂ ਵਿੱਚ ਵੱਡੇ ਪੱਧਰ 'ਤੇ ਸਫਲਤਾਪੂਰਵਕ ਪ੍ਰਯੋਗ ਕਰਦਾ ਸੀ। 1944 ਈ. ਵਿੱਚ ਉਸ ਦੁਆਰਾ ਲਿਖੇ ਨਾਟਕ 'ਲੋਹਾਕੁੱਟ' ਵਿੱਚ ਵੀ ਅਚੇਤ ਅਤੇ ਸੁਚੇਤ ਪੱਧਰ

*ਖੋਜਾਰਥੀ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ*

'ਤੇ ਉਸ ਦੁਆਰਾ ਚਿੰਨ੍ਹਾਂ ਦੀ ਖੂਬ ਵਰਤੋਂ ਕੀਤੀ ਗਈ ਹੈ। ਇਸ ਲੇਖ ਵਿੱਚ ਅਸੀ ਗਾਰਗੀ ਦੇ ਇਸੇ ਨਾਟਕ (ਸੋਧੇ ਹੋਏ ਅਡੀਸ਼ਨ 1994) ਦਾ ਚਿੰਨ੍ਹ ਵਿਗਿਆਨਕ ਅਧਿਐਨ ਕਰਾਂਗੇ।

ਨਾਟਕ ਦਾ ਚਿੰਨ੍ਹ ਵਿਗਿਆਨਕ ਅਧਿਐਨ ਕਰਨ ਤੋਂ ਪਹਿਲਾਂ ਇੱਕ ਨਜ਼ਰ ਚਿੰਨ੍ਹ ਵਿਗਿਆਨ 'ਤੇ ਮਾਰ ਲੈਣੀ ਬੇਹੱਦ ਜ਼ਰੂਰੀ ਹੈ। 'ਉਨੀਵੀਂ ਸਦੀ ਦੇ ਅਖ਼ੀਰ ਵਿੱਚ ਅਮਰੀਕੀ ਫਿਲਾਸਫਰ ਚਾਰਲਸ ਸੈਂਡਰਸ ਪੀਅਰਸਨ ਨੇ ਇੱਕ ਪੜ੍ਹਾਈ ਖੋਜੀ ਜਿਸ ਨੂੰ 'ਸੈਮੀਓਟਿਕ' ਆਖਿਆ ਅਤੇ ਸਵਿਸ ਦਾ ਭਾਸ਼ਾ ਵਿਗਿਆਨੀ ਫਰਦੀਨਾ-ਦ-ਸਸਿਊਰ ਆਪਣੇ 'ਕੋਰਸ ਇੰਨ ਜਨਰਲ ਲਿੰਗੁਸਟਕ(1915) ਵਿੱਚ ਆਪਣੇ ਆਧਾਰ 'ਤੇ ਇੱਕ ਵਿਗਿਆਨ ਦੀ ਪੇਸ਼ਕਸ਼ ਕਰਦਾ ਹੈ ਜਿਸ ਨੂੰ 'ਸੈਮੀਓਲੋਜੀ' ਆਖਦਾ ਹੈ। ਸਸਿਊਰ ਚਿੰਨ੍ਹ ਨੂੰ ਭਾਸ਼ਾ ਦੇ ਅਧਿਐਨ ਦੀ ਮੂਲ ਮੱਦ ਮੰਨਦਾ ਹੈ। ਸਸਿਊਰ ਭਾਸ਼ਾ ਨੂੰ ਚਿੰਨ੍ਹਾਂ ਦਾ ਪ੍ਰਬੰਧ ਕਹਿੰਦਾ ਹੈ, ਜੋ ਕਿ ਵਿਚਾਰਾਂ ਨੂੰ ਪ੍ਰਗਟਉਂਦਾ ਹੈ। ਸੈਮੀਓਟਿਕ ਉਹ ਵਿਗਿਆਨ ਹੈ ਜੋ ਚਿੰਨ੍ਹ ਅਤੇ ਚਿੰਨ੍ਹ ਪ੍ਰਬੰਧ ਦਾ ਅਧਿਐਨ ਕਰਦਾ ਹੈ। ਇਹ ਯੂਨਾਨੀ ਭਾਸ਼ਾ ਦੇ ਸ਼ਬਦ 'ਸੈਮੀਓਨ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਚਿੰਨ੍ਹ। ਚਿੰਨ੍ਹ ਦਾ ਅਧਿਐਨ ਸੰਚਾਰ ਪ੍ਰਕਿਰਿਆ ਦਾ ਅਧਿਐਨ ਹੈ। ਚਿੰਨ੍ਹ ਵਿਗਿਆਨ ਦੇ ਖੇਤਰ ਵਿੱਚ ਲੂਈ ਯਸਮਲੇਵ, ਕਲਾਦ ਲੈਵੀ ਸਤ੍ਰਾਸ, ਰੋਲਾ ਬਾਰਤ, ਏ ਜੇ ਗ੍ਰੇਮਾਸ, ਪੇਰੇ ਗੁਈਰਾਦ, ਯੱਕ ਲਾਕਾਂ, ਅੰਬਰਟੋ ਈਕੋ, ਜੂਲੀਆ ਕ੍ਰਿਸਤੇਵਾ ਦਾ ਵਿਸ਼ੇਸ਼ ਯੋਗਦਾਨ ਹੈ। ਚਿੰਨ੍ਹ ਵਿਗਿਆਨ ਰਚਨਾ ਦੇ ਸੰਪੂਰਨ ਵਰਤਾਰੇ ਨੂੰ ਚਿੰਨ੍ਹ ਪ੍ਰਬੰਧ ਸਵੀਕਾਰਦਾ, ਇਸ ਦੇ ਪਿਛੋਕੜ ਵਿੱਚ ਕਿਰਿਆਸ਼ੀਲ ਉਨ੍ਹਾਂ ਨਿਯਮਾਂ ਦੀ ਤਲਾਸ਼ ਕਰਦਾ ਹੈ ਜੋ ਕਿ ਵਿਸ਼ੇਸ਼ ਸੱਭਿਆਚਾਰ ਦੇ ਸੰਦਰਭ ਵਿਚ ਅਰਥਾਂ ਨੂੰ ਪੈਦਾ ਕਰਕੇ ਇਸ ਸਮੁੱਚੇ ਵਰਤਾਰੇ ਨੂੰ ਪੈਦਾ ਕਰਦੇ ਹਨ। ਚਿੰਨ੍ਹ ਵਿਗਿਆਨ ਨਾਟਕ ਵਿੱਚਲੇ ਦ੍ਰਿਸ਼ਾਂ ਦੀ ਪੇਸ਼ਕਾਰੀ ਲਈ ਵਰਤੀ ਸਮੱਗਰੀ, ਪਾਤਰਾਂ ਦੇ ਸੰਵਾਦ, ਹਾਵਭਾਵ ਅਤੇ ਸਮੇਂ ਸਥਾਨ ਦੇ ਅਧਾਰ ਵਿੱਚੋਂ ਚਿੰਨ੍ਹਾਂ ਦੀ ਤਲਾਸ਼ ਕਰਦਾ ਹੈ ਜੋ ਨਾਟਕ ਵਿੱਚ ਪੇਸ਼ ਸਮਾਜ ਅਤੇ ਸੱਭਿਆਚਾਰ ਦੇ ਸੰਦਰਭ ਵਿੱਚ ਵੱਖਰੇ ਅਤੇ ਨਿਵੇਕਲੇ ਅਰਥਾਂ ਦੇ ਧਾਰਨੀ ਹੁੰਦੇ ਹਨ।

ਲੋਹਾ ਕੁੱਟ ਨਾਟਕ ਦੇ ਮੱਦੇ ਨਜ਼ਰ ਜੇਕਰ ਗੱਲ ਕਰੀਏ ਤਾਂ ਮਲਵਈ ਭਾਸ਼ਾ ਵਿੱਚ ਜਦੋਂ ਕਿਸੇ ਵਿਅਕਤੀ ਨੂੰ ਨਖਿੱਧ ਸਾਬਤ ਕਰਨਾ ਹੋਵੇ ਤਾਂ ਮਲਵਈ ਲੋਕ ਕੁੱਝ ਅਜਿਹੇ ਸ਼ਬਦ ਦਾ ਪ੍ਰਯੋਗ ਕਰਦੇ ਹਨ ਕਿ ਇਹ ਵਿਅਕਤੀ ਦੇ ਪੱਲੇ ਕੱਖ ਨਹੀਂ ਛੱਡਦੇ ਜਿਵੇਂ- ਬਲਦ-ਕੁੱਟ, ਭੇਡ-ਕੁੱਟ, ਕੁੱਤੇ -ਕੁੱਟ, ਲੋਹਾ-ਕੁੱਟ ਆਦਿ। ਜਿਸ ਲਈ ਇਹ ਸ਼ਬਦ ਵਰਤੇ ਜਾਣ ਉਸ ਬਾਰੇ ਕੋਈ ਹੋਰ ਵਿਆਖਿਆ ਦੇਣ ਦੀ ਜ਼ਰੂਰਤ ਹੀ ਨਹੀ ਰਹਿੰਦੀ ਇਹ ਉਸ ਦੇ ਸਮੁੱਚੇ ਵਿਅਕਤਿਤਵ ਨੂੰ ਹੀ ਬਿਆਨ ਕਰ ਜਾਂਦਾ ਹਨ।

'ਲੋਹਾ ਕੁੱਟ' ਨਾਟਕ ਦਾ ਨਾਮ 'ਲੋਹਾ ਕੁੱਟ' ਆਪਣੇ ਪਰਿਵਾਰ ਅਤੇ ਪਤਨੀ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਅਸਮਰੱਥ, ਉਨ੍ਹਾਂ ਨਾਲ ਆਪਣੇ ਪੇਸ਼ੇ ਅਨੁਸਾਰ ਲੋਹੇ ਵਰਗਾ ਹੀ ਸਖ਼ਤ ਵਿਵਹਾਰ ਕਰਨ ਵਾਲੇ, ਸੰਵੇਗਹੀਣ ਪਾਤਰ ਦਾ ਚਿੰਨ੍ਹ ਹੈ।

ਨਾਟਕ ਦਾ ਪਹਿਲਾ ਦ੍ਰਿਸ਼ ਇਕ ਸਧਾਰਨ ਘਰ ਹੈ ਜਿਸ ਵਿਚ ਕੁਝ ਵਸਤਾਂ ਨਜ਼ਰ ਆਉਦੀਆਂ ਹਨ। ਰੋਲਾਂ ਬਾਰਤ ਦੇ ਸਿਧਾਂਤ ਅਨੁਸਾਰ ਪਹਿਲੀ ਪੜ੍ਹਤ ਵਿੱਚ ਇਹ ਦ੍ਰਿਸ਼ ਆਪਣੇ ਰੂੜੀਗਤ ਅਰਥ ਗ੍ਰਹਿਣ ਕਰਦਾ ਹੋਇਆ ਇੱਕ ਲੁਹਾਰ ਦੇ ਕਿੱਤੇ ਨਾਲ ਸੰਬੰਧਿਤ ਵਿਅਕਤੀ ਦੇ ਘਰ ਦਾ ਚਿੰਨ੍ਹ ਹੈ ਪਰੰਤੂ ਦੂਸਰੀ ਪੜ੍ਹਤ ਵਿੱਚ ਇੱਥੇ ਦਿਖਾਈ ਦਿੰਦੀ ਹਰ ਵਸਤ ਅਤੇ ਉਸ ਦੀ

ਸਥਿਤੀ ਰੂੜੀਗਤ ਅਰਥਾਂ ਨੂੰ ਤਿਆਗ ਕੇ ਨਵਾਂ ਚਿਨ੍ਹ ਬਣ ਕੇ ਨਵੇ ਅਰਥਾਂ ਨੂੰ ਉਜਾਗਰ ਕਰਨ ਲੱਗ ਜਾਂਦੀ ਹੈ। ਘਰ ਵਿੱਚ ਦਿਖਾਈ ਦਿੰਦੀ 'ਭੱਠੀ' ਨਾਟਕ ਦੀ ਪਾਤਰ ਸੰਤੀ ਦਾ ਚਿੰਨ੍ਹ ਬਣ ਜਾਂਦੀ ਹੈ ਜੋ ਕਿ ਬਿਲਕੁਲ ਉਸੇ ਤਰ੍ਹਾਂ ਧੁੱਖ ਰਹੀ ਹੈ, ਬਲ ਰਹੀ ਹੈ ਜਿਸ ਤਰ੍ਹਾਂ ਨਾਟਕ ਦੀ ਪਾਤਰ ਸੰਤੀ ਆਪਣੇ ਜ਼ਜਬਿਆਂ ਨੂੰ ਆਪਣੀਆਂ ਭਾਵਨਾਵਾਂ, ਇੱਛਾਵਾਂ ਨੂੰ ਦਬਾ ਕੇ ਅੰਦਰੋਂ-ਅੰਦਰੀ ਧੁੱਖ ਰਹੀ ਹੈ। ਸੰਤੀ ਦੁਆਰਾ ਭੱਠੀ ਵਿੱਚ 'ਕੋਲੇ ਸੁਣ ਕੇ' ਭੱਠੀ ਦੀ ਅੱਗ ਨੂੰ ਬੁੱਝਣ ਤੋਂ ਬਚਾਉਣਾ ਉਸ ਦੁਆਰਾ ਆਪਣੇ ਅੰਦਰ ਮਰ ਰਹੀਆਂ ਉਮੰਗਾਂ ਨੂੰ ਬਚਾਉਣ ਲਈ ਯਤਨਸ਼ੀਲ ਹੋਣ ਦਾ ਚਿੰਨ੍ਹ ਹੈ। ਘਰ ਵਿੱਚ ਅਹਿਰਨ, ਧੌਕਣੀ, ਹਥੌੜਾ, ਸੰਨੀ ਤੇ ਹੋਰ ਸੰਦਾਂ ਦਾ ਖਿਲਾਰਾ ਘਰ ਵਿੱਚ ਬੇਤਰਤੀਬੇ ਅਤੇ ਖਿਲਰੇ ਹੋਏ ਰਿਸ਼ਤਿਆਂ ਦੇ ਚਿੰਨ੍ਹ ਹੋ ਨਿਬੜਦੇ ਹਨ। ਪਿੰਜਰਾ ਅਤੇ ਉਸ ਵਿੱਚ ਕੈਦ ਮਾਸੂਮ ਤਿੱਤਰ ਕ੍ਰਮਵਾਰ ਪ੍ਰੰਪਰਾ ਅਤੇ ਬੈਣੋ ਦਾ ਚਿੰਨ੍ਹ ਬਣਦੇ ਹਨ, ਜਿਸ ਪ੍ਰਕਾਰ ਤਿੱਤਰ ਪਿੰਜਰੇ ਵਿੱਚ ਕੈਦ ਦਿਖਾਈ ਦੇ ਰਹੇ ਹਨ, ਬਿਲਕੁੱਲ ਉਸੇ ਤਰ੍ਹਾਂ ਹੀ ਬੈਣੋ ਅਣਦਿਸਦੀਆਂ ਪਰੰਪਰਾਵਾਦੀ ਸਲਾਖਾ ਪਿੱਛੇ ਆਪਣੇ ਆਪ ਨੂੰ ਲਾਚਾਰ, ਬੇਵੱਸ ਅਤੇ ਕੈਦ ਮਹਿਸੂਸ ਕਰਦੀ ਹੈ। ਤਿੱਤਰ ਬੈਣੋ ਅਤੇ ਸੰਤੀ ਦੇ ਹਵਾਲੇ ਨਾਲ ਔਰਤ ਦੇ ਜੀਵਨ ਦਾ ਵੀ ਚਿੰਨ੍ਹ ਹਨ। ਬੈਣੋ ਦੁਆਰਾ ਤਿੱਤਰਾਂ ਨੂੰ ਚੋਗਾ ਪਾਕੇ ਜਿੰਦਾ ਰੱਖਣਾ ਅਸਲ ਮਰ ਰਹੀਆਂ ਆਸਾਂ ਅਤੇ ਵੇਗਾਂ ਨੂੰ ਹੀ ਜ਼ਿੰਦਾ ਰੱਖਣਾ ਦੇ ਉਪਰਾਲੇ ਦਾ ਚਿੰਨ੍ਹ ਹੈ। ਬੈਣੋ ਬਾਹਰੋਂ ਪਾਣੀ ਦਾ ਘੜਾ ਸਿਰ ਉੱਪਰ ਚੁੱਕ ਕੇ ਲੈ ਕੇ ਆਉਂਦੀ ਹੈ ਜੋ ਚਿੰਨ੍ਹ ਹੈ ਕਿ ਬੈਣੋ ਦੇ ਜਨਮ ਨੇ ਸੰਤੀ ਅੰਦਰ ਮੱਚ ਰਹੀ ਕਾਮ ਦੀ ਅੱਗ ਉੱਪਰ ਪਾਣੀ ਦਾ ਕੰਮ ਕੀਤਾ ਅਤੇ ਉਸ ਨੂੰ ਕੁਝ ਸਮੇਂ ਲਈ ਸ਼ਾਂਤ ਕਰ ਦਿੱਤਾ। ਬੈਣੋ ਦੁਆਰਾ ਸਿਰ ਤੋਂ ਘੜਾ ਉਤਾਰ ਕੇ ਆਪਣੀ ਕੁੜਤੀ ਨੂੰ ਛੰਡ ਕੇ ਪਾਣੀ ਉਡਾ ਦੇਣਾ ਇੱਕ ਪਾਸੇ ਸੰਤੀ ਦੀ ਸ਼ਾਤ ਹੋਈ ਅੱਗ ਤੋਂ ਪਾਣੀ ਦੀ ਠੰਡੀ ਪਰਤ ਉਤਾਰ ਕੇ ਉਸ ਨੂੰ ਮੁੜ ਮਘਾਉਣ ਦਾ ਅਤੇ ਦੂਜੇ ਪਾਸੇ ਖੁਦ ਆਪਣੇ ਆਪ ਤੋਂ ਪਾਣੀ ਨੂੰ ਪਰ੍ਹਾਂ ਛੰਡ ਕੇ ਆਪਣੇ ਅੰਦਰ ਚੜ੍ਹਦੀ ਜਵਾਨੀ ਨਾਲ ਪੈਦਾ ਹੋਈ ਕਾਮ ਅੱਗ ਨੂੰ ਠੰਡੀ ਹੋਣ ਅਤੇ ਬੁੱਝਣ ਤੋਂ ਬਚਾਉਣ ਲਈ ਕੀਤੇ ਕਾਰਜ ਦਾ ਚਿੰਨ੍ਹ ਹੈ। ਹਰਾ ਰੰਗ ਖੁਸ਼ਹਾਲੀ,ਫੁੱਟਣ ਅਤੇ ਨਵੇਂ ਬੀਜ ਪੁੰਗਰਨ ਦਾ ਚਿੰਨ੍ਹ ਹੈ। ਬੈਣੋ ਦੁਆਰਾ ਸਿਰ ਉੱਪਰ ਹਰੇ ਰੰਗ ਦੀ ਚੁੰਨੀ ਲੈ ਕੇ ਬਾਹਰ ਜਾਣਾ ਬੈਣੋ ਦੇ ਮਨ ਦੀ ਖੁਸ਼ੀ,ਜਵਾਨੀ ਦੇ ਫੁੱਟਣ ਅਤੇ ਉਸ ਅੰਦਰ ਨਵੇਂ ਨੂੰ ਪੁੰਗਰਾਉਣ ਦੀ ਪੈਦਾ ਹੋਈ ਸ਼ਕਤੀ ਦਾ ਚਿੰਨ੍ਹ ਹੈ। ਬੈਣੋ ਦੀ ਢਾਕ 'ਤੇ ਰੱਖਿਆ 'ਦੋਹਣਾ' ਪੁਲਿੰਗ ਹੈ ਜੋ ਦੁੱਧ ਚੋਣ ਦੇ ਕੰਮ ਆਉਂਦਾ ਹੈ, ਇਹ ਬੈਣੋ ਦੀ ਵਿਰੋਧੀ ਲਿੰਗ ਪ੍ਰਤੀ ਖਿੱਚ ਅਤੇ ਉਸ ਨੂੰ ਆਪਣੇ ਜਿਸਮ ਨਾਲ ਲਾਉਣ ਦੀ ਤਾਂਘ ਦਾ ਚਿੰਨ੍ਹ ਹੈ। ਨਾਟਕ ਦੀ ਸ਼ੁਰੂਆਤ ਇਨ੍ਹਾਂ ਵਾਰਤਾਲਾਪਾਂ ਨਾਲ ਹੁੰਦੀ ਹੈ।

ਸੰਤੀ-ਕਿੱਧਰ ਚੱਲੀਏ ਦੋਹਣਾ ਚੁੱਕ ਕੇ?

ਬੈਣੋਂ:-ਧਾਰ ਕੱਢਣ

ਸੰਤੀ:- ਐਡੀ ਛੇਤੀ? ਡੰਗਰ ਹੁਣੇ ਆਏ ਨੇ,ਧਾਰ ਕੱਢਣ ਦਾ ਵੇਲਾ ਨਹੀਂ ਹੋਇਆ

ਬੈਣੋਂ:- ਗਾਂ ਨੂੰ ਹੁਣੇ ਚੋ ਲਿਆਵਾਂ,ਨਹੀਂ ਤਾਂ ਲੇਵਾ ਆਕੜ ਜਾਊ।ਮੇਰੀਆਂ ਬਿੜਕਾਂ ਭੰਨਦੀ ਹੋਊ। ਜੇ ਰਤਾ ਚਿਰ ਹੋ ਜਾਵੇ ਤਾਂ ਸਿੰਗਾਂ 'ਤੇ ਚੁੱਕਣ ਨੂੰ ਆਉਂਦੀ ਐ।

ਸੰਤੀ ਦੇ ਪ੍ਰਸ਼ਨ ਦੇ ਉੱਤਰ ਵਜੋਂ ਬੋਲਿਆ ਗਿਆ ਬੈਣੋਂ ਦਾ ਪਹਿਲਾ ਵਾਰਤਾਲਾਪ ਬੈਣੋਂ ਦੁਆਰਾ ਆਪਣੀ ਕਾਮ ਪੂਰਤੀ ਲਈ ਜਾਣ ਦਾ ਚਿੰਨ੍ਹ ਹੈ। ਸੰਤੀ ਦੇ ਦੂਸਰੇ ਵਾਰਤਾਲਾਪ ਦੇ ਸ਼ਬਦ

'ਐਡੀ ਛੇਤੀਂ', 'ਡੰਗਰ ਹੁਣੇ ਆਏ ਨੇ', 'ਵੇਲਾ ਨਹੀ ਹੋਇਆ' ਬੈਣੋਂ ਨੂੰ ਵਰਜਣਾ ਦੇ ਨਾਲ-ਨਾਲ ਆਪਣੀ ਦੂਸਰੀ ਪੜ੍ਹਤ ਵਿੱਚ ਕ੍ਰਮਵਾਰ ਹੈਰਾਨੀ, ਮਹਾਵਾਰੀ (ਪੀਰੀਅਡ) ਆਉਣ ਅਤੇ ਬੈਣੋ ਦੀ ਛੋਟੀ ਉਮਰ ਦਾ ਚਿੰਨ੍ਹ ਹਨ। ਸੰਤੀ ਬੈਣੋ ਨੂੰ ਵਰਜ ਰਹੀ ਹੈ ਕਿ ਹਾਲੇ ਹੁਣੇ ਉਸ ਨੂੰ ਜਵਾਨੀ ਚੜ੍ਹੀ ਹੈ ਉਹ ਏਨੀ ਛੇਤੀ ਸੰਭੋਗ ਲਈ ਕਿਉਂ ਉਤਾਵਲੀ ਹੈ ਹਾਲੇ ਉਸ ਦੀ ਉਮਰ ਨਹੀਂ ਹੋਈ। ਬੈਣੋ ਦੇ ਵਾਰਤਾਲਾਪ ਵਿੱਚ 'ਲੇਵਾ ਆਕੜ ਜਾਊ', 'ਮੇਰੀਆਂ ਬਿੜਕਾਂ ਭੰਨਦੀ ਹੋਊ'। 'ਜੇ ਰਤਾ ਚਿਰ ਹੋ ਜਾਵੇ ਤਾਂ ਸਿੰਗਾਂ 'ਤੇ ਚੁੱਕਣ ਨੂੰ ਆਉਂਦੀ ਐਂ'। ਕ੍ਰਮਵਾਰ ਬੈਣੋ ਅੰਦਰ ਪੈਦਾ ਹੋਈ ਤੀਬਰ ਕਾਮ ਵਾਸ਼ਨਾ, ਸਰਬਣ ਦੁਆਰਾ ਉਸ ਦੀ ਬੇਸਬਰੀ ਨਾਲ ਉਡੀਕ ਕਰਨ, ਅਤੇ ਉਸ ਦੇ ਲੇਟ ਹੋਣ ਤੇ ਸਰਬਣ ਦੇ ਗੁੱਸੇ ਹੋਣ ਦਾ ਚਿੰਨ੍ਹ ਹੈ।

ਬੈਣੋਂ ਦੇ ਗਾਂ ਚੋਣ ਲਈ ਜਾਣ ਵਾਸਤੇ ਬਾਜ਼ਿੱਦ ਹੋਣ ਤੇ ਸੰਤੀ ਵੱਲੋਂ ਉਸ ਨੂੰ ਨਸੀਹਤ ਭਰੇ ਲਹਿਜ਼ੇ ਵਿੱਚ ਕਿਹਾ ਪੂਰਾ ਵਾਰਤਾਲਾਪ ਚਿੰਨ੍ਹਾਂ ਨਾਲ ਭਰਪੂਰ ਹੈ,

ਸੰਤੀ- ਜਾਹ ਫੇਰ ਪਰ ਉੱਥੇ ਹੀ ਨਾ ਬੈਠੀ ਰਹੀਂ। ਵਾੜੇ ਵਿੱਚ ਦੁੱਧ ਦਾ ਛਿੱਟਾ ਦੇਣਾ ਨਾ ਭੁੱਲੀਂ ਨਹੀਂ ਤਾਂ ਗੁੱਗਾ ਪੀਰ ਰੁੱਸ ਜਾਊ। ਚੁਮਾਸੇ ਦੇ ਦਿਨ ਨੇ। ਦੀਵਾ ਬਾਲ ਕੇ ਰੱਖ ਆਵੀਂ ਤੇ ਛੇਤੀ ਮੁੜ ਆਵੀਂ।

ਇਸ ਵਾਰਤਾਲਾਪ ਵਿਚਲੇ ਸ਼ਬਦ ਪਹਿਲੀ ਪੜਤ ਵਿੱਚ ਆਪਣੇ ਰੂੜੀਗਤ ਅਰਥਾਂ ਰਾਹੀ ਭਾਰਤੀ ਮਿਥਿਹਾਸ, ਸੱਭਿਆਚਾਰ ਅਤੇ ਲੋਕਧਾਰਾ ਦੇ ਸੰਦਰਭ ਵਿੱਚ ਅਰਥ ਗ੍ਰਹਿਣ ਕਰਦੇ ਹਨ ਜਿਵੇਂ 'ਦੁੱਧ ਦਾ ਛਿੱਟਾ ਦੇਣਾ' ਸਥਾਨ ਨੂੰ ਪਵਿੱਤਰ ਕਰਨ ਦਾ, 'ਗੁੱਗਾ ਪੀਰ' ਜ਼ਹਿਰ ਦੇ ਦੇਵਤੇ ਜਾਂ ਸੱਪਾਂ ਦੇ ਰਾਜੇ ਰਾਜਾ ਵਾਸੁਕੀ ਦੇ ਪੁੱਤਰ ਦੇ ਮਨੁੱਖੀ ਜਾਮੇ ਵਿੱਚ ਪੈਦਾ ਹੋਣ ਦਾ, 'ਚੁਮਾਸਾ' ਹਾੜ ਸੁਦੀ 12 ਤੋਂ ਕੱਤਕ ਸੁਦੀ 12 ਤੱਕ ਚਾਰ ਮਹੀਨੇ ਦੇ ਗਰਮੀ ਅਤੇ ਵਰਖਾ ਦੇ ਸਮੇਂ, ਅਤੇ 'ਦੀਵਾ ਬਾਲਣਾ' ਆਸ਼ਾਵਾਦੀ ਰਹਿਣ ਦਾ ਚਿੰਨ੍ਹ ਹੈ ਪਰੰਤੂ ਇਹ ਸਾਰੇ ਨਾਟਕ ਦੇ ਸੰਦਰਭ ਵਿੱਚ ਰੂੜੀਗਤ ਅਰਥਾਂ ਤੋਂ ਪਾਰ ਨਵੇ ਅਰਥਾਂ ਦੇ ਚਿੰਨ੍ਹ ਬਣਦੇ ਹਨ। 'ਦੁੱਧ ਦਾ ਛਿੱਟਾ ਦੇਣਾ' ਬੈਣੋ ਦੁਆਰਾ ਸਰਬਣ ਨਾਲ ਭੋਗ ਵਿਲਾਸ ਕਰਨ ਤੋਂ ਬਾਅਦ ਉੱਥੇ ਹਰ ਉਹ ਤੱਥ ਮਿਟਾ ਕੇ ਜਿਸ ਨਾਲ ਸਰਬਣ ਅਤੇ ਬੈਣੋ ਦੁਆਰਾ ਸੰਬੰਧ ਬਣਾਉਣ ਦਾ ਪਤਾ ਲੱਗਦਾ ਹੋਵੇ, ਸਫਾਈ ਕਰਨ ਲਈ ਦਿੱਤੀ ਨਸੀਹਤ ਦਾ ਚਿੰਨ੍ਹ ਹੈ। ਗੁੱਗਾ ਪੀਰ ਕਾਕੂ ਦਾ ਚਿੰਨ੍ਹ ਹੈ ਕਿਉਕਿ ਸੰਤੀ ਨੂੰ ਲੱਗਦਾ ਹੈ ਕਿ ਕਾਕੂ ਪਿਆਰ ਤੋਂ ਸੱਖਣਾ ਹੈ ਅਤੇ ਸਿਰਫ ਜ਼ਹਿਰ ਉੱਗਲ ਸਕਦਾ ਹੈ। ਚੁਮਾਸੇ ਦੇ ਦਿਨ ਵਿਚਲੀ ਗਰਮੀ ਅਤੇ ਵਰਖਾ ਕ੍ਰਮਵਾਰ ਬੈਣੋ ਅੰਦਰਲੇ ਕਾਮ ਰੂਪੀ ਅਤੇ ਮਹੀਨੇ ਪਿੱਛੋ ਆਈ ਮਹਾਵਾਰੀ (ਪੀਰੀਅਡ) ਦਾ ਚਿੰਨ੍ਹ ਹਨ। ਜਿਸ ਕਰਕੇ ਸੰਤੀ ਉਸ ਨੂੰ ਸੁਚੇਤ ਕਰ ਰਹੀ ਹੈ ਕਿ ਉਹ ਸੰਬੰਧ ਨਾ ਬਣਾਵੇ ਭਾਵ ਇਨ੍ਹਾਂ ਨੂੰ ਭਵਿੱਖ ਲਈ ਮੁਲਤਵੀ ਕਰ ਦੇਵੇ ਜਿਸ ਦਾ ਚਿੰਨ੍ਹ 'ਦੀਵਾ ਬਾਲ ਕੇ ਰੱਖਣਾ' ਹੈ।

ਪਹਿਲੇ ਐਕਟ ਵਿੱਚ ਹੀ ਕਰਮਾ, ਬਾਰੂ ਅਤੇ ਤਲੋਕਾ ਜਦੋਂ ਕਾਕੂ ਕੋਲ ਆਪਣੇ ਖੇਤੀਬਾੜੀ ਦੇ ਸੰਦ ਠੀਕ ਕਰਵਾਉਣ ਅਤੇ ਲੈਣ ਲਈ ਆਉਂਦੇ ਹਨ (ਸੰਦ ਠੀਕ ਕਰਵਾਉਣ ਆਉਣਾ ਤਾਂ ਇੱਕ ਬਹਾਨਾ ਹੈ ਅਸਲ ਵਿੱਚ ਉਹ ਵੀ ਸੰਤੀ ਦੇ ਹੁਸਨ ਦਾ ਦੀਦਾਰ ਕਰਨ ਹੀ ਆਉਂਦੇ ਹਨ)ਤਾਂ ਇਨ੍ਹਾਂ ਦੇ ਸੰਵਾਦਾਂ ਵਿੱਚ ਵੀ ਚਿੰਨ੍ਹਾਂ ਦੀ ਭਰਮਾਰ ਦੇਖਣ ਨੂੰ ਮਿਲਦੀ ਹੈ।

ਤਲੋਕਾ:- ਮੀਂਹ ਵਰ੍ਹੇ ਹੋਏ ਨੇ, ਧਰਤੀ ਆਫਰੀ ਹੋਈ ਐ। ਮੈਨੂੰ ਨਵਾਂ ਫਾਲਾ ਚਾਹੀਦੈ। ਪੱਕੇ ਲੋਹੇ ਦਾ।

ਕਾਕੂ:- ਪੱਕੇ ਲੋਹੇ ਦਾ ਅੱਜ ਕੱਲ੍ਹ ਕਾਲ ਪੈ ਗਿਆ। ਮੰਡੀ ਵਿਚ ਜਾ ਕੇ ਦਸ ਦੁਕਾਨਾਂ ਤੋਂ ਪੁੱਛਣਾ ਪਵੇਗਾ।

ਕਰਮਾਂ:- ਕਿਉਂ?

ਕਾਕੂ:- ਅੱਜ ਕੱਲ੍ਹ ਲੋਹੇ ਦਾ ਹੀ ਕੰਮ ਐ। ਜੰਗ ਲੱਗੀ ਹੋਈ ਐ। ਲੋਹੇ ਦੀਆਂ ਬੰਦੂਕਾਂ ਬਣਦੀਆਂ ਨੇ,ਤੋਪਾ ਬਣਦੀਆਂ ਨੇ, ਤਲਵਾਰਾਂ ਬਣਦੀਆਂ ਨੇ।

ਤਲੋਕੇ ਦੁਆਰਾ ਗੱਲਬਾਤ ਭਾਵੇਂ ਕਾਕੂ ਨਾਲ ਕੀਤੀ ਜਾ ਰਹੀ ਹੈ ਪਰ ਅਸਲ ਵਿੱਚ ਇਹ ਪੂਰਾ ਵਾਰਤਾਲਾਪ ਸੰਤੀ ਨੂੰ ਹੀ ਸੰਬੋਧਨ ਹੈ।ਇਹ ਵਾਰਤਾਲਾਪ ਪਹਿਲੀ ਪੜਤ ਵਿੱਚ ਤਲੋਕੇ ਦੇ ਕਿਸਾਨ ਹੋਣ ਤੇ ਫਸਲ ਦੀ ਬਿਜਾਈ ਲਈ ਉਸ ਦੇ ਮਨ ਅੰਦਰ ਪੈਦਾ ਹੋਈ ਕਾਹਲੀ ਅਤੇ ਚਿੰਤਾ ਨੂੰ ਦਰਸਾਉਂਦੇ ਹਨ, ਆਪਣੀ ਦੂਸਰੀ ਪੜ੍ਹਤ ਵਿੱਚ ਇਹ ਵਰਤਾਲਾਪ ਆਪਣੇ ਰੂੜ ਅਰਥਾਂ ਨੂੰ ਤਿਆਗ ਦਿੰਦਾ ਹੈ ਜਿਸ ਕਰਕੇ 'ਮੀਂਹ ਵਰ੍ਹੇ ਹੋਏ ਨੇ' ਸੰਤੀ ਦੇ ਜੋਬਨ ਦੇ ਠਾਠਾ ਮਾਰਨ ਅਤੇ 'ਧਰਤੀ ਆਫਰੀ' ਸੰਤੀ ਅੰਦਰ ਪੈਦਾ ਹੋਈ ਤੀਬਰ ਕਾਮ ਵਾਸ਼ਨਾ ਕਾਰਨਾ ਉਸਦੇ ਵੇਗਮੱਤੀ ਹੋਣ ਦਾ ਚਿੰਨ੍ਹ ਹੈ। 'ਫਾਲਾ' ਮਰਦਾਨਾ ਤਾਕਤ ਅਤੇ 'ਪੱਕਾ ਲੋਹਾ' ਤਾਕਤਵਰ ਮਰਦ ਦਾ ਚਿੰਨ੍ਹ ਹੈ। ਤਲੋਕਾ ਸੰਤੀ ਲਈ ਤਾਕਤਵਰ ਮਰਦ ਦੀ ਲੋੜ ਦੱਸਦਾ ਹੈ।ਕਾਕੂ ਦਾ ਪਹਿਲਾ ਸੰਵਾਦ ਤਾਕਤਵਰ ਮਰਦਾਂ ਦੀ ਘਾਟ ਦਾ ਚਿਨ੍ਹ ਹੈ। ਕਰਮੇ ਦੇ ਪੁੱਛਣ ਤੇ ਕਾਕੂ ਘਾਟ ਦਾ ਕਾਰਨ ਜੰਗ ਦੱਸਦਾ ਹੈ।ਇਹ 'ਜੰਗ' ਦੂਜੇ ਵਿਸ਼ਵ ਯੁੱਧ ਦਾ ਚਿੰਨ੍ਹ ਹੈ। ਇਸ ਜੰਗ ਦੌਰਾਨ ਚੋਬਰ,ਨੌਜਵਾਨ,ਗੱਭਰੂ ਫ਼ੌਜ ਵਿੱਚ ਭਰਤੀ ਹੋ ਗਏ ਸਨ ਤੇ ਉਹ ਰਣ-ਭੂਮੀ ਵਿੱਚ ਬੰਦੂਕਾਂ, ਤੋਪਾਂ,ਤਲਵਾਰਾਂ ਬਣ ਕੇ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ, ਜਿਸ ਕਰਕੇ ਸ਼ਕਤੀਸ਼ਾਲੀ ਮੁੰਡਿਆਂ ਦੀ ਘਾਟ ਪੈ ਗਈ ਸੀ। ਇਸ ਪ੍ਰਕਾਰ ਕਾਕੂ ਦਾ ਇਹ ਵਾਰਤਾਲਾਪ ਤਕੜੇ ਜੁੱਸੇ ਵਾਲੇ ਮਰਦਾਂ ਦੀ ਘਾਟ ਦੇ ਕਾਰਨ ਦਾ ਚਿੰਨ੍ਹ ਹੈ।ਇਸੇ ਗੱਲ ਬਾਤ ਦੌਰਾਨ ਕਰਮਾਂ ਬਿਸ਼ਨੇ ਦੀ ਧੀ ਬਾਰੇ ਦੱਸਦਾ ਹੈ ਕਿਵੇਂ ਉਸ ਨੇ ਧੂਮ-ਧਾਮ ਨਾਲ ਵਿਆਹ ਕੀਤਾ ਸੀ ਪਰ ਪਹਿਲੀ ਰਾਤ ਹੀ ਕੁੜੀ ਨੂੰ ਪਤਾ ਲੱਗ ਗਿਆ ਕਿ ਮੁੰਡਾ ਨਾਮਰਦ ਹੈ। ਇਸ ਬਾਰੇ ਤਲੋਕਾ ਆਪਣੇ ਵਿਚਾਰ ਦਿੰਦਾ ਕਹਿੰਦਾ ਹੈ ਕਿ-

ਤਲੋਕਾ:- ਲੋਕ ਹਮੇਸ਼ਾ ਤੀਵੀਂ ਵਿਚ ਨੁਕਸ ਕੱਢਦੇ ਨੇ। ਲੱਭੂ ਸੁਨਿਆਰ ਨੇ ਤਿੰਨ ਵਿਆਹ ਕੀਤੇ। ਪੁੱਤ ਨੂੰ ਤਰਸਦਾ ਰਿਹਾ। ਜਦੋਂ ਡਾਕਟਰ ਕੋਲ ਗਿਆ ਤਾਂ ਪਤਾ ਲੱਗਾ ਕਿ ਲੱਭੂ ਹੀ ਨਾ ਮਰਦ ਸੀ।

ਕਾਕੂ:- ਓਏ ਕਮਲਿਓ। ਜੇ ਮੁੰਡਾ ਖੇਤ ਵਿਚ ਹਲ਼ ਚਲਾਉਂਦਾ ਹੋਵੇ ਜਾਂ ਅਹਿਰਨ ਉੱਤੇ ਲੋਹਾ ਕੁੱਟਦਾ ਹੋਵੇ ਤਾਂ ਉਸ ਵਿੱਚ ਕੋਈ ਨੁਕਸ ਨਹੀਂ ਪੈਂਦਾ। ਉਨ੍ਹਾਂ ਦੀ ਕੁੜੀ ਦੇ ਚਾਲੇ ਹੀ ਨਹੀਂ ਸਨ ਚੰਗੇ।

ਤਲੋਕੇ ਦੁਆਰਾ ਬੋਲਿਆ ਇਹ ਵਾਰਤਾਲਾਪ ਇੱਕ ਪਾਸੇ ਸਾਡੇ ਸੱਭਿਆਚਾਰ ਵਿੱਚ ਪੁੱਤਰ ਦੀ ਪ੍ਰਾਪਤੀ ਲਈ ਲੋਕਾਂ ਵੱਲੋਂ ਕਿਸੇ ਵੀ ਹੱਦ ਤੱਕ ਜਾਣ ਦਾ ਅਤੇ ਸਮਾਜ ਵਿੱਚ ਔਰਤ ਦੀ ਦੁੱਖਭਰੀ ਹੋਣੀ ਦਾ ਚਿੰਨ੍ਹ ਹਨ ਦੂਜੇ ਪਾਸੇ ਇਹ ਉਸ ਦੁਆਰਾ ਸੰਤੀ ਨੂੰ ਸਹੀ ਠਹਿਰਾਉਣ ਅਤੇ ਕਾਕੂ ਦੀ ਕੰਮਜ਼ੋਰ ਮਰਦਾਨਾ ਤਾਕਤ ਉੱਪਰ ਕੀਤੇ ਗਏ ਪ੍ਰਸ਼ਨ ਦਾ ਚਿੰਨ੍ਹ ਹਨ। ਕਾਕੂ ਦੁਆਰਾ ਤਲੋਕੇ ਦੇ ਸੰਵਾਦ ਦੇ ਉੱਤਰ ਵਜੋਂ ਬੋਲੇ ਸ਼ਬਦ ਕਾਕੂ ਦੀ ਮਰਦ ਪ੍ਰਧਾਨ ਸੋਚ ਹੋਣ ਦੇ ਨਾਲ-ਨਾਲ ਆਪਣੇ ਸੰਪੂਰਨ ਮਰਦ ਹੋਣ ਦੇ ਪ੍ਰਗਟਾਵੇ ਦਾ ਚਿੰਨ੍ਹ ਹੈ ਕਿਉਂਕਿ ਕਾਕੂ ਦਿਨ ਭਰ ਭੱਠੀ

'ਤੇ ਲੋਹਾ ਕੁੱਟਦਾ ਹੈ, ਮਿਹਨਤ ਕਰਦਾ ਹੈ। ਕਾਕੂ ਦਾ ਮੰਨਣਾ ਹੈ ਕਿ ਜੋ ਮਰਦ ਮਿਹਨਤ ਕਰਦੇ ਹਨ ,ਉਹ ਕਦੇ ਕੰਮਜ਼ੋਰ ਜਾਂ ਨਾਮਰਦ ਨਹੀਂ ਹੁੰਦੇ ਸਗੋਂ ਔਰਤਾਂ ਦੇ ਹੀ ਲੱਛਣ ਚੰਗੇ ਨਹੀਂ ਹੁੰਦੇ ਜੋ ਘਰ ਤੋਂ ਬਾਹਰ ਸੰਬੰਧ ਬਣਾਉਂਦੀਆਂ ਹਨ ਜਾਂ ਆਪਣੇ ਪਤੀ ਨੂੰ ਕੰਮਜ਼ੋਰ ਆਖਦੀਆਂ ਹਨ।

ਜਦੋਂ ਸੰਤੀ ਬੈਣੋਂ ਨੂੰ ਮਾਂ ਦੀ ਭੂਮਿਕਾ ਨਿਭਾਉਂਦੀ ਹੋਈ ਸਮਾਝਾਂਉਂਦੀ ਹੈ ਕਿ ਉਹ ਆਪਣੇ ਬਾਪੂ ਅੱਗੇ ਜ਼ੁਬਾਨ ਨਾ ਚਲਾਇਆ ਕਰੇ ਤੇ ਸਰਬਣ ਨੂੰ ਮਿਲਣਾ ਬੰਦ ਕਰ ਦੇਵੇ ਤਾਂ ਇਸ ਦ੍ਰਿਸ਼ ਵਿੱਚ ਸੰਤੀ ਅਤੇ ਬੈਣੋਂ ਦੇ ਸੰਵਾਦਾਂ ਵਿੱਚ ਅਨੇਕਾਂ ਚਿੰਨ੍ਹ ਉੱਭਰ ਕੇ ਸਾਹਮਣੇ ਅਉਂਦੇ ਹਨ:-

ਬੈਣੋਂ:- ਕੀ ਕਰਾਂ ਮੇਰੀਏ ਮਾਏਂ? ਮੈਂ ਕਿਸੇ ਹੋਰ ਮਿੱਟੀ ਦੀ ਬਣੀ ਆਂ। ਮੇਰੀਆਂ ਛਾਤੀਆਂ ਵਿੱਚ ਸੂਰਜ ਤਪਦੇ ਨੇ। ਜੀਅ ਕਰਦੇ ਠੰਡੇ ਦੁੱਧ ਦਾ ਖੂਹ ਪੀ ਜਾਵਾਂ, ਤਾਂ ਜੁ ਠੰਡ ਪਵੇ। ਰਾਤ ਨੂੰ ਮੈਂ ਸੌਂ ਨਹੀਂ ਸਕਦੀ। ਹੇ ਰੱਬਾ ! ਮੇਰੇ ਜਿਸਮ ਵਿੱਚ ਕਿਉਂ ਅੱਗ ਭਰ ਦਿੱਤੀ ? ਜੀ ਕਰਦੈ ਹਨ੍ਹੇਰੀਆਂ ਰਾਤਾਂ ਨੂੰ ਕਾਲੇ ਵਿਹੜੇ ਵਿੱਚ ਘੁੰਮਦੀ ਫਿਰਾਂ। ਮੁੱਕੀਆਂ ਮਾਰ-ਮਾਰ-ਭੰਨ ਸੁੱਟਾਂ ਇਸ ਵਿਹੜੇ ਦੀਆਂ ਕੰਧਾਂ ਨੂੰ।

ਸੰਤੀ:- ਕਿਉਂ ਟੱਕਰਾਂ ਮਾਰਦੀ ਐਂ ਬੈਂਤਲੇ। (ਖਿੱਚ ਕੇ ਉੱਸ ਨੂੰ ਪਰੇ ਕਰਦੀ ਹੈ)

ਮੈਨੂੰ ਦੇਖ। ਮੈਂ ਵੀ ਇਸ ਘਰ ਦੀ ਪੱਤ ਬਣ ਕੇ ਰਹੀ ਆਂ ਪੂਰੇ ਅਠਾਰਾਂ ਵਰ੍ਹੇ।

ਬੈਣੋਂ:- ਤੈਨੂੰ ਦੇਖ ਕੇ ਹੀ ਮੈਨੂੰ ਡਰ ਲੱਗਦੈ।

ਸੰਤੀ:- ਕੁੜੀ ਨੂੰ ਚਾਹੀਦਾ ਉਹ ਵਿਹੜੇ ਦੇ ਅੰਦਰ ਰਹੇ, ਨਹੀਂ ਤਾਂ ਉਸ ਨੂੰ ਸਰਾਪ ਲੱਗਦੈ।ਉਹ ਤਬਾਹ ਹੋ ਜਾਂਦੀ ਐ।

ਬੈਣੋਂ:- ਪਰ ਮੈਂ ਕਿਹੜੇ ਖੂਹ ਵਿੱਚ ਡਿੱਗਾਂ? ਜਿਸ ਗਲੀ ਵਿੱਚੋਂ ਲੰਘਦੀ ਆਂ, ਸੈਕੜੇ ਅੱਖਾਂ ਝਾਕਦੀਆਂ ਨੇ। ਕੰਧਾਂ ਵਿੱਚੋਂ ਖੁਲ੍ਹੀਆਂ ਤਾਕੀਆਂ ਵੀ ਮੈਨੂੰ ਘੂਰਦੀਆਂ ਨੇ। ਮੈਂ ਕੀ ਕਰਦੀ ਹਾਂ। ਕੀ ਸੋਚਦੀ ਹਾਂ,ਕਿੱਥੇ ਜਾਂਦੀ ਹਾਂ ਸਭ ਕੁਝ ਦੇਖਦੀਆਂ ਨੇ ਲੋਕਾਂ ਦੀਆਂ ਅੱਖਾਂ। ਮੈਂ ਕੈਦੀ ਹਾਂ ਇਸ ਫੂਕਣੇ ਵਿਹੜੇ ਦੀ!

ਬੈਣੋ ਦਾ ਪਹਿਲਾ ਸੰਵਾਦ ਬੈਣੋ ਦੀ ਜਵਾਨੀ ਫੁੱਟਣ ਕਾਰਨ ਉਸ ਅੰਦਰ ਪੈਦਾ ਹੋਈ ਕਾਮ ਦੀ ਅੱਗ ਦਾ ਚਿੰਨ੍ਹ ਹੈ। 'ਛਾਤੀਆਂ ਵਿੱਚ ਸੂਰਜ ਤਪਣਾ' ਕਾਮ ਪੂਰਤੀ ਦੀ ਤੀਬਰ ਤਾਂਘ ਦਾ ਅਤੇ 'ਠੰਡੇ ਦੁੱਧ ਦਾ ਖੂਹ' ਵਿਰੋਧੀ ਲਿੰਗ ਮਰਦ ਦਾ ਚਿੰਨ੍ਹ ਹੈ। ਬੈਣੋ ਦੁਆਰਾ ਰੱਬ ਨੂੰ ਦਿੱਤਾ ਉਲਾਂਭਾ ਉਸ ਅੰਦਰ ਪੈਦਾ ਹੋਈ ਕੁਦਰਤੀ ਨੇਮਾਂ ਅਨੁਸਾਰ ਪੁਰਸ਼ ਲਿੰਗ ਪ੍ਰਤੀ ਖਿੱਚ ਦਾ ਅਤੇ ਬੈਣੋਂ ਦੇ ਬੇਕਸੂਰ ਹੋਣ ਦਾ ਚਿੰਨ੍ਹ ਹੈ। ਹਨੇਰੀਆਂ ਰਾਤਾਂ ਅਤੇ ਕਾਲਾ ਵਿਹੜਾ ਕਿਸੇ ਅਜਿਹੇ ਸਥਾਨ ਦਾ ਜਿੱਥੇ ਸਮਾਜ ਦੀਆ ਨਜ਼ਰਾਂ ਅਤੇ ਨੇਮ ਨਾ ਹੋਣ ਅਤੇ ਵਿਹੜੇ ਦੀਆਂ ਕੰਧਾ ਨੂੰ ਮੁੱਕੀਆ ਨਾਲ ਭੰਨਣਾ ਸਮਾਜ ਦੇ ਬੰਦਨਾਂ ਨੂੰ ਤੋੜਨ ਦੀ ਇੱਛਾ ਦਾ ਚਿੰਨ੍ਹ ਹੈ। ਬੈਣੋ ਇਸ ਵਾਰਤਾਲਾਪ ਰਾਹੀ ਆਪਣੀ ਮਾਂ ਨੂੰ ਦੱਸਣਾ ਚਾਹੁੰਦੀ ਹੈ ਕਿ ਇਸ ਵਿੱਚ ਉਸ ਦਾ ਕੋਈ ਦੋਸ਼ ਨਹੀਂ ਹੈ ਅਸਲ ਵਿੱਚ ਇਸ ਸਭ ਵਿੱਚ ਉਸ ਕੁਦਰਤ ਦਾ ਹੀ ਦੋਸ਼ ਹੈ ਜਿਸ ਨੇ ਉਸ ਦੀ ਪ੍ਰਵਿਰਤੀ ਨੂੰ ਅਜਿਹਾ ਬਣਾਇਆ ਹੈ ਕਿ ਉਹ ਸਿਮਾਜ ਦੇ ਨੇਮਾਂ ਨੂੰ ਤੋੜਨਾ ਚਾਹੁੰਦੀ ਹੈ। ਇਸ ਦੇ ਜਵਾਬ ਵਿੱਚ ਸੰਤੀ ਦੁਆਰਾ ਬੋਲੇ ਸ਼ਬਦ ਸੰਤੀ ਅੰਦਰ ਵੀ ਪਰੰਪਰਾ ਦੇ ਨਿਯਮਾ ਨੂੰ ਤੋੜਨ ਦੀ ਰੁਚੀ ਹੋਣ ਦੇ ਬਾਵਜੂਦ ਪਰੰਪਰਵਾਦ ਨੂੰ ਅਪਣਾਉਣ ਦਾ ਅਤੇ ਇੱਕ ਔਰਤ ਦੀ ਅਸਲ ਹੋਣੀ ਸਮਾਜਿਕ ਨੇਮਾਂ ਨੂੰ ਧਾਰਨ

ਕਰਕੇ ਆਪਣੇ ਜ਼ਜਬਿਆ ਨੂੰ ਦਬਾ ਲੈਣ ਦਾ ਚਿੰਨ੍ਹ ਹੈ। ਬੈਣੋ ਦਾ ਦੂਜਾ ਵਾਰਤਾਲਾਪ ਸੰਤੀ ਦੀ ਘਰ ਵਿੱਚ ਦਸ਼ਾ ਅਤੇ ਕਾਕੂ ਵੱਲੋਂ ਉਸ ਨਾਲ ਕੀਤੇ ਜਾਂਦੇ ਮਾੜੇ ਸਲੂਕ ਦਾ ਚਿੰਨ੍ਹ ਹੈ ਪਰ ਸੰਤੀ ਬੈਣੋ ਨੂੰ ਵੀ ਆਪਣੇ ਵਾਂਗ ਬਣਾਉਣਾ ਚਾਹੁੰਦੀ ਹੈ, ਸੰਤੀ ਦੇ ਦੂਜੇ ਸੰਵਾਦ ਵਿੱਚ 'ਵਿਹੜਾ' ਸਮਾਜਿਕ ਦਾਇਰੇ ਦਾ ਅਤੇ 'ਸਰਾਪ' ਸਮਾਜਿਕ ਦਾਇਰੇ ਤੋਂ ਬਾਹਰ ਜਾਣ 'ਤੇ ਮਿਲਣ ਵਾਲੀ ਸਜ਼ਾ ਦਾ ਚਿੰਨ੍ਹ ਹੈ। ਸੰਤੀ ਬੈਣੋ ਨੂੰ ਸਮਝਾਉਣਾ ਚਾਹੁੰਦੀ ਹੈ ਕਿ ਔਰਤ ਨੂੰ ਹਮੇਸ਼ਾ ਸਮਾਜਿਕ ਨਿਯਮਾਂ ਦੇ ਦਾਇਰੇ ਵਿੱਚ ਹੀ ਰਹਿਣਾ ਚਾਹੀਦਾ ਹੈ, ਜੇਕਰ ਉਹ ਇਸ ਦਾਇਰੇ ਤੋਂ ਬਾਹਰ ਜਾਣ ਦੀ ਗੱਲ ਕਰੇਗ ਤਾਂ ਇਸ ਦੀ ਉਸ ਨੂੰ ਭਿਆਨਕ ਸਜ਼ਾ ਮਿਲੇਗੀ। ਸੰਤੀ ਦੇ ਸੰਵਾਦ ਦੇ ਪ੍ਰਤੀਕਰਮ ਵਜੋਂ ਬੈਣੋ ਵੱਲੋਂ ਬੋਲੇ ਸ਼ਬਦਾਂ ਵਿੱਚ 'ਕਿਸ ਖੂਹ ਵਿੱਚ ਡਿੱਗਾਂ' ਬੈਣੋ ਦੀ ਲਾਚਾਰੀ ,ਬੇਵੱਸੀ ਦਾ, 'ਝਾਕਦੀਆਂ ਸੈਕੜੇ ਅੱਖਾਂ' ਉਨ੍ਹਾਂ ਮਰਦਾ ਦਾ ਜੋ ਬੈਣੋਂ ਦੇ ਜਿਸਮ ਨੂੰ ਮਾਨਣਾ ਚਾਹੁੰਦੇ ਨੇ, 'ਕੰਧਾਂ ਦੀਆਂ ਖੁੱਲੀਆਂ ਤਾਕੀਆਂ' ਸਮਾਜ ਅਤੇ ਪਰੰਪਰਾਂ ਦੀਆਂ ਨਜ਼ਰਾਂ ਦਾ ਜੋ ਹਰ ਪਲ ਬੈਣੋਂ ਦੀਆਂ ਗਤੀਵਿਧੀਆਂ ਨੂੰ ਦੇਖਦੇ ਹਨ, 'ਫੂਕਣਾ ਵਿਹੜਾ' ਸਮਾਜਿਕ ਦਾਇਰੇ ਦਾ ਅਤੇ 'ਬੈਣੋ ਦਾ ਕੈਦੀ ਹੋਣਾ' ਉਸ ਨੂੰ ਪਰੰਪਰਾ ਦੁਆਰਾ ਗੁਲਾਮ ਬਣਾ ਕੇ ਰੱਖਣ ਦਾ ਚਿੰਨ੍ਹ ਹੈ। ਬੈਣੋ ਦਾ ਇਹ ਸੰਪੂਰਨ ਵਾਰਤਾਲਾਪ ਬੈਣੋਂ ਦੀ ਲਾਚਾਰੀ ਅਤੇ ਬੇਵੱਸੀ ਦੇ ਨਾਲ-ਨਾਲ ਉਸ ਉੱਪਰ ਪਰੰਪਰਾਂ ਦੇ ਨਾਮ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਚਿੰਨ੍ਹ ਹੈ।

ਦੂਜੇ ਐਕਟ ਦੇ ਪਹਿਲੇ ਸੀਨ ਵਿੱਚ ਸੰਤੀ ਅਤੇ ਬੈਣੋਂ ਦੇ ਇਨ੍ਹਾਂ ਸੰਵਾਦਾਂ ਵਿੱਚ ਵੀ ਚਿੰਨ੍ਹਾਂ ਦੀ ਭਰਪੂਰ ਵਰਤੋਂ ਹੋਈ ਹੈ ਅਤੇ ਇਹ ਚਿੰਨ੍ਹ ਨਾਟਕ ਦੇ ਸੰਦਰਭ ਵਿੱਚ ਡੂੰਘੇ ਅਰਥ ਗ੍ਰਹਿਣ ਕਰ ਹੋਏ ਨਾਟਕ ਦੀਆਂ ਅਨੇਕਾਂ ਤਹਿਆਂ ਨੂੰ ਖੋਲ੍ਹ ਜਾਂਦੇ ਹਨ:-

ਬੈਣੋਂ:- ਕੱਲ੍ਹ ਗਾਂ ਨੇ ਨਿਆਣਾ ਤੁੜਵਾ ਲਿਆ। ਲੇਵਾ ਭਰਿਆ ਹੋਇਆ ਸੀ। ਮੈਂ ਚੋਣ ਬੈਠੀ ਤਾਂ ਕਿੱਲ੍ਹੇ ਨਾਲ ਬੰਨਿਆਂ ਵੱਛਾਂ ਅੜਾਉਣ ਲੱਗਿਆ। ਗਾਂ ਉੜਕ ਗਈ। ਉਸ ਨੇ ਦੋ ਛੜਾਂ ਮਾਰੀਆਂ ਤੇ ਨਿਆਣਾ ਤੁੜਵਾ ਕੇ ਰੰਭਣ ਲੱਗੀ।

ਸੰਤੀ:- ਫਿਰ ਤੂੰ ਕੀ ਕਰਦੀ ਸੀ ਇਸ ਰੱਸੇ ਦਾ।

ਬੈਣੋਂ:- ਗੰਢਦੀ ਸਾਂ। ਘਸ ਕੇ ਬੋਦਾ ਹੋ ਗਿਆ। ਮੈਂ ਗੰਢਿਆ ਤਾਂ ਹੈ ਪਰ ਇਸ ਨੇ ਦੋ ਦਿਨ ਵੀ ਨਹੀਂ ਕੱਢਣੇ।

ਬੈਣੋ ਦੇ ਪਹਿਲੇ ਵਾਰਤਾਲਾਪ ਵਿੱਚ 'ਕੱਲ੍ਹ ਗਾਂ ਨੇ ਨਿਆਣਾ ਤੁੜਵਾ ਲਿਆ' ਬੈਣੋ ਦੁਆਰਾ ਆਪਣੀ ਮਾਂ ਨੂੰ ਦਿੱਤੇ ਵਚਨ ਕਿ ਉਹ ਅੱਜ ਤੋਂ ਬਾਅਦ ਸਰਬਣ ਨੂੰ ਨਹੀਂ ਮਿਲੇਗੀ ਨੂੰ ਤੋੜਨ ਦਾ, 'ਲੇਵਾ ਭਰਿਆ ਹੋਇਆ ਸੀ' ਉਸ ਦੇ ਕਾਮ ਵੇਗਾ ਦਾ ਚਰਮ ਸੀਮਾ 'ਤੇ ਹੋਣ ਦਾ, 'ਚੋਣ ਬੈਠਣਾ' ਕਾਮ ਵੇਗਾ ਨੂੰ ਸ਼ਾਤ ਕਰਨ ਦੀ ਕੋਸ਼ਿਸ਼ ਦਾ ਅਤੇ ਵੱਛਾ ਸਰਬਣ ਦਾ ਚਿੰਨ੍ਹ ਹੈ। ਬੈਣੋਂ ਆਪਣੀ ਮਾ ਨੂੰ ਦੱਸ ਰਹੀ ਹੈ ਕਿ ਕਿਸ ਤਰ੍ਹਾਂ ਕੱਲ੍ਹ ਉਸ ਨੇ, ਉਸ ਨੂੰ ਭਾਵ ਸੰਤੀ ਨੂੰ ਦਿੱਤਾ ਵਚਨ ਤੋੜ ਦਿੱਤਾ ਹੈ ਕਿਉਕਿ ਕੱਲ੍ਹ ਉਸ ਅੰਦਰ ਪੈਦਾ ਹੋਈ ਭੋਗ ਇੱਛਾ ਉਸਨੂੰ ਸਰਬਣ ਨੂੰ ਮਿਲਣ ਲਈ ਮਜ਼ਬੂਰ ਕਰ ਰਹੀ ਸੀ ਪਰ ਬੈਣੋਂ ਇਸ ਅੱਗ ਨੂੰ ਕਿਸੇ ਹੋਰ ਤਰੀਕੇ ਨਾਲ ਸਰਬਣ ਨੂੰ ਬਿਨਾ ਮਿਲੇ ਸ਼ਾਂਤ ਕਰਨਾ ਚਾਹੁੰਦੀ ਸੀ ਕਿ ਐਨ ਉਸੇ ਵਕਤ ਉਸ ਨੂੰ ਸਰਬਣ ਦੀ ਅਵਾਜ਼ ਸੁਣਾਈ ਦਿੱਤੀ ਤੇ ਉਹ ਉਸ ਵੱਲ ਖਿੱਚੀ ਗਈ ਤੇ ਉਹ ਸਭ ਕੁਝ ਭੁੱਲ ਗਈ ਅਤੇ ਸਰਬਣ ਕੋਲ਼ ਚਲੀ ਗਈ। ਇਸ ਤਰ੍ਹਾਂ ਉਸ ਨੇ ਆਪਣਾ ਵਚਨ ਭੰਗ ਕਰ ਦਿੱਤਾ। ਸੰਤੀ ਦਾ ਵਾਰਤਾਲਾਪ

ਉਸਦੀ ਹੈਰਾਨੀ, ਗੁੱਸੇ ਅਤੇ ਬੈਣੋਂ ਨੂੰ ਪਾਈ ਲਾਹਨਤ ਦਾ ਚਿੰਨ੍ਹ ਹੈ। ਬੈਣੋਂ ਦੁਆਰਾ ਰੱਸੇ ਨੂੰ ਗੰਢਣਾ ਉਸ ਦੁਆਰਾ ਆਪਣੇ ਮਨ ਨੂੰ ਸਮਝਾ ਫਿਰ ਤੋਂ ਕੀਤੀ ਜਾ ਰਹੀ ਕੋਸ਼ਿਸ਼ ਦਾ ਚਿੰਨ੍ਹ ਹੈ ਕਿ ਉਹ ਹੁਣ ਦੁਬਾਰਾ ਸਰਬਣ ਨੂੰ ਨਹੀਂ ਮਿਲੇਗੀ। 'ਇਸ ਨੇ ਦੋ ਦਿਨ ਵੀ ਨਹੀਂ ਕੱਢਣੇ' ਬੈਣੋ ਦੇ ਮਨ ਅੰਦਰਲੇ ਡਰ, ਨਿਸਚੇ ਅਤੇ ਉਸ ਦੇ ਸਰਬਣ ਪ੍ਰਤੀ ਪਿਆਰ ਦੇ ਨਾਲ-ਨਾਲ ਕੀਤੇ ਵਾਅਦੇ ਦੇ ਫਿਰ ਟੁੱਟਣ ਦਾ ਚਿੰਨ੍ਹ ਹੈ, ਕਿਉਂਕਿ ਬੈਣੋ ਇਸ ਗੱਲ ਤੋਂ ਭਲੀ ਭਾਂਤ ਵਾਕਿਫ਼ ਹੈ ਕਿ ਸਰਬਣ ਨੂੰ ਮਿਲੇ ਬਿਨਾ ਉਸ ਦੇ ਦੋ ਦਿਨ ਵੀ ਨਹੀਂ ਲੰਘਣੇ।

ਸੰਤੀ ਬੈਣੋਂ ਨੂੰ ਆਖਦੀ ਹੈ ਕਿ ਉਹ ਹੁਣ ਸਿਆਣੀ ਹੋ ਗਈ ਹੈ ਅਤੇ ਉਸ ਨੂੰ ਘਰ ਦਾ ਥੋੜ੍ਹਾ ਬਹੁਤ ਕੰਮ ਕਰਨਾ ਚਾਹੀਦਾ ਹੈ। ਸੰਤੀ ਥਕਾਵਟ ਮਹਿਸੂਸ ਕਰਦੀ ਹੋਈ ਫਰਸ਼ 'ਤੇ ਲੇਟ ਜਾਂਦੀ ਹੈ ਤੇ ਬੈਣੋਂ ਨੂੰ ਲਿਤਾੜਨ ਲਈ ਆਖਦੀ ਹੈ। ਬੈਣੋਂ ਰੱਸਾ ਪਾਸੇ ਸੁੱਟ ਕੇ ਉਸ ਨੂੰ ਲਿਤਾੜਨ ਲੱਗਦੀ ਹੈ। ਬੈਣੋਂ ਆਖਦੀ ਹੈ ਕਿ ਮੈਨੂੰ ਇੰਝ ਲੱਗਦਾ ਹੈ ਕਿ ਮੈਂ ਧਰਤੀ ਉੱਪਰ ਤੁਰ ਰਹੀਂ ਹਾਂ।

ਸੰਤੀ:- ਹੋਰ ਭਰਵਾਂ ਭੈਰ ਰੱਖ ਮੇਰੇ ਉੱਤੇ,ਮੇਰਿਆ ਮੋਢਿਆ ਉੱਤੇ____. ਪਿੱਠ ਉੱਤੇ____ ਲੱਤਾਂ ਉੱਤੇ___. ਮੈਨੂੰ ਚੰਗਾ ਲੱਗਦਾ ਹੈ___ (ਹੂੰਗਰ ਮਾਰਦੀ ਹੋਈ) ਚੈਨ ਪੈ ਰਿਹਾ ਹੱਡਾਂ ਵਿੱਚ। ਅਰਾਮ ਆ ਗਿਆ ਮੇਰੀ ਦੇਹ ਨੂੰ।

(ਦੂਰੋਂ ਢੋਲਕੀ ਦੀ ਅਵਾਜ਼ ਉੱਚੀ ਹੋ ਜਾਂਦੀ ਹੈ। ਮਾਂ ਦੀਆਂ ਹੂੰਗਰਾਂ ਉੱਚੀਆਂ ਹੋ ਜਾਂਦੀਆਂ ਹਨ। ਹੌਲੀ-ਹੌਲੀ ਉਹ ਸ਼ਾਂਤ ਹੋ ਜਾਂਦੀ ਹੈ। ਉਹ ਚੌਫਾਲ ਮਸਤ ਪਈ ਹੈ ਨਸ਼ੇ ਵਿੱਚ।) ਬੈਣੋਂ ਕੁੱਝ ਚਿਰ ਲਈ ਖੜ੍ਹੀ ਸੋਚਦੀ ਹੈ। ਗਿੱਧਾ ਅਤੇ ਗੀਤ ਫਿਰ ਉੱਚਾ ਹੋ ਜਾਂਦਾ ਹੈ:

ਸੰਤੀ ਦਾ ਵਾਰਤਾਲਾਪ ਅਤੇ ਸਾਰਾ ਕਾਰਜ ਸੰਤੀ ਅੰਦਰ ਤੀਬਰ ਕਾਮ ਵਾਸ਼ਨਾ ਨੂੰ ਪ੍ਰਗਟ ਕਰਦੇ ਹਨ। ਇਹ ਦ੍ਰਿਸ਼ ਬੈਣੋਂ ਤੇ ਸੰਤੀ ਦੁਆਰਾ ਆਪਸ ਵਿੱਚ ਕੀਤੇ ਸਮਲਿੰਗੀ ਭੋਗ ਦਾ ਚਿੰਨ੍ਹ ਹੈ। ਸੰਤੀ ਦੀਆਂ ਹੂੰਗਰਾਂ ਦੀ ਅਵਾਜ਼ ਉਸ ਦੁਆਰਾ ਇਸ ਭੋਗ ਤੋਂ ਲਏ ਜਾ ਰਹੇ ਅਨੰਦ ਦੀ ਚਰਮ ਸੀਮਾ ਦਾ ਚਿੰਨ੍ਹ ਹਨ। ਬੈਣੋਂ ਦਾ ਇੱਕ ਵਾਰ ਖੜ੍ਹ ਕੇ ਸੋਚਣਾ ਇੱਕ ਵਾਰ ਇਸ ਸਭ ਕੁਝ ਨੂੰ ਅਜੀਬ ਸਮਝ ਕੇ ਡਰਨ ਦਾ ਅਤੇ ਮੁੜ ਸੰਗੀਤ ਅਤੇ ਗਿੱਧੇ ਦਾ ਤੇਜ਼ ਹੋਣਾ ਬੈਣੋਂ ਦੁਆਰਾ ਇਸ ਨੂੰ ਸਵੀਕਾਰ ਕਰਕੇ ਆਪਣੀ ਮਾਂ ਨਾਲ ਸਮਲਿੰਗੀ ਭੋਗ ਕਰਕੇ ਮਾਣੇ ਜਾ ਰਹੇ ਅਨੰਦ ਦਾ ਚਿੰਨ੍ਹ ਹੈ।

ਬੈਣੋਂ ਸਬਾਤ ਵਿੱਚ ਜਾਂਦੀ ਹੈ ਸ਼ੀਸ਼ਾ ਦੇਖਦੀ ਹੈ, ਗੁੱਤ ਕਰਦੀ ਹੈ ਤੇ ਹਰੀ ਚੁੰਨੀ ਲੈ ਕੇ। ਨਵੀਂ ਜੁੱਤੀ ਪਾਉਂਦੀ ਹੈ।

(ਯਕਦਮ ਸੰਤੀ ਉਸ ਨੂੰ ਦੇਖ ਕੇ ਕੜਕਦੀ ਹੈ।)

ਸੰਤੀ:- ਕਿੱਥੇ ਚਲੀ ਏਂ ?

ਬੈਣੋਂ:- ਪੀਂਘ ਝੂਟਣ। ਟੋਭੇ ਵਾਲੇ ਪਿੱਪਲ ਉੱਤੇ।

ਇਸ ਦ੍ਰਿਸ਼ ਵਿੱਚ ਬੈਣੋਂ ਦੁਆਰਾ ਸ਼ੀਸ਼ਾ ਦੇਖਣਾ, ਗੁੱਤ ਕਰਨਾ, ਹਰੀ ਚੁੰਨੀ ਲੈਣਾ, ਨਵੀਂ ਜੁੱਤੀ ਪਾਉਣਾ ਬੈਣੋ ਅੰਦਰ ਤੀਬਰ ਹੋਏ ਕਾਮ ਵੇਗਾ ਦਾ ਅਤੇ ਉਸ ਦੁਆਰਾ ਆਪਣੇ ਆਪ ਨੂੰ ਸ਼ਿੰਗਾਰ ਕੇ ਆਪਣੇ ਪ੍ਰੇਮੀ ਸਰਬਣ ਨੂੰ ਮਿਲਣ ਜਾਣ ਦਾ ਚਿੰਨ੍ਹ ਹੈ। ਸੰਤੀ ਦੁਆਰਾ ਗੁੱਸੇ ਵਿੱਚ

ਬੋਲਿਆ ਪਹਿਲਾ ਸੰਵਾਦ ਸੰਤੀ ਨੂੰ ਇਹ ਪਤਾ ਹੋਣ ਦਾ ਕਿ ਬੈਣੋਂ ਸਰਬਣ ਨੂੰ ਮਿਲਣ ਜਾ ਰਹੀ ਹੈ ਅਤੇ ਬੈਣੋਂ ਨੂੰ ਵਰਜਣ ਦਾ ਚਿੰਨ੍ਹ ਹੈ। ਬੈਣੋਂ ਦੇ ਦੂਜੇ ਸੰਵਾਦ ਵਿੱਚ 'ਪੀਂਘ ਝੂਟਣਾ' ਅਤੇ 'ਟੋਬੇ ਵਾਲਾ ਪਿੱਪਲ' ਕ੍ਰਮਵਾਰ ਉਸ ਦੁਆਰਾ ਭੋਗ ਵਿਲਾਸ ਦੀ ਇੱਛਾ ਅਤੇ ਸਰਬਣ ਦਾ ਚਿੰਨ੍ਹ ਹਨ।

ਸੰਤੀ ਬੈਣੋਂ ਨੂੰ ਵਰਜ਼ਦੀ ਹੈ, ਬੈਣੋਂ ਜਾਣ ਲਈ ਬਾਜ਼ਿੱਦ ਹੁੰਦੀ ਹੈ। ਸੰਤੀ ਬੈਣੋਂ ਨੂੰ ਦੱਸਦੀ ਹੈ ਕਿ ਕਿਵੇਂ ਕੁੱਝ ਗੁੰਡਿਆਂ ਨੇ ਪ੍ਰਤਾਪੇ ਦੀ ਕੁੜੀ ਨੂੰ ਚੁੱਕ ਕੇ ਉਸ ਨਾਲ ਬਲਾਤਕਾਰ ਕੀਤਾ ਸੀ ਬੈਣੋਂ ਅੰਦਰ ਡਰ ਦੀ ਬਜਾਇ ਬਲਾਤਕਾਰ ਸ਼ਬਦ ਸੁਣ ਕੇ ਕਾਮ ਵੇਗ ਹੋਰ ਭੜਕ ਉੱਠਦੇ ਹਨ ਜਿਸ ਦਾ ਚਿੰਨ੍ਹ ਪਿਛੋਕੜ ਵਿੱਚੋਂ ਉਭਰਦਾ ਸੰਗੀਤ ਅਤੇ ਗਿੱਧਾ ਬਣਦਾ ਹੈ।

ਸੰਤੀ:- ਖੜ੍ਹੀ ਕੀ ਸੁਣਦੀ ਹੈਂ। ਜੇ ਪੀਂਘ ਝੂਟਣੀ ਏ ਤਾਂ ਵਿਹੜੇ ਵਿੱਚ ਝੂਟ, ਉਸ ਪਿੱਪਲ ਦੇ ਡਾਹਣੇ ਨਾਲ।

ਬੈਣੋਂ:- ਇਹ ਡਾਹਣਾ ਪੀਂਘ ਝੂਟਣ ਲਈ ਨਹੀਂ। ਫਾਹਾ ਲੈਣ ਲਈ ਚੰਗਾ ਹੈ।

ਸੰਤੀ:- ਕਿਉਂ ਕਬੋਲ ਬੋਲਦੀ ਹੈਂ। ਇਹ ਦਰਖਤ ਤੇਰੇ ਨਾਲ ਵੱਡਾ ਹੋਇਆ। ਇਸ ਦੀ ਛਾਂ ਹੇਠ ਤੂੰ ਜੁਆਨ ਹੋਈ।

ਬੈਣੋਂ:- ਮੈਂ ਟੋਬੇ ਵਾਲੇ ਪਿੱਪਲ ਉੱਤੇ ਹੀ ਝੂਟਣ ਜਾਵਾਂਗੀ, ਲੰਮੀ ਉੱਚੀ ਪੀਂਘ ਝੂਟਣ ਜਾਵਾਂਗੀ ਤਾਂ ਜੋ ਮੇਰੀਆਂ ਤਲੀਆਂ ਅਸਮਾਨ ਨੂੰ ਛੂਹ ਲੈਣ। ਧਰਤੀ ਪੁੱਠੀ ਹੋ ਜਾਵੇ। ਅਸਮਾਨ ਮੇਰੇ ਪੈਰ੍ਹਾਂ ਵਿੱਚ ਆ ਡਿੱਗੇ।

ਸੰਤੀ ਦੇ ਪਹਿਲੇ ਵਾਰਤਾਲਾਪ ਵਿੱਚ 'ਵਿਹੜੇ ਵਿਚਲਾ ਪਿੱਪਲ' ਸੰਤੀ ਦਾ ਹੀ ਚਿੰਨ੍ਹ ਹੈ। ਸੰਤੀ ਬੈਣੋਂ ਨੂੰ ਸਮਲਿੰਗੀ ਸੰਭੋਗ ਲਈ ਪ੍ਰੇਰਿਤ ਕਰਦੀ ਹੈ। ਬੈਣੋਂ ਦੁਆਰਾ ਬੋਲਿਆ ਵਾਰਤਾਲਾਪ ਬੈਣੋਂ ਦੁਆਰਾ ਇਸ ਮਸ਼ਵਰੇ ਨੂੰ ਸਿਰੇ ਤੋਂ ਨਕਾਰਨ ਦਾ ਚਿੰਨ੍ਹ ਹੈ। ਬੈਣੋਂ ਇਸ ਨਾਲੋਂ ਮਰਨ ਨੂੰ ਜ਼ਿਆਦਾ ਤਰਜ਼ੀਹ ਦਿੰਦੀ ਹੈ। ਸੰਤੀ ਬੈਣੋਂ ਨੂੰ ਫਿਰ ਤਰਲਾ ਪਾਉਂਦੀ ਹੈ ਪਰ ਬੈਣੋ ਬਾਜ਼ਿੱਦ ਹੈ ਟੋਬੇ ਵਾਲੇ ਪਿੱਪਲ ਕੋਲ ਜਾਣ ਲਈ ਜੋ ਸਰਬਣ ਦਾ ਚਿੰਨ੍ਹ ਹੈ। ਇਸੇ ਵਾਰਤਾਲਾਪ ਵਿੱਚ 'ਲੰਮੀ ਉੱਚੀ ਪੀਂਘ' ਲੰਮੇ ਸਮੇਂ ਤੱਕ ਚੱਲਣ ਵਾਲੇ ਸੰਭੋਗ ਦਾ, 'ਤਲੀਆਂ ਦਾ ਅਸਮਾਨ ਛੂਹਣਾ' ਸੰਭੋਗ ਸਮੇ ਸਰੀਰਕ ਸਥਿਤੀ ਦਾ, 'ਧਰਤੀ ਦਾ ਪੁੱਠਾ ਹੋਣਾ' ਬੈਣੋਂ ਦੇ ਜਿਸਮ ਦੇ ਦੂਹਰਾ ਹੋਣ ਦਾ ਅਤੇ 'ਅਸਮਾਨ' ਸਰਬਣ ਦਾ ਚਿੰਨ੍ਹ ਹੈ। ਸਮੁੱਚੇ ਰੂਪ ਵਿੱਚ ਇਹ ਸੰਵਾਦ ਬੈਣੋਂ ਦੇ ਮਨ ਅੰਦਰ ਭੋਗ ਵਿਲਾਸ ਦੀ ਤੀਬਰ ਇੱਛਾਂ ਦਾ ਚਿੰਨ੍ਹ ਹੋ ਨਿਬੜਦਾ ਹੈ।

ਦੂਜੇ ਐਕਟ ਵਿੱਚ ਪਹਿਲੀ ਵਾਰ ਫੇਡ ਅਊਟ ਹੋਣ ਤੋਂ ਬਾਅਦ ਜਦ ਫੇਡ ਇੰਨ ਹੁੰਦਾ ਹੈ ਤਾਂ ਸੰਤੀ ਭੱਠੀ ਨੂੰ ਫੂਕਾਂ ਲਾ ਰਹੀ ਹੁੰਦੀ ਹੈ। ਦੋ ਫਾਲੇ ਅੱਗ ਵਿੱਚ ਸੁੱਟਦੀ ਹੈ।

ਇਸ ਦ੍ਰਿਸ਼ ਵਿੱਚ ਭੱਠੀ ਸੰਤੀ ਦਾ ਅਤੇ ਭੱਠੀ ਵਿੱਚ ਸੁੱਟੇ ਦੋ ਫਾਲੇ ਗੱਜਣ ਅਤੇ ਕਾਕੂ ਦਾ ਚਿੰਨ੍ਹ ਹਨ। ਜਿਸ ਤਰ੍ਹਾਂ ਭੱਠੀ ਵਿੱਚ ਦੋ ਫਾਲੇ ਪਏ ਹਨ ਬਿਲਕੁੱਲ ਉਸ ਤਰ੍ਹਾਂ ਹੀ ਸੰਤੀ ਵੀ ਦੋ ਮਰਦਾਂ ਨੂੰ ਭੋਗ ਰਹੀ ਹੈ। ਇਹ ਸੰਤੀ ਦੇ ਮਨ ਅੰਦਰ ਦੋ ਮਰਦਾਂ ਲਈ ਦਵੰਦ ਦਾ ਵੀ ਚਿੰਨ੍ਹ ਹੈ।

ਦੂਜੇ ਐਕਟ ਦੇ ਦੂਜੇ ਸੀਨ ਦਾ ਸ਼ੁਰੂਆਤੀ ਸੀਨ ਜਿੱਥੇ ਚਿੰਨ੍ਹਾਂ ਰਾਹੀ ਕਾਫੀ ਕੁਝ ਬਿਆਨ ਕਰਦਾ ਹੈ ਉੱਥੇ ਹੀ ਸੀਨ ਦੇ ਸ਼ੁਰੂ ਵਿੱਚ ਸੰਤੀ ਅਤੇ ਗੱਜਣ ਦੇ ਵਾਰਤਾਲਾਪਾਂ ਵਿੱਚ ਵੀ ਚਿੰਨ੍ਹਾਂ

ਦੀ ਬਹੁਤਾਤ ਖ਼ੂਬ ਦੇਖਣ ਨੂੰ ਮਿਲਦੀ ਹੈ

ਇਸ ਸੀਨ ਵਿੱਚ ਸ਼ਾਮ ਦਾ ਵੇਲਾ ਸੰਤੀ ਦੁਆਰਾ ਆਪੇ ਨੂੰ ਮਾਰ ਕੇ ਹਨੇਰੇ ਵੱਲ ਵੱਧਣ ਦਾ ਚਿੰਨ੍ਹ ਹੈ। ਭੱਠੀ ਵਿੱਚੋਂ ਸੁਆਹ ਕੱਢਣਾ(ਫਰੋਲਣਾ) ਸੰਤੀ ਦੁਆਰਾ ਆਪਣੀ ਗੁਆਚੀ ਜਵਾਨੀ ਜਾਂ ਮੁਹੱਬਤ ਨੂੰ ਲੱਭਣ ਦਾ, ਹੱਥਾਂ ਦਾ ਸੁਆਹ ਨਾਲ ਲਿੱਬੜੇ ਹੋਣਾ ਉਸ ਦੀ ਕਿਸਮਤ ਵਿੱਚ ਕਾਕੂ ਲੁਹਾਰ ਦੇ ਘਰ ਹੀ ਰਹਿਣ ਦਾ ਅਤੇ ਉਸ ਦੁਆਰਾ ਆਪਣੇ ਮੱਥੇ ਤੋਂ ਮੁੜਕਾ ਪੂੰਝ ਕੇ ਸੁੱਟਣਾ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਆਪਣੀਆ ਸੱਧਰਾਂ ਅਤੇ ਸੁਪਨਿਆਂ ਨੂੰ ਪੂੰਝ ਕੇ ਸੁੱਟਣ ਦਾ ਚਿੰਨ੍ਹ ਹੈ। ਇਸ ਦ੍ਰਿਸ਼ ਵਿੱਚ ਗੱਜਣ ਦਾ ਦਾਖਲ ਹੋਣਾ ਸੰਤੀ ਨੂੰ ਆਸ਼ਾਵਾਦੀ ਕਰਨ ਦਾ ਅਤੇ ਸੰਤੀ ਦੁਆਰਾ ਉਸ ਨੂੰ ਕੌੜ ਕੇ ਦੇਖਣਾ ਗੱਜਣ ਨੂੰ ਦੇਖ ਕੇ ਉਸ ਅੰਦਰ ਉੱਠਣ ਵਾਲੀ ਪੀੜਾ ਦਾ ਚਿੰਨ੍ਹ ਹੈ।

ਗੱਜਣ:- ਮੇਰਾ ਹਲ ਤਿਆਰ ਹੋ ਗਿਆ?

ਸੰਤੀ:- ਹਾਂ।

ਗੱਜਣ:-ਫਾਲਾ ਚੰਡ ਦਿੱਤਾ।

ਸੰਤੀ:- ਹਾਂ।

ਗੱਜਣ:-ਮੀਂਹ ਪੈਣ ਨਾਲ ਧਰਤੀ ਨਰਮ ਸ਼ੱਕਰ-ਰੰਗੀ ਹੋ ਗਈ ਹੈ। ਟਿੱਬਿਆਂ ਉੱਤੇ ਵੀ ਬਾਜ਼ਰੇ ਦੇ ਸਿੱਟੇ ਝੂਮਣਗੇ। (ਵਕਫਾ)

ਕਾਕੂ ਕਿੱਥੇ ਗਿਆ ਏ?

ਸੰਤੀ:- ਪੰਡਤ ਕੋਲ ਗਿਆ ਸੀ। ਸਭ ਨਛੱਤਰ ਠੀਕ ਨੇ।

ਗੱਜਣ:- ਸੰਤੀਏ ਪੰਡਤਾਂ ਦੇ ਕੱਢੇ ਨਛੱਤਰ ਘੱਟ ਹੀ ਠੀਕ ਹੁੰਦੇ ਨੇ। ਤਾਰਿਆਂ ਦੀ ਚਾਲ ਦਾ ਕਿਸ ਨੂੰ ਪਤਾ? ਸਾਉਣ ਦੇ ਬੱਦਲ ਦਾ ਕੀ ਭਰੋਸਾ, ਕਿੱਥੇ ਵੱਸਣ। ਜੱਟ ਜਦ ਹਲ਼ ਚਲਾਉਂਦਾ ਹੈ ਤਾਂ ਸਾਉਣ ਦੇ ਬੱਦਲ ਦੀ ਇੱਕ ਕਣੀ ਬਲਦ ਦੇ ਇੱਕ ਸਿੰਗ ਉੱਤੇ ਪੈਂਦੀ ਹੈ ਤੇ ਦੂਜਾ ਸਿੰਗ ਸੁੱਕਾ। ਤੀਵੀਂ ਦਾ ਪਿਆਰ ਵੀ ਸਾਉਣ ਦਾ ਬੱਦਲ ਐ। ਸੰਤੀਏ, ਮੈਂ ਇਸ ਛਿੱਟੇ ਨੂੰ ਉਡੀਕਦਾ ਰਿਹਾ।

ਗੱਜਣ ਦਾ ਪਹਿਲਾ ਸੰਵਾਦ ਪਹਿਲੀ ਪੜਤ ਵਿੱਚ ਸੰਤੀ ਤੋਂ ਆਪਣੇ ਖੇਤੀ ਸੰਦਾਂ ਦੀ ਤਿਆਰੀ ਸੰਬੰਧੀ ਪੁੱਛਿਆ ਗਿਆ ਪ੍ਰਸ਼ਨ ਹੈ ਜਦ ਕਿ ਇਹ ਦ੍ਰਿਸ਼ ਦੇ ਸੰਦਰਭ ਵਿੱਚ 'ਮੇਰਾ ਹਲ਼ ਤਿਆਰ ਹੈ' ਗੱਜਣ ਦੁਆਰਾ ਸੰਤੀ ਪ੍ਰਤੀ ਆਪਣੀ ਭੋਗ ਵਿਲਾਸ ਦੀ ਇੱਛਾ ਦਾ ਚਿੰਨ੍ਹ ਹੈ। ਸੰਤੀ ਦੀ ਹਾਂ ਸੰਤੀ ਦੇ ਮਨ ਦੀ ਅਚੇਤ ਅਵਸਥਾ ਅਤੇ ਦੁਬਿਧਾ ਦੀ ਸਥਿਤੀ ਦਾ ਚਿੰਨ੍ਹ ਹੈ। ਗੱਜਣ ਦਾ ਦੂਸਰੇ ਵਾਰਤਾਲਾਪ ਵਿੱਚ 'ਫਾਲਾ' ਗੱਜਣ ਦੀ ਮਰਦਾਨਾ ਤਾਕਤ ਦਾ ਚਿੰਨ੍ਹ ਹੋਣ ਦੇ ਨਾਲ ਨਾਲ ਸੰਤੀ ਨੂੰ ਆਪਣੀ ਇੱਛਾ ਦੁਹਰਾ ਕੇ ਉਸ ਤੋਂ ਚੰਗੀ ਤਰ੍ਹਾਂ ਵਾਕਿਫ ਕਰਵਾਉਣ ਦਾ ਵੀ ਚਿੰਨ੍ਹ ਹੈ। ਗੱਜਣ ਦੇ ਤੀਸਰੇ ਸੰਵਾਦ ਵਿੱਚ 'ਮੀਂਹ' ਸੰਤੀ ਦੇ ਪਸੀਨੇ ਨਾਲ ਭਿੱਜੇ ਹੋਣ 'ਧਰਤੀ' ਸੰਤੀ ਦਾ 'ਸ਼ੱਕਰ ਰੰਗੀ' ਗਰਮੀ ਅਤੇ ਪਸੀਨੇ ਨਾਲ ਸੰਤੀ ਦੇ ਰੰਗ ਦੇ ਹਲਕਾ ਸੰਧੂਰੀ ਹੋਣ ਦਾ ਚਿੰਨ੍ਹ ਹੋਣ ਦੇ ਨਾਲ-ਨਾਲ ਇਹ ਸੰਪੂਰਨ ਸੰਵਾਦ ਸੰਤੀ ਨੂੰ ਦੇਖ ਕੇ ਗੱਜਣ ਅੰਦਰ ਤੀਬਰ ਹੋ ਰਹੀਆਂ ਕਾਮ-ਸੰਵੇਦਨਾਵਾਂ ਦਾ ਵੀ ਚਿੰਨ੍ਹ ਹੈ। ਇਸ ਦ੍ਰਿਸ਼ ਵਿੱਚ ਆਇਆ ਵਕਫ਼ਾ ਦੋਹਾਂ ਅੰਦਰ ਕੁਝ ਚੱਲ ਰਹੀ ਸੋਚ ਵਿਚਾਰ ਦਾ ਚਿੰਨ੍ਹ ਹੈ। ਗੱਜਣ ਦੁਆਰਾ ਕਾਕੂ ਬਾਰੇ ਪੁੱਛਣਾ, ਉਸ ਅੰਦਰ ਸੰਤੀ ਨੂੰ ਇੱਕਲਿਆਂ

ਮਿਲਣ ਦੀ ਤਾਂਘ ਦਾ ਚਿੰਨ੍ਹ ਹੈ। ਗੱਜਣ ਇਹ ਪਤਾ ਕਰਨਾ ਚਾਹੁੰਦਾ ਹੈ ਕਿ ਜੇ ਕਾਕੂ ਘਰ ਨਹੀਂ ਹੈ ਤਾਂ ਕਿੱਥੇ ਹੈ ਤਾਂ ਜੋ ਉਹ ਆਪਣੀ ਇੱਛਾ ਅਨੁਸਾਰ ਸੰਤੀ ਨੂੰ ਮਿਲ ਸਕੇ, ਉਸ ਨਾਲ ਗੱਲਾਂ ਕਰ ਸਕੇ। ਸੰਤੀ ਦੇ ਕਹੇ ਸੰਵਾਦ ਵਿੱਚ 'ਪੰਡਤ' ਉਸ ਦੀ ਸਮਾਜਿਕ ਅਤੇ ਪਰੰਪਰਾਵਾਦੀ ਸੋਚ ਦਾ ਅਤੇ 'ਸਭ ਨਛੱਤਰ ਠੀਕ ਨੇ' ਉਸ ਦੁਆਰਾ ਗੱਜਣ ਦੀ ਪੇਸ਼ਕਸ਼ ਨੂੰ ਠੁਕਰਾਉਣ ਦੇ ਨਾਲ-ਨਾਲ ਆਪਣੇ ਆਪ ਨੂੰ ਕਾਕੂ ਨਾਲ ਰਹਿ ਕੇ ਸਭ ਕੁਝ ਠੀਕ ਹੋਣ ਦੀ ਦਿੱਤੀ ਝੂਠੀ ਤਸੱਲੀ ਦਾ ਚਿੰਨ੍ਹ ਹੈ। ਗੱਜਣ ਦਾ ਸੰਵਾਦ ਉਸ ਦੇ ਪਰੰਪਰਾ ਦੇ ਫੈਸਲਿਆਂ ਤੋਂ ਅਸੰਤੁਸ਼ਟ ਹੋਣ ਦੇ ਨਾਲ-ਨਾਲ ਸੰਤੀ ਨੂੰ ਪਰੰਪਰਾਵਾਦੀ ਸੋਚ ਤਿਆਗਣ ਲਈ ਦਿੱਤੇ ਮਸ਼ਵਰੇ ਦਾ ਚਿੰਨ੍ਹ ਹੈ। ਉਸ ਦੇ ਸੰਵਾਦ ਵਿੱਚ ਆਇਆ ਪਹਿਲਾਂ ਬੱਦਲ ਕਾਕੂ ਦਾ ਚਿੰਨ੍ਹ ਹੈ ਉਹ ਸੰਤੀ ਨੂੰ ਦੱਸਣਾ ਚਾਹੁੰਦਾ ਹੈ ਕਿ ਉਸਨੂੰ ਕਾਕੂ ਤੋਂ ਕੋਈ ਆਸ ਨਹੀ ਰੱਖਣੀ ਚਾਹੀਦੀ ਕਿਉਕਿ ਕਾਕੂ ਦਾ ਪਿਆਰ ਅੱਜ ਕੱਲ੍ਹ ਬਣਸੋ ਨੂੰ ਵਧੇਰੇ ਮਿਲਦਾ ਹੈ। ਗੱਜਣ ਦੁਆਰਾ ਦਿੱਤੀ ਹਲ਼ ਵਾਹੁਣ ਅਤੇ ਬਲਦਾ ਦੇ ਸਿੰਙਾਂ ਦੀ ਉਦਾਹਰਨ ਗੱਜਣ ਦੇ ਕਿਸਾਨ(ਜੱਟ) ਹੋਣ ਨੂੰ ਦਰਸਉਂਦਾ ਹੈ। 'ਮੈਂ ਇਸੇ ਛਿੱਟੇ ਨੂੰ ਉਡੀਕਦਾ ਰਿਹਾ'ਗੱਜਣ ਦੁਆਰਾ ਸੰਤੀ ਦੀ ਹਾਂ ਅਤੇ ਪਿਆਰ ਨੂੰ ਉਡੀਕਣ ਦਾ ਚਿੰਨ੍ਹ ਹੈ।ਇੱਥੇ ਹੀ ਗੱਜਣ ਦਾ ਬੋਲਿਆ ਇੱਕ ਹੋਰ ਵਾਰਤਾਲਾਪ ਚਿੰਨ੍ਹਾਂ ਰਾਹੀ ਆਪਣੇ ਮਨ ਦੇ ਭਾਵਾਂ ਨੂੰ ਬਿਆਨ ਕਰਦਾ ਹੈ।

ਗੱਜਣ:- ਉਨ੍ਹਾਂ ਨੂੰ ਮੁੱਦਤਾਂ ਬੀਤ ਗਈਆਂ______.______________.ਮੇਰਾ ਮਨ ਉੱਖੜਿਆ-ਉਖੜਿਆ ਰਹਿੰਦਾ। ਖੇਤ ਉੱਜੜ ਗਿਆ। ਕਣਕ ਦੀ ਥਾਂ ਪੋਹਲੀ ਉੱਗ ਆਈ। ਹਰ ਚੀਜ਼ ਵਿਰਾਨ। ਹਰ ਚੀਜ਼ ਸੁੰਨੀ ਤੇਰੇ ਬਗ਼ੈਰ______________________________

ਗੱਜਣ ਦੇ ਸੰਵਾਦ ਵਿੱਚ ਮਨ ਦਾ ਉੱਖੜਿਆ-2 ਰਹਿਣਾ ਉਸ ਦੇ ਅੱਤ ਦੀ ਨਿਰਾਸ਼ਾ ਭਰੇ ਜੀਵਨ ਦਾ ਅਤੇ ਖੇਤ ਦਾ ਉੱਜੜ ਜਾਣਾ ਉਸ ਦੇ ਸੁਪਨਿਆਂ ਦੇ ਰੰਗੀਲੇ ਬਾਗ ਕਿ ਉਸ ਦਾ ਸੰਤੀ ਨਾਲ ਵਿਆਹ ਹੋਵੇਗਾ ਦੇ ਬਰਬਾਦ ਹੋ ਜਾਣ ਦਾ ਚਿੰਨ੍ਹ ਹੈ। 'ਕਣਕ ਦੀ ਥਾਂ ਪੋਹਲੀ' ਆਪਣੀ ਪਹਿਲੀ ਪੜ੍ਹਤ ਵਿੱਚ ਇੱਛਤ ਫਸਲ ਦੀ ਥਾਂ ਅਣਇੱਛਤ ਨਦੀਨਾਂ ਦੇ ਉੱਗ ਆਉਣ ਦਾ ਚਿੰਨ੍ਹ ਹੈ ਪਰੰਤੂ ਇੱਥੇ ਕਣਕ ਦੀ ਥਾਂ ਪੋਹਲੀ ਸੰਤੀ ਦੀ ਕੁੱਖ ਵਿੱਚੋਂ ਗੱਜਣ ਦੇ ਬੱਚਿਆਂ ਦੀ ਥਾਂ ਕਾਕੂ ਦੇ ਬੱਚਿਆ ਦੇ ਪੈਦਾ ਹੋਣ ਦਾ ਚਿੰਨ੍ਹ ਹੈ। ਹਰ ਚੀਜ਼ ਦਾ ਵੀਰਾਨ ਹੋਣਾ, ਸੁੰਨੀ ਹੋਣਾ ਇੱਕ ਪਾਸੇ ਗੱਜਣ ਦੇ ਮਨ ਵਿੱਚ ਸੰਤੀ ਲਈ ਅਥਾਹ ਮੁਹੱਬਤ ਦਾ ਅਤੇ ਦੂਸਰੇ ਪਾਸੇ ਸੰਤੀ ਤੋਂ ਬਿਨਾ ਉਸ ਦੇ ਨਿਰਾਸ਼ਾ ਭਰੇ ਜੀਵਨ ਦਾ ਚਿੰਨ੍ਹ ਹੈ।

ਦੂਜੇ ਐਕਟ ਦੇ ਦੂਜੇ ਸੀਨ ਵਿੱਚ ਹੀ ਬੈਣੋਂ ਅਤੇ ਸੰਤੀ ਦਾ ਇਹ ਆਪਸੀ ਸੰਵਾਦ ਚਿਨ੍ਹਾਂ ਦੇ ਨਜ਼ਰੀਏ ਤੋਂ ਗਹਿਰੀ ਪੜਤਾਲ ਦੀ ਮੰਗ ਕਰਦਾ ਹੈ:-

ਬੈਣੋਂ:-ਜਦੋਂ ਤੂੰ ਹਰਨਾਮੇ ਦੇ ਘਰ ਸਿਆਪੇ 'ਤੇ ਗਈ ਸੀ, ਉਦੋਂ। ਮੈਨੂੰ ਪਤਾ ਸੀ ਜੁਆਨ ਪੁੱਤ ਮਰਿਆ ਤੂੰ ਦੋ ਘੰਟੇ ਤੋਂ ਪਹਿਲਾਂ ਨਹੀਂ ਮੁੜਨਾ। ਉਹੀ ਮਰਾਸਣ ਉਨ੍ਹਾਂ ਦੇ ਵਿਹੜੇ 'ਚ ਖੜੀ ਸਿਆਪਾ ਕਰਵਾ ਰਹੀ ਸੀ, ਜੋ ਹੁਣ ਮੇਰੇ ਵਿਆਹ 'ਤੇ ਗੀਤ ਗਾਉਣ ਆਉਂਦੀ ਹੈ। ਬਾਪੂ ਲਾਗਲੇ ਪਿੰਡ ਗਿਆ ਸੀ ਤੇ ਦੀਪਾ ਆਪਣੇ ਹਾਣੀਆਂ ਨਾਲ ਖੇਡਣ। ਮੈਂ ਇੱਕਲ਼ੀ ਸੀ ਘਰ ਵਿੱਚ___..ਕਈ ਜੁਗਾਂ ਤੋਂ ਇੱਕਲੀ___ਦੂਰੋਂ ਮੈਂ ਸਿਆਪੇ ਦੀ ਅਵਾਜ਼ ਸੁਣੀ। ਤੇਰੀ ਅਵਾਜ਼ ਸਭ ਤੋਂ ਉੱਚੀ ਸੀ। ਜਦੋਂ ਤੀਵੀਆਂ ਛਾਤੀ ਪਿੱਟਣ ਲੱਗੀਆਂ ਤਾਂ ਮੈਂ ਕੱਚੀ ਕੰਧ ਟੱਪ ਕੇ ਵਾੜੇ ਵਿੱਚ ਚਲੀ ਗਈ। ਪਹਿਲ਼ੀ ਵਾਰ ਮੈਂ ਸਰਬਣ ਨੂੰ ਖੁੱਲ੍ਹ ਕੇ ਮਿਲ਼ੀ। ਜੁਗਾਂ ਤੋਂ ਦੱਬੀ ਹੋਈ ਅੱਗ ਮੱਚ ਉੱਠੀ। ਮੇਰੀ ਕੁੜਤੀ

ਦੇ ਬੀੜੇ ਟੁੱਟੇ_____ਪਹਿਲੀ ਵਾਰ ਉਸ ਦੇ ਹੱਥਾਂ ਦਾ ਸੇਕ ਮੈਂ ਆਪਣੇ ਅੰਗਾਂ ਵਿੱਚ ਮਹਿਸੂਸ ਕੀਤਾ। ਉਸ ਦਾ ਸਾਹ ਮੇਰੇ ਸਾਹ ਵਿੱਚ ਮਿਲ ਗਿਆ। ਪਸ਼ੂਆਂ ਦਾ ਸਾਹ, ਤੂੜੀ ਦੀ ਹੁਮਕ ਮੇਰੇ ਵਾਲ਼ਾਂ ਵਿੱਚ ਖਿਲਰ ਗਈ। ਸਾਰੇ ਸ਼ੋਰ ਗੁਆਚ ਗਏ। ਸਿਰਫ਼ ਸੁਣਦੀ ਸੀ ਉਸ ਦੇ ਦਿਲ ਦੀ ਧਮਕ___..ਸਿਆਪੇ ਦੇ ਬੋਲ ਉੱਚੇ ਹੋ ਗਏ। ਸਰਬਣ ਨੇ ਪੁੱਛਿਆ, ਇਹ ਤੀਵੀਂਆਂ ਕਿਸਨੂੰ ਪਿੱਟ ਰਹੀਆਂ ਹਨ? ਮੈਂ ਆਖਿਆਂ, ਆਪਣੀ ਜਵਾਨੀ ਨੂੰ। ਫਿਰ ਸਿਅਪੇ ਦੀ ਅਵਾਜ਼ ਰੂੰ-ਰੂੰ ਵਿੱਚ ਬਦਲ ਗਈ ਤੇ ਪਿੱਟਣਾ ਬੰਦ ਹੋ ਗਿਆ। ਮੈਂ ਉਸ ਵੇਲੇ ਉੱਠੀ ਵੱਛੇ ਨੂੰ ਧੂਹ ਕੇ ਕਿੱਲ਼ੇ ਨਾਲ ਬੰਨਿਆ ਤੇ ਕੰਧ ਟੱਪ ਕੇ ਘਰ ਵਾਪਸ ਆ ਗਈ। ਜਦੋਂ ਤੂੰ ਆਈ ਤਾਂ ਮੈਂ ਚੁੱਲ੍ਹੇ ਵਿੱਚ ਅੱਗ ਬਾਲ ਕੇ ਆਟਾ ਗੁੰਨ੍ਹ ਰਹੀ ਸਾਂ। ਤੂੰ ਆ ਕੇ ਮੇਰਾ ਮੱਥਾ ਚੁੰਮਿਆ ਤੇ ਅਸੀਸ ਦਿੱਤੀ ਕਿ ਮੈਂ ਵਿਹੜੇ ਵਿੱਚ ਬੈਠੀ ਸੋਹਣੀ ਲੱਗਦੀ ਸਾਂ।

ਬੈਣੋਂ ਦੇ ਇਸ ਵਾਰਤਾਲਾਪ ਵਿੱਚ 'ਜਵਾਨ ਪੁੱਤ ਮਰਿਆ' ਔਰਤਾਂ ਦੇ ਜਵਾਨੀ ਵਿੱਚ ਮਰੇ ਅਰਮਾਨਾਂ ਦਾ ਚਿੰਨ੍ਹ ਹੈ। 'ਮਰਾਸਣ' ਪਰੰਪਰਾ ਦਾ ਚਿੰਨ੍ਹ ਹੈ ਜਿਸ ਨੂੰ ਕਿਸੇ ਦੇ ਮਰਨ ਜੰਮਣ ਦਾ ਕੋਈ ਦੁੱਖ ਜਾਂ ਖੁਸ਼ੀ ਨਹੀਂ ਹੁੰਦੀ। ਸੰਤੀ ਦੀ ਅਵਾਜ਼ ਦਾ ਸਭ ਤੋਂ ਉੱਚੇ ਹੋਣਾ ਸੰਤੀ ਦੇ ਅੰਦਰ ਅਰਮਾਨਾਂ ਦੇ ਮਰਨ ਕਾਰਨ ਸਭ ਤੋਂ ਵਧੇਰੇ ਦੁੱਖ ਦਾ ਚਿੰਨ੍ਹ ਹੈ। 'ਕਈ ਜੁਗ' ਲੰਬੇ ਸਮੇਂ ਦਾ, 'ਔਰਤਾਂ ਦਾ ਛਾਤੀ ਪਿੱਟਣਾ' ਆਪਣੀ ਹੋਣੀ ਨੂੰ ਕੋਸਣ ਦਾ, 'ਬੈਣੋਂ ਦਾ ਕੰਧ ਟੱਪਣਾ' ਸਮਾਜਿਕ ਨੇਮਾਂ ਤੋਂ ਪਰ੍ਹੇ ਲੰਘਣ ਦਾ ਅਤੇ 'ਵਾੜਾ' ਖੁੱਲ੍ਹ ਅਤੇ ਅਜ਼ਾਦੀ ਦਾ ਚਿੰਨ੍ਹ ਹੈ। 'ਦੱਬੀ ਹੋਈ ਅੱਗ ਦਾ ਮੱਚ ਉੱਠਣਾ' ਸਮਾਜਿਕ ਨੇਮਾਂ ਦੇ ਡਰ ਕਾਰਨ ਦੱਬੇ ਕਾਮ ਭਾਵਾਂ ਦੇ ਤੀਬਰ ਹੋਣ ਦਾ, 'ਬੀੜੇ ਟੁੱਟਣਾ' ਜਿਸਮ ਤੋਂ ਕੱਪੜਿਆਂ ਦੇ ਉੱਤਰਨ ਦਾ, 'ਸਾਹ ਨਾਲ ਸਾਹ ਮਿਲਣਾ' ਜਿਸਮਾਂ ਦੇ ਮਿਲਾਪ ਨਾਲ ਇੱਕ ਹੋ ਜਾਣ ਦੇ ਅਹਿਸਾਸ ਦਾ ਅਤੇ 'ਸ਼ੋਰਾਂ ਦਾ ਗੁਆਚਣਾ' ਭੋਗ ਰਾਹੀ ਅਨੰਦ ਦੀ ਚਰਮ ਸੀਮਾ 'ਤੇ ਪਹੁੰਚਣ ਦਾ ਚਿੰਨ੍ਹ ਹੈ। ' ਰੂੰ-ਰੂੰ ਦੀ ਅਵਾਜ਼' ਭੋਗ ਕਰਨ ਤੋਂ ਬਾਅਦ ਦੋਹਾਂ ਦੇ ਨਿੱਸਲ ਹੋਣ ਦਾ, 'ਵੱਛਾ' ਸਰਬਣ ਦਾ ਅਤੇ ਘਰ ਆਕੇ ਬੈਣੋਂ ਦਾ ਕੰਮ ਕਰਨਾਂ ਦੁਬਾਰਾ ਸਮਾਜਿਕ ਨੇਮਾਂ ਵਿੱਚ ਆ ਕੇ ਜ਼ਿੰਦਗੀ ਦੇ ਸਹਿਜ ਰੂਪ ਵਿੱਚ ਚੱਲਣ ਦਾ ਚਿੰਨ੍ਹ ਹੈ। ਸੰਤੀ ਦੁਆਰਾ ਬੈਣੋਂ ਦਾ ਮੱਥਾ ਚੁੰਮ ਕੇ ਅਸੀਸ ਦੇਣਾ ਸੰਤੀ ਦੇ ਅਚੇਤ ਮਨ ਵਿੱਚ ਪਈ ਪਰੰਪਰਾਂ ਖਿਲਾਫ਼ ਬਗ਼ਾਵਤ ਦਾ ਚਿੰਨ੍ਹ ਹੈ।

ਦੂਜੇ ਐਕਟ ਦੇ ਤੀਸਰੇ ਸੀਨ ਵਿੱਚ ਜਦੋਂ ਤਲੋਕਾ, ਕਰਮਾਂ,ਅਤੇ ਬਾਰੂ ਕਾਕੂ ਦੇ ਘਰ ਖਾਣੇ 'ਤੇ ਆਉਂਦੇ ਹਨ ਤਾਂ ਉਨ੍ਹਾਂ ਦੇ ਸੰਵਾਦਾਂ ਵਿੱਚ ਵਰਤੇ ਚਿੰਨ੍ਹ ਬੜੇ ਗਹਿਰੇ ਅਰਥਾਂ ਨੂੰ ਬਿਆਨ ਕਰਦੇ ਹਨ:-

ਤਲੋਕਾ:- (ਅਖ਼ਬਾਰ ਖੋਲ੍ਹ ਕੇ) ਸੁਣੋਂ ! ਸਭ ਤੋਂ ਵੱਡੀ ਖ਼ਬਰ ਤਾਂ ਰੂਸ ਤੇ ਜਰਮਨ ਦੀ ਜੰਗ ਐ। ਤੈਨੂੰ ਪਤਾ ਏ ਕਿ ਜਰਮਨ ਹਾਰ ਰਿਹਾ ਏ।

ਕਰਮਾਂ:- ਇਹ ਸਹੁਰਾ ਉੱਲਟੀ ਗੱਲ ਹੀ ਕਰੂ। ਊਂ ਆਖਣ ਨੂੰ ਖਬਾਰ ਪੜ੍ਹਦਾ ਏ ਪਰ ਇਉਂ ਨਹੀ ਪਤਾ ਕਿ ਜਰਮਨ ਦੇ ਉੱਡਣੇ ਬੰਬਾਂ ਨੇ ਅੰਗਰੇਜ਼ਾਂ ਨੂੰ ਭਜਾ ਦਿੱਤਾ। ਹਿਟਲਰ ਹੀ ਠੀਕ ਕਰੂ ਇਨ੍ਹਾਂ ਗੋਰੇ ਬਾਂਦਰਾਂ ਨੂੰ।

ਬਾਰੂ:- ਮੈਂ ਆਖਦਾ ਸਾਂ ਨਾ ਆਪਣੇ ਵੀ ਪਹਿਲਾਂ ਉੱਡਣੇ ਬੰਬ ਹੁੰਦੇ ਸਨ। ਜਰਮਨਾਂ ਨੂੰ ਕਿੱਤੋਂ ਸੱਚੇ ਵੇਦ ਹੱਥ ਲੱਗੇ। ਆਪਣੇ ਕਾਸ਼ੀ ਦੇ ਬਾਹਮਣ ਤਾਂ ਬੋਦੀਆਂ ਬੰਨ੍ਹਣ ਤੇ ਤਿਲਕ ਖਿੱਚਣਾ

ਈ ਜਾਣਦੇ ਨੇ। ਸੰਸਕ੍ਰਿਤ ਕਿਸੇ ਨੂੰ ਪੜ੍ਹਨੀ ਨਹੀਂ ਆਉਂਦੀ।

ਕਾਕੂ:- ਜੰਗ ਲੱਗਣ ਨਾਲ ਇੱਕ ਗੱਲ ਦਾ ਫਾਇਦਾ ਹੋਇਆ। ਸਾਨੂੰ ਦੋਹੇਂ ਵੇਲੇ ਚੋਪੜੀ ਮਿਲਣ ਲੱਗ ਪਈ। ਪਹਿਲਾਂ ਕੀ ਸੀ? ਤੜਕੇ ਤੋਂ ਰਾਤ ਤੀਕ ਲੋਹਾ ਕੁੱਟਦਾ ਫਿਰ ਵੀ ਢਿੱਡ ਭਰਨ ਨੂੰ ਅੰਨ ਨਾ ਜੁੜਦਾ। ਹੁਣ ਦੇਖ ਮੌਜਾਂ ਨੇ।

ਕਰਮਾਂ:- ਪਰ ਚੀਜ਼ਾਂ ਬੜੀਆਂ ਮਹਿੰਗੀਆਂ ਹੋ ਗਈਆਂ।

ਕਾਕੂ:- ਪੈਸੇ ਕੋਲ ਹੋਣ ਤਾਂ ਸਭ ਚੀਜ਼ਾਂ ਸਸਤੀਆਂ। ਮੈਂ ਤਾਂ ਆਖਦਾਂ ਹੋਰ ਛਿੜੀ ਰਹੇ ਜੰਗ। ਪਤਾ ਨਹੀਂ ਇਹ ਬਾਪੂ ਗਾਂਧੀ ਕਿਉਂ ਰੌਲ਼ਾ ਪਾਈ ਜਾਂਦੈਂ।

ਕਰਮਾਂ:- ਲੋਕ ਜੁ ਮਰਦੇ ਨੇ।

ਕਾਕੂ:- ਉਂਝ ਨਹੀਂ ਮਰਦੇ ਲੋਕ? ਏਥੇ ਪਲੇਗ ਪੈ ਜਾਵੇ, ਲੱਖਾਂ ਲੋਕ ਚੂਹਿਆਂ ਵਾਂਗ ਰੁੜ ਜਾਣਗੇ। ਗਾਂਧੀ ਦਾ ਕੀ ਐ, ਉਹ ਤਾਂ ਕੀੜੀ ਮਰਨ ਤੋਂ ਵੀ ਚਿਆਂਕ ਪੈਂਦੇ ਨੇ ਮਰਨ ਵਰਤ ਰੱਖ ਲੈਂਦੇ ਨੇ।

ਕਰਮਾਂ:- ਦੇਖ ਲਵੀਂ ਗਾਂਧੀ ਨੇ ਵਰਤ ਰੱਖ-ਰੱਖ ਕੇ ਹੀ ਅੰਗਰੇਜ਼ਾਂ ਨੂੰ ਭਜਾ ਦੇਣੈ। ਬੜਾ ਸਿਰੜੀ ਐ ਬਾਬਾ। ਹੱਠ ਦਾ ਪੱਕਾ। ਸਾਰਾ ਮੁਲਕ ਉਸ ਦੇ ਪਿੱਛੇ ਐ। ਸੁਰਾਜ ਲੈ ਕੇ ਮਰੂ।

ਕਾਕੂ:- ਉਏ ਸੁਰਾਜ ਨੇ ਸਾਡਾ ਕੀ ਸਵਾਰ ਦੇਣਾ। ਜੇ ਸੁਰਾਜ ਮਿਲ ਗਿਆ ਤਾਂ ਮੈਨੂੰ ਕਿਹੜੀ ਕੁਰਸੀ ਮਿਲ ਜਾਊ। ਤੂੰ ਇਸੇ ਤਰ੍ਹਾਂ ਕਿੱਲੇ ਘੜਨੇ ਨੇ, ਬਾਰੂ ਨੇ ਕੋਹਲੂ ਨੂੰ ਗੇੜੇ ਦਿਵਾਉਣੇ ਨੇ ਤੇ ਮੈਂ ਲੋਹਾ ਕੁੱਟਣੈ।

ਤਲੋਕਾ:- ਲਓ ਦੂਜੀ ਖ਼ਬਰ ਸੁਣੋ। ਇੱਕ ਮੇਮ ਨੇ ਕੁੱਤੇ ਨਾਲ ਵਿਆਹ ਕੀਤਾ ਤੇ ਉਸ ਉੱਤੇ ਦੋ ਲੱਖ ਰੁਪਈਆ ਖਰਚ ਕਰ ਦਿੱਤਾ।

ਕਰਮਾਂ:- ਸਾਡੇ ਮਹਾਰਾਜਾ ਪਟਿਆਲਾ ਨੇ ਟਿੱਕਾ ਸਾਹਿਬ ਦੇ ਵਿਆਹ ਉੱਤੇ ਸਾਰੀ ਰਿਆਸਤ ਵਿੱਚ ਦੇਸੀ ਘਿਉ ਦੇ ਲੱਡੂ ਵੰਡੇ। ਮੋਤੀ ਚੂਰ ਦੇ ਲੱਡੂ। ਤੇ ਜਦੋਂ ਛੇ ਘੋੜਿਆਂ ਵਾਲੀ ਸੁਆਰੀ ਨਿਕਲੀ ਤਾਂ ਚਾਂਦੀ ਦੇ ਰੁਪਈਆਂ ਦਾ ਮੀਂਹ ਵਰ੍ਹਾਅ ਦਿੱਤਾ। ਬੱਲੇ ਓਏ___. ਮਹਾਰਾਜਾ ਭੁਪਿੰਦਰ ਸਿਹਾਂ। ਨਹੀਂ ਰੀਸਾਂ ਤੇਰੀਆਂ।

ਬਾਰੂ:- ਰਾਜਿਆ ਮਹਾਰਾਜਿਆਂ ਦੇ ਵਿਆਹਾਂ ਉੱਤੇ ਤਾਂ ਖਰਚ ਹੁੰਦਾ ਹੀ ਹੈ ਪਰ ਵਲਾਇਤ ਵਿਚ ਸਭ ਗੱਲਾਂ ਪੁੱਠੀਆਂ। ਭਲਾਂ ਦੱਸੋ, ਕਾਹਦੇ ਉੱਤੇ ਖਰਚ ਕਰ ਦਿੱਤਾ ਦੋ ਲੱਖ ਰੁਪਈਆ। ਕੁੱਤੇ ਭਲਾਂ ਸਿਹਰਾ ਬੰਨ੍ਹ ਕੇ ਢੁੱਕਦੇ ਨੇ।

ਤਲੋਕਾ:-ਲੈ,ਦੇਖ ਲੈ। ਛਪੀ ਹੋਈ ਐ ਖਬਰ। ਇਹ ਮੂਰਤ ਐ ਕੁੱਤੇ ਦੀ ਤੇ ਇਹ ਐ ਮੇਮ ਦੀ।

ਬਾਰੂ:- ਮੇਰੇ ਨਾਲੋਂ ਤਾਂ ਕੁੱਤਾ ਹੀ ਚੰਗਾ ਜੋ ਘੋੜੀ ਚੜ੍ਹਿਆ।

(ਤਿੰਨੇ ਜਾਣੇ ਝੂਮ-ਝੂਮ ਕੇ ਗਾਉਂਦੇ ਹਨ)

ਜੇ ਤੂੰ ਚੜ੍ਹਿਆਂ ਘੋੜੀ ਵੇ

ਤੇਰੀ ਨਾਲ ਭਰਾਵਾਂ ਜੋੜੀ ਵੇ

ਬਾਰੂ:- ਉਹ ਕੁੱਤਾ ਰੇਸ਼ਮੀ ਗੱਦਿਆਂ ਉੱਤੇ ਸੌਂਦਾਂ ਹੋਊ ਤੇ ਬਾਲੂਸ਼ਾਹੀ ਖਾਂਦਾ ਹੋਊ।

ਤਲੋਕੇ ਦੇ ਪਹਿਲੇ ਵਾਰਤਾਲਾਪ ਵਿੱਚ ਰੂਸ ਅਤੇ ਜਰਮਨ ਕ੍ਰਮਵਾਰ ਗੱਜਣ ਅਤੇ ਕਾਕੂ ਦਾ ਚਿੰਨ੍ਹ ਹੈ। ਜਰਮਨ ਦੀ ਹਾਰ ਸੰਤੀ ਦੀ ਗੱਜਣ ਪ੍ਰਤੀ ਖਿੱਚ ਕਾਰਨ ਕਾਕੂ ਦੀ ਹਾਰ ਦਾ ਚਿੰਨ੍ਹ ਹੈ। ਤਲੋਕੇ ਨੂੰ ਜਾਪਦਾ ਹੈ ਕਿ ਜਿਸ ਤਰ੍ਹਾਂ  ਦੂਜੀ ਸੰਸਾਰ ਜੰਗ ਜਰਮਨ ਤੇ ਰੂਸ ਵਿਚਕਾਰ ਹੈ ਉਸੇ ਤਰ੍ਹਾਂ ਗੱਜਣ ਤੇ ਕਾਕੂ ਵਿਚਕਾਰ ਵੀ ਸੰਤੀ ਨੂੰ ਲੈ ਕੇ ਇੱਕ ਜੰਗ ਲੱਗੀ ਹੋਈ ਹੈ, ਜਿਸ ਵਿੱਚ ਸੰਤੀ ਦੇ ਗੱਜਣ ਪ੍ਰਤੀ ਝੁਕਾਅ ਕਾਰਨ ਉਸ ਨੂੰ ਕਾਕੂ ਦੀ ਹਾਰ ਹੁੰਦੀ ਲੱਗ ਰਹੀ ਹੈ। ਕਰਮੇ ਦੇ ਵਾਰਤਾਲਾਪ ਵਿੱਚ ਜਰਮਨ ਦੇ ਉੱਡਣੇ ਬੰਬ ਸੰਤੀ ਦਾ ਚਿੰਨ੍ਹ ਹੈ। ਕਰਮਾਂ ਸੰਤੀ ਦੁਆਰਾ ਗੱਜਣ ਨੂੰ ਗਾਲਾਂ ਕੱਢ ਕੇ ਘਰੋਂ ਕੱਢਣ ਦਾ ਜ਼ਿਕਰ ਕਰ ਰਿਹਾ ਹੈ ਇਸ ਕਰਕੇ ਉਸ ਨੂੰ ਜਰਮਨ ਭਾਵ ਕਾਕੂ ਦੀ ਜਿੱਤ ਹੁੰਦੀ ਲੱਗ ਰਹੀ ਹੈ। ਹਿਟਲਰ ਕਾਕੂ ਦਾ ਅਤੇ ਗੋਰੇ ਬਾਂਦਰ ਕ੍ਰਮਵਾਰ ਗੱਜਣ ਅਤੇ ਸਰਬਣ ਦਾ ਚਿੰਨ੍ਹ ਹਨ। ਬਾਰੂ ਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਅੰਗਰੇਜ਼ ਦੂਜਿਆ ਦੀਆਂ ਭੂਮੀਆਂ 'ਤੇ ਕਬਜ਼ਾ ਕਰ ਲੈਂਦੇ ਹਨ ਬਿਲਕੁਲ ਉਸੇ ਤਰ੍ਹਾਂ ਗੱਜਣ ਸੰਤੀ ਉੱਤੇ ਅਤੇ ਸਰਬਣ ਬੈਣੋਂ ਉੱਪਰ ਕਬਜ਼ਾ ਕਰ ਰਹੇ ਹਨ ਅਤੇ ਇਨ੍ਹਾਂ ਨੂੰ ਹਿਟਲਰ ਭਾਵ ਕਾਕੂ ਹੀ ਸੁਧਾਰੇਗਾ। ਬਾਰੂ ਦੇ ਸੰਵਾਦ ਵਿੱਚ 'ਸੱਚੇ ਵੇਦ' ਕਾਕੂ ਦੀ ਕਿਸਮਤ ਦਾ ਚਿੰਨ੍ਹ ਹੈ ਜਿਸ ਕਰਕੇ ਉਸਨੂੰ ਸੰਤੀ ਵਰਗੀ ਸੁਲਫੇ ਦੀ ਲਾਟ ਵਰਗੀ ਜ਼ਨਾਨੀ ਮਿਲ ਗਈ। ਕਾਸ਼ੀ ਦੇ ਬਾਹਮਣ ਬਾਰੂ, ਕਰਮੇ ਅਤੇ ਤਲੋਕੇ ਦਾ ਚਿੰਨ੍ਹ ਹਨ  ਜਿਹੜੇ ਸਿਰਫ਼ ਸਜ-ਧਜ ਕੇ ਹੀ ਰਹਿਣਾ ਜਾਣਦੇ ਨੇ ਤੇ ਉਨ੍ਹਾਂ ਨੂੰ ਬੈਣੋਂ ਜਾਂ ਸੰਤੀ ਵਰਗੀ ਜਨਾਨੀ ਨਸੀਬ ਨਹੀਂ ਸੀ ਹੋਈ। ਸੰਸਕ੍ਰਿਤ ਔਰਤ ਦੇ ਮਨ ਦੀ ਅਵਸਥਾ ਦਾ ਚਿੰਨ੍ਹ ਹੈ ਜਿਸ ਨੂੰ ਕਰਮਾ,ਬਾਰੂ ਅਤੇ ਤਲੋਕਾ ਪੜ੍ਹਨਾਂ ਜਾਂ ਸਮਝਣਾ ਨਹੀ ਸਨ ਜਾਣਦੇ। ਕਾਕੂ ਦੇ ਵਾਰਤਾਲਾਪ ਵਿੱਚ ਮਿਲਣ ਵਾਲੀ 'ਚੋਪੜੀ' ਬਣਸੋ ਦਾ ਚਿੰਨ੍ਹ ਹੈ ਅਤੇ ਲੋਹਾ ਸੰਤੀ ਦਾ। 'ਦੇਰ ਰਾਤ ਲੋਹਾ ਤੱਕ ਕੁੱਟਣਾ' ਮਨ ਮਾਰਕੇ ਸੰਤੀ ਨਾਲ ਸੰਬੰਧ ਬਣਾਉਣ ਦਾ ਅਤੇ ਅੰਨ ਨਾ ਜੁੜਨਾ ਫਿਰ ਵੀ ਕੋਈ ਸਰੀਰਕ ਜਾਂ ਮਾਨਸਿਕ ਸੰਤੁਸ਼ਟੀ ਨਾ ਹੋਣ ਦਾ ਚਿੰਨ੍ਹ ਹੈ ਅਤੇ ਮੌਜਾਂ ਕਾਕੂ ਨੂੰ ਬਣਸੋਂ ਕੋਲ ਜਾਣ ਲਈ ਮਿਲੀ ਖੁੱਲ ਦਾ। ਕਾਕੂ ਦੱਸਣਾ ਚਾਹੁੰਦਾ ਹੈ ਕਿ ਇਸ ਜੰਗ ਵਿੱਚ ਉਸ ਨੂੰ ਫਾਇਦਾ ਇਹ ਹੋਇਆ ਕਿ ਹੁਣ ਉਸ ਨੂੰ ਬਣਸੋਂ ਵਰਗੀ ਔਰਤ ਮਿਲ ਗਈ ਪਹਿਲ੍ਹਾਂ ਜਿੱਥੇ ਉਹ ਨਾ ਚਾਹੁੰਦਾ ਵੀ ਸੰਤੀ ਨਾਲ ਸਾਰੀ-ਸਾਰੀ ਰਾਤ ਲੱਗਿਆ ਰਹਿੰਦਾ ਸੀ ਤੇ ਅਨੰਦ ਸਿਫ਼ਰ ਹੁੰਦਾ ਸੀ ਉੱਥੇ ਹੁਣ ਉਹ ਬਣਸੋਂ ਕੋਲ ਜਾ ਕੇ ਮੌਜਾਂ ਲੁੱਟਦਾ ਹੈ। ਕਰਮੇ ਦੇ ਸੰਵਾਦ ਵਿੱਚ 'ਚੀਜ਼ਾਂ' ਔਰਤਾਂ ਦਾ ਚਿੰਨ੍ਹ ਹਨ। ਕਰਮਾ ਕਾਕੂ ਨੂੰ ਕਹਿ ਰਿਹਾ ਹੈ ਕਿ ਅੱਜ ਕੱਲ੍ਹ ਔਰਤਾਂ ਵੀ ਰਾਤ ਦੇ ਕਾਫੀ ਪੈਸੇ ਲੈਣ ਲੱਗ ਗਈਆਂ ਹਨ। ਕਾਕੂ ਦੇ ਸੰਵਾਦ ਵਿੱਚ 'ਬਾਪੂ ਗਾਂਧੀ' ਪਰੰਪਰਾ ਦਾ ਚਿੰਨ੍ਹ ਹੈ ਜੋ ਬਾਹਰੀ ਸੰਬੰਧ ਬਣਾਉਣ ਦਾ ਵਿਰੋਧ ਕਰਦੀ ਹੈ ਅਤੇ ਰੌਲਾ ਪਾਉਂਦੀ ਹੈ। ਕਰਮੇ ਦਾ ਸੰਵਾਦ 'ਲੋਕ ਜੁ ਮਰਦੇ ਨੇਂ' ਅਣਖਾਂ ਅਤੇ ਇੱਜ਼ਤਾਂ ਪਿੱਛੇ ਲੋਕਾਂ ਦੇ ਮਰਨ ਦੇ ਲੜਨ-ਮਰਨ ਦਾ ਚਿੰਨ੍ਹ ਹੈ। ਕਾਕੂ ਦੇ ਵਾਰਤਾਲਾਪ ਵਿੱਚ 'ਪਲੇਗ' ਪਹਿਲੀ ਪੜਤ ਵਿੱਚ ਚੂਹਿਆਂ ਤੋਂ ਫੈਲਣ ਵਾਲੀ ਇੱਕ ਬਿਮਾਰੀ ਹੈ ਪਰ ਆਪਣੀ ਦੂਜੀ ਪੜ੍ਹਤ ਵਿੱਚ ਇਹ ਇੱਕ ਭਿਆਨਕ ਬਿਮਾਰੀ ਜਾਂ ਮਹਾਮਾਰੀ ਦਾ ਚਿੰਨ੍ਹ ਹੈ,ਜਿਸ ਦੀ ਲਪੇਟ ਵਿੱਚ ਲੱਖਾਂ ਲੋਕ ਆ ਜਾਂਦੇ ਹਨ। ਇੱਥੇ ਗਾਂਧੀ ਫਿਰ ਪਰੰਪਰਾ ਦਾ ਚਿੰਨ੍ਹ ਹੈ। 'ਕੀੜੀਂ' ਨਿੱਕੀਆ ਮੋਟੀਆਂ ਘਟਨਾਵਾਂ ਦਾ ਅਤੇ 'ਚਿਆਂਕ ਪੈਦੇਂ' ਰੌਲਾ ਪਾਉਣ ਦਾ ਚਿੰਨ੍ਹ ਹੈ। ਕਾਕੂ ਨੂੰ ਇਤਰਾਜ਼ ਹੈ ਕਿ ਪਰੰਪਰਾ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਹੀ ਰੌਲ਼ਾ ਪਾਉਣ ਲੱਗ ਜਾਂਦੀ ਹੈ। ਕਰਮਾ ਪਰੰਪਰਾ ਦੇ ਪੱਖ ਵਿੱਚ ਬੋਲਦਾ ਹੈ ਇੱਥੇ ਗਾਂਧੀ ਫਿਰ ਪਰੰਪਰਾ ਦਾ ਅਤੇ ਅੰਗਰੇਜ਼ ਕਾਕੂ,ਗੱਜਣ ਅਤੇ

ਸਰਬਣ ਦਾ ਚਿੰਨ੍ਹ ਹਨ ਕਿਉਂਕਿ ਇਹ ਤਿੰਨੋਂ ਹੀ ਕ੍ਰਮਵਾਰ ਬਣਸੋਂ, ਸੰਤੀ ਅਤੇ ਬੈਣੋਂ ਪਰਾਈਆਂ ਇਸਤਰੀਆਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਵੇਂ ਕਿ ਅੰਗਰੇਜ਼ ਪਰਾਈਆਂ ਧਰਤੀਆਂ ਉੱਪਰ ਕਬਜ਼ਾ ਕਰਨਾ ਚਾਹੁੰਦੇ ਹਨ। 'ਸਿਰੜੀ ਬਾਬਾ' ਪਰੰਪਰਾ ਦੇ ਪੱਕੇ ਹੱਠ ਵਾਲੀ ਹੋਣ ਦਾ ਅਤੇ 'ਮੁਲਕ' ਬਹੁ-ਗਿਣਤੀ ਪਰੰਪਰਿਕ ਲੋਕਾਂ ਦਾ ਚਿੰਨ੍ਹ ਹੈ ਅਤੇ 'ਸੁਰਾਜ' ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ ਪਰੰਪਰਾ ਦੀ ਜਿੱਤ ਦਾ ਚਿੰਨ੍ਹ ਹੈ। ਕਰਮਾਂ ਦੱਸ ਰਿਹਾ ਹੈ ਕਿ ਪਰੰਪਰਾ ਬੜੀ ਪੱਕੀ ਹੈ ਕਿਉਂਕਿ ਇਸ ਨੂੰ ਬਹੁ ਗਿਣਤੀ ਇਸ ਨੂੰ ਮੰਨਣ ਵਾਲੇ ਲੋਕਾਂ ਦੀ ਹੈ ਇਸ ਕਰਕੇ ਇਹ ਅਨੈਤਿਕ ਕਾਰਜਾਂ 'ਤੇ ਪਾਬੰਧੀ ਲਗਾ ਕੇ ਨੈਤਿਕ ਕਦਰਾਂ ਕੀਮਤਾਂ ਨੂੰ ਕਾਇਮ ਰੱਖੇਗਾ। ਕਾਕੂ ਨੂੰ ਲੱਗਦਾ ਹੈ ਕਿ ਪਰੰਪਰਾ ਦੀ ਜਿੱਤ ਨਾਲ ਕੁੱਝ ਵੀ ਸੁਧਰਨ ਵਾਲਾ ਨਹੀ ਹੈ ਇਸ ਕਰਕੇ ਉਸ ਦੇ ਸੰਵਾਦ ਵਿੱਚ 'ਕਿਹੜਾ ਕੁਰਸੀ ਮਿਲ ਜਾਊ' ਪਰੰਪਰਿਕ ਜਿੱਤ ਕਾਰਨ ਉਸ ਨੂੰ ਜੀਵਨ ਦੇ ਹੋਰ ਬਦਤਰ ਹੋ ਜਾਣ ਦੇ ਡਰ ਅਤੇ ਨਿਰਾਸ਼ਾ ਦਾ ਚਿੰਨ੍ਹ ਹੈ। ਉਸ ਦੇ ਸੰਵਾਦ ਵਿੱਚ ਕਰਮੇ, ਬਾਰੂ ਅਤੇ ਤਲੋਕੇ ਬਾਰੇ ਕੀਤੀ ਟਿੱਪਣੀ ਜਿੱਥੇ ਜ਼ਿੰਦਗੀ ਦੇ ਜਿਉਂ ਦੀ ਤਿਉਂ ਚੱਲਣ ਦਾ ਚਿੰਨ੍ਹ ਹੈ ਉੱਥੇ ਹੀ ਉਹ ਕ੍ਰਮਵਾਰ ਉਨ੍ਹਾਂ ਦੇ ਤਰਖਾਣ, ਤੇਲੀ ਅਤੇ ਕਿਸਾਨ ਹੋਣ ਦਾ ਵੀ ਚਿੰਨ੍ਹ ਹੈ। ਤਲੋਕਾ ਅਖ਼ਬਾਰ ਤੋਂ ਖ਼ਬਰ ਸੁਣਾਉਂਦਾ ਹੈ ਕਿ ਵਲਾਇਤ ਵਿੱਚ ਇੱਕ ਮੇਮ ਨੇ ਕੁੱਤੇ ਨਾਲ ਵਿਆਹ ਕਰਵਾਇਆ ਹੈ। ਤਲੋਕੇ, ਕਰਮੇ ਅਤੇ ਬਾਰੂ ਦੇ ਸੰਵਾਦਾਂ ਵਿੱਚ ਜਿੱਥੇ ਵੀ 'ਕੁੱਤਾ' ਸ਼ਬਦ ਆਇਆ ਹੈ ਉਹ ਕਾਕੂ ਦਾ ਚਿੰਨ੍ਹ ਹੈ ਕਿਉਂਕਿ ਕਾਕੂ ਇੱਕ ਅਜਿਹਾ ਨੀਚ ਬੰਦਾ ਹੈ ਜੋ ਘਰ ਵਿੱਚ ਪਰੀਆਂ ਵਰਗੀ ਆਪਣੀ ਪਤਨੀ ਨੂੰ ਛੱਡ ਕੇ ਬਾਹਰ ਬਣਸੋ ਵਰਗੀ ਬਦ-ਚੱਲਣ ਨੂੰ ਪਿਆਰ ਕਰਦਾ ਹੈ। ਇਨ੍ਹਾਂ ਦੇ ਸੰਵਾਦਾਂ ਵਿੱਚ ਆਇਆ ਮੇਮ ਸ਼ਬਦ ਸੰਤੀ ਦਾ ਚਿੰਨ੍ਹ ਹੈ ਕਿਉਂਕਿ ਸੰਤੀ ਸੱਚਮੁੱਚ ਹੀ ਬਹੁਤ ਸੋਹਣੀ ਮੇਮਾ ਵਰਗੀ ਹੀ ਹੈ। ਕਰਮੇ ਦਾ ਰਾਜਿਆਂ-ਮਹਾਰਾਜਿਆਂ ਵਾਲਾ ਸੰਵਾਦ ਆਪਣੀ ਪਹਿਲੀ ਪੜਤ ਵਿੱਚ ਰਾਜਿਆਂ ਦੇ ਸ਼ਾਹੀ ਅਤੇ ਸ਼ਾਨੋ- ਸ਼ੌਕਤ ਵਾਲੇ ਜੀਵਨ ਦਾ ਚਿੰਨ੍ਹ ਹੈ ਜਦ ਕਿ ਦੂਜੀ ਪੜਤ ਵਿੱਚ ਇਸ ਵਿਚਲਾ 'ਮਹਾਰਾਜਾ ਪਟਿਆਲਾ' ਕਰਮੇ ਦਾ ਬਾਪੂ ਦਾ, ਟਿੱਕਾ ਸਾਹਿਬ ਕਰਮੇ ਦਾ ਅਤੇ ਰਿਆਸਤ ਪਿੰਡ ਦਾ ਚਿੰਨ੍ਹ ਬਣ ਜਾਂਦੀ ਹੈ। ਅਸਲ ਵਿੱਚ ਕਰਮਾਂ ਆਪਣੇ ਵਿਆਹ ਦੀ ਗਾਥਾ ਸੁਣਾਉਂਦਾ ਹੋਇਆ ਦੱਸਦਾ ਹੈ ਕਿ ਕਿਸ ਤਰ੍ਹਾਂ ਉਸ ਦਾ ਵਿਆਹ ਸ਼ਾਹੀ ਠਾਠ-ਬਾਠ ਨਾਲ ਹੋਇਆ ਸੀ ਅਤੇ ਉਸ ਦੇ ਬਾਪੂ ਨੇ ਕਿਵੇਂ ਸਾਰੇ ਪਿੰਡ ਵਿੱਚ ਲੱਡੂ ਵੰਡੇ ਸਨ। ਬਾਰੂ ਦਾ ਸੰਵਾਦ ਕਰਮੇ ਦੀ ਗੱਲ ਵਿੱਚ ਭਰੇ ਹਾਂ ਪੱਖ ਹੁੰਗਾਰੇ ਦਾ ਅਤੇ ਕਾਕੂ ਦੇ ਵਿਆਹ ਅਤੇ ਉਸ ਉੱਪਰ ਕੀਤੇ ਵਿਓਗ ਦਾ ਚਿੰਨ੍ਹ ਹੈ। ਬਾਰੂ ਦੇ ਸੰਵਾਦ ਪਹਿਲੀ ਪੜਤ ਵਿੱਚ ਉਸ ਦੇ ਛੜਾ ਹੋਣ ਦਾ ਅਤੇ ਵਿਆਹ ਕਰਵਾਉਣ ਦੀ ਤਾਂਘ ਦਾ ਚਿੰਨ੍ਹ ਹੈ। ਦੂਸਰੀ ਪੜ੍ਹਤ ਵਿੱਚ ਕੁੱਤਾ ਕਾਕੂ ਦਾ ਅਤੇ ਘੋੜੀ ਸੰਤੀ ਦਾ ਚਿੰਨ੍ਹ ਹੈ। ਬਾਰੂ ਨੂੰ ਲੱਗਦਾ ਹੈ ਕਿ ਉਸ ਨਾਲੋਂ ਤਾਂ ਕਾਕੂ ਬਹੁਤ ਚੰਗਾ ਹੈ ਜਿਸ ਨੂੰ ਭੋਗਣ ਲਈ ਸੰਤੀ ਵਰਗੀ ਔਰਤ ਮਿਲੀ ਹੈ। ਬਾਰੂ ਦੇ ਦੂਜੇ ਸੰਵਾਦ ਵਿੱਚ ਗੱਦੇ ਸੰਤੀ ਦੀ ਪਿੱਠ ਅਤੇ ਬਾਲੂ ਸ਼ਾਹੀਆਂ ਉਸਦੀ ਛਾਤੀ ਦਾ ਚਿੰਨ੍ਹ ਬਣ ਜਾਦੀਆਂ ਹਨ।

ਤੀਜੇ ਐਕਟ ਵਿੱਚ ਸੰਤੀ ਦਾ ਸੰਵਾਦ ਦੀਪੇ ਨੂੰ ਬੈਣੋਂ ਦੇ ਪਰੰਪਰਾਂ ਨੂੰ ਵੰਗਾਰਨ ਦੇ ਅਧੂਰੇ ਰਹੇ ਕੰਮ ਨੂੰ ਪੂਰਾ ਕਰਨ ਲਈ ਦਿੱਤੀ ਜਾ ਰਹੀ ਪ੍ਰੇਰਨਾ ਦਾ ਚਿੰਨ੍ਹ ਹੈ ਪਰ ਦੀਪਾ ਇਸ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਪਰੰਪਰਾ ਨੂੰ ਵੰਗਾਰਨ ਦੇ ਅਧੂਰੇ ਪਏ ਕੰਮ ਨੂੰ ਪੂਰਾ ਕਰਨ ਲਈ ਸੰਤੀ ਨੂੰ ਆਖਦਾ ਹੈ। ਦੂਸਰੇ ਪਾਸੇ ਦੀਪੇ ਦਾ ਇਹ ਸੰਵਾਦ ਭਵਿੱਖ ਵਿੱਚ ਬੈਣੋਂ ਦੀ ਤਰ੍ਹਾਂ ਸੰਤੀ ਦੁਆਰਾ ਗੱਜਣ ਨਾਲ ਭੱਜ ਕੇ ਪਰੰਪਰਾ ਨੂੰ ਤੋੜਨ ਦੇ ਅਧੂਰੇ ਪਏ ਕੰਮ ਨੂੰ ਪੂਰਾ ਕਰਨ ਦਾ ਚਿੰਨ੍ਹ

ਹੈ।:-

ਸੰਤੀ:- ਹੁਣ ਫਿਰ ਹੋਰ ਕੌਣ ਕਰੂ? ਤੂੰ ਹੀ ਕਰੇਗਾਂ ਨਾ ਜਿਉਣ ਜੋਗਿਆ।

ਦੀਪਾ:- ਮੈਂ ਕਿਉਂ ਕਰਾਂ ਤੂੰ ਕਰ ਬੈਣੋਂ ਦੇ ਕੰਮ। (ਦੀਪਾ ਦੌੜ ਜਾਂਦਾ ਹੈ)

ਜਦੋਂ ਤੀਸਰੇ ਐਕਟ ਵਿੱਚ ਕਾਕੂ ਅਤੇ ਸੰਤੀ ਵਿਚਕਾਰ ਝਗੜਾ ਹੁੰਦਾ ਹੈ ਅਤੇ ਸੰਤੀ ਕਾਕੂ ਨੂੰ ਇਹ ਤਾਹਨਾ ਦਿੰਦੀ ਹੈ ਕਿ ਉਹ ਕਦੇ ਆਪਣੇ ਪੇਕੇ ਨਹੀਂ ਗਈ ਤਾਂ ਕਾਕੂ ਉਸ ਨੂੰ ਆਖਦਾ ਹੈ ਕਿ ਉਹ ਹੁਣ ਚਲੀ ਜਾਵੇ ਤਾਂ ਸੰਤੀ ਇਸ ਦੇ ਜਵਾਬ ਵਿੱਚ ਜੋ ਸੰਵਾਦ ਉਚਾਰਦੀ ਹੈ ਉਸ ਦੇ ਸ਼ਬਦਾਂ ਪਿੱਛੇ ਡੂੰਘੇ ਅਰਥ ਛੁਪੇ ਹੋਏ ਦਿਖਾਈ ਦਿੰਦੇ ਹਨ।

ਸੰਤੀ:- ਹੁਣ ਮੈਂ ਕੀਹਦੇ ਕੋਲ ਜਾਵਾਂ ? ................ਸਾਡੇ ਵਿਹੜੇ ਵਿੱਚ ਨਿੰਮ ਦਾ ਦਰਖ਼ਤ ਸੀ, ਜਿਸ ਉੱਤੇ ਮੈਂ ਪੀਂਘ ਝੂਟਦੀ। ਉਸੇ ਪੀਂਘ ਦੇ ਰੱਸੇ ਨਾਲ ਮੇਰੀ ਮਾਂ ਨੇ ਫਾਹਾ ਲੈ ਲਿਆ। ਮੇਰੇ ਬਾਪ ਨੇ ਮੈਨੂੰ ਤੇਰੇ ਨਾਲ ਵਿਆਹ ਕੇ ਆਪਣਾ ਹੱਠ ਪੁਗਾਇਆ। ਮੈਂ ਇੱਕ ਭੱਠੀ ਤੋਂ ਦੂਜੀ ਭੱਠੀ ਦੀ ਸੁਆਹ ਫਰੋਲਣ ਲਈ ਇੱਥੇ ਆ ਗਈ। ਇੱਥੇ ਹਰ ਚੀਜ਼ ਤੇਰੇ ਕਰੜੇ ਸੁਭਾਅ ਨੇ ਪੀਹ ਸੁੱਟੀ। ਲੋਹਾ ਕੁੱਟਦੇ-ਕੁੱਟਦੇ ਤੂੰ ਆਪ ਲੋਹਾ ਹੋ ਗਿਆ। (ਰੋਣ ਲੱਗਦੀ ਹੈ।)

ਕਾਕੂ:-ਤੂੰ ਕਦੇ ਨਹੀਂ ਸਮਝੇਂਗੀ ਮਰਦ ਦੇ ਕਿੱਤੇ ਨੂੰ। ______________________ ਦੱਸ ਮੈਨੂੰ ਉਂਜ ਮੀਢੀਆਂ ਗੁੰਦੀਆਂ ਸਨ, ਬੋਲ ਸੰਤੀਏ ਹੁਣ ਗੱਲ ਤਾਂ ਕਰ ਮੇਰੇ ਨਾਲ।

ਸੰਤੀ :- (ਹੰਝੂਆਂ ਵਿੱਚ) ਮੈਂ ਵਾਲਾਂ ਵਿੱਚ ਸੰਧੂਰ ਭਰਿਆ, ਦੰਦਾਸਾ ਮਲਿਆ, ਤੇਰੇ ਲਈ। ਕਰੂਏ ਦਾ ਵਰਤ ਰੱਖਿਆ ਹੈ ਨਾ ਅੱਜ ਮੈਂ।

ਸੰਤੀ ਦੇ ਸੰਵਾਦ ਵਿੱਚ ਵਿਹੜੇ ਵਿਚਲਾ ਨਿੰਮ ਦਾ ਰੁੱਖ ਉਨ੍ਹਾਂ ਦੇ ਘਰ ਵਿੱਚ ਰਿਸ਼ਤਿਆਂ ਦੀ ਕੜਵਾਹਟ ਜਾਂ ਕੁੜੱਤਣ ਦਾ ਚਿੰਨ੍ਹ ਹੈ। ਸੰਤੀ ਦੁਆਰਾ ਇਸ ਨਿੰਮ ਤੇ ਪੀਂਘ ਝੂਟਣਾ ਇਸ ਕੁੱੜਤਣ ਭਰੇ ਮਹੌਲ ਵਿੱਚ ਉਸ ਦੇ ਬਚਪਨ ਦੇ ਬਤੀਤ ਹੋਣ ਦਾ ਚਿੰਨ੍ਹ ਹੈ। ਉਸੇ ਪੀਂਘ ਦੀ ਰੱਸੀ ਨਾਲ ਸੰਤੀ ਦੀ ਮਾਂ ਦਾ ਫਾਹਾ ਲੈਣਾ ਚਿੰਨ੍ਹ ਹੈ ਇਸ ਰਿਸ਼ਤਿਆਂ ਦੀ ਨਫਰਤ ਕਾਰਨ ਉਸ ਵੱਲੋਂ ਆਤਮ-ਹੱਤਿਆ ਕਰਨ ਦਾ। ਇੱਕ ਭੱਠੀ ਚੋਂ ਨਿਕਲ ਕੇ ਦੂਜੀ ਭੱਠੀ ਦੀ ਸੁਆਹ ਫਰੋਲਣਾ ਸੰਤੀ ਦੁਆਰਾ ਆਪਣੇ ਪੇਕੇ ਅਤੇ ਸਹੁਰੇ ਪਰਿਵਾਰ ਵਿੱਚ ਬਰਕਰਾਰ ਨਫ਼ਰਤ ਵਿੱਚੋਂ ਖੁਸ਼ਨੁਮਾ ਅਤੇ ਪਿਆਰ ਭਰੇ ਮਹੌਲ ਦੀ ਲਗਾਤਾਰ ਤਲਾਸ਼ ਦਾ ਚਿੰਨ੍ਹ ਹੈ ਜਿਸ ਦੌਰਾਨ ਸਿਵਾਏ ਨਿਰਾਸ਼ਾ ਦੇ ਉਸ ਦੇ ਹੱਥ ਕੁਝ ਵੀ ਨਹੀਂ ਲੱਗਦਾ। ਕਾਕੂ ਦਾ ਲੋਹਾ ਕੁੱਟਦੇ-ਕੁੱਟਦੇ ਲੋਹਾ ਹੋਣਾ ਉਸ ਦੇ ਭਾਵਨਾਵਾਂ ਤੋਂ ਸੱਖਣੇ ਅਤੇ ਈਰਖਾਲੂ ਸੁਭਾਅ ਦਾ ਚਿੰਨ੍ਹ ਹੈ। ਸੰਤੀ ਦਾ ਰੋਣਾ ਉਸ ਦੇ ਬੇਬੱਸ ਅਤੇ ਦੁਖੀ ਹੋਣ ਦਾ ਚਿੰਨ੍ਹ ਹੈ। ਕਾਕੂ ਦਾ ਸੰਵਾਦ ਸੰਤੀ ਦੀਆਂ ਗੱਲਾਂ ਸੁਣ ਕੇ ਉਸ ਅੰਦਰ ਸੰਤੀ ਲਈ ਜਾਗੀ ਮੁਹੱਬਤ ਦਾ ਚਿੰਨ੍ਹ ਹੈ। ਸੰਤੀ ਦੇ ਸੰਵਾਦ ਵਿੱਚ ਸੰਧੂਰ ਭਰਨਾ, ਦੰਦਾਸਾ ਮਲਣਾ, ਕਰੂਏ ਦਾ ਵਰਤ ਰੱਖਣਾ ਕਾਕੂ ਨੂੰ ਰੀਝਾਉਣ ਲਈ ਉਸ ਵੱਲੋਂ ਕੀਤੀ ਜਾ ਰਹੀ ਨਿਰੰਤਰ ਕੋਸ਼ਿਸ਼ ਦਾ ਚਿੰਨ੍ਹ ਹੈ।

ਕਾਕੂ ਸੰਤੀ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਹੈ ਅਤੇ ਵਿਆਹ ਨੂੰ ਹੋਏ ਸਮੇਂ ਬਾਰੇ ਪੁੱਛਦਾ ਹੈ। ਸੰਤੀ ਦੱਸਦੀ ਹੈ ਕਿ ਉਨ੍ਹਾ ਦੇ ਵਿਆਹ ਨੂੰ ਉੱਨੀ ਸਾਲ ਹੋ ਗਏ ਅਤੇ ਨਾਲ ਹੀ ਸੰਤੀ ਵਿਆਹ ਤੋਂ ਇੱਕ ਦਿਨ ਪਹਿਲੀ ਰਾਤ ਨੂੰ ਯਾਦ ਕਰਦੀ ਹੈ।

ਸੰਤੀ:- ਮੈਨੂੰ ਹਾਲੇ ਤੀਕ ਯਾਦ ਐ ਵਿਆਹ ਤੋਂ ਇੱਕ ਦਿਨ ਪਹਿਲਾਂ ਮੈਂ ਤਾਰਿਆਂ ਦੀ

ਛਾਂ ਵਿੱਚ ਖੂਹ ਤੋਂ ਪਾਣੀ ਭਰਨ ਗਈ ਸੀ।ਨਾਲ ਮੇਰੀਆਂ ਸਹੇਲੀਆਂ। ਮੈਂ ਕੋਰਾ ਘੜਾ ਖੂਹ ਤੋਂ ਭਰਿਆ ਤਾਂ ਮਾਂ ਨੇ ਆਖਿਆਂ, ਹੁਣ ਤੂੰ ਏਸ ਰਾਹ ਤੋਂ ਆਪਣੇ ਘਰ ਨੂੰ ਵਾਪਿਸ ਨਹੀਂ ਮੁੜਨਾ। ਇਹ ਰਾਹ ਹੁਣ ਤੇਰੇ ਲਈ ਬੰਦ ਹੋ ਗਿਆ। ਫਿਰ ਮੈਂ ਦੂਜੇ ਰਾਹ ਮੋੜ ਕੱਟ ਕੇ ਘਰ ਵਾਪਸ ਆਈ, ਸਿਰ 'ਤੇ ਪਾਣੀ ਦਾ ਘੜਾ ਚੁੱਕੀ। ਉਸ ਦਿਨ ਤੋਂ ਮੈਂ ਤੇਰੀ ਹੋ ਗਈ ਸਾਂ। ਮੈਂ ਅੱਜ ਕਰੂਏ ਦਾ ਵਰਤ ਰੱਖਿਆ ਹੈ। ਆਥਣ ਦੀ ਤੈਨੂੰ ਉਡੀਕਦੀ ਸਾਂ। ਤੈਨੂੰ ਰੋਟੀ ਖੁਆ ਕੇ ਮੈਂ ਟੁੱਕ ਭੰਨਣਾ ਸੀ ਪਰ ਤੂੰ ਦਾਰੂ ਪੀ ਕੇ ਘਰ ਵੜਿਆ। ਤੀਵੀਂ ਮਰਦ ਲਈ ਸਭ ਕੁਝ ਵਾਰ ਦਿੰਦੀ ਹੈ। ਆਪਣਾ ਘਰ ਛੱਡ ਕੇ ਆਪਣਾ ਵਿਹੜਾ ਛੱਡ ਕੇ ਤੇ ਪਿੰਡ ਛੱਡ ਕੇ ਮੈਂ ਡੋਲੀ ਵਿੱਚ ਬੈਠੀ ਤਾਂ ਹਰ ਚੀਜ਼ ਪਰਾਈ ਹੋ ਗਈ। ਬੱਸ ਤੂੰ ਤੇ ਭੱਠੀ ਤੇ ਚੁੱਲ੍ਹਾ ਮੇਰਾ ਸੁਹਾਗ ਬਣ ਗਏ। ਮੈਂ ਇਨ੍ਹਾਂ ਦੀ ਪੂਜਾ ਕਰਦੀ ਹਾਂ। ਮੈਂ ਤੇਰੀ ਹਾਂ।

ਸੰਤੀ ਦੁਆਰਾ ਬੋਲਿਆ ਵਾਰਤਾਲਾਪ ਪਹਿਲੀ ਪੜਤ ਵਿੱਚ ਸਾਡੀ ਸਭਿਆਚਾਰਕ ਪਰੰਪਰਾ ਅਤੇ ਰੀਤੀ-ਰਿਵਾਜ਼ਾਂ ਦਾ ਚਿੰਨ੍ਹ ਹੈ ਜਦ ਕਿ ਦੂਜੀ ਪੜਤ ਵਿੱਚ ਤਾਰਿਆਂ ਦੀ ਛਾਂ ਹਨੇਰੇ ਅਤੇ ਤੇ ਦੁਨੀਆਂ ਤੋਂ ਛੁਪ ਕੇ ਕੀਤੇ ਕਾਰਜ ਦਾ, ਖੂਹ ਸੰਤੀ ਦੀਆਂ ਸਮੁੱਚੀਆਂ ਸੱਧਰਾਂ ਤੇ ਉਮੰਗਾਂ ਦਾ ਅਤੇ ਕੋਰਾ ਘੜਾ ਭਰਨਾ ਸੰਤੀ ਦੁਆਰਾ ਆਪਣੀਆਂ ਸਾਰੀਆਂ ਇੱਛਾਵਾਂ ਵਿੱਚੋਂ ਕੇਵਲ ਉਨ੍ਹਾਂ ਦੀ ਚੋਣ ਕਰਨ ਦਾ ਚਿੰਨ੍ਹ ਹੈ ਜੋ ਸਮਾਜ ਜਾਂ ਪਰੰਪਰਾਂ ਨੂੰ ਮਨਜ਼ੂਰ ਹਨ। 'ਰਾਸਤੇ ਦਾ ਬੰਦ ਹੋਣਾ' ਵਿਆਹ ਤੋਂ ਪਹਿਲਾਂ ਜੋ ਅਜ਼ਾਦੀ ਸੰਤੀ ਨੇ ਮਾਣੀ ਅਤੇ ਜੋ ਕਾਰਜ਼ ਕੀਤੇ ਉਨ੍ਹਾਂ ਸਭ ਦੇ ਬੰਦ ਹੋਣ ਦਾ ਚਿੰਨ੍ਹ ਹੈ। ਕਰੂਏ ਦਾ ਵਰਤ ਪਤੀ ਦੀ ਲੰਮੀ ਉਮਰ ਲਈ ਔਰਤਾਂ ਵੱਲੋਂ ਰੱਖਿਆ ਜਾਣ ਵਾਲਾ ਵਰਤ ਹੈ ਜਿਸ ਕਾਰਨ ਇੱਥੇ ਇਹ ਸੰਤੀ ਦੁਆਰਾ ਕਾਕੂ ਪ੍ਰਤੀ ਜਤਾਏ ਉਸ ਦੇ ਪ੍ਰੇਮ ਦਾ ਚਿੰਨ੍ਹ ਹੈ। ਕਾਕੂ ਦਾ ਸ਼ਰਾਬ ਪੀ ਕੇ ਆਉਣਾ ਕਾਕੂ ਦਾ ਸੰਤੀ ਦੀਆਂ ਆਸਾ ਦੇ ਉੱਲਟ ਹੋਣ ਦਾ ਚਿੰਨ੍ਹ ਹੈ। ਤੀਵੀਂ ਦਾ ਆਪਣੇ ਪਤੀ ਲਈ ਘਰ, ਵਿਹੜਾ ਅਤੇ ਪਿੰਡ ਛੱਡਣਾ ਭਾਰਤੀ ਸੰਸਕ੍ਰਿਤੀ ਵਿੱਚ ਔਰਤ ਵੱਲੋਂ ਕੀਤੇ ਜਾਣ ਵਾਲੇ ਮਹਾ ਤਿਆਗ ਦਾ ਚਿੰਨ੍ਹ ਹੈ। ਸੰਤੀ ਦੁਆਰਾ ਵਿਆਹ ਤੋਂ ਬਾਅਦ ਕਾਕੂ ਭੱਠੀ ਅਤੇ ਚੁੱਲ੍ਹੇ ਨੂੰ ਸੁਹਾਗ ਮੰਨ ਕੇ ਉਨ੍ਹਾਂ ਦੀ ਪੂਜਾ ਕਰਨਾ ਸੰਤੀ ਦੇ ਪਤੀਬ੍ਰਤਾ ਹੋਣ ਦੇ ਨਾਲ ਨਾਲ ਕਾਕੂ ਪ੍ਰਤੀ ਉਸ ਦੇ ਸਮਰਪਣ ਦਾ ਵੀ ਚਿੰਨ੍ਹ ਹੈ।

ਕਾਕੂ ਸੰਤੀ ਨੂੰ ਸਾਰੀਆਂ ਗੱਲਾਂ ਭੁੱਲ ਜਾਣ ਲਈ ਆਖਦਾ ਹੋਇਆ ਰੋਟੀ ਲੈਕੇ ਆਉਣ ਲਈ ਕਹਿੰਦਾ ਹੈ।

ਸੰਤੀ:-ਚੰਦ ਨਿਕਲ ਆਇਆ ਪਰ ਮੈਂ ਇਸ ਨੂੰ ਦੇਖਣਾ ਨਹੀਂ। ਕਾਂਸੀ ਦੇ ਥਾਲ ਵਿੱਚ ਪਾਣੀ ਪਾ ਕੇ ਦਰਸ਼ਨ ਕਰਦੀ ਹਾਂ ਚੰਦਰਮਾ ਦੇ।

(ਸੰਤੀ ਪਾਣੀ ਨਾਲ ਭਰੇ ਥਾਲ ਵਿੱਚ ਚੰਦਰਮਾ ਦੇਖਦੀ ਹੈ, ਉਹ ਅਰਘ ਚੜਾਉਂਦੀ ਹੈ,ਕਾਕੂ ਸ਼ਰਾਬ ਦੀ ਬੋਤਲ ਖੋਲ੍ਹਦਾ ਹੈ ਅਤੇ ਗਲਾਸ ਵਿੱਚ ਪਾ ਕੇ ਗਟ-ਗਟ ਪੀਣ ਲੱਗਦਾ ਹੈ। ਸੰਤੀ ਰਸੋਈ ਵਿੱਚ ਜਾ ਕੇ ਰੋਟੀਆਂ ਲਿਉਂਦੀ ਹੈ। ਕਾਕੂ ਸ਼ਰਾਬ ਵਿੱਚ ਗੁੱਟ ਚੌਫਾਲ ਪਿਆ ਹੈ, ਸਮਤੀ ਰੋਟੀ ਦਾ ਥਾਲ ਲਈ ਖੜ੍ਹੀ ਉਸਨੂੰ ਦੇਖਦੀ ਹੈ, ਉਸਦੇ ਚਿਹਰੇ ਦਾ ਦਰਦ ਗੁੱਸੇ ਵਿੱਚ ਬਦਲ ਜਾਂਦਾ ਹੈ।)

ਸੰਤੀ ਦੁਆਰਾ ਬੋਲੇ ਸ਼ਬਦ ਪਹਿਲੀ ਪੜਤ ਵਿੱਚ ਸਾਡੀ ਸੱਭਿਆਚਰਕ ਪਰੰਪਰਾ, ਵਿਸ਼ਵਾਸ਼ਾ ਅਤੇ ਵਹਿਮਾਂ-ਭਰਮਾਂ ਦਾ ਚਿੰਨ੍ਹ ਹੈ। ਦੂਜੀ ਪੜਤ ਵਿੱਚ ਚੰਦ ਨਿਕਲਣਾ ਕਾਕੂ ਦੇ

ਸੁਭਾਅ ਵਿੱਚ ਆਈ ਤਬਦੀਲੀ ਦਾ, ਸੰਤੀ ਦਾ ਇਸ ਨੂੰ ਨਾ ਦੇਖਣਾ ਕਾਕੂ ਦੇ ਸੁਭਾਅ ਵਿੱਚ ਆਈ ਤਬਦੀਲੀ ਦੇ ਅਲਪ ਮਾਤਰ ਹੋਣ ਕਰਕੇ ਸੰਤੀ ਦੇ ਮਾਨਸਿਕ ਡਰ ਦਾ ਅਤੇ ਕਾਂਸੀ ਦੀ ਥਾਲੀ ਵਿੱਚ ਪਾਣੀ ਪਾ ਕੇ ਦਰਸ਼ਨ ਕਰਨਾ ਸੰਤੀ ਦੇ ਦਿਲ ਵਿੱਚ ਕਾਕੂ ਲਈ ਜਾਗੇ ਪਿਆਰ ਦਾ ਚਿੰਨ੍ਹ ਹੈ। ਇਸ ਪੂਰੇ ਦ੍ਰਿਸ਼ ਵਿੱਚ ਸੰਤੀ ਦਾ ਅਰਘ ਚੜਾਉਣਾ ਆਪਣਾ ਆਪ ਕਾਕੂ ਨੂੰ ਸਮਰਪਿਤ ਕਰਨ ਦਾ, ਕਾਕੂ ਦਾ ਸ਼ਰਾਬ ਪੀਣ ਵਿੱਚ ਮਸਤ ਹੋਣਾ ਸੰਤੀ ਨੂੰ ਅਸਵੀਕਾਰ ਕਰਨ ਦਾ, ਸੰਤੀ ਦਾ ਰੋਟੀ ਵਾਲਾ ਥਾਲ ਲੈ ਕੇ ਕਾਕੂ ਅੱਗੇ ਖੜ੍ਹੇ ਹੋਣਾ ਆਪਣੇ ਆਪ ਨੂੰ ਕਾਕੂ ਅੱਗੇ ਪੇਸ਼ ਕਰਨ ਦਾ ਅਤੇ ਸੰਤੀ ਦੇ ਚਿਹਰੇ ਦੇ ਭਾਵ ਕਾਕੂ ਵੱਲੋਂ ਉਸ ਨੂੰ ਅਸਵੀਕਾਰ ਕਰਨ ਤੇ ਉਸ ਦੇ ਮਨ ਵਿੱਚ ਪੈਦਾ ਹੋਈ ਨਿਰਾਸ਼ਾ ਦਾ ਚਿੰਨ੍ਹ ਹੈ।

ਤੀਸਰੇ ਐਕਟ ਦੇ ਦੂਜੇ ਸੀਨ ਵਿੱਚ ਸ਼ਾਮ ਦਾ ਵੇਲਾ ਸੰਤੀ ਹੱਥੋਂ ਖਿਸਕਦੇ ਵਕ਼ਤ ਦਾ, ਤਿਰਸ਼ੀਆਂ ਪੈ ਰਹੀਆਂ ਸੂਰਜ ਦੀਆਂ ਕਿਰਨਾਂ ਸੰਤੀ ਦੇ ਮਨ ਵਿੱਚ ਪਰੰਪਰਾ ਤੋਂ ਤਿਰਸ਼ੇ ਜਾਂ ਟੇਢੇ ਜਾਣ ਦਾ, ਭੱਠੀ ਵਿੱਚੋਂ ਸੁਆਹ ਕੱਢਣਾ, ਸੰਤੀ ਦੁਆਰਾ ਆਪਣੇ ਆਪ ਨੂੰ ਮਰ ਚੁੱਕੀਆਂ ਆਸਾਂ ਅਤੇ ਸੱਧਰਾਂ ਤੋਂ ਨਿਜ਼ਾਤ ਦਵਾਉਣ ਦਾ, ਵਾਲਾਂ ਦਾ ਖਿੱਲਰੇ ਹੋਣਾ ਉਸ ਦੀ ਖਸਤਾ ਹਾਲਤ ਦਾ ਅਤੇ ਖਿਆਲਾਂ ਵਿੱਚ ਡੁੱਬੇ ਹੋਣਾ ਉਸ ਅੰਦਰ ਚੱਲ ਰਹੇ ਸੰਘਰਸ਼ ਦਾ ਚਿੰਨ੍ਹ ਹੈ। ਐਨ ਇਸੇ ਵਕਤ ਗੱਜਣ ਦਾ ਅਉਣਾ, ਸੰਤੀ ਦੇ ਖਿਆਲਾਂ ਦੇ ਹਕੀਕਤ ਵਿੱਚ ਬਦਲਣ ਦਾ ਅਤੇ ਸੰਤੀ ਦਾ ਉਸ ਤੋਂ ਘਬਰਾਉਣਾ ਪਰੰਪਰਾਂ ਦੇ ਡਰ ਕਾਰਨ ਆਪਣੇ ਖਿਆਲਾਂ ਦੀ ਹਕ਼ੀਕ਼ਤ ਤੋਂ ਘਬਰਾਉਣ ਦਾ ਚਿੰਨ੍ਹ ਹੈ।

ਸੰਤੀ ਗੱਜਣ ਤੋਂ ਉਸ ਦੇ ਆਉਣ ਦਾ ਕਾਰਨ ਪੁੱਛਦੀ ਹੈ ਅਤੇ ਫਿਰ ਉਸ ਨੂੰ ਚਲੇ ਜਾਣ ਲਈ ਆਖਦੀ ਹੈ।

ਗੱਜਣ:- ਸੈਕੜੇ ਵਾਰ ਦਲੀਲਾਂ ਕੀਤੀਆਂ। ਪਿੰਡੋਂ ਤੁਰਿਆਂ ਤਾਂ ਰਾਹ ਵਿੱਚੋਂ ਹੀ ਵਾਪਸ ਮੁੜ ਗਿਆ। ਫਿਰ ਪਤਾ ਨਹੀਂ ਕੀ ਹੋਇਆ। ਤੂੰ ਮਨ ਵਿੱਚ ਰੜਕਦੀ ਸੀ। ਇਹ ਰੜਕ ਕੱਢਣ ਆਇਆ ਹਾਂ। ਮੈਂ ਚਾਹੁੰਦਾ ਹਾਂ ਤੂੰ ਮੈਨੂੰ ਫੇਰ ਗਾਲ਼ਾਂ ਕੱਢੇ ਤੇ ਫਿਰ ਇਸ ਵਿਹੜੇ ਵਿੱਚੋਂ ਧੱਕੇ ਦੇਵੇਂ ਤਾਂ ਜੁ ਹਮੇਸ਼ਾ ਲਈ ਇਹ ਰੜਕ ਮਿਟ ਜਾਵੇ।

ਸੰਤੀ:- ਤੈਨੂੰ ਧੱਕਾ ਦਿੱਤਾ ਸੀ ਤਾਂ ਜੁ ਸਾਡੀ ਦੋਹਾਂ ਦੀ ਇੱਜ਼ਤ ਰਹਿ ਜਾਵੇ। ਤੇਰੀ ਵੀ ਮੇਰੀ ਵੀ। ਵਿਆਹ ਪਿੱਛੋਂ ਤੇਰੇ ਬਾਰੇ ਸੋਚਣਾ ਵੀ ਪਾਪ ਸੀ। ਇਸ ਪਾਪ ਨੇ ਮੈਨੂੰ ਰੱਜ ਕੇ ਤਪਾਇਆ। ਬਾਰ-ਬਾਰ ਇਹ ਪਾਪ ਮੇਰੇ ਲਹੂ ਨੂੰ ਡੰਗਦਾ। ਇੱਕ ਸਵਾਲ ਬਣ ਕੇ ਮੇਰੇ ਅੱਗੇ ਖੜ੍ਹਾ ਹੋ ਜਾਂਦਾ। ਮੈਨੂੰ ਇਸ ਦਾ ਜੁਆਬ ਨਾ ਲੱਭਦਾ।

ਗੱਜਣ ਦਾ ਸੰਵਾਦ ਗੱਜਣ ਦੇ ਦਿਲ ਵਿੱਚ ਸੰਤੀ ਲਈ ਸੱਚੀ-ਸੁੱਚੀ ਬੇਅੰਤ ਮੁਹੱਬਤ ਦਾ ਅਤੇ ਸੰਤੀ ਦੇ ਇਸ਼ਕ ਵਿੱਚ ਉਸ ਦੀ ਪਾਗ਼ਲ ਹੋਣ ਤੱਕ ਪਹੁੰਚੀ ਅਵਸਥਾ ਨੂੰ ਪੇਸ਼ ਕਰਦਾ ਹੈ। ਇਸ ਕਰਕੇ ਉਹ ਸੰਤੀ ਕੋਲ ਆਉਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਦਾ ਅਤੇ ਉਸ ਨੂੰ ਸੰਤੀ ਦੁਆਰਾ ਕੱਢੀਆਂ ਗਾਲ਼ਾਂ ਵਿੱਚੋਂ ਵੀ ਆਨੰਦ ਆਉਂਦਾ ਹੈ। ਸੰਤੀ ਦਾ ਸੰਵਾਦ ਸੰਤੀ ਦੇ ਦਿਲ ਵਿੱਚ ਗੱਜਣ ਲਈ ਪਿਆਰ ਦੇ ਨਾਲ-ਨਾਲ ਉਸ ਅੰਦਰ ਪਰੰਪਰਾ ਦੇ ਖਿਲਾਫ਼ ਜਾਣ ਤੇ ਮਿਲਣ ਵਾਲੀ ਸਜ਼ਾ ਦੇ ਡਰ ਦਾ ਵੀ ਚਿੰਨ੍ਹ ਹੈ। ਜਿਸ ਕਰਕੇ ਵਿਆਹ ਤੋਂ ਬਾਅਦ ਉਹ ਲੱਖ ਚਾਹੁੰਦਿਆ ਹੋਇਆਂ ਵੀ ਗੱਜਣ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਨਹੀਂ ਕਰਦੀ ਸਗੋਂ ਆਪਣੇ ਜ਼ਜ਼ਬਿਆਂ ਨੂੰ ਮਾਰ

ਕੇ ਜਿਉਂਦੀ ਹੈ।

ਗੱਜਣ ਸੰਤੀ ਨੂੰ ਜਵਾਨੀ ਵੇਲੇ ਉਨ੍ਹਾਂ ਵੱਲੋਂ ਇੱਕ ਦੂਜੇ ਨਾਲ ਕੀਤੇ ਵਾਅਦੇ ਯਾਦ ਕਰਵਾਉਂਦਾ ਹੈ ਪਹਿਲਾਂ ਤਾਂ ਸੰਤੀ ਉਸ ਨੂੰ ਵਰਜਦੀ ਹੈ ਪਰ ਬਾਅਦ ਵਿੱਚ ਸੰਤੀ ਅੰਦਰ ਵੀ ਬੀਤੇ ਨੂੰ ਯਾਦ ਕਰਨ ਦੀ ਇੱਛਾ ਪ੍ਰਬਲ ਹੋ ਜਾਂਦੀ, ਸੰਤੀ ਤੇ ਗੱਜਣ ਦੋਵੇਂ ਆਪਣਿਆਂ ਬੀਤੇ ਸਮੇਂ ਨੂੰ ਯਾਦ ਕਰਦੇ ਹਨ।

ਸੰਤੀ:- ਜਦ ਕਦੇ ਰਾਤ ਨੂੰ ਕਣੀਆਂ ਉੱਤਰ ਆਉਂਦੀਆਂ ਨੇ ਤੇ ਭੱਠੀ ਗਿੱਲੀ ਹੋ ਜਾਂਦੀ ਐ ਤੇ ਵਾੜੇ ਵਿੱਚ ਗਾਂ ਰੰਭਣ ਲੱਗਦੀ ਐ ਤਾਂ ਮੈਂ ਕੰਬ ਉੱਠਦੀ ਆਂ।

ਗੱਜਣ:-ਇੱਕ ਵਾਰ ਤੈਨੂੰ ਆਖਿਆ ਸੀ ਕਿ ਮੇਰੇ ਖੇਤ ਆਵੇਂਗੀ। ਜੇ ਤੂੰ ਆਵੇਂ ਤਾਂ ਮੇਰੇ ਸੁਫਨੇ ਸੱਚੇ ਹੋ ਜਾਣ, ਮੇਰੇ ਖੇਤਾਂ ਦੇ ਭਾਗ ਜਾਗ ਉੱਠਣ।

ਸੰਤੀ:- ਨਹੀਂ, ਹੁਣ ਇਹ ਨਹੀਂ ਹੋ ਸਕਦਾ। ਕਦੇ ਵੀ ਨਹੀਂ।

ਸੰਤੀ ਦੇ ਸੰਵਾਦ ਵਿੱਚ ਰਾਤ ਨੂੰ ਉੱਤਰੀਆਂ ਕਣੀਆਂ ਰਾਤ ਸਮੇਂ ਉਸ ਅੰਦਰ ਉੱਠੀਆਂ ਕਾਮ ਸੰਵੇਦਨਾਵਾਂ ਦਾ ਭੱਠੀ ਦਾ ਗਿੱਲ਼ੀ ਹੋਣਾ ਉਸ ਦੇ ਜਿਸਮ ਦਾ ਕਾਮ ਸੰਵੇਦਨਾ ਕਾਰਨ ਗਿੱਲੇ ਹੋਣ ਦਾ ਚਿੰਨ੍ਹ ਹੈ। ਗਾਂ ਦਾ ਰੰਭਣਾ ਸੰਤੀ ਦੇ ਮਨ ਅੰਦਰ ਗੱਜਣ ਨੂੰ ਮਿਲਣ ਲਈ ਪੈਦਾ ਹੋਣ ਵਾਲੀ ਤੀਬਰ ਤਾਂਘ ਦਾ ਚਿੰਨ੍ਹ ਹੈ। ਉਸ ਦਾ ਕੰਬਣਾ ਪਰੰਪਰਾ ਤੋਂ ਖੌਫ਼ ਖਾਣ ਦਾ ਚਿੰਨ੍ਹ ਹੈ। ਗੱਜਣ ਦਾ ਸੰਵਾਦ ਸੰਤੀ ਨੂੰ ਭੋਗ ਵਿਲਾਸ ਲਈ ਉਸ ਕੋਲ ਆਉਣ ਲਈ ਦਿੱਤੇ ਖੁੱਲ੍ਹੇ ਸੱਦੇ ਦਾ ਅਤੇ ਸੰਤੀ ਦਾ ਇਨਕਾਰ ਸੰਤੀ ਅੰਦਰ ਸਮਾਜਿਕ ਡਰ ਦਾ ਚਿੰਨ੍ਹ ਹੈ।

ਗੱਜਣ ਸੰਤੀ ਨੂੰ ਮਿਹਣੇ ਮਾਰਦਾ ਹੋਇਆ ਬੁਜ਼ਦਿਲ ਅਤੇ ਡਰਪੋਕ ਆਖਦਾ ਜਿਸ 'ਤੇ ਸੰਤੀ ਭੜਕ ਉੱਠਦੀ ਹੈ ਅਤੇ ਗੱਜਣ ਨੂੰ ਘਰੋਂ ਨਿਕਲ ਜਾਣ ਲਈ ਆਖਦੀ ਹੈ ਅਤੇ ਗੱਜਣ ਚਲਾ ਜਾਂਦਾ ਹੈ। ਸੰਤੀ ਦੁਆਰਾ ਭੱਠੀ ਦੀ ਅੱਗ ਮਘਾਉਣਾ ਸਾਰੇ ਸੁਪਨੇ ਮਾਰ ਕੇ ਮੁੜ ਆਪਣੀ ਹੋਣੀ ਨੂੰ ਸਵੀਕਾਰ ਕਰ ਲੈਣ ਦਾ ਚਿੰਨ੍ਹ ਹੈ।

ਗੱਜਣ ਦੇ ਜਾਣ ਤੋਂ ਬਾਅਦ ਕਾਕੂ ਮੰਚ 'ਤੇ ਪ੍ਰਵੇਸ਼ ਕਰਦਾ ਹੈ ਅਤੇ ਇਸੇ ਦੌਰਾਨ ਉਹ ਭੱਠੀ ਕੋਲ ਪਈ ਕਹੀ ਦੇਖ ਕੇ ਪੁੱਛਦਾ ਹੈ ਕਿ ਹਿ ਕੌਣ ਰੱਖ ਕੇ ਗਿਆ ਹੈ ਤਾਂ ਜਦੋਂ ਸੰਤੀ ਗੱਜਣ ਦਾ ਨਾਮ ਲੈਂਦੀ ਹੈ ਤਾਂ ਉਹ ਭੜਕ ਉੱਠਦੈ ਜਿਸ ਦੌਰਾਨ ਦੋਹਾਂ ਵਿੱਚ ਕਾਫ਼ੀ ਤਕਰਾਰ ਹੁੰਦੀ ਹੈ ਇਸੇ ਦੌਰਾਨ ਬੈਣੋਂ ਦੇ ਵਿਗੜਣ ਲਈ ਦੋਵੇਂ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਸੰਤੀ ਭੜਕ ਕੇ ਰੋਹ ਵਿੱਚ ਆਖਦੀ ਹੈ।

ਸੰਤੀ:-ਕਿਉਂ ਨਾ ਫਰੋਲਾਂ ਇਹ ਸਿਵੇ ਕਦੇ ਨਹੀ ਸਨ ਬੁੱਝੇ। ਇਨ੍ਹਾਂ ਹੇਠ ਸਦਾ ਅੰਗਾਰ ਮਘਦੇ ਰਹੇ। ਜਦ ਬੈਣੋਂ ਇਸ ਘਰ ਵਿੱਚ ਸੀ ਤਾਂ ਮੇਰੇ ਅੰਦਰ ਦੋ ਤੀਵੀਂਆਂ ਵਸਦੀਆਂ ਸਨ। ਦੋਵੇਂ ਇੱਕ ਦੂਜੀ ਦੀਆਂ ਦੁਸ਼ਮਣ। ਮੇਰਾ ਆਪਣਾ ਲਹੂ ਮੈਨੂੰ ਡੰਗਦਾ ਸੀ। ਬੈਣੋਂ ਮੇਰੀ ਸ਼ਰੀਕਣ ਸੀ। ਉਹ ਠੀਕ ਸੀ ਅਤੇ ਮੈਂ ਗ਼ਲਤ। ਉਹ ਮੇਰੀ ਪੂਰਤੀ ਸੀ। ਮੇਰੇ ਸੁੱਤੇ ਭਾਗਾਂ ਨੂੰ ਜਗਾਉਣ ਦੀ ਜ਼ਿੰਮੇਦਾਰ। ਮੈਂ ਆਪਣੀ ਧੀ ਰਾਹੀ ਆਪਣੀ ਹੋਣੀ ਹੰਢਾ ਲਈ। ਬੈਣੋਂ ਮੇਰਾ ਹੀ ਰੂਪ ਸੀ।

ਸੰਤੀ ਦਾ ਇਹ ਸੰਵਾਦ ਸੰਤੀ ਦੇ ਅੰਦਰ ਪ੍ਰੰਪਰਾ ਖਿਲਾਫ਼ ਬਗ਼ਾਵਤ ਦੇ ਕਦੇ ਵੀ ਨਾ ਦੱਬਣ ਦੇ ਨਾਲ-ਨਾਲ ਉਸ ਨੂੰ ਬੈਣੋਂ ਦੁਆਰਾ ਮਾਣੀ ਜਾਂਦੀ ਅਜ਼ਾਦੀ ਦੇ ਰੜਕਣ ਦਾ ਚਿੰਨ੍ਹ ਹੈ।

ਸੰਤੀ ਨੂੰ ਇਸ ਪ੍ਰਕਾਰ ਪ੍ਰੰਪਰਾ ਤੋਂ ਖਿਲਾਫ਼ ਜਾ ਕੇ ਆਪਣੇ ਅਨੁਸਾਰ ਜੀਵਨ ਜਿਉਂਦੀ ਬੈਣੋਂ ਆਪਣੀ ਸ਼ਰੀਕਣ ਲੱਗਦੀ ਸੀ ਕਿਉਕਿ ਬੈਣੋਂ ਨੂੰ ਦੇਖ ਕੇ ਉਸ ਦਾ ਵੀ ਖੁੱਲ੍ਹ ਮਾਨਣ ਨੂੰ ਜੀਅ ਕਰਦਾ ਸੀ ਪਰ ਉਹ ਪਰੰਪਰਾ ਦੇ ਖੌਫ਼ ਕਾਰਨ ਡਰ ਜਾਂਦੀ ਸੀ।

ਸੰਤੀ ਦੇ ਇਸ ਸੰਵਾਦ ਤੋਂ ਕਾਕੂ ਗੁੱਸੇ ਵਿੱਚ ਭੜਕ ਉੱਠਦਾ ਹੈ ਅਤੇ ਸੰਤੀ ਨੂੰ ਕੁੱਟਣ ਲਈ ਅੱਗੇ ਵੱਧਦਾ ਹੈ।

ਸੰਤੀ:-ਖਬਰਦਾਰ ਜੇ ਮੇਰੇ ਉੱਤੇ ਹੱਥ ਚੁੱਕਿਆ___________________... ਤੂੰ ਮੈਨੂੰ ਵੀ ਲੋਹਾ ਸਮਝਿਆ। ਲੋਹਾ ਜਿਸ ਵਿੱਚ ਨਾ ਕੋਈ ਰੀਝ, ਨਾ ਸੱਧਰ, ਨਾ ਤੜਪ। ਤੇਰਾ ਪਿਆਰ? ਅੰਨ੍ਹਾ ਤੇ ਜ਼ਾਲਿਮ___________________ਦੂਜੇ ਦਿਨ ਜਦ ਮੈਂ ਉੱਠੀ ਮੇਰੇ ਸਰੀਰ ਉੱਤੇ ਝਰੀਟਾਂ ਸਨ ਤੇਰੀਆਂ ਦੰਦੀਆਂ ਦੇ ਨਿਸ਼ਾਨ_______________________ ਸੁਹਾਗ ਦੀ ਰਾਤ ਮੈਨੂੰ ਤੈਥੋਂ ਇੱਕ ਅਜੀਬ ਘ੍ਰਿਣਾ ਜਿਹੀ ਹੋਈ। ਉਹ ਗੰਧ ਜੋ ਤੂੰ ਪਿੱਛੇ ਛੱਡੀ, ਉਸ ਵਿੱਚ ਲੋਹੇ ਦੀ ਰਾਖ ਸੀ, ਧੂੰਏ ਦੀ ਬੂ, ਤੇ ਤੇਰਾ ਪਸ਼ੂਪਣ। ਉਹ ਕਸਤੂਰੀ ਕਿੱਥੇ ਸੀ_________________________ ਮੈਂ ਭਵਿੱਖ ਦੇ ਸੁਪਨੇ ਦੇਖਦੀ ਰਹੀ ਪਰ ਉਹ ਭਵਿੱਖ ਕਦੇ ਨਾ ਆਇਆ। ਇਹ ਭਵਿੱਖ ਮਰਘਟ ਹੈ? ਸ਼ਮਸ਼ਾਨ, ਜਿੱਥੇ ਭਾਈਚਾਰਾ ਚੰਡਾਲ ਵਾਂਗ ਖੜ੍ਹਾ ਐ ਤੀਵੀਂ ਦੀਆਂ ਰੀਝਾਂ ਨੂੰ ਫੂਕਣ ਲਈ।

ਸੰਤੀ ਦੁਆਰਾ ਬੋਲੇ ਸ਼ਬਦ 'ਖਬਰਦਾਰ' ਕਾਕੂ ਨੂੰ ਵੰਗਾਰ ਦਾ ਅਤੇ ਉਸ ਦੁਆਰਾ ਮੁਕੰਮਲ ਤੌਰ 'ਤੇ ਪਰੰਪਰਾਂ ਵਿਰੋਧੀ ਹੋਣ ਦਾ ਚਿੰਨ੍ਹ ਹੈ। 'ਤੇਰਾ ਪਿਆਰ ਅੰਨ੍ਹਾ ਤੇ ਜ਼ਾਲਿਮ' ਕਾਕੂ ਦੁਆਰਾ ਸੰਤੀ ਦੀ ਥਾਂ ਬਣਸੋਂ ਨੂੰ ਪਿਆਰ ਕਰਨ ਅਤੇ ਵੱਧ ਤਰਜ਼ੀਹ ਦੇਣ ਦਾ ਚਿੰਨ੍ਹ ਹੈ। ਸੰਤੀ ਦੇ ਜਿਸਮ ਤੇ ਕਾਕੂ ਦੀਆਂ ਦੰਦੀਆਂ ਅਤੇ ਝਰੀਟਾਂ ਦੇ ਨਿਸ਼ਾਨ ਕਾਕੂ ਦੇ ਹਵਸੀ ਅਤੇ ਵਹਿਸ਼ੀ ਹੋਣ ਦਾ, ਉਸ ਦੁਆਰਾ ਸੰਤੀ ਉੱਤੇ ਕੀਤੇ ਜਾਣ ਵਾਲੇ ਅੱਤਿਆਚਾਰ ਦਾ ਚਿੰਨ੍ਹ ਹੈ। ਸੁਹਾਗ ਰਾਤ ਨੂੰ ਹੀ ਸੰਤੀ ਨੂੰ ਕਾਕੂ ਵਿੱਚੋਂ ਗੰਧ ਆਉਣਾ, ਉਸ ਦੇ ਦਿਲ-ਦਿਮਾਗ ਵਿੱਚ ਕਾਕੂ ਪ੍ਰਤੀ ਭਰੀ ਗਈ ਨਫਰਤ ਦਾ ਚਿੰਨ੍ਹ ਹੈ। ਉਹ ਕਸਤੂਰੀ ਗੰਧ ਗੱਜਣ ਅਤੇ ਉਸ ਦੇ ਪਿਆਰ ਦਾ ਚਿੰਨ੍ਹ ਹੈ। ਭਵਿੱਖ ਦੇ ਸੁਪਨੇ ਦੇਖਣਾ ਸੰਤੀ ਨੂੰ ਗੱਜਣ ਇੱਕ ਹੋਣ ਦੀ ਇੱਛਾ ਅਤੇ ਆਸ ਦਾ ਅਤੇ ਇਸ ਭਵਿੱਖ ਦਾ ਨਾ ਆਉਣਾ ਉਸ ਅਤੇ ਗੱਜਣ ਦਾ ਕਦੇ ਵੀ ਇੱਕ ਨਾ ਹੋ ਸਕਣ ਦਾ ਚਿੰਨ੍ਹ ਹੈ। ਭਵਿੱਖ ਦਾ ਮਰਘਟ ਹੋਣਾ ਗੱਜਣ ਅਤੇ ਸੰਤੀ ਦੇ ਇੱਕ ਹੋਣ ਤੇ ਸਮਾਜ ਵੱਲੋਂ ਦਿੱਤੀ ਜਾਣ ਵਾਲੀ ਸਜਾ ਜਿਵੇਂ ਬੈਣੋਂ ਨੂੰ ਦਿੱਤੀ ਗਈ ਸੀ ਦਾ ਚਿੰਨ੍ਹ ਹੈ।

ਇਹ ਸਭ ਸੁਣ ਕੇ ਕਾਕੂ ਸੰਤੀ ਨੂੰ ਬੁਰਾ ਭਲਾ ਆਖਦਾ ਹੈ ਅਤੇ ਆਪਣਾ ਹਥੌੜਾ ਚੁੱਕ ਕੇ ਉਸ ਵੱਲ ਵੱਧਦਾ ਹੈ ਅਤੇ ਕੰਬਣ ਲੱਗ ਜਾਂਦਾ ਹੈ। ਕਾਕੂ ਦਾ ਹਥੌੜਾ ਚੁੱਕ ਕੇ ਖੜੇ ਰਹਿ ਜਾਣਾ ਅਤੇ ਕੰਬਣਾ, ਉਸ ਵੱਲੋਂ ਸੰਤੀ ਤੋਂ ਡਰ ਜਾਣ ਦਾ ਚਿੰਨ੍ਹ ਹੈ।

ਤੀਜੇ ਐਕਟ ਦੇ ਤੀਜੇ ਸੀਨ ਵਿੱਚ ਕਾਕੂ ਵੱਲੋਂ ਲੋਹੇ ਨੂੰ ਪਲਟਣਾ ਹਲਾਤਾਂ ਦੇ ਪਲਟ ਜਾਣ, ਬਦਲ ਜਾਣ ਦਾ, ਦੀਪੇ ਦਾ ਭੱਠੀ ਵਿੱਚ ਫੂਕਾਂ ਲਾਉਣਾ ਉਸ ਦੁਆਰਾ ਘਰ ਦਾ ਸੰਤੀ ਵਾਲਾ ਕੰਮ ਸਾਂਭ ਲੈਣ ਦਾ ਅਤੇ ਤਲੋਕੇ, ਕਰਮੇ ਬਾਰੂ ਦਾ ਅਰਾਮ ਨਾਲ ਬੈਠ ਕੇ ਚਾਹ ਪੀਣਾ ਸਮਾਜ ਦਾ ਚਿੰਨ੍ਹ ਹੈ ਜੋ ਅਰਾਮ ਨਾਲ ਆਪਣੇ-ਆਪ ਵਿੱਚ ਮਸਤ ਹੈ।

ਕਾਕੂ ਦੀਪੇ ਦੇ ਕੰਮ ਦੀ ਤਾਰੀਫ਼ ਕਰਦਾ ਹੋਇਆ ਆਖਦਾ ਹੈ

ਕਾਕੂ:-ਹਨੇਰਾ ਪੈਣ ਤੋਂ ਪਹਿਲਾਂ ਰੋਟੀ ਦਾ ਕੰਮ ਮੁਕਾ ਲੈ। ਚੁਮਾਸਾ ਲਗਿਆ ਹੋਇਐ।

ਸੰਤੀ:-ਹਾਲੇ ਤੀਕ ਧਾਰ ਵੀ ਨਹੀਂ ਕੱਢੀ। ਵਾੜੇ ਵਿੱਚ ਗਾਂ ਰੰਭ ਰਹੀ ਐ। ਪਹਿਲਾਂ ਧਾਰ ਕੱਢ ਲਿਆਵਾਂ।

ਕਾਕੂ-ਛੇਤੀ ਮੁੜੀਂ।

(ਸੰਤੀ ਟਰੰਕ ਵਿੱਚੋਂ ਉਹੀ ਲਾਲ ਜੁੱਤੀ ਕੱਢ ਕੇ ਪਾਉਂਦੀ ਹੈ ਜੋ ਬੈਣੋਂ ਛੱਡ ਕੇ ਗਈ ਸੀ। ਉਹ ਕਿੱਲੀ ਤੋਂ ਹਰੀ ਚੁੰਨੀ ਲਾਹ ਕੇ ਸਿਰ ਉੱਤੇ ਲੈਂਦੀ ਹੈ)

ਕਾਕੂ ਦੇ ਸੰਵਾਦ ਵਿੱਚ 'ਚੁਮਾਸਾ ਲੱਗਿਆ' ਉਨ੍ਹਾਂ ਦਿਨਾਂ ਦੇ ਮੁੜ ਆਉਣ ਦਾ ਚਿੰਨ੍ਹ ਹੈ, ਜਦੋਂ ਬੈਣੋਂ ਘਰੋਂ ਭੱਜੀ ਸੀ। ਸੰਤੀ ਦਾ ਸੰਵਾਦ ਉਸ ਦੁਆਰਾ ਬੈਣੋਂ ਦੇ ਕੰਮਾਂ ਨੂੰ ਤਰਜ਼ੀਹ ਦੇਣ ਦਾ ਚਿੰਨ੍ਹ ਹੈ। ਸੰਤੀ ਦੁਆਰਾ ਕੀਤਾ ਕਾਰਜ ਬੈਣੋਂ ਦੀ ਜੁੱਤੀ ਪਾਉਣਾ, ਹਰੀ ਚੁੰਨੀ ਲੈਣਾ ਉਸ ਦੁਆਰਾ ਬੈਣੋਂ ਦੀ ਤਰ੍ਹਾਂ ਘਰੋਂ ਭੱਜ ਜਾਣ ਲਈ ਕੀਤੀ ਜਾ ਰਹੀ ਤਿਆਰੀ ਦਾ ਚਿੰਨ੍ਹ ਹੈ।

ਸੰਤੀ ਜਾਂਦੀ ਹੋਈ ਦੀਪੇ ਨੂੰ ਦਾਲ ਵਿੱਚ ਕੜਛੀ ਮਾਰਨ ਲਈ ਆਖਦੀ ਹੈ।

ਬਾਰੂ:- ਧਰਤੀ ਪਾਣੀ ਪੀ-ਪੀ ਆਫਰੀ ਪਈ ਹੈ। ਅੰਤਾਂ ਦਾ ਅੰਨ ਹੋਊ ਐਤਕੀਂ। ਹੋਰ ਤਾਂ ਹੋਰ ਟਿੱਬਿਆਂ ਉੱਤੇ ਵੀ ਬਾਜ਼ਰਾ ਠਾਠਾਂ ਮਾਰਦੈ।

ਬਾਰੂ ਦੁਆਰਾ ਬੋਲੇ ਸੰਵਾਦ ਵਿੱਚ ਧਰਤੀ ਸੰਤੀ ਦਾ, ਆਫਰੀ ਹੋਣਾ ਉਸ ਦੀਆਂ ਕਾਮ ਉਤੇਜਨਾਵਾਂ ਦਾ ਸ਼ਿਖ਼ਰ 'ਤੇ ਹੋਣਾ ਅਤੇ ਟਿੱਬਿਆਂ 'ਤੇ ਬਾਜਰੇ ਦਾ ਠਾਠਾਂ ਮਾਰਨਾ ਅਸੰਭਵ ਦੇ ਸੰਭਵ ਹੋਣ ਭਾਵ ਸੰਤੀ ਦੇ ਗੱਜਣ ਨਾਲ ਨੱਠ ਜਾਣ ਦਾ ਚਿੰਨ੍ਹ ਹੈ। ਫਿਰ ਉਹ ਬੈਠ ਕੇ ਏਧਰ-ਓਧਰ ਦੀਆਂ ਗੱਲਾਂ ਕਰਦੇ ਹਨ। ਦੀਪਾ ਧੌਂਕਣੀ ਦੇ ਪਾਟੇ ਹੋਣ ਦੀ ਗੱਲ ਕਰਦਾ ਹੈ ਅਤੇ ਕਾਕੂ ਧੌਂਕਣੀ ਨੂੰ ਦੇਖਦਾ ਹੋਇਆ ਆਖਦਾ ਹੈ।

ਕਾਕੂ:- ਐਤਕੀ ਨਵੀਂ ਧੌਂਕਣੀ ਲਾਵਾਂਗਾ। ਬਾਰੂ ਤੇਰੇ ਕੋਲ ਕੋਈ ਖੱਲ ਤਿਆਰ ਐ?

ਬਾਰੂ:- ਅੱਜ ਹੀ ਛੇ ਖੱਲਾਂ ਸਾਫ ਕੀਤੀਆਂ ਨੇ। ਲੂਣ ਲਾ ਕੇ ਸੁੱਕਣੀਆਂ ਪਾਈਆਂ ਨੇ।

ਕਾਕੂ:- ਇਸ ਧੌਂਕਣੀ ਨੂੰ ਸੌ ਟਾਂਕੇ ਲੱਗੇ ਹੋਏ ਨੇ, ਪਾਟੀ ਪਈ ਏ। ਨਿੱਤ ਦਾ ਝਗੜਾ।

ਕਾਕੂ ਦੇ ਸੰਵਾਦ ਵਿੱਚ ਆਪਣੇ ਰੂੜੀਗਤ ਅਰਥਾਂ ਤੋਂ ਪਾਰ 'ਨਵੀਂ ਧੌਂਕਣੀ' ਨਵੀਂ ਔਰਤ ਦੇ ਲੈਕੇ ਆਉਣ ਅਤੇ 'ਖੱਲ' ਵੀ ਕਿਸੇ ਔਰਤ ਦਾ ਜੋ ਮੁੱਲ ਮਿਲ ਸਕਦੀ ਹੋਵੇ ਅਤੇ ਜੋ ਬਾਰੂ ਦੇ ਧਿਆਨ ਵਿੱਚ ਹੋਵੇ ਦਾ ਚਿੰਨ੍ਹ ਹੈ। ਬਾਰੂ ਦੇ ਸੰਵਾਦ ਵਿੱਚ ਛੇ ਖੱਲਾਂ ਛੇ ਔਰਤਾਂ ਦਾ ਚਿੰਨ੍ਹ ਹੈ ਜੋ ਪੂਰਨ ਤੌਰ 'ਤੇ ਮੁੱਲ ਵੇਚਣ ਲਈ ਜਾਂ ਵਿਕਣ ਲਈ ਤਿਆਰ-ਬਰ-ਤਿਆਰ ਹਨ। ਕਾਕੂ ਦੇ ਵਾਰਤਾਲਾਪ ਵਿੱਚ 'ਇਸ ਧੌਂਕਣੀ' ਸੰਤੀ ਦਾ ਅਤੇ 'ਲੱਗੇ ਸੌ ਟਾਂਕੇ' ਕਾਕੂ ਅਤੇ ਸੰਤੀ ਦੇ ਆਪਸ ਵਿੱਚ ਇੱਕ ਦੂਜੇ ਪ੍ਰਤੀ ਮਨ ਵਿੱਚਲੀ ਨਫ਼ਰਤ ਅਤੇ ਲੜਾਈ ਝਗੜੇ ਦਾ ਚਿੰਨ੍ਹ ਹੈ।

ਇਸੇ ਦੌਰਾਨ ਦੀਪਾ ਧੌਂਕਣੀ ਨੂੰ ਲਾਉਣ ਲਈ ਆਟਾ ਲੈ ਕੇ ਆਉਂਦਾ ਹੈ ਅਤੇ ਕਾਕੂ ਦੇ ਦੀਪਾ ਆਪਸ ਵਿੱਚ ਆਪਣੀਆਂ ਥਾਵਾਂ ਬਦਲਦੇ ਹਨ ਕਾਕੂ ਦੀ ਥਾਂ 'ਤੇ ਦੀਪਾ ਬੈਠਦਾ ਹੈ ਜੋ ਕਿ ਦੀਪੇ ਦੀ ਹੋਣੀ ਅਤੇ ਭਵਿੱਖ ਦੇ ਕਾਕੂ ਵਰਗੇ ਹੋਣ ਦਾ ਚਿੰਨ੍ਹ ਹੈ।

ਤਲੋਕਾ:- ਹਰ ਚੀਜ਼ ਮਹਿੰਗੀ ਹੋ ਗਈ। ਲੋਹਾ ਵੀ ਸੋਨੇ ਦੇ ਭਾਅ ਹੋ ਗਿਆ। ਪਹਿਲਾਂ

ਵਰਗੀਆਂ ਮੇਖਾਂ ਹੀ ਨਹੀਂ ਮਿਲਦੀਆਂ।

ਕਾਕੂ:- ਜੇ ਪੈਸਾ ਪੱਲੇ ਹੋਵੇ ਤਾਂ ਹਰ ਚੀਜ਼ ਸਸਤੀ। ਪਹਿਲਾਂ ਮਜ਼ਦੂਰੀ ਵੀ ਕੀ ਸੀ।

ਤਲੋਕੇ ਦਾ ਸੰਵਾਦ ਆਪਣੀ ਪਹਿਲੀ ਪੜਤ ਵਿੱਚ ਬੇ-ਅਥਾਹ ਵਧੀ ਮਹਿੰਗਾਈ ਦਾ ਅਤੇ ਦਿਨ-ਬ-ਦਿਨ ਵਸਤਾਂ ਦੀ ਗੁਣਵਤਾ ਵਿੱਚ ਆਈ ਕਮੀ ਦਾ ਚਿੰਨ੍ਹ ਹੈ ਪਰ ਆਪਣੀ ਦੂਜੀ ਪੜਤ ਵਿੱਚ ਇਸ ਦੇ ਅਰਥ ਬਦਲ ਜਾਂਦੇ ਹਨ ਜਿਸ ਕਾਰਨ ਚੀਜ਼ਾਂ ਦੀ ਵਧੀ ਕੀਮਤ ਔਰਤਾਂ ਦੀ ਵਧੀ ਕੀਮਤ ਦਾ, ਲੋਹੇ ਦਾ ਭਾਅ ਸੋਨੇ ਬਰਾਬਰ ਹੋਣਾ ਕੋਝੀਆਂ ਔਰਤਾਂ ਦੀ ਕੀਮਤ ਵੀ ਖ਼ੂਬਸੂਰਤ ਔਰਤਾਂ ਦੇ ਬਰਾਬਰ ਹੋਣ ਦਾ ਅਤੇ ਪਹਿਲਾਂ ਵਰਗੀਆਂ ਮੇਖਾਂ ਨਾ ਮਿਲਣਾ ਪਹਿਲਾਂ ਵਰਗੀਆਂ ਜ਼ਨਾਨੀਆਂ ਨਾ ਮਿਲਣ ਦਾ ਚਿੰਨ੍ਹ ਹੈ। ਕਾਕੂ ਦਾ ਸੰਵਾਦ ਪਹਿਲ਼ੀ ਪੜਤ ਵਿੱਚ ਮਹਿੰਗਾਈ ਦੇ ਨਾਲ-ਨਾਲ ਆਮਦਨ ਵਿੱਚ ਹੋਏ ਵਾਧੇ ਦਾ ਚਿੰਨ੍ਹ ਹੈ ਪਰ ਆਪਣੀ ਦੂਜੀ ਪੜਤ ਵਿੱਚ ਇਹ ਕਾਕੂ ਦੀ ਪੈਸੇ ਦੀ ਪਰਵਾਹ ਕੀਤੇ ਬਿਨਾ ਨਵੀਂ ਤੀਵੀਂ ਲੈ ਕੇ ਆਉਣ ਦੀ ਤੀਬਰ ਇੱਛਾ ਦਾ ਚਿੰਨ੍ਹ ਹੈ।

ਬਾਰੂ ਆਪਣੇ ਮੁੰਡੇ ਨੂੰ ਸਕੂਲੋਂ ਹਟਾ ਕੇ ਕੰਮ 'ਤੇ ਲਾਉਣ ਦੀ ਗੱਲ ਕਰਦਾ ਹੈ ਅਤੇ ਕਾਕੂ ਦੀਪੇ ਦੀ ਤਾਰੀਫ਼ ਕਰਦਾ ਆਖਦਾ ਹੈ ਕਿ ਦੀਪਾ ਦੋ ਚਾਰ ਸਾਲਾਂ ਵਿੱਚ ਕਾਰੀਗਰ ਬਣ ਜਾਊ।

ਦੀਪਾ:-ਜਦੋਂ ਮੈਂ ਵੱਡਾ ਹੋ ਗਿਆ ਤਾਂ ਵੱਡੇ-ਵੱਡੇ ਕੜੇ ਬਣਾਇਆ ਕਰੂੰ। ਇੱਕ ਵਾਰ ਮੈਂ ਬਾਜ਼ੀ ਪੈਂਦੀ ਦੇਖੀ। ਵੱਡੇ ਸਾਰੇ ਕੜੇ ਵਿੱਚ ਛੁਰੀਆਂ ਚਾਕੂ ਜੜੇ ਹੋਏ ਸਨ 'ਤੇ ਬਾਜ਼ੀਗਰ ਦਾ ਪੁੱਤ ਉਸ ਵਿੱਚੋਂ ਛਾਲ ਮਾਰ ਕੇ ਲੰਘ ਗਿਆ।

ਦੀਪੇ ਦੇ ਇਸ ਸੰਵਾਦ ਵਿੱਚ ਕੜੇ ਪਰੰਪਰਾ ਦਾ ਚਿੰਨ੍ਹ ਅਤੇ ਉਸ ਦਾ ਕੜੇ ਬਣਾਉਣਾ ਉਸ ਦੇ ਪਰੰਪਰਾਵਾਦੀ ਸੋਚ ਦਾ ਧਾਰਨੀ ਹੋਣਾ ਦਾ ਚਿੰਨ੍ਹ ਹੈ। ਦੀਪੇ ਦੁਆਰਾ ਸੁਣਾਈ ਵਾਰਤਾ ਵਿੱਚ ਚਾਕੂ- ਛੁਰੀਆਂ ਲੱਗਿਆ ਕੜਾ ਸਮਾਜ ਦੀ ਸਖ਼ਤ ਪਰੰਪਰਾ ਦਾ ਚਿੰਨ੍ਹ ਹੈ ਜਿਸ ਵਿੱਚੋਂ ਬਾਹਰ ਨਿਕਲਣਾ ਬੜਾ ਔਖਾ ਕਾਰਜ ਹੈ ਪਰ ਲੰਘਣ ਵਾਲਾ ਬਾਜ਼ੀਗਰ ਬੈਣੋਂ ਅਤੇ ਸੰਤੀ ਦਾ ਚਿੰਨ੍ਹ ਹੈ ਜਿਨ੍ਹਾਂ ਇਸ ਕੜੇ ਨੂੰ ਪਾਰ ਕਰ ਲਿਆ ਹੈ।

ਤਲੋਕਾ ਬੈਣੋਂ ਦਾ ਜ਼ਿਕਰ ਕਰਦਾ ਹੈ ਆਖਦਾ ਹੈ ਕਿ ਤੀਵੀਂ ਦੇ ਮਨ ਦਾ ਕੋਈ ਪਤਾ ਨੀ ਹੀਂ ਲੱਗਦਾ ਕਾਕੂ ਉਸ ਦੀ ਗੱਲ ਵਿੱਚ ਹਾਮੀ ਭਰਦਾ ਹੈ, ਅਚਾਨਕ ਤਲੋਕੇ ਦੀ ਨਜ਼ਰ ਅਸਮਾਨ 'ਤੇ ਜਾਂਦੀ ਹੈ।

ਤਲੋਕਾ:- ਬੱਦਲ ਬੜੇ ਤਕੜੇ ਨੇ। ਵਰ੍ਹ ਕੇ ਰਹਿਣਗੇ। ਚਲੋ ਆਪਾ ਚੱਲੀਏ ਤੇ ਦਾਰੂ ਪੀਏ।

ਤਲੋਕੇ ਦੇ ਸੰਵਾਦ ਵਿੱਚ ਬੱਦਲ ਸੰਤੀ ਦੇ ਗੱਜਣ ਨਾਲ ਚਲੇ ਜਾਣ 'ਤੇ ਕਾਕੂ ਦੇ ਘਰ ਤੇ ਆਉਣ ਵਾਲੀ ਮੁਸੀਬਤ ਦਾ ਚਿੰਨ੍ਹ ਹੈ ਅਤੇ ਵਰ੍ਹ ਕੇ ਰਹਿਣਾ

ਸੰਤੀ ਦੇ ਨਿਸ਼ਚਿਤ ਤੌਰ 'ਤੇ ਗੱਜਣ ਨਾਲ ਚਲੇ ਜਾਣ ਦਾ ਚਿੰਨ੍ਹ ਹੈ। ਤਲੋਕੇ,ਬਾਰੂ ਅਤੇ ਕਰਮੇ ਦੁਆਰਾ ਗਾਏ ਗੀਤ ਵਿੱਚ ਨਾਭੇ ਦੀ ਬੰਦ ਬੋਤਲ ਸੰਤੀ ਦਾ ਅਤੇ ਨਸੀਬਾਂ ਵਾਲੇ ਗੱਜਣ ਦਾ ਚਿੰਨ੍ਹ ਹੈ।

ਬਣਸੋ ਮੰਚ 'ਤੇ ਆਉਂਦੀ ਹੈ ਅਤੇ ਦੱਸਦੀ ਹੈ ਕਿ ਸੰਤੀ ਗੱਜਣ ਨਾਲ ਭੱਜ ਗਈ।

ਜਿਸ ਨੂੰ ਸੁਣ ਕੇ ਕਾਕੂ ਕ੍ਰੋਧ ਨਾਲ ਗਰਜ ਉੱਠਦਾ ਹੈ ਅਤੇ (ਗੁੱਸੇ ਨਾਲ ਕਾਕੂ ਦੇ ਨਕਸ਼ ਬਦਲ ਜਾਂਦੇ ਹਨ ਗੰਡਾਸਾ ਚੁੱਕਦਾ ਹੈ ਪਰ ਵਿਹੜੇ ਵਿੱਚ ਦੋ ਕਦਮ ਜਾ ਕੇ ਯਕਦਮ ਰੁਕ ਜਾਂਦਾ ਹੈ, ਚੁਫੇਰ ਨਜ਼ਰ ਸੁੱਟਦਾ ਹੈ, ਅਕਾਸ਼ ਵੱਲ ਵੇਖਦਾ ਹੈ ਤੇ ਫਿਰ ਗੰਡਾਸੇ ਦੀ ਤੇਜ਼ ਧਾਰ ਵੱਲ ਉਹ ਦਹਾੜਦਾ ਹੈ ਸੰਤੀਏ! ਗੰਡਾਸਾ ਸੁੱਟ ਦਿੰਦਾ ਹੈ।) ਕਾਕੂ ਦਾ ਗੰਡਾਸਾ ਸੁੱਟਣਾ ਮਾਨਸਿਕ ਤੌਰ 'ਤੇ ਉਸ ਵੱਲੋਂ ਆਪਣੀ ਹੋਣੀ ਅਤੇ ਸੰਤੀ ਦੀ ਬਗ਼ਾਵਤ ਨੂੰ ਸਵੀਕਾਰ ਕਰ ਲੈਣ ਦਾ ਚਿੰਨ੍ਹ ਹੈ।

□□□

# ਸਵਰਾਜਬੀਰ ਦੇ ਨਾਟਕ 'ਤਸਵੀਰਾਂ' ਅਤੇ ਬਲਵੰਤ ਗਾਰਗੀ ਦੇ ਨਾਟਕ 'ਧੂਣੀ ਦੀ ਅੱਗ' ਵਿਚਲੇ ਨਾਰੀਵਾਦ ਦਾ ਤੁਲਨਾਤਮਕ ਅਧਿਐਨ

*ਪਰਮਜੀਤ ਕੌਰ*

paramjitkaurphd@gmail.com

ਪਰਿਵਾਰ ਸਮਾਜ ਦੀ ਮੂਲ ਇਕਾਈ ਮੰਨਿਆ ਜਾਂਦਾ ਹੈ ਅਤੇ ਉਸ ਵਿਚੋਂ ਸਭ ਤੋਂ ਅਹਿਮ ਭੂਮਿਕਾ ਔਰਤ ਨਿਭਾਉਂਦੀ ਹੈ ਕਿਉਂਕਿ ਉਸ ਨੂੰ ਮਨੁੱਖ ਦੀ ਜਨਨੀ ਵੀ ਮੰਨਿਆ ਜਾਂਦਾ ਹੈ ਅਤੇ ਘਰ ਨੂੰ ਸਾਂਭਣ ਵਾਲੀ ਵੀ। ਪੱਛਮ ਦੇ ਮੁਕਾਬਲੇ ਭਾਰਤੀ ਸਮਾਜ ਵਿਚ ਔਰਤ ਦੀ ਸਥਿਤੀ ਮਹੱਤਵਪੂਰਨ ਹੈ ਪਰੰਤੂ ਫਿਰ ਵੀ ਉਹ ਯਥਾਰਥ ਨੂੰ ਭੋਗਦੀ ਹੈ ਅਤੇ ਆਪਣੀ ਖੰਡਿਤ ਹੋਂਦ ਅਤੇ ਹੋਣੀ ਦੇ ਸੰਪੂਰਨ ਹੋਣ ਦੀ ਤਲਾਸ਼ ਵੀ ਕਰਦੀ ਹੈ। ਹੇਠਾਂ ਅਸੀਂ ਔਰਤ ਦੀ ਹੋਂਦ ਤੇ ਹੋਣੀ ਤੇ ਆਧਾਰਤ ਸਵਰਾਜਬੀਰ ਦੇ ਨਾਟਕ 'ਤਸਵੀਰਾਂ' ਅਤੇ ਬਲਵੰਤ ਗਾਰਗੀ ਦੇ ਨਾਟਕ 'ਧੂਣੀ ਦੀ ਅੱਗ' ਦਾ ਤੁਲਨਾਤਮਕ ਅਧਿਐਨ ਕੀਤਾ ਹੈ। ਇਨ੍ਹਾਂ ਨਾਟਕਾਂ ਵਿਚ ਨਾਟਕਕਾਰਾਂ ਨੇ ਨਾਰੀ ਦੀ ਹੋਂਦ ਤੇ ਉਸਦੀ ਆਜ਼ਾਦੀ ਦੇ ਮਸਲੇ 'ਤੇ ਆਪਣੇ ਵਿਚਾਰ ਅੰਕਿਤ ਕੀਤੇ ਹਨ। ਇਸ ਦੇ ਨਾਲ ਹੀ ਸਮਾਜ ਦੀਆਂ ਉਹਨਾਂ ਸਾਰੀਆਂ ਕੀਮਤਾਂ ਦਾ ਖੰਡਨ ਵੀ ਕੀਤਾ ਹੈ ਜਿਨ੍ਹਾਂ ਦਾ ਮਰਦ ਹਮੇਸ਼ਾ ਫਾਇਦਾ ਉਠਾਉਂਦਾ ਰਿਹਾ ਹੈ। ਇਹਨਾਂ ਨਾਟਕਾਂ ਵਿਚ ਨਾਟਕਕਾਰਾਂ ਨੇ ਅਜੋਕੀ ਪੀੜ੍ਹੀ ਨੂੰ ਪਿਤਰਕੀ ਪ੍ਰਬੰਧ ਦੇ ਵਿਰੋਧ ਵਿਚ ਖੜ੍ਹੀ ਦਿਖਾਇਆ ਹੈ। ਦੋਵਾਂ ਨਾਟਕਾਂ ਵਿਚਕਾਰ ਇਕ ਸਾਂਝ ਇਹ ਹੈ ਕਿ ਇਹਨਾਂ ਦੋਵਾਂ ਨੇ ਪ੍ਰੇਮ ਤੇ ਵਿਆਹ ਸੰਕਲਪਾਂ ਬਾਰੇ ਨਵੇਂ ਸਿਰਿਓਂ ਸੋਚਿਆ ਹੈ। ਦੋਵਾਂ ਹੀ ਨਾਟਕਾਂ ਵਿਚ ਪ੍ਰੇਮ ਜਾਤ-ਪਾਤ, ਊਚ-ਨੀਚ, ਪੁਰਖ ਪ੍ਰਧਾਨ ਸੀਮਾਵਾਂ ਵਿਚ ਨਹੀਂ ਬੱਝਦਾ। ਦੋਵਾਂ ਨਾਟਕਕਾਰਾਂ ਨੇ ਪ੍ਰੇਮ ਨੂੰ ਪ੍ਰਕ੍ਰਿਤੀ ਦੀ ਖੁੱਲ੍ਹ ਵਿਚ ਵਿਚਾਰਿਆ ਹੈ ਅਤੇ ਇਸ ਦੇ ਨਾਲ ਹੀ ਵਿਆਹ ਨੂੰ ਇਕ ਸਮਾਜਿਕ ਸੰਸਥਾ ਮੰਨਿਆ ਹੈ। ਵਿਅਕਤੀ ਇਕ ਸਮਾਜਿਕ ਪ੍ਰਾਣੀ ਹੈ,ਜਿਸ ਕਾਰਨ ਸਮਾਜ ਵਿਚ ਵਿਚਰਦਿਆਂ ਉਸ ਨੂੰ ਸਮਾਜਿਕ ਮਰਿਆਦਾਵਾਂ ਦਾ ਪਾਲਣ ਕਰਨਾ ਪੈਂਦਾ ਹੈ। 'ਧੂਣੀ ਦੀ ਅੱਗ' ਵਿਚਲਾ ਅਜੀਤ ਵੀ ਇਕ ਅਜਿਹੀ ਲੜਕੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ,ਜੋ ਉਸਦੇ

ਆਪਣੇ ਸਭਿਆਚਾਰ ਨਾਲ ਸੰਬੰਧ ਰੱਖਦੀ ਹੋਵੇ,ਜਿਸਦੇ ਲਈ ਉਹ ਰੀਟਾ ਨੂੰ ਛੱਡ ਕੇ ਵੀਨਾ ਨਾਲ ਵਿਆਹ ਕਰਵਾਉਣਾ ਲੋਚਦਾ ਹੈ ਜੋ ਉਸਦੇ ਆਪਣੇ ਸਭਿਆਚਾਰ ਨਾਲ ਸੰਬੰਧ ਰੱਖਦੀ ਹੈ।ਉਹ ਰੀਟਾ ਨੂੰ ਕਹਿੰਦਾ ਹੈ:-

ਅਜੀਤ : ਕੱਲ੍ਹ ਮੈਂ ਸਾਰੀ ਰਾਤ ਸੌ ਨਾ ਸਕਿਆ। ਕੋਠੇ ਉੱਤੇ ਟਹਿਲਦਾ ਰਿਹਾ। ਦਿਲ ਨੂੰ ਸਮਝਾਇਆ ਤੇ ਇਸ ਨਤੀਜੇ ਉੱਤੇ ਪਹੁੰਚਿਆ ਕਿ ਇਸ ਮਾਮਲੇ ਬਾਰੇ ਸਾਨੂੰ ਠੰਢੇ ਦਿਮਾਗ ਨਾਲ ਸੋਚਣਾ ਚਾਹੀਦਾ ਹੈ। ਤੂੰ ਆਪਣੇ ਦਿਲ ਵਿਚ ਬਹੁਤ ਪਹਿਲਾਂ ਹੀ ਫੈਸਲਾ ਕਰ ਲਿਆ ਕਿ ਮੈਂ ਹੀ ਤੇਰੇ ਲਈ ਜ਼ਿੰਦਗੀ ਦਾ ਯੋਗ ਸਾਥੀ ਹਾਂ ਤੇ ਇਸ ਖਿਆਲ ਨੂੰ ਅਮਲੀ ਰੂਪ ਦੇਣ ਉੱਤੇ ਤੁਲ ਪਈ। ਲੰਮਾ ਸਫਰ ਲੰਮੀਆਂ ਰਾਤਾਂ-ਪਿਆਰ ਤੇ ਇਹ ਬੱਚਾ। ਅਗਲਾ ਕਦਮ ਸ਼ਾਦੀ ਹੋਵੇਗਾ ਪਰ ਮੈਂ ਸਮਝਦਾ ਹਾਂ ਕਿ ਸਾਡੇ ਦੋਹਾਂ ਦਾ ਨਿਭਾਹ ਹੋਣਾ ਮੁਸ਼ਿਕਲ ਹੈ। ਸ਼ਾਦੀ ਲਈ ਬਹੁਤ ਸਾਰੀਆਂ ਗੱਲਾਂ ਜ਼ਰੂਰੀ ਨੇ। ਆਦਤਾਂ, ਤਹਿਜ਼ੀਬ, ਹਾਲਾਤ-ਜ਼ਿੰਦਗੀ ਦਾ ਪੂਰਾ ਇਤਿਹਾਸ। ਹਰ ਚੀਜ਼ ਸਾਡੇ ਵਿਚਕਾਰ ਖਲੋਤੀ ਹੈ।1

ਵਿਆਹ ਬਾਰੇ ਸਾਡੇ ਸਮਾਜ ਵਿਚ ਸਥਾਪਿਤ ਕਦਰਾਂ-ਕੀਮਤਾਂ ਅਨੁਸਾਰ ਹਮੇਸ਼ਾਂ ਪਹਿਲ ਕਦਮੀ ਮੁੰਡੇ ਨੂੰ ਹੀ ਦਿੱਤੀ ਜਾਂਦੀ ਹੈ।ਬੇਸ਼ਕ ਆਧੁਨਿਕ ਯੁੱਗ ਵਿਚ ਕੁੜੀ ਦੀ ਮਰਜ਼ੀ ਪੁੱਛੀ ਜਾਂਦੀ ਹੈ ਪਰੰਤੂ ਪਹਿਲ ਕਦਮੀ ਹਮੇਸ਼ਾਂ ਮੁੰਡੇ ਨੂੰ ਹੀ ਦਿੱਤੀ ਜਾਂਦੀ ਹੈ।'ਤਸਵੀਰਾਂ' ਨਾਟਕ ਵਿਚ ਚੰਦਾ ਨੂੰ ਵੀ ਪੁੱਛਿਆ ਜਾਂਦਾ ਹੈ ਅਤੇ ਨਾਲ ਹੀ ਉਸ ਨੂੰ ਇਹ ਵੀ ਸਮਝਾਇਆ ਜਾਂਦਾ ਹੈ ਕਿ ਉਹ ਕਿਸੇ ਤਰ੍ਹਾਂ ਵੀ ਰਿਸ਼ਤੇ ਲਈ ਨਾਂਹ ਨਾ ਕਰੇ।ਇਸ ਨਾਟਕ ਵਿਚ ਵਿਡੰਬਨਾ ਇਹ ਹੁੰਦੀ ਹੈ ਕਿ ਮਾਸੀ ਈਸ਼ਵਰ ਤੇ ਮਾਂ ਸਿਮਰਨ ਜਿੰਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਸਹੀ ਫੈਸਲਾ ਨਹੀਂ ਕੀਤਾ ਹੁੰਦਾ ਉਹ ਚੰਦਾ ਦੇ ਵਿਆਹ ਦਾ ਫੈਸਲਾ ਕਰਦੀਆਂ ਹਨ।ਨਾਟਕ ਦਾ ਅੰਤ ਵੀ ਇਸ ਫੈਸਲੇ ਬਾਰੇ ਖੁੱਲ੍ਹ ਕੇ ਇਸ਼ਾਰਾ ਨਹੀਂ ਕਰਦਾ ਸਗੋਂ ਇਕ ਅਣਕੀਤੇ ਫੈਸਲੇ ਤੇ ਆ ਕੇ ਰੁਕ ਜਾਂਦਾ ਹੈ ਜੋ ਚੰਦਾ ਦੀ ਤ੍ਰਾਸਦੀ ਨੂੰ ਦਰਸਾਉਂਦਾ ਹੈ:-

ਤਪਦੀ ਹੋਈ ਬੱਦਲੀ, ਤੇਹ ਦਾ ਦਰਿਆ_____
ਕੌਣ ਪਾ ਸਕਿਆ ਏ, ਇਨ੍ਹਾਂ ਦੀ ਥਾਹ?
ਮੈਂ ਵੀ ਤੁਰਾ ਅੱਜ, ਤਾਂਘਾ ਦਾ ਕੱਜਣ ਪਾ
ਡੋਬਾਂ ਰੱਤ ਵਿਚ ਉਂਗਲਾਂ, ਵੇਖਾਂ ਅਵੱਲੜੇ ਰਾਹ__।2

ਆਧਨਿਕ ਯੁੱਗ ਵਿਚ ਭਾਵੇਂ ਬਹੁਤ ਕੁਝ ਬਦਲ ਗਿਆ ਹੈ ਪਰੰਤੂ ਪੰਜਾਬੀ ਸਮਾਜ ਵਿਚ ਵਿਆਹ ਦੀ ਰਸਮ ਦਾ ਜੋ ਰੁਤਬਾ ਹੈ ਉਹ ਕਿਸੇ ਹੋਰ ਰੁਤਬੇ ਦੇ ਸਮਾਨ ਨਹੀਂ ਹੈ। ਅੱਜ ਔਰਤਾਂ ਨੂੰ ਕਿਸੇ ਵੀ ਖੇਤਰ ਵਿਚ ਬਰਾਬਰ ਕੰਮ ਕਰਨ ਦਾ ਹੱਕ ਹੈ ਪਰੰਤੂ ਵਿਆਹ ਦੇ ਅਧਿਕਾਰ ਵਿਚ ਉਹ ਅੱਜ ਵੀ ਵਾਂਝੀ ਹੈ। ਅੱਜ ਵੀ ਉਸਨੂੰ ਆਪਣੀ ਹੋਣੀ ਨਾਲ ਸੰਬੰਧਿਤ ਫੈਸਲਾ ਲੈਣ ਦੀ ਆਜ਼ਾਦੀ ਪ੍ਰਾਪਤ ਨਹੀਂ ਹੈ। 'ਤਸਵੀਰਾਂ' ਨਾਟਕ ਦੀਆਂ ਤਿੰਨੇ ਔਰਤਾਂ ਹੀ ਆਧੁਨਿਕਤਾ ਤੇ ਪਰੰਪਰਾ ਦੇ ਚੱਕਰਾਂ ਵਿਚ ਪਈਆ ਹਨ।ਔਰਤ ਸਦੀਆਂ ਤੋਂ ਹੀ ਸ਼ੋਸਤ ਵਰਗ ਦਾ ਸ਼ਿਕਾਰ ਰਹੀ ਹੈ ਜਿਸ ਕਾਰਨ ਉਹ ਮਾਨਸਿਕ ਦੁਬਿਧਾ ਵਿਚ ਘਿਰੀ ਰਹਿੰਦੀ ਹੈ। ਮਰਦ ਆਪਣੀ ਉਪਯੋਗਤਾ ਲਈ

ਔਰਤਾਂ ਨੂੰ ਭੋਗਣ ਤੱਕ ਹੀ ਸੀਮਤ ਰਹਿ ਗਿਆ ਹੈ। 'ਧੂਣੀ ਦੀ ਅੱਗ' ਵਿਚਲਾ ਅਜੀਤ ਆਪਣੀ ਜਿਨਸੀ ਸ਼ੰਤੁਸਟੀ ਲਈ ਰੀਟਾ ਤੇ ਵੀਨਾ ਦੀ ਸੁੰਦਰਤਾ ਨੂੰ ਭੋਗਦਾ ਹੈ। ਉਸਦੇ ਲਈ ਔਰਤ ਕੇਵਲ ਕਾਮ-ਇੱਛਾ ਦੀ ਪੂਰਤੀ ਦਾ ਸਾਧਨ ਮਾਤਰ ਹੈ। ਉਹ ਰੀਟਾ ਦੇ ਨਾਲ ਵਿਆਹ ਨਹੀਂ ਕਰਵਾਉਣਾ ਚਾਹੁੰਦਾ ਕੇਵਲ ਸੰਭੋਗ ਤੱਕ ਹੀ ਸੀਮਿਤ ਰਹਿੰਦਾ ਹੈ। ਵਿਆਹ ਕਰ ਕੇ ਉਹ ਜ਼ਿੰਮੇਵਾਰੀ ਵਿਚ ਬੱਝਣਾ ਨਹੀਂ ਚਾਹੁੰਦਾ ਹੈ ਜਿਸਦੇ ਲਈ ਉਹ ਇੰਝ ਆਖਦਾ ਹੈ:-

ਅਜੀਤ : ਪਹਿਲਾਂ ਇਸ ਝੰਜਟ ਤੋਂ ਛੁਟਕਾਰਾ ਪਾ।

ਰੀਟਾ : ਝੰਜਟ ? ਤੇਰਾ ਇਹ ਹੀ ਅਸੂਲ ਹੈ। ਤੂੰ ਯੂਰਪ ਦੇ ਹਰ ਕੈਫੇ, ਹਰ ਕੱਲਬ, ਹਰ ਘਰ ਵਿਚ ਕੁੜੀਆਂ ਨਾਲ ਪਿਆਰ ਰਚਾਉਂਦੇ ਹੋਏ ਇਹ ਹੀ ਕਹਿੰਦਾ ਫਿਰਦਾ ਹੋਵੇਗਾ, ਇਸ ਝੰਜਟ ਤੋਂ ਛੁਟਕਾਰਾ ਦਿਵਾਉ। ਬਿਲਕੁਲ ਇਹੋ ਗੱਲ, ਇਹੋ ਮਸਲਾ, ਇਹੋ ਹੱਲ। ਹਰ ਕੁੜੀ ਨੂੰ ਇਹੋ ਨੁਸਖਾ ਦਸਦਾ ਹੋਵੇਗਾ, ਇਸ ਝੰਜਟ ਤੋਂ ਛੁਟਕਾਰਾ ਦਿਵਾਉ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ। ਉਹ ਝੰਜਟ ਤੋਂ ਛੁਟਕਾਰਾ ਪਾ ਕੇ ਮੁਸਕਰਾਉਣ ਲੱਗਦੀਆਂ ਹਨ ਤੇ ਤੂੰ ਮੁਸਕਰਾਉਣ ਲੱਗਦਾ ਹੈ ਤੇ ਮੇਜ਼ ਦੁਆਲੇ ਬੈਠ ਕੇ ਪਿਆਰ ਦੀਆਂ ਗੱਲਾਂ ਕਰਨ ਲੱਗਦੇ ਹੋ ਪਰ ਮੈਂ ਇੰਝ ਨਹੀਂ ਕਰ ਸਕਦੀ ਜੇ ਮੈਂ ਬੱਚੇ ਨੂੰ ਨਸ਼ਟ ਕਰ ਦਿੱਤਾ ਤਾਂ ਮੇਰੀ ਆਤਮਾ ਦਾ ਇਕ ਅੰਗ ਮਰ ਜਾਏਗਾ। 3

ਓਧਰ 'ਤਸਵੀਰਾਂ' ਨਾਟਕ ਵਿਚਲਾ ਵਰਿੰਦਰ ਵੀ ਔਰਤ ਸਿਮਰਨ ਦਾ ਉਪਭੋਗ ਕਰਕੇ ਉਸਨੂੰ ਛੱਡ ਦਿੰਦਾ ਹੈ। ਨਾਟਕਕਾਰ ਨੇ ਅਜਿਹੇ ਮਰਦਾਂ ਦੇ ਕਿਰਦਾਰ ਨੂੰ ਸਿਮਰਨ ਰਾਹੀਂ ਇਸ ਤਰ੍ਹਾਂ ਉਘਾੜਿਆ ਹੈ ਜਿਵੇਂ:-

ਉਹ ਕਿਸੇ ਕੁੜੀ ਨੂੰ ਉਸਦੇ ਚਿਹਰੇ ਮੋਹਰੇ ਤੋਂ ਨਹੀਂ ਸੀ ਪਰਖਦਾ_____ਤੇ
ਜਦ ਉਹਨੂੰ ਨਵੀਂ ਤਸਵੀਰ ਮਿਲ ਜਾਂਦੀ ਤਾਂ ਉਹ ਪੁਰਾਣੀ ਨੂੰ ਭੁਲ
ਜਾਂਦਾ___। 4

ਦੋਵਾਂ ਨਾਟਕਕਾਰਾਂ ਨੇ ਫਰਾਇਡ ਦੇ ਕਾਮ ਸਿਧਾਂਤ ਨੂੰ ਇਕ ਸ਼ਕਤੀ ਦੇ ਰੂਪ ਵਿਚ ਚਿਤਰਿਆ ਹੈ ਪਰੰਤੂ 'ਤਸਵੀਰਾਂ' ਨਾਟਕ ਵਿਚ ਇਹਨਾਂ ਕਾਮੁਕ ਅਕਾਂਖਿਆਵਾਂ ਵਿਚੋਂ ਨਿਕਲਣ ਲਈ ਅਧਿਆਤਮਿਕਤਾ ਦਾ ਰਸਤਾ ਵੀ ਚੁਣਿਆ ਗਿਆ ਹੈ ਜਿਵੇਂ ਨਾਟਕ ਵਿਚਲੀ ਪਾਤਰ ਈਸ਼ਵਰ ਕਰਦੀ ਹੈ :

ਉਫ___ ਕੀ ਕਰ ਰਹੀ ਆ ਮੈਂ ? ਕੀ ਸੋਚ ਰਹੀ ਆਂ ? ਬਕਵਾਸ !
ਹਾਏ ਓਏ ਮੇਰਿਆ ਰੱਬਾ ਮੈਨੂੰ ਪਾਠ ਕਰਨਾ ਚਾਹੀਦੈ ! (ਮੇਜ਼ ਤੇ
ਪਈਆਂ ਚੀਜ਼ਾਂ ਫਰੋਲਦੀ ਹੋਈ) - ਮੈਨੂੰ ਪਾਠ ਕਰਨਾ ਚਾਹੀਦੈ। 5

'ਧੂਣੀ ਦੀ ਅੱਗ' ਵਿਚ ਰੀਟਾ ਆਪਣੇ ਆਪ ਤੇ ਕਾਬੂ ਨਹੀਂ ਰੱਖ ਪਾਉਂਦੀ ਤੇ ਕਾਮ ਉਤੇਜਨਾ ਵੱਲ ਅਗਰਸਰ ਹੋ ਜਾਂਦੀ ਹੈ। ਰੀਟਾ ਦਾ ਇਦ ਵੀਨਾ ਦੀਆਂ ਉਤੇਜਨਾਵਾਂ ਨੂੰ ਤਹਿਸ-

ਨਹਿਸ ਕਰ ਦਿੰਦਾ ਹੈ। ਅਸਲ ਵਿਚ ਇਹ ਇਦ ਹੀ ਦੁਖਾਂਤ ਦਾ ਕਾਰਨ ਬਣਦਾ ਹੈ।

ਦੋਵਾਂ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿਚ ਅੰਤਰ ਪੀੜ੍ਹੀ ਕਲੇਸ਼ ਦੀ ਪੇਸ਼ਕਾਰੀ ਕੀਤੀ ਹੈ। ਪੁਰਾਣੀ ਪੀੜ੍ਹੀ ਆਪਣੇ ਫੈਸਲੇ ਨਵੀਂ ਪੀੜ੍ਹੀ ਤੇ ਥੋਪਣ ਦੀ ਕੋਸ਼ਿਸ਼ ਕਰਦੀ ਹੈ ਪਰੰਤੂ ਨਵੀਂ ਪੀੜ੍ਹੀ ਨੈਤਿਕ ਮੁੱਲਾਂ ਦੀ ਉਲੰਘਣਾ ਕਰਦੀ ਹੈ। 'ਧੂਣੀ ਦੀ ਅੱਗ' ਵਿਚਲੀ ਰੀਟਾ ਪੱਛਮੀ ਸੱਭਿਅਤਾ ਨਾਲ ਜੁੜੀ ਹੋਣ ਕਾਰਨ ਆਜ਼ਾਦ ਖਿਆਲ ਦੀ ਔਰਤ ਹੈ ਪਰੰਤੂ ਵੀਨਾ ਭਾਰਤੀ ਸੰਸਕਾਰਾਂ ਨਾਲ ਬੱਝੀ ਔਰਤ ਹੈ ਜੋ ਮਰਦ ਦੀਆਂ ਵਧੀਕੀਆਂ ਨੂੰ ਸਹਿਜੇ ਹੀ ਸਹਿਣ ਕਰ ਲੈਂਦੀ ਹੈ। ਇਸ ਦੇ ਨਾਲ ਹੀ ਉਹ ਆਪਣੇ ਪ੍ਰੇਮੀ ਨੂੰ ਕਿਸੇ ਦੂਸਰੀ ਔਰਤ ਨਾਲ ਵੰਡ ਨਹੀਂ ਸਕਦੀ। ਨਾਟਕਕਾਰ ਨੇ ਉਸਦੇ ਪਿਆਰ ਤੇ ਸਮਰਪਣ ਦੀ ਸਥਿਤੀ ਵਿਚਲੀ ਟੱਕਰ ਨੂੰ ਪੇਸ਼ ਕੀਤਾ ਹੈ ਜੋ ਦੋਹਾਂ ਔਰਤਾਂ ਵਿਚ ਮਾਨਸਿਕ ਕਲੇਸ਼ ਨੂੰ ਪੈਦਾ ਕਰਦੀ ਹੈ। 'ਤਸਵੀਰਾਂ' ਨਾਟਕ ਵਿਚਲੀ ਚੰਦਾ ਵੀ ਆਪਣੀਆਂ ਉਮੰਗਾਂ ਨੂੰ ਪੂਰਾ ਕਰਨ ਲਈ ਵਿਦਰੋਹ ਦੀ ਸੁਰ ਅਪਣਾਉਂਦੀ ਹੈ। ਇਹ ਵਿਦਰੋਹ ਕੇਵਲ ਇੱਛਾ ਪੂਰਤੀ ਨਾਲ ਸੰਬੰਧਤ ਨਹੀਂ ਸਗੋਂ ਉਹ ਪਿਤਾ ਪੁਰਖੀ ਪਰੰਪਰਾ ਤੋਂ ਵੀ ਮੁਕਤ ਹੋਣਾ ਚਾਹੁੰਦੀ ਹੈ। ਇਸ ਸੰਬੰਧੀ 'ਰਾਫੇਲ ਬਹਰ' ਦਾ ਕਥਨ ਹੈ:-

> "ਆਗਿਆ ਪਾਲਨ ਇਕ ਅਜਿਹਾ ਵਰਤਾਰਾ ਹੈ, ਜਿੱਥੇ ਵਿਦਰੋਹ
> ਅਸੰਭਵ ਤੇ ਸੰਘਰਸ਼ ਖਤਰਨਾਕ ਹੁੰਦਾ ਹੈ।" 6

ਚੰਦਾ ਇਕ ਪੜ੍ਹੀ-ਲਿਖੀ ਤੇ ਸੰਵੇਦਨਸ਼ੀਲ ਔਰਤ ਹੈ। ਜਿਸ ਕੋਲ ਵਿਵਹਾਰਕ ਦ੍ਰਿਸ਼ਟੀ ਹੈ। ਉਹ ਨਵੇਂ ਜਮਾਨੇ ਦੀ ਪ੍ਰਤੀਨਿਧਤਾ ਕਰਦੀ ਹੋਈ ਆਪਣੀ ਮਾਂ ਤੇ ਮਾਸੀ ਦੀਆਂ ਪੁਰਾਣੀਆਂ ਮਾਨਤਾਵਾਂ ਦਾ ਖੰਡਨ ਕਰਦੀ ਹੈ। ਉਹ ਆਪਣੀ ਇਕ ਵੱਖਰੀ ਹਸਤੀ ਕਾਇਮ ਕਰਨਾ ਚਾਹੁੰਦੀ ਹੈ ਪਰੰਤੂ ਉਸਨੂੰ ਇਸ ਗੱਲ ਦਾ ਡਰ ਹੈ ਕਿ ਉਸਨੂੰ ਆਪਣੇ ਬਾਪ ਵਰਗਾ ਅਜਿਹਾ ਪਤੀ ਨਾ ਮਿਲ ਜਾਵੇ, ਜਿਸ ਕਾਰਨ ਉਹ ਆਪਣੀ ਮਾਂ ਤਰ੍ਹਾਂ ਇੱਕਲਤਾ ਨੂੰ ਭੋਗੇ।

ਦੋਵਾਂ ਨਾਟਕਕਾਰਾਂ ਨੇ ਆਪਣੇ ਨਾਟਕਾਂ ਵਿਚ ਕਾਮਨਾ ਵਿਚ ਭਿੱਜੀ ਔਰਤ ਦੀ ਤ੍ਰਾਸਦੀ ਨੂੰ ਬਾਖੂਬੀ ਪੇਸ਼ ਕੀਤਾ ਹੈ। ਇਸ ਕਾਮਨਾ ਦੇ ਸੰਸਾਰ ਵਿਚ ਆਨੰਦ ਦੇ ਨਾਲ-ਨਾਲ ਕਈ ਤਰ੍ਹਾਂ ਦੇ ਡਰ ਤੇ ਸੰਸੇ ਦਿਖਾਈ ਦਿੰਦੇ ਹਨ। ਕਾਮਨਾ ਵਿਚ ਭਿੱਜੀ ਔਰਤ ਕਈ ਵਾਰ ਅਜਿਹਾ ਫੈਸਲਾ ਲੈ ਬੈਠਦੀ ਹੈ ਜਿਹੜਾ ਉਸਦੇ ਲਈ ਘਾਤਕ ਸਾਬਿਤ ਹੁੰਦਾ ਹੈ। 'ਧੂਣੀ ਦੀ ਅੱਗ' ਵਿਚਲੀਆਂ ਦੋਵੇਂ ਔਰਤਾਂ ਅਜੀਤ ਨੂੰ ਪ੍ਰਾਪਤ ਕਰਨ ਲਈ ਗਰਭਵਤੀ ਹੋਣ ਦੀ ਕਾਮਨਾ ਕਰਦੀਆਂ ਹਨ ਜਿਸ ਕਾਰਨ ਉਹ ਇੱਕ-ਦੂਜੇ ਦੀਆਂ ਦੁਸ਼ਮਣ ਬਣ ਜਾਂਦੀਆਂ ਹਨ। ਕੋਈ ਵੀ ਇਸਤਰੀ ਤਦ ਤੱਕ ਸੰਪੂਰਨ ਨਹੀਂ ਹੁੰਦੀ ਜਦੋਂ ਤੱਕ ਉਹ ਮਾਂ ਨਹੀਂ ਬਣ ਜਾਂਦੀ। ਮਾਂ ਬਣ ਕੇ ਇਕ ਸੰਪੂਰਨ ਔਰਤ ਬਣਨ ਲਈ ਉਹ ਹਰ ਤਰ੍ਹਾਂ ਦਾ ਜ਼ੁਲਮ ਕਰਨ ਲਈ ਤਿਆਰ ਹੋ ਜਾਂਦੀ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਭਾਵੇਂ ਉਸਨੂੰ ਆਪਣੇ ਹੀ ਪ੍ਰੇਮੀ ਦਾ ਕਤਲ ਕਿਉਂ ਨਾ ਕਰਨਾ ਪਵੇ। ਗਾਰਗੀ ਆਪਣੇ ਨਾਟਕ ਵਿਚ ਇਸ ਕਥਨ ਦੀ ਪੁਸ਼ਟੀ ਇੰਝ ਕਰਦਾ ਹੈ :

> ਗਾਰਗੀ: ਤੀਵੀਂ ਗਰਭਵਤੀ ਹੋ ਕੇ ਪੂਰਨ ਇਸਤਰੀ ਬਣਦੀ ਹੈ। ਉਹ ਕਿਸੇ ਹੋਣੀ ਦੀ ਭਾਗੀ ਹੈ। ਇਸ ਤੋਂ ਬਿਨ੍ਹਾਂ ਉਹ ਅਧੂਰੀ ਹੈ। 7

ਆਪਣੀ ਕਾਮਨਾ ਦੀ ਪੂਰਤੀ ਲਈ ਰੀਟਾ ਵਰਗੀ ਔਰਤ ਗਰਭਵਤੀ ਹੋਣ ਤੋਂ ਬਾਅਦ

ਅਜੀਤ ਦਾ ਗਲਾ ਘੁੱਟ ਕੇ ਉਸਨੂੰ ਮਾਰ ਦਿੰਦੀ ਹੈ। ਬੇਸ਼ਕ ਆਧੁਨਿਕ ਯੁੱਗ ਵਿਚ ਲੜਕੀਆਂ ਨੂੰ ਸਾਰੇ ਅਧਿਕਾਰ ਪ੍ਰਾਪਤ ਹਨ । ਪਰੰਤੂ ਅੱਜ ਵੀ ਪੁੱਤਰ ਨੂੰ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ। ਅੱਜ ਵੀ ਔਰਤਾਂ ਨੂੰ ਮਰਦ ਨਾਲੋਂ ਪਿਛਾਂਹ ਸਮਝਿਆ ਜਾਂਦਾ ਹੈ। ਜਿਸ ਤਰ੍ਹਾਂ ਮਨੂੰ ਸਿਮਰਤੀ ਵਿਚ ਸਮਾਜਿਕ ਨਿਯਮਾਂ ਦਾ ਮਾਲਕ 'ਰਿਸ਼ੀ ਮਨੂੰ' ਇਸਤਰੀ ਦੀ ਨਿੰਦਾ ਕਰਦਾ ਕਹਿੰਦਾ ਹੈ :

> ਇਕ ਤੀਵੀਂ ਨੂੰ ਤਿਆਗਿਆ ਜਾ ਸਕਦਾ ਹੈ ਜਾਂ ਤਲਾਕ ਦਿੱਤਾ ਜਾ ਸਕਦਾ ਹੈ, ਜੇ ਉਹ ਬਾਂਝ ਹੈ ਜਾਂ ਕੇਵਲ ਪੁੱਤਰੀਆਂ ਨੂੰ ਜਨਮ ਦਿੰਦੀ ਹੈ ਜਾਂ ਫਿਰ ਪਤੀ ਭਗਤੀ ਵਿਰੁੱਧ ਵਿਚਾਰਾਂ ਵਾਲੀ ਹੈ। 8

'ਧੂਣੀ ਦੀ ਅੱਗ' ਵਿੱਚ ਬਲਵੰਤ ਗਾਰਗੀ ਨੇ ਪੱਛਮੀ ਤੇ ਭਾਰਤੀ ਸਮਾਜ ਵਿਚਲੇ ਅੰਤਰ ਨੂੰ ਵੀ ਬਾਖੂਬੀ ਦਰਸਾਇਆ ਹੈ। ਰੀਟਾ ਜੋ ਪੱਛਮੀ ਸਭਿਅਤਾ ਨਾਲ ਸੰਬੰਧ ਰੱਖਦੀ ਹੈ ਇਕ ਖੁਦਗਰਜ਼ ਔਰਤ ਹੈ ਜੋ ਪਤੀ ਦੀ ਸੇਵਾ ਕਰਨ ਵਿਚ ਆਪਣੀ ਪੂਰੀ ਜ਼ਿੰਦਗੀ ਬਰਬਾਦ ਨਹੀਂ ਕਰਨਾ ਚਾਹੁੰਦੀ ਪਰੰਤੂ ਵੀਨਾ ਜੋ ਭਾਰਤੀ ਔਰਤ ਹੈ ਉਹ ਸਾਰੀ ਜ਼ਿੰਦਗੀ ਆਪਣੇ ਪਤੀ ਹੱਥੋਂ ਮਾਰ-ਕੁੱਟ ਵੀ ਬਰਦਾਸ਼ਤ ਕਰਨ ਨੂੰ ਤਿਆਰ ਹੈ। ਇਹ ਹੀ ਨਹੀਂ ਆਪਣੇ ਗਰਭਪਾਤ ਤੇ ਵੀ ਆਪਣੇ ਪਤੀ ਨਾਲ ਰਹਿਣ ਲਈ ਤਿਆਰ ਹੋ ਜਾਂਦੀ ਹੈ ਜਦਕਿ ਰੀਟਾ ਪੱਛਮੀ ਸਭਿਅਤਾ ਦੇ ਪ੍ਰਭਾਵ ਕਾਰਨ ਅਜਿਹੇ ਕੰਮ ਤੋਂ ਇਨਕਾਰ ਕਰਦੀ ਹੈ। ਉਹ ਅਜੀਤ ਵਰਗੇ ਮਨੁੱਖ ਨੂੰ ਜੋ ਔਰਤ ਦਾ ਗਰਭਪਾਤ ਕਰਵਾ ਕੇ ਉਸ ਤੋਂ ਸਦਾ ਲਈ ਛੁਟਕਾਰਾ ਪਾਉਣਾ ਚਾਹੁੰਦਾ ਹੈ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ ਜਿਸ ਲਈ ਉਹ ਅਜੀਤ ਦਾ ਗਲਾ ਘੁੱਟ ਕੇ ਉਸਨੂੰ ਮਾਰ ਦਿੰਦੀ ਹੈ। ਇੱਥੋਂ ਗਾਰਗੀ ਨੇ ਵਿਆਹ ਸੰਬੰਧਾਂ 'ਤੇ ਵੀ ਆਪਣੇ ਪਾਤਰ ਰੀਟਾ ਰਾਹੀਂ ਪ੍ਰੇਮ ਸੰਬੰਧਾਂ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਹੈ ਉਹ ਵਿਆਹ ਪ੍ਰਬੰਧ ਨੂੰ ਇਕ ਚਣੌਤੀ ਦਿੰਦੇ ਨਜ਼ਰ ਆਉਂਦੇ ਹਨ। ਰੀਟਾ ਲਈ ਮਰਦ ਪੱਥਰ ਗੀਟਿਆ ਸਮਾਨ ਹਨ ਜਿਸ ਲਈ ਉਹ ਆਖਦੀ ਹੈ:

> ਰੀਟਾ : ਹਾਂ। ਇਹ ਮਰਦ ਪੱਥਰ ਗੀਟੇ ਹੀ ਤਾਂ ਹਨ। ਜਿਤਨੇ ਗੀਟੇ ਮੈਂ ਸਾਂਭ ਸਕਾਂ ਉਤਨੇ ਹੀ ਚੰਗੇ। ਬਾਜ਼ੀ ਪੁੱਗਣ ਪਿੱਛੋਂ ਗੀਟਿਆ ਦਾ ਕੀ ਫਾਇਦਾ?9

'ਤਸਵੀਰਾਂ' ਨਾਟਕ ਵਿਚ ਵੀ ਤਿੰਨੇ ਔਰਤਾਂ ਤੇ ਕਾਮਨਾ ਦਾ ਮੱਕੜੀ ਜਾਲ ਫੈਲਿਆ ਹੋਇਆ ਹੈ । ਇਹ ਸਿਰਫ ਦੇਹਾਂ ਦੇ ਮਿਲਨ ਤੇ ਨਹੀਂ ਫੈਲਦਾ ਸਗੋਂ ਨਾ ਮਿਲਨ ਤੋਂ ਪੈਦਾ ਹੋਈ ਪੀੜ੍ਹਾ ਅਤੇ ਮਿਲਨ ਦੀ ਤਾਂਘ ਵਿਚ ਵੀ ਫੈਲਦਾ ਹੈ।

ਦੋਵੇਂ ਨਾਟਕਕਾਰਾਂ ਨੇ ਜਗੀਰਦਾਰੀ ਤੇ ਸਾਮੰਤੀ ਕੀਮਤਾਂ ਜੋ ਨਾਰੀ ਦੀ ਹੋਂਦ ਨੂੰ ਕੁਚਲ ਦਿੰਦੀਆਂ ਹਨ ਤੇ ਵੀ ਕਟਾਕਸ਼ ਕੀਤਾ ਹੈ। ਜਗੀਰਦਾਰੀ ਖਾਸੇ ਵਿਚ ਜਾਤ ਦੇ ਉੱਚੇ ਹੋਣ ਤੇ ਅਹਿਮ ਜ਼ੋਰ ਦਿੱਤਾ ਜਾਂਦਾ ਹੈ। ਉੱਚ ਵਰਗ ਦੇ ਲੋਕ ਨੀਵੇਂ ਵਰਗ ਨੂੰ ਨਫਰਤ ਦੀ ਨਜ਼ਰ ਨਾਲ ਦੇਖਦੇ ਹਨ। 'ਤਸਵੀਰਾਂ' ਨਾਟਕ ਵਿਚਲੀ ਸਿਮਰਨ ਜਾਤ-ਪਾਤ ਦੇ ਬੰਧਨ ਨੂੰ ਛੱਡ ਕੇ ਆਪਣੇ ਪ੍ਰੇਮੀ ਨਾਲ ਵਿਆਹ ਕਰਵਾ ਲੈਂਦੀ ਹੈ ਜਿਸ ਕਾਰਨ ਉਸਦਾ ਪਿਤਾ ਆਤਮ ਹੱਤਿਆ ਕਰ ਲੈਂਦਾ ਹੈ ਕਿਉਂਕਿ ਉਹ ਆਪਣੇ ਜਲੌਅ ਨੂੰ ਬਰਕਰਾਰ ਰੱਖਣਾ ਚਾਹੁੰਦਾ ਸੀ। ਉਸਦੀ ਧੀ ਈਸ਼ਵਰ ਆਪਣੇ ਜਲੌਅ ਨੂੰ ਬਰਕਰਾਰ ਰੱਖਣ ਲਈ ਚੰਦਾ ਦਾ ਰਿਸ਼ਤਾ ਅਜਿਹੇ ਖਾਨਦਾਨ ਵਿਚ ਕਰਨਾ ਚਾਹੁੰਦੀ ਹੈ ਜੋ ਉਹਨਾਂ ਦੇ ਬਰਾਬਰ ਹੋਵੇ। ਚੰਦਾ ਦਾ ਉੱਚੇ ਖਾਨਦਾਨ ਵਿਚ ਰਿਸ਼ਤਾ ਕਰਨਾ ਉਸਦਾ ਸੁਪਨਾ ਹੀ ਨਹੀਂ ਬਣਦਾ ਸਗੋਂ ਉਦੇਸ਼ ਵੀ ਬਣ ਜਾਂਦਾ ਹੈ। ਕਈ ਵਾਰ ਇਹ ਉਦੇਸ਼ ਭਿਆਨਕ ਰੂਪ ਵੀ

ਧਾਰਨ ਕਰ ਲੈਂਦਾ ਹੈ। ਚੰਦਾ ਲਈ ਅਮਰੀਕਾ ਵਿਚ ਰਹਿੰਦੇ ਮੁੰਡੇ ਦਾ ਰਿਸ਼ਤਾ ਆਉਂਦਾ ਹੈ। ਜਿਸ ਕਾਰਨ ਮਾਸੀ ਤੇ ਮਾਂ ਦੇ ਮਨ ਵਿਚ ਪੈਸੇ ਦਾ ਲਾਲਚ ਪੈਦਾ ਹੁੰਦਾ ਹੈ ਇਸਦੇ ਕਿੰਨਾ ਫਾਇਦੇ ਸਨ:

> ਤਨਖਾਹ ਬਥੇਰੀ ਐ__ਚੰਦਾ ਵੀ ਅਮਰੀਕਾ ਚਲੀ ਜਾਵੇਗੀ__ਕੀ ਰੱਖਿਆ ਇਸ ਦੇਸ਼ ਵਿਚ?ਕੌੜੀਆ ਕਸੈਲੀਆ ਯਾਦਾਂ ਤੇ ਯਾਦਾਂ ਦੇ ਹਉਕੇ!...... ਜਾਤਾਂ ਧਰਮਾਂ ਦੇ ਝਗੜੇ ਤੇ ਪਾਬੰਦੀਆਂ। __ਤੇ ਰਿਸ਼ਤੇਦਾਰੀਆਂ__ਦੁਸ਼ਮਣਾਂ ਤੋਂ ਮਾੜੇ ਰਿਸ਼ਤੇਦਾਰ। __ਤੇ ਮੁੰਡਾ(ਕੱਲਾ) ਇੰਜਨੀਅਰ ਹੀ ਨਹੀਂ__ਫੋਟੋਗ੍ਰਾਫੀ ਦਾ ਸ਼ੌਕ ਵੀ ਰੱਖਦੈ__ਫੋਟੋ_____ਤਸਵੀਰਾਂ। 10

ਸਰਮਾਏਦਾਰੀ ਤੇ ਖਪਤ ਦੀ ਮੰਡੀ ਨੇ ਅੱਜ ਇਨਸਾਨਾਂ ਖਾਸ ਕਰਕੇ ਨੌਜਵਾਨ ਔਰਤਾਂ ਨੂੰ ਇਸ ਬਿੰਦੂ ਤੇ ਲਿਆਂਦਾ ਹੈ ਕਿ ਉਹ ਆਪਣੀ ਸਵੈ-ਪਛਾਣ ਲਈ ਮਾਨਸਿਕ ਪੀੜਾ ਨੂੰ ਭੋਗ ਰਹੀ ਹੈ। ਇਹੋ ਸਥਿਤੀ ਚੰਦਾ ਦੀ ਹੁੰਦੀ ਹੈ ਜੋ ਮਹੁੱਬਤ ਤੇ ਵਿਆਹ ਦੇ ਚੌਖਟੇ ਤੇ ਖੜ੍ਹੀ ਹੈ। ਉਹ ਨਹੀਂ ਚਾਹੁੰਦੀ ਜਿਸ ਤਰ੍ਹਾਂ ਦਾ ਵਿਉਹਾਰ ਉਸਦੇ ਪਿਤਾ ਨੇ ਉਹਦੀ ਮਾਂ ਨਾਲ ਕੀਤਾ ਉਸਦਾ ਪਤੀ ਵੀ ਅਜਿਹਾ ਕਰੇ। ਉਸਦੇ ਦਿਲ ਤੇ ਪੁਰਾਣੇ ਦਾਗ ਅਜੇ ਵੀ ਅੱਲ੍ਹੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕੇ ਦੋਵੇਂ ਨਾਟਕਾਂ ਵਿਚ ਨਾਰੀ ਪਿਤਰਕੀ ਪ੍ਰਬੰਧ ਨੂੰ ਤੋੜਦੀ ਹੋਈ ਚੇਤੰਨ ਪੱਧਰ ਤੇ ਮਰਦ ਪ੍ਰਧਾਨ ਸਮਾਜ ਦੀਆਂ ਉਹਨਾਂ ਜ਼ੰਜ਼ੀਰਾਂ ਨੂੰ ਤੋੜਦੀ ਨਜ਼ਰ ਆਉਂਦੀ ਹੈ ਜਿਹੜੀਆਂ ਉਹਨਾਂ ਦੇ ਆਲੇ -ਦੁਆਲੇ ਜਕੜੀਆਂ ਹੋਈਆਂ ਹਨ। ਉਹ ਉਹਨਾਂ ਰਿਸ਼ਤਿਆ ਵਿਚ ਯਕੀਨ ਰੱਖਦੀ ਹੈ। ਜਿਸ ਨਾਲ ਉਸਨੂੰ ਮਾਨਸਿਕ ਸ਼ਾਂਤੀ ਮਿਲਦੀ ਹੈ।

**ਹਵਾਲੇ ਤੇ ਟਿੱਪਣੀਆਂ :**


1. ਬਲਵੰਤ ਗਾਰਗੀ,ਧੂਣੀ ਦੀ ਅੱਗ, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ,1968, ਪੰਨਾ-39
2. ਸਵਰਾਜਬੀਰ, ਤਸਵੀਰਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018, ਪੰਨਾ-25
3. ਬਲਵੰਤ ਗਾਰਗੀ, ਧੂਣੀ ਦੀ ਅੱਗ, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1968, ਪੰਨਾ-34
4. ਸਵਰਾਜਬੀਰ, ਤਸਵੀਰਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018, ਪੰਨਾ-56
5. ਉਹੀ, ਪੰਨਾ-41
6. ਹਰਯੋਧ ਸਿੰਘ (ਡਾ.), ਸਵਰਾਜਬੀਰ ਦਾ ਨਾਟ-ਜਗਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016, ਪੰਨਾ-137
7. ਬਲਵੰਤ ਗਾਰਗੀ, ਧੂਣੀ ਦੀ ਅੱਗ, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, 1965, ਪੰਨਾ-1
8. ਰਾਮਾ ਸੁੰਦਰ ਤ੍ਰਿਪਾਠੀ, ਪ੍ਰਾਚੀਨ ਭਾਰਤ ਦਾ ਇਤਿਹਾਸ, ਪੰਨਾ-59
9. ਬਲਵੰਤ ਗਾਰਗੀ, ਧੂਣੀ ਦੀ ਅੱਗ, ਨਵਯੁੱਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, 1968, ਪੰਨਾ-22
10. ਸਵਰਾਜਬੀਰ, ਤਸਵੀਰਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018, ਪੰਨਾ-53

# ਸਵਰਾਜਬੀਰ ਦੁਆਰਾ ਰਚਿਤ ਨਾਟਕ 'ਮੱਸਿਆ ਦੀ ਰਾਤ' : ਨਾਟ ਸਰੋਕਾਰ

*ਦ੍ਰਿਸ਼ਪ੍ਰੀਤ ਕੌਰ*

ਸਵਰਾਜਬੀਰ ਪੰਜਾਬੀ ਦੇ ਉਨ੍ਹਾਂ ਨਾਟਕਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਨਾਟਕ ਸਿਰਜਣਾ ਦੇ ਖੇਤਰ ਵਿਚ ਆਪਣੇ ਨਿਵੇਕਲੇ ਦ੍ਰਿਸ਼ਟੀਕੋਣ ਰਾਹੀਂ ਗੰਭੀਰ ਕਿਸਮ ਦੇ ਸਮਾਜਕ-ਸਭਿਆਚਾਰਕ ਵਿਸ਼ਿਆਂ ਨੂੰ ਛੂਹਿਆ ਹੈ। ਸਵਰਾਜਬੀਰ ਨਵੀਂ ਦਿਸ਼ਾ ਵਿਚ ਸੋਚਣ ਵਾਲਾ ਚੇਤੰਨ ਲੇਖਕ ਹੈ। ਉਹ ਆਪਣੇ ਨਾਟਕਾਂ ਵਿਚ ਪੁਰਾਤਨ ਮਿੱਥ ਕਥਾਵਾਂ ਨੂੰ ਅਜੋਕੇ ਸਮੇਂ ਦੇ ਪ੍ਰਸੰਗ ਵਿਚ ਢਾਲ ਕੇ ਪੇਸ਼ ਕਰਨ ਦਾ ਯਤਨ ਕਰਦਾ ਹੈ।ਜਿਸ ਕਾਰਨ ਪੁਰਾਤਨ ਕਥਾਵਾਂ ਦੀ ਆਧੁਨਿਕ ਯੁਗ ਵਿਚ ਸਾਰਥਕਤਾ ਸਥਾਪਤ ਹੁੰਦੀ ਹੈ।

ਸਵਰਾਜਬੀਰ ਦੇ ਹੁਣ ਤੱਕ ਨੌ ਨਾਟਕ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀ ਪ੍ਰਸਿੱਧੀ ਨਾਟਕ ਦੇ ਖੇਤਰ ਵਿਚ ਜ਼ਿਆਦਾ ਹੋਈ ਹੈ। ਧਰਮ ਗੁਰੂ, ਕ੍ਰਿਸ਼ਨ, ਮੇਦਨੀ, ਸ਼ਾਇਰੀ, ਕੱਲਰ, ਮੱਸਿਆ ਦੀ ਰਾਤ, ਹੱਕ, ਅਗਨੀ ਕੁੰਡ, ਤਸਵੀਰਾਂ ਸਵਰਾਜਬੀਰ ਦੁਆਰਾ ਲਿਖੇ ਗਏ ਨਾਟਕ ਹਨ।ਉਨ੍ਹਾਂ ਨੇ ਇਹਨਾਂ ਨਾਟਕਾਂ ਰਾਹੀਂ ਪੁਰਾਤਨ ਮਿਥਿਹਾਸ ਤੇ ਇਤਿਹਾਸ ਨੂੰ ਸਮਕਾਲ ਦੇ ਪ੍ਰਸੰਗ ਵਿਚ ਪੇਸ਼ ਕੀਤਾ ਹੈ। ਨਾਟਕਾਂ ਤੋਂ ਇਲਾਵਾ ਸਵਰਾਜਬੀਰ ਦੇ ਤਿੰਨ ਕਾਵਿ ਸੰਗ੍ਰਹਿ ਵੀ ਪ੍ਰਕਾਸ਼ਿਤ ਹੋ ਚੁੱਕੇ ਹਨ- ਆਪਣੀ ਆਪਣੀ ਰਾਤ, ਸਾਹਾਂ ਥਾਣੀਂ ਅਤੇ 23 ਮਾਰਚ।

ਸਵਰਾਜਬੀਰ ਦਾ ਅਕਸ ਇਕ ਮਿਹਨਤੀ ਅਤੇ ਇਮਾਨਦਾਰ ਪੁਲਿਸ ਅਫ਼ਸਰ ਹੋਣ ਤੋਂ ਇਲਾਵਾ ਸਾਹਿਤਕ ਖੇਤਰ 'ਚ ਇਕ ਪ੍ਰਬੁੱਧ ਚਿੰਤਕ ਵਾਲਾ ਵੀ ਉਭਰਦਾ ਹੈ। ਸਵਰਾਜਬੀਰ ਨੂੰ 2016 'ਚ 'ਮੱਸਿਆ ਦੀ ਰਾਤ' ਨਾਟਕ ਲਈ ਸਾਹਿਤ ਅਕਾਦੇਮੀ ਦੇ ਪੁਰਸਕਾਰ ਵਜੋਂ ਵੀ ਨਿਵਾਜਿਆ ਗਿਆ ਹੈ। 2016 ਵਿਚ ਹੀ ਉਨ੍ਹਾਂ ਨੂੰ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਵੀ ਬਣਾਇਆ ਗਿਆ ਹੈ। ਉਹ ਆਪਣੇ ਨਾਟਕਾਂ ਦੀ ਭੂਮਿਕਾ ਵਿਚ ਨਾਟਕ ਦੇ ਵਿਸ਼ੇ ਬਾਰੇ ਹਰ ਤਰ੍ਹਾਂ ਦੀ ਗੱਲ ਕਰਦਾ ਹੈ। ਉਹਦੇ ਨਾਟਕਾਂ ਵਿਚ ਸਮਾਜਿਕ, ਰਾਜਨੀਤਿਕ, ਧਾਰਮਿਕ ਸਥਿਤੀ, ਔਰਤਾਂ ਦੀ ਸਥਿਤੀ, ਪਰਿਵਾਰ, ਜਾਤ-ਪਾਤ, ਆਦਿ ਸੰਬੰਧੀ ਵਿਸ਼ਿਆਂ ਬਾਰੇ ਗੱਲ ਕੀਤੀ ਗਈ ਹੈ। ਉਹ ਅਜੋਕੀ ਸਥਿਤੀ ਉੱਪਰ ਇਸ ਤਰ੍ਹਾਂ ਵਿਅੰਗ

*ਸੰਪਰਕ : 9654082925*

ਕਰਦਾ ਹੈ ਕਿ ਪਾਠਕ ਉਸ ਤੋਂ ਸੇਧ ਲੈ ਸਕਣ।

'ਮੱਸਿਆ ਦੀ ਰਾਤ' ਨਾਟਕ ਦੇ ਬੀਜ ਪੁਰਾਤਨ ਹਨ ਪਰ ਉਹ ਇਸ ਨੂੰ ਨਵੀਂ ਦ੍ਰਿਸ਼ਟੀ ਰਾਹੀਂ ਨਾਟਕੀ ਰੂਪ ਵਿਚ ਪੇਸ਼ ਕਰਦਾ ਹੈ। ਇਸ ਨਾਟਕ ਦੀ ਸ਼ੁਰੂਆਤ ਵਿਚ ਹੀ ਪੁੱਤਰ ਦੀ ਲਾਲਸਾ ਨੂੰ ਪੇਸ਼ ਕੀਤਾ ਗਿਆ ਹੈ। ਨਾਟਕਕਾਰ ਇਸ ਨਾਟਕ ਰਾਹੀਂ ਸਾਨੂੰ ਦੱਸਦਾ ਹੈ ਕਿ ਸਾਰੇ ਸਮਾਜ 'ਚ ਪੁੱਤਰ ਦੇ ਪੈਦਾ ਹੋਣ 'ਤੇ ਕਿੰਨੀ ਖੁਸ਼ੀ ਮਨਾਈ ਜਾਂਦੀ ਹੈ। ਨਾਟਕ ਵਿਚ ਚੰਨੋ ਦੀ ਤੀਜੀ ਕੁੜੀ ਹੋਣ ਤੇ ਉਸ ਦੀ ਸੱਸ ਤੇਜ ਕੌਰ ਉਸ ਨੂੰ ਪੱਥਰ ਕਹਿੰਦੀ ਹੈ। ਜਿਵੇਂ ਕਿ ਇਸ ਨਾਟਕ ਵਿਚ ਤੇਜ ਕੌਰ ਦੇ ਬੋਲ ਹਨ:

ਤੇਜ ਕੌਰ : (ਪਿੱਟਦੀ ਹੋਈ) ਮਿਹਰ ਕਿੱਥੇ ! ਏਸ ਵਿਹੜੇ ਮਿਹਰ ਨਈਂ ਹੋਣੀ! ਭਾਗ ਫੁੱਟ ਗਏ ! ਹਾਏ ਨੀ ਕੁਲਹਿਣੀ ਨੇ ਮਾਰ ਸੁੱਟਿਐ ! ਨੀ ਕਿਸੇ ਪਾਸੇ ਜੋਗਾ ਨਈਂ ਛੱਡਿਆ! ਇਕ ਪੱਥਰ ਹੋਰ ਜੰਮ ਸੁੱਟਿਐ ! ਨੀ ਸਾਡੇ ਵਿਹੜੇ ਫੁੱਲ ਕਿਉਂ ਨਹੀਂ ਖਿੜਿਆ ! ਹਾਏ ਪੁੱਤ, ਹੁਣ ਕੀ ਹੋਵੇਗਾ !1

ਇਹੋ ਜਿਹੀਆਂ ਸੱਸਾਂ ਸਾਡੇ ਸਮਾਜ ਦਾ ਸੱਚ ਹਨ ਜੋ ਪੁੱਤਰ ਦੀ ਚਾਹਤ ਲਈ ਨੂੰਹਾਂ ਨੂੰ ਲਿੰਗ ਟੈਸਟ ਕਰਾਉਣ ਲਈ ਮਜ਼ਬੂਰ ਕਰਦੀਆਂ ਹਨ ਅਤੇ ਜੇ ਕਰ ਭਰੂਣ ਧੀ ਹੋਵੇ ਤੇ ਖਾਤਮੇ 'ਤੇ ਜ਼ੋਰ ਦਿੰਦੀਆਂ ਹਨ।ਇਹ ਗੱਲ ਇੱਥੇ ਤੱਕ ਹੀ ਸੀਮਿਤ ਨਹੀਂ ਜੇ ਪੈਦਾ ਹੋਈ ਕੁੜੀ ਹੁੰਦੀ ਹੈ ਤੇ ਉਸ ਨਾਲ ਬਚਪਨ ਤੋਂ ਹੀ ਵਿਤਕਰਾ ਕੀਤਾ ਜਾਂਦਾ ਹੈ।

'ਮੱਸਿਆ ਦੀ ਰਾਤ' ਨਾਟਕ ਦੇ ਸਿਰਲੇਖ ਤੋਂ ਇਹ ਭਾਵ ਹੁੰਦਾ ਹੈ ਕਿ ਇਹ ਨਾਟਕ ਹਨੇਰੇ ਨਾਲ ਸੰਬੰਧਤ ਹੈ। ਮੱਸਿਆ ਦੀ ਰਾਤ ਜਿਵੇਂ ਕਿ ਕਾਲੀ ਰਾਤ ਹੁੰਦੀ ਹੈ, ਉਸ ਰਾਤ ਕੋਈ ਵੀ ਕੀਤਾ ਗਿਆ ਕਾਰਜ ਚੰਗਾ ਨਹੀਂ ਮੰਨਿਆ ਜਾਂਦਾ ਇਸੇ ਤਰ੍ਹਾਂ ਹੀ ਨਾਟਕ ਦੇ ਸਿਰਲੇਖ ਤੋਂ ਇਹ ਪਤਾ ਚੱਲਦਾ ਹੈ ਕਿ ਕੋਈ ਕਾਰਜ ਇਸ ਤਰ੍ਹਾਂ ਦਾ ਹੋਇਆ ਹੈ ਜੋ ਕਿ ਚੰਗਾ ਨਹੀਂ ਹੈ। ਨਾਟਕ ਦੀ ਭੂਮਿਕਾ ਵਿਚ ਸੰਕੇਤ ਮਿਲਦਾ ਹੈ ਕਿ ਇਸ ਨਾਟਕ ਦਾ ਪਹਿਲਾ ਨਾਂ ਸੀ ਪੁੱਤਰ ਮਿੱਠੜੇ ਮੇਵੇ। ਭੂਮਿਕਾ 'ਚੋਂ ਇਹ ਸੰਕੇਤ ਵੀ ਮਿਲਦਾ ਹੈ ਕਿ ਇਸ ਨਾਟਕ ਦਾ ਸੰਬੰਧ ਭਰੂਣ ਹੱਤਿਆ ਨਾਲ ਹੈ। ਚੰਨ-ਵਿਹੂਣੀ ਰਾਤ ਨੂੰ ਦੁਖਾਂਤ ਦਾ ਪ੍ਰਤੀਕ ਮੰਨਿਆ ਗਿਆ ਹੈ ਜਿਸ ਕਰਕੇ ਮਰਦ ਬੱਚੇ ਦੀ ਲਾਲਸਾ ਦਾ ਯੁੱਗ 'ਮੱਸਿਆ ਦੀ ਰਾਤ' ਵਾਂਗ ਹੈ।

ਨਾਟਕ ਵਿਚ ਤੇਜ ਕੌਰ ਦੇ ਬੋਲਾਂ ਤੋਂ ਪਤਾ ਲੱਗਦਾ ਹੈ ਕਿ ਪੁੱਤਰ ਨੂੰ ਜੰਮਣ ਲਈ ਉਹਨੇ ਕਿੱਥੇ ਕਿੱਥੇ ਮੱਥੇ ਟੇਕੇ, ਦੀਵੇ ਬਾਲੇ, ਪੀਰਾਂ ਫ਼ਕੀਰਾਂ ਦੇ ਦਰਾਂ 'ਤੇ ਗਈ, ਮੰਦਰ-ਗੁਰਦੁਆਰੇ ਵੀ ਗਈ ਸੀ।

ਤੇਜ ਕੌਰ : ਮੈਂ ਸੁੱਖਣਾ ਸੁੱਖੀਆਂ__ ਚੌਂਕੀਆਂ ਕੱਟੀਆਂ__ ਕੋਈ ਪੀਰ ਫਕੀਰ ਨਹੀਂ ਛੱਡਿਆ, ਜੋ ਮੈਂ ਨਾ ਧਿਆਇਆ ਹੋਵੇ__ ਰਾਮਦਾਸ__ ਬਾਬਿਆਂ ਦੀਆਂ ਸਮਾਧਾਂ 'ਤੇ ਗਈ__ ਨੌਂ ਗਜੇ ਪੀਰ ਦੀ ਥਾਂ 'ਤੇ ਦੀਵੇ ਜਗਾਏ!2

ਇਸ ਤੋਂ ਬਾਅਦ ਜਦ ਤੇਜ ਕੌਰ ਦੇ ਘਰ ਪੁੱਤਰ ਦਾ ਜਨਮ ਹੁੰਦਾ ਹੈ ਤੇ ਉਸ ਦੀ ਦੁਨੀਆ ਬਿਲਕੁਲ ਹੀ ਬਦਲ ਜਾਂਦੀ ਹੈ। ਨਾਟਕ ਵਿਚ ਇਸ ਦਾ ਵੇਰਵਾ ਇਸ ਤਰ੍ਹਾਂ ਮਿਲਦਾ ਹੈ :

ਤੇਜ ਕੌਰ : ਤੇ ਹੋਰ ਨਈਂ— ਫਿਰ ਕਿਤੇ ਜਾ ਕੇ ਵਾਹਿਗੁਰੂ ਦੀ ਮਿਹਰ ਹੋਈ— ਇਹ ਜਗੀਰ ਸਿਓਂ ਜੰਮਿਆ— ਜਗੀਰ ਸਿਓਂ ਜੰਮਿਆ ਤੇ ਏਦਾਂ ਲੱਗੇ, ਜਿਵੇਂ ਰਾਤੋਂ-ਰਾਤ ਦੁਨੀਆ ਬਦਲ ਗਈ ਹੋਵੇ— ਮੇਰੀ ਸੱਸ ਦੀ ਜ਼ਬਾਨ ਜਿਵੇਂ ਸ਼ਹਿਦ 'ਚ ਭਿੱਜ ਗਈ ਹੋਵੇ— ਜਗੀਰ ਸਿਓਂ ਦਾ ਪਿਓ ਜਿਵੇਂ ਮੇਰਾ ਗੁਲਾਮ ਹੋ ਗਿਆ ਹੋਵੇ— ਤੇ ਸ਼ਰੀਕਣਾਂ, ਉਨ੍ਹਾਂ ਦਾ ਤੇ ਪੁੱਛ ਈ ਨਾ— ਮੂੰਹਾਂ ਤੋਂ ਵਧਾਈਆਂ, ਪਰ ਨਜ਼ਰਾਂ ਇਉਂ ਜਿਵੇਂ ਵਿੱਸ ਘੋਲਦੀਆਂ ਸੱਪਣੀਆਂ— ਤੇ ਮੇਰੀ ਬੇਬੇ— ਜਦੋਂ ਪੰਜੀਰੀ ਲੈ ਕੇ ਆਈ— ਐਂ ਲੱਗੇ ਜਿਵੇਂ ਧਰਤੀ ਤੋਂ ਗਿੱਠ ਗਿੱਠ 'ਤਾਂਹ ਹੋ ਕੇ ਤੁਰ ਰਹੀ ਹੋਵੇ। ਮੇਰੇ ਤੇ ਭੈਣੇ ਦਿਨ ਹੀ ਬਦਲ ਗਏ!3

ਇਸ ਨਾਟਕ ਰਾਹੀਂ ਨਾਟਕਕਾਰ ਨੇ ਇਹ ਵੀ ਦੱਸਿਆ ਹੈ ਕਿ ਉਹ ਤ੍ਰੀਮਤ ਜਿਹੜੀ ਪੁੱਤ ਨਹੀਂ ਜੰਮਦੀ ਉਹ ਸੰਪੂਰਨ ਤ੍ਰੀਮਤ ਨਹੀਂ ਹੈ। ਲੋਕਾਂ ਅਨੁਸਾਰ ਮਰਦ ਨਾ ਜੰਮਣ ਦਾ ਕਸੂਰ ਸਿਰਫ਼ ਤ੍ਰੀਮਤ ਦਾ ਹੁੰਦਾ ਹੈ।

ਤੀਵੀਆਂ: ਤ੍ਰੀਮਤ ਜਿਹੜੀ ਪੁੱਤ ਨਾ ਜੰਮੇ

ਉਹ ਤਾਂ ਪੂਰੀ ਤ੍ਰੀਮਤ ਨਹੀਂ!

ਇਹ ਮਰਦ ਦਾ ਨਹੀਂ ਕਸੂਰ ਕੁੜੇ

ਤੂੰ ਹੀ ਪੂਰੀ ਤ੍ਰੀਮਤ ਨਹੀਂ।4

ਚੰਨੋ ਨੂੰ ਪੁੱਤ ਪਵਾਉਣ ਲਈ ਮਾਤਾ ਉਪਾਅ ਦਿੰਦੀ ਹੈ ਕਿ ਉਹ ਮਰਦ ਬੱਚੇ ਦੀ ਬਲੀ ਦੇਵੇ। ਮਾਤਾ ਚੰਨੋ ਨੂੰ ਪਾਪ ਕਰਨ ਲਈ ਪ੍ਰੇਰਿਤ ਕਰਦੀ ਹੈ।

ਮਾਤਾ : ਸਮਝ ਬੱਚਾ! ਪੁੱਤ ਪਾਉਣ ਈ ਤੇ ਕਿਸੇ ਦੇ ਪੁੱਤ ਦੀ ਬਲੀ ਦੇ— ਮੱਸਿਆ ਦੀ ਰਾਤ— ਪਿੰਡ ਦੇ ਬਾਹਰ, ਦੱਖਣ ਦਿਸ਼ਾ ਵਿਚ, ਜਿਥੇ ਸੁੰਞਾ ਚੌਰਾਹਾ ਹੋਵੇ, ਓਥੇ ਪਾਣੀ 'ਚ ਮਰਦ ਬੱਚੇ ਦਾ ਖ਼ੂਨ ਪਾ ਕੇ ਨਹਾਵੇਂ ਤਾਂ ਪੁੱਤ ਪਾਵੇਂ!5

ਇਸ ਨਾਟਕ ਵਿਚ ਇਹ ਗੱਲ ਕੀਤੀ ਗਈ ਹੈ ਕਿ ਕਿਸੇ ਮਰਦ ਬੱਚੇ ਦੀ ਬਲੀ ਦੇਣ ਨਾਲ ਚੰਨੋ ਦੇ ਘਰ ਪੁੱਤ ਜੰਮੇਗਾ ਜਿਸ ਨਾਲ ਚੰਨੋ ਦੇ ਘਰ 'ਚ ਰੋਸ਼ਨੀ ਹੋਏਗੀ ਤੇ ਕਿਸੇ ਦੇ ਘਰ 'ਚ ਹਨੇਰਾ ਹੋਏਗਾ।

ਮਾਤਾ : ਹਾਂ ਪੁੱਤ ਹੋਵੇਗਾ ! ਮੱਸਿਆ ਦੀ ਰਾਤ 'ਚੋਂ! ਰਾਤ ਦੀ ਕੁੱਖ 'ਚੋਂ !6

ਜਗੀਰ ਸਿੰਘ ਮਰਦ ਬੱਚੇ ਦੇ ਖ਼ੂਨ ਵਾਲੀ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦਾ ਤੇ ਉਹ ਚੰਨੋ ਨੂੰ ਇਹ ਕਰਮ ਕਰਨ ਤੋਂ ਵੀ ਰੋਕਦਾ ਹੈ ਤੇ ਕਿਸਮਤ 'ਤੇ ਸਾਰੀ ਗੱਲ ਛੱਡਦਾ ਹੈ।

ਜਗੀਰ ਸਿੰਘ : ਬੰਦ ਕਰ ਇਹ ਬਕਵਾਸ— ਮਾਤਾ, ਮਾਤਾ ! ਪੁੱਤ ਹੋਣਾ ਹੋਵੇਗਾ ਤੇ ਆਪੇ ਹੋ ਜਾਵੇਗਾ ! ਨਹੀਂ ਤੇ ਸਾਡੀ ਕਿਸਮਤ !7

ਚੰਨੋ ਲੋਕਾਂ ਦੀਆਂ ਤੇ ਆਪਣੀ ਸੱਸ ਦੀਆਂ ਗੱਲਾਂ, ਤਾਹਨੇ ਸੁਣ-ਸੁਣ ਕੇ ਦਬਾਅ ਵਿਚ ਆ ਕੇ ਜਗੀਰ ਸਿੰਘ ਦੀ ਮਾਂ ਦੀਆਂ ਊਝਾਂ ਨਾ ਸਹਿਣ ਕਰ ਸਕਣ ਕਰਕੇ ਮਾਤਾ ਦੀ ਗੱਲ ਹਰ ਹਾਲਾਤ ਵਿਚ ਮੰਨਣ ਨੂੰ ਤਿਆਰ ਹੋ ਜਾਂਦੀ ਹੈ। ਚੰਨੋ ਨੂੰ ਸਿਰਫ਼ ਮਰਦ ਬੱਚੇ ਦੀ ਹੀ ਪ੍ਰਾਪਤੀ ਚਾਹੀਦੀ ਹੈ।

ਚੰਨੋ : ਨਈਂ ਐਤਕੀਂ ਤੇ ਮੈਂ ਪੁੱਤ ਈ ਜੰਮਣਾ ਏ! ਲੋਕਾਂ ਤੋਂ ਗੱਲਾਂ ਨਹੀਂ ਕਰਾਉਣੀਆਂ! ਤੇਰੀ ਮਾਂ ਦੀਆਂ ਊਝਾਂ ਨਈਂ ਸਹਿਣੀਆਂ! ਜੋ ਵੀ ਕਰਨਾ ਪਵੇ, ਮੈਂ ਕਰਾਂਗੀ! ਜੋ ਮਾਤਾ ਕਹਿੰਦੀ ਏ — ਉਹ ਕਰਾਂਗੀ।8

ਇਸ ਨਾਟਕ ਵਿਚ ਇਹ ਵੀ ਦੇਖਿਆ ਗਿਆ ਹੈ ਕਿ ਤੇਜ ਕੌਰ ਦੀ ਗੁਆਂਢਣ ਦੇ ਘਰ ਪੁੱਤ ਹੈ ਤੇ ਉਹ ਉਹਦੇ ਤੋਂ ਵੀ ਪਰੇਸ਼ਾਨ ਹੈ, ਮਾਂ ਆਪਣੇ ਪੁੱਤ ਦਾ ਗਲ਼ਾ ਤੱਕ ਘੋਟਣਾ ਚਾਹੁੰਦੀ ਹੈ ਤੇ ਤੇਜ ਕੌਰ ਉਸ ਨੂੰ ਇਹ ਕਰਮ ਕਰਨ ਤੋਂ ਮਨ੍ਹਾ ਕਰਦੀ ਹੈ। ਤੇਜ ਕੌਰ ਅਨੁਸਾਰ ਉਹਦਾ ਪੁੱਤ ਜਗੀਰ ਸਿੰਘ ਵੀ ਰਾਤੀ ਸ਼ਰਾਬ ਪੀ ਕੇ ਆਇਆ ਸੀ ਤੇ ਬੋਲ ਬੁਲਾਰਾ ਵੀ ਕਰ ਰਿਹਾ ਸੀ। ਤੇਜ ਕੌਰ ਨੇ ਆਪਣੇ ਪੁੱਤ ਨੂੰ ਕੁਝ ਵੀ ਨਹੀਂ ਕਿਹਾ ਕਿਉਂਕਿ ਉਹ ਉਹਦਾ ਪੁੱਤ ਹੈ। ਇਹੋ ਜਿਹੀਆਂ ਔਰਤਾਂ ਆਪਣੇ ਪੁੱਤਾਂ ਨੂੰ ਕੁੱਝ ਕਰਨ ਤੋਂ ਰੋਕਣ ਦੀ ਬਜਾਏ ਹੋਰ ਸ਼ਹਿ ਦਿੰਦੀਆਂ ਦਿਖਾਈ ਗਈਆਂ ਹਨ। ਆਪਣੇ ਆਪ ਨੂੰ ਫਾਹੇ ਲੱਗੀਆਂ ਮੰਨਦੀਆਂ ਹਨ।

ਪਹਿਲੀ ਗੁਆਂਢਣ : ਨੀ ਕਾਹਦੀ ਮੁਕਤੀ? ਸਾਡੇ ਵੱਲ ਈ ਵੇਖ ਖਾਂ! ਸਾਡੇ ਪੁੱਤ ਨੇ ਜਿਹੜੀ ਸਾਡੀ ਜਾਨ ਔਖੀ ਕੀਤੀ ਐ— ਉਹ ਵੇਖ ਖਾਂ— ਨਿੱਤ ਨਸ਼ੇ ਤੇ ਨਿੱਤ ਲੜਾਈਆਂ! ਮੈਨੂੰ ਤੇ ਆਪਣੇ ਆਪ 'ਤੇ ਗ਼ੁੱਸਾ ਆਉਂਦੈ ਕਿ ਇਸ ਮਰ ਜਾਣੇ ਦਾ ਗ਼ਲਾ ਕਿਉਂ ਨਾ ਘੁੱਟ 'ਤਾ ਜੰਮਦੇ ਦਾ ਈ!

ਤੇਜ ਕੌਰ : ਨੀ ਵਾਹਿਗੁਰੂ ਵਾਹਿਗੁਰੂ ਬੋਲ! ਹੱਸਦਾ ਵੱਸਦਾ ਰਹੇ! ਆਖ਼ਰ ਪੁੱਤ ਤਾਂ ਹੈ... ਤੇ ਪੁੱਤ ਸ਼ਰਾਬ ਪੀਂਦੇ ਹੁੰਦੇ ਨੇ! ਸਾਡਾ ਵੀ ਰਾਤੀਂ ਪੀ-ਪਵਾ ਕੇ ਬੋਲ ਬੁਲਾਰਾ ਕਰਨ ਡਿਹਾ ਸੀ। ਪਰ ਫੇਰ ਕੀ ਐ— ਪੁੱਤ ਤਾਂ ਹੈ ਨਾ!

ਪਹਿਲੀ ਗੁਆਂਢਣ : ਨੀ ਏਹੋ ਸੋਚ ਕੇ ਤੇ ਸੰਤੋਖ ਕਰ ਲਈਦੇ! ਪਰ ਜਿਹੜੀ ਸਾਡੇ ਨਾਲ ਹੋਣ ਡਹੀ ਐ ਨਾ, ਉਹ ਨਾ ਪੁੱਛ! ਫਾਹੇ ਲੱਗੇ ਆਂ ਅਸੀਂ ਤਾਂ।9

ਨਾਟਕ ਵਿਚ ਇਹ ਵੀ ਵਿਖਾਇਆ ਗਿਆ ਹੈ ਕਿ ਤੇਜ ਕੌਰ ਚੰਨੋ ਦੁਆਰਾ ਪੁੱਤ ਨੂੰ ਜਨਮ ਨਾ ਦੇਣ ਕਰਕੇ ਜਗੀਰ ਸਿੰਘ ਦੇ ਦੂਜੇ ਵਿਆਹ ਦੀ ਗੱਲ ਕਰਦੀ ਹੈ।

ਤੇਜ ਕੌਰ : ਪੁੱਤ ਮੈਂ ਤੇ ਕਹਿੰਨੀ ਆਂ ਪਈ ਜੇ ਇਹਦੀ ਕਿਸਮਤ 'ਚ ਪੁੱਤ ਨਈਂ ਲਿਖਿਆ ਤਾਂ ਅਸੀਂ ਕੋਈ ਦੂਸਰਾ ਘਰ ਵੇਖੀਏ!

ਜਗੀਰ ਸਿੰਘ : ਦੂਸਰਾ ਘਰ! —ਮਤਲਬ?

ਤੇਜ ਕੌਰ : ਦੂਸਰੇ ਘਰ ਦਾ ਮਤਲਬ ਪਈ ਦੂਸਰਾ ਵਿਆਹ! ਵੇਖ ਪੁੱਤ, ਇਹ ਗੱਲ ਕੋਈ ਜੱਗੋਂ ਬਾਹਰੀ ਨਈਂ! ਏਦਾਂ ਹੁੰਦਾ ਈ ਆਇਐ! ਪੁੱਤ ਤੇ ਚਾਹੀਦਾ ਈ ਐ!10

ਨਾਟਕ ਵਿਚ ਇਸ ਉਪਰੋਕਤ ਵਾਰਤਾਲਾਪ ਤੋਂ ਬਾਅਦ ਚੰਨੋ ਮਾਤਾ ਦੀ ਗੱਲ ਹਰ ਹਾਲਾਤ ਵਿਚ ਮੰਨਣ ਲਈ ਤਿਆਰ ਹੁੰਦੀ ਹੈ ਤੇ ਪੁੱਤ ਨੂੰ ਹੀ ਜੰਮ ਕੇ ਦਿਖਾਉਣ ਦੀ ਗੱਲ ਨੂੰ ਬਾਰ ਬਾਰ ਦਹਰਾਉਂਦੀ ਹੈ।

ਚੰਨੋ : ਤੇ ਹੁਣ ਇਹ ਦੂਸਰਾ ਰਾਹ ਵੇਖਣਗੇ! ਮੈਥੋਂ ਬਾਹਰ! ਆਂਦਰਾਂ ਨਾ ਧੂਹ ਲਵਾਂਗੀ ਦੂਸਰੀ ਦੀਆਂ ਤੇ ਦੂਸਰੀ ਵੇਖਣ ਵਾਲਿਆਂ ਦੀਆਂ! ਇਹ ਮੇਰਾ ਘਰ ਏ! ਏਥੇ ਮੇਰੀਆਂ ਧੀਆਂ

ਜੰਮੀਆਂ ਨੇ!... ਤੇ ਏਥੇ ਪੁੱਤ ਵੀ ਮੇਰਾ ਈ ਜੰਮੇਗਾ! ਚਾਹੇ ਮੈਨੂੰ ਜੋ ਵੀ ਕਰਨਾ ਪਵੇ!... ਚਾਹੇ ਉਹ ਸਭ ਕੁਝ ਕਰਨਾ ਪਵੇ ਜੋ ਮਾਤਾ ਨੇ ਕਿਹਾ ਏ!... ਮੈਂ ਕਰਾਂਗੀ— ਕਰਾਂਗੀ— ਤੇ ਪੁੱਤ ਜੰਮਾਂਗੀ!11

ਜਿਵੇਂ ਕਿ ਮੱਸਿਆ ਦੀ ਰਾਤ ਤੋਂ ਬਾਅਦ ਅਗਲੇ ਦਿਨ ਤੋਂ ਚੰਨ ਦੀ ਨਵੀਂ ਰੋਸ਼ਨੀ ਦਿਖਦੀ ਹੈ, ਉਵੇਂ ਹੀ ਚੰਨੋ ਨੂੰ ਲੱਗਦਾ ਹੈ ਕਿ ਮੱਸਿਆ ਦੀ ਰਾਤ 'ਤੇ ਮਰਦ ਬੱਚੇ ਦੇ ਖ਼ੂਨ ਨਾਲ ਭਿੱਝ ਕੇ ਉਹਦੀ ਵੀ ਜ਼ਿੰਦਗੀ 'ਚ ਨਵੀਂ ਰੋਸ਼ਨੀ ਹੋਏਗੀ।

ਚੰਨੋ : (ਇਕਾਂਤ ਕਥਨ- ਆਪਣੇ ਆਪ ਨਾਲ) ਅੱਜ ਮੱਸਿਆ ਦੀ ਰਾਤ ਏ! ਉਹ ਰਾਤ, ਜਿਸ ਨੂੰ ਮੈਂ ਏਨੇ ਚਿਰ ਤੋਂ ਉਡੀਕ ਰਹੀ ਸਾਂ— ਉਹ ਰਾਤ, ਜਿਸ ਦੀ ਹਿੱਕ 'ਚ ਮੇਰਾ ਸੂਰਜ ਛਿਪਿਆ ਏ— ਮੇਰਾ ਚੰਨ ਛਿਪਿਆ ਏ...12

ਚੰਨੋ ਦੇ ਬੋਲਾਂ ਅਨੁਸਾਰ ਪੁੱਤ ਹੀ ਪੁੰਨ ਹੈ ਤੇ ਪੁੱਤ ਹੀ ਵਡਿਆਈ ਹੈ, ਉਹ ਪੁੱਤ ਨੂੰ ਪਾਉਣ ਲਈ ਮਰਦ ਬੱਚੇ ਦੀ ਹੱਤਿਆ ਕਰਨ ਲਈ ਤਿਆਰ ਹੈ ਕਿਉਂਕਿ ਉਹ ਪੁੱਤ ਪਾ ਕੇ ਪੁੰਨ ਕਮਾਉਣਾ ਚਾਹੁੰਦੀ ਹੈ।

ਚੰਨੋ : ਪੁੱਤ ਹੀ ਪੁੰਨ

ਪੁੱਤ ਹੀ ਵਡਿਆਈ

ਇਸ ਤੋਂ ਵੱਧ

ਨਾ ਕੋਈ ਕਮਾਈ

ਪੁੱਤ ਪਾਵਾਂਗੀ

ਪੁੰਨ ਕਮਾਵਾਂਗੀ!13

ਇਸ ਨਾਟਕ ਵਿਚ ਇਹ ਵੀ ਵੇਖਿਆ ਗਿਆ ਹੈ ਕਿ ਬਿਰਧ ਔਰਤਾਂ ਚੰਨੋ ਨੂੰ ਮਰਦ ਬੱਚੇ ਨੂੰ ਮਾਰਨ ਤੋਂ ਵੀ ਰੋਕਦੀਆਂ ਹਨ।

ਬਿਰਧ ਔਰਤਾਂ : ਨਾ ਜਾ ਧੀਏ, ਨਾ ਜਾ ਤੂੰ

ਇਸ ਰਸਤੇ ਕਿਉਂ ਜਾਏ ਤੂੰ

ਉਜਾੜ ਕੇ ਕੁੱਖ ਪਰਾਈ ਕੋਈ

ਕਿਉਂ ਕੁੱਖ ਆਪਣੀ ਵਸਾਏ ਤੂੰ?14

ਕਲਜੋਗਣਾਂ ਚੰਨੋ ਨੂੰ ਮਰਦ ਬੱਚੇ ਨੂੰ ਮਾਰਨ ਲਈ ਜ਼ਬਰਦਸਤੀ ਕਰਨ ਲਈ ਪ੍ਰੇਰਿਤ ਕਰਦਿਆਂ ਹਨ।

ਕਲਜੋਗਣਾਂ : ਚੁੱਪ ਰਹੋ ਤੁਸੀਂ ਚੁੱਪ ਰਹੋ!

ਝੋਲੀ ਤੁਸੀਂ ਭਰ ਨਾ ਸਕੋ!

ਪੁੱਤਰ ਤੁਸੀਂ ਦੇ ਨਾ ਸਕੋ!

ਚੁੱਪ ਰਹੋ ਤੁਸੀਂ ਚੁੱਪ ਰਹੋ!

(ਚੰਨੋ ਨੂੰ)
ਚੱਲ ਬੀਬੀ, ਤੂੰ ਪੁੱਤ ਕਮਾ!
ਰੱਤ ਵਹਾ, ਰੱਤ ਵਿਚ ਨਹਾ!
ਚੱਲ ਬੀਬੀ, ਤੂੰ ਪੁੱਤ ਕਮਾ!
ਚੱਲ ਬੀਬੀ, ਤੂੰ ਪੁੱਤ ਕਮਾ!15

ਚੰਨੋ ਵੱਲੋਂ ਮਰਦ ਬੱਚੇ ਨੂੰ ਮਾਰਨ ਤੋਂ ਬਾਅਦ ਜਗੀਰ ਸਿੰਘ ਕਿਤੇ ਦੂਰ ਚਲੇ ਜਾਣ ਦੀ ਗੱਲ ਕਰਦਾ ਹੈ।

ਜਗੀਰ ਸਿੰਘ : (ਮੁੜਦਾ ਹੋਇਆ) ਮੈਂ— ਮੈਂ ਕਿਤੇ ਦੂਰ ਚੱਲਿਆਂ ! ਦੂਰ— ਜਿਥੇ ਤੁਹਾਡਾ ਕਿਸੇ ਦਾ ਪ੍ਰਛਾਵਾਂ ਨਾ ਹੋਵੇ— ਨਾ ਮਾਂ ਦਾ, ਨਾ ਤੇਰਾ, ਨਾ ਏਸ ਪਿੰਡ ਦਾ, ਨਾ ਇਸ ਪਿੰਡ 'ਚ ਰਹਿਣ ਵਾਲਿਆਂ ਦਾ! ਜਿਥੇ ਨਾ ਧੀ ਜੰਮਣ ਦਾ ਝੰਜਟ ਹੋਵੇ ਤੇ ਨਾ ਪੁੱਤ ਜੰਮਣ ਦਾ!16

ਨਾਟਕ 'ਮੱਸਿਆ ਦੀ ਰਾਤ' ਦੇ ਪਾਤਰ ਆਮ ਜੀਵਨ ਵਿਚ ਵਿਚਰਦੇ ਪਾਤਰ ਹਨ। ਜਿਵੇਂ ਕਿ ਚੰਨੋ ਇਸ ਨਾਟਕ ਦੀ ਕੇਂਦਰੀ ਪਾਤਰ ਹੈ। ਚੰਨੋ ਕੋਲ ਪਹਿਲਾਂ ਤੋਂ ਹੀ ਤਿੰਨ ਕੁੜੀਆਂ ਹਨ ਤੇ ਉਹਦੇ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਪੁੱਤਰ ਨੂੰ ਜਨਮ ਦੇਵੇਂ ਤੱਦ ਹੀ ਉਸ ਨੂੰ ਇਸ ਸਮਾਜ 'ਚ ਇਜ਼ਤ ਮਿਲੇਗੀ। ਪੁੱਤਰ ਪ੍ਰਾਪਤ ਕਰਨਾ ਉਸ ਦੀ ਮਾਨਸਿਕਤਾ 'ਚ ਇਸ ਤਰ੍ਹਾਂ ਸਮ੍ਹਾ ਗਿਆ ਹੈ ਕਿ ਉਹ ਪੁੱਤਰ ਪਾਉਣ ਲਈ ਨਰਕ ਤੱਕ ਜਾਣ ਲਈ ਤਿਆਰ ਹੈ। ਚੰਨੋ ਦੀ ਤ੍ਰਾਸਦੀ ਇਹ ਹੈ ਕਿ ਜੇਕਰ ਉਹ ਪੁੱਤ ਨਹੀਂ ਜੰਮਦੀ ਤੇ ਉਸ ਦੀ ਸੱਸ ਉਹਦੇ ਪਤੀ ਦਾ ਦੂਜਾ ਵਿਆਹ ਕਰ ਦੇਏਗੀ। ਇਸੇ ਕਰਕੇ ਹੀ ਚੰਨੋ ਵਹਿਮਾਂ ਭਰਮਾਂ 'ਚ ਫਸ ਕੇ ਮਾਤਾ ਦੇ ਕਹੇ ਅਨੁਸਾਰ ਮਰਦ ਬੱਚੇ ਦੀ ਬਲੀ ਦਿੰਦੀ ਹੈ। ਅੰਤ ਵਿਚ ਚੰਨੋ ਪਤੀ ਵੱਲੋਂ ਇਨਕਾਰੀ ਜਾਂਦੀ ਹੈ ਤੇ ਆਪਣੇ ਆਪ ਨੂੰ ਖ਼ੁਦ ਮਾਰ ਕੇ ਖ਼ਤਮ ਕਰ ਲੈਂਦੀ ਹੈ। ਇਸ ਪਾਤਰ ਤੋਂ ਇਹ ਪਤਾ ਚੱਲਦਾ ਹੈ ਕਿ ਸਾਡੇ ਸਮਾਜ 'ਚ ਪੁੱਤਰ ਵਿਹੂਣੀਆਂ ਮਾਵਾਂ ਦੀ ਹੋਣੀ ਸ਼ਾਇਦ ਇਹੀ ਹੀ ਹੈ, ਤੇ ਇਨ੍ਹਾਂ ਨੂੰ ਨਾ ਤਾਂ ਪਰਿਵਾਰ ਸਵੀਕਾਰ ਕਰਦਾ ਹੈ ਤੇ ਨਾਂ ਹੀ ਸਮਾਜ। ਦੂਜੀ ਪਾਤਰ ਤੇਜ ਕੌਰ ਹੈ। ਤੇਜ ਕੌਰ ਜਗੀਰ ਸਿੰਘ ਦੀ ਮਾਂ ਤੇ ਚੰਨੋ ਦੀ ਸੱਸ ਹੈ। ਇਹ ਪੁੱਤਰ ਮੋਹ ਵਿਚ ਫਸੀ ਹੋਈ ਪਾਤਰ ਹੈ। ਤੇਜ ਕੌਰ ਆਪਣੀ ਨੂੰਹ ਵਾਂਗ ਪੁੱਤਰ ਪ੍ਰਾਪਤ ਕਰਨ ਦਾ ਸੰਤਾਪ ਹੰਢਾ ਚੁੱਕੀ ਹੈ। ਪਿਤਰਕੀ ਸਮਾਜ ਦੇ ਅਨੁਸਾਰੀ ਹੀ ਤੇਜ ਕੌਰ ਦੀ ਸੋਚ ਹੈ। ਤੇਜ ਕੌਰ ਵਰਗੀਆਂ ਸੱਸਾਂ ਸਾਡੇ ਸਮਾਜ ਦਾ ਸੱਚ ਹਨ, ਜੋ ਪੋਤਰੇ ਦੀ ਚਾਹਤ ਲਈ ਆਪਣੀਆਂ ਨੂੰਹਾਂ ਨੂੰ ਲਿੰਗ ਟੈਸਟ ਕਰਵਾਉਣ ਲਈ ਮਜ਼ਬੂਰ ਕਰਦੀਆਂ ਹਨ ਅਤੇ ਭਰੂਣ ਧੀ ਹੋਵੇ ਤਾਂ ਉਸ ਦੇ ਖ਼ਾਤਮੇ 'ਤੇ ਜ਼ੋਰ ਦਿੰਦੀਆਂ ਹਨ। ਨਾਟਕ ਵਿਚ ਜਿੱਥੇ ਤੇਜ ਕੌਰ ਦੀ ਮਨਸ਼ਾ ਹੈ ਕਿ ਉਹਦਾ ਪੋਤਰਾ ਜੰਮੇ ਤੇ ਨਾਲ ਹੀ ਉਹਦੇ ਦਿਲ ਵਿਚ ਮਮਤਾ ਵੀ ਹੈ ਉਹ ਆਪਣੀਆਂ ਪੋਤਰੀਆਂ ਦਾ ਵੀ ਖ਼ਿਆਲ ਰੱਖਦੀ ਹੈ। ਜਗੀਰ ਸਿੰਘ ਚੰਨੋ ਦਾ ਪਤੀ ਹੈ, ਉਹਦੀ ਮਨਸ਼ਾ ਹੈ ਕਿ ਉਸਦੀ ਪਤਨੀ ਇਸ ਵਾਰ ਪੁੱਤਰ ਨੂੰ ਜਨਮ ਦੇਵੇ, ਉਹ ਚਾਹੁੰਦਾ ਹੈ ਕਿ ਉਹਦੇ ਘਰ ਦਾ ਵਾਰਿਸ ਪੈਦਾ ਹੋਵੇ। ਜਗੀਰ ਸਿੰਘ ਅਜੋਕੇ ਸਮੇਂ ਵਿਚ ਟੈਕਨਾਲੋਜੀ ਦੀ ਮਦਦ ਨਾਲ ਆਪਣੀ ਪਤਨੀ ਨੂੰ ਲਿੰਗ ਟੈਸਟ ਕਰਵਾਉਣ ਲਈ ਕਹਿੰਦਾ ਹੈ। ਉਹ ਪੁੱਤਰ ਤੇ ਧੀ 'ਚ ਫ਼ਰਕ ਕਰਦਾ ਹੈ ਅਤੇ ਪੁੱਤ ਨੂੰ ਹੀ ਕੁੱਲ ਦਾ ਵਾਰਿਸ ਸਮਝਦਾ ਹੈ। ਆਪਣੇ ਬੱਚੇ ਨੂੰ ਕੁੱਖ 'ਚ ਕਤਲ ਕਰਾਉਣ ਨੂੰ ਤਾਂ ਪਾਪ ਨਹੀਂ ਸਮਝਦਾ ਪਰ ਦੂਜੇ ਦੇ ਬੱਚੇ ਦੀ ਬਲੀ ਨੂੰ ਪਾਪ

ਸਮਝਦਾ ਹੈ। ਜਗੀਰ ਸਿੰਘ ਆਪਣੀ ਮਾਂ ਦੀ ਸਲਾਹ ਅਨੁਸਾਰ ਪੁੱਤਰ ਨਾ ਹੋਣ ਦੀ ਸੂਰਤ 'ਚ ਦੂਜਾ ਵਿਆਹ ਕਰਾਉਣ ਬਾਰੇ ਵੀ ਸੋਚਦਾ ਹੈ ਪਰ ਨਾਲ ਹੀ ਉਸ ਨੂੰ ਆਪਣੀਆਂ ਧੀਆਂ ਦੀ ਵੀ ਫ਼ਿਕਰ ਹੈ। ਨਸੀਬੋ ਪਾਤਰ ਦੇ ਸਵੈ-ਸੰਬੋਧਨ ਦੁਆਰਾ ਹੀ ਨਾਟਕਕਾਰ ਨੇ ਸਮਾਜ ਦੇ ਉੱਪਰ ਵਿਅੰਗ ਕੱਸਿਆ ਹੈ। ਇਹ ਦਾਈ ਹੈ, ਚੰਨੋ ਨੂੰ ਆਪਣੀ ਧੀ ਸਮਝਦੀ ਹੈ ਤੇ ਤੇਜ ਕੌਰ ਨਾਲ ਵੀ ਹਮਦਰਦੀ ਰੱਖਦੀ ਹੈ। ਮਾਤਾ ਬਾਰੇ ਨਸੀਬੋ ਹੀ ਚੰਨੋ ਨੂੰ ਦਸਦੀ ਹੈ ਤੇ ਤੀਜੀ ਕੁੜੀ ਹੋਣ ਤੇ ਚੰਨੋ ਅਤੇ ਤੇਜ ਕੌਰ ਨੂੰ ਵੀ ਹੌਸਲਾ ਦਿੰਦੀ ਹੈ। ਬਲਕਾਰ ਜਗੀਰ ਸਿੰਘ ਦੇ ਚਾਚੇ ਦਾ ਪੁੱਤਰ ਹੈ। ਉਹ ਕੁੜੀਆਂ ਅਤੇ ਮੁੰਡਿਆਂ ਵਿਚਕਾਰ ਕੋਈ ਫ਼ਰਕ ਨਹੀਂ ਸਮਝਦਾ। ਮਾਤਾ ਸਾਧਾਰਨ ਔਰਤ ਤੋਂ ਹੀ ਮਾਤਾ ਬਣੀ ਹੈ। ਮਾਤਾ ਪਾਖੰਡੀ ਉਪਾਅ ਦੱਸ ਕੇ ਚੰਨੋ ਵਰਗੇ ਲੋਕਾਂ ਤੋਂ ਕਰਤੂਤਾਂ ਭਰੇ ਕੰਮ ਕਰਵਾਉਂਦੀ ਹੈ। ਮੰਗਤੀ ਸਮਾਜ ਦੀ ਸਤਾਈ ਹੋਈ ਮਰਦ ਦੇ ਹੱਥੋਂ ਦੁਖੀ ਹੋਈ ਪਾਤਰ ਹੈ ਜੋ ਮੰਗ ਕੇ ਗੁਜ਼ਾਰਾ ਕਰਦੀ ਹੈ। ਇਸ ਤੋਂ ਇਲਾਵਾ ਨਾਟਕ ਵਿਚ ਮੰਗਤੀ ਦਾ ਮੁੰਡਾ, ਚੰਨੋ ਦੀਆਂ ਦੋ ਕੁੜੀਆਂ ਛੋਟੀ ਤੇ ਵੱਡੀ, ਮਾਤਾ ਦੀਆਂ ਚੇਲੀਆਂ, ਕਲਜੋਗਣਾਂ, ਬਿਰਧ ਔਰਤਾਂ ਜੋ ਕਿ ਗੁਆਂਢਣਾਂ ਹਨ ਨਾਟਕ ਦੇ ਅਜਿਹੇ ਪਾਤਰ ਹਨ ਜੋ ਨਾਟਕ ਦੇ ਵਿਕਾਸ ਵਿਚ ਸਹਾਈ ਹੁੰਦੇ ਹਨ ਅਤੇ ਜਗੀਰ ਸਿੰਘ ਦਾ ਪਿਓ ਵੀ ਪਿੱਠਭੂਮੀ 'ਚ ਵਿਚਰਦਾ ਦਿਖਾਈ ਦਿੰਦਾ ਹੈ ਜਿਸ ਦਾ ਵੇਰਵਾ ਨਾਟਕ ਵਿਚ ਤੇਜ ਕੌਰ ਦੁਆਰਾ ਹੋਇਆ ਮਿਲਦਾ ਹੈ।

'ਮੱਸਿਆ ਦੀ ਰਾਤ' ਨਾਟਕ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਸਮਾਜ ਨੇ ਔਰਤ ਉਤੇ ਇੰਨਾ ਦਬਾਅ ਬਣਾ ਕੇ ਰੱਖਿਆ ਹੈ ਕਿ ਔਰਤ ਇਹ ਸੋਚਦੀ ਹੈ ਕਿ ਜਿੰਨਾ ਚਿਰ ਤੱਕ ਪੁੱਤਰ ਨੂੰ ਜਨਮ ਨਹੀਂ ਦੇਂਦੀ ਓਨੀ ਦੇਰ ਤੱਕ ਸਹੁਰੇ ਘਰ ਉਹਨੂੰ ਇਜ਼ਤ ਅਤੇ ਸਤਿਕਾਰ ਨਹੀਂ ਮਿਲਦਾ, ਇਹੋ ਹੀ ਸਾਡੇ ਸਮਾਜ ਦਾ ਕੌੜਾ ਯਥਾਰਥ ਹੈ। ਇਸ ਦੇ ਪਿੱਛੇ ਪਿਤਰਕੀ ਸੋਚ ਪਈ ਹੋਈ ਹੈ। ਪਿਤਰਕੀ ਸਮਾਜ ਵਿਚ ਔਰਤ ਦੇ ਰੁਤਬੇ ਨੂੰ ਘਟਾ ਕੇ ਨਕਾਰਾਤਮਕ ਦ੍ਰਿਸ਼ਟੀ ਤੋਂ ਦੇਖਿਆ ਜਾਂਦਾ ਹੈ। ਇਹ ਸਾਰਾ ਨਾਟਕ ਔਰਤ ਦੀ ਤ੍ਰਾਸਦਕ ਹੋਣੀ ਉੱਤੇ ਟਿਕਿਆ ਹੋਇਆ ਹੈ। ਨਾਟਕਕਾਰ ਇਹਨਾਂ ਸਾਰੀਆਂ ਸਮਾਜਿਕ ਵਿਸੰਗਤੀਆਂ ਉਤੇ ਉਂਗਲ ਧਰਦਾ ਹੈ ਤੇ ਪਾਠਕ ਵਰਗ ਨੂੰ ਸਹੀ-ਗਲਤ ਸੋਚਣ ਲਈ ਮਜ਼ਬੂਰ ਕਰਦਾ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਸਮਾਜ ਵਿਚਲੇ ਸੁਧਾਰ ਬਾਰੇ ਕੋਈ ਕਦਮ ਚੁੱਕਿਆ ਜਾ ਸਕੇਗਾ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਵਰਾਜਬੀਰ ਨੇ ਨਾਟਕ 'ਮੱਸਿਆ ਦੀ ਰਾਤ' ਵਿਚ ਵੱਖ-ਵੱਖ ਤਬਕੇ ਦੀਆਂ, ਵੱਖ-ਵੱਖ ਉਮਰਾਂ ਦੀਆਂ ਅਤੇ ਵੱਖੋ-ਵੱਖ ਰੁਤਬੇ ਦੀਆਂ ਔਰਤਾਂ ਦੀ ਜ਼ਿੰਦਗੀ ਅਤੇ ਉਹਨਾਂ ਦੀ ਜ਼ਿੰਦਗੀ ਦੀਆਂ ਗੁੰਝਲਾਂ ਨੂੰ ਬੜੀ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਨਾਟਕਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਭੂਮਿਕਾ ਸਮਾਜ ਨਿਭਾ ਰਿਹਾ ਹੈ। ਔਰਤ ਉੱਪਰ ਸਮਾਜ ਦੀ ਜ਼ਬਰਦਸਤ ਕੱਸੀ ਹੋਈ ਪਕੜ ਨਜ਼ਰ ਆਉਂਦੀ ਹੈ ਜੋ ਕਦੇ ਔਰਤ ਨੂੰ ਕਾਤਲ ਬਣਾ ਦਿੰਦੀ ਹੈ ਤੇ ਕਦੇ ਉਸੇ ਸਮਾਜ ਦੀ ਸਹਿਮੀ ਹੋਈ ਅਬਲਾ ਹੈ। ਇਸ ਨਾਟਕ 'ਚ ਔਰਤ ਪਾਤਰ ਪੂਰੀ ਤਰ੍ਹਾਂ ਮਰਦ ਪ੍ਰਧਾਨ ਸਮਾਜ ਦੀ ਲਪੇਟ ਵਿਚ ਬੱਝੀ ਹੋਈ ਦਿਸਦੀ ਹੈ। ਔਰਤ ਮਰਦਾਵੇਂ ਸਮਾਜ ਦੀ ਭਾਸ਼ਾ ਬੋਲਦੀ ਹੈ। ਇਸ ਨਾਟਕ 'ਚ ਔਰਤ ਪਾਤਰ ਮਰਦ ਪ੍ਰਧਾਨ ਸਮਾਜ ਦੇ ਅਧੀਨ ਨਜ਼ਰ ਆਉਂਦੀ ਹੈ।ਇਸ ਤਰ੍ਹਾਂ ਅਸੀ ਦੇਖਦੇ ਹਾਂ ਕਿ ਸਵਰਾਜਬੀਰ ਦੇ ਨਾਟਕ 'ਮੱਸਿਆ ਦੀ ਰਾਤ' ਵਿਚਲੀਆਂ ਔਰਤਾਂ ਮਾਨਸਿਕ ਸੰਘਰਸ਼ ਵਿਚ ਉਲਝੀਆਂ ਹੋਈਆ ਹਨ। 'ਮੱਸਿਆ ਦੀ ਰਾਤ' ਨਾਟਕ 'ਚ ਪਿਤਰਕੀ ਸਮਾਜ ਦੀ ਸੋਚ ਅਤੇ ਲਾਲਸਾ ਦਾ ਸ਼ਿਕਾਰ ਹੋਈ ਔਰਤ ਦਾ ਮਾਨਸਕ

ਸੰਘਰਸ਼ ਹੈ।

ਮੋਟੇ ਤੌਰ 'ਤੇ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਨਾਟਕ 'ਮੱਸਿਆ ਦੀ ਰਾਤ' ਸਾਨੂੰ ਹਨੇਰੇ ਤੋਂ ਬਾਹਰ ਹੋ ਕੇ ਜਾਗਰੂਕ ਰਹਿਣ ਦੀ ਸੇਧ ਦਿੰਦਾ ਹੈ। ਇਹ ਨਾਟਕ ਵਹਿਮ ਭਰਮ ਦੇ ਪਿਛੋਕੜ ਵਿਚ ਪੁੱਤਰ ਦੀ ਕਾਮਨਾ ਨੂੰ ਪੇਸ਼ ਕਰਦਾ ਹੈ। ਸਮਾਜ ਨੂੰ ਬਚਾਉਣ ਲਈ ਇਹ ਨਾਟਕ ਕੰਮ ਕਰਦਾ ਹੈ। ਮਰਦ-ਪ੍ਰਧਾਨ ਸਮਾਜ ਨੂੰ ਪੇਸ਼ ਕਰਦਾ ਹੈ ਇਹ ਨਾਟਕ। ਸਮਾਜ ਦੀ ਕੁਰੀਤੀ ਵੱਲ ਵੀ ਉਂਗਲ ਚੁੱਕਦਾ ਹੈ ਇਹ ਨਾਟਕ। 'ਮੱਸਿਆ ਦੀ ਰਾਤ' ਨਾਟਕ ਸਮਾਜ ਵਿਚ ਫੈਲੇ ਅਗਿਆਨਤਾ, ਅਨਪੜ੍ਹਤਾ ਨੂੰ ਦਰਸਾਉਂਦਾ ਨਾਟਕ ਹੈ। ਔਰਤ ਪਿਤਰਕੀ ਪ੍ਰਬੰਧ ਦੀ ਜਿਉਂਦੀ ਜਾਗਦੀ ਹੈ ਜੋ ਮਰਦ ਅਨੁਸਾਰ ਹੀ ਜਿਉਂਦੀ ਹੈ ਤੇ ਉਹ ਆਪਣੇ ਵਾਸਤੇ ਜਾਗਰੂਕ ਨਹੀਂ ਹੈ।

ਹਵਾਲੇ ਅਤੇ ਟਿੱਪਣੀਆਂ


1. ਸਵਰਾਜਬੀਰ, ਮੱਸਿਆ ਦੀ ਰਾਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2004, ਪੰਨਾ 33.
2. ਉਹੀ, ਪੰਨਾ 20.
3. ਉਹੀ, ਪੰਨਾ 20.
4. ਉਹੀ, ਪੰਨਾ 39.
5. ਉਹੀ, ਪੰਨਾ 60.
6. ਉਹੀ, ਪੰਨਾ 61.
7. ਉਹੀ, ਪੰਨਾ 63.
8. ਉਹੀ, ਪੰਨਾ 63.
9. ਉਹੀ, ਪੰਨਾ 65.
10. ਉਹੀ, ਪੰਨਾ 66.
11. ਉਹੀ, ਪੰਨਾ 66.
12. ਉਹੀ, ਪੰਨਾ 73.
13. ਉਹੀ, ਪੰਨਾ 76.
14. ਉਹੀ, ਪੰਨਾ 78.
15. ਉਹੀ, ਪੰਨਾ 78.
16. ਉਹੀ, ਪੰਨਾ 82.


□□□

# ਸੁਖਵਿੰਦਰ ਅੰਮ੍ਰਿਤ ਰਚਿਤ ਪੁੰਨਿਆਂ ਦੇ ਕਾਵਿ ਸਰੋਕਾਰ

*ਸੰਦੀਪ ਸਿੰਘ (ਡਾ.)*

*ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ।*

ਸੁਖਵਿੰਦਰ ਅੰਮ੍ਰਿਤ ਨੂੰ ਪੰਜਾਬੀ ਕਵਿਤਾ ਵਿਚ ਬੁਲੰਦ ਰੁਤਬਾ ਹਾਸਿਲ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਉਸਦਾ ਮੁਕਾਮ ਅੱਵਲ ਹੈ। ਗ਼ਜ਼ਲ ਦੇ ਖੇਤਰ ਵਿਚ ਔਰਤਾਂ ਦੀ ਗਿਣਤੀ ਗਿਣਨਯੋਗ ਹੀ ਹੈ। ਅਸਲ ਵਿਚ ਗ਼ਜ਼ਲ ਆਪਣੇ ਮੂਲ ਵਜੋਂ ਔਰਤਾਂ ਨਾਲ ਮੁਹੱਬਤ ਭਰੀ ਗੱਲਬਾਤ ਦੇ ਵਿਸ਼ੇ ਵਜੋਂ ਹੀ ਪ੍ਰਵਾਨ ਚੜਦਾ ਰਿਹਾ ਹੈ। ਭਾਰਤ ਵਿਚ ਉਰਦੂ ਗ਼ਜ਼ਲ ਪ੍ਰੰਪਰਾ ਵੀ ਆਪਣੇ ਵਿਸ਼ੇ ਵਜੋਂ ਲੰਬਾ ਸਮਾ ਉਪਰੋਕਤ ਅਰਥਾਂ ਤੱਕ ਹੀ ਮਹਿਦੂਦ ਰਹੀ। ਨਤੀਜੇ ਵਜੋਂ ਔਰਤ ਗ਼ਜ਼ਲਕਾਰਾਂ ਦੀ ਗਿਣਤੀ ਵੀ ਘੱਟ ਹੀ ਰਹੀ। ਆਧੁਨਿਕ ਕਾਲ ਤੋਂ ਬਾਅਦ ਪੰਜਾਬੀ ਗ਼ਜ਼ਲ ਵਿਸ਼ੇ ਵਜੋਂ ਬੇਸ਼ਕ ਸਮਾਜਕ ਸਰੋਕਾਰਾਂ ਨਾਲ ਜੁੜਦੀ ਚਲੀ ਗਈ ਪਰ ਔਰਤ ਗ਼ਜ਼ਲਕਾਰਾਂ ਦੀ ਗਿਣਤੀ ਵਿਚ ਕੋਈ ਖਾਸ ਵਾਧਾ ਨਜ਼ਰ ਨਹੀਂ ਆਉਂਦਾ। ਸੁਖਵਿੰਦਰ ਅੰਮ੍ਰਿਤ ਦੇ ਸਮੇਤ ਬਾਕੀ ਔਰਤ ਗ਼ਜ਼ਲਕਾਰਾਂ ਜਿਵੇਂ ਸੁਰਜੀਤ ਸਖੀ, ਕਮਲ ਇਕਾਰਸ਼ੀ, ਅਨੁ ਬਾਲਾ ਆਦਿ ਨੇ ਨਾ ਸਿਰਫ ਪੰਜਾਬੀ ਗ਼ਜ਼ਲ ਨੂੰ ਬਲਕਿ ਗ਼ਜ਼ਲ ਨੂੰ ਰੂਪ ਵਜੋਂ ਵੀ ਨਵੇਂ ਅਰਥ ਪ੍ਰਦਾਨ ਕੀਤੇ। ਕਿਉਂਕਿ ਜੇਕਰ ਗ਼ਜ਼ਲ ਔਰਤਾਂ ਨਾਲ ਗਲਬਾਤ ਵਜੋਂ ਦੇਖਿਆ ਜਾਵੇਗਾ ਤਾਂ ਔਰਤ ਗ਼ਜ਼ਲਕਾਰਾਂ ਦੀ ਸ਼ਾਇਰੀ ਨੂੰ ਕੀ ਕਿਹਾ ਜਾਵੇ। ਇਸ ਤਰਾਂ ਔਰਤ ਗ਼ਜ਼ਲਕਾਰਾਂ ਦੇ ਆਉਣ ਤੋਂ ਬਾਅਦ ਗ਼ਜ਼ਲ ਦੇ ਪਰੰਪਰਕ ਅਰਥਾਂ ਦਾ ਬਦਲ ਜਾਣਾ ਵੀ ਸੁਭਾਵਕ ਹੈ।

'ਪੁੰਨਿਆਂ'1 ਸੁਖਵਿੰਦਰ ਅੰਮ੍ਰਿਤ ਦਾ 2011 ਵਿਚ ਪ੍ਰਕਾਸ਼ਿਤ ਹੋਇਆ ਗ਼ਜ਼ਲ ਸੰਗ੍ਰਹਿ ਹੈ। ਇਸ ਵਿੱਚ ਕੁੱਲ 56 ਗ਼ਜ਼ਲਾਂ ਸ਼ਾਮਿਲ ਹਨ। ਇਸਤੋਂ ਪਹਿਲਾਂ ਉਹਨਾਂ ਦੇ ਦੋ ਕਾਵਿ ਸੰਗ੍ਰਹਿ 'ਕਣੀਆਂ' 2000 ਵਿਚ, 'ਧੁੱਪ ਦੀ ਚੁੰਨੀ' 2006 ਵਿਚ, ਅਤੇ ਚਾਰ ਗ਼ਜ਼ਲ ਸੰਗ੍ਰਹਿ 'ਚਿਰਾਗਾਂ ਦੀ ਡਾਰ' 1999 ਵਿਚ, 'ਪੱਤਝੜ ਵਿਚ ਪੁੰਗਰਦੇ ਪੱਤੇ' 2002 ਵਿਚ, 'ਹਜ਼ਾਰ ਰੰਗਾਂ ਦੀ ਲਾਟ' 2008 ਵਿਚ ਪ੍ਰਕਾਸ਼ਿਤ ਹੋਏ ਹਨ। ਇਸ ਗ਼ਜ਼ਲ ਸੰਗ੍ਰਹਿ ਤੋਂ ਬਾਅਦ ਇੱਕ ਗੀਤ ਸੰਗ੍ਰਹਿ 'ਨੀਲਿਆ ਮੋਰਾ ਵੇ' 2012 ਵਿਚ ਪ੍ਰਕਾਸ਼ਿਤ ਹੋਇਆ ਹੈ। ਇਥੇ ਅਸੀਂ 'ਪੁੰਨਿਆਂ' ਗ਼ਜ਼ਲ ਸੰਗ੍ਰਹਿ ਦੇ ਬਹਾਨੇ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਬਾਰੇ ਕੁਝ

ਨੁਕਤੇ ਸਮਝਣ ਦੀ ਕੋਸ਼ਿਸ਼ ਕਰਾਂਗੇ।

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਪੰਜਾਬੀ ਕਾਵਿ ਜਗਤ ਵਿਚ ਰਿਦਮ ਦੀ ਪ੍ਰੰਪਰਾ ਦੀ ਵਾਰਿਸ ਵਜੋਂ ਪੇਸ਼ ਹੁੰਦੀ ਹੈ।ਪੰਜਾਬੀ ਸਮਾਜ ਵਿਚ ਪ੍ਰਗੀਤ ਦੀ ਅਹਿਮੀਅਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਸੁਖਵਿੰਦਰ ਅੰਮ੍ਰਿਤ ਦੀਆਂ ਗ਼ਜ਼ਲਾਂ/ਗੀਤ ਪੰਜਾਬੀ ਸਾਹਿਤ ਦੇ ਅਤਮ ਪਾਠਕ ਤੱਕ ਪਹੁੰਚਦੇ ਹਨ। ਪੰਜਾਬੀ ਪਾਠਕ-ਵਰਗ ਨਾ ਸਿਰਫ ਉਸਦੀਆਂ ਰਚਨਾਵਾਂ ਦਾ ਨੋਟਿਸ ਲੈਂਦਾ ਹੈ ਬਲਕਿ ਉਸ ਨੂੰ ਪਲਕਾਂ ਉਪਰ ਚੁੱਕ ਲੈਂਦਾ ਹੈ। ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਮੁਸ਼ਾਇਰਿਆਂ ਵਿਚ ਰੰਗ ਬੰਨਣ ਵਿਚ ਕਾਮਯਾਬ ਹੁੰਦੀ ਹੈ। ਕੁਲ ਮਿਲਾ ਕੇ ਪਾਠਕ ਉਸਦੀ ਸ਼ਾਇਰੀ ਨੂੰ ਸਲਾਹੁੰਦਾ ਹੈ, ਉਡੀਕਦਾ ਹੈ, ਤੇ ਸ਼ਰਸ਼ਾਰ ਹੁੰਦਾ ਹੈ। ਪ੍ਰੰਤੂ ਅਕਾਦਮਿਕ ਵਰਗ ਦੀ ਅਲੋਚਨਾ ਸੁਖਵਿੰਦਰ ਅੰਮ੍ਰਿਤ ਨੂੰ ਬਣਦੀ ਥਾਂ ਦੇਣ ਤੋਂ ਖੁੰਝ ਜਾਂਦੀ ਹੈ। ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਨੂੰ ਉਸਦੇ ਮੁਰਸ਼ਦ ਸੁਰਜੀਤ ਪਾਤਰ ਦੀ ਪਰਛਾਈ ਵਜੋਂ ਹੀ ਵਿਸ਼ਲੇਸ਼ਤ ਕੀਤਾ ਜਾਂਦਾ ਰਿਹਾ ਹੈ। ਇਸ ਤਰਾਂ ਸੁਖਵਿੰਦਰ ਅੰਮ੍ਰਿਤ ਆਪਣੇ ਮੁਰਸ਼ਦ ਦੀ ਪੈੜ ਵਿਚੋਂ ਬਾਹਰ ਨਿਕਲਣ ਤੋਂ ਅਸਮਰੱਥ ਹੁੰਦੀ ਜਾਪਦੀ ਹੈ। ਜਿੱਥੇ ਇਕ ਪਾਸੇ ਸ਼ਾਇਰੀ ਦੀਆਂ ਬਰੀਕੀਆਂ ਉਹ ਆਪਣੇ ਮੁਰਸ਼ਦ ਤੋਂ ਹਾਸਿਲ ਕਰਦੀ ਹੈ ਉਥੇ ਆਮ ਪਾਠਕ ਤੱਕ ਪਹੁੰਚ ਬਣਾਉਣ ਵਿਚ ਵੀ ਉਸਦਾ ਮੁਰਸ਼ਦ ਸਹਾਈ ਹੁੰਦਾ ਹੈ। ਪਰ ਅਕਾਦਮਿਕ ਅਦਾਰੇ ਉਸ ਦੀ ਸ਼ਾਇਰੀ ਨੂੰ ਸੁਰਜੀਤ ਪਾਤਰ ਦੀ ਸ਼ਾਇਰੀ ਦੀ ਐਕਸਟੈਂਸ਼ਨ ਵਾਂਗ ਹੀ ਗ੍ਰਹਿਣ ਕਰਦੇ ਰਹੇ ਹਨ। ਇਸ ਤਰਾਂ ਸੁਖਵਿੰਦਰ ਅਮ੍ਰਿਤ ਦਾ ਵਿਸ਼ਲੇਸ਼ਣ ਉਸਦੇ ਕਾਵਿਕ ਕੱਦ ਤੋਂ ਕਾਫੀ ਛੋਟਾ ਰਹਿ ਜਾਂਦਾ ਹੈ। ਇਸਦਾ ਇਕ ਕਾਰਨ ਇਹ ਵੀ ਜਾਪਦਾ ਹੈ ਕਿ ਅਸੀਂ ਔਰਤ ਲੇਖਿਕਾਵਾਂ ਨੂੰ ਮਾਨਤਾ ਹੀ ਔਰਤਵਾਦੀ ਹੋਣ ਉਪਰ ਦਿੰਨੇ ਹਾਂ, ਜਾਂ ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਅਧਿਐਨ ਪ੍ਰਣਾਲੀਆਂ ਨਾਰੀਵਾਦੀ ਦ੍ਰਿਸ਼ਟੀਕੋਣ ਨੂੰ ਔਰਤ ਲੇਖਕ ਲਈ ਲਾਜ਼ਮੀ ਕਰਾਰ ਦੇ ਦਿੰਦੀਆਂ ਹਨ। ਜੋ ਸ਼ਾਇਰਾ ਆਪਣਾ ਵਿਲੱਖਣ ਨਜ਼ਰੀਆ ਰੱਖਦੀ ਹੈ ਉਸਨੂੰ ਬੁਰਜ਼ੁਆ ਸੋਚ ਦੀ ਗੁਲਾਮ ਕਹਿ ਕੇ ਅਣਦੇਖਿਆ ਕਰ ਦਿੱਤਾ ਜਾਂਦਾ ਹੈ।

ਅਸਲ ਵਿਚ ਆਧੁਨਿਕ ਯੁਗ ਦੇ ਸ਼ੁਰੂ ਤੋਂ ਲੈਕੇ ਹੀ ਪੰਜਾਬੀ ਸਾਹਿਤ ਜਗਤ ਨੂੰ ਖਾਸ ਵਿਚਾਰਧਾਰਾਵਾਂ ਦੇ ਨਜ਼ਰੀਏ ਤੋਂ ਹੀ ਪਰਖਿਆ ਗਿਆ ਹੈ। ਪੰਜਾਬੀ ਸਾਹਿਤ ਦੀ ਹੋਂਦ ਅਤੇ ਹੋਣੀ ਵਿਚਾਰਧਾਰਾਵਾਂ ਦੇ ਨੁਕਤਾ ਨਿਗ੍ਹਾ ਨੇ ਹੀ ਤੈਅ ਕੀਤੀ ਹੈ। ਇਸ ਲਈ ਇੱਕਾ ਦੁੱਕਾ ਕਵੀਆਂ ਨੂੰ ਛੱਡ ਕੇ ਬਹੁਤੀ ਪੰਜਾਬੀ ਅਲੋਚਨਾ ਦੇ ਲਈ ਮਹੱਤਵਪੂਰਨ ਰਹੇ ਕਵੀ ਆਮ ਪੰਜਾਬੀ ਪਾਠਕਾਂ ਦੇ ਉਨਾਂ ਨਜ਼ਦੀਕ ਨਹੀ ਰਹੇ ਜਿਨਾਂ ਅਲੋਚਨਾ ਉਨਾਂ ਨੂੰ ਸਾਬਤ ਕਰਦੀ ਰਹੀ। ਆਮ ਪਾਠਕ ਅਤੇ ਪੰਜਾਬੀ ਅਲੋਚਨਾ ਵੱਖਰੇ ਵੱਖਰੇ ਕੋਣ ਤੋਂ ਸਾਹਿਤ ਦੀ ਅਹਿਮੀਅਤ ਨੂੰ ਸਮਝਦੇ ਰਹੇ ਹਨ। ਜਿਥੇ ਆਮ ਪਾਠਕ ਕਵਿਤਾ/ਸਾਹਿਤ ਨੂੰ ਮੁਢਲੇ ਰੂਪ ਵਿਚ ਆਨੰਦ ਦੀ ਅਨੁਭੂਤੀ ਦੇ ਸਾਧਨ ਵਜੋਂ ਦੇ ਖਦਾ ਹੈ ਜਦ ਕਿ ਉਸਦਾ ਸਮਾਜਕ ਸਰੋਕਾਰ ਦੁਜੈਲੇ ਪੱਧਰ ਤੇ ਚਲਾ ਜਾਂਦਾ ਹੈ। ਇਸ ਤਰਾਂ ਆਮ ਪਾਠਕ ਲਈ ਸਾਹਿਤ ਵਿਚਾਰਧਾਰਾ ਦੇ ਫੈਲਾਅ ਦਾ ਸਾਧਨ ਮਾਤਰ ਨਹੀਂ ਰਹਿ ਜਾਂਦਾ। ਸੁਖਵਿੰਦਰ ਅੰਮ੍ਰਿਤ ਦੀ ਅਹਿਮੀਅਤ ਇਸ ਗੱਲ ਵਿਚ ਨਿਹਤ ਹੈ ਕਿ ਉਹ ਕਵਿਤਾ ਨੂੰ ਕਿਸੇ ਵਿਚਾਰਧਾਰਾ ਦੇ ਫੈਲਾਅ ਦੇ ਮਾਧਿਅਮ ਵਜੋਂ ਨਹੀ ਵਰਤਦੀ ਬਲਕਿ ਮਨੁੱਖੀ ਹੋਂਦ ਦੀ ਕੇਂਦਰੀ ਚੂਲ ਮੁਹੱਬਤ ਉੱਤੇ ਫੋਕਸ (ਟੇਕ) ਰਖਦੀ ਹੈ। ਉਸਦੀ ਸ਼ਾਇਰੀ ਵਿਚ ਮਨੁੱਖ ਦੀਆਂ ਮੂਲ ਭਾਵਨਾਵਾਂ ਦਾ ਵਰਣਨ ਮਿਲਦਾ ਹੈ। ਇਹ ਮੂਲ ਭਾਵਨਾਂ ਮੁਹੱਬਤ ਹੈ ਜਿਸ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ। ਮਨੁੱਖ ਦੀਆਂ ਪ੍ਰਕਿਰਤਿਕ ਲੋੜਾਂ ਥੁੜਾਂ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਸਥਾਨ ਗ੍ਰਹਿਣ ਕਰਦੀਆਂ

ਹਨ। ਇਸ਼ਕ ਅਤੇ ਇਸ਼ਕ ਦਾ ਵਿਯੋਗ ਉਸਦੀ ਸ਼ਾਇਰੀ ਦੇ ਮੂਲ ਸਰੋਕਾਰ ਵਜੋਂ ਉਭਰਦਾ ਹੈ:-

ਬਹਾਰ, ਭੈਰਵ, ਖਮਾਜ, ਪੀਲੂ
ਤੇ ਨਾ ਬਿਲਾਵਲ, ਬਿਹਾਗ ਕੋਈ
ਸੁਰਾਂ 'ਚ ਤੜਪੇ ਜੋ ਆਦਿ ਯੁਗ ਤੋਂ
ਉਹ ਤੇਰਾ ਮੇਰਾ ਵੈਰਾਗ ਕੋਈ (ਪੁੰਨਿਆਂ, ਪੰਨਾ 22)

ਫੁਟਦੀ ਹੈ ਮਹਿਕ ਜਿੱਥੇ ਵੀ ਪੈਰ ਧਰ ਰਹੀ ਹਾਂ
ਐ ਇਸ਼ਕ, ਤੇਰੇ ਰਾਹ 'ਚੋਂ ਮੈਂ ਵੀ ਗੁਜ਼ਰ ਰਹੀ ਹਾਂ (ਪੁੰਨਿਆਂ, ਪੰਨਾ 33)

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਮੁਹੱਬਤ ਇਸਤਰੀ ਦੇ ਸਮਰਪਣ ਵਜੋਂ ਪੇਸ਼ ਹੁੰਦੀ ਹੈ। ਗ਼ਜ਼ਲ ਜਿਵੇਂ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ ਕਿ ਅਰਬੀ ਫ਼ਾਰਸੀ ਪ੍ਰੰਪਰਾ ਵਿਚੋਂ ਆਇਆ ਕਾਵਿ ਰੂਪਾਕਾਰ ਹੈ। ਅਰਬੀ ਭਾਸ਼ਾ ਵਿਚ ਵਾਕ ਬਣਤਰ ਵਿਚ ਲਿੰਗ ਦੀ ਅਣਹੋਂਦ ਕਾਰਨ ਜਾਂ ਕੁਝ ਸ਼ਾਇਰੀ ਦੇ ਪ੍ਰਭਾਵ ਦੀ ਅਹਿਮੀਅਤ ਕਾਰਨ ਪੰਜਾਬੀ ਗ਼ਜ਼ਲ ਵਿਚ ਵੀ ਆਮ ਤੌਰ ਤੇ ਲਿੰਗ ਦੀ ਪਛਾਣ ਨਹੀਂ ਹੁੰਦੀ। ਆਮ ਪਾਠਕ ਸ਼ਾਇਰੀ ਨਾਲ ਆਪਣੇ ਆਪ ਨੂੰ ਸੰਬੰਧਤ ਕਰਕੇ ਅਨੰਦਿਤ ਹੁੰਦਾ ਹੈ। ਸ਼ਾਇਰੀ ਵਿਚ ਲਿੰਗ ਦੀ ਸਪਸ਼ਟਤਾ ਕਾਰਨ ਕਈ ਵਾਰ ਪਾਠਕ ਗ਼ਜ਼ਲ ਨਾਲ ਆਪਣੇ ਆਪ ਨੂੰ ਜੋੜਨ (ਰੀਲੇਟ) ਤੋਂ ਖੁੰਝ ਜਾਂਦਾ ਹੈ। ਇਸ ਲਈ ਵੀ ਗ਼ਜ਼ਲ ਵਿਚ ਲਿੰਗ ਦੀ ਸਪਸ਼ਟਤਾ ਤੋਂ ਬਚਿਆ ਜਾਂਦਾ ਹੈ। ਪਰੰਤੂ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਕਾਵਿ ਮੈਂ ਆਪਣੀ ਔਰਤ ਪਛਾਣ ਨਾਲ ਹਾਜ਼ਰ ਹੁੰਦੀ ਹੈ। ਉਹ ਗ਼ਜ਼ਲ ਦੀ ਪਰੰਪਰਾ ਦੇ ਉਲਟ ਜਾਗਰੂਕ ਪੱਧਰ ਤੇ ਇਹ ਕੋਸ਼ਿਸ ਕਰਦੀ ਜਾਪਦੀ ਹੈ।ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਗ਼ਜ਼ਲ ਨੂੰ ਮੁਢਲੇ ਰੂਪ ਵਿਚ ਔਰਤਾਂ ਨਾਲ ਗਲਬਾਤ ਦੇ ਸੰਦਰਭ ਵਿਚ ਹੀ ਸਮਝਿਆ ਜਾਂਦਾ ਰਿਹਾ ਹੈ, ਪਰ ਜਦੋਂ ਔਰਤ ਗ਼ਜ਼ਲਕਾਰ ਆਪਣੀ ਲਿੰਗਕ ਪਛਾਣ ਰਾਹੀਂ ਪੇਸ਼ ਹੁੰਦੀ ਹੈ ਤਾਂ ਗ਼ਜ਼ਲ ਦੇ ਪਰੰਪਰਕ ਅਰਥ ਕਟਿਹਰੇ ਵਿਚ ਖੜੇ ਹੋ ਜਾਂਦੇ ਹਨ। ਔਰਤ ਦੀ ਲਿੰਗਕ ਪਛਾਣ ਜਿਥੇ ਭਾਵ ਨੂੰ ਸੂਖਮਤਾ ਬਖਸ਼ਦੀ ਹੈ ਉਥੇ ਗ਼ਜ਼ਲ ਨੂੰ ਰੂਪਾਕਾਰ ਵਜੋਂ ਵੀ ਨਵੀਂ ਪਛਾਣ ਦਿੰਦੀ ਹੈ:-

ਜਿੰਨਾ ਸੀ ਸੇਕ ਤੇਰਾ ਓਨੀ ਪਘਰ ਗਈ ਮੈਂ
ਜਿੰਨੀ ਹੈ ਨੀਝ ਤੇਰੀ ਓਨੀ ਸੰਵਰ ਰਹੀ ਹਾਂ (ਪੁੰਨਿਆਂ, ਪੰਨਾ 33)

ਤੂੰ ਅੱਥਰੂ ਦਾ ਟਿੱਕਾ ਲਾਇਆ
ਮੈਂ ਵੀ ਠੰਢਾ ਸਾਹ ਪਰਤਾਇਆ
ਜਦ ਹੋਲੀ ਦੀ ਰੁੱਤ ਸੀ ਸੁਹਣਿਆਂ
ਅਪਣੇ ਕੋਲ ਗੁਲਾਲ ਨਹੀਂ ਸੀ (ਪੁੰਨਿਆਂ, ਪੰਨਾ 38)
ਹਯਾਤ ਸਾਰੀ ਮੈਂ ਬਾਲ ਦਿੱਤੀ ਹੈ
ਲਾਟ ਜਿਹੜੀ ਮਚਾਉਣ ਖ਼ਾਤਰ
ਉਦਾਸ ਸਮਿਆਂ ਨੂੰ ਭੇਟ ਕਰਦੀ ਹਾਂ
ਬੁਝਦੇ ਦੀਵੇ ਜਗਾਉਣ ਖ਼ਾਤਰ

'ਪੁੰਨਿਆਂ' ਗ਼ਜ਼ਲ ਸੰਗ੍ਰਹਿ ਦੀ ਸ਼ਾਇਰੀ ਸੁਖਵਿੰਦਰ ਅੰਮ੍ਰਿਤ ਦੀ ਬਾਕੀ ਸ਼ਾਇਰੀ ਵਾਂਗ ਇਸ਼ਕ ਦੀ ਇੰਤਹਾ ਦੀ ਸ਼ਾਇਰੀ ਹੈ। ਸੁਖਵਿੰਦਰ ਅੰਮ੍ਰਿਤ ਦੀ ਬਾਕੀ ਕਵਿਤਾ ਵਾਂਗ ਹੀ 'ਪੁਨਿਆਂ' ਵੀ ਇਸ਼ਕ ਵਿਚੋਂ ਅਰਥ ਗ੍ਰਹਿਣ ਕਰਦੀ ਹੈ। ਇਸ਼ਕ 'ਪੁਨਿਆਂ' ਦਾ ਕੇਂਦਰੀ ਚਿਹਨ ਹੈ। ਇਸ ਤੋਂ ਬਿਨਾਂ ਕਾਵਿ ਮੈਂ ਦੀ ਕੋਈ ਹੋਂਦ ਹੋਣੀ ਚਿਤਵੀ ਨਹੀਂ ਜਾ ਸਕਦੀ। ਉਸਨੇ ਇਸ਼ਕ ਰਾਹੀਂ ਹੀ ਆਪੇ ਦੀ ਪਛਾਣ ਕਰਨੀ ਹੈ:-

ਫੁਟਦੀ ਹੈ ਮਹਿਕ ਜਿੱਥੇ ਵੀ ਪੈਰ ਧਰ ਰਹੀ ਹਾਂ
ਐ ਇਸ਼ਕ, ਤੇਰੇ ਰਾਹ 'ਚੋਂ ਮੈਂ ਵੀ ਗੁਜ਼ਰ ਰਹੀ ਹਾਂ (ਪੁੰਨਿਆਂ, ਪੰਨਾ 33)

ਸੂਫੀ ਫਲਸਫੇ ਨੇ ਇਸ਼ਕ ਦੇ ਦੋ ਪੱਧਰ ਸਵੀਕਾਰ ਕੀਤੇ ਹਨ- ਇਸ਼ਕ ਹਕੀਕੀ, ਇਸ਼ਕ ਮਜ਼ਾਜ਼ੀ। 'ਪੁੰਨਿਆਂ' ਦੀਆਂ ਗ਼ਜ਼ਲਾਂ ਵਿਚ ਇਸ਼ਕ ਮਜ਼ਾਜ਼ੀ ਨੇ ਹੀ ਇਸ਼ਕ ਹਕੀਕੀ ਵਿਚ ਤਬਦੀਲ ਹੋਣਾ ਹੈ। ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਦੀ ਕਾਵਿ ਮੈਂ ਦੀ ਅੰਤਿਮ ਮੰਜ਼ਿਲ ਇਸ਼ਕ ਹਕੀਕੀ ਹੀ ਹੈ ਪਰ ਉਸਦਾ ਰਸਤਾ ਇਸ਼ਕ ਮਜ਼ਾਜ਼ੀ ਰਾਹੀਂ ਹੀ ਜਾਂਦਾ ਹੈ। ਸੁਖਵਿੰਦਰ ਅੰਮ੍ਰਿਤ ਦੀ ਮੁਢਲੀ ਸ਼ਾਇਰੀ ਇਸ਼ਕ ਦੀ ਪਹਿਲੀ ਸਥਿਤੀ ਦੀ ਵਿਆਖਿਆ ਹੈ ਪਰ 'ਪੁੰਨਿਆਂ' ਦੀਆਂ ਗ਼ਜ਼ਲਾਂ ਵਿਚ ਇਹ ਤਬਦੀਲੀ ਸਪੱਸ਼ਟ ਨਜ਼ਰ ਆਉਂਦੀ ਹੈ:-

ਉਹ ਵੈਰਾਗ ਫੇਰ ਜਗਾ ਦਵੇ
ਉਹੀ ਜ਼ਖਮ ਫੇਰ ਹਰਾ ਕਰੇ
ਤੇਰਾ ਇਸ਼ਕ ਹੈ ਕੋਈ ਔਲੀਆ
ਮੈਨੂੰ ਜ਼ਿੰਦਗੀ ਦਾ ਪਤਾ ਦਵੇ (ਪੁੰਨਿਆਂ, ਪੰਨਾ 80)

ਮੈਂ ਓਸੇ ਕਹਾਣੀ ਦੀ ਅਗਲੀ ਕੜੀ ਹਾਂ
ਕਹੇ ਕੋਈ ਮੀਰਾ ਜਾਂ ਮਨਸੂਰ ਮੈਨੂੰ (ਪੁੰਨਿਆਂ, ਪੰਨਾ 65)

ਮਿੱਟੀ 'ਚੋਂ ਪਿਆਸ ਜਗਣੀ ਜਲ ਨੇ ਫ਼ਿਦਾ ਹੋ ਜਾਣਾ
ਖਿੜਨੇ ਗੁਲਾਬ ਸੂਹੇ ਜ਼ਾਹਿਰ ਖ਼ੁਦਾ ਹੋ ਜਾਣਾ (ਪੁੰਨਿਆਂ, ਪੰਨਾ 66)

ਖੁਦਾ ਦੇ ਜ਼ਾਹਰ ਹੋਣ ਦਾ ਇਹ ਰਸਤਾ ਮੀਰਾ ਮਨਸੂਰ ਰਾਹੀਂ ਵੈਰਾਗ ਤੋਂ ਸ਼ੁਰੂ ਹੁੰਦਾ ਹੈ ਵੈਰਾਗ ਜੋ ਜ਼ਖਮ ਵਿਚੋਂ ਉਪਜਦਾ ਹੈ, ਜ਼ਖਮ ਇਸ਼ਕ ਮਜ਼ਾਜ਼ੀ ਦਾ ਮੂਲ ਹੈ। ਪੰਜਾਬੀ ਸੂਫੀ ਪ੍ਰੰਪਰਾ ਇਸ਼ਕ ਦੇ ਇਸੇ ਰਾਹ ਦੀ ਮਾਰਗ ਦਰਸ਼ਕ ਰਹੀ ਹੈ। ਸੁਖਵਿੰਦਰ ਅਮ੍ਰਿਤ ਦੀ ਸ਼ਾਇਰੀ ਇਸੇ ਰਾਹ ਦੀ ਪਾਂਧੀ ਹੈ।

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਵਿਚ ਔਰਤ ਮੁਹੱਬਤ ਵਿਚ ਸਮਰਪਣ ਦੀ ਮੂਰਤ ਵਜੋਂ ਪੇਸ਼ ਹੁੰਦੀ ਹੈ। ਇਸ ਲਈ ਮਰਦ ਇਕ ਭੇੜੀਆ ਨਹੀਂ ਹੈ ਬਲਕਿ ਉਸਦਾ ਪੂਰਕ ਹੈ। ਜਿਸ ਨਾਲ ਉਸ ਨੂੰ ਬੇਪਨਾਹ ਮੁਹੱਬਤ ਹੈ। ਇਸ ਮੁਹੱਬਤ ਵਿਚ ਮਰਦ ਵਿਰੋਧੀ ਬਿਲਕੁਲ ਵੀ ਨਹੀਂ ਹੈ। ਸੁਖਵਿੰਦਰ ਅੰਮ੍ਰਿਤ ਲਈ ਇਸਤਰੀ ਮਰਦ ਦਾ ਰਿਸ਼ਤਾ ਨਾਰੀਵਾਦੀ ਸਿਧਾਂਤ ਰਾਹੀਂ ਤੈਅ ਨਹੀਂ ਹੋ ਰਿਹਾ ਬਲਕਿ ਇਹ ਰਿਸ਼ਤਾ ਪੰਜਾਬੀ/ਭਾਰਤੀ ਰਹਿਤਲ ਵਿਚੋਂ ਉਗਮਿਆਂ ਹੈ। ਹੋ ਸਕਦਾ ਹੈ ਕਿਸੇ ਸਿਧਾਂਤ ਰਾਹੀ ਇਸਦੀ ਵਿਆਖਿਆ ਮਾਲਕੀ/ਗੁਲਾਮੀ ਵਾਲੀ ਕੀਤੀ ਜਾਵੇ, ਪਰ ਆਮ ਲੋਕਾਂ

ਲਈ ਇਹ ਰਿਸ਼ਤਾ ਸਹਿਜ ਹੈ। ਇਸ ਲਈ ਸੁਖਵਿੰਦਰ ਅੰਮ੍ਰਿਤ ਇਤਿਹਾਸ ਮਿਥਿਹਾਸ ਦੇ ਮਰਦ ਨਾਇਕਾਂ ਰਾਹੀਂ ਆਪਣੀ ਮੁਹੱਬਤ ਦੀ ਪਛਾਣ ਕਰਦੀ ਹੈ। ਕ੍ਰਿਸ਼ਨ ਦੀ ਮੁਹੱਬਤ ਵਿਚ ਭਿੱਜੀ ਮੀਰਾ ਉਸਦੀ ਸ਼ਾਇਰੀ ਵਿਚ ਔਰਤ ਦੇ ਵਿਯੋਗ ਦੀ ਚਿਹਨ ਬਣ ਜਾਂਦੀ ਹੈ। ਅਤੇ ਮੀਰਾ ਦਾ ਰੰਗ ਉਸਦੀ ਕਾਵਿ-ਮੈਂ ਉਪਰ ਚੜ੍ਹ ਜਾਂਦਾ ਹੈ:-

ਮੇਰੀ ਹੂਕ ਵਿਚ ਪਰੋ ਦੇ ਆਪਣੇ ਤੂੰ ਨਾਮ ਸਾਰੇ
ਮੀਰਾ ਦੀ ਬੇਨਤੀ ਹੈ, ਮੇਰੂ 'ਤੇ 'ਸ਼ਾਮ' ਲਿਖਦੇ (ਪੁੰਨਿਆਂ, ਪੰਨਾ 70)

ਸੁਖਵਿੰਦਰ ਅੰਮ੍ਰਿਤ ਦੀ ਬਗਾਵਤ ਸਮਾਜ ਤੋਂ ਹੈ, ਜਦੋਂ ਉਹ ਜਾਗਰੂਕ ਪੱਧਰ ਉਪਰ ਔਰਤ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਦੀ ਹੈ ਤਾਂ ਦੇਖਦੀ ਹੈ ਕਿ ਸਮਾਜ ਦੀ ਪਿਤਰਕੀ ਸੱਤਾ ਤੋਂ ਸਿਰਫ਼ ਔਰਤ ਦੁਖਾਂਤ ਨਹੀਂ ਭੋਗਦੀ ਬਲਕਿ ਉਸਦਾ ਪ੍ਰੇਮੀ ਵੀ ਭੋਗ ਰਿਹਾ ਹੈ। ਇਸ ਲਈ ਉਸਨੂੰ ਅਜ਼ਾਦੀ ਮਰਦ ਤੋਂ ਨਹੀਂ ਸਮਾਜ ਤੋਂ ਚਾਹੀਦੀ ਹੈ। ਸਮਾਜ ਜੋ ਕਿ ਮੁਹੱਬਤ ਦੇ ਰਾਹ ਦਾ ਰੋੜਾ ਹੈ। ਜੋ ਮਨਚਾਹੇ ਸਾਥ ਦੇ ਰਾਹ ਵਿਚ ਰੋੜਾ ਹੈ। ਪੁੰਨਿਆਂ ਦੀ ਕਾਵਿ-ਮੈਂ ਮੁਹੱਬਤ ਦੇ ਐਲਾਨਨਾਮੇ ਨਾਲ ਸਮਾਜਕ ਬੰਧਨਾਂ ਨੂੰ ਤੋੜਨ ਦੇ ਆਹਰ ਵਿਚ ਹੈ। ਉਸ ਨੂੰ ਪਤਾ ਹੈ ਕਿ ਬੰਧਨਾਂ ਨੂੰ ਤੋੜਨਾ ਐਨਾ ਅਸਾਨ ਨਹੀਂ ਹੈ। ਇਸ ਨਾਲ ਉਥਲ ਪੁਥਲ ਹੋਵੇਗੀ ਪਰ ਉਹ ਬਜ਼ਿਦ ਹੈ। ਮੁਹੱਬਤ ਦੇ ਹਾਸਿਲ ਲਈ ਇਸ ਤਰਾਂ ਦੇ ਹਾਲਾਤ ਨਾਲ ਸਿਝਣਾ ਹੀ ਪਵੇਗਾ:-

ਕੌਣ ਜਰਦਾ ਹੈ ਸੰਵਰਨਾ ਤੇਰਾ
ਮਸਤ ਲਹਿਰੇ ਨੀ ਉਭਰਨਾ ਤੇਰਾ
ਪੈਰੀਂ ਪਾ ਕੇ ਪਾਜ਼ੇਬ ਚਾਵਾਂ ਦੀ
ਮਿੱਧ ਕੇ ਰੀਤਾਂ ਨੂੰ ਗੁਜ਼ਰਨਾ ਤੇਰਾ (ਪੁੰਨਿਆਂ, ਪੰਨਾ 69)

ਕੁਝ ਦਿਨ ਤਾਂ ਓ ਜ਼ਮਾਨਿਆਂ, ਰੜਕਣਗੇ ਤੇਰੇ ਨੈਣ
ਮੈਂ ਸੇਕ ਲਏ ਨੇ ਤੇਰੇ ਸਭ ਦਸਤੂਰ ਬਾਲ ਕੇ (ਪੁੰਨਿਆਂ, ਪੰਨਾ 84)

'ਦਸਤੂਰ' ਦੀ ਹੀ ਲੜੀ ਵਿਆਹ ਸੰਸਥਾ ਹੈ। ਵਿਆਹ ਸੰਸਥਾ ਵੀ ਆਪਣੇ ਪ੍ਰਬੰਧ ਦੇ ਨਤੀਜੇ ਵਜੋਂ ਖ਼ਤਰਨਾਕ ਨਹੀਂ ਹੈ।ਭਾਵ ਵਿਆਹ ਪ੍ਰਬੰਧ ਇਸ ਲਈ ਨਾ-ਬਰਦਾਸ਼ਤ ਕਰਨ ਯੋਗ ਹੈ ਕਿਉਂਕਿ ਇਸ ਨੇ ਪ੍ਰੇਮ ਦੇ ਰਾਹ ਵਿਚ ਰੁਕਾਵਟ ਬਣਨਾ ਹੈ। ਜੇਕਰ ਪ੍ਰੇਮੀ ਵਿਆਹ ਪ੍ਰਬੰਧ ਰਾਹੀਂ ਸਾਥੀ ਬਣਦਾ ਹੈ ਤਾਂ ਕੋਈ ਸਮੱਸਿਆ ਨਹੀਂ ਹੈ। ਸਮੱਸਿਆ ਤਾਂ ਵਿਆਹ ਪ੍ਰਬੰਧ ਰਾਹੀਂ ਗੈਰ ਪ੍ਰੇਮੀ ਦੇ ਜੀਵਨ ਸਾਥੀ ਬਣਨ ਵਿਚ ਹੈ। ਪੰਜਾਬੀ/ਭਾਰਤੀ ਪ੍ਰਬੰਧ ਦਾ ਖਾਸਾ ਹੀ ਇਛਾਵਾਂ ਦੇ ਦਮਨ ਵਾਲਾ ਹੈ। ਇਸ ਪ੍ਰਬੰਧ ਵਿਚ ਪ੍ਰੇਮੀ ਦੇ ਜੀਵਨ ਸਾਥੀ ਬਣਨ ਦੀ ਗੁੰਜਾਇਸ਼ ਬਹੁਤ ਘੱਟ ਹੈ। ਨਤੀਜੇ ਵਜੋਂ ਮਰਜ਼ੀ ਦੇ ਵਿਰੋਧੀ ਪਤੀ ਕਾਰਨ 'ਚਾਵਾਂ ਦੀ ਪਾਜੇਬ' ਨੇ 'ਪੈਰਾਂ ਦੀ ਜ਼ੰਜ਼ੀਰ' ਵਿਚ ਬਦਲ ਜਾਣਾ ਹੈ:-

ਇਹ ਗਲ ਨੂੰ ਗਾਨੀ, ਇਹ ਨੱਕ ਨੂੰ ਨਥਣੀ
ਇਹ ਪੈਰਾਂ ਨੂੰ ਹੈ ਜ਼ੰਜੀਰ ਆਈ

ਆਹ ਵੇਖ ਕੁੜੀਏ ਨੀ ਤਾਜ ਤੇਰੇ ਦੀ
ਨਾਲ ਇਕ ਤਸਵੀਰ ਆਈ (ਪੁੰਨਿਆਂ, ਪੰਨਾ 26)

ਜਦੋਂ ਤਸਵੀਰ ਕਿਸੇ ਦੀ ਭੇਜੀ ਹੋਈ ਆ ਰਹੀ ਹੈ ਤਾਂ ਸਾਰੇ ਗਹਿਣੇ ਗੁਲਾਮੀ ਦੇ ਚਿਹਨ ਬਣ ਜਾਂਦੇ ਹਨ। ਸਿਰ ਦਾ ਤਾਜ ਵਿਅੰਗ ਹੋ ਜਾਂਦਾ ਹੈ। ਸਮਾਜ ਦੁਆਰਾ ਵਿਆਹ ਪ੍ਰਬੰਧ ਰਾਹੀਂ ਚੁਣ ਕੇ ਦਿੱਤਾ ਜੀਵਨ ਸਾਥੀ ਸਿਰ ਉਪਰ ਹੀ ਬੈਠਦਾ ਹੈ, ਜਦਕਿ ਮਰਜ਼ੀ ਦਾ ਸਾਥੀ ਯਕੀਨਨ ਸੱਚੇ ਅਰਥਾਂ ਵਿਚ ਸਾਥੀ ਹੋਣਾ ਸੀ। ਅਸਲ ਵਿਚ ਔਰਤ ਦੀ ਬੇਵਸੀ ਉਸ ਪ੍ਰਬੰਧ ਦੇ ਗਰਭ ਵਿਚ ਪਈ ਹੈ ਜਿੱਥੇ ਜੀਵਨ ਸਾਥੀ ਕਿਸਮਤ ਪੁੜੀ ਵਾਂਗ ਹੈ। ਉਸਦਾ ਵਿਵਹਾਰ ਕਿਹੋ ਜਿਹਾ ਹੋਵੇਗਾ। ਉਸਦਾ ਕਿਰਦਾਰ ਕਿਹੋ ਜਿਹਾ ਹੋਵੇਗਾ ਪੱਕ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਜਿਸ ਸਮਾਜ ਵਿਚ ਔਰਤ ਦੇ ਆਪਣੇ ਜੀਵਨ ਸਾਥੀ ਆਪ ਚੁਣ ਲੈਣ ਨਾਲ ਪਰਲੋ ਆ ਸਕਦੀ ਹੋਵੇ, ਉਥੇ ਔਰਤ ਦਾ ਭਵਿੱਖ ਬੇਵਿਸ਼ਵਾਸ਼ੀ ਭਰਿਆ ਹੀ ਹੋਵੇਗਾ। ਸੁਖਵਿੰਦਰ ਅੰਮ੍ਰਿਤ ਨੂੰ ਉਮੀਦ ਹੈ ਕਿ ਸ਼ਾਇਦ ਹਾਲਾਤ ਬਦਲ ਜਾਣ ਜਾਂ ਬੇਹਤਰ ਹੋਣ। ਇਸ ਲਈ ਉਸ ਦੀ ਸ਼ਾਇਰੀ ਮੁਹੱਬਤ ਵਿਰੋਧੀ ਹਾਲਾਤ ਵਿਚ ਵੀ ਆਸ ਦਾ ਪੱਲਾ ਨਹੀਂ ਛੱਡਦੀ:-

ਪਤਾ ਨੀ ਇਹ ਸਲਵਾਨ ਹੋਵੇ
ਕਿ ਰਾਮ, ਰਾਵਣ ਜਾਂ ਕਾਨ੍ਹ ਹੋਵੇ
ਇਹ ਸੁਪਨਿਆਂ ਦੀ ਪੁਸ਼ਾਕ ਪਾ ਕੇ
ਨ ਜਾਣੇ ਕੈਸੀ ਤਾਬੀਰ ਆਈ (ਪੁੰਨਿਆਂ, ਪੰਨਾ 26)

ਇਹ ਆਸ ਮੁਹੱਬਤ ਵਿਚ ਯਕੀਨ ਕਾਰਨ ਹੀ ਹੈ। ਨਤੀਜਨ ਅਜਿਹੇ ਸਾਥੀ ਤੋਂ ਜਿੱਥੇ ਕਿਤੇ ਨਾ ਕਿਤੇ ਇਹ ਉਮੀਦ ਬਚੀ ਹੈ ਕਿ ਉਹ ਔਰਤ ਦੇ ਮਨ ਨੂੰ ਸਮਝੇਗਾ ਉਥੇ ਆਪਣੀ ਤਾਕਤ/ਸਮਰੱਥਾ ਉਪਰ ਯਕੀਨ ਹੈ ਕਿ ਉਹ ਸਾਥੀ ਦੇ ਮਨ ਦੀ ਸੰਵੇਦਨਾ ਨੂੰ ਜਗਾ ਲਵੇਗੀ। ਕਿਉਂਕਿ ਔਰਤ ਸਿਰਜਣਹਾਰ ਹੈ ਉਹ ਮਾਂ ਹੈ ਉਹ ਧਰਤੀ ਹੈ ਉਹ ਸ੍ਰਿਸ਼ਟੀ ਹੈ।ਜਦੋਂ ਅਸੀ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਦੀ ਦੂਜੀ ਪੜ੍ਹਤ ਵਾਚਦੇ ਹਾਂ ਤਾਂ ਮਹਿਸੂਸਦੇ ਹਾਂ ਕਿ ਉਸ ਦੀ ਸ਼ਾਇਰੀ ਵਿਚ ਔਰਤ ਅਤੇ ਸ੍ਰਿਸ਼ਟੀ ਇਕ ਦੂਜੇ ਵਿਚ ਅਭੇਦ ਹੁੰਦੇ ਜਾਪਦੇ ਹਨ:-

ਲਾਟ ਉੱਠੀ ਹੋਊ ਜਲ ਚੜ੍ਹੇ ਹੋਣਗੇ
ਨੈਣ ਉਹਦੇ ਵੀ ਮੁੜ ਮੁੜ ਭਰੇ ਹੋਣਗੇ
ਕੀਹਨੇ ਧਰਤੀ ਦਾ ਦਿਲ ਫੋਲ ਕੇ ਦੇਖਣਾ
ਸਾਰੇ ਰੁੱਖਾਂ ਦੀ ਛਾਂਵੇਂ ਖੜ੍ਹੇ ਹੋਣਗੇ (ਪੁੰਨਿਆਂ, ਪੰਨਾ 20)

ਐਸੀ ਮਜਲਸ ਵੀ ਇਕ ਦਿਨ ਸਜੇਗੀ ਜ਼ਰੂਰ
ਅਰਸ਼ ਖ਼ੁਦ ਆਏਗਾ ਮੇਦਨੀ ਦੇ ਹਜ਼ੂਰ
ਮੇਰੀ ਮਿੱਟੀ ਦਾ ਖਿੰਡਿਆ ਹੋਊ ਚਾਨਣਾ

ਤਾਰੇ ਬੰਨ੍ਹ ਕੇ ਕਤਾਰਾਂ ਖੜ੍ਹੇ ਹੋਣਗੇ (ਪੁੰਨਿਆਂ, ਪੰਨਾ 21)

ਪਹਿਲੀ ਪੜ੍ਹਤ ਵਿਚ ਜੋ ਫਿਕਰ ਸ੍ਰਿਸ਼ਟੀ ਦੇ ਜਾਪਦੇ ਹਨ ਉਹ ਦੂਜੀ ਪੜ੍ਹਤ ਵਿਚ ਔਰਤ ਦੇ ਬਣ ਜਾਂਦੇ ਹਨ। ਅਸਲ ਵਿਚ ਧਰਤੀ, ਸ੍ਰਿਸ਼ਟੀ ਅਤੇ ਔਰਤ ਦੇ ਫਿਕਰ ਹਮੇਸ਼ਾ ਸਾਂਝੇ ਹਨ। ਇਹ ਫਿਕਰ ਬਦਲਦੇ ਮੌਸਮਾਂ ਵਿਚ ਆਪਣੀ ਹੋਂਦ ਅਤੇ ਸੰਵੇਦਨਾ ਬਚਾ ਕੇ ਰੱਖਣ ਦੇ ਹਨ:-

ਮੇਰੀ ਮਿੱਟੀ 'ਚੋਂ ਵੀ ਦੀਵੇ ਜਗੇ ਤੇ ਫੁੱਲ ਖਿੜੇ ਲੋਕੋ

ਕਿਵੇਂ ਆਖਾਂ ਨਹੀਂ ਲਗਦਾ ਇਨ੍ਹਾਂ ਪੌਣਾਂ ਤੋਂ ਡਰ ਕੋਈ (ਪੁੰਨਿਆਂ, ਪੰਨਾ 24)

ਸਮਾਜ 'ਪੁੰਨਿਆ' ਗ਼ਜ਼ਲ ਸੰਗ੍ਰਹਿ ਵਿਚ ਮੁਹੱਬਤ ਉਪਰ ਰੋਕ ਦੇ ਚਿਹਨ ਵਜੋਂ ਪੇਸ਼ ਹੁੰਦਾ ਹੈ। ਸਮਾਜ ਬੁਰੀ ਤਰਾਂ ਜਾਤਾਂ ਧਰਮਾਂ ਅਤੇ ਲਿੰਗਕ ਵਖਰੇਵਿਆਂ ਵਿਚ ਵੰਡਿਆ ਹੋਇਆ ਹੈ। ਸਮਾਜ ਦੀਆਂ ਇਹਨਾਂ ਵਲਗਣਾ ਉਪਰ ਸਿਰਫ ਮੁਹੱਬਤ ਰਾਹੀਂ ਕਾਬੂ ਪਾਇਆ ਜਾ ਸਕਦਾ ਹੈ। ਸੁਖਵਿੰਦਰ ਅੰਮ੍ਰਿਤ ਸਮਾਜ ਦੀਆਂ ਇਨ੍ਹਾ ਵਲਗਣਾ ਉਪਰ ਧਿਆਨ ਕੇਂਦਰਿਤ ਨਹੀਂ ਕਰਦੀ ਬਲਕਿ ਮੁਹੱਬਤ ਉਪਰ ਕਰਦੀ ਹੈ ਅਤੇ ਇਨ੍ਹਾਂ ਸਮਾਜੀ ਬੰਦਸ਼ਾਂ ਦੇ ਖਿਲਾਫ ਅਵਾਜ਼ ਵੀ ਬੁਲੰਦ ਕਰਦੀ ਹੈ:-

ਪਰਿੰਦੇ ਜਜ਼ਬਿਆਂ ਦੇ ਜਦ ਉਡਾਰੀ ਭਰਨ ਲਗਦੇ ਨੇ

ਇਹ ਪਿੰਜਰੇ ਪਿਘਲ ਜਾਂਦੇ ਨੇ ਸ਼ਿਕਾਰੀ ਡਰਨ ਲਗਦੇ ਨੇ ਪੰਨਾ 25

ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਪੁੰਨਿਆਂ ਵਿਚ ਇਹ ਮੁਹੱਬਤ ਸਿਰਫ ਔਰਤ ਦੀ ਮਰਦ ਨਾਲ ਮੁਹੱਬਤ ਨਹੀਂ ਹੈ ਬਲਕਿ ਇਹ ਹਰੇਕ ਉਸ ਮੁਹੱਬਤ ਉਪਰ ਫੋਕਸ ਹੈ ਜੋ ਕਿਸੇ ਵੀ ਤਰਾਂ ਜ਼ਿੰਦਗੀ ਨੂੰ ਖੂਬਸੂਰਤ ਬਣਾਉਂਦੀ ਹੈ।

ਪੁੰਨਿਆਂ ਦੀ ਔਰਤ ਸਮਾਜ ਦੇ ਇਸ ਮਹੱਬਤ ਵਿਰੋਧੀ ਚਿਹਰੇ ਨੂੰ ਗੁੱਸੇ ਨਾਲ ਨਹੀਂ ਬਲਕਿ ਨਜ਼ਾਕਤ ਨਾਲ ਠਿੱਠ ਕਰਦੀ ਹੈ ਇਹ ਨਜ਼ਾਕਤ ਭਰਿਆ ਚਿਹਨ ਹੀ ਔਰਤ ਦੇ ਜ਼ਜਬਿਆਂ ਦੀ ਨਿਸ਼ਾਨਦੇਹੀ ਬਣਦਾ ਹੈ। ਔਰਤ ਦਾ ਇਹ ਆਤਮਵਿਸ਼ਵਾਸ਼ ਉਸਦੀ ਹੋਣੀ ਦੇ ਖੁਸ਼ਗਵਾਰ ਭਵਿੱਖ ਦਾ ਵਾਹਕ ਬਣਦਾ ਹੈ।

ਉਹ ਪਾ ਕੇ ਝਾਂਜਰਾਂ ਅੰਗਆਰਿਆਂ ਤੋਂ ਇਉਂ ਗੁਜ਼ਰਦੀ ਹੈ

ਕਿ ਉਸ ਦੀ ਇਸ ਅਦਾ 'ਤੇ ਚੰਨ ਸੂਰਜ ਮਰਨ ਲਗਦੇ ਨੇ (ਪੁੰਨਿਆਂ, ਪੰਨਾ 25)

ਇਸ ਤਰਾਂ ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਪੁੰਨਿਆਂ ਰਾਹੀਂ ਸਮਾਜ ਦੇ ਦਾਬੇ ਦੇ ਬਾਵਜੂਦ ਮੁਹੱਬਤ ਦੀ ਅਹਿਮੀਅਤ ਦੀ ਅਵਾਜ਼ ਬਣਦੀ ਹੈ। ਉਹ ਸਮਾਜ ਵਿਚ ਪਿਤਰਕੀ ਸੱਤਾ ਦੇ ਗਲਬੇ ਵਿਚ ਪਿਸ ਰਹੇ ਹਰੇਕ ਮਨੁੱਖ ਨੂੰ ਉਸਦੀ ਲਿੰਗਕ ਹੋਂਦ ਤੋਂ ਪਾਰ ਜਾ ਕੇ ਸਮਝਦੀ ਹੈ। ਇਹ ਸ਼ਾਇਰੀ ਕਿਸੇ ਖਾਸ ਵਿਚਾਰਧਾਰਾਵਾਂ ਦੇ ਨਜ਼ਰੀਏ ਦੀ ਪੇਸ਼ਕਾਰੀ ਦੀ ਬਿਜਾਇ ਔਰਤ ਦੀ ਹੋਣੀ ਦਾ ਜਸ਼ਨ ਹੈ। ਉਹ ਸਮਾਜਕ ਦਾਬੇ ਦੇ ਬਾਵਜੂਦ ਆਪਣੀ ਨਜ਼ਾਕਤ ਦਾ ਪੱਲਾ ਨਹੀਂ ਛਡਦੀ। ਨਤੀਜੇ ਵਜੋਂ ਪੁੰਨਿਆਂ ਦੀਆਂ ਗ਼ਜ਼ਲਾਂ ਮੁਹੱਬਤ ਦੇ ਜਸ਼ਨ ਦਾ ਗੀਤ ਬਣ ਜਾਂਦੀਆਂ ਹਨ।

□□□

# ਡਾ. ਸਾਧੂ ਸਿੰਘ ਰਚਿਤ ਪੰਜਾਬੀ ਬੋਲੀ ਦੀ ਵਿਰਾਸਤ : ਭਾਸ਼ਾਈ ਅਤੇ ਸਭਿਆਚਾਰਕ ਸੰਦਰਭ

*ਡਾ. ਅਕਵਿੰਦਰ ਕੌਰ ਤਨਵੀ*

ਅੱਜ ਦਾ ਯੁੱਗ ਵਿਸ਼ਵੀਕਰਨ ਦਾ ਯੁੱਗ ਹੈ। ਇਹ ਯੁੱਗ ਸੂਚਨਾ ਤਕਨਾਲੋਜੀ ਅਤੇ ਇਸ ਤੋਂ ਵੀ ਅੱਗੇ ਨੈਨੋ ਤਕਨਾਲੋਜੀ ਦਾ ਯੁੱਗ ਮੰਨਿਆ ਜਾ ਰਿਹਾ ਹੈ। ਸੂਚਨਾ ਅਤੇ ਸੰਚਾਰ ਸਾਧਨਾਂ ਦੇ ਵਿਸਤਾਰ ਨਾਲ ਸਮੁੱਚਾ ਸੰਸਾਰ ਇਕ ਗਲੋਬਲ ਪਿੰਡ ਬਣ ਗਿਆ ਹੈ। ਵਿਸ਼ਵੀਕਰਨ ਇਕ ਅਜਿਹਾ ਵਰਤਾਰਾ ਹੈ ਜਿਸ ਦੇ ਅੰਤਰਗਤ ਜੀਵਨ ਦੇ ਹਰ ਖੇਤਰ ਜਿਵੇਂ ਭਾਸ਼ਾ, ਸਿੱਖਿਆ, ਸਿਹਤ, ਸਮਾਜ, ਸਭਿਆਚਾਰ, ਵਣਜ-ਵਪਾਰ, ਸੂਚਨਾ ਤੇ ਸੰਚਾਰ ਮਾਧਿਅਮਾਂ ਆਦਿ ਵਿਚ ਤਬਦੀਲੀ ਪ੍ਰਤੱਖ ਨਜ਼ਰ ਆ ਰਹੀ ਹੈ ਅਤੇ ਕਿਸੇ ਹੱਦ ਤੱਕ ਇਸ ਤਬਦੀਲੀ ਨੂੰ ਮੂਕ ਰੂਪ ਵਿਚ ਪ੍ਰਵਾਨ ਵੀ ਕਰ ਲਿਆ ਗਿਆ ਹੈ।

ਡਾ. ਸ. ਸ. ਜੌਹਲ ਅਨੁਸਾਰ :"ਅੱਜ ਦੇ ਹਾਲਤ ਅਧੀਨ ਕੋਈ ਵੀ ਪ੍ਰਗਤੀਸ਼ੀਲ ਦੇ ਜਾਂ ਸਮਾਜ ਆਪਣੇ ਆਪ ਨੂੰ ਬਾਕੀ ਦੀ ਦੁਨੀਆ ਦੇ ਦੇਸ਼ਾਂ ਤੋਂ ਅੱਡਰਾ ਨਹੀਂ ਰੱਖ ਸਕਦਾ। ਅੱਜ ਦੁਨੀਆ ਇੰਨੀ ਛੋਟੀ ਹੋ ਗਈ ਹੈ ਕਿ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਆਦਾਨ ਪ੍ਰਦਾਨ ਰੋਕਿਆ ਵੀ ਨਹੀਂ ਰੁਕ ਸਕਦਾ।"1

ਗਿਆਨ, ਵਿਗਿਆਨ ਅਤੇ ਸੂਚਨਾ ਤਕਨਾਲੋਜੀ ਦੇ ਖੇਤਰਾਂ ਵਿਚ ਤੇਜ਼ ਰਤਾਰ ਵਾਧੇ ਨਾਲ ਰੋਜ਼ਮਰਾ ਦੀ ਜ਼ਿੰਦਗੀ ਵਿਚ ਵੀ ਬਹੁਤ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ, ਜਿਸ ਸਦਕਾ ਰਹਿਣ-ਸਹਿਣ, ਪਹਿਨਣ, ਖਾਣ-ਪਾਣ, ਕਾਰ-ਵਿਹਾਰ, ਸੁਹਜ-ਸੁਆਦ ਵੀ ਬਦਲ ਰਿਹਾ ਹੈ। ਸਿੱਟੇ ਵਜੋਂ ਨਿੱਤ ਨਵੀਆਂ ਵੰਗਾਰਾਂ, ਅੰਤਰ-ਵਿਰੋਧਾਂ, ਮਾਨਸਿਕ ਦਵੰਦਾਂ ਅਤੇ ਖਲਾਅ ਦੀ ਸਥਿਤੀ ਵੀ ਪੈਦਾ ਹੋ ਰਹੀ ਹੈ।

ਪੁਰਾਣੀ ਪੀੜ੍ਹੀ ਦੇ ਮੁਕਾਬਲੇ ਨਵੀਂ ਪੀੜ੍ਹੀ ਇਨ੍ਹਾਂ ਪਰਿਵਰਤਨਾਂ ਨੂੰ ਜ਼ਿਆਦਾ ਖੁੱਲ੍ਹੇ ਦਿਲ ਨਾਲ ਅਪਣਾ ਰਹੀ ਹੈ। ਜਿਸ ਕਾਰਨ ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਵਿਚ ਸਭਿਆਚਾਰਕ ਟਕਰਾ ਪੈਦਾ ਹੋ ਰਹੇ

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

ਹਨ ਕਿਉਂਕਿ ਵਿਸ਼ਵੀਕਰਨ ਦੇ ਪ੍ਰਭਾਵਾਂ ਨੂੰ ਕਬੂਲਣ ਕਰਕੇ ਨਵੀਂ ਪੀੜ੍ਹੀ ਆਪਣੀ ਪਰੰਪਰਾ, ਨੈਤਿਕ ਮੁੱਲਾਂ, ਸਭਿਆਚਾਰਕ ਕਦਰਾਂ-ਕੀਮਤਾਂ, ਪਰਿਵਾਰਕ ਸਾਂਝਾ, ਰਿਤਿਆਂ ਵਿਚਲੀ ਅਪੱਣਤ ਦੀ ਥਾਂ ਪਦਾਰਥਕ ਰੁਚੀਆਂ ਵੱਲ ਵਧੇਰੇ ਆਕਰਤਿ ਹੋ ਰਹੀ ਹੈ।

ਅਜੋਕੇ ਯੁੱਗਾਂ ਵਿਚ ਜਦੋਂ ਸਾਰਾ ਸੰਸਾਰ ਇਕ ਗਲੋਬਲੀ ਪਿੰਡ ਬਣ ਗਿਆ ਹੈ ਅਤੇ ਇਸ ਨੇ ਹਰ ਦੇ, ਹਰ ਪ੍ਰਾਂਤ, ਹਰ ਖਿੱਤੇ ਦੇ ਸਭਿਆਚਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ ਤਾਂ ਪੰਜਾਬੀ ਸਭਿਆਚਾਰ ਵੀ ਇਸ ਤੋਂ ਅਣਭਿੱਜ ਨਹੀਂ ਰਿਹਾ।

ਡਾ ਜਸਵਿੰਦਰ ਸਿੰਘ ਦੇ ਅਨੁਸਾਰ: "ਸਭਿਆਚਾਰਕ ਬਦਲਾਅ ਆਪਣੇ ਆਪ ਵਿਚ ਇਕ ਲਾਜ਼ਮੀ, ਨਿਰੰਤਰ ਅਤੇ ਵਿਕਾਸਮੁਖੀ ਵਰਤਾਰਾ ਹੈ, ਜਿਸ ਦੇ ਆਪਣੇ ਸਹਿਜ, ਆਂਤਰਿਕ ਅਤੇ ਬਾਹਰਮੁਖੀ ਬਦਲਾਅ ਮੂਲਕ ਨਿਯਮ ਅਤੇ ਪ੍ਰਕਿਰਿਆਵਾਂ ਹਨ। ਪਰ ਅਜੋਕਾ ਸਭਿਆਚਾਰਕ ਬਦਲਾਵ ਆਂਤ੍ਰਿਕ ਅਤੇ ਲਾਜ਼ਮੀ ਸਭਿਆਚਾਰਕ ਵਰਤਾਰੇ ਦੀ ਬਜਾਏ ਸ਼ਕਤੀਸ਼ਾਲੀ ਏਕੀਕਰਣ ਦੀਆਂ ਪੂੰਜੀਵਾਦੀ ਕਤੀਆਂ ਅਤੇ ਉਸ ਦੇ ਤੂਫ਼ਾਨੀ ਦਬਾਅ ਦਾ ਪਰਿਣਾਮ ਹੈ। ਇਸ ਬਦਲਾਓ ਦਾ ਇਕ ਪਛਾਣ ਚਿੰਨ੍ਹ ਪੂਰਬਲੀ ਬੰਦ ਵਿਧਾਨਕ ਸਭਿਆਚਾਰਕ ਵਿਵਸਥਾ ਦੇ ਉਲਟ ਨਵਾਂ ਉਭਰ ਰਿਹਾ ਸਭਿਆਚਾਰ ਖੁੱਲ੍ਹੇ ਸਰੂਪ ਦਾ ਧਾਰਨੀ ਹੈ, ਜਿਸ ਨੇ ਸਾਡੇ ਜੀਵਨ ਢੰਗ, ਧੰਦੇ, ਰੁਝੇਵੇਂ, ਮਨੋਰਥ ਅਤੇ ਰਿਸ਼ਤੇ ਇਕ ਨਵੀਂ ਦਿਸ਼ਾ ਵਿਚ ਬਦਲੇ ਹਨ।"2

ਸੋ ਸਭਿਆਚਾਰ ਆਪਣੇ-ਆਪ ਵਿਚ ਇਕ ਵਿਸ਼ਾਲ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਵਰਤਾਰਾ ਹੈ। ਜਦੋਂ ਵੀ ਕੋਈ ਸਭਿਆਚਾਰ ਦੂਜੇ ਸਭਿਆਚਾਰਾਂ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਹ ਸੁਚੇਤ-ਅਚੇਤ ਤੌਰ 'ਤੇ ਉਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਾ ਹੈ, ਕਿਉਂਕਿ ਪਰਿਵਰਤਨ ਪ੍ਰਕਿਰਤੀ ਦਾ ਨਿਯਮ ਹੈ। ਇਸ ਲਈ ਜੇ ਜੀਵਨ ਦੇ ਕਿਸੇ ਵੀ ਖੇਤਰ ਜਾਂ ਪੜਾਅ ਉਤੇ ਖੜੋਤ ਆ ਜਾਵੇ ਤਾਂ ਇਹ ਗੰਧਲੇਪਣ ਦੀ ਨਿਸ਼ਾਨੀ ਹੈ ਕਿਉਂਕਿ ਵਹਿੰਦੇ ਪਾਣੀ ਹੀ ਹਮੇਸ਼ਾ ਨਿਰਮਲ ਹੁੰਦੇ ਹਨ। ਇਸੇ ਤਰ੍ਹਾਂ ਹਰ ਸਭਿਆਚਾਰ ਵਿਚ ਭਾਵੇਂ ਉਹ ਕਿੰਨੇ ਵੀ ਅਮੀਰ ਵਿਰਸੇ ਦਾ ਮਾਲਕ ਕਿਉਂ ਨਾ ਹੋਵੇ, ਸਮੇਂ ਦੇ ਬੀਤਣ ਨਾਲ ਕੁਝ ਰੂੜ੍ਹ ਹੋ ਚੁੱਕੀਆਂ ਮਾਨਤਾਵਾਂ ਨੂੰ ਤਿਆਗਣ ਦੀ ਲੋੜ ਹੁੰਦੀ ਹੈ ਜਿਹੜੀਆਂ ਅਗਲੇਰੇ ਵਿਕਾਸ ਲਈ ਰੁਕਾਵਟ ਬਣਦੀਆਂ ਹੋਣ ਇਸ ਤਰ੍ਹਾਂ ਸਭਿਆਚਾਰ ਉਹ ਸੰਕਲਪ ਹੈ ਜਿਸ ਨੂੰ ਹਰ ਪੀੜ੍ਹੀ ਆਪਣੇ ਇਤਿਹਾਸਕ ਪ੍ਰਸੰਗ ਅਨੁਸਾਰ ਨਵੇਂ ਸਿਰਿਓਂ ਘੋਖਦੀ, ਪਰਖਦੀ ਅਤੇ ਅਪਣਾਉਂਦੀ ਹੈ। ਜਦੋਂ ਕਿਸੇ ਵਿਸ਼ੇ ਭੂਗੋਲਿਕ ਖਿੱਤੇ ਦੇ ਆਲੇ-ਦੁਆਲੇ ਪਦਾਰਥਕ ਤਬਦੀਲੀਆਂ ਵਾਪਰਦੀਆਂ ਹਨ ਤਾਂ ਉਨ੍ਹਾਂ ਦੇ ਪ੍ਰਭਾਵ ਸਦਕਾ ਸਭਿਆਚਾਰਕ ਤਬਦੀਲੀਆਂ ਵਾਪਰਨੀਆਂ ਵੀ ਲਾਜ਼ਮੀ ਹਨ ਕਿਉਂਕਿ ਲੋਕ ਮਨ ਭੌਤਿਕ ਤਬਦੀਲੀ ਨੂੰ ਜਲਦੀ ਕਬੂਲ ਕਰਦਾ ਹੈ ਅਤੇ ਉਸੇ ਅਨੁਸਾਰ ਉਸ ਦਾ ਤੌਰ-ਤਰੀਕਾ, ਸਲੀਕਾ, ਰਹਿਣ-ਸਹਿਣ, ਖਾਣ-ਪੀਣ, ਵਰਤੋਂ-ਵਿਹਾਰ ਬਦਲ ਜਾਂਦਾ ਹੈ। ਅਜਿਹੀ ਮਾਨਸਿਕ ਤਬਦੀਲੀ ਉਸ ਦੀ ਸੋਚਣੀ ਅਤੇ ਕਰਨੀ ਉਤੇ ਵੀ ਅਸਰ ਪਾਉਂਦੀ ਹੈ।

ਡਾ. ਨਾਹਰ ਸਿੰਘ ਅਨੁਸਾਰ : "ਸਭਿਆਚਾਰ ਜੀਵਨ ਜਿਉਣ ਦੀ ਵਿਉਂਤਬਧ ਵਿਧੀ ਦਾ ਨਾਂ ਹੈ। ਇਸ ਨੂੰ ਜੀਵਨ-ਜਾਚ ਵੀ ਕਹਿੰਦੇ ਹਨ। ਇਕ ਭੂਗੋਲਿਕ ਖਿੱਤੇ ਦੇ ਲੋਕ ਆਮ ਕਰਕੇ ਇਕ ਸਾਂਝੀ ਜ਼ੁਬਾਨ ਬੋਲਦੇ ਹੁੰਦੇ ਹਨ। ਜ਼ੁਬਾਨ ਦੀ ਸਾਂਝ ਉਨ੍ਹਾਂ ਦੇ ਸਦੀਆਂ ਲੰਮੇ ਸਾਂਝੇ ਵਸੇਬੇ ਵਿਚੋਂ ਸਿਰਜੀ ਹੋਈ ਹੁੰਦੀ ਹੈ। ਭਾਸ਼ਾ ਵਾਂਗ ਹੀ ਸਭਿਆਚਾਰ ਦੀ ਸਿਰਜਣਾ ਵੀ ਸਦੀਆਂ

ਲੰਮੀਆਂ ਇਤਿਹਾਸਕ ਸਾਂਝਾ ਅਤੇ ਸਾਂਝੇ ਜੀਵਨ ਵਿਹਾਰ ਵਿਚੋਂ ਸਹਿਜ ਰੂਪ ਵਿਚ ਹੁੰਦੀ ਰਹਿੰਦੀ ਹੈ। ਹਰ ਇਕ ਭੂਗੋਲਿਕ ਖਿੱਤੇ ਦੇ ਲੋਕ ਆਪੋ ਆਪਣੇ ਪ੍ਰਕ੍ਰਿਤਕ ਵਾਤਾਵਰਣ ਅਤੇ ਚੌਗਿਰਦੇ ਦੀਆਂ ਲੋੜਾਂ ਅਨੁਸਾਰ ਆਪਣੀ ਕਿਰਤ ਦੇ ਇਤਿਹਾਸਕ ਅਮਲ ਦੁਆਰਾ ਆਪੋ ਆਪਣੇ ਨਿਆਰੇ ਤੇ ਨਿਵੇਕਲੇ ਸਭਿਆਚਾਰਾਂ ਦਾ ਨਿਰਮਾਣ ਕਰਦੇ ਹਨ।"3

ਸਭਿਆਚਾਰਕ ਰੂਪਾਂਤਰਣ ਦਾ ਪ੍ਰਮੁੱਖ ਆਧਾਰ ਭਾਸ਼ਾ ਹੀ ਹੁੰਦੀ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਭਾਸ਼ਾ ਵਿਚ ਆਪ-ਹੁਦਰੇਪਣ ਦਾ ਗੁਣ ਹੁੰਦਾ ਹੈ। ਆਪਣੇ ਇਸੇ ਗੁਣ ਸਦਕਾ ਕੋਈ ਭਾਸ਼ਾ ਜਦੋਂ ਦੂਜੀਆਂ ਭਾਸ਼ਾਵਾਂ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਉਨ੍ਹਾਂ ਦੇ ਸ਼ਬਦ ਸੁਤੇ-ਸਿੱਧ ਹੀ ਉਸ ਵਿਚ ਸ਼ਾਮਲ ਹੋ ਜਾਣੇ ਸੁਭਾਵਿਕ ਹਨ। ਭਾਸ਼ਾ ਰਾਹੀਂ ਹੀ ਸਭਿਆਚਾਰਕ ਕਦਰਾਂ-ਕੀਮਤਾਂ, ਨੈਤਿਕ ਮੁੱਲਾਂ, ਰੀਤੀ-ਰਿਵਾਜਾਂ, ਰਹਿਣ-ਸਹਿਣ, ਰਿਸ਼ਤੇ-ਨਾਤਿਆਂ, ਖਾਣ-ਪੀਣ, ਵਰਤੋਂ-ਵਿਹਾਰ ਨੂੰ ਵਿਅਕਤ ਕੀਤਾ ਜਾਂਦਾ ਹੈ। ਡਾ. ਨਾਹਰ ਸਿੰਘ ਨੇ ਵੀ ਭਾਸ਼ਾ ਦੀ ਮਹੱਤਤਾ ਬਾਰੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਹੈ:

ਮਨੁੱਖ ਭਾਸ਼ਾ ਦੁਆਰਾ ਆਪਣੇ ਪ੍ਰਕਿਰਤਕ ਅਤੇ ਮਾਨਵੀ ਸੰਸਾਰ ਦੇ ਵਰਤਾਰਿਆਂ ਦਾ ਸੰਕਲਪੀਕਰਨ ਕਰਦਾ ਆਇਆ ਹੈ। ਮਨੁੱਖ ਆਪਣੀ ਸਦੀਆਂ ਲੰਮੀ ਇਤਿਹਾਸਕ ਯਾਤਰਾ ਵਿਚ ਪੀੜ੍ਹੀ-ਦਰ ਪੀੜ੍ਹੀ ਆਪਣੇ ਅਨੁਭਵ ਅਤੇ ਗਿਆਨ ਨੂੰ ਭਾਸ਼ਾ ਦੁਆਰਾ ਸੰਚਤ ਅਤੇ ਸੰਚਾਰਤ ਕਰਦਾ ਆਇਆ ਹੈ। ਇਸ ਲਈ ਭਾਸ਼ਾ ਮਨੁੱਖ ਦਾ ਸਿਰਜਿਆ ਅਜੇਹਾ ਸਿਸਟਮ ਹੈ ਜੋ ਉਸਦੇ ਬੌਧਿਕ, ਮਾਨਸਿਕ ਅਤੇ ਭਾਵਕ ਵਿਕਾਸ ਵਿਚ ਆਧਾਰ ਭੂਤ ਇਤਿਹਾਸਕ ਭੂਮਿਕਾ ਨਿਭਾਉਂਦਾ ਆਇਆ ਹੈ। ਇਸ ਲਈ ਮਨੁੱਖੀ ਅਨੁਭਵ ਜਾਂ ਸਿਆਣਪਾਂ ਦਾ ਆਰੰਭ ਭਾਸ਼ਾ ਦੀ ਸਿਰਜਣਾ ਦੇ ਆਦਿ ਬਿੰਦੂ ਤੋਂ ਹੀ ਹੋ ਗਿਆ ਹੋਵੇਗਾ। 4

ਪੰਜਾਬੀ ਸਭਿਆਚਾਰ ਵਿਚ ਰਿਸ਼ਤਿਆਂ ਦੀ ਆਪਣੀ ਇਕ ਵਿਲੱਖਣ ਅਤੇ ਵਿਸ਼ੇਸ਼ ਥਾਂ ਹੈ। ਹਰ ਸ਼ਿਰਤੇ ਲਈ ਪੰਜਾਬੀ ਭਾਸ਼ਾ ਵਿਚ ਵੱਖਰਾ ਸੰਬੋਧਨ ਮੌਜੂਦ ਹੈ। ਜਿਸ ਦੀ ਆਪਣੀ ਸਮਾਜ-ਸਭਿਆਚਾਰਕ ਅਹਿਮੀਅਤ ਹੈ। ਜਿਵੇਂ ਮਾਮਾ, ਚਾਚਾ, ਤਾਇਆ, ਫੁੱਫੜ, ਮਾਸੜ। ਪਰ ਅੰਗ੍ਰੇਜ਼ੀ ਭਾਸ਼ਾ ਵਿਚ ਇਨ੍ਹਾਂ ਸਾਰਿਆਂ ਰਿਸ਼ਤਿਆਂ ਲਈ ਇਕੋ ਇਕ ਸੰਬੋਧਨ (ਅੰਕਲ) ਮੌਜੂਦ ਹੈ। ਪਰ ਸਾਡੇ ਪੰਜਾਬੀ ਸਭਿਆਚਾਰ ਵਿਚ ਮਾਮਾ, ਚਾਚਾ, ਤਾਇਆ ਸੰਬੋਧਨ ਵਿਚ ਜੋ ਰਿਸ਼ਤਿਆਂ ਵਿਚਲੀ ਅਪੱਣਤ ਜਾਂ ਮਿਠਾਸ ਦਾ ਅਹਿਸਾਸ ਹੈ ਉਹ ਸਿਰਫ (ਅੰਕਲ) ਸ਼ਬਦ ਨਹੀਂ ਦਰਸਾ ਸਕਦਾ। ਪਰ ਵਿਸ਼ਵੀਕਰਨ ਦੇ ਪ੍ਰਭਾਵ ਨੇ ਇਨ੍ਹਾਂ ਰਿਸ਼ਤਿਆਂ ਦੀ ਮਿਠਾਸ ਨੂੰ ਫਿੱਕਾ ਕਰ ਦਿੱਤਾ ਹੈ ਅਤੇ ਬਹੁਤ ਸਾਰੇ ਅੰਗ੍ਰੇਜ਼ੀ ਸ਼ਬਦ ਸਾਡੀ ਰੋਜ਼ਮਰਾ ਦੀ ਬੋਲੀ ਵਿੱਚ ਪੱਕੇ ਤੌਰ 'ਤੇ ਸ਼ਾਮਲ ਹੋ ਗਏ ਹਨ ਜਿਵੇਂ ਸੌਰੀ, ਥੈਂਕਸ, ਪਲੀਜ਼, ਬੋਰ ਹੋਣਾ, ਡਿਸਟਰਬ, ਕਨਫਿਊਜ਼ ਆਦਿ ਅਤੇ ਬਹੁਤ ਸਾਰੀ ਨਵੀਂ ਤਕਨਾਲੋਜੀ ਨਾਲ ਸੰਬੰਧਿਤ ਸ਼ਬਦਾਵਲੀ ਜਿਸ ਨੂੰ ਬਿਨਾਂ ਕਿਸੇ ਖੇਚਲ ਦੇ ਤਤਸਮ ਰੂਪ ਵਿੱਚ ਹੀ ਅਪਣਾ ਲਿਆ ਗਿਆ ਹੈ ਜਿਵੇਂ ਕਾਲ, ਮੈਸਿਜ, ਡਿਲੀਟ, ਸਿਮ, ਮਿਸ ਕਾਲ, ਡਾਊਨਲੋਡ, ਸੈਂਡ, ਰੀਚਾਰਜ, ਫਾਰਵਰਡ, ਬਲਿਊ ਟੁੱਥ, ਵਾਇਰ, ਚਾਰਜਰ, ਡਿਸਕ, ਪਲੈਨ, ਫੀਡ ਆਦਿ ਹਰ ਪੜ੍ਹਿਆ ਅਨਪੜ੍ਹਿਆ ਬਿਨਾ ਕਿਸੇ ਔਖ ਦੇ ਬੋਲ ਅਤੇ ਸਮਝ ਰਿਹਾ ਹੈ।

ਇਸ ਤਰ੍ਹਾਂ ਵਿਸ਼ਵੀਕਰਨ ਨੇ ਪੰਜਾਬੀ ਭਾਸ਼ਾ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੇ ਪੈਰੋਕਾਰ ਸਾਰੇ ਵਿਸ਼ਵ ਦੀ ਇਕੋ ਭਾਸ਼ਾ ਹੋਣੀ ਚਾਹੀਦੀ ਹੈ, ਉਪਰ ਜ਼ੋਰ ਦੇ ਰਹੇ

ਹਨ। ਇਸੇ ਅਧੀਨ ਪੰਜਾਬੀ ਭਾਸ਼ਾ ਨੂੰ ਪੇਂਡੂ ਜਾਂ ਗੰਵਾਰ ਲੋਕਾਂ ਦੀ ਭਾਸ਼ਾ ਮੰਨਿਆ ਜਾਣ ਲੱਗਾ ਹੈ ਅਤੇ ਨਵੀਂ ਪੀੜ੍ਹੀ ਪੰਜਾਬੀ ਪੜ੍ਹਨਾ ਜਾਂ ਬੋਲਣਾ ਨੂੰ ਹੇਠੀ ਵਾਲੀ ਗੱਲ ਸਮਝਣ ਲੱਗੀ ਹੈ ਅਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਗਿਆਨ, ਵਿਗਿਆਨ ਅਤੇ ਨਵੀਂ ਤਕਨਾਲੋਜੀ ਨਾਲ ਸੰਬੰਧਿਤ ਵਿੱਦਿਆ ਦੀ ਪ੍ਰਾਪਤੀ ਅਤੇ ਵਧੀਆ ਰੁਜ਼ਗਾਰ ਲਈ ਸਿਰ ਅੰਗ੍ਰੇਜ਼ੀ ਭਾਸ਼ਾ ਹੀ ਸਹਾਈ ਹੋ ਸਕਦੀ ਹੈ। ਸੋ ਅੰਗ੍ਰੇਜ਼ੀ ਹੀ ਸਾਡੀ ਬੌਧਿਕਤਾ ਦੀ ਪਰਖ ਦੀ ਕਸਵੱਟੀ ਬਣ ਕੇ ਰਹਿ ਗਈ ਹੈ।

ਨਵੀਂ ਤਕਨਾਲੋਜੀ ਅਤੇ ਮੀਨੀਕਰਨ ਨੇ ਪਿੰਡਾਂ ਅਤੇ ਸ਼ਹਿਰਾਂ ਦੋਹਾਂ ਦੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਪਿੰਡਾਂ ਵਿਚ ਰੋਜ਼ਮਰਾ ਦੇ ਘਰੇਲੂ ਕੰਮਾਂ ਤੋਂ ਲੈ ਕੇ ਖੇਤੀਬਾੜੀ ਨਾਲ ਸੰਬੰਧਿਤ ਸਾਰੇ ਕੰਮਾਂ ਨੂੰ ਪਹਿਲਾਂ ਮਨੁੱਖਾਂ ਦੁਆਰਾ ਹੱਥਾਂ ਨਾਲ ਜਾਂ ਪਸ਼ੂਆਂ ਦੀ ਮਦਦ ਨਾਲ ਕੀਤਾ ਜਾਂਦਾ ਸੀ ਹੁਣ ਉਨ੍ਹਾਂ ਦੀ ਥਾਂ ਮਸ਼ੀਨਰੀ ਨੇ ਲੈ ਲਈ ਹੈ ਜਿਵੇਂ ਹਲ਼ ਤੇ ਬਲਦਾਂ ਦੀ ਥਾਂ ਟਰੈਕਟਰ ਨੇ ਲੈ ਲਈ ਹੈ, ਸਿੰਚਾਈ ਲਈ ਖੂਹਾਂ ਦੀ ਥਾਂ ਬਿਜਲੀ ਦੀਆਂ ਮੋਟਰਾਂ, ਟਿਊਬਵੈਲ ਆ ਗਏ ਹਨ। ਫ਼ਸਲ ਬੀਜਣ ਤੋਂ ਵੱਢਣ ਤੱਕ ਦਾ ਹਰ ਕੰਮ ਮਸ਼ੀਨਾਂ ਨਾਲ ਕੀਤਾ ਜਾਂਦਾ ਹੈ ਜਿਸ ਨਾਲ ਸਮੇਂ ਦੀ ਬੱਚਤ ਵੀ ਹੈ ਅਤੇ ਸੌਖ ਵੀ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਸਾਰੇ ਸੰਸਾਰ ਦੇ ਇਕ ਇਕਾਈ ਵਜੋਂ ਸਥਾਪਿਤ ਹੋਣ ਨਾਲ ਇਸ ਦੇ ਚੰਗੇ ਅਤੇ ਮੰਦੇ ਦੋਹਾਂ ਤਰ੍ਹਾਂ ਦੇ ਪ੍ਰਭਾਵ ਭਾਸ਼ਾ ਅਤੇ ਸਭਿਆਚਾਰ ਉਤੇ ਵੇਖਣ ਨੂੰ ਮਿਲਦੇ ਹਨ। ਚੰਗੇ ਭਵਿੱਖ ਅਤੇ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਵਿਚ ਜਾਣ ਕਰ ਕੇ ਸਾਡੀ ਨੌਜਵਾਨ ਪੀੜ੍ਹੀ ਆਪਣੇ ਪਿਛੋਕੜ ਅਤੇ ਵਿਰਸੇ ਨਾਲੋਂ ਟੁੱਟਦੀ ਜਾ ਰਹੀ ਹੈ। ਵਿਸ਼ਵੀਕਰਨ ਤੇ ਮੰਡੀਕਰਨ ਨੇ ਮਨੁੱਖ ਨੂੰ ਇਕ ਮਸ਼ੀਨ ਬਣਾ ਦਿੱਤਾ ਹੈ। ਮਸ਼ੀਨੀਕਰਨ ਅਤੇ ਨਵੀਂ ਤਕਨਾਲੋਜੀ ਦੇ ਆ ਜਾਣ ਨਾਲ ਪਿੰਡਾਂ ਅਤੇ ਸ਼ਹਿਰਾਂ ਦੀ ਜੀਵਨ-ਸ਼ੈਲੀ ਅਤੇ ਕੰਮ-ਧੰਦਿਆਂ ਦੀ ਪ੍ਰਕਿਰਤੀ ਵੀ ਬਦਲ ਗਈ ਹੈ। ਜਿਸ ਕਰਕੇ ਪੰਜਾਬੀ ਲੋਕ ਵਿਰਾਸਤ ਨਾਲ ਸੰਬੰਧਿਤ ਬਹੁਤ ਸਾਰੇ ਔਜ਼ਾਰ, ਸੰਦ-ਸਦੇੜੇ, ਘਰੇਲੂ ਵਸਤਾਂ, ਖੇਤੀ-ਬਾੜੀ ਅਤੇ ਹੋਰ ਧੰਦਿਆਂ ਨਾਲ ਸੰਬੰਧਿਤ ਸੰਦ, ਰੀਤੀ-ਰਿਵਾਜ, ਖਾਣ-ਪੀਣ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਅਲੋਪ ਹੋ ਰਹੀ ਹੈ। ਜਿਸ ਨੂੰ ਇਕ ਦਸਤਾਵੇਜ਼ ਵਜੋਂ ਸੰਭਾਲਣਾ ਬਹੁਤ ਹੀ ਲਾਜ਼ਮੀ ਹੈ।

ਵਣਜਾਰਾ ਬੇਦੀ ਦਾ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪ੍ਰੋ. ਕਿਰਪਾਲ ਕਜ਼ਾਕ ਦਾ 'ਪੰਜਾਬੀ ਸਭਿਆਚਾਰ ਬਦਾਵਲੀ ਕੋ', ਹਰਕੇ ਸਿੰਘ ਕਹਿਲ ਦਾ 'ਪੰਜਾਬੀ ਵਿਰਸਾ ਕੋ', ਸੁਲੱਖਣ ਸਰਹੱਦੀ ਦਾ 'ਵਿਸਰ ਰਿਹਾ ਪੰਜਾਬੀ ਵਿਰਸਾ' ਆਦਿ ਤੋਂ ਬਿਨਾਂ ਪੰਜਾਬੀ ਵਿਰਸੇ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਅਤੇ ਕੋਸ਼ ਛੱਪ ਚੁੱਕੇ ਹਨ। ਇਸੇ ਲੜੀ ਅਧੀਨ ਡਾ. ਸਾਧੂ ਸਿੰਘ ਦੀ ਪੁਸਤਕ 'ਪੰਜਾਬੀ ਬੋਲੀ ਦੀ ਵਿਰਾਸਤ' ਨੂੰ ਲਿਆ ਜਾ ਸਕਦਾ ਹੈ। ਜਿਸ ਦੇ ਦੋ ਐਡੀਸ਼ਨ ਛੱਪ ਚੁੱਕੇ ਹਨ। ਪਹਿਲਾ ਐਡੀਸ਼ਨ 2010 ਵਿਚ ਅਤੇ ਦੂਜਾ ਐਡੀਸ਼ਨ 2015 ਵਿੱਚ। ਇਸ ਪੁਸਤਕ ਦੇ 287 ਪੰਨੇ ਹਨ ਅਤੇ ਇਸ ਨੂੰ ਚੇਤਨਾ ਪ੍ਰਕਾਨ, ਲੁਧਿਆਣਾ ਨੇ ਛਾਪਿਆ ਹੈ। ਇਸ ਪੁਸਤਕ ਵਿਚ ਡਾ. ਸਾਧੂ ਸਿੰਘ ਨੇ ਆਧੁਨਿਕਤਾ ਦੇ ਪ੍ਰਭਾਵ ਅਧੀਨ ਪੰਜਾਬੀ ਸਭਿਆਚਾਰ ਵਿਚੋਂ ਅਲੋਪ ਹੋ ਰਹੇ ਕਿੱਤਿਆਂ, ਧੰਦਿਆਂ, ਕਾਰ-ਵਿਹਾਰ, ਰਸਮਾਂ-ਰੀਤਾਂ ਅਤੇ ਰੋਜ਼ਮਰਾ ਦੀ ਜ਼ਿੰਦਗੀ ਨਾਲ ਸੰਬੰਧਿਤ ਸ਼ਬਦਾਵਲੀ ਨੂੰ ਸਾਂਭਣ ਦਾ ਉੱਦਮ ਕੀਤਾ ਹੈ। ਡਾ ਸਾਧੂ ਸਿੰਘ ਬਹੁ-ਵਿਧਾਈ ਅਤੇ ਬਹੁ-ਪੱਖੀ ਲੇਖਕ ਹੈ। ਉਸ ਨੇ ਪੰਜਾਬੀ ਕਹਾਣੀ, ਨਾਟਕ, ਆਲੋਚਨਾ ਆਦਿ ਵੱਖ ਵੱਖ ਵਿਧਾਵਾ 'ਤੇ ਬਹੁਤ ਹੀ ਮਹੱਤਵਪੂਰਨ ਕੰਮ ਕੀਤਾ

ਹੈ। ਲੇਖਕ ਭਾਵੇਂ ਦੇਸ਼ ਤੋਂ ਬਾਹਰ ਕੈਨੇਡਾ ਦੀ ਧਰਤੀ 'ਤੇ ਬੈਠਾ ਹੈ ਪਰ ਉਹ ਆਪਣੀ ਭਾਸ਼ਾ ਅਤੇ ਸਭਿਆਚਾਰ ਨਾਲ ਪੂਰੀ ਸ਼ਿੱਦਤ ਨਾਲ ਜੁੜਿਆ ਹੋਇਆ ਹੈ।

ਸ਼ਬਦ ਭੰਡਾਰ ਪੱਖੋਂ ਪੰਜਾਬੀ ਬੜੀ ਅਮੀਰ ਭਾਸ਼ਾ ਹੈ ਜੋ ਪੰਜਾਬੀ ਸਭਿਆਚਾਰ ਨੂੰ ਵੀ ਅਤਿਅੰਤ ਅਮੀਰੀ ਬਖ਼ਸ਼ਦੀ ਹੈ। ਪਰ ਕਿਉਂਕਿ ਸਭਿਆਚਾਰ ਨਿਰੰਤਰ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਵਰਤਾਰਾ ਹੈ। ਸੋ ਸਥਿਤੀਆਂ ਪ੍ਰਸਥਿਤੀਆਂ ਬਦਲਣ ਨਾਲ, ਆਧੁਨਿਕਤਾ ਦੇ ਪਸਾਰ ਨਾਲ ਅਤੇ ਮਸ਼ੀਨੀਕਰਨ ਦੇ ਪ੍ਰਭਾਵ ਸਦਕਾ ਸਭਿਆਚਾਰਕ ਸ਼ਬਦਾਵਲੀ ਵਿਚ ਵੀ ਪਰਿਵਰਤਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਨਵੀਆਂ ਬਦਲੀਆਂ ਪ੍ਰਸਥਿਤੀਆਂ ਵਿੱਚ ਨਵੇਂ-ਨਵੇਂ ਬਦ ਹੋਂਦ ਵਿੱਚ ਆਉਂਦੇ ਰਹਿੰਦੇ ਹਨ ਅਤੇ ਪੁਰਾਣੇ ਪ੍ਰਚਲਿਤ ਸ਼ਬਦਾਂ ਦੀ ਹੌਲੀ-ਹੌਲੀ ਵਰਤੋਂ ਘੱਟਣ ਨਾਲ, ਸਮਾਂ ਬੀਤਣ ਨਾਲ ਇਹ ਅਲੋਪ ਹੋ ਜਾਂਦੇ ਹਨ। ਜਿਨ੍ਹਾਂ ਤੋਂ ਅਗਲੀਆਂ ਆਉਣ ਵਾਲੀਆਂ ਪੀੜ੍ਹੀਆਂ ਅਣਜਾਣ ਜਾਂ ਵਿਰਵੀਆਂ ਰਹਿ ਜਾਂਦੀਆਂ ਹਨ। ਇਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਉਹਨਾਂ ਦੀ ਅਮੀਰ ਵਿਰਾਸਤ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੁਦਾ ਹੈ। ਸੋ ਡਾ. ਸਾਧੂ ਸਿੰਘ ਨੇ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਪੰਜਾਬੀ ਸਭਿਆਚਾਰ ਅਤੇ ਰਹਿਤਲ ਨਾਲ ਜੁੜੇ ਸ਼ਬਦਾਂ ਨੂੰ ਇਕੱਠੇ ਕਰਕੇ ਉਨ੍ਹਾਂ ਦੀ ਵੱਖ-ਵੱਖ ਪ੍ਰਸੰਗਾਂ ਵਿਚ ਹੁੰਦੀ ਵਰਤੋਂ, ਰੂਪ, ਸੰਰਚਨਾ ਅਤੇ ਮਹਤੱਤਾ ਬਾਰੇ ਬਹੁਤ ਹੀ ਬਾਰੀਕੀ ਨਾਲ ਵਿਸਤ੍ਰਿਤ ਜਾਣਕਾਰੀ ਮੁਹੱਈਆ ਕਰਵਾਈ ਹੈ।

ਇਸ ਪੁਸਤਕ ਵਿਚ ਪੰਜਾਬੀ ਸਭਿਆਚਾਰ ਦੇ ਜਿਨ੍ਹਾਂ ਪੱਖਾਂ ਨਾਲ ਸੰਬੰਧਿਤ ਬਦਾਵਲੀ ਲਈ ਹੈ ਉਨ੍ਹਾਂ ਦੀ (ਤਰਤੀਬ) ਸਿਰਲੇਖ ਅਧੀਨ ਸੂਚੀ ਹੇਠ ਲਿਖੇ ਅਨੁਸਾਰ ਦਿੱਤੀ ਗਈ ਹੈ :

| | |
|---|---|
| ਦਰ | ਗਿੱਧਾ ਭੰਗੜਾ ਅਤੇ ਖੇਡਾਂ |
| ਘਰ | ਰਹੁ-ਰੀਤਾਂ |
| ਕੱਪੜੇ-ਲੀੜੇ | ਖੇਤੀ-ਬਾੜੀ |
| ਸੰਦ-ਸਦੇੜਾ | ਸਿੰਚਾਈ ਦੇ ਸਾਧਨ |
| ਚੱਕੀ | ਗਹਾਈ |
| ਚਰਖਾ | ਪੂ-ਡੰਗਰ |
| ਅਟੇਰਨ | ਰਾਹ |
| ਕਪਾਹ ਵੇਲਣਾ | ਜ਼ਮੀਨਾਂ |
| ਦੁੱਧ ਦੀ ਸੰਭਾਲ | ਨਦੀਣ |
| ਚੁੱਲ੍ਹਾ-ਚੌਕਾ | ਸਹਾਇਕ ਧੰਦੇ |
| ਭਾਂਡੇ-ਟੀਂਡੇ | ਅਣਗੌਲੇ ਮੋਤੀ: |
| ਹਾਰ-ਸ਼ਿੰਗਾਰ ਤੇ ਗਹਿਣੇ | (ੳ) ਬਦ (ਅ) ਮੁਹਾਵਰੇ |

ਪਹਿਲੇ ਅੰਦਰਾਜ (ਦਰ) ਦੇ ਅਧੀਨ ਘਰ ਦੇ ਮੁੱਖ ਪ੍ਰਵੇਸ਼ ਦੁਆਰ ਦੀ ਪੰਜਾਬੀ ਸਭਿਆਚਾਰ ਵਿਚ ਅਹਿਮੀਅਤ ਨੂੰ ਦਰਸਾਉਂਦਿਆਂ ਦਰਵਾਜ਼ਿਆਂ ਦੇ ਆਕਾਰ, ਰੂਪ, ਸਜਾਵਟ, ਬਣਤਰ ਆਦਿ ਤੋਂ ਹੀ ਉਸ ਘਰ ਵਿਚ ਰਹਿਣ ਵਾਲਿਆਂ ਦੀ ਆਰਥਿਕ ਹਾਲਤ ਦਾ ਅਨੁਮਾਨ

ਲੱਗਣ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਕਈ ਹੈ। ਜਿਵੇਂ ਕੁੱਲੀਆਂ ਦੇ ਦਰਵਾਜ਼ੇ ਕੱਖ ਕਾਣ ਦੇ ਬਣੇ ਹੁੰਦੇ ਹਨ, ਸਾਦ-ਮੁਰਾਦੇ ਘਰਾਂ ਦੇ ਦਰਵਾਜ਼ੇ ਸਾਧਾਰਨ ਲੱਕੜੀ ਦੇ ਅਤੇ ਅਮੀਰਾਂ ਦੇ ਆਲੀਸ਼ਾਨ ਘਰਾਂ ਅਤੇ ਮਹਿਲਾਂ-ਮੁਨਾਰਿਆਂ ਦੇ ਦਰਵਾਜ਼ੇ ਮਹਿੰਗੀ ਲੱਕੜੀ ਅਤੇ ਕਲਾ ਦੇ ਉੱਤਮ ਨਮੂਨੇ ਹੁੰਦੇ ਹਨ।

ਇਸੇ ਤਰ੍ਹਾਂ ਪੁਰਾਣੇ ਸਮਿਆਂ ਵਿਚ ਜਿਸ ਦੇ ਘਰ ਲੜਕਾ ਪੈਦਾ ਹੁੰਦਾ ਸੀ ਉਸ ਦਾ ਪਤਾ ਵੀ ਘਰ ਦੇ ਮੁੱਖ ਦਰਵਾਜ਼ੇ ਤੋਂ ਹੀ ਲੱਗ ਜਾਂਦਾ ਸੀ ਕਿਉਂਕਿ ਮੁੰਡੇ ਦੇ ਜਨਮ ਵੇਲੇ ਘਰ ਦੇ ਮੁੱਖ ਦਰਵਾਜ਼ੇ 'ਤੇ ਮੌਲੀ ਨਾਲ ਨਿੰਮ ਜਾਂ ਸਰੀਂਹ ਦੇ ਪੱਤੇ ਗੰਢਾਂ ਮਾਰ ਕੇ ਸਿਹਰਾ ਬਣਾ ਕੇ ਟੰਗੇ ਜਾਂਦੇ ਸਨ। ਮੁੰਡੇ ਦੇ ਵਿਆਹ ਵੇਲੇ ਵੀ ਮੁੱਖ ਦਰਵਾਜ਼ੇ 'ਤੇ ਖਲੋ ਕੇ ਡੋਲੀ ਪਹੁੰਚਣ ਵੇਲੇ ਮੁੰਡੇ ਦੀ ਮਾਂ ਨੂੰਹ-ਪੁੱਤ ਤੋਂ ਪਾਣੀ ਵਾਰਨ ਦੀ ਰਸਮ ਕਰਦੀ ਹੈ ਅਤੇ ਨਵੀਂ ਵਿਆਹੀ ਜੋੜੀ ਦਾ ਸੁਆਗਤ ਵੀ ਬੂਹੇ ਦੇ ਦੋਹੀਂ ਪਾਸੀਂ ਤੇਲ ਚੋ ਕੇ ਕੀਤਾ ਜਾਂਦਾ ਹੈ।

ਜਦੋਂ ਵਿਆਹ ਵਾਲੀ ਕੁੜੀ ਡੋਲੀ ਤੁਰਨ ਵੇਲੇ ਦਰਵਾਜ਼ੇ ਵਿਚ ਖੜ੍ਹ ਕੇ ਦਾਣਿਆਂ ਜਾਂ ਚੌਲਾਂ ਦੀਆਂ ਮੁੱਠਾਂ ਭਰਕੇ ਚਾਰੇ ਖੂੰਜਿਆਂ ਵਿਚ ਸੁੱਟਦੀ ਹੈ ਤੇ ਇਸ ਰਸਮ ਰਾਹੀਂ ਦੁਆ ਕਰਦੀ ਹੈ ਕਿ ਉਸ ਦਾ ਦਾਣਾ ਪਾਣੀ ਤਾਂ ਮਾਪਿਆਂ ਦੇ ਘਰੋਂ ਮੁਕ ਗਿਆ ਹੈ ਪਰ ਮਾਪਿਆ ਦਾ ਘਰ ਹਮੇਸ਼ਾ ਰਿਜਕ ਨਾਲ ਭਰਿਆ ਰਹੇ ਅਤੇ ਖੁਸ਼ਹਾਲੀ ਬਣੀ ਰਹੀ।

ਕਿਸੇ ਪਿਆਰੇ ਦੀ ਉਡੀਕ ਵੀ ਦਰਵਾਜ਼ੇ ਵਿਚ ਖੜ੍ਹ ਕੇ ਹੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦਰਵਾਜ਼ੇ ਸਿਰ ਘਰਾਂ ਅੰਦਰ ਆਉਣ ਜਾਣ ਦੇ ਰਸਤੇ ਹੀ ਨਹੀਂ ਹੁੰਦੇ ਸਗੋਂ ਪਰਿਵਾਰ ਦੇ ਜੀਆਂ ਦੇ ਡੂੰਘੇ ਅਹਿਸਾਸਾਂ ਅਤੇ ਦੁੱਖਾਂ ਸੁੱਖਾਂ ਦੇ ਵੀ ਪ੍ਰਤੀਕ ਹੁੰਦੇ ਹਨ। ਜਿਵੇਂ (ਬੂਹੇ ਬੈਠੀ ਧੀ) ਦਾ ਭਾਵ ਇਹ ਨਹੀਂ ਕਿ ਕੋਈ ਧੀ ਆਪਣੇ ਮਾਪਿਆਂ ਦੇ ਦਰਵਾਜ਼ੇ ਵਿਚ ਬੈਠੀ ਹੈ, ਸਗੋਂ ਇਸ ਦਾ ਆਪਣਾ ਇਕ ਸਭਿਆਚਾਰਕ ਸੰਦਰਭ ਹੈ ਕਿ ਧੀ ਆਪਣੇ ਸਹੁਰੇ ਘਰੋਂ ਦੁੱਖੀ ਹੋ ਕੇ ਵਾਪਸ ਮਾਪਿਆਂ ਦੇ ਘਰ ਆ ਗਈ ਹੈ ਜਿਹੜਾ ਅਸਹਿ ਦੁੱਖ ਦਾ ਪ੍ਰਤੀਕ ਹੈ।

ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਚਾਰ ਦਿਸ਼ਾਵਾਂ ਵੱਲ ਖੁੱਲ੍ਹਣ ਦਾ ਭਾਵ ਇਹ ਹੈ ਕਿ ਚਾਰੇ ਵਰਣਾ ਭਾਵ ਹਰ ਵਿਅਕਤੀ ਲਈ ਇਸ ਦੇ ਦਰ ਖੁੱਲ੍ਹੇ ਹਨ ਜੋ ਸਾਂਝੀਵਾਲਤਾ ਦਾ ਪ੍ਰਤੀਕ ਹੈ। ਸਾਡੀ ਪੰਜਾਬੀ ਰਹਿਤਲ ਵਿਚ ਪਿੰਡ ਵਿਚ ਦਾਖਲ ਹੋਣ ਲਈ ਵੱਡੇ-ਵੱਡੇ ਦਰਵਾਜ਼ੇ ਹੁੰਦੇ ਸਨ। ਜਦੋਂ ਕੋਈ ਪਿੰਡ ਦਾ ਵਿਅਕਤੀ ਘਰੋਂ ਬਾਹਰ ਵਾਂਢੇ ਜਾ ਕੇ ਮੁੜਦਾ ਸੀ ਤਾਂ ਵਾਪਸੀ ਵੇਲੇ ਉਸ ਸਾਂਝੇ ਦਰਵਾਜ਼ੇ 'ਤੇ ਪਹੁੰਚ ਕੇ ਮੱਥਾ ਟੇਕਦਾ ਜਾਂ ਨਮਸਕਾਰ ਕਰਦਾ ਕਿ ਉਹ ਸੁੱਖੀ-ਸਾਂਦੀ ਆਪਣੇ ਘਰ, ਆਪਣੇ ਪਿੰਡ ਵਾਪਸ ਆ ਗਿਆ ਹੈ ਅਤੇ ਸਾਰੇ ਨਗਰ-ਖੇੜੇ ਦੀ ਸੁਖ ਸ਼ਾਂਤੀ ਲਈ ਦੁਆ ਕਰਦਾ।

ਸੋ ਲੇਖਕ ਨੇ (ਦਰ) ਸਿਰਲੇਖ ਦੇ ਅੰਤਰਗਤ ਦਰਵਾਜ਼ੇ, ਬੂਹੇ, ਬਰੂਹਾਂ ਜੋ ਇਕ ਹੀ ਅਰਥ ਦੇ ਧਾਰਨੀ ਹਨ ਦੇ ਵੱਖ-ਵੱਖ ਸੰਦਰਭਾਂ ਰਾਹੀਂ ਰਸਮਾਂ, ਰੀਤਾਂ, ਸੰਬੰਧਾਂ, ਸਭਿਆਚਾਰਕ ਕੀਮਤਾਂ ਬਾਰੇ ਬਹੁਤ ਹੀ ਵਿਸਤਾਰ ਸਹਿਤ ਦੱਸਿਆ ਹੈ ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਭਰਪੂਰ ਜਾਣਕਾਰੀ ਲੈ ਸਕਣਗੀਆਂ।

(ਪੱਲੇ) ਸਿਰਲੇਖ ਅਧੀਨ ਲੇਖਕ ਨੇ ਪੱਲੇ ਬਦ ਦੀ ਵੀ ਪੰਜਾਬੀ ਸਭਿਆਚਾਰ ਵਿਚ ਕੀ ਵਿਸ਼ੇਸ਼ਤਾ ਹੈ, ਨੂੰ ਵਿਭਿੰਨ ਸੰਦਰਭਾਂ ਰਾਹੀ ਵਿਅਕਤ ਕੀਤਾ ਹੈ। ਦਰਵਾਜ਼ੇ ਦੇ ਦੋਹਾਂ ਫੱਟਾਂ ਜਾਂ

ਤਖਤਿਆਂ ਨੂੰ ਪੱਲੇ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਚੁੰਨੀ ਦੇ ਲੜ ਨੂੰ ਵੀ ਪੱਲਾ ਕਿਹਾ ਜਾਂਦਾ ਹੈ। 'ਪੱਲੇ' ਬਦ ਨੂੰ ਅਪਮਾਨ ਕਰਨ ਜਾਂ ਕਰਾਉਣ ਦੇ ਸੰਕਲਪ ਵਜੋਂ ਵੀ ਵਰਤਿਆ ਜਾਂਦਾ ਹੈ ਜਿਵੇਂ 'ਪੱਲੇ ਪਾਉਣਾ', 'ਪੱਲੇ ਪੁਆਉਣਾ' 'ਅਪਮਾਨ', ਅਧੀਨਗੀ ਨਾਲ ਮੰਗਣਾ ਨੂੰ (ਪੱਲਾ ਅੱਡਣਾ), 'ਪੱਲੇ ਭਰ ਭਰ ਲੁਟਾਉਣਾ' 'ਨੁਕਸਾਨ ਕਰਨਾ', 'ਪੱਲਾ ਫੜਨਾ' 'ਕਿਸੇ ਤੋਂ ਮਦਦ ਲੈਣ ਤੋਂ ਭਾਵ ਹੈ। 'ਪੱਲਾ ਛੁਡਾਉਣਾ', 'ਪੱਲੇ ਪੈਣਾ', 'ਪੱਲੇ ਲੱਗਣਾ' 'ਵਿਆਹ ਸੰਬੰਧ ਵਿਚ ਬੱਝਣਾ', 'ਪੱਲਾ ਫੜਾਉਣਾ' ਆਦਿ ਭਾਵੇਂ ਮੂਲ ਰੂਪ ਵਿਚ 'ਪੱਲਾ' ਕੱਪੜੇ ਦਾ ਹਿੱਸਾ ਹੈ ਪਰ ਪੰਜਾਬੀ ਸਭਿਆਚਾਰ ਦੀ ਖ਼ੂਬੀ ਹੈ ਕਿ ਸਾਡਾ ਹਰ ਵਰਤਾਰਾ ਨੈਤਿਕਤਾ ਨਾਲ ਜਾ ਜੁੜਦਾ ਹੈ।

ਇਸੇ ਤਰ੍ਹਾਂ ਲੇਖਕ ਨੇ ਦਰ ਦਰਵਾਜ਼ੇ ਦੇ ਹਰ ਅੰਗ ਤੇ ਹਰ ਪਹਿਲੂ ਨਾਲ ਸੰਬੰਧਿਤ ਉਸ ਦੀ ਬਣਤਰ ਲਈ ਵਰਤੇ ਜਾਂਦੇ ਨਿੱਕੇ ਤੋਂ ਨਿੱਕੇ ਹਿੱਸੇ ਬਾਰੇ ਵਿਸਤਾਰ ਨਾਲ ਜਾਣੂ ਕਰਵਾਇਆ ਹੈ ਜਿਵੇਂ (ਸਰਦਲ, ਸਾਖਾ, ਚੀਥੀ, ਕੁੰਡਾ, ਅਰਲ, ਬਿੱਲੀ, ਥੜੀ ਆਦਿ।

ਪੰਜਾਬੀ ਪਹਿਰਾਵੇ ਬਾਰੇ ਗੱਲ ਕਰਦਿਆਂ (ਕੱਪੜੇ-ਲੀੜੇ) ਸਿਰਲੇਖ ਅਧੀਨ ਜਨ-ਜੀਵਨ ਦੇ ਹਰ ਉਮਰ, ਵਰਗ, ਮਰਦ, ਇਸਤਰੀ, ਵਿਆਹ-ਾਦੀਆਂ, ਗਰਮੀ, ਸਰਦੀ ਲਈ ਵਰਤੇ ਜਾਂਦੇ ਪਹਿਰਾਵਿਆਂ, ਬਿਸਤਰਿਆਂ, ਰਜਾਈਆਂ, ਤਲਾਈਆਂ, ਦਰੀਆਂ, ਖੇਸਾਂ, ਖੇਸੀਆਂ, ਚੇਤਹੀਆਂ, ਰੇਜੇ, ਦੋਬਰੇ, ਗਧੋਲੀ, ਘੱਗਰੇ, ਫੁਲਕਾਰੀ, ਸਾਲੂ, ਤਿਓਰ ਤੇ ਸੂਟ, ਬਾਗ, ਤਿੱਲ-ਪੱਤਰੇ, ਸੁੱਭਰ ਆਦਿ ਬਾਰੇ ਬਹੁਤ ਵਿਸਤਾਰ ਨਾਲ ਬਿਆਨਿਆ ਹੈ। ਜਿਵੇਂ ਘੱਗਰੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪੁਰਾਣੇ ਸਮਿਆਂ ਵਿਚ 'ਘੱਗਰਾ' ਸਿਰ ਵਿਆਹੀਆਂ ਔਰਤਾਂ ਹੀ ਪਾਉਂਦੀਆਂ ਸਨ ਤਾਂ ਕਿ ਦੂਰੋਂ ਆਉਂਦੀਆਂ ਦੀ ਹੀ ਪਛਾਣ ਹੋ ਜਾਵੇ ਕਿ ਕੁੜੀ ਆ ਰਹੀ ਹੈ ਜਾਂ ਨੂੰਹ। ਘੱਗਰੇ ਸੂ ਜਾਂ ਮਲਮਲ ਦੇ ਬਹੁਤ ਹੀ ਵੱਡੇ ਘੇਰੇ ਵਾਲੇ ਹੁੰਦੇ ਸਨ। 'ਸੁੱਭਰ' ਜਾਂ 'ਸਾਲੂ' ਕੁੜੀ ਦੇ ਵਿਆਹ ਵੇਲੇ ਉਸ ਦੇ ਨਾਨਕਿਆਂ ਵਲੋਂ ਦਿੱਤਾ ਜਾਂਦਾ ਸੀ।

ਪੰਜਾਬੀ ਸਭਿਆਚਾਰ ਵਿਚ ਸਿਰ ਢੱਕਣਾ ਸ਼ੁਭ ਮੰਨਿਆ ਜਾਂਦਾ ਸੀ ਤੇ ਸਿਰ ਢੱਕ ਕੇ ਰੱਖਣ ਵਾਲੀ ਔਰਤ ਨੂੰ ਸਿਆਣੀ ਅਤੇ ਸਲੀਕੇ ਵਾਲੀ ਮੰਨਿਆ ਜਾਂਦਾ ਸੀ। ਜਿਵੇਂ ਵੱਡਿਆਂ ਸਾਹਮਣੇ ਨੰਗਾ ਸਿਰ ਰੱਖਣ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ ਇਸੇ ਤਰ੍ਹਾਂ ਕਣਕ ਦੇ ਬੋਹਲ ਕੋਲ ਜਾਣ ਵੇਲੇ ਵੀ ਅੰਨ ਜਾ ਰਿਜਕ ਦੇ ਸਤਿਕਾਰ ਵਜੋਂ ਸਿਰ ਢੱਕ ਕੇ ਰੱਖਿਆ ਜਾਂਦਾ ਸੀ। ਨੰਗਾ ਸਿਰ ਰੱਖਣ ਨੂੰ ਅਸ਼ੁੱਭ ਮੰਨਿਆ ਜਾਂਦਾ ਸੀ ਜਿਵੇਂ ਵਿਧਵਾ ਔਰਤ ਲਈ ਸਿਰੋਂ ਨੰਗੀ ਹੋਣਾ' ਕਿਹਾ ਜਾਂਦਾ ਸੀ।

ਅੱਜ ਕੱਲ੍ਹ ਪਿੰਡਾਂ ਦਾ ਸੜਕਾਂ ਦੁਆਰਾ ਸ਼ਹਿਰਾਂ ਨਾਲ ਮਿਲਣ ਕਰਕੇ ਤੇ ਨਵੀਂ ਵਿਦਿਆ ਦੇ ਪ੍ਰਚਲਨ ਨਾਲ ਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਦੇ ਪਿੰਡ ਤੀਕ ਪਹੁੰਚਣ ਕਰਕੇ ਪੇਂਡੂ ਪਹਿਰਾਵੇ ਉਪਰ ਸ਼ਹਿਰੀ ਪੁਸ਼ਾਕਾਂ ਦਾ ਅਸਰ ਪੈ ਗਿਆ ਹੈ ਅਤੇ ਹੁਣ ਪੇਂਡੂ ਅਤੇ ਸ਼ਹਿਰੀ ਪੁਸ਼ਾਕਾਂ ਵਿਚ ਕੋਈ ਬੁਨਿਆਦੀ ਅੰਤਰ ਨਹੀਂ ਰਹਿ ਗਿਆ। ਹੁਣ ਮੁੰਡੇ ਮਲੇ ਵਾਲੀਆਂ ਪੱਗਾਂ ਦੀ ਥਾਂ ਪਟਿਆਲਾ ਸ਼ਾਹੀ ਪੱਗਾ ਬੰਨ੍ਹਣ ਲੱਗ ਪਏ ਹਨ। ਇਸੇ ਤਰ੍ਹਾਂ ਘੱਗਰੇ-ਫੁਲਕਾਰੀਆਂ ਦਾ ਰਿਵਾਜ ਵੀ ਹੁਣ ਫਿਰ ਆ ਗਿਆ ਹੈ ਜੋ ਸਿਰ ਸ਼ੌਕ ਵਜੋਂ ਵਿਆਹਾਂ-ਸ਼ਾਦੀਆਂ ਦੇ ਸੰਗੀਤ ਸਮਾਗਮਾਂ ਵਿਚ ਔਰਤਾਂ ਅਤੇ ਕੁੜੀਆਂ ਦੋਵੇਂ ਪਾਉਣ ਲੱਗ ਪਈਆਂ ਹਨ।

ਇਸ ਪੁਸਤਕ ਵਿਚ ਸਾਜੋ ਸਮਾਨ' ਵਿਸ਼ੇਸ਼ ਦੇ ਅੰਤਰਗਤ ਘਰੇਲੂ ਵਸਤਾਂ ਅਤੇ ਰੋਜ਼ਮਰਾ

ਦੀ ਜ਼ਿੰਦਗੀ ਵਿਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜੋ ਮਸ਼ੀਨੀਕਰਨ ਨਾਲ ਅਲੋਪ ਹੋ ਰਹੀਆਂ ਹਨ ਜਿਵੇਂ ਚੱਕੀ, ਚਰਖਾ, ਵੇਲਣਾ, ਚੁੱਲੇ-ਚੌਕੇ ਵਿਚ ਵਰਤੀਆਂ ਜਾਂਦੀਆਂ ਚੀਜ਼ਾਂ ਪਰਾਤ, ਗਾਗਰ, ਭਾਂਡੇ-ਟੀਂਡੇ, ਹਾਰ-ਸ਼ਿੰਗਾਰ ਆਦਿ ਨਾਲ ਸੰਬੰਧਿਤ ਵਸਤਾਂ ਦਾ ਵੇਰਵਾ ਵਿਸਤਾਰ ਸਹਿਤ ਦਿੱਤਾ ਹੈ। ਇਵੇਂ ਹੀ ਖੇਤਬਾੜੀ ਨਾਲ ਸੰਬੰਧਿਤ ਸੰਦ ਜਿਵੇਂ ਹਲ, ਪੰਜਾਲੀਆਂ, ਸੁਹਾਗਾ, ਜੰਦਾ ਆਦਿ, ਸਿੰਚਾਈ ਨਾਲ ਸੰਬੰਧਿਤ ਖੂਹ, ਹਲਟ, ਖਰਾਸ ਆਦਿ, ਬਿਜਾਈ, ਗੁਹਾਈ, ਹਾੜ੍ਹੀ ਸਾਉਣੀ ਦੀਆਂ ਸਲਾਂ, ਨਦੀਣ, ਰਾਹ, ਜ਼ਮੀਨਾਂ ਦੀਆਂ ਕਿਸਮਾਂ, ਆਵਾਜਾਈ ਦੇ ਸਾਧਨ ਆਦਿ ਨਾਲ ਸੰਬੰਧਿਤ ਬਦਾਵਲੀ ਤੋਂ ਬਿਨ੍ਹਾਂ ਹੋਰ ਸਹਾਇਕ ਧੰਦਿਆਂ ਜਿਵੇਂ ਲੁਹਾਰਾਂ, ਤਰਖਾਣਾਂ, ਨਾਈਆਂ, ਪੇਜਿਆਂ, ਮੋਚੀਆਂ ਧੰਦਿਆਂ ਨਾਲ ਸੰਬੰਧਿਤ ਦੇ ਹਰ ਪੱਖ ਤੋਂ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

ਆਧੁਨਿਕੀਕਰਨ ਤੋਂ ਪਹਿਲਾਂ ਪਿੰਡਾਂ ਵਿਚ ਨਕਦੀ ਦਾ ਰਿਵਾਜ ਨਹੀਂ ਸੀ ਹੁੰਦਾ। ਜਿਣਸਾਂ ਦਾ ਹੀ ਲੋੜ ਅਨੁਸਾਰ ਆਪਸ ਵਿਚ ਹੀ ਵਟਾਂਦਰਾ ਕਰ ਲਿਆ ਜਾਂਦਾ ਸੀ। ਲੁਹਾਰਾਂ, ਤਰਖਾਣਾਂ, ਰਾਜ ਮਿਸਤਰੀਆਂ, ਨਾਈਆਂ, ਮੋਚੀਆਂ, ਝੀਂਬਿਆਂ, ਝਿਊਰਾਂ ਆਦਿ ਤੋਂ ਕੰਮ ਕਰਵਾਉਣ ਲਈ ਸੇਪੀ ਕੀਤੀ ਜਾਂਦੀ ਸੀ। ਸੇਪੀ ਦਾ ਭਾਵ ਜਿਹੜੇ ਕੰਮ ਇਨ੍ਹਾਂ ਤੋਂ ਕਰਵਾਏ ਜਾਂਦੇ ਸੀ ਉਨ੍ਹਾਂ ਦੇ ਬਦਲੇ ਇਨ੍ਹਾਂ ਨੂੰ ਹਾੜ੍ਹੀ ਸਾਉਣੀ ਸਲਾਂ ਦੀ ਚੁਕਾਈ ਵੇਲੇ ਦਾਣੇ ਦੇ ਕੇ ਇਨ੍ਹਾਂ ਦੀਆਂ ਸੇਵਾਵਾਂ ਦਾ ਮੁੱਲ ਤਾਰਿਆ ਜਾਂਦਾ ਸੀ, ਕੋਈ ਨਕਦ ਅਦਾਇਗੀ ਨਹੀਂ ਸੀ ਕੀਤੀ ਜਾਂਦੀ। ਪਿੰਡਾਂ ਵਿੱਚ ਬਹੁਤੇ ਕੰਮ ਜਿਣਸੀ ਵਟਾਂਦਰੇ ਨਾਲ ਹੀ ਸਿਰੇ ਚਾੜ੍ਹ ਲਏ ਜਾਂਦੇ ਸਨ।

ਲੰਗਰ' ਦੀ ਪ੍ਰਥਾ ਦੇ ਮਹੱਤਵ ਅਤੇ ਇਸ ਦੀ ਸਭਿਆਚਾਰਕ ਵਿਸ਼ੇਸ਼ਤਾ ਨੂੰ ਸਾਂਝੀਵਾਲਤਾ ਅਤੇ ਬਰਾਬਰਤਾ ਦੇ ਪ੍ਰਤੀਕ ਵਜੋਂ ਦਰਸਾਇਆ ਗਿਆ ਹੈ। ਪਰ ਪੰਜਾਬੀ ਮਾਨਸਿਕਤਾ ਦੇ ਕਈ ਹੋਰ ਪੱਖਾਂ ਨੂੰ ਰੂਪਮਾਨ ਕਰਦਿਆਂ ਦੱਸਿਆ ਹੈ ਕਿ ਗੁੱਸੇ ਵਿਚ ਔਰਤਾਂ ਕਈ ਵਾਰ ਲੰਗਰ' ਨੂੰ ਤ੍ਰਿਸਕਾਰ ਸੂਚਕ ਸ਼ਬਦਾਂ ਵਿਚ ਵਰਤਦੀਆਂ ਹਨ ਜਿਵੇਂ ਲੰਗਰ ਖਾ ਲੈਂ', ਲੰਗਰ ਝੁਲਸ ਲੈਂ', ਲੰਗਰ ਫੂਕ ਲੈਂ' ਆਦਿ।

ਪੰਜਾਬੀ ਭਾਸ਼ਾ ਦੀ ਅਮੀਰੀ ਅਤੇ ਵੰਨ-ਸੁਵੰਨਤਾ ਬਾਰੇ ਦੱਸਦਿਆਂ ਲੇਖਕ ਨੇ ਪੰਜਾਬੀ ਬੋਲੀ ਦਾ ਸ਼ਬਦ-ਭੰਡਾਰ' ਵਿਚ ਰੱਸੇ-ਰੱਸੀਆਂ ਤੇ ਉਨ੍ਹਾਂ ਤੋਂ ਬਣਨ ਵਾਲੀਆਂ ਅਨੇਕਾਂ ਚੀਜ਼ਾਂ ਦੀ ਮਿਸਾਲ ਦਿੰਦਿਆਂ ਲਿਖਿਆ ਹੈ, ਨਿੱਕੀ ਜਿਹੀ ਰੱਸੀ ਚੁਆਈ ਵੇਲੇ ਗਾਂ ਦੀਆਂ ਲੱਤਾਂ ਦੁਆਲੇ ਬੱਝ ਕੇ ਨਿਆਣਾ ਬਣ ਜਾਂਦੀ ਹੈ। ਕਬੱਡੀ ਦੇ ਜਾਫੀ ਸਾਹ ਪਾਉਣ ਆਏ ਖਿਡਾਰੀ ਦੀਆਂ ਲੱਤਾਂ ਦੁਆਲੇ ਆਪਣੀਆਂ ਲੱਤਾਂ ਦੀ ਕੈਂਚੀ ਮਾਰ ਕੇ ਇਹੋ ਜਿਹਾ ਨਿਆਣਾ ਪਾ ਲੈਂਦੇ ਹਨ। ਸਿਰੇ 'ਤੇ ਬੱਝੀਆਂ ਦੋ ਗੁੱਲੀਆਂ ਵਾਲੀ ਰੱਸੀ ਮਧਾਣੀ ਦੁਆਲੇ ਲਿਪਟ ਕੇ ਨੇਤਾ ਬਣ ਜਾਂਦੀ ਹੈ। ਬਲਦ ਦੇ ਗਲ ਦੁਆਲੇ ਲਿਪਟ ਕੇ ਇਹ ਜ਼ਰਾ ਵਡੇਰਾ ਰੂਪ ਧਾਰ ਕੇ ਰੱਸਾ ਬਣ ਜਾਂਦੀ ਹੈ। ਨੱਕ ਵਿਚੋ ਲੰਘ ਕੇ ਨੱਥ ਤੇ ਨੱਕ ਉਦਾਲੇ ਵਲ਼ ਕੇ ਨਾਕੂਆ ਤੇ ਮੂੰਹ ਵਿਚੋਂ ਲੰਘ ਕੇ ਬਘਿਆੜੀ। ਜਿਸ ਰੱਸੀ ਨਾਲ ਪੱਠਿਆਂ ਦੀ ਭਰੀ ਬੰਨ੍ਹੀਏ ਉਸਨੂੰ ਦੋੜੀ ਕਹੀਦਾ ਹੈ। ਪੱਠਿਆਂ ਨੂੰ ਹੀ ਵਟਾ ਦੇ ਕੇ ਭੁੱਬ ਬਣ ਜਾਂਦਾ ਹੈ......................................। '' 5

ਇੰਜ ਹੀ ਰੰਗਾਂ ਨਾਲ ਸੰਬੰਧਿਤ ਸ਼ਬਦਾਵਲੀ ਦੀ ਵੀ ਪੰਜਾਬੀ ਬੋਲੀ ਵਿਚ ਭਰਮਾਰ ਬਾਰੇ ਜਾਣੂ ਕਰਵਾਉਂਦਿਆਂ ਲਿਖਿਆ ਹੈ ਜਿਵੇਂ ਸਾਡੇ ਕੋਲ ਨੀਲੇ, ਪੀਲੇ, ਲਾਲ, ਕਾਲੇ, ਚਿੱਟੇ, ਹਰੇ ਜਿਹੇ ਬੁਨਿਆਦੀ ਰੰਗਾਂ ਤੋਂ ਬਿਨਾਂ ਕੇਸਰੀ, ਕਪਾਹੀ, ਸਰਦਈ, ਅੰਗੂਰੀ, ਅੰਬਰੀ, ਕਥਈ, ਬਲੰਬਰੀ

............................। ਇਸੇ ਤਰ੍ਹਾਂ ਰੰਗਾਂ ਦੀਆਂ ਹਲਕੀਆਂ, ਗੂੜ੍ਹੀਆਂ ਤੇ ਸਫਿਆਨੀਆਂ ਭਾਹਾਂ ਦਰਸਾਉਣ ਵਾਲੇ ਅੱਡਰੇ ਸ਼ਬਦਾਂ ਤੋਂ ਬਿਨ੍ਹਾਂ ਬਹੁਤ ਹੀ ਗੂੜ੍ਹੇ ਰੰਗਾਂ ਲਈ ਲਾਲ-ਸੂਹਾ, ਦੁੱਧ ਚਿੱਟਾ, ਪੀਲਾ-ਜ਼ਰਦ ਜਿਹੇ ਦੂਹਰੇ ਜੁੱਟ ਹਨ। 6

ਇਸੇ ਤਰ੍ਹਾਂ ਬੰਦਿਆਂ ਦੇ ਰੰਗਾਂ ਲਈ ਵੱਖਰੇ ਸ਼ਬਦ ਜਿਵੇਂ ਕਣਕ-ਵੰਨਾ ਜਾਂ ਮੁਸ਼ਕੀ, ਗੋਰਾ ਆਦਿ ਅਤੇ ਡੰਗਰਾਂ ਦੇ ਰੰਗਾਂ ਲਈ ਵੱਖਰੇ ਬਦ ਜਿਵੇਂ ਬੱਗੇ, ਪੀਲੇ, ਸਾਵੇ, ਗੋਰੇ, ਮਹਿਰੂ, ਕਾਲੇ, ਭੂਸਲੇ ਆਦਿ ਵਰਤੇ ਜਾਂਦੇ ਹਨ।

ਇਸ ਤੋਂ ਬਿਨਾਂ ਇਸ ਪੁਸਤਕ ਵਿਚ ਆਮ ਬੋਲ ਚਾਲ ਵਿਚ ਸਹਿਜ-ਸੁਭਾਅ ਬੋਲੇ ਜਾਣ ਵਾਲੇ ਅਖਾਣਾਂ, ਮੁਹਾਵਰਿਆਂ ਦੀ ਵੀ ਭਰਮਾਰ ਮਿਲਦੀ ਹੈ ਜਿਵੇਂ ਅੰਨੀਂ ਪੀਹਵੇ ਕੁੱਤਾ ਚੱਟੇ, ਸ਼ੈਤਾਨ ਦਾ ਚਰਖਾ, ਦੁੱਧ ਪਰ ਬੁੱਧ, ਬੂਹੇ ਬੈਠੀ ਧੀ, ਪੱਲੇ ਪਾਉਣਾ, ਪੱਲਾ ਛੁਡਾਉਣਾ, ਦੁੱਧ ਤੇ ਬੁੱਧ ਫਿੱਟਣ ਨੂੰ ਦੇਰ ਨਹੀਂ ਲੱਗਦੀ, ਘਿਓ ਖਿੱਚੜੀ ਹੋਣਾ ਆਦਿ। ਇਨ੍ਹਾਂ ਤੋਂ ਇਲਾਵਾ ਲੇਖਕ ਨੇ ਆਪਣੀ ਗੱਲ ਦੀ ਪ੍ਰੋੜ੍ਹਤਾ ਤੇ ਸਪੱਟਤਾ ਲਈ ਥਾਂ-ਥਾਂ 'ਤੇ ਲੋਕ ਗੀਤਾਂ ਅਤੇ ਸਾਹਿਤ ਵਿਚੋਂ ਕਵਿਤਾਵਾਂ ਦੀਆਂ ਤੁਕਾਂ ਦਿੱਤੀਆਂ ਹਨ ਜੋ ਬਿਆਨ ਨੂੰ ਅਮੀਰੀ ਅਤੇ ਰੌਚਕਤਾ ਬਖਸ਼ਦੀਆਂ ਹਨ। ਪੁਸਤਕ ਦੇ ਅਖੀਰ ਵਿਚ ਅਣਗੌਲੇ ਮੋਤੀ' ਸਿਰਲੇਖ ਹੇਠ ਕੁਝ ਸ਼ਬਦਾਂ ਅਤੇ ਮੁਹਾਵਰਿਆਂ ਦੀ ਸੂਚੀ ਵਿਆਖਿਆ ਸਹਿਤ ਦੇ ਕੇ ਪੰਜਾਬੀ ਬਦਾਵਲੀ ਦੀ ਅਮੀਰੀ ਦਰਸਾਈ ਹੈ।

ਇਹ ਪੁਸਤਕ ਜਿਥੇ ਪੰਜਾਬੀ ਸਭਿਆਚਾਰ ਦੇ ਭਿੰਨ-ਭਿੰਨ ਪਾਸਾਰਾਂ ਦਾ ਦਸਤਾਵੇਜ਼ ਹੈ ਉਥੇ ਇਸ ਪੁਸਤਕ ਵਿਚ ਸ਼ਾਮਲ ਪੱਖਾਂ ਦੀ ਤਰਤੀਬ ਵਿੱਚ ਕੁਝ ਊਣਤਾਈਆਂ ਵੀ ਨਜ਼ਰ ਆਉਂਦੀਆਂ ਹਨ। ਪੰਜਾਬੀ ਵਿਰਸੇ ਅਤੇ ਸਭਿਆਚਾਰ ਨਾਲ ਸੰਬੰਧਿਤ ਜਿਨ੍ਹਾਂ ਪੱਖਾਂ ਨੂੰ ਲਿਆ ਗਿਆ ਹੈ ਉਨ੍ਹਾਂ ਵਿਚ ਇਕਸਾਰਤਾ ਨਜ਼ਰ ਨਹੀਂ ਆਉਂਦੀ। ਜਿਵੇਂ ਸਾਝੋ ਸਮਾਨ, ਦੁੱਧ ਦੀ ਸੰਭਾਲ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਚੁੱਲੇ-ਚੌਂਕੇ ਨਾਲ ਸੰਬੰਧਿਤ ਸ਼ਬਦਾਵਲੀ ਦੇ ਨਾਲ ਹੀ ਦੇਣੀ ਚਾਹੀਦੀ ਸੀ। ਇੰਜ ਹੀ ਜ਼ਮੀਨਾਂ, ਨਦੀਣ ਆਦਿ ਨਾਲ ਸੰਬੰਧਿਤ ਪੱਖਾਂ ਨੂੰ ਖੇਤੀਬਾੜੀ ਦੇ ਅੰਤਰਗਤ ਰੱਖਿਆ ਜਾਂਦਾ ਤਾਂ ਵਧੀਆ ਹੁੰਦਾ। ਰਾਹ ਅਤੇ ਆਵਾਜਾਈ ਨਾਲ ਸੰਬੰਧਿਤ ਸ਼ਬਦਾਵਲੀ ਇਕ ਥਾਂ ਆਉਣੀ ਚਾਹੀਦੀ ਸੀ।

ਇਸ ਆਪ-ਹੁਦਰੇਪਣ ਕਰਕੇ ਬਹੁਤੇ ਥਾਵਾਂ 'ਤੇ ਅਣਗਹਿਲੀ ਦਾ ਝਾਉਲਾ ਪੈਂਦਾ ਹੈ ਜਿਵੇਂ ਬੋਕ' ਉਸ ਬੱਕਰੇ ਨੂੰ ਕਹਿੰਦੇ ਹਨ ਜਿਸ ਦੀ ਉਚੇਰੀ ਸੇਵਾ ਕੀਤੀ ਜਾਂਦੀ ਹੈ ਕਿਉਂਕਿ ਉਸ ਤੋਂ ਬੱਕਰੀਆਂ ਨੂੰ ਨਵੇਂ ਦੁੱਧ ਕਰਵਾਇਆ ਜਾਂਦਾ ਹੈ। ਇਸ ਨੂੰ ਵੀ ਦੂਜੇ ਪਸ਼ੂਆਂ ਦੀ ਸੂਚੀ ਨਾਲ ਹੀ ਦੇਣਾ ਚਾਹੀਦਾ ਸੀ।

ਵੱਖਰੇ-ਵੱਖਰੇ ਪੱਖਾਂ ਨਾਲ ਸੰਬੰਧਿਤ ਸ਼ਬਦਾਵਲੀ ਦੇਣ ਲਈ ਵਰਗ ਵੰਡ ਕੀਤੀ ਗਈ ਹੈ ਪਰ ਫਿਰ ਵੀ ਕਾਫੀ ਸ਼ਬਦਾਵਲੀ ਇਕ ਦੂਜੇ ਵਿਚ ਰਲਗਡ ਹੋ ਗਈ ਹੈ। ਜਿਵੇਂ ਖੇਤੀਬਾੜੀ ਦੇ ਹੋਰ ਸੰਦ' ਵਿਚ ਖੇਤੀ ਦੇ ਕੁਝ ਸੰਦਾਂ ਬਾਰੇ ਦੱਸ ਕੇ ਵਿਚ ਹੀ ਦੂਜੇ ਪੱਖਾਂ ਦੇ ਬਦ ਸ਼ਾਮਲ ਕਰ ਦਿੱਤੇ ਹਨ ਜਿਵੇਂ:

1. ਨਿਆਣਾ (ਗਾਂ ਚੋਣ ਵੇਲੇ ਪਿਛਲੀਆਂ ਲੱਤਾ ਬੰਨ੍ਹਣ ਲਈ ਵਰਤੀ ਜਾਂਦੀ ਰੱਸੀ)
2. ਨੇਤਾ (ਦੁੱਧ ਰਿੜਕਣ ਲਈ ਮਧਾਣੀ ਦੁਆਲੀ ਬੰਨੀ ਜਾਂਦੀ ਰੱਸੀ)
3. ਕੱਸਣ (ਚਰਖੇ ਦੇ ਵਾਇੜ ਉਪਰ ਦੀ ਮਾਹਲ ਲੰਘਾਉਣ ਲਈ ਤਣੀ ਰਸੀ)

4. ਵਾਣ (ਮੰਜੇ ਪੀੜ੍ਹੀਆਂ ਬੁਣਨ ਲਈ ਵਰਤੀਆਂ ਜਾਂਦੀਆਂ ਰੱਸੀਆਂ)
5. ਦੌਣ (ਮੰਜੇ ਦੇ ਦੰਦੇ ਦੇ ਸੰਘਿਆ ਲਈ ਅਤੇ ਵਾਣ ਨੂੰ ਕੱਸ ਕੇ ਰੱਖਣ ਵਾਲੀ ਮੋਟੀ ਰੱਸੀ)
6. ਟੰਗਣਾ (ਕਪੜੇ ਟੰਗਣ ਲਈ ਬੰਨੀ ਰੱਸੀ)

ਸੋ ਇਨ੍ਹਾਂ ਚੀਜ਼ਾਂ ਦਾ ਖੇਤੀਬਾੜੀ ਦੇ ਸੰਦਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਸ ਤਰ੍ਹਾਂ ਸ਼ਬਦਾਵਲੀ ਦੇ ਆਪਸ ਵਿਚ ਰਲਗਡ ਹੋਣ ਕਰਕੇ ਕਾਫ਼ੀ ਸ਼ਬਦਾਂ ਵਿਚ ਦੁਹਰਾਅ ਵੇਖਣ ਨੂੰ ਮਿਲਦਾ ਹੈ ਜਿਵੇਂ ਘੜੌਂਜੀ' ਅੰਦਰਾਜ਼ ਦੋ ਥਾਵਾਂ 'ਤੇ ਪਹਿਲਾਂ ਘਰ' ਦੇ ਅੰਤਰਗਤ 20 ਨੰਬਰ ਪੰਨੇ ਉੱਤੇ ਅਤੇ ਫਿਰ ਦੁੱਧ ਦੀ ਸੰਭਾਲ' ਵਿਚ 76 ਨੰਬਰ ਪੰਨੇ ਉਤੇ ਆਇਆ ਹੈ। ਇਵੇਂ ਹੀ ਵੇਲਣਾ' ਅੰਦਰਾਜ਼ ਵੀ ਦੋ ਥਾਵਾਂ 'ਤੇ ਆਇਆ ਹੈ। ਵੇਲਣਾ' ਵਸਤੂ ਤੇ ਕਿਰਿਆ ਇਕੋ ਥਾਂ ਆਉਣਾ ਚਾਹੀਦਾ ਸੀ। ਇਵੇਂ ਚਾਟੀ, ਦੌਰੀ, ਦੁਧੂਨਾ, ਪਰਾਤ, ਆਦਿ ਵਿਚ ਵੀ ਦੁਹਰਾਅ ਵੇਖਣ ਨੂੰ ਮਿਲਦਾ ਹੈ।

ਇਸੇ ਤਰ੍ਹਾਂ ਦੁੱਧ ਦੀ ਸਾਂਭ-ਸੰਭਾਲ ਦੇ ਅੰਤਰਗਤ ਕੂੜ, ਜੁੱਟ ਜਾਂ ਫੁੱਲ ਨੂੰ ਇਕੋ ਅਰਥ ਵਿਚ ਲਿਆ ਹੈ ਫਿਰ ਇਨ੍ਹਾਂ ਲਈ ਦੋ ਵੱਖਰੇ-ਵੱਖਰੇ ਅੰਦਾਜ ਬਣਾਉਣ ਦੀ ਲੋੜ ਨਹੀਂ ਸੀ। ਇਸੇ ਤਰ੍ਹਾਂ ਦਰ ਅਤੇ ਦਰਵਾਜੇ ਇਕੋ ਅਰਥ ਦੇ ਧਾਰਨੀ ਹਨ ਸੋ ਇਨ੍ਹਾਂ ਦੋਹਾਂ ਨਾਂਲ ਸੰਬੰਧਿਤ ਜਾਣਕਾਰੀ ਇਕੋ ਥਾਂ ਦੇਣੀ ਚਾਹੀਦੀ ਸੀ ਦਰ' ਦੀ ਸਭਿਆਚਾਰਕ ਵਿਸ਼ੇਸ਼ਤਾ ਦੇ ਵਿਸਤਾਰ ਸਹਿਤ ਦੱਸਣ ਤੋਂ ਬਾਦ ਘਰ' ਦੀ ਬਣਤਰ ਬਾਰੇ ਦੇਣ ਤੋਂ ਬਾਦ ਫਿਰ ਦਰਵਾਜ਼ੇ ਨਾਲ ਸੰਬੰਧਿਤ ਬਦਾਵਲੀ ਦੇਣ ਸਮੇਂ ਵੱਡੀ ਭੁੱਲ ਇਹ ਖਟਕਦੀ ਹੈ ਕਿ ਦਰਵਾਜ਼ੇ ਦੇ ਕੁੰਡੇ, ਅਰਲ, ਆਦਿ ਬਾਰੇ ਦਸਦਿਆਂ ਵਿਚੋਂ ਖੁਰਾ (ਘਰ ਦੇ ਅੰਦਰ ਕੱਪੜੇ ਜਾਂ ਭਾਂਡੇ ਧੋਣ ਲਈ ਪੱਕੀਆਂ ਇੱਟਾਂ ਦਾ ਰਲਾ ਕੇ ਬਣਾਈ ਥੜ੍ਹੀ) ਅਤੇ ਫਿਰ ਘਰ ਨਾਲ ਸੰਬੰਧਿਤ ਬਦਾਵਲੀ ਕੜੀਆਂ, ਛਤੀਰੀ, ਆਲ੍ਹਾ, ਬਾਲਾ ਆਦਿ ਦੇ ਨਾਲ ਹੀ ਘੜੌਂਜੀ (ਘੜਾ ਰੱਖਣ ਲਈ ਦੇ ਦਿੱਤਾ ਗਿਆ ਹੈ। ਜੋ ਇਕਸਾਰਤਾ ਦਾ ਪ੍ਰਭਾਵ ਨਹੀਂ ਪਾਉਂਦਾ।

ਇਸੇ ਤਰ੍ਹਾਂ ਪੰਨਾ ਨੰਬਰ 220 ਤੇ ਡੰਗਰਾਂ ਬਾਰੇ ਕੁਝ ਹੋਰ ਜਾਣਕਾਰੀ' ਸਿਰਲੇਖ ਦੇ ਤਹਿਤ ਜਿਥੇ ਡੰਗਰਾਂ ਨਾਲ ਸੰਬੰਧਿਤ ਕੁਝ ਅਖਾਣਾ ਜਾਂ ਕਹਾਵਤਾਂ ਨੂੰ ਬੱਕਰੇ' ਜਾਨਵਰ ਦਾ ਨਾਂ ਆਉਣ ਕਰਕੇ ਉਸ ਦੇ ਅੰਤਰਗਤ ਦੇ ਦਿੱਤਾ ਗਿਆ ਜਦ ਕਿ ਇਸ ਨਾਲ ਇਨ੍ਹਾਂ ਅਖਾਣਾਂ ਦਾ ਸਿੱਧਾ ਕੋਈ ਸੰਬੰਧ ਨਹੀਂ। ਜਿਵੇਂ: ਬੋਹਲ ਦੀ ਰਾਖੀ ਬੱਕਰਾ ਬਹਾਲ੍ਹਣਾ, ਬੱਕਰੇ ਬਲਾਉਣੇ, ਬਲੀ ਦਾ ਬੱਕਰਾ ਬਣਨਾ, ਗਲ ਵਿਚ ਘੱਟਾ ਪਾ ਕੇ ਛੱਡਣਾ, ਰੱਸੇ ਗਲਾਵੇਂ ਖੁੱਲ੍ਹੇ ਛੱਡਣਾ, ਖੁਰਾ ਖੋਜ ਮਿਟਾਉਣਾ ਆਦਿ। ਇਨ੍ਹਾਂ ਅਖਾਣਾਂ ਨੂੰ ਡੰਗਰਾਂ ਬਾਰੇ ਜਾਣਕਾਰੀ ਦੇ ਅੰਤਰਗਤ ਦਿੱਤਾ ਗਿਆ ਹੈ ਜੋ ਵਧੀਆ ਪ੍ਰਭਾਵ ਨਹੀਂ ਦਿੰਦਾ, ਪਰ ਜੇ ਇਨ੍ਹਾਂ ਨੂੰ ਵੀ ਪੁਸਤਕ ਦੇ ਅਖੀਰ ਵਿਚ ਦਿੱਤੇ ਅਖਾਣਾਂ ਮੁਹਾਵਰਿਆਂ ਦੇ ਨਾਲ ਹੀ ਦੇ ਦਿੱਤਾ ਜਾਂਦਾ ਤਾਂ ਜ਼ਿਆਦਾ ਬਿਹਤਰ ਹੁੰਦਾ ਅਤੇ ਪਾਠਕ ਨੂੰ ਵੀ ਸੌਖੀ ਤਰ੍ਹਾਂ ਜਾਣਕਾਰੀ ਪ੍ਰਾਪਤ ਹੋ ਸਕਦੀ ਸੀ।

ਇਸ ਪੁਸਤਕ ਵਿਚ ਇਕ ਹੋਰ ਕਮੀ ਜੋ ਅੱਖਰਦੀ ਹੈ ਉਹ ਇਹ ਹੈ ਕਿ ਅਲੋਪ ਹੋ ਚੁੱਕੇ ਸੰਦਾਂ, ਔਜ਼ਾਰਾਂ, ਵਸਤਾਂ ਬਾਰੇ ਚਿੱਤਰ ਨਹੀਂ ਦਿੱਤੇ ਗਏ, ਜੇ ਅਜਿਹਾ ਕੀਤਾ ਜਾਂਦਾ ਤਾਂ ਕਈ ਵਸਤਾਂ ਦੀ ਪਛਾਣ ਵਿਆਖਿਆ ਨਾਲੋਂ ਜ਼ਿਆਦਾ ਚਿੱਤਰ ਵੇਖ ਕੇ ਹੋ ਸਕਦੀ ਸੀ ਤੇ ਅਰਥ ਵਧੇਰੇ ਸਪੱਟ ਹੋ ਸਕਦੇ ਸਨ।

ਸੋ ਅੰਤ ਵਿਚ ਸਿੱਟੇ ਵਜੋਂ ਕਹਿ ਸਕਦੇ ਹਾ ਕਿ ਕੁਝ ਕੁ ਊਣਤਾਈਆਂ ਦੇ ਬਾਵਜੂਦ ਪੰਜਾਬੀ ਬੋਲੀ ਦੀ ਵਿਰਾਸਤ' ਵਿਚ ਵਿਸਰ ਰਹੇ ਵਿਰਸੇ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣ ਦਾ ਇਹ ਇਕ ਉਤਮ, ਨਿੱਗਰ ਅਤੇ ਸਿਰੜ ਨਾਲ ਕੀਤਾ ਉਪਰਾਲਾ ਹੈ। ਡਾ. ਸਾਧੂ ਸਿੰਘ ਨੇ ਬਹੁਤ ਹੀ ਮਿਹਨਤ ਅਤੇ ਵਿਦਵਤਾ ਨਾਲ ਪੰਜਾਬੀ ਜੀਵਨ ਜਾਚ ਅਤੇ ਰਹਿਤਲ ਦੇ ਮਹੱਤਵਪੂਰਨ ਪਹਿਲੂਆਂ ਨਾਲ ਸੰਬੰਧਿਤ ਵਿਸਤ੍ਰਿਤ ਜਾਣਕਾਰੀ ਦੇ ਕੇ ਮੁੱਲਵਾਨ ਦਸਤਾਵੇਜ਼ ਪੰਜਾਬੀ ਸਭਿਆਚਾਰ ਦੀ ਝੋਲੀ ਪਾਇਆ ਹੈ। ਡਾ. ਸਾਧੂ ਸਿੰਘ ਜਿਸ ਨੇ ਪ੍ਰਵਾਸੀ ਧਰਤੀ )ਤੇ ਰਹਿੰਦਿਆਂ ਹੋਇਆਂ ਵੀ ਆਪਣੀ ਮਾਂ ਬੋਲੀ ਅਤੇ ਆਪਣੇ ਸਭਿਆਚਾਰਕ ਵਿਰਸੇ ਨੂੰ ਨਹੀਂ ਭੁਲਾਇਆ, ਸਗੋਂ ਪੂਰੀ ਤਨਦੇਹੀ ਨਾਲ ਇਸ ਵਿਰਾਸਤ ਨੂੰ ਸੰਭਾਲਣ ਵਿਚ ਯਥਾ ਸੰਭਵ ਯਥਾ ਕਤੀ ਯੋਗਦਾਨ ਪਾਇਆ ਹੈ। ਭਾਵੇਂ ਇਸ ਵਿਚ ਅਜੇ ਹੋਰ ਵਾਧਾ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਹਨ।

**ਹਵਾਲੇ ਅਤੇ ਟਿੱਪਣੀਆਂ:**

1. ਪ੍ਰਕਾਸ਼ ਸਿੰਘ ਜੰਮੂ (ਸੰਪਾਦਕ), ਵਿਵੀਕਰਣ, ਉਦਾਰੀਕਰਣ ਅਤੇ ਪੰਜਾਬ, ਸਮਾਜਿਕ, ਵਿਗਿਆਨ, ਪੱਤਰ ਵਿਸ਼ੇਸ਼ ਅੰਕ 47, 48, 49, ਪੰਨਾ–3
2. ਸੁਲੱਖਣ ਸਰਹੱਦੀ, ਵਿਸਰ ਰਿਹਾ ਪੰਜਾਬੀ ਵਿਰਸਾ, (ਪੰਜਾਬ ਸਭਿਆਚਾਰਕ ਵਿਰਸੇ ਦੀ ਪਛਾਣ ਕਰਾਉਂਦੀ ਪੁਸਤਕ (ਡਾ. ਜਸਵਿੰਦਰ ਸਿੰਘ) ਪੰਨਾ–XII.
3। ਨਾਹਰ ਸਿੰਘ (ਡਾ.), ਪੰਜਾਬੀ ਦੀ ਲੋਕਧਾਰਾ ਚਿੰਤਨ ਤੇ ਚੇਤਨਾ, ਪੰਨਾ–60
4. ਉਹੀ, ਪੰਨਾ।
5. ਸਾਧੂ ਸਿੰਘ (ਡਾ.), ਪੰਜਾਬੀ ਬੋਲੀ ਦੀ ਵਿਰਾਸਤ, ਪੰਨਾ–12
6. ਉਹੀ, ਪੰਨਾ 14

**ਸਹਾਇਕ ਪੁਸਤਕਾਂ:**


1. ਸਾਧੂ ਸਿੰਘ (ਡਾ.) ਪੰਜਾਬੀ ਬੋਲੀ ਦੀ ਵਿਰਾਸਤ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2010
2. ਸੁਲੱਖਣ ਸਰਹੱਦੀ, ਵਿਸਰ ਰਿਹਾ ਪੰਜਾਬੀ ਵਿਰਸਾ, ਨੈਸ਼ਨਲ ਬੁੱਕ ਟਰੱਸਟ, ਇੰਡੀਆ, 2012
3. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਰਵੀ ਸਾਹਿਤ ਪ੍ਰਕਾਨ, ਅੰਮ੍ਰਿਤਸਰ, 1973
4. ਕਿਰਪਾਲ ਕਜਾਕ (ਪ੍ਰੋ.), ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
5. ਕਿਰਪਾਲ ਕਜਾਕ (ਪ੍ਰੋ.), ਲੋਕ ਸਭਿਆਚਾਰ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2012
6. ਜਸਵਿੰਦਰ ਸਿੰਘ (ਡਾ.), ਸਭਿਆਚਾਰ ਅਤੇ ਕਿੱਸਾਕਾਰ, ਸੇਧ ਪ੍ਰਕਾਨ, ਪਟਿਆਲਾ, 1985
7. ਨਾਹਰ ਸਿੰਘ (ਡਾ.), ਪੰਜਾਬ ਦੀ ਲੋਕਧਾਰਾ ਚਿੰਤਨ ਤੇ ਚੇਤਨਾ, ਲੋਕਗੀਤ ਪ੍ਰਕਾਨ, ਮੋਹਾਲੀ, ਚੰਡੀਗੜ੍ਹ, 2018

RNI No. 55533/92
ISSN : 2581-3986

ਪੰਜਾਬੀ ਅਕਾਦਮੀ, ਦਿੱਲੀ
ਡੀ.ਡੀ.ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਮੋਤੀਆ ਖਾਨ, ਪਹਾੜ ਗੰਜ, ਨਵੀਂ ਦਿੱਲੀ-110055
www.punjabiacademydelhi.com